ਗ਼ਦਰ ਲਹਿਰ ਨੇ ਆਲਮੀ ਰੈਡੀਕਲਵਾਦ ਦਾ ਰਸਤਾ ਕਿਵੇਂ ਅਖ਼ਤਿਆਰ ਕੀਤਾ
ਅਤੇ ਬਰਤਾਨਵੀ ਸਲਤਨਤ ਨੂੰ ਉਲਟਾਉਣ ਦੇ ਯਤਨ ਕਿਵੇਂ ਕੀਤੇ




# ਸੁਪਨ-ਸੰਸਾਰ ਦਾ ਹੱਜ

ਮਾਇਆ ਰਾਮਨਾਥ
ਅਨੁਵਾਦ : ਬੂਟਾ ਸਿੰਘ

1

# ਸੁਪਨ-ਸੰਸਾਰ ਦਾ ਹੱਜ

*ਇਸੇ ਕਲਮ ਤੋਂ ਕੁਝ ਹੋਰ ਅਨੁਵਾਦ:*

1. ਸਦਮਾ ਸਿਧਾਂਤ (ਨੈਓਮੀ ਕਲਾਈਨ), ਮਈ 2011
2. ਵਿਦਰੋਹੀ ਜੰਗਲ (ਰਾਹੁਲ ਪੰਡਿਤਾ), ਅਕਤੂਬਰ 2013
3. ਪੰਜਾਬ ਦੇ ਖੇਤੀ ਸੰਕਟ ਦੀ ਕਹਾਣੀ.... (ਰੰਜਨਾ ਪਾਢੀ), ਜਨਵਰੀ 2012
4. ਜਾਤਪਾਤ ਦੇ ਹੱਲ ਲਈ (ਰੰਗਨਾਇਕੰਮਾ), ਅਗਸਤ 2012
5. ਭਾਰਤ ਵਿਚ ਇਨਕਲਾਬ ਦੀ ਦਸਤਕ (ਜਾਨ ਮਿਰਡਲ), ਮਈ 2013
6. ਹੀਰੋਸ਼ੀਮਾ ਦੇ ਫੁੱਲ (ਨਾਵਲੈੱਟ, ਲੇਖਕਾ ਐਦਿਤਾ ਮਾਰਿਸ), ਅਗਸਤ 2007
7. ਵੀਅਤਨਾਮ ਲਈ ਪਿਆਰ (ਨਾਵਲੈੱਟ, ਲੇਖਕਾ ਐਦਿਤਾ ਮਾਰਿਸ), ਅਗਸਤ 2007
8. ਫਾਸ਼ੀਵਾਦ ਨੂੰ ਵੰਗਾਰ (ਡੋਲੋਰਸ ਇਬਰੂਰੀ ਦੀ ਸਵੈ-ਜੀਵਨੀ), 2010
9. ਕਾਰਪੋਰੇਟ ਸੈਕਟਰ ਦਾ ਵਿਕਾਸ, ਲੋਕਾਂ ਦਾ ਵਿਨਾਸ਼ (ਅਰੁੰਧਤੀ ਰਾਏ), ਨਵੰਬਰ 2010
10. ਜਿਸ ਧਜ ਸੇ ਕੋਈ ਮਕਤਲ ਮੇਂ ਗਯਾ (ਕਾ. ਕਿਸ਼ਨਜੀ ਬਾਰੇ ਲੇਖ), ਦਸੰਬਰ 2011
11. ਅੰਨੇ ਹਜ਼ਾਰੇ ਅੰਦੋਲਨ ਤੇ ਭ੍ਰਿਸ਼ਟਾਚਾਰ ਦਾ ਸਵਾਲ, ਨਵੰਬਰ 2011
12. ਪਾਵਰ ਸੈਕਟਰ ਵਿਚ ਸੁਧਾਰ (ਸੁਵੋਜੀਤ), ਮਾਰਚ 2005
13. ਕਪਟ ਦੀ ਦਾਸਤਾਂ (ਅਰੁੰਧਤੀ ਰਾਏ), ਅਪ੍ਰੈਲ 2012
14. ਰਾਗੋ (ਨਾਵਲ) 2003
15. ਪੰਜਾਬ ਦੇ ਹਥਿਆਰਬੰਦ ਸੰਘਰਸ਼ ਦੀ ਰਾਸ਼ਟਰੀ ਸੁਤੰਤਰਤਾ ਅੰਦੋਲਨ ਨੂੰ ਦੇਣ (ਕਮਲੇਸ਼ ਮੋਹਨ), 2007
16. ਖੱਬੀ ਲਹਿਰ ਦੇ ਵਿਚਾਰਨ ਲਈ ਕੁਝ ਸਵਾਲ, ਜੁਲਾਈ 2013
17. ਬਗ਼ਾਵਤ ਦੇ ਕੇਂਦਰ ਵਿਚ (ਗੌਤਮ ਨਵਲੱਖਾ), ਅਕਤੂਬਰ 2013
18. ਓਪਰੇਸ਼ਨ ਗ੍ਰੀਨ ਹੰਟ (ਪੁਸਤਕ ਲੜੀ 1, 2)
19. ਓਪਰੇਸ਼ਨ ਗ੍ਰੀਨ ਹੰਟ (ਪੁਸਤਕ ਲੜੀ 3)

# ਸੁਪਨ-ਸੰਸਾਰ ਦਾ ਹੱਜ

ਗ਼ਦਰ ਲਹਿਰ ਨੇ ਆਲਮੀ ਰੈਡੀਕਲਵਾਦ ਦਾ ਰਸਤਾ ਕਿਵੇਂ ਅਖ਼ਤਿਆਰ ਕੀਤਾ
ਅਤੇ
ਬਰਤਾਨਵੀ ਸਲਤਨਤ ਨੂੰ ਉਲਟਾਉਣ ਦੇ ਯਤਨ ਕਿਵੇਂ ਕੀਤੇ

-ਮਾਇਆ ਰਾਮਨਾਥ-

ਅਨੁਵਾਦ: ਬੂਟਾ ਸਿੰਘ

5 ਆਬ
ਪ੍ਰਕਾਸ਼ਨ, ਜਲੰਧਰ

5

Punjabi translation of the book "Haj to Utopia : How the Ghadar Movement Charted Global Radicalism and Attempted to Overthrow the British Empire" authored by Maia Ramnath, (Edition 2011) Published by University of California Press, Berkley 94704, www.ucpress.edu

**Translated By**
**Boota Singh**
V.P.O. MEHMOODPUR,
Distt. Shaheed Bhagat Singh Nagar
(Punjab), India. PIN: 144421
e-mail: atoozed@gmail.com
Mobile: 94634-74342

© ਪ੍ਰਕਾਸ਼ਕ

ISBN 978-93-84306-42-7

ਪਹਿਲੀ ਵਾਰ: ਫਰਵਰੀ 2015

ਮੁੱਲ: 300/-

**ਪੰਜ ਆਬ ਪ੍ਰਕਾਸ਼ਨ**
1, 2-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ, ਫ਼ੋਨ: 98140-87063
*5aabparkashan@gmail.com, www. 5aabparkashan.com*

ਟਾਈਟਲ ਡਿਜ਼ਾਈਨ ਐਂਡ ਟਾਈਪ ਸੈਟਿੰਗ : ਦੀਪਕ ਬੈਂਸ

**Printed & Bound at:**
**Aarna Printing Solutions, Patiala**
**Ph. 9914840666**

## ਤਤਕਰਾ

ਆਦਿਕਾ 8
-ਗ਼ਦਰ ਤੇ ਇਸ ਦੇ ਗੁਲੀ ਸਿਧਾਂਤ 10
-ਅਦਲਾ-ਬਦਲੀ ਦੇ ਅਮਲ 16
-ਬਸਤੀਵਾਦ ਦੇ ਵਿਰੋਧ ਦੇ ਤਿੰਨ ਪ੍ਰਵਚਨ 17
-ਬਦਲਾਅ-ਯੋਗਤਾ ਦੀਆਂ ਸੀਮਾਵਾਂ 19
-ਰਿਵਾਜ 21
-ਸੰਖੇਪ ਝਾਤ 21
-ਕੁਝ ਸਫ਼ਰ ਬਾਰੇ 22

1. ਆਜ਼ਾਦ ਫ਼ਿਜ਼ਾ 25
ਅਮਰੀਕਾ ਵਿਚ ਗ਼ਦਰ -ਆਵਾਸੀ 25
-ਕਾਰਕੁੰਨ 35
-ਰਾਮਨਾਥ ਲਹਿਰੀ 35
-ਗੁਰੂਦੱਤ ਕੁਮਾਰ 37
-ਤਾਰਕਨਾਥ ਦਾਸ 38
-ਪਾਂਡੂਰੰਗ ਖ਼ਾਨਖੋਜੇ 40
-ਵਿਸ਼ਨੂੰ ਗਣੇਸ਼ ਪਿੰਗਲੇ 42
-ਪੀ.ਸੀ.ਐੱਚ.ਏ. 43

2. ਸਾਡਾ ਕੰਮ ਹੀ ਸਾਡਾ ਨਾਓਂ 46
ਮਜ਼ਦੂਰ ਸੰਘਵਾਦੀ ਗ਼ਦਰ
-ਰੈਡੀਕਲ 46
-ਗ਼ਦਰ ਪਾਰਟੀ 47
-ਯੁਗਾਂਤਰ ਆਸ਼ਰਮ 48
-ਗ਼ਦਰ 51
-ਐਕਸ਼ਨ ਕਮੇਟੀ 59
-ਕਾਮਾਗਾਟਾ ਮਾਰੂ ਦੀ ਘਟਨਾ 61
-ਬਾਗ਼ੀ 65
-ਸਿੱਟੇ 77
-ਸਿੰਡੀਕਲਵਾਦੀ 80

3. ਦੁਸ਼ਮਣ ਦੇ ਦੁਸ਼ਮਣ 90
ਰਾਸ਼ਟਰਵਾਦੀ ਗ਼ਦਰ
-ਬਰਲਿਨ-ਹਿੰਦ ਕਮੇਟੀ 92
-ਪੂਰਬੀ ਮੁਹਾਜ਼ 96
-ਬਟਾਵੀਆ-ਕਲਕੱਤਾ ਸਕੀਮ 97
-ਸਿਆਮ-ਬਰਮਾ ਸਕੀਮ 102
-ਹਿੰਦੂ-ਜਰਮਨ ਸਾਜ਼ਿਸ਼ 111

| | |
|---|---|
| **4. ....ਤੇ ਮਿੱਤਰ** | **119** |
| *ਗਣਰਾਜੀ ਗ਼ਦਰ* | |
| *-ਸਵੈ-ਨਿਰਣਾ* | 119 |
| *-ਮਿਸਰ ਮਿਸਰੀਆਂ ਦਾ* | *120* |
| *-ਆਇਰਲੈਂਡ ਸਿਰਫ਼ ਸਾਡਾ ਹੈ* | *128* |
| *-ਏਸ਼ੀਆ ਏਸ਼ੀਅਨਾਂ ਦਾ* | *143* |
| *-ਸੋਚ ਵਤਨ ਵਾਲੀ ਭਾਵਨਾ ਕੌਮ ਵਾਲੀ* | *149* |
| **5. ਪੂਰਬ ਦੇ ਮਿਹਨਤਕਸ਼** | **154** |
| *ਕਮਿਊਨਿਸਟ ਗ਼ਦਰੀ* | |
| *-ਇਕ ਨਵਾਂ ਸੰਗੀ* | *154* |
| *-ਹਿੰਦ ਦੀ ਆਜ਼ਾਦੀ ਦੇ ਮਿੱਤਰ* | *159* |
| *-ਦੂਜਾ ਹਿੰਦੁਸਤਾਨ ਗ਼ਦਰ* | *170* |
| *-ਕਿਰਤੀ* | *190* |
| *-ਨੌਜਵਾਨ ਭਾਰਤ ਸਭਾ ਅਤੇ ਹਿੰਦੁਸਤਾਨ ਤੇ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ* | *197* |
| *-ਹਿੰਦੁਸਤਾਨ ਦੀਆਂ ਹੋਰ ਖੱਬੀਆਂ ਤਾਕਤਾਂ* | *202* |
| **6. "ਪਿਆਰੇ ਮੁਸਲਮਾਨ ਭਾਈਓ"** | **207** |
| *ਖ਼ਿਲਾਫ਼ਤ ਗ਼ਦਰ* | |
| *-ਪੁਰਾਣੇ ਸੰਗੀ-ਸਾਥੀ* | *207* |
| *-ਮੁੱਢਲੇ ਸੰਕੇਤ* | *216* |
| *-ਪੱਛਮੀ ਮੁਹਾਜ਼* | *224* |
| *-ਸਿਲਕ ਵਾਲੇ ਖ਼ਤਾਂ ਦੀ ਸਾਜ਼ਿਸ਼* | *229* |
| *-ਸਿੰਗਾਪੁਰ ਗ਼ਦਰ* | *234* |
| **7. ਲਾਲ ਸਲਾਮ** | **240** |
| *ਗ਼ਦਰ ਅਤੇ ਬਾਲਸ਼ਵਿਕ ਮੁਹਾਜਿਰਿਨ* | |
| *-ਬਾਲਸ਼ਵਿਕ ਮੁਹਾਜਿਰਿਨ* | *240* |
| *-ਰਫ਼ੀਕ ਅਹਿਮਦ ਦਾ ਅਭੁੱਲ ਸਫ਼ਰ* | *248* |
| *-ਦੋ ਸਮਾਜਵਾਦੀ ਇਸਲਾਮਵਾਦੀ* | 270 |
| **ਅੰਤਿਕਾ** | 288 |
| **ਹਵਾਲੇ ਤੇ ਟਿੱਪਣੀਆਂ** | |
| **ਜਾਣ ਪਛਾਣ** | *295* |
| **1. ਅਮਰੀਕਾ ਵਿਚ ਗ਼ਦਰ** | *298* |
| **2. ਮਜ਼ਦੂਰ ਸੰਘਵਾਦੀ ਗ਼ਦਰ** | 304 |
| **3. ਰਾਸ਼ਟਰਵਾਦੀ ਗ਼ਦਰ** | *314* |
| **4. ਗਣਰਾਜੀ ਗ਼ਦਰ** | 322 |
| **5. ਕਮਿਊਨਿਸਟ ਗ਼ਦਰ** | *330* |
| **6. ਖ਼ਿਲਾਫ਼ਤ ਗ਼ਦਰ** | 344 |
| **7. ਗ਼ਦਰ ਅਤੇ ਬਾਲਸ਼ਵਿਕ ਮੁਹਾਜਿਰੀਨ** | *352* |
| **ਅੰਤਿਕਾ** | 364 |

# ਕਿਤਾਬ ਵਿਚ ਇਸਤੇਮਾਲ ਕੀਤੇ ਗਏ ਸੰਖੇਪ-ਸ਼ਬਦ

| | |
|---|---|
| AA | AUSWERTIGES AMT (German Foreign Office) |
| BIC | BERLIN INDIA COMMITTEE |
| CCP | CHINESE COMMUNIST PARTY |
| CID | CRIMINAL INVESTIGATION DEPARTMENT |
| CPGB | COMMUNIST PARTY OF GREAT BRITIAN |
| CPI | COMMUNIST PARTY OF INDIA |
| CPSU | COMMUNIST PARTY OF USA |
| CUP | COMMITTEE OF UNION AND PROGRESS |
| DCI | DIRECTOR OF CRIMINAL INTELLIGENCE |
| FFI | FRIENDS OF FREEDOM FOR INDIA |
| GMD | GUOMINDANG |
| HGP | HINDUSTAN GHADAR PARTY |
| HRA | HINDUSTAN REPUBLICAN ASSOCIATION |
| INC | INDIAN NATIONAL CONGRESS |
| INP | INDIAN NATIONAL PARTY |
| IOR | INDIAN OFFICE RECORDS, BRITISH LIBRARY |
| IRB | IRISH REPUBLICAN BROTHERHOOD |
| IWW | INDUSTRIAL WORKERS OF THE WORLD |
| KDP | KOMMUNISTSCHE PARTEI DEUTSCHLANDS |
| NAI | NATIOAL ARCHIVE OF INDIA |
| NARA | UNITED STATES NATIONAL ARCHIVES AND RECORDS ADMINISTRATION |
| NBS | NAUJAVAN BHARAT SABHA |
| NMML | NEHRU MEMORIAL MUSEUM AND LIBRARY |
| NWFP | NORTH-WEST FRONTIER PROVINCE |
| PCHA | PACIFIC COAST HINDI ASSOCIATION |
| PGI | PROVISIONAL GOVERNMENT OF INDIA |
| PLM | PATRIDO LIBERAL MEXICANO |
| SANA | SOUTH ASIAN IN NORTH AMERICA COLLECTION |
| UP | UNITED PROVINCES |
| WPP | WORKERS PARTY |

# ਆਦਿਕਾ

*ਇਤਿਹਾਸ ਸੁਪਨ-ਸੰਸਾਰ ਦਾ ਹੱਜ ਹੈ।*

–ਕਿਮ ਸਟੈਨਲੇ ਰਾਬਿਨਸਨ,
**RED MARS**

ਬਰਤਾਨੀਆ ਵਲੋਂ ਜਰਮਨੀ ਦੇ ਵਿਰੁੱਧ ਜੰਗ ਦਾ ਐਲਾਨ ਕੀਤੇ ਜਾਣ ਤੋਂ ਇਕ ਹਫ਼ਤਾ ਪਿੱਛੋਂ 4 ਅਗਸਤ 1914 ਨੂੰ ਸਾਨ ਫਰਾਂਸਿਸਕੋ ਤੋਂ ਨਿੱਕਲਦੇ ਜੋਸ਼ੀਲੇ ਇਨਕਲਾਬੀ ਅਖ਼ਬਾਰ *ਗ਼ਦਰ* ਵਿਚ ਇਹ ਗਰਜਵਾਂ ਹੋਕਾ ਛਪਿਆ ਜੋ ਪੂਰਬੀ ਏਸ਼ੀਆ, ਉੱਤਰੀ ਅਤੇ ਦੱਖਣੀ ਅਮਰੀਕਾ, ਮੈਸੋਪਟਾਮੀਆ ਅਤੇ ਪੂਰਬੀ ਅਫ਼ਰੀਕਾ ਵਿਚ ਰਹਿੰਦੇ ਪ੍ਰਵਾਸੀ ਹਿੰਦੁਸਤਾਨੀ ਪਾਠਕਾਂ ਦੇ ਹੱਥਾਂ 'ਚ ਪਹੁੰਚਦਾ ਸੀ: "ਸੂਰਬੀਰ ਯੋਧਿਓ! ਉਹ ਘੜੀ ਆ ਗਈ ਹੈ ਜਿਸ ਨੂੰ ਤੁਸੀਂ ਉਡੀਕਦੇ ਸੀ।" ਇਸ ਵਿਚ ਹਿੰਦੁਸਤਾਨ ਦੇ ਸੂਰਬੀਰ ਜਾਇਆਂ ਨੂੰ ਵਤਨ ਵਾਪਸ ਜਾ ਕੇ ਸ਼ੁਰੂ ਹੋਣ ਜਾ ਰਹੀ ਜੰਗੇ-ਆਜ਼ਾਦੀ ਵਿਚ ਕੁੱਦਣ ਦਾ ਸੱਦਾ ਦਿੱਤਾ ਗਿਆ ਸੀ।

ਅਖ਼ਬਾਰ ਦੇ ਐਲਾਨੇ-ਜੰਗ ਦਾ ਪੈਗ਼ਾਮ ਝੰਜੋੜਨ ਵਾਲਾ ਅਤੇ ਸਿੱਧਾ-ਸਪਾਟ ਸੀ:

"ਓਠੋ, ਗ਼ਦਰ ਦੇ ਸਪਾਹੀਓ! ਯੁਧ ਦਾ ਬਿਗਲ ਬਜ ਗਿਆ ਹੈ। ਨਕਾਰੇ ਚੋਟ ਵਜ ਗਈ ਹੈ। .... ਗ਼ਦਰ ਦਾ ਵੇਲ੍ਹਾ ਆ ਗਿਆ ਹੈ।....

ਜ਼ਰੂਰਤ ਹੈ ਨਿਡਰ ਅਤੇ ਬਹਾਦ੍ਰ ਸਪਾਹੀਆਂ ਦੀ ਹਿੰਦੋਸਤਾਨ ਵਿੱਚ ਗ਼ਦਰ ਮਚੌਣ ਵਾਸਤੇ, ਤਨਖਾਹ ਮੌਤ, ਇਨਾਮ ਸ਼ਹੀਦੀ, ਪੈਨਸ਼ਨ ਆਜ਼ਾਦੀ, ਮੈਦਾਨ ਹਿੰਦੋਸਤਾਨ।"[1]

ਲੰਦਨ, ਪੈਰਿਸ, ਬਰਲਿਨ ਅਤੇ ਸਾਨ ਫਰਾਂਸਿਸਕੋ ਦੇ ਜਲਾਵਤਨ ਬੁੱਧੀਮਾਨ ਹਲਕਿਆਂ ਤੋਂ ਲੈ ਕੇ ਦੱਖਣੀ ਅਫ਼ਰੀਕਾ ਵਿਚ ਗਾਂਧੀ ਦੇ ਮੁੱਢਲੇ ਦਿਨਾਂ, ਸਰਵ-ਇਸਲਾਮਿਕ ਖ਼ਿਲਾਫ਼ਤ ਲਹਿਰ ਜਾਂ ਕਮਿਊਨਿਸਟ ਕੌਮਾਂਤਰੀ ਵਲੋਂ ਗਾਹੇ ਖੇਤਰਾਂ ਵਿਚ ਵਸਦੇ ਇਸ ਉੱਪ-ਮਹਾਂਦੀਪ ਦੇ ਬਾਸ਼ਿੰਦਿਆਂ ਦੇ ਲਾਂਘੇ ਤੱਕ ਆਜ਼ਾਦੀ ਸੰਗਰਾਮ ਦੀ ਜ਼ਿਆਦਾਤਰ ਤਾਕਤ ਬਰਤਾਨਵੀ ਹਿੰਦੁਸਤਾਨ ਦੀ ਜੂਹ ਤੋਂ ਬਾਹਰ ਪੈਦਾ ਹੋਈ ਸੀ। ਇਸ ਉੱਪ-ਮਹਾਂਦੀਪ ਦੇ ਰੌਸ਼ਨ ਰੰਗਮੰਚ ਉੱਪਰ ਵਾਪਰਨ ਵਾਲੀ ਹਰ ਨਾਟਕੀ ਘਟਨਾ ਦਾ ਦੂਰ ਤਨਹਾਈ ਹੰਢਾ ਰਹੇ ਅਸਲ ਜ਼ਿੰਦਗੀ 'ਚ ਜੁੱਟੇ ਵੰਨ-ਸੁਵੰਨੇ ਕਿਰਦਾਰਾਂ ਵਿਦਿਆਰਥੀਆਂ, ਫ਼ੌਜੀਆਂ, ਯਾਤਰੀਆਂ, ਸੌਦਾਗਰਾਂ ਅਤੇ ਮਿਹਨਤਕਸ਼ਾਂ ਉੱਪਰ ਡੂੰਘਾ ਅਸਰ ਪੈਂਦਾ ਸੀ ਹਾਲਾਂਕਿ ਜਿਨ੍ਹਾਂ ਦੇ ਖੇਤਰੀ, ਭਾਸ਼ਾਈ, ਜਮਾਤੀ, ਮਜ਼੍ਹਬੀ ਅਤੇ ਸਿਆਸੀ ਪਿਛੋਕੜ ਵੱਖੋ-ਵੱਖਰੇ ਸਨ। ਇਸ ਤਾਕਤ ਦੇ ਚੋਖੇ ਹਿੱਸੇ ਨੇ ਵੱਖ-ਵੱਖ ਰਸਤਿਆਂ ਤੋਂ ਹੋ ਕੇ ਅੱਗੜ-ਪਿੱਛੜ ਇਸ ਦੇ ਕੇਂਦਰ ਕੈਲੀਫੋਰਨੀਆ ਸਥਿਤ ਪ੍ਰਵਾਸੀ ਹਿੰਦੁਸਤਾਨੀਆਂ ਵਲੋਂ ਸ਼ੁਰੂ ਕੀਤੀ ਜਾਣ ਵਾਲੀ ਗ਼ਦਰ ਲਹਿਰ ਦੇ ਸਦਰ ਮੁਕਾਮ 'ਚ ਆ ਜੁੜਨਾ ਸੀ। ਇਸ ਨੇ ਐਲਾਨ ਕੀਤਾ, ਇਸ ਦਾ ਕੰਮ ਹੀ ਇਸ ਦਾ ਨਾਂ ਹੋਵੇਗਾ: ਸ਼ਬਦੀ ਅਰਥਾਂ 'ਚ "ਗ਼ਦਰ" ਜਾਂ "ਬਗ਼ਾਵਤ।"

ਬਰਤਾਨਵੀ ਹਿੰਦੁਸਤਾਨ ਵਿਚ ਜਦੋਂ ਉਨ੍ਹਾਂ ਸਰਗਰਮੀਆਂ ਉੱਪਰ ਵੀ ਸਖ਼ਤ ਬੰਦਸ਼ਾਂ ਲੱਗ ਗਈਆਂ ਜਿਨ੍ਹਾਂ ਨੂੰ ਕਾਨੂੰਨੀ ਮੰਨਿਆ ਜਾਂਦਾ ਸੀ ਤਾਂ ਬੰਗਾਲ ਦੀ ਸਵਦੇਸ਼ੀ ਲਹਿਰ ਅਤੇ ਪੰਜਾਬ ਦੀ ਨਹਿਰੀ ਬਸਤੀ ਦੀ ਬੇਚੈਨ ਫਿਜ਼ਾ ਵਿਚ ਜੰਗ ਤੋਂ ਪਹਿਲਾਂ ਸਰਗਰਮੀ ਕਰ ਰਹੇ ਬਸਤੀਵਾਦ ਵਿਰੋਧੀ ਕਾਰਕੁੰਨਾਂ ਨੂੰ ਜਾਂ ਤਾਂ ਰੂਪੋਸ਼ ਹੋਣਾ ਪਿਆ ਜਾਂ ਵਤਨ ਛੱਡਕੇ ਐਸੇ ਥਾਈਂ ਜਾਣਾ ਪਿਆ ਜਿੱਥੇ ਉਹ "ਆਜ਼ਾਦੀ ਵਾਲੇ ਖੁੱਲ੍ਹੇਡੁੱਲ੍ਹੇ ਮਾਹੌਲ ਵਿਚ ਕੰਮ"[2] ਕਰ ਸਕਦੇ ਸਨ। ਬਾਅਦ ਵਿਚ ਗ਼ਦਰ ਲਹਿਰ ਨੂੰ ਬੌਧਿਕ ਦਿਸ਼ਾ ਦੇਣ ਵਾਲੀ ਇਕ ਅਹਿਮ ਸ਼ਖਸੀਅਤ ਹਰਦਿਆਲ ਨੇ ਪੈਰਿਸ ਤੋਂ ਨਿਕਲਦੇ *ਬੰਦੇ ਮਾਤਰਮ* ਦੇ ਮਾਰਚ 1910 ਦੇ ਅੰਕ ਵਿਚ ਲਿਖਿਆ: "ਸਾਨੂੰ ਹਿੰਦੁਸਤਾਨ ਤੋਂ ਬਾਹਰ ਮਜ਼ਦੂਰਾਂ ਦੇ ਸਾਰੇ ਧੜਿਆਂ ਨੂੰ ਤਕੜੇ ਕਰਨ ਦੀ ਪੂਰੀ ਵਾਹ ਲਾਉਣੀ ਚਾਹੀਦੀ ਹੈ। ਸਿਆਸੀ ਕੰਮ ਦਾ ਗੁਰੂਤਾ ਕੇਂਦਰ ਕਲਕੱਤਾ, ਪੂਣਾ ਅਤੇ ਲਾਹੌਰ ਤੋਂ ਬਦਲਕੇ ਪੈਰਿਸ, ਜਨੇਵਾ, ਬਰਲਿਨ, ਲੰਦਨ ਅਤੇ ਨਿਊ ਯਾਰਕ ਵਿਚ ਆ ਗਿਆ ਹੈ।"[3] ਅਸਲ ਵਿਚ, "ਜਿਉਂ ਹੀ ਮੁਲਕ ਵਿਚ ਅਤੇ ਬਾਹਰ ਇਨਕਲਾਬੀ ਲਹਿਰਾਂ ਨੇ ਜ਼ੋਰ ਫੜਿਆ ਅਤੇ ਆਲਮੀ ਘਟਨਾਵਾਂ ਨਾਲ ਮਾਹੌਲ ਉਨ੍ਹਾਂ ਦੇ ਹੱਕ 'ਚ ਹੋਇਆ"[4] ਇਨ੍ਹਾਂ ਬਦੇਸ਼ੀ ਅੱਡਿਆਂ ਦੀ ਸਫ਼ਰ ਦੌਰਾਨ ਪੜਾਅ ਲਈ ਠਾਹਰਾਂ ਅਤੇ ਲੜਾਈ ਦੀ ਇਮਦਾਦ ਕਰਨ ਵਾਲੇ ਕੇਂਦਰਾਂ ਵਜੋਂ ਅਹਿਮੀਅਤ ਹੋਰ ਵਧ ਗਈ। ਇਹ ਜ਼ਬਰਦਸਤ ਮੌਕਾ ਮਹਿਜ਼ ਇਸ ਕਰਕੇ ਨਹੀਂ ਸੀ ਬਣਿਆ ਕਿ ਜੰਗ ਵਿਚ ਉਲਝਿਆ ਹੋਣ ਦੇ ਕਾਰਨ ਬਰਤਾਨੀਆ ਦੀਆਂ ਬਸਤੀਆਂ ਨੂੰ ਸੱਟ ਮਾਰਨੀ ਸੁਖਾਲੀ ਸੀ ਅਤੇ ਇਥੇ ਫ਼ੌਜਾਂ ਦਾ ਤੋੜਾ ਸੀ ਸਗੋਂ ਵਜ੍ਹਾ ਇਹ ਵੀ ਸੀ ਕਿ ਇਸ ਦਾ ਘੋਰ ਵੈਰੀ ਜਰਮਨੀ ਆਪਣੀ ਗਰਜ਼ ਲਈ ਬਰਤਾਨਵੀ ਸਲਤਨਤ ਦੀ ਤਾਕਤ ਨੂੰ ਨੁਕਸਾਨ ਪਹੁੰਚਾਉਣ ਵਾਲਿਆਂ ਨੂੰ ਮਦਦ ਦੀ ਉਵੇਂ ਹੀ ਪੇਸ਼ਕਸ਼ ਕਰ ਰਿਹਾ ਸੀ, ਜਿਵੇਂ ਹਿੰਦੁਸਤਾਨੀ ਤੇ ਆਇਰਲੈਂਡ ਦੇ ਕੌਮੀ ਇਨਕਲਾਬੀਆਂ ਅਤੇ ਔਟੋਮਨ ਪੱਖੀ ਸਰਬ-ਇਸਲਾਮਵਾਦੀਆਂ ਨੂੰ।[5] ਫਰਵਰੀ 1915 'ਚ ਫ਼ੌਜਾਂ 'ਚ ਗ਼ਦਰ ਮਚਾਉਣ ਦੇ ਸਭ ਤੋਂ ਹੈਰਤਅੰਗੇਜ਼ ਅਸਫ਼ਲ ਯਤਨ ਤੋਂ ਲਗਭਗ ਤਿੰਨ ਸਾਲ ਬਾਅਦ ਪਹਿਲੀ ਆਲਮੀ ਜੰਗ ਸਮੇਂ ਸਾਨ ਫਰਾਂਸਿਸਕੋ ਵਿਚ ਗ਼ਦਰੀਆਂ ਉੱਪਰ ਸਾਜ਼ਿਸ਼, ਰਾਜ-ਧ੍ਰੋਹ ਅਤੇ ਜਾਸੂਸੀ ਦਾ ਜੋ ਸਨਸਨੀਖੇਜ਼ ਮੁਕੱਦਮਾ ਚਲਾਇਆ ਗਿਆ ਉਸ ਦਾ ਅਧਾਰ ਵੀ ਅਮਰੀਕਾ ਦੇ ਇਤਿਹਾਸਕ ਰਿਕਾਰਡ ਅਨੁਸਾਰ ਲਹਿਰ ਦੇ ਜਰਮਨੀ ਨਾਲ ਸਬੰਧਾਂ ਨੂੰ ਬਣਾਇਆ ਗਿਆ ਸੀ।

1915 ਦੇ ਹੁਨਾਲ 'ਚ, ਜਦੋਂ ਪੰਜਾਬ ਦੇ ਲੈਫਟੀਨੈਂਟ ਜਨਰਲ ਸਰ ਮਾਈਕਲ ਓਡਵਾਇਰ ਨੇ ਐਲਾਨ ਕੀਤਾ ਕਿ ਹਿੰਦੁਸਤਾਨ ਅੰਦਰ ਲਹਿਰ ਨੂੰ ਕੁਚਲ ਦਿੱਤਾ ਗਿਆ ਹੈ, ਓਦੋਂ ਗ਼ਦਰੀ ਅਤੇ ਉਨ੍ਹਾਂ ਦਾ ਜ਼ਿਆਦਾਤਰ ਤਾਣਾਬਾਣਾ ਵੱਡੀ ਲੜਾਈ ਜ਼ਰੂਰ ਹਾਰ ਚੁੱਕੇ ਸਨ, ਪਰ ਜੰਗ ਨਹੀਂ ਸਨ ਹਾਰੇ। ਉੱਤਰ-ਪੂਰਬੀ ਅਤੇ ਉੱਤਰ-ਪੱਛਮੀ ਸਰਹੱਦਾਂ ਤੋਂ ਪਾਰ ਇਨਕਲਾਬੀ ਸਰਗਰਮੀਆਂ, ਇਕਾਦੁੱਕਾ ਝੜਪਾਂ ਅਤੇ ਹਮਲੇ ਦੀਆਂ ਯੋਜਨਾਵਾਂ ਸਾਹਮਣੇ ਆਉਂਦੀਆਂ ਰਹੀਆਂ, ਜਦਕਿ ਜੇਲ੍ਹ 'ਚ ਡੱਕੇ ਗ਼ਦਰੀਆਂ ਨੇ ਭੁੱਖ ਹੜਤਾਲਾਂ ਅਤੇ ਹੋਰ ਸ਼ਕਲਾਂ 'ਚ ਟਾਕਰਾ ਜਾਰੀ ਰੱਖਿਆ।[6] ਸਮੇਂ ਨਾਲ ਇਨ੍ਹਾਂ ਵਿੱਚੋਂ ਕੁਝ ਉੱਘੇ ਘੁਲਾਟੀਏ 1920ਵਿਆਂ ਅਤੇ 1930ਵਿਆਂ ਦੇ ਅਖ਼ੀਰ 'ਚ ਅਗਲੀ ਪੀੜ੍ਹੀ ਦੀ ਉਸ ਜੁਝਾਰੂ ਲੜਾਈ 'ਚ ਸ਼ਾਮਲ ਹੋਏ ਜਿਨ੍ਹਾਂ ਲਈ ਉਹ ਖ਼ੁਦ ਪ੍ਰੇਰਣਾ ਬਣੇ ਸਨ। ਇਂਵ ਗ਼ਦਰ ਲਹਿਰ ਨੇ ਬੰਗਾਲ ਦੀਆਂ "ਅਰਾਜਕਤਾਵਾਦੀ" ਸਾਜ਼ਿਸ਼ਾਂ, "ਕੌਮੀ ਇਨਕਲਾਬੀ ਦਹਿਸ਼ਤਪਸੰਦੀ" ਅਤੇ ਪੰਜਾਬ ਦੀਆਂ ਵੀਹਵੀਂ ਸਦੀ ਦੇ ਸ਼ੁਰੂ ਦੀਆਂ ਲਹਿਰਾਂ ਅਤੇ 1920ਵਿਆਂ ਦੀਆਂ ਰੈਡੀਕਲ ਖੱਬੇਪੱਖੀ ਤੇ ਇਨਕਲਾਬੀ ਲਹਿਰਾਂ ਦਰਮਿਆਨ ਗੁੰਮਨਾਮ ਕੜੀ, ਇਕ ਅਪ੍ਰਤੱਖ ਲਗਾਤਾਰਤਾ ਦੇ ਸੋਮੇ ਦਾ ਕੰਮ ਕੀਤਾ। ਅਮੂਰਤ ਪ੍ਰੇਰਣਾ ਤੋਂ ਵੀ ਵੱਧ ਗ਼ਦਰ

ਦੀ ਛਪੀ ਹੋਈ ਸਮੱਗਰੀ ਅਤੇ ਕਾਰਕੁੰਨਾਂ ਨੇ ਮੁਲਕ ਤੋਂ ਬਾਹਰਲੇ ਵੱਖੋ-ਵੱਖਰੇ ਤੱਤਾਂ ਵਿਚ ਰਾਬਤਾ ਬਣਾਉਣ, ਹਿੰਦੁਸਤਾਨੀ ਇਨਕਲਾਬੀਆਂ ਨੂੰ ਹੋਰ ਨੈੱਟਵਰਕਾਂ ਦੇ ਸੰਪਰਕ 'ਚ ਲਿਆਉਣ ਅਤੇ ਮੁਲਕ ਦੇ ਅੰਦਰ ਜੰਗ ਤੋਂ ਪਹਿਲਾਂ ਤੇ ਜੰਗ ਤੋਂ ਪਿੱਛੋਂ ਦੀਆਂ ਇਨਕਲਾਬੀ ਲਹਿਰਾਂ ਦਾ ਸਬੰਧ ਜੋੜਨ ਦੇ ਸਮਰੱਥ ਜਾਨਦਾਰ ਤੰਤੂਆਂ ਜਾਂ ਆਦਾਨ-ਪ੍ਰਦਾਨ ਕਰਨ ਵਾਲੀਆਂ ਕੜੀਆਂ ਦੀ ਭੂਮਿਕਾ ਨਿਭਾਈ। ਦਰ ਅਸਲ ਇਹ ਕਹਿਣ ਦਾ ਜ਼ੋਖ਼ਮ ਲਿਆ ਹੀ ਜਾ ਸਕਦਾ ਹੈ ਕਿ ਇਕ ਸਮੇਂ ਉਨ੍ਹਾਂ ਸਮਿਆਂ ਦਾ ਹਰ ਰੈਡੀਕਲ ਰੁਝਾਨ ਇਸ ਲਹਿਰ ਦੇ ਚੁਫ਼ੇਰੇ ਤਾਣੇ-ਬਾਣੇ ਨਾਲ ਰਲਗੱਡ ਹੋ ਚੁੱਕਾ ਸੀ, ਉਨ੍ਹਾਂ ਦੀ ਅਲਹਿਦਗੀ ਐਵੇਂ ਮਾਮੂਲੀ ਜਹੀ ਹੀ ਹੁੰਦੀ ਸੀ। ਨਿਸ਼ਚੇ ਹੀ ਇਹ ਦਾਅਵਾ ਵੱਡਾ ਹੈ, ਇਸ ਲਈ ਥੋੜ੍ਹਾ ਧਿਆਨ ਨਾਲ ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਸਾਬਤ ਕਰਨ ਦੀ ਮੰਗ ਵੀ ਕਰਦਾ ਹੈ; ਸਾਨੂੰ ਲਾਜ਼ਮੀ ਹੀ ਜਿਥੇ ਉਚਿਤ ਹੈ ਇਨ੍ਹਾਂ ਦੋਵਾਂ ਨੂੰ ਮੰਨਦੇ ਹੋਏ ਇਨ੍ਹਾਂ ਦੀ ਸਾਂਝ ਅਤੇ ਵਖਰੇਵੇਂ ਦੋਵਾਂ ਦਾ ਢੁੱਕਵਾਂ ਨਿਖੇੜਾ ਕਰਨਾ ਚਾਹੀਦਾ ਹੈ।

ਗ਼ਦਰ ਇਹ ਕਾਰਜ ਨਿਭਾਉਣ ਦੇ ਸਮਰੱਥ ਕਿਓਂ ਸੀ ? ਇਕ ਕਾਰਕ ਤਾਂ ਇਸ ਦੀ ਭੂਗੋਲਿਕ ਰਸਾਈ ਸੀ। ਦੂਜਾ ਸੀ ਇਸ ਦੇ ਬਾਨੀ ਮੈਂਬਰਾਂ ਦਾ ਨਿਆਰਾ ਤਜ਼ਰਬਾ। ਉਹ ਜਿਨ੍ਹਾਂ ਵੱਖ-ਵੱਖ ਹਾਲਾਤ ਵਿਚ ਰਹਿ ਰਹੇ ਸਨ ਉਨ੍ਹਾਂ ਦਾ ਸੰਜੋਗ ਉਨ੍ਹਾਂ ਨੂੰ ਇਸ ਦੇ ਸਮਰੱਥ ਬਣਾਉਂਦਾ ਸੀ ਕਿ ਉਹ ਘੱਟ ਉਜਰਤਾਂ 'ਤੇ ਕੰਮ ਕਰਨ ਲਈ ਮਜਬੂਰ ਆਵਾਸੀ ਕਿਰਤੀਆਂ ਨਾਲ ਵਿਤਕਰੇ ਬਾਬਤ ਸ਼ਿਕਵੇ-ਸ਼ਿਕਾਇਤਾਂ ਨੂੰ ਆਪਣੇ ਵਤਨ ਦੀ ਬਸਤੀਆਨਾ ਹੈਸੀਅਤ ਨਾਲ ਜੋੜਦੇ ਹੋਏ ਅਮਰੀਕਾ ਵਿਚ ਜਮਾਤ ਅਤੇ ਨਸਲ ਦੇ ਬਰਤਾਨਵੀ ਸਲਤਨਤ ਦੇ ਆਰਥਕ ਅਤੇ ਭੂਗੋਲਿਕ-ਸਿਆਸੀ ਪ੍ਰਬੰਧ ਨਾਲ ਰਿਸ਼ਤਿਆਂ ਨੂੰ ਜ਼ਬਰਦਸਤ ਢੰਗ ਨਾਲ ਪੇਸ਼ ਕਰ ਸਕਣ। ਇਸ ਤੋਂ ਬਿਨਾ, ਜੰਗ ਤੋਂ ਪਹਿਲੀ ਸਮਾਜੀ ਹਲਚਲ ਦੇ ਗਤੀਸ਼ੀਲ ਮਾਹੌਲ ਅੰਦਰ ਉਹ ਐਸਾ ਵਿਚਾਰਧਾਰਕ ਨਿਚੋੜ ਕੱਢਣ ਦੇ ਸਮਰੱਥ ਹੋ ਗਏ ਮੋੜਵੇਂ ਰੂਪ 'ਚ ਜਿਸ ਨੇ ਉਨ੍ਹਾਂ ਨਾਲ ਮੇਲ-ਮਿਲਾਪ ਦੇ ਸੰਭਾਵਨਾਵਾਂ ਭਰਪੂਰ ਕੇਂਦਰ ਤਿਆਰ ਕਰ ਦਿੱਤੇ ਜੋ ਇਸ ਵਿਚ ਵੱਧ-ਚੜ੍ਹਕੇ ਹਿੱਸਾ ਲੈਣਗੇ। ਇੰਞ, ਲਹਿਰ ਦੀ ਗਾਥਾ ਦੀ ਮੁਕੰਮਲ ਤਸਵੀਰ ਸਾਹਮਣੇ ਲਿਆਉਣ ਲਈ ਸਾਨੂੰ ਹੋਰ ਕੌਮਾਂਤਰੀ ਰੈਡੀਕਲ ਤਾਣੇ-ਬਾਣਿਆਂ ਨਾਲ ਜੁੜੇ ਇਸ ਦੇ ਗੁੰਝਲਦਾਰ ਸਿਰਿਆਂ ਦੀ ਛਾਣਬੀਣ ਲਾਜ਼ਮੀ ਕਰਨੀ ਹੋਵੇਗੀ ਤਾਂ ਜੋ ਇਹ ਸਾਹਮਣੇ ਲਿਆਂਦਾ ਜਾ ਸਕੇ ਕਿ ਉਹ ਕਿਹੜੀਆਂ ਗੰਢਾਂ, ਕਿਹੜੇ ਕਿਰਦਾਰ ਸਨ ਅਤੇ ਵਿਚਾਰਧਾਰਕ ਅਸੂਲਾਂ, ਢੰਗ-ਤਰੀਕਿਆਂ ਤੇ ਦਾਅਪੇਚਾਂ, ਵਿਹਾਰਕ ਟੀਚਿਆਂ ਜਾਂ ਸਿਆਸੀ ਰੀਝਾਂ ਦੀਆਂ ਕਿਹੜੀਆਂ ਸਾਂਝੀਆਂ ਤੰਦਾਂ ਸਨ ਜਿਨ੍ਹਾਂ ਦੇ ਅਧਾਰ 'ਤੇ ਇਹ ਰੈਡੀਕਲ ਤਾਣੇਬਾਣੇ ਆਪਸ ਵਿਚ ਐਨਾ ਗੁੰਦੇ ਹੋਏ ਸਨ; ਜਾਂ ਜੇ ਇਸ ਨੂੰ ਹੋਰ ਢੰਗ ਨਾਲ ਪੇਸ਼ ਕਰਨਾ ਹੋਵੇ ਤਾਂ ਮਕਸਦ ਇਹ ਸਾਹਮਣੇ ਲਿਆਉਣਾ ਹੈ ਕਿ ਇਸ ਉਤੇਜਕ ਰਸਾਇਣ-ਵਿਗਿਆਨ ਵਿਚ ਉਹ ਕਿਹੜੇ ਅਣੂ ਸਨ ਜੋ ਇਨ੍ਹਾਂ ਤੱਤਾਂ ਦੇ ਆਦਾਨ-ਪ੍ਰਦਾਨ ਜਾਂ ਮੇਲਜੋਲ ਦਾ ਮਿਲਾਪ ਬਿੰਦੂ ਬਣਦੇ ਰਹੇ।

## ਗ਼ਦਰ ਅਤੇ ਇਸ ਦੇ ਗੁੱਲੀ ਸਿਧਾਂਤ

ਗ਼ਦਰ ਨੂੰ ਅਕਸਰ ਹੀ ਇਕ ਰਾਸ਼ਟਰਵਾਦੀ ਲਹਿਰ ਵਜੋਂ ਪੇਸ਼ ਕੀਤਾ ਜਾਂਦਾ ਹੈ, ਖ਼ਾਲਸ ਅਤੇ ਸਿੱਧੀ-ਸਪਾਟ। ਨਿਸ਼ਚੇ ਹੀ ਇਸ ਦੇ ਮੈਂਬਰ ਦੇਸ਼ਭਗਤ ਸਨ। ਇਕ ਰਾਸ਼ਟਰਵਾਦੀ ਤਰਕ ਅਨੁਸਾਰ ਵਤਨ ਵਾਪਸ ਪਰਤਕੇ ਉਨ੍ਹਾਂ ਦਾ ਇਸ ਖੇਤਰ ਨੂੰ ਬਦੇਸ਼ੀ ਕਬਜ਼ੇ 'ਚੋਂ ਮੁਕਤ ਕਰਾਉਣ ਦਾ ਉਦੇਸ਼ ਸਹਿਜੇ ਹੀ ਸਮਝ ਪੈਂਦਾ ਹੈ। ਫਿਰ ਵੀ ਭੂਗੋਲਿਕ ਅਤੇ ਵਿਚਾਰਧਾਰਕ ਦੋਵੇਂ ਪੱਖੋਂ ਉਹ ਮੁੱਖਧਾਰਾ ਰਾਸ਼ਟਰਵਾਦ ਦੇ ਘੇਰੇ ਤੋਂ ਪਾਰ ਵਿਚਰਦੇ ਸਨ। ਜ਼ੁਲਮਾਂ ਅਤੇ ਦਾਬੇ ਦਾ ਉਨ੍ਹਾਂ ਦਾ ਦੋਸ਼-

ਆਰੋਪਣ ਉਸ ਸਿਧਾਂਤ 'ਤੇ ਅਧਾਰਤ ਸੀ ਜੋ ਕੁਲ ਆਲਮ 'ਤੇ ਲਾਗੂ ਹੁੰਦਾ ਸੀ, ਭਾਵੇਂ ਕਿ ਇਹ ਇਤਿਹਾਸਕ ਤੌਰ 'ਤੇ ਖ਼ਾਸ ਹਾਲਤ ਦਾ ਪੈਦਾ ਕੀਤਾ ਹੋਇਆ ਸੀ ਅਤੇ ਇਹ ਖ਼ਾਸ ਸੱਭਿਆਚਾਰਕ ਮੁੱਲਾਂ ਰਾਹੀਂ ਸਾਹਮਣੇ ਆਉਂਦਾ ਰਿਹਾ; ਇਸ ਤੋਂ ਬਿਨਾ, ਉਹ ਬਸਤੀਵਾਦ ਤੋਂ ਪਿੱਛੋਂ ਦੇ ਹਿੰਦੁਸਤਾਨ ਨੂੰ ਮਹਿਜ਼ ਮੌਜੂਦ ਸਰਕਾਰੀ ਅਦਾਰਿਆਂ ਨੂੰ ਹਿੰਦੀਆਂ ਦੇ ਹੱਥ ਦਿੱਤੇ ਜਾਣ ਦੀ ਥਾਂ ਇਸ ਦੀ ਨਵੇਂ ਸਿਰਿਓਂ ਇਕ ਭਰਵੀਂ ਸਮਾਜੀ ਅਤੇ ਆਰਥਕ ਢਾਂਚਾਬੰਦੀ ਦੇ ਰੂਪ 'ਚ ਚਿਤਵਦੇ ਸਨ।

ਅਕਸਰ ਹੀ ਗ਼ਦਰ ਲਹਿਰ ਦੀ ਪਛਾਣਕਾਰੀ ਨਿਰੋਲ ਤੌਰ 'ਤੇ ਅਤੇ ਪ੍ਰੀਭਾਸ਼ਾ ਦੇ ਲਿਹਾਜ਼ ਨਾਲ ਸਿੱਖ ਲਹਿਰ ਵਜੋਂ ਕੀਤੀ ਜਾਂਦੀ ਹੈ ਕਿ *ਕਾਮਾਗਾਟਾ ਮਾਰੂ* ਦੀ ਘਟਨਾ ਨਾਲ ਸ਼ੁਰੂ ਹੋਏ ਜਾਂਬਾਜ਼ ਕਾਰਵਾਈਆਂ ਦੇ ਸਿਲਸਿਲੇ ਨੇ ਇਸ ਭਾਈਚਾਰੇ ਨੂੰ 1857 ਵਿਚ ਅੰਗਰੇਜ਼ਾਂ ਪ੍ਰਤੀ ਵਫ਼ਾਦਾਰੀ ਦੀ ਲੰਮੀ ਨਮੋਸ਼ੀ ਤੋਂ ਸੁਰਖ਼ਰੂ ਕਰ ਦਿੱਤਾ। *ਕਾਮਾਗਾਟਾ ਮਾਰੂ* ਇਕ ਸਮੁੰਦਰੀ ਜਹਾਜ਼ ਸੀ ਜਿਸ 'ਤੇ ਸਵਾਰ ਹੋਕੇ 1914 ਦੀ ਹੁਨਾਲ ਰੁੱਤੇ ਦੱਖਣੀ ਏਸ਼ੀਆ ਦੇ ਆਵਾਸੀ ਵੈਨਕੂਵਰ ਗਏ ਸਨ। ਇਸ ਦੇ ਕਰਤਾ-ਧਰਤਾ ਗੁਰਦਿੱਤ ਸਿੰਘ ਨੇ ਇਹ ਵਿਉਂਤ ਨਵੀਂਆਂ ਇਮੀਗਰੇਸ਼ਨ ਬੰਦਸ਼ਾਂ ਨੂੰ ਸੋਚ-ਸਮਝਕੇ ਵੰਗਾਰਨ ਲਈ ਬਣਾਈ ਸੀ, ਤੇ ਇਹ ਸਮੁੰਦਰੀ ਸਫ਼ਰ ਇਸ ਦੇ ਮੁਸਾਫ਼ਰਾਂ ਨੂੰ ਕੈਨੇਡਾ ਵਿਚ ਦਾਖ਼ਲ ਨਾ ਹੋਣ ਦੇਣ ਪਿੱਛੋਂ ਪੈਸੀਫਿਕ ਦੇ ਦੋਵੇਂ ਪਾਸੇ ਰੈਡੀਕਲ ਪਾਣ ਚਾੜ੍ਹਨ ਦੇ ਅਮਲ ਦੀ ਜਾਗ ਲਾਊ ਘਟਨਾ ਹੋ ਨਿੱਬੜਿਆ। ਸਫ਼ਰ ਦਾ ਅੰਤ ਜਹਾਜ਼ ਨੂੰ ਮੁੜ ਸਮੁੰਦਰ ਵਿਚ ਠੇਲੇ ਜਾਣ ਤੋਂ ਪਹਿਲਾਂ ਪੱਤਣ ਉੱਪਰ ਹਿੰਸਕ ਟੱਕਰਾਂ ਅਤੇ ਫਿਰ ਕਲਕੱਤਾ ਆਉਣ 'ਤੇ ਗੋਲੀਆਂ ਚਲਾਏ ਜਾਣ ਦੇ ਰੂਪ 'ਚ ਹੋਇਆ ਜਿਸ ਵਿਚ ਵੀਹ ਤੋਂ ਵੱਧ ਮੁਸਾਫ਼ਰ ਮਾਰੇ ਗਏ ਸਨ। ਇਹ ਬਿਰਤਾਂਤ ਉਸ ਸਬੱਬ ਅੰਦਰ ਮੌਜੂਦ ਤਣਾਵਾਂ ਨੂੰ ਦਰਸਾਉਂਦਾ ਸੀ ਜਿਸ ਵਿੱਚੋਂ ਮੌਲਿਕ ਲਹਿਰ ਹੋਂਦ 'ਚ ਆਈ। ਮੂਲ ਗ਼ੈਰ-ਸਿੱਖ ਤੱਤ ਤਾਂ ਇੱਧਰ-ਉੱਧਰਲੇ ਮੁੱਦਿਆਂ ਨੂੰ ਲੈ ਕੇ ਭਾਸ਼ਣਕਾਰੀ ਕਰਨ ਤੱਕ ਹੀ ਸੀਮਤ ਸਨ ਉਨ੍ਹਾਂ ਦੇ ਪੇਤਲੇ ਬੌਧਿਕ ਦਮਗੱਜਿਆਂ ਨੂੰ ਰੱਦ ਕਰਦੇ ਹੋਏ ਲਹਿਰ ਦਾ ਅਸਲ ਦਿਲ-ਗੁਰਦਾ ਉਨ੍ਹਾਂ ਮਹਾਂਬਲੀ ਫ਼ੌਜੀਆਂ-ਕਿਸਾਨਾਂ-ਕਵੀਆਂ ਦੇ ਰੂਪ 'ਚ ਸਾਹਮਣੇ ਆਇਆ ਜੋ ਕਹਿਣੀ ਤੇ ਕਰਨੀ ਦਾ ਸੁਮੇਲ ਬਣਕੇ ਮੈਦਾਨ 'ਚ ਨਿੱਤਰੇ। ਅਤੇ ਨਿਰਸੰਦੇਹ ਇਹ ਬੰਦੇ ਲਹਿਰ ਦਾ ਧੁਰਾ ਸਨ; ਖ਼ਾਸ ਕਰਕੇ ਦੂਜੇ ਪੜਾਅ 'ਚ, 1920ਵਿਆਂ ਦੌਰਾਨ, ਲਹਿਰ ਦੀ ਸ਼ਨਾਖ਼ਤ ਇਸ (ਸਿੱਖ) ਭਾਈਚਾਰੇ ਨਾਲ ਡੂੰਘੇ ਰੂਪ 'ਚ ਇਕਮਿਕ ਹੋਈ ਸਾਫ਼ ਦੇਖੀ ਜਾ ਸਕਦੀ ਸੀ।

ਪਰ ਗ਼ਦਰ ਦੇ ਰੈਡੀਕਲਵਾਦ ਦੇ ਨਿਆਰੇਪਣ ਦੀ ਪੈਦਾਇਸ਼ ਇਸ ਦੇ ਹਾਲਾਤ, ਜਨਸੰਖਿਆ, ਮੁੱਦਿਆਂ, ਚੌਖਟਿਆਂ ਅਤੇ ਪੈਮਾਨਿਆਂ ਦੇ ਸੁਮੇਲ ਵਿੱਚੋਂ ਹੋਈ ਸੀ। ਉੱਥੇ ਬੰਗਾਲੀਆਂ ਅਤੇ ਪੰਜਾਬੀਆਂ, ਵਿਦਿਆਰਥੀਆਂ ਅਤੇ ਕਾਮਿਆਂ ਦਰਮਿਆਨ, ਕੈਲੀਫੋਰਨੀਆ ਵਿਚ ਵਿੱਢੀ ਗਈ ਸਰਗਰਮੀ ਅਤੇ ਹੋਰ ਥਾਂਵਾਂ ਦੇ ਆਵਾਸੀ ਹਿੰਦੁਸਤਾਨੀ ਸਿਆਸੀ ਤਾਣੇਬਾਣੇ ਦਰਮਿਆਨ, ਸਿਰਫ਼ ਫਾਰਮਰਾਂ ਤੋਂ ਲਏ ਚੰਦਿਆਂ ਨਾਲ ਜਾਂ ਜਰਮਨ ਫੰਡਾਂ ਦੀ ਸਹਾਇਤਾ ਦੇ ਅਧਾਰ 'ਤੇ ਬਣਾਈਆਂ ਵਿਉਂਤਾਂ ਦਰਮਿਆਨ ਕੋਈ ਸੀਲਬੰਦ ਨਿਖੇੜਾ ਨਹੀਂ ਸੀ। ਇਸ ਦਾ ਕੋਈ ਵੀ ਹਿੱਸਾ ਅਲੱਗ-ਥਲੱਗ ਤੌਰ 'ਤੇ ਇਹੀ ਵਰਤਾਰਾ ਪੈਦਾ ਨਹੀਂ ਸੀ ਕਰ ਸਕਦਾ। ਇਸ ਤੋਂ ਅੱਗੇ, ਗ਼ਦਰ ਨੂੰ ਇਸ ਦੀ ਬਣਤਰ ਪੱਖੋਂ ਇਕ ਸਿੱਖ ਜਥੇਬੰਦੀ ਵਜੋਂ ਪੇਸ਼ ਕਰਨਾ ਇਸ ਦੇ ਮੈਂਬਰਾਂ ਦੇ ਆਪਣੇ ਮੋਕਲੇ ਸਰਵਵਿਆਪਕਤਾਵਾਦੀ ਸਿਧਾਂਤਾਂ ਦਾ ਤ੍ਰਿਸਕਾਰ ਕਰਨਾ ਹੋਵੇਗਾ। ਉਨ੍ਹਾਂ ਦੀ ਸੋਚ ਸੌੜੀ ਨਹੀਂ ਸੀ; ਅਤੇ ਮੈਨੂੰ ਯਕੀਨ ਹੈ ਕਿ ਉਹ ਵੀ ਇਹੀ ਚਾਹੁੰਦੇ ਹੋਣਗੇ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਤਾਰੀਫ਼-ਮੂਲਕ ਨਸਲੀ ਸੱਭਿਆਚਾਰਕ-ਮਜ਼ਬੀ ਪਛਾਣ ਦੀ ਬਜਾਏ ਉਨ੍ਹਾਂ ਦੀ ਵਿਚਾਰਧਾਰਕ ਸਾਂਝ ਅਤੇ ਵਚਨਬੱਧਤਾ ਦੁਆਰਾ ਪ੍ਰੀਭਾਸ਼ਤ ਕੀਤਾ ਜਾਵੇ। ਇਨ੍ਹਾਂ ਮਾਇਨਿਆਂ 'ਚ ਅਸੀਂ ਅਕਾਲੀ

ਦਲ (ਜਿਸ ਦਾ ਨਿਸ਼ਾਨਾ ਪਾਵਨ ਸਿੱਖ ਅਸਥਾਨਾਂ ਨੂੰ ਮੁੜ ਕਬਜ਼ੇ 'ਚ ਲੈਣਾ ਸੀ ਅਤੇ ਜੋ ਬਾਅਦ 'ਚ ਸਿੱਖ ਵੱਖਵਾਦੀ ਲਹਿਰ ਨਾਲ ਜਾ ਜੁੜਿਆ) ਦੀ ਬਜਾਏ ਕਿਰਤੀ ਕਮਿਊਨਿਸਟਾਂ (ਜੋ ਐੱਮ ਐੱਨ ਰਾਏ ਦੇ ਬੋਲਬਾਲੇ ਵਾਲੀ ਹਿੰਦ ਕਮਿਊਨਿਸਟ ਪਾਰਟੀ ਢਾਂਚੇ ਦੇ ਖੇਤਰੀ ਸ਼ਰੀਕ ਸਨ) ਨੂੰ ਪੰਜਾਬ ਦੀਆਂ ਰੈਡੀਕਲ ਲਹਿਰਾਂ ਦੀ ਅਗਲੀ ਪੁਸ਼ਤ ਅੰਦਰ ਗ਼ਦਰ ਲਹਿਰ ਦੇ ਖ਼ਰੇ ਜਜ਼ਬੇ ਅਤੇ ਮਨਸ਼ੇ ਦੀ ਨੁਮਾਇੰਦਗੀ ਕਰਨ ਵਾਲਿਆਂ ਵਜੋਂ ਲੈ ਸਕਦੇ ਹਾਂ, ਹਾਲਾਂਕਿ ਇਸ ਦੇ ਵਾਪਸ ਪਰਤੇ ਪੁਰਾਣੇ ਘੁਲਾਟੀਏ ਦੋਵਾਂ ਜਥੇਬੰਦਕ ਬਣਤਰਾਂ ਵਿਚ ਸ਼ਾਮਲ ਹੋਏ। ਅਸਲ ਵਿਚ, ਅਕਾਲੀ ਲਹਿਰ ਵਿਚ ਵੱਧ ਰੈਡੀਕਲ ਸਮਾਜੀ ਨਿਆਂ ਅਤੇ ਸਾਮਰਾਜਵਾਦ ਵਿਰੋਧੀ ਸੇਧ ਦਾਖ਼ਲ ਕਰਨ ਦਾ ਸਿਹਰਾ ਗ਼ਦਰੀ ਘੁਲਾਟੀਆਂ ਨੂੰ ਜਾਂਦਾ ਸੀ, ਜੋ ਉਂਞ ਵਧੇਰੇ ਸੌੜੇ ਸਿੱਖ ਕੌਮਵਾਦ ਦੀ ਦਿਸ਼ਾ 'ਚ ਜਾ ਰਹੀ ਸੀ।

ਕਿਸੇ ਵੀ ਸਰਗਰਮੀ ਨੂੰ ਇਸ ਅਧਾਰ 'ਤੇ ਗ਼ਦਰੀ ਹੰਭਲੇ ਵਜੋਂ ਯੋਗ ਜਾਂ ਅਯੋਗ ਕਰਾਰ ਦੇਣ ਦਾ ਯਤਨ ਕਿ ਇਹ ਕੈਲੀਫੋਰਨੀਆ ਵਿਚਲੀ ਕੇਂਦਰੀ ਆਗੂ ਕਮੇਟੀ ਵਲੋਂ ਚਿਤਵੀ, ਅਧਿਕਾਰਤ ਅਤੇ ਨਿਰਦੇਸ਼ਤ ਕੀਤੀ ਗਈ ਸੀ ਇਸ ਦੇ ਪਾਰਟੀ ਢਾਂਚੇ ਦੇ ਰਸਮੀ ਅਮਲ ਨੂੰ ਤੋੜ-ਮਰੋੜਕੇ ਪੇਸ਼ ਕਰਨਾ ਹੈ। ਹਕੀਕਤ ਇਸ ਤੋਂ ਕਿਤੇ ਵਧੇਰੇ ਵਿਕੇਂਦਰੀਕ੍ਰਿਤ ਸੀ, ਕਿਉਂਕਿ ਉਨ੍ਹਾਂ ਵੱਖੋ-ਵੱਖਰੀਆਂ ਥਾਵਾਂ 'ਤੇ ਇਸ ਦੀਆਂ ਖ਼ੁਦਮੁਖ਼ਤਿਆਰ ਸ਼ਾਖ਼ਾਵਾਂ ਇਸ ਦੀਆਂ ਕਾਰਵਾਈਆਂ ਜਾਂ ਫ਼ੈਸਲਿਆਂ ਬਾਰੇ ਕਿਸੇ ਸਿੱਧੇ ਤਾਲਮੇਲ ਤੋਂ ਬਗ਼ੈਰ ਹੀ ਬਣਾਈਆਂ ਗਈਆਂ ਜਿਨ੍ਹਾਂ ਕੋਲ *ਗ਼ਦਰ* ਪੁੱਜਦਾ ਕੀਤਾ ਜਾਂਦਾ ਸੀ। ਇਕ ਗੁੱਲੀ ਗਰੁੱਪ ਦਾ ਜੋ ਪ੍ਰਭਾਵ ਬਣਦਾ ਸੀ ਉਹ ਸਾਨ ਫਰਾਂਸਿਸਕੋ ਦੇ ਚਸ਼ਮੇ ਵਿੱਚੋਂ ਤਿਆਰ ਹੋ ਕੇ ਆ ਰਹੀਆਂ ਲਿਖਤਾਂ ਦੇ ਝੰਜੋੜੂ ਤੱਤ ਅਤੇ ਗ਼ਦਰੀਆਂ ਦੀ ਇਨ੍ਹਾਂ ਆਦਰਸ਼ਾਂ 'ਤੇ ਅਮਲ ਕਰਨ ਦੀ ਡੁੱਲ੍ਹ-ਡੁੱਲ੍ਹ ਪੈਂਦੀ ਇੱਛਾ ਸ਼ਕਤੀ ਦੀ ਬਦੌਲਤ ਸੀ।

ਇਸੇ ਤਰ੍ਹਾਂ, ਜਦੋਂ ਮੈਂ ਇਹ ਦਲੀਲ ਦਿੰਦੀ ਹਾਂ ਕਿ ਇਸ ਲਹਿਰ ਨੇ ਬਸਤੀਵਾਦ ਵਿਰੋਧੀ ਹੋਰ ਸਬੰਧਤ ਲਹਿਰਾਂ ਦੇ ਆਪਸ 'ਚ ਸੰਪਰਕ ਜੋੜਨ ਅਤੇ ਤਾਲਮੇਲ ਬਣਾਉਣ ਦਾ ਕੰਮ ਕੀਤਾ, ਮੇਰਾ ਭਾਵ ਇਹ ਨਹੀਂ ਕਿ ਇਕ ਅਧਿਕਾਰਤ ਇਕਜੁੱਟ ਪਾਰਟੀ ਲਾਈਨ ਨੇ ਲਾਜ਼ਮੀ ਹੀ ਇਨ੍ਹਾਂ ਵਿੱਚੋਂ ਕਿਸੇ ਦੇ ਰਸਮੀ ਸੰਪਰਕ ਕਰਵਾਏ ਜਾਂ ਬਣਾਏ ਸਨ, ਸਗੋਂ ਇਹ ਹੈ ਕਿ ਬਹੁਤ ਸਾਰੇ ਵਿਅਕਤੀ ਬਿਨਾ ਕਿਸੇ ਟਕਰਾਅ ਦੇ ਤਰ੍ਹਾਂ-ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਬਹੁਤ ਸਾਰੇ ਕਾਰਕੁੰਨ ਜੋ ਕੈਲੀਫੋਰਨੀਆ ਗ਼ਦਰ ਨਾਲ ਜੁੜਕੇ ਕੰਮ ਕਰਦੇ ਸਨ ਅਤੇ ਸਾਨ ਫਰਾਂਸਿਸਕੋ ਵਿਚਲੇ ਇਸ ਦੇ *ਯੁਗਾਂਤਰ ਆਸ਼ਰਮ* ਨਾਲ ਡੂੰਘੇ ਰੂਪ 'ਚ ਜੁੜੇ ਹੋਏ ਸਨ ਨੇ ਹੋਰ ਜਥੇਬੰਦੀਆਂ ਵਿਚ ਵੀ ਹਿੱਸਾ ਲਿਆ ਜਾਂ ਇਨ੍ਹਾਂ ਦੀ ਸਹਾਇਤਾ ਕਰਦੇ ਰਹੇ। ਇਹ ਗ਼ਦਰੀ ਜਾਂ ਗ਼ਦਰ ਦੇ ਹਮਾਇਤੀ ਸਨ ਜੋ ਇਨਕਲਾਬੀ (ਹਿੰਦੂ) ਰਾਸ਼ਟਰਵਾਦ (ਤਾਰਕਨਾਥ ਦਾਸ, ਹਰਦਿਆਲ), ਮਾਰਕਸਵਾਦ (ਰਤਨ ਸਿੰਘ, ਸੰਤੋਖ ਸਿੰਘ), ਸਰਵ-ਇਸਲਾਮਵਾਦ (ਮੁਹੰਮਦ ਬਰਕਤਉੱਲਾ, ਅਬਦੁੱਲਾ ਸਿੰਧੀ) ਦੇ ਤਾਣੇ-ਬਾਣੇ ਅਤੇ ਇਨ੍ਹਾਂ ਦੇ ਵੱਖੋ-ਵੱਖਰੇ ਗੱਠਜੋੜਾਂ ਵਿਚ ਸਰਗਰਮ ਸਨ। ਇੰਞ ਰਿਸ਼ਤਿਆਂ ਅਤੇ ਸੰਪਰਕਾਂ ਦੀ ਪੈੜ ਨੱਪਣ ਦਾ ਸਵਾਲ ਗ਼ਦਰੀਆਂ ਨਾਲੋਂ "ਗ਼ਦਰ" ਦਾ ਵਧੇਰੇ ਹੈ। ਲਿਹਾਜ਼ਾ ਅਸੀਂ ਇਕ ਖ਼ਾਸ ਸਥਾਨ ਅਤੇ ਸਮੇਂ 'ਤੇ ਖ਼ਾਸ ਲੋਕਾਂ ਦੀ ਨਿਆਰੀ ਜਥੇਬੰਦੀ ਦਾ ਹਵਾਲਾ ਦਿੰਦਿਆਂ ਇਕ ਪਾਰਟੀ ਦੀ; ਅਤੇ ਇਕ ਖ਼ਿਆਲ, ਇਕ ਸੰਵੇਦਨਸ਼ੀਲਤਾ ਅਤੇ ਵਿਚਾਰਧਾਰਕ ਵਚਨਬੱਧਤਾ ਦੇ ਇਕ ਸਿਲਸਿਲੇ ਦਾ ਹਵਾਲਾ ਦਿੰਦਿਆਂ ਇਕ ਲਹਿਰ ਦੀ ਗੱਲ ਕਰ ਸਕਦੇ ਹਾਂ ਜਿਨ੍ਹਾਂ ਦੇ ਜੋਸ਼ ਨੂੰ ਇੰਞ ਖੰਭ ਲੱਗ ਗਏ ਕਿ ਉਹ ਸ਼ੁਰੂਆਤ ਕਰਨ ਵਾਲਿਆਂ ਤੋਂ ਵੀ ਅੱਗੇ ਜਾ ਨਿੱਕਲੇ ਜਾਂ ਸਗੋਂ ਜਹਾਜ਼ਾਂ 'ਤੇ ਜਾ ਸਵਾਰ ਹੋਏ।

ਵਿਚਾਰਧਾਰਕ ਅਤੇ ਦਾਅਪੇਚਕ ਦੋਵਾਂ ਪੱਖਾਂ ਤੋਂ, ਹਿੰਦੁਸਤਾਨੀ ਇਨਕਲਾਬੀ ਕਿਸੇ ਪ੍ਰਚਲਤ ਕੱਟੜ ਰਵਾਇਤ ਤੋਂ ਬੇਪ੍ਰਵਾਹ ਵੱਖੋ-ਵੱਖਰੇ ਸਰੋਤਾਂ ਤੋਂ ਰਲ-ਮਿਲਕੇ ਆਏ ਸਨ। ਤੱਤਾਂ, ਪਹਿਲੂਆਂ, ਗੰਢੀਆਂ ਜਾ ਸਕਦੀਆਂ ਤੰਦਾਂ ਦੀ ਇਹ ਵੰਨ-ਸੁਵੰਨਤਾ ਹੀ ਉਹ ਚੀਜ਼ ਸੀ ਜਿਸ ਨੇ ਮੇਲਜੋਲ ਦੇ ਐਨੇ ਵੱਖੋ-ਵੱਖਰੇ ਮੌਕੇ ਮੁਹੱਈਆ ਕੀਤੇ। ਵੇਲੈਂਨਟਾਈਨ ਚਿਰੋਲ ਜੋ ਓਦੋਂ ਲੰਦਨ ਵਾਲੇ *ਟਾਈਮਜ਼* ਦਾ ਬਦੇਸ਼ ਬਿਊਰੋ ਚੀਫ਼ ਸੀ ਅਤੇ ਇਨਕਲਾਬੀਆਂ ਨੂੰ ਦੈਂਤ ਬਣਾਕੇ ਪੇਸ਼ ਕਰਨ ਵਾਲਾ ਕੱਟੜ ਸ਼ਖਸ ਸੀ, ਨੇ ਟਿੱਪਣੀ ਕੀਤੀ, "ਬਦਜ਼ਨੀ ਪੈਦਾ ਕਰਨ ਵਾਲੇ ਸਾਹਿਤ ਅੰਦਰ, ਅਕਸਰ ਹੀ ਇੱਕੋ ਥਾਂ ਤਰ੍ਹਾਂ-ਤਰ੍ਹਾਂ ਦੇ ਹਿੰਦੂ ਦੇਵੀ-ਦੇਵਤਿਆਂ, ਕਰੌਮਵੈੱਲ ਅਤੇ ਵਾਸ਼ਿੰਗਟਨ ਅਤੇ ਮਸ਼ਹੂਰ ਅਰਾਜਕਤਾਵਾਦੀਆਂ ਦੇ ਨਾਂ ਮਿਲਦੇ ਹਨ, ਜਿਨ੍ਹਾਂ ਦੇ ਨਾਂ ਇਕੋ ਸਾਹ ਜਪੇ ਜਾਂਦੇ ਦੇਖਕੇ ਬਹੁਤ ਹੈਰਾਨੀ ਹੁੰਦੀ ਹੈ।"[7] ਪਰ ਮੈਂ ਇਹ ਨਹੀਂ ਸੋਚਦੀ ਕਿ ਸੰਪਰਕ ਆਰਜੀ ਜਾਂ ਇਤਫ਼ਾਕੀਆ ਸਨ, ਭਾਵੇਂ ਕਿ ਕਈ ਨਿਰੀਖਕਾਂ ਅਤੇ ਇਤਿਹਾਸਕਾਰਾਂ ਦੀ ਰੁਚੀ ਗ਼ਦਰ ਦੀ ਸਿਆਸੀ ਸੇਧ ਨੂੰ ਗ਼ੈਰਸਿਧਾਂਤਕ ਘਾਲਾਮਾਲਾ ਕਹਿਕੇ ਖਾਰਜ ਕਰਨ ਦੀ ਰਹੀ ਹੈ। ਮੇਰਾ ਵਿਸ਼ਵਾਸ ਹੈ ਕਿ ਅਸੀਂ ਗ਼ਦਰੀਆਂ ਦੇ ਬੋਲਾਂ ਅਤੇ ਕਾਰਨਾਮਿਆਂ ਅੰਦਰ ਇਕ ਵੰਨਸੁਵੰਨਾ ਅਤੇ ਉੱਭਰ ਰਿਹਾ, ਪਰ ਇਕਸਾਰ ਰੈਡੀਕਲ ਪ੍ਰੋਗਰਾਮ ਦੇਖ ਸਕਦੇ ਹਾਂ। ਏ ਸੀ ਬੋਸ ਬਹੁਤ ਸਾਰੇ ਪ੍ਰਭਾਵਾਂ ਅਤੇ ਉਨ੍ਹਾਂ ਵੰਨਸੁਵੰਨੇ ਸਰੋਤਿਆਂ ਦਾ ਇਸ ਤਰ੍ਹਾਂ ਨਿਚੋੜ ਕੱਢਦਾ ਹੈ ਜਿਨ੍ਹਾਂ ਤੱਕ ਪਹੁੰਚ ਕਰਨ ਦਾ ਟੀਚਾ ਲਿਆ ਗਿਆ: "ਜਿਵੇਂ ਉਨ੍ਹਾਂ ਦੀ ਪ੍ਰੇਰਨਾ ਦੇ ਸਰੋਤ ਰਾਣਾ ਪ੍ਰਤਾਪ ਅਤੇ ਵਿਕਟਰ ਇਮੈਨੂਅਲ ਦੂਜਾ ਤੋਂ ਲੈ ਕੇ ਸ਼ਿਵਾ ਜੀ ਤੇ ਗੈਰੀਬਾਲਡੀ ਅਤੇ ਮੈਜ਼ਿਨੀ ਤੇ ਗੁਰੂ ਗੋਬਿੰਦ ਸਿੰਘ ਤੋਂ ਲੈ ਕੇ ਜਾਂਬਾਜ਼ ਦਹਿਸ਼ਤਪਸੰਦਾਂ 'ਚ ਕਾਰਬੋਨਰੀ, ਸਰਵ-ਨਿਖੇਧਵਾਦੀਆਂ ਤੇ ਫੀਨੀਅਨਾਂ* ਤੱਕ ਸਨ, ਇਸੇ ਤਰ੍ਹਾਂ ਉਨ੍ਹਾਂ ਦੀ ਸਹਿਯੋਗ ਲਈ ਅਪੀਲ ਵੀ ਆਪਣੇ ਮੁਲਕ ਦੇ ਪੜ੍ਹੇਲਿਖੇ ਨੌਜਵਾਨਾਂ ਅਤੇ ਲਗਭਗ ਅਣਪੜ੍ਹ ਸੈਨਿਕਾਂ, ਰੂੜ੍ਹੀਵਾਦੀ ਕਾਰੋਬਾਰੀਆਂ ਅਤੇ ਪਿਛਾਖੜੀ ਹਿੰਦੁਸਤਾਨੀ ਸ਼ਹਿਜ਼ਾਦਿਆਂ ਤੱਕ ਸੀ।"[8] ਅਸਲ ਵਿਚ ਗ਼ਦਰੀ ਪ੍ਰਚਾਰਕਾਂ ਨੂੰ ਸਰੋਤਿਆਂ ਲਈ ਸਮੱਗਰੀ ਤਿਆਰ ਕਰਨ ਦਾ ਵੱਲ ਆਉਂਦਾ ਸੀ।

ਇਕ ਹੋਰ ਥਾਂ ਬੋਸ ਇਕ ਬੰਗਾਲੀ ਅਧਿਕਾਰੀ ਦੇ ਜਾਇਜ਼ੇ ਦਾ ਹਵਾਲਾ ਦਿੰਦਾ ਹੈ ਕਿ ਆਪਣੇ ਅਮਲ ਵਿਚ "ਹਿੰਦੁਸਤਾਨੀ ਇਨਕਲਾਬੀ ਆਇਰਿਸ਼ ਫੀਨੀਅਨਾਂ ਅਤੇ ਰੂਸੀ ਅਰਾਜਕਤਾਵਾਦੀਆਂ ਦੀ ਨਕਲ ਕਰਦੇ ਹਨ। ਉਨ੍ਹਾਂ ਦੇ ਸਾਹਿਤ ਵਿਚ ਇਨ੍ਹਾਂ ਦੇ ਭਰਪੂਰ ਹਵਾਲੇ ਮਿਲਦੇ ਹਨ। ਤਿਲਕ ਨੇ ਆਪਣੀ 'ਲਗਾਨ ਨਾ ਦਿਓ' ਦੀ ਮੁਹਿੰਮ ਦਾ ਖ਼ਿਆਲ ਆਇਰਲੈਂਡ ਤੋਂ ਲਿਆ ਅਤੇ ਬੰਗਾਲੀਆਂ ਨੇ ਬਾਈਕਾਟ ਦਾ ਇਸਤੇਮਾਲ ਆਇਰਿਸ਼ ਇਤਿਹਾਸ ਤੋਂ ਸਿੱਖਿਆ। ਕਾਨਾਈ ਦੱਤ ਦਾ ਮੁਕਾਬਲਾ ਪੈਟਰਿਕ ਓਡੋਨਲ ਨਾਲ ਕੀਤਾ ਜਾ ਸਕਦਾ ਸੀ ਜਿਸ ਨੇ ਜੇਮਜ਼ ਕੈਰੀ ਦਾ ਕਤਲ ਕੀਤਾ ਸੀ। ਧਨ ਇਕੱਠਾ ਕਰਨ ਲਈ ਸਿਆਸੀ ਡਾਕੇ ਉਨ੍ਹਾਂ ਨੇ ਰੂਸੀਆਂ ਤੋਂ ਸਿੱਖੇ ਹਨ।"[9] ਬੇਸ਼ੱਕ, ਇਹ ਪਿਛਲੱਗ ਨਕਲ ਨਹੀਂ ਸਗੋਂ ਸਰਗਰਮ ਚੋਣ, ਆਪਣੀ ਲੋੜ ਅਨੁਸਾਰ ਜੁਗਤਾਂ ਨੂੰ ਢਾਲਣ ਅਤੇ ਅਮਲ ਵਿਚ ਲਿਆਉਣ ਜਾਂ ਸਮਾਨਤਾਵਾਂ ਨੂੰ ਸਵੀਕਾਰ ਕਰਨ ਦੀਆਂ ਮਿਸਾਲਾਂ ਹਨ। "ਪ੍ਰਭਾਵਾਂ" ਜਾਂ "ਦੂਜਿਆਂ ਤੋਂ ਲਏ ਢੰਗਾਂ" ਵਜੋਂ ਚੁਣੇ ਅੰਸ਼ ਉਹ ਸਨ ਜਿਨ੍ਹਾਂ ਨਾਲ ਇਹ ਤਰੀਕੇ ਅਖ਼ਤਿਆਰ ਕਰਨ ਵਾਲੇ ਪਹਿਲਾਂ ਹੀ ਇਕਸੁਰ ਸਨ ਜਾਂ ਜਿਨ੍ਹਾਂ ਨੂੰ ਉਹ ਆਪਣੀ ਹਾਲਤ ਲਈ ਸਭ ਤੋਂ ਢੁੱਕਵੇਂ ਸਮਝਦੇ ਸਨ। ਮਸਲਨ, ਸਮਾਨਤਾਵਾਦ ਅਮਰੀਕੀ

---

* ਫੀਨੀਅਨ : ਆਇਰਲੈਂਡ ਵਿੱਚੋਂ ਅੰਗਰੇਜ਼ ਰਾਜ ਦਾ ਖ਼ਾਤਮਾ ਕਰਨ ਲਈ ਅਮਰੀਕਾ ਤੇ ਆਇਰਲੈਂਡ ਵਿਚ ਬਣਾਈ ਆਇਰਿਸ਼ ਜਥੇਬੰਦੀ ਦੇ ਮੈਂਬਰ – ਅਨੁਵਾਦਕ।

ਜਮਹੂਰੀ ਪ੍ਰਵਚਨ ਨਾਲ ਵਾਹ ਪੈਣ ਤੋਂ ਬਹੁਤ ਲੰਮਾ ਸਮਾਂ ਪਹਿਲਾਂ ਹੀ ਸਿੱਖਾਂ ਵਿਚ ਇਕ ਕਦਰ-ਪ੍ਰਬੰਧ ਵਜੋਂ ਪ੍ਰਵਾਨ ਸੀ - ਇੰਞ ਪੱਛਮੀ ਸਿਆਸੀ ਫ਼ਲਸਫ਼ੇ ਦੀਆਂ ਹੋਰ ਬਹੁਤ ਸਾਰੀਆਂ ਹਾਸਲ ਵੰਨਗੀਆਂ ਵਿੱਚੋਂ ਸਿਰਫ਼ ਇਸ ਖ਼ਾਸ ਅੰਸ਼ ਨੂੰ ਹੀ ਪ੍ਰਵਾਨਗੀ ਦਿੱਤੀ ਗਈ।

ਇਸ ਤੋਂ ਬਿਨਾ, ਫਰਾਂਸੀਸੀ ਅਤੇ ਅਮਰੀਕੀ ਸਿਆਸੀ ਉਦਾਰਵਾਦ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਅੰਦਰਲੇ ਆਦਰਸ਼ ਨਾਲ ਉਨ੍ਹਾਂ ਦੇ ਵਾਹ, ਅਤੇ ਉਨ੍ਹਾਂ ਦੇ ਆਦਰਸ਼ ਅਤੇ ਹਕੀਕਤ ਦਰਮਿਆਨ ਖਾਈ ਨੂੰ ਦੇਖਕੇ ਪੈਦਾ ਹੋਈ ਬਦਜ਼ਨੀ, ਇਨ੍ਹਾਂ ਦੋਵਾਂ ਨੇ ਮਿਲਕੇ ਗ਼ਦਰੀਆਂ ਦੀ ਉਸ ਉੱਭਰ ਰਹੀ ਸੋਚਣੀ ਨੂੰ ਤਕੜਾ ਹੁਲਾਰਾ ਦਿੱਤਾ ਜੋ ਉਸ ਗਿਆਨ-ਉਦੈ (enlightenment ਵਾਲੀ ਸੋਚ ਦੇ ਟਕਸਾਲੀ ਆਰਥਕ ਅੰਸ਼ਾਂ ਦੀ ਬਜਾਏ ਸਿਆਸੀ ਤੌਰ 'ਤੇ ਮੁਕਤੀਵਾਦੀ ਪਹਿਲੂਆਂ ਵੱਲ ਖਿੱਚੀ ਗਈ ਕਿਉਂਕਿ ਇਹ ਆਜ਼ਾਦੀ ਅਤੇ ਜਮਹੂਰੀਅਤ ਦੀ ਕਸਵੱਟੀ ਉੱਪਰ ਜ਼ੋਰ ਦਿੰਦੇ ਸਨ। ਇਹ ਖ਼ਾਸ ਤੌਰ 'ਤੇ ਉਨ੍ਹਾਂ ਲਿਖਤਾਂ ਬਾਰੇ ਸੱਚ ਸੀ ਜੋ ਅਮਰੀਕੀ ਪਾਠਕਾਂ ਵਿੱਚੋਂ ਸੰਭਾਵੀ ਹਮਦਰਦ ਤਲਾਸ਼ ਕਰਨ ਦੇ ਇਰਾਦੇ ਨਾਲ ਲਿਖੀਆਂ ਗਈਆਂ ਸਨ।[10] *ਗ਼ਦਰ* ਦੇ ਸੰਪਾਦਕ ਰਾਮ ਚੰਦਰ ਨੇ ਅਕਤੂਬਰ 1916 ਦੇ *ਬੋਸਤਨ ਡੇਲੀ ਐਡਵਰਟਾਈਜ਼ਰ* ਨੂੰ ਖ਼ਤ ਲਿਖਿਆ ਜੋ ਬਾਗ਼ੀ ਸਾਹਿਤ ਛਾਪਣ ਅਤੇ ਬਗ਼ਾਵਤ ਭੜਕਾਕੇ "ਹਿੰਦ ਅੰਦਰ ਅੰਗਰੇਜ਼ੀ ਰਾਜ ਦੇ ਖ਼ਿਲਾਫ਼ ਗੜਬੜ ਪੈਦਾ ਕਰਨ" ਦੀ ਸਾਜ਼ਿਸ਼ ਦੇ ਇਲਜ਼ਾਮ ਦੇ ਜਵਾਬ 'ਚ ਸੀ। ਰਾਮ ਚੰਦਰ ਨੇ ਇਨ੍ਹਾਂ ਇਲਜ਼ਾਮਾਂ ਦਾ ਸਾਵਾਂ ਜਵਾਬ ਦਿੰਦੇ ਹੋਏ ਲਿਖਿਆ: "ਅਸੀਂ ਬਹੁਤ ਹੀ ਖ਼ੁਸ਼ੀ ਨਾਲ ਇਹ ਸਭ ਕੁਝ ਕਬੂਲ ਕਰਦੇ ਹਾਂ, ਪਰ ਅਸੀਂ ਇਸ ਤੱਥ 'ਤੇ ਜ਼ੋਰ ਦੇਣਾ ਚਾਹੁੰਦੇ ਹਾਂ ਕਿ ਅਸੀਂ ਇਹ ਸਭ ਆਜ਼ਾਦੀ, ਬਰਾਬਰੀ ਅਤੇ ਭਰੱਪਣ ਜੋ ਹਰ ਇਨਸਾਨ ਦਾ ਜਮਾਂਦਰੂ ਹੱਕ ਹੈ ਨੂੰ ਪ੍ਰਚਾਰਨ ਅਤੇ ਦੁਨੀਆ ਨੂੰ ਹਿੰਦ ਦੀ ਗ਼ੁਲਾਮੀ ਦਾ ਅਹਿਸਾਸ ਕਰਾਉਣ ਲਈ ਕਰ ਰਹੇ ਹਾਂ ਜਿੱਥੇ *[ਹਿੰਦ ਵਿਚ]* ਸਭ ਲਈ ਇਨ੍ਹਾਂ ਮਹਾਨ ਅਸੂਲਾਂ ਦੀ ਮਨਾਹੀ ਹੈ।"[11]

ਜਿਨ੍ਹਾਂ ਹੋਰ ਸਰੋਤਿਆਂ ਨੂੰ ਗ਼ਦਰੀ ਛੇਤੀ ਹੀ "ਪੁਰਜੋਸ਼ ਅਪੀਲਾਂ" ਕਰਨ ਲੱਗ ਪਏ ਉਹ ਸਨ "ਦੁਨੀਆ ਦੀਆਂ ਕਿਰਤੀ ਯੂਨੀਅਨਾਂ।"[12] ਇਨ੍ਹਾਂ ਅਪੀਲਾਂ ਦੀ ਵਿਆਖਿਆ ਆਰਥਕ ਵਸੀਲੇ ਸੁੜਾਕ ਲੈਣ ਦੇ ਮਸ਼ਹੂਰ ਸਿਧਾਂਤ ਦੇ ਅਧਾਰ 'ਤੇ ਕੀਤੀ ਗਈ ਸੀ ਅਤੇ ਇਨ੍ਹਾਂ ਵਿਚ ਸੰਸਾਰ ਦੇ ਲੋਕਾਂ ਨੂੰ ਸਾਮਰਾਜਵਾਦ ਦੇ ਪ੍ਰਬੰਧ ਦੇ ਖ਼ਿਲਾਫ਼ ਸਾਂਝੇ ਕਾਜ ਲਈ ਜੁੜਨ ਦਾ ਹੋਕਾ ਦਿੱਤਾ ਗਿਆ ਸੀ।[13] ਇਨਕਲਾਬ ਦੇ ਰੋਮਾਂਸਵਾਦ ਪ੍ਰਤੀ ਅਮੋੜ ਝੁਕਾਅ ਦੇ ਨਾਲ-ਨਾਲ ਸਿਆਸੀ ਮੁਕਤੀਵਾਦ ਅਤੇ ਆਰਥਕ ਸਮਾਜਵਾਦ ਦੇ ਅਜਿਹੇ ਸੁਮੇਲ, ਅਤੇ ਆਪਣੇ ਖ਼ਾਸ ਹਾਲਾਤ ਦੇ ਅੰਦਰ ਸਰਕਾਰ ਵਿਰੋਧੀ ਉੱਘੜਵੇਂ ਝੁਕਾਅ ਨੂੰ ਦੇਖਦਿਆਂ ਹੀ ਕੋਈ ਇਹ ਦਲੀਲ ਦੇ ਸਕਦਾ ਹੈ ਕਿ ਅਸਲ ਵਿਚ ਅਰਾਜਕਤਾਵਾਦ ਦੇ ਤਰਕ ਰਾਹੀਂ ਗ਼ਦਰ ਲਹਿਰ ਦੀ ਅਖਾਉਤੀ ਕੁਜੋੜਤਾ ਪੂਰੀ ਤਰ੍ਹਾਂ ਉੱਘੜਕੇ ਸਾਹਮਣੇ ਆਉਂਦੀ ਹੈ - ਇਸ ਨਾਲ ਜੋ ਗ਼ਦਰ ਦੀ ਗਾਥਾ ਦੀਆਂ ਰਾਸ਼ਟਰਵਾਦੀ ਅਤੇ ਕਮਿਊਨਿਸਟ ਦੋ ਵਿਰੋਧੀ ਵਿਆਖਿਆਵਾਂ ਦਰਮਿਆਨ ਇਕ ਤਰ੍ਹਾਂ ਨਾਲ ਦਿਲਚਸਪ ਪੁਲ ਸਿਰਜ ਦਿੰਦੀ ਹੈ। ਸੰਖੇਪ 'ਚ, ਗ਼ਦਰ ਸਿਰਫ਼ ਬਸਤੀਵਾਦ ਦੇ ਵਿਰੋਧ ਰਾਹੀਂ ਜਮਾਤੀ ਘੋਲ ਅਤੇ ਸ਼ਹਿਰੀ ਹੱਕਾਂ ਵੱਲ ਹੀ ਨਹੀਂ ਪ੍ਰੇਰਿਆ ਗਿਆ ਸਗੋਂ ਇਹ ਆਜ਼ਾਦੀ ਅਤੇ ਬਰਾਬਰੀ ਦੋਵਾਂ ਦੀ ਵਚਨਬੱਧਤਾ ਦਾ ਸੁਮੇਲ ਕਰਨ 'ਚ ਵੀ ਕਾਮਯਾਬ ਰਿਹਾ। ਸ਼ੁਰੂ 'ਚ, ਕਾਲਪਨਿਕ ਸਮਾਜਵਾਦ ਅਤੇ ਮੁਕਤੀਵਾਦੀ ਵਿਚਾਰਧਾਰਾ ਤੋਂ ਤਾਕਤ ਹਾਸਲ ਕਰਦਿਆਂ ਸਰਮਾਏਦਾਰੀ ਅਤੇ ਉਦਾਰਵਾਦ ਦੇ ਦੋਹਰੇ ਨਸਲੀ ਮਿਆਰਾਂ ਦੀ ਉਨ੍ਹਾਂ ਵਲੋਂ ਆਲੋਚਨਾ ਜੰਗ ਅਤੇ ਇਸ ਤੋਂ ਪਿੱਛੋਂ ਦੁਨੀਆ ਦੇ ਸਿਆਸੀ ਬਦਲਾਵਾਂ ਦੌਰਾਨ ਹੋਰ ਵੀ ਸਿਲਸਿਲੇਵਾਰ ਬੱਝਵਾਂ ਰੂਪ ਅਖ਼ਤਿਆਰ ਕਰਦੀ ਗਈ।

ਜਿੱਥੋਂ ਤੱਕ ਦਾਅਪੇਚਕ ਮਾਡਲਾਂ ਦੇ ਸੁਮੇਲ ਦਾ ਸਵਾਲ ਹੈ, ਇਹ ਕਿਉਂਕਿ ਨਿਸ਼ਚੇ ਹੀ ਕਾਰਵਾਈਮੁਖੀ ਲਹਿਰ ਸੀ, ਇੱਥੇ ਢੰਗ-ਤਰੀਕੇ ਵੀ ਇਸ ਦੇ ਮਨੋਰਥ ਨਾਲੋਂ ਘੱਟ ਅਹਿਮ ਨਹੀਂ ਸਨ। ਇਸ ਲਈ ਦਿਆਨਤਦਾਰੀ ਵਾਲੇ ਸੰਤੁਲਤ ਮਾਧਿਅਮ, ਆਦਰਸ਼ਕ ਸੋਚ ਵਾਲੀ ਯੁੱਧਨੀਤਕ ਪਹੁੰਚ ਦੀ ਲੋੜ ਸੀ। ਗ਼ਦਰ ਦਾ ਸਥਾਨ ਅਕਸਰ ਹੀ ਇਨਕਲਾਬੀ ਸੰਘਰਸ਼ ਦੇ ਦੋ ਢੰਗਾਂ ਦਰਮਿਆਨ ਸੰਗਰਾਂਦੀ ਪੜਾਅ ਵਜੋਂ ਮਿੱਥਿਆ ਜਾਂਦਾ ਹੈ ਭਾਵ ਸਾਜ਼ਿਸ਼ੀ ਖ਼ੁਫ਼ੀਆ ਸੁਸਾਇਟੀ ਮਾਡਲ ਅਤੇ ਜਨਤਕ ਜਥੇਬੰਦੀ ਦਾ ਮਾਡਲ, ਜਿਨ੍ਹਾਂ ਨੂੰ ਬੇਤਹਾਸ਼ਾ ਬਦਲਾਅ ਦੇ ਸਵੈਇੱਛਾਵਾਦੀ ਅਤੇ ਢਾਂਚਾਵਾਦੀ ਸਿਧਾਂਤ ਵੀ ਕਿਹਾ ਜਾਂਦਾ ਹੈ। ਜਦਕਿ, ਗ਼ਦਰ ਨੂੰ ਮਹਿਜ਼ ਇਕ ਆਰਜ਼ੀ ਜਾਂ ਅੰਤਰਕਾਲੀ ਅਧੂਰੇ ਕਦਮ ਵਜੋਂ ਨਹੀਂ ਸਗੋਂ ਇਸ ਨੂੰ ਜੰਗ ਤੋਂ ਪਹਿਲਾਂ ਅਤੇ ਜੰਗ ਤੋਂ ਪਿੱਛੋਂ ਦੇ ਦੋਵਾਂ ਸਮਿਆਂ ਦੌਰਾਨ ਦੀਆਂ ਹੋਰ ਵਧੇਰੇ ਸਪਸ਼ਟ ਰੁਚੀਆਂ (ਦੋਵੇਂ ਦਿਸ਼ਾਵਾਂ ਵੱਲ) ਨਾਲੋਂ ਨਿਆਰੇ ਮੁਕਾਬਲਤਨ ਸਥਿਰ ਢੰਗ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਨਿਚੋੜ ਵਜੋਂ ਇਕ ਸਹੀ ਗ਼ਦਰੀ ਜਿਸ ਦਾ ਇਕ ਨਿਆਰਾ ਵਿਚਾਰਧਾਰਕ ਅਤੇ ਦਾਅਪੇਚਕ ਅਕਸ ਸੀ, ਅੰਤਰੀਵੀ ਤਰਕ ਅਤੇ ਵਿਲੱਖਣ ਗੁਲੀ ਕਦਰਾਂ-ਕੀਮਤਾਂ ਤੇ ਪਹੁੰਚਾਂ ਦਾ ਇਕ ਆਮ ਮਿਆਰ ਸੀ, ਜੋ ਸਮਿਆਂ, ਹਾਲਾਤ ਅਤੇ ਮੁਹਾਵਰਿਆਂ ਤੋਂ ਪਾਰ ਇਕਸਾਰ ਬਣਿਆ ਰਿਹਾ। ਅਜਿਹਾ ਗ਼ਦਰੀ

–ਬਸਤੀਵਾਦ ਵਿਰੋਧੀ ਸੀ (ਇਹ ਤਾਂ ਪ੍ਰਤੱਖ ਹੀ ਹੈ);

–ਉਹ ਪੁਰਜੋਸ਼ ਦੇਸ਼ਭਗਤ ਸੀ;

–ਉਹ ਦੁਨੀਆ ਵਿਚ ਜਿਥੇ ਕਿਤੇ ਵੀ ਲੋਕ ਜ਼ੁਲਮਾਂ ਅਤੇ ਦਾਬੇ ਵਿਰੁੱਧ ਸੰਘਰਸ਼ ਕਰਦੇ ਸਨ ਉਨ੍ਹਾਂ ਨਾਲ ਸੱਚੇ ਰਿਸ਼ਤੇ ਅਤੇ ਸਰਗਰਮ ਇਕਮੁੱਠਤਾ ਦਾ ਅਹਿਦ ਲੈਣ ਵਾਲਾ ਕੌਮਾਂਤਰੀਵਾਦੀ ਸੀ;

–ਉਹ ਐਸਾ ਧਰਮਨਿਰਪੱਖਤਾਵਾਦੀ ਸੀ, ਜੋ ਫਿਰਕਾਪ੍ਰਸਤੀ ਅਤੇ ਸੰਸਥਾਈ ਮਜ਼੍ਹਬ ਦੇ ਸਿਆਸੀਕਰਨ ਦਾ ਦ੍ਰਿੜ ਵਿਰੋਧੀ ਸੀ, ਭਾਵੇਂ ਕਿ ਲਾਜ਼ਮੀ ਤੌਰ 'ਤੇ ਉਹ ਨਾਸਤਿਕ ਜਾਂ ਗ਼ੈਰਧਾਰਮਿਕ ਨਹੀਂ ਸੀ;

–ਉਹ ਐਸਾ ਆਧੁਨਿਕਵਾਦੀ ਸੀ ਜੋ ਹੋਣੀਵਾਦ ਦੇ ਰਵਾਇਤੀ ਬੋਝ ਅਤੇ "ਗ਼ੁਲਾਮ ਜ਼ਿਹਨੀਅਤ" ਦਾ ਆਲੋਚਕ ਸੀ;

–ਉਹ ਜਮਾਤ ਤੇ ਜਾਤ ਦੇ ਵਖਰੇਵਿਆਂ ਦੀ ਹਕੀਕਤ ਦੇ ਰੂਬਰੂ ਤਿੱਖੇ ਰੂਪ 'ਚ ਜਮਹੂਰੀ ਅਤੇ ਸਮਾਨਤਾਵਾਦੀ ਸੀ;

–ਉਹ ਗਣਰਾਜਵਾਦੀ ਸੀ ਜੋ ਹਿੰਦੁਸਤਾਨੀ ਰਿਆਸਤਾਂ ਦੇ ਵਿਕੇਂਦਰੀਕ੍ਰਿਤ ਸੰਘ ਦਾ ਹਾਮੀ ਸੀ;

–ਉਹ ਸਰਮਾਏਦਾਰੀ ਦਾ ਵਿਰੋਧੀ ਸੀ (ਕੁਝ ਅਸਿੱਧੇ ਨੈਤਿਕ ਮੁੱਲਾਂ ਰਾਹੀਂ, ਬਾਕੀ ਦੇ, ਖ਼ਾਸ ਕਰਕੇ 1920 ਤੋਂ ਬਾਅਦ ਵਿਚ ਜ਼ਾਹਰਾ ਮਾਰਕਸੀ ਵਿਸ਼ਲੇਸ਼ਣ ਦੁਆਰਾ);

–ਉਹ ਖਾੜਕੂ ਇਨਕਲਾਬੀ ਸੀ, ਜੋ ਸੰਵਿਧਾਨਕ ਢੰਗਾਂ ਜਾਂ ਮੌਜੂਦ ਪ੍ਰਬੰਧ ਨਾਲ ਕਿਸੇ ਤਰ੍ਹਾਂ ਦੀ ਸੁਲ੍ਹਾ-ਸਫ਼ਾਈ ਦੇ ਖ਼ਿਲਾਫ਼ ਸੀ;

–ਉਹ ਮੌਤ ਤੱਕ ਦ੍ਰਿੜ, ਸਮਰਪਿਤ, ਦਲੇਰ ਮਿਜਾਜ਼ ਵਾਲਾ; ਸੁਹਜ ਕਲਾ ਪੱਖੋਂ ਜ਼ਿੰਦਾਦਿਲੀ ਦਿਖਾਉਣ ਵਾਲਾ ਇਨਸਾਨ ਸੀ ਜਿਵੇਂ ਫਾਂਸੀ ਦਿੱਤੇ ਜਾਣ ਵੇਲੇ ਵੀ ਬੁਲੰਦ ਹੌਸਲੇ ਨਾਲ ਨਾਅਰੇ ਗੂੰਜਾਉਂਦੇ ਰਹਿਣਾ, ਹਾਜ਼ਰ-ਜਵਾਬ ਬਣੇ ਰਹਿਣਾ ਜਾਂ ਅੰਤਮ ਸੁਨੇਹਾ ਦਿੰਦੇ ਗੀਤ ਗਾਉਣਾ (ਇਨ੍ਹਾਂ ਮਾਇਨਿਆਂ 'ਚ ਕਰਤਾਰ ਸਿੰਘ ਸਰਾਭਾ ਮਿਸਾਲੀ ਗ਼ਦਰੀ ਸੀ। ਉਸ ਦੀ

ਸ਼ਖਸੀਅਤ ਇਕ ਨਮੂਨਾ ਸੀ ਜਿਸ ਨੂੰ 1915 ਦੇ ਅਸਫ਼ਲ ਗ਼ਦਰ 'ਚ ਨਿਭਾਏ ਕਿਰਦਾਰ ਕਾਰਨ ਉੱਨੀ-ਵੀਹ ਸਾਲ ਦੀ ਉਮਰ 'ਚ ਫਾਹੇ ਲਾ ਦਿੱਤਾ ਗਿਆ ਸੀ, ਪਿੱਛੋਂ ਭਗਤ ਸਿੰਘ ਨੇ ਖ਼ੁਦ ਨੂੰ ਸੁਚੇਤ ਰੂਪ 'ਚ ਉਸੇ ਮਿਸਾਲ ਅਨੁਸਾਰ ਢਾਲਿਆ)।

ਜਿੱਥੋਂ ਤੱਕ ਗ਼ਦਰੀ ਨਿਸ਼ਾਨੇ ਦਾ ਸਵਾਲ ਹੈ, ਜਿਉਂ ਜਿਉਂ ਸਾਲ ਗੁਜ਼ਰਦੇ ਗਏ ਇਹ ਖ਼ਾਕੇ ਪੱਖੋਂ ਹੋਰ ਵੀ ਨਿੱਖਰਵਾਂ ਅਤੇ ਦਾਇਰੇ ਪੱਖੋਂ ਹੋਰ ਵੀ ਵਿਸ਼ਾਲ ਆਸ਼ੇ ਵਾਲਾ ਬਣਦਾ ਗਿਆ; ਮੁਲਕ ਵਿਚ ਬਤੌਰ ਹਿੰਦੁਸਤਾਨੀ ਮਾਣ-ਤਾਣ ਅਤੇ ਸਤਿਕਾਰ ਤੋਂ ਲੈਕੇ ਬਦੇਸ਼ ਵਿਚ ਇਕ ਆਜ਼ਾਦ ਹਿੰਦੁਸਤਾਨ ਤੱਕ,

-ਮੁਕਤ ਆਇਰਲੈਂਡ, ਮਿਸਰ ਅਤੇ ਚੀਨ ਦੇ ਨਾਲ ਇਕ ਆਜ਼ਾਦ ਹਿੰਦੁਸਤਾਨ ਤੱਕ,

-ਇਕ ਆਜ਼ਾਦ ਹਿੰਦੁਸਤਾਨੀ ਜਮਹੂਰੀ-ਗਣਰਾਜੀ ਸੰਘ + ਮੁਕਤ ਆਇਰਲੈਂਡ, ਮਿਸਰ ਅਤੇ ਚੀਨ ਤੱਕ

ਇਕ ਆਜ਼ਾਦ ਹਿੰਦੁਸਤਾਨੀ ਜਮਹੂਰੀ-ਗਣਰਾਜੀ ਸਮਾਜਵਾਦੀ ਸੰਘ ਤੱਕ ਅਤੇ ਦੁਨੀਆ ਵਿਚ ਸਭ ਥਾਈਂ ਹਰ ਤਰ੍ਹਾਂ ਦੀ ਆਰਥਕ ਜਾਂ ਸਾਮਰਾਜਵਾਦੀ ਗ਼ੁਲਾਮੀ ਦੇ ਖ਼ਾਤਮੇ ਤੱਕ ਫੈਲਿਆ ਹੋਇਆ।

ਵੰਨਸੁਵੰਨੇ ਪਹਿਲੂਆਂ ਦੀ ਸਹਿਹੋਂਦ ਚਿਰੋਲ ਨੂੰ ਸਮਝ ਹੀ ਨਹੀਂ ਆਈ, ਉਹ ਇਸ ਨੂੰ ਬਾਗ਼ੀਆਂ ਦੀ ਗੰਧਲੀ ਸੋਚ ਦਾ ਉੱਘੜਵਾਂ ਸਬੂਤ ਮੰਨਦਾ ਰਿਹਾ, ਜਦਕਿ ਠੀਕ ਇਹੀ ਚੀਜ਼ ਹੈ ਜਿਸ ਦੀ ਮੈਂ ਇਥੇ ਛਾਣਬੀਣ ਕਰਨਾ ਚਾਹੁੰਦੀ ਹਾਂ ਉਸ ਤਰਕ ਨੂੰ ਸਮਝਕੇ ਜਿਸ ਦੇ ਅਧਾਰ 'ਤੇ ਬਾਗ਼ੀਆਂ ਨੇ ਦਾਅਪੇਚਕ ਅਤੇ ਵਿਚਾਰਧਾਰਕ ਤੱਤਾਂ ਦੀ ਚੋਣ ਕੀਤੀ, ਇਨ੍ਹਾਂ ਦਾ ਸੁਮੇਲ ਕਰਕੇ, ਇਨ੍ਹਾਂ ਨੂੰ ਹਾਲਾਤ ਅਨੁਸਾਰ ਉਸ ਰੂਪ 'ਚ ਢਾਲਿਆ ਅਤੇ ਵਿਹਾਰ 'ਚ ਲਾਗੂ ਕੀਤਾ ਜੋ ਗਤੀਸ਼ੀਲਤਾ ਨਾਲ ਵਿਕਸਤ ਹੁੰਦੇ ਰਹੇ। ਇਹ ਤਰਕ ਬਦੇਸ਼ ਵਿਚ ਇਨਕਲਾਬੀਆਂ ਦੇ ਪੂਰੇ ਸਫ਼ਰ-ਮਾਰਗ (trajectory) ਦੌਰਾਨ ਹਮੇਸ਼ਾ ਜਾਰੀ ਰਿਹਾ।

## ਅਦਲਾ-ਬਦਲੀ ਦੇ ਅਮਲ (transpositions)

### *ਰਾਸ਼ਟਰਵਾਦ ਤੋਂ ਉਪਰ*

ਨਿਸ਼ਚੇ ਹੀ ਗ਼ਦਰ ਦੇ ਮੁੱਢਲੇ ਸਿਧਾਂਤਕਾਰ ਅਤੇ ਪ੍ਰਚਾਰਕ, ਹਰਦਿਆਲ ਨੇ ਕੈਲੀਫੋਰਨੀਆ ਯੂਨੀਵਰਸਿਟੀ ਵਿਖੇ ਹਿੰਦੁਸਤਾਨੀ ਵਿਦਿਆਰਥੀਆਂ ਅਤੇ ਚੋਣਵੇਂ ਅਧਿਆਪਕਾਂ ਅੱਗੇ ਅਕਤੂਬਰ 1912 ਨੂੰ ਕੀਤੀ ਤਕਰੀਰ ਵਿਚ ਖ਼ੁਦ ਨੂੰ ਇਕ ਕੌਮਾਂਤਰੀਵਾਦੀ ਦੱਸਿਆ ਸੀ ਜਿਸ ਦਾ "ਰਾਸ਼ਟਰਵਾਦ ਦੇ ਸੌੜੇ ਖ਼ਿਆਲਾਂ 'ਚ" ਵਿਸ਼ਵਾਸ ਨਹੀਂ ਸੀ। ਇਸੇ ਸਮਾਗਮ ਵਿਚ "ਹਿੰਦੁਸਤਾਨੀ ਰਾਸ਼ਟਰਵਾਦ ਦਾ ਦਾਇਰਾ ਅਤੇ ਨਿਸ਼ਾਨਾ" ਬਾਰੇ ਬੋਲਦਿਆਂ ਪੱਕੇ "ਬਾਗ਼ੀ" ਤਾਰਕਨਾਥ ਦਾਸ ਨੇ ਅਹਿਦ ਕੀਤਾ ਕਿ ਯੰਗ ਇੰਡੀਆ ਨੂੰ ਬਰਤਾਨੀਆ ਤੋਂ ਖ਼ੁਦਮੁਖ਼ਤਿਆਰੀ ਲੈਣ ਤੋਂ ਉੱਪਰ ਉੱਠਕੇ ਲਾਜ਼ਮੀ ਹੀ "ਸਮਾਜੀ ਆਦਰਸ਼ਾਂ ਵਾਲੇ ਇਨਕਲਾਬ ਦੀ ਮੰਗ ਕਰਨੀ ਚਾਹੀਦੀ ਹੈ ਤਾਂ ਜੋ ਜਾਇਦਾਦ ਦੀ ਬਜਾਏ ਮਨੁੱਖਤਾ ਅਤੇ ਮੁਕਤੀ ਦੀ ਕਦਰ ਹੋਵੇ, ਵਿਸ਼ੇਸ਼ ਸਹੂਲਤਾਂ ਬਰਾਬਰ ਮੌਕਿਆਂ ਨੂੰ ਦਬਾ ਨਾ ਸਕਣ ਅਤੇ ਔਰਤ ਨੂੰ ਅਧੀਨਗੀ ਹੇਠ ਨਾ ਰਹਿਣਾ ਪਵੇ।"[15]

ਜਿਸ ਖੋਜ ਦੀ ਬਦੌਲਤ ਇਹ ਕਿਤਾਬ ਹੋਂਦ 'ਚ ਆਈ ਉਸ ਦਾ ਆਗਾਜ਼ ਇਸ ਨੂੰ ਬਸਤੀਵਾਦ ਦੇ ਵਿਰੋਧ ਅਤੇ ਰਾਸ਼ਟਰਵਾਦ ਦੇ ਸਮੀਕਰਣ ਤੱਕ ਸੁੰਗੇੜ ਦੇਣ ਤੋਂ ਬਚਣ ਦੇ ਯਤਨਾਂ ਤੋਂ ਹੋਇਆ ਸੀ। ਇਸ ਪ੍ਰੋਜੈਕਟ ਦੀਆਂ, ਵਿਸ਼ਲੇਸ਼ਣਾਤਮਕ ਅਤੇ ਸਿਆਸੀ ਦੋਵੇਂ ਤਰ੍ਹਾਂ ਦੀਆਂ, ਅਣਗਿਣਤ ਸੀਮਤਾਈਆਂ ਦੇ ਹੁੰਦਿਆਂ ਵੀ ਮੈਨੂੰ ਉਮੀਦ ਸੀ ਕਿ ਬਸਤੀਵਾਦ ਦੇ

ਵਿਰੋਧ ਨੂੰ ਆਤਮਸਾਤ ਕਰਨ ਦੀਆਂ ਪਹਿਲੀਆਂ ਮਿਸਾਲਾਂ ਦੇ ਢੰਗਾਂ ਦੀ ਸ਼ਨਾਖ਼ਤ ਹੋ ਜਾਵੇਗੀ ਜੋ ਇਸ ਤੋਂ ਪਾਰ ਜਾਕੇ ਕੰਮ ਕਰਦੇ ਰਹੇ ਜਾਂ ਇਸ ਦੀ ਆਲੋਚਨਾ ਕਰਦੇ ਰਹੇ। ਅਤੇ ਜੋ ਇਕ ਮੁਕਤ ਸਮਾਜ ਦੀ ਐਸੀ ਬਦਲਵੀਂ ਦ੍ਰਿਸ਼ਟੀ ਪੇਸ਼ ਕਰਨ ਦੇ ਸਮਰੱਥ ਸਨ ਜੋ ਨਾ ਤਾਂ ਸਾਮਰਾਜਵਾਦ (ਅਤੇ ਓਰੀਐਂਟਲਿਜ਼ਮ) ਦੇ ਤਰਕ ਦਾ ਅਕਸ ਸੀ ਅਤੇ ਨਾ ਉਨ੍ਹਾਂ ਜ਼ਾਬਤਾਬੱਧ ਸੰਸਥਾਵਾਂ ਦੀ ਹੂ-ਬ-ਹੂ ਨਕਲ ਸੀ ਜੋ ਆਧੁਨਿਕ ਰਾਜ ਦਾ ਨਿਚੋੜ ਹਨ ਜਿਸ ਨਾਲ ਬਦੇਸ਼ੀ ਜਕੜ ਦੀ ਥਾਂ ਸਥਾਨਕ ਕੰਟਰੋਲ ਲੈ ਲਵੇਗਾ। ਦੂਜੇ ਪਾਸੇ, ਬਸਤੀਕਰਨ ਤੋਂ ਨਿਜ਼ਾਤ ਪਾਉਣ ਦੇ ਕੰਮ ਨੂੰ ਹੱਥ ਲੈਣ ਵਿਚ ਕੌਮੀ ਮੁਕਤੀ ਸੰਘਰਸ਼ ਦੀ ਇਤਿਹਾਸਕ ਖ਼ਾਸੀਅਤ ਅਤੇ ਭਾਵਨਾਤਮਕ ਤਾਕਤ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਫਿਰ ਵੀ ਜਿਵੇਂ ਕਿਰਤੀ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਦੇ ਇਨਕਲਾਬੀ ਭਲੀਭਾਂਤ ਜਾਣਦੇ ਸਨ, ਮਹਿਜ਼ ਆਜ਼ਾਦੀ 'ਤੇ ਰੋਕਾਂ ਲਾਉਣ ਵਾਲੀ ਤਾਕਤ ਦੀ ਖ਼ਿਲਾਫ਼ਤ ਕਰਨ ਵਾਲਾ ਸੰਘਰਸ਼ ਸੱਚਾ ਮੁਕਤੀ ਸੰਘਰਸ਼ ਨਹੀਂ ਹੈ ਸਗੋਂ ਸੱਚਾ ਸੰਘਰਸ਼ ਉਸ ਨੂੰ ਹਾਸਲ ਕਰਨ ਲਈ ਹੈ ਜੋ ਆਜ਼ਾਦੀ ਨੂੰ ਮੋਕਲਾ ਕਰਦਾ ਹੋਵੇ ਜਾਂ ਇਸ ਨੂੰ ਪੈਦਾ ਕਰਦਾ ਹੋਵੇ। ਬਦੇਸ਼ੀ ਰਾਜ ਨੂੰ ਦਬੱਲ ਦੇਣਾ ਇਕ ਚੀਜ਼ ਹੈ, ਆਜ਼ਾਦੀ ਤੋਂ ਪਿੱਛੋਂ ਵੱਧ ਤੋਂ ਵੱਧ ਹਕੀਕੀ ਆਜ਼ਾਦੀ, ਬਰਾਬਰੀ ਅਤੇ ਇਕਮੁੱਠਤਾ 'ਤੇ ਅਧਾਰਤ ਸਮਾਜੀ-ਆਰਥਕ ਅਤੇ ਸਿਆਸੀ ਪ੍ਰਬੰਧ ਨੂੰ ਅਮਲ 'ਚ ਲਿਆਉਣਾ ਪੂਰੀ ਤਰ੍ਹਾਂ ਵੱਖਰੀ ਚੀਜ਼ ਹੈ। ਹਕੀਕਤ 'ਚ ਆਜ਼ਾਦ ਸਮਾਜ ਕਿਹੋ ਜਿਹਾ ਹੁੰਦਾ ਹੈ ?

ਬਸਤੀਵਾਦੀ ਰਾਜ ਦੀ ਭਰਵੀਂ ਰੈਡੀਕਲ ਆਲੋਚਨਾ ਲਈ ਲਾਜ਼ਮੀ ਸੀ ਕਿ ਇਹ ਰਾਜ ਦੇ ਬਦੇਸ਼ੀ ਹੋਣ ਦੇ ਵਿਸ਼ਲੇਸ਼ਣ ਤੋਂ ਵਧਵੀਂ ਆਲੋਚਨਾ ਹੁੰਦੀ; ਰਾਜ ਦੇ ਢਾਂਚੇ ਅਤੇ ਕਿਰਦਾਰ ਬਾਰੇ ਪ੍ਰਤੀਕਰਮ ਵੀ ਜ਼ਰੂਰੀ ਸੀ। ਕਿਉਂਕਿ ਬਸਤੀਕਰਨ ਨੇ ਸੱਤਾ ਦੇ ਪੁਨਰਗਠਨ, ਨੌਕਰਸ਼ਾਹੀਕਰਨ ਅਤੇ ਤਕਨੀਕੀ-ਸਨਅਤੀ ਵਿਕਾਸ ਦੇ ਨਾਲ ਨਾਲ ਆਲਮੀ ਸਰਮਾਏਦਾਰੀ ਦੇ ਬੇਮਿਸਾਲ ਪਸਾਰ ਵਿਚ ਸ਼ਾਮਲ ਹੋਣ ਦੇ ਗੁੰਝਲਦਾਰ ਅਮਲ ਥੋਪ ਦਿੱਤੇ ਸਨ।[16]

ਜੇ ਯੂਰਪੀ ਦਖ਼ਲਅੰਦਾਜ਼ੀ ਨਾ ਹੁੰਦੀ ਤਾਂ ਆਧੁਨਿਕਤਾ ਦੇ ਕਿਹੜੇ ਬਦਲਵੇਂ ਰੂਪ ਉੱਭਰਦੇ, ਇਸ ਨੂੰ ਦਰਕਿਨਾਰ ਕਰਕੇ ਇਹ ਦੇਖਣਾ ਜ਼ਰੂਰੀ ਹੈ ਕਿ ਉਸ ਦਖ਼ਲਅੰਦਾਜ਼ੀ ਨਾਲ ਜੋ ਹਾਲਤ ਬਣੀ ਉਸ ਵਿਚ ਪਦਾਰਥਕ ਹਾਲਾਤ, ਸਮਾਜੀ ਅਸਥਿਰੀਕਰਨ ਅਤੇ ਆਧੁਨਿਕੀਕਰਨ ਦੇ ਅਮਲ ਨਾਲ ਜੁੜਕੇ ਆਰਥਕ ਕਾਇਆਪਲਟੀ ਦੇ ਅਮਲਾਂ ਨੂੰ ਬਸਤੀਕਰਨ ਦੀਆਂ ਬਰਕਤਾਂ ਮੰਨ ਲਿਆ ਗਿਆ ਸੀ। ਬਦੇਸ਼ਾਂ ਵਿਚਲੀ ਇਨਕਲਾਬੀ ਲਹਿਰ ਨੂੰ ਵੀਹਵੀਂ ਸਦੀ ਦੇ ਪਹਿਲੇ ਕੁਝ ਦਹਾਕਿਆਂ ਅੰਦਰ ਕੌਮਾਂਤਰੀ ਰੈਡੀਕਲਵਾਦ ਦੇ ਬਦਲਾਵਾਂ, ਰੁਝਾਨਾਂ ਅਤੇ ਧਾਰਾਵਾਂ ਨਾਲ ਜੋੜਕੇ ਇਸ ਨੂੰ ਸਹੀ ਪ੍ਰਸੰਗ 'ਚ ਰੱਖਕੇ ਦੇਖਦੇ ਹੋਏ ਅਸੀਂ ਹਿੰਦਸਤਾਨ ਦੇ ਆਜ਼ਾਦੀ ਦੇ ਸੰਘਰਸ਼ ਦੇ ਅੰਦਰ ਧੜਿਆਂ ਦੀ ਬਣਤਰ ਦੇ ਅਮਲ ਦੀ ਥਾਹ ਪਾ ਸਕਦੇ ਹਾਂ ਜੋ ਇਨ੍ਹਾਂ ਹਾਲਾਤ ਦੇ ਸੰਭਵ ਪ੍ਰਤੀਕਰਮ ਦੇ ਸਿਲਸਿਲੇ ਦਾ ਪ੍ਰਤੀਬਿੰਬ ਸੀ ਜਿਨ੍ਹਾਂ ਦਾ ਇਜ਼ਹਾਰ ਪੱਛਮੀ ਵਿਰੋਧੀ-ਧਿਰ ਦੀਆਂ ਲਹਿਰਾਂ ਅਤੇ ਆਲੋਚਨਾਤਮਕ ਵਿਰੋਧ ਅੰਦਰ ਹੋ ਰਿਹਾ ਸੀ, ਤਰ੍ਹਾਂ ਤਰ੍ਹਾਂ ਦੀ ਸਮਝੌਤੇਬਾਜ਼ੀ, ਆਪਣੇ ਵਿਚ ਸਮੋਅ ਲੈਣ, ਸੰਸਲੇਸ਼ਣ, ਅਨੁਭਵਾਂ ਤੋਂ ਪਾਰ ਜਾਣ, ਵਿਰੋਧ ਅਤੇ ਖਾਰਜ ਕਰ ਦੇਣ ਦੇ ਅਮਲਾਂ ਸਮੇਤ।

## ਬਸਤੀਵਾਦ ਦੇ ਵਿਰੋਧ ਦੇ ਤਿੰਨ ਪ੍ਰਵਚਨ

ਬਸਤੀਵਾਦ ਵਿਰੋਧੀ ਜੋ ਸੰਘਰਸ਼ ਇਸ ਆਲਮੀ ਉੱਥਲ-ਪੁੱਥਲ ਵਾਲੇ ਦੌਰ (1905-1930) ਦੌਰਾਨ ਰਾਸ਼ਟਰਵਾਦ ਤੋਂ ਪਾਰ ਜਾਕੇ ਚੱਲਦਾ ਰਿਹਾ ਉਸ ਬਾਰੇ ਧਾਰਨਾ ਬਣਾਉਣ ਦੇ

ਢੰਗਾਂ ਦੀ ਮੇਰੀ ਖੋਜ ਅੰਦਰ ਇਸ ਪ੍ਰਬੰਧ ਦੇ ਖ਼ਿਲਾਫ਼ ਦੋ ਵੱਡੀਆਂ ਲਹਿਰਾਂ ਪੱਛਮੀ ਸਾਮਰਾਜਵਾਦ ਦੇ ਵਿਰੋਧ ਅਤੇ ਆਧੁਨਿਕ ਸਰਮਾਏਦਾਰਾਨਾ ਸਮਾਜ ਦੀ ਪੜਚੋਲ ਦੇ ਪਰਾਕੌਮੀ ਵਾਹਨਾਂ ਦੇ ਰੂਪ 'ਚ ਉੱਘੜਵੀਂਆਂ ਹਨ ਜੋ ਹਿੰਦੁਸਤਾਨੀ ਰੈਡੀਕਲਾਂ ਅੱਗੇ ਵੱਖ-ਵੱਖ ਰੂਪਾਂ 'ਚ ਮੌਜੂਦ ਸਨ। ਇਹ ਸਨ ਸਮਾਜਵਾਦ ਅਤੇ ਸਰਬ-ਇਸਲਾਮਵਾਦ। ਫਿਰ ਵੀ ਇਨ੍ਹਾਂ ਗੁੰਝਲਦਾਰ, ਬਹੁਪਰਤੀ ਲਕਬਾਂ ਵਿੱਚੋਂ ਕਿਸੇ ਨੂੰ ਵੀ ਪ੍ਰੀਭਾਸ਼ਤ ਕਰਨ ਦਾ ਯਤਨ ਉਸੇ ਤਰ੍ਹਾਂ ਵਿਰੋਧਤਾਈਆਂ ਅਤੇ ਵਿਰੋਧੀ ਮਿਸਾਲਾਂ ਨਾਲ ਭਰਿਆ ਹੋਇਆ ਹੈ ਜਿਵੇਂ ਰਾਸ਼ਟਰਵਾਦ ਦੇ ਮਾਮਲੇ 'ਚ ਹੈ।

ਜੇ ਅਸੀਂ ਇਨ੍ਹਾਂ ਤਿੰਨਾਂ ਹੀ "ਵਾਦਾਂ" ਨੂੰ ਵਿਚਾਰਧਾਰਕ ਇਕਹਿਰੇਪਣ ਦੀ ਬਜਾਏ ਵੰਨਸੁਵੰਨਤਾ ਵਾਲੇ ਪ੍ਰਵਚਨਾਂ[17] ਦੀ ਪਹੁੰਚ ਨਾਲ ਦੇਖੀਏ ਅਸੀਂ ਇਨ੍ਹਾਂ ਵਿੱਚੋਂ ਹਰੇਕ ਵਿਚ ਉਨ੍ਹਾਂ ਬਹਿਸਾਂ ਬਾਰੇ ਪੁਜੀਸ਼ਨਾਂ ਦਾ ਇਕਸਮਾਨ ਸਿਲਸਿਲਾ ਬੁੱਝ ਸਕਦੇ ਹਾਂ ਜੋ ਇਸ ਬਾਰੇ ਓਦੋਂ ਚੱਲ ਰਹੀਆਂ ਸਨ ਕਿ ਆਧੁਨਿਕਤਾ ਨਾਲ ਟੱਕਰ ਨੂੰ ਕਿਵੇਂ ਹੁੰਗਾਰਾ ਦਿੱਤਾ ਜਾਵੇ—ਗਿਆਨ-ਉਦੈ ਤਰਕਸ਼ੀਲਤਾ (Enlightenment rationalism) ਨੂੰ ਪ੍ਰਵਾਨ ਕਰਕੇ ਜਾਂ ਇਸ ਦੇ ਵਿਰੋਧੀ ਵੱਖੋ-ਵੱਖਰੇ ਵਿਚਾਰਾਂ ਨੂੰ ਅਪਣਾਕੇ, ਚਾਹੇ ਇਨ੍ਹਾਂ ਨੂੰ ਰੂਹਾਨੀ, ਰਹੱਸਵਾਦੀ, ਸਰਵਖੰਡਨਵਾਦੀ, ਮਿਲੀਨੇਰੀਅਨ (*ਹਜ਼ਰਤ ਈਸਾ ਦੀ ਹਜ਼ਾਰ ਸਾਲ ਹਕੂਮਤ ਦੀ ਕਲਪਨਾ ਵਿਚ ਵਿਸ਼ਵਾਸ ਰੱਖਣ ਵਾਲੇ – ਅਨੁਵਾਦਕ*) ਵਜੋਂ ਪ੍ਰੀਭਾਸ਼ਤ ਕੀਤਾ ਗਿਆ ਹੋਵੇ ਜਾਂ ਰੋਮਾਂਸਵਾਦੀ ਵਜੋਂ।

ਖੱਬੇਪੱਖੀਆਂ, ਰਾਸ਼ਟਰਵਾਦੀਆਂ ਅਤੇ ਧਾਰਮਿਕ ਹੁੰਗਾਰਿਆਂ ਤੋਂ ਪਾਰ ਜਾ ਕੇ, ਤਰਕਸ਼ੀਲਤਾ ਇਨਕਲਾਬ ਦੇ ਬੌਧਿਕ ਇਤਿਹਾਸ ਵਿਚ ਇਕ ਅਹਿਮ ਧੁਰਾ ਬਣਦੀ ਹੈ। ਭਾਵੇਂ ਇਹ ਗਿਆਨ-ਸ਼ਾਸਤਰੀ ਧੁਰਾ ਉਨ੍ਹਾਂ ਦੀ ਥਾਂ ਨਹੀਂ ਲੈਂਦਾ ਜਿਨ੍ਹਾਂ ਦਾ ਅਧਾਰ ਪਦਾਰਥਕ ਆਰਥਕ ਜਾਂ ਸਿਆਸੀ ਢਾਂਚਿਆਂ ਦੇ ਅੰਦਰ ਹੈ, ਫਿਰ ਵੀ ਵਿਰੋਧ ਦੇ ਉਨ੍ਹਾਂ ਢੰਗਾਂ ਨੂੰ ਧਿਆਨ 'ਚ ਰੱਖਣਾ, ਜਿਨ੍ਹਾਂ ਨੂੰ "ਗਿਆਨ-ਉਦੈ ਤੋਂ ਪਿੱਛੋਂ ਦੇ ਤਰਕਸ਼ੀਲ ਚੌਖਟੇ ਨਾਲ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ"[18], ਅਤੇ ਫਿਰ ਇਹ ਮੰਨਣਾ ਜ਼ਰੂਰੀ ਹੈ ਕਿ ਅਜਿਹੇ ਢੰਗਾਂ ਤੇ ਧਾਰਮਿਕ ਲਹਿਰਾਂ ਨੂੰ ਪੂਰੀ ਤਰ੍ਹਾਂ ਮਿਲਦੀ-ਜੁਲਦੀ ਚੀਜ਼ ਨਹੀਂ ਮੰਨਿਆ ਜਾ ਸਕਦਾ; ਸਗੋਂ, ਰਹੱਸਵਾਦੀ/ਰੋਮਾਂਚਕ ਜਾਂ ਉਦਾਰਵਾਦ ਵਿਰੋਧੀ ਵਿਧੀਆਂ ਉਨ੍ਹਾਂ ਵਿਧੀਆਂ ਦੇ ਨਾਲ-ਨਾਲ ਇਨ੍ਹਾਂ ਤਿੰਨਾਂ ਹੀ ਪ੍ਰਵਚਨਾਂ ਵਿਚ ਪਾਈਆਂ ਜਾਂਦੀਆਂ ਹਨ ਜੋ ਇਕ ਤਰਕਸ਼ੀਲ, ਪਦਾਰਥਕ ਹਿੱਤ ਅਧਾਰਤ ਵਿਸ਼ਲੇਸ਼ਣ ਵਿਚ ਜ਼ਾਹਰਾ ਨਜ਼ਰ ਆਉਂਦੀਆਂ ਹਨ, ਚਾਹੇ ਇਹ ਉਦਾਰਵਾਦੀ ਹੋਵੇ ਜਾਂ ਸਮਾਜਵਾਦੀ ਸੇਧ ਵਾਲਾ। ਮੈਨੂੰ ਸ਼ੱਕ ਹੈ ਕਿ ਹਕੀਕਤ ਵਿਚ ਦੋਵੇਂ ਹੀ ਵਿਧੀਆਂ ਤਕਰੀਬਨ ਹਮੇਸ਼ਾ ਨਾਲੋ-ਨਾਲ ਕੰਮ ਕਰ ਰਹੀਆਂ ਹੋ ਸਕਦੀਆਂ ਹਨ, ਅਤੇ ਹਰ ਮਾਮਲੇ ਵਿਚ ਇਹ ਬਸ ਮੁਕਾਬਲਤਨ ਤਨਾਸਬ ਦਾ ਮਾਮਲਾ ਹੀ ਹੈ। ਗ਼ਦਰ ਅਤੇ ਇਸ ਦੇ ਸਮਰੂਪਾਂ ਵਿਚ ਨਿਸ਼ਚੇ ਹੀ ਦੋਵਾਂ ਦੇ ਅੰਸ਼ ਮੌਜੂਦ ਸਨ।

ਅਜਿਹੇ ਢੰਗ ਨਾਲ (ਭਾਵ ਰਾਸ਼ਟਰਵਾਦੀ, ਖੱਬੀਆਂ ਅਤੇ ਇਸਲਾਮਵਾਦੀ ਵਿਧੀਆਂ ਨੂੰ ਲੈਂਦੇ ਹੋਏ) ਹਰੇਕ ਨੂੰ ਇਕ ਪ੍ਰਵਚਨ ਜਾਂ ਲਚਕੀਲੇ ਮੁਹਾਵਰੇ ਵਜੋਂ ਲੈ ਕੇ ਜਿਸ ਵਿਚ ਵੱਖੋ-ਵੱਖਰੇ ਵਿਚਾਰਧਾਰਕ ਕਥਨ ਪੇਸ਼ ਕੀਤੇ ਜਾ ਸਕਦੇ ਹੋਣ, ਅਤੇ ਇਕਹਿਰੀ ਵਿਚਾਰਧਾਰਾ ਦੀ ਬਜਾਏ ਬਹੁਤ ਸਾਰੀਆਂ ਸਿਆਸੀ ਅਤੇ ਦਾਰਸ਼ਨਿਕ ਪੁਜੀਸ਼ਨਾਂ ਲਈਆਂ ਜਾ ਸਕਦੀਆਂ ਹੋਣ – ਇਸ ਦੌਰ ਵਿਚ ਤਿੰਨਾਂ ਲਹਿਰਾਂ ਦੇ ਆਦਾਨ-ਪ੍ਰਦਾਨ ਦਾ ਇਨ੍ਹਾਂ ਅੰਦਰ ਇਕਸਮਾਨ ਵਿਚਾਰਾਂ, ਨਿਸ਼ਾਨਿਆਂ ਅਤੇ ਰੀਝਾਂ ਦੀ ਅਦਲਾ-ਬਦਲੀ ਦੇ ਤੌਰ 'ਤੇ ਵਿਸ਼ਲੇਸ਼ਣ ਦਾ ਚੌਖਟਾ ਮੁੜ ਬਣਾਇਆ ਜਾ ਸਕਦਾ ਹੈ। ਗ਼ਦਰੀ ਤਾਣਾਬਾਣਾ, ਆਪਣੇ ਵੱਖੋ-ਵੱਖਰੇ ਗੱਠਜੋੜਾਂ ਅਤੇ ਪਾਲਾਬੰਦੀਆਂ ਜ਼ਰੀਏ ਉਨ੍ਹਾਂ ਸਾਰਿਆਂ ਨੂੰ ਆਪਣੇ ਅੰਦਰ ਸਮੋਣ ਦੇ ਸਮਰੱਥ ਸੀ ਜੋ ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਵੀ ਮੁਹਾਵਰੇ 'ਚ ਇਸੇ ਤਰ੍ਹਾਂ ਦੇ ਸੁਰ ਅਲਾਪ ਰਹੇ ਸਨ – ਭਾਵ ਸਾਮਰਾਜਵਾਦ

ਵਿਰੋਧੀ ਖਾੜਕੂਪਣ, ਆਰਥਕ ਬਰਾਬਰਤਾਵਾਦ ਅਤੇ ਸਮਾਜੀ ਮੁਕਤੀ ਦੀ ਬਿਆਨਬਾਜ਼ੀ।

## ਬਦਲਾਅ-ਯੋਗਤਾ ਦੀਆਂ ਸੀਮਾਵਾਂ

ਵੱਖੋ-ਵੱਖਰੇ "ਅਰਥਵਿਗਿਆਨਕ ਖੇਤਰਾਂ" ਅੰਦਰਲੇ ਵਿਹਾਰਕ ਤੌਰ 'ਤੇ ਤੁਲਨਾਤਮਕ ਕਥਨਾਂ ਨੂੰ ਬੁੱਝਣ ਲਈ, ਇਕ ਵਿਹਾਰਕ ਸਿਧਾਂਤਕਾਰ ਨੂੰ ਲਾਜ਼ਮੀ ਹੀ ਰੂਪ ਦੇ ਹੇਠਲੇ ਤੱਤ, ਮੁਹਾਵਰੇ ਦੇ ਮਨਸ਼ੇ, ਮਸਲੇ ਦੇ ਪਿੱਛੇ ਮੌਜੂਦ ਵਿਸ਼ੇ ਨੂੰ ਦੇਖਣਾ ਚਾਹੀਦਾ ਹੈ।[19] ਵੱਧ ਸਿੱਧੇ ਤੌਰ 'ਤੇ ਕਹਿਣਾ ਹੋਵੇ, ਅਜਿਹਾ ਕਰਨ ਵਾਲੇ ਨੂੰ ਇਹ ਸਵਾਲ ਲਾਜ਼ਮੀ ਉਠਾਉਣਾ ਚਾਹੀਦਾ ਹੈ ਕਿ ਕੀ ਸਾਰੇ ਗੱਠਜੋੜ ਅਤੇ ਸਾਂਝਾਂ ਲਾਜ਼ਮੀ ਤੌਰ 'ਤੇ ਆਰਜ਼ੀ, ਸਿਰਫ਼ ਨਾਂਹਪੱਖੀ ਲਕਬਾਂ 'ਤੇ ਅਧਾਰਤ ਹਨ; ਕੀ ਸਾਂਝਾ ਵਿਰੋਧ ਉਨ੍ਹਾਂ ਦਾ ਸਾਂਝਾ ਫ਼ੌਰੀ ਨਿਸ਼ਾਨਾ ਹੈ ? ਪਰ ਕੀ ਇਹ ਕਾਫ਼ੀ ਹੈ ? ਬਹੁਪਰਤੀ ਮੁਤਬਾਦਲ ਦ੍ਰਿਸ਼ਟੀਆਂ ਦੇ ਹਾਂਪੱਖੀ ਲਕਬਾਂ ਦਰਮਿਆਨ ਕਿੰਨਾ ਕੁ ਮੇਲ ਜ਼ਰੂਰੀ ਹੈ ਜਿਸ ਨਾਲ ਇਨ੍ਹਾਂ ਦ੍ਰਿਸ਼ਟੀਆਂ ਦੇ ਧਾਰਨੀ ਵਿਰੋਧ ਤੋਂ ਉੱਪਰ ਉੱਠਕੇ ਮਿਲਕੇ ਕੰਮ ਕਰ ਸਕਣ ? ਕਿਹੜੇ ਮੱਤਭੇਦ ਮਿਲਦੇ-ਜੁਲਦੇ ਤੇ ਸਤੱਹੀ ਹਨ ਅਤੇ ਕਿਹੜੇ ਵਾਸਤਵਿਕ ਤੇ ਨਿਖੇਧਾਤਮਕ ਹਨ ?

ਇਕ 'ਵਾਦ' ਨੂੰ ਪ੍ਰੀਭਾਸ਼ਤ ਕਰਦਿਆਂ ਕੁਝ ਘਚੋਲਾ ਤਾਂ ਮਹਿਜ਼ ਉਸ ਵਧੇਰੇ ਭਾਰੂ ਜਾਂ ਪ੍ਰਮਾਣਿਕ ਕਥਨ (ਜਾਂ ਕਿਸੇ ਦੀ ਤਰਜ਼ੀਹੀ ਪੇਸ਼ਕਾਰੀ, ਚਾਹੇ ਇਹ ਭਾਰੂ ਹੋਵੇ ਜਾਂ ਨਾ) ਨੂੰ ਹੀ ਸਮੁੱਚਾ ਪ੍ਰਵਚਨ ਮੰਨ ਲੈਣ ਕਰਕੇ ਖੜ੍ਹਾ ਹੋ ਜਾਂਦਾ ਹੈ ਜਿਸ ਨੂੰ ਬਿਆਨ ਕਰਨ ਲਈ ਉਸ ਦੀ ਵਰਤੋਂ ਕੀਤੀ ਗਈ ਹੁੰਦੀ ਹੈ। ਇਹੀ ਰੁਚੀ ਕਈ ਕੱਟੜ ਵਿਆਖਿਆਕਾਰਾਂ ਵਲੋਂ ਦੂਜੇ ਪ੍ਰਵਚਨ ਨਾਲ ਕਿਸੇ ਤਰ੍ਹਾਂ ਦੇ ਮਿਲਾਪ ਜਾਂ ਮੇਲ ਖਾਂਦੇ ਹੋਣ ਦੀ ਸੰਭਾਵਨਾ ਤੋਂ ਇਨਕਾਰੀ ਹੋਣ ਦੇ ਪਿੱਛੇ ਵੀ ਮੌਜੂਦ ਹੁੰਦੀ ਹੈ। ਇੱਥੋਂ ਤੱਕ ਕਿ ਉਨ੍ਹਾਂ ਵੱਖਰੇ ਵਿਚਾਰ ਰੱਖਣ ਵਾਲਿਆਂ 'ਚ ਵੀ ਇਹ ਰੁਚੀ ਹੁੰਦੀ ਹੈ ਜੋ ਉਂਵ ਆਪਣੇ ਹੀ ਪ੍ਰਵਚਨ ਦਾ ਹਿੱਸਾ ਹੋਣ ਦੇ ਦਾਅਵੇਦਾਰ ਹੁੰਦੇ ਹਨ। ਜੇ *ੳ* ਅਤੇ *ਅ* ਨੂੰ ਸਿਰਫ਼ ਉਨ੍ਹਾਂ ਦੇ ਸਭ ਤੋਂ ਖ਼ਾਲਸ ਅਤੇ ਇਕਦੇਹ ਰੂਪ ਵਿਚ ਹੀ *ੳ* ਅਤੇ *ਅ* ਵਜੋਂ ਪ੍ਰੀਭਾਸ਼ਤ ਕੀਤਾ ਜਾ ਸਕਦਾ ਹੈ, ਫਿਰ ਸੱਚੀਓਂ ਹੀ ਉਨ੍ਹਾਂ ਦਾ ਕੋਈ ਸਾਂਝਾ ਅਧਾਰ, ਕੋਈ ਸੰਭਵ ਮੇਲ-ਮਿਲਾਪ ਨਹੀਂ ਹੈ; *ੳ* ਅਤੇ *ਅ* ਦੇ ਮਾਇਨਿਆਂ ਦੀ ਕਤਾਰਬੰਦੀ ਹੋ ਜਾਂਦੀ ਹੈ। ਪਰ ਮੈਂ ਤਾਂ ਇਹ ਅੰਦਾਜ਼ਾ ਲਗਾਵਾਂਗੀ ਕਿ ਉਹ ਕਿਹੜੀਆਂ ਤਣੀਆਂ ਹਨ ਜੋ ਅਕਸਰ ਹੀ ਆਪਣੀਆਂ ਵੰਨਗੀਆਂ ਦੀਆਂ ਹੱਦਾਂ ਤੋਂ ਪਾਰ ਇਕ ਦੂਜੇ ਨਾਲ ਬਹੁਤ ਕਾਮਯਾਬੀ ਨਾਲ ਗੁੰਦੀਆਂ ਜਾ ਸਕਦੀਆਂ ਹਨ, ਦੋਵੇਂ ਪਾਸੇ ਉਨ੍ਹਾਂ ਦੇ ਵੱਖਰੇ ਖ਼ਿਆਲ ਜਾਂ ਭਾਰੂ ਤੋਂ ਵੱਖਰੇ ਖ਼ਿਆਲ ਹੋਣ ਦੀ ਸੰਭਾਵਨਾ ਹੁੰਦੀ ਹੈ, ਉਹ ਤੰਦਾਂ ਜੋ ਖ਼ਾਸ ਮੱਤ ਦੀ ਪਹੁੰਚ ਤੋਂ ਬਾਹਰ ਕੰਢਿਆਂ ਦੇ ਪਾਰ ਖਿੰਡੀਆਂ-ਫੈਲੀਆਂ ਹੁੰਦੀਆਂ ਹਨ, ਜਦਕਿ ਅਜੇ ਵੀ ਉਹ ਉਸੇ ਤਾਣੇ ਦਾ ਹਿੱਸਾ ਹੀ ਮੰਨੀਆਂ ਜਾਂਦੀਆਂ ਹਨ।[20]

ਐਪਰ ਇਕ ਚੇਤਾਵਨੀ ਜ਼ਰੂਰ ਹੈ: ਲਿਹਾਜ਼ਾ ਮੈਂ ਇਹ ਸੁਝਾਅ ਨਹੀਂ ਦੇ ਰਹੀ ਕਿ ਸਾਰੇ ਪ੍ਰਵਚਨ ਐਸੀ ਚੀਜ਼ ਸਨ ਜਿਨ੍ਹਾਂ ਨੂੰ ਬਦਲ-ਬਦਲਕੇ ਇਸਤੇਮਾਲ ਕੀਤਾ ਜਾ ਸਕਦਾ ਸੀ। ਜਾਂ ਇਹ ਵੀ ਨਹੀਂ ਕਿ ਹਰ ਸਿਲਸਿਲੇ ਦੇ ਮਾਪਦੰਡ ਇਕ-ਸਮਾਨ ਸਨ। ਫਿਰ ਵੀ ਉਨ੍ਹਾਂ ਦੀਆਂ ਸਾਂਝੀਆਂ ਤੰਦਾਂ ਵੱਖ-ਵੱਖ ਰੰਗਤ ਅਤੇ ਨਮੂਨਿਆਂ ਦੇ ਤਾਣੇ ਨਾਲ ਬੁਣੀਆਂ ਹੋਈਆਂ ਸਨ। ਇਸ ਤੋਂ ਬਿਨਾ, ਆਪਣੇ ਹਾਸਲ ਸ਼ਬਦ-ਭੰਡਾਰ ਜਾਂ ਧਾਰਨਾਵਾਂ ਦੇ ਖਜ਼ਾਨੇ ਨਾਲ ਲੈਸ ਹਰ ਜ਼ਬਾਨ ਜਿਸ ਸਭ ਤੋਂ ਸਿੱਧੇ ਇਜ਼ਹਾਰ ਲਈ ਵਰਤੀ ਜਾਂਦੀ ਹੈ, ਅਤੇ ਜਿਸ ਦੇ ਲਈ ਵਧੇਰੇ ਗੁੰਝਲਦਾਰ ਗੋਲਮੋਲ ਸ਼ਬਦਾਵਲੀ ਦਰਕਾਰ ਹੁੰਦੀ ਹੈ ਉਸ ਸਬੰਧ 'ਚ ਉਹ ਆਪਣੀਆਂ ਸੀਮਤਾਈਆਂ ਅਤੇ ਰੁਚੀਆਂ ਵੀ ਥੋਪਦੀ ਹੈ। ਹਾਲਾਂਕਿ ਹਰ ਜ਼ਬਾਨ ਬਹੁਗੁਣੀ ਹੁੰਦੀ ਹੈ, ਫਿਰ ਵੀ ਐਸੇ ਨੁਕਤੇ ਹੋ ਹੀ ਸਕਦੇ ਹਨ ਜਿੱਥੇ ਸ਼ਬਦ ਉਧਾਰ ਲੈਣੇ ਜਾਂ ਕਿਸੇ ਹੋਰ ਜ਼ਬਾਨ ਦਾ ਸਹਾਰਾ ਲੈਣਾ ਇਸ ਲਈ

ਮੁਨਾਸਬ ਹੋਵੇ ਜੋ ਉਨ੍ਹਾਂ ਧਾਰਨਾਵਾਂ ਜਾਂ ਸ਼ਬਦ-ਰਚਨਾ ਲਈ ਵਧੇਰੇ ਢੁੱਕਵੇਂ ਹੋਣ ਜਿਨ੍ਹਾਂ ਨੂੰ ਪ੍ਰਗਟਾਉਣ ਦਾ ਯਤਨ ਕੀਤਾ ਜਾ ਰਿਹਾ ਹੈ।

ਫਿਰ ਵੀ, ਜੇ ਜ਼ੋਰ ਸੰਪਰਕਾਂ ਅਤੇ ਗੱਠਜੋੜਾਂ, ਵੱਖੋ-ਵੱਖਰੇ ਵਿਚਾਰਧਾਰਕ ਤਾਣਿਆਂ ਦੇ ਜੋੜਾਂ ਅਤੇ ਉਨ੍ਹਾਂ ਦੇ ਮੁਹਾਵਰਿਆਂ ਦਰਮਿਆਨ ਬਦਲਾਅ-ਯੋਗਤਾ ਦੇ ਨੁਕਤਿਆਂ ਉੱਪਰ ਹੈ, ਫਿਰ ਅਸੀਂ ਇਹ ਸਵਾਲ ਨਹੀਂ ਕਰ ਸਕਦੇ ਕਿ ਕੋਈ ਰਾਸ਼ਟਰਵਾਦੀ ਕੀ ਕਹਿੰਦਾ ਹੈ ਜਾਂ ਕੀ ਨਹੀਂ ਕਹਿੰਦਾ, ਸਗੋਂ ਦੇਖਣਾ ਇਹ ਹੁੰਦਾ ਹੈ ਕਿ ਰਾਸ਼ਟਰਵਾਦ ਦੇ ਤਰਕ ਅਨੁਸਾਰ ਉਸ ਮੁਹਾਵਰੇ ਵਿਚ ਕੀ ਕਿਹਾ ਅਤੇ ਕੀ ਕੀਤਾ ਜਾ ਰਿਹਾ ਹੈ; ਇਹ ਨਹੀਂ ਕਿ ਇਕ ਸਮਾਜਵਾਦੀ ਜਾਂ ਸਰਬ-ਇਸਲਾਮਵਾਦੀ ਕੀ ਕਹਿੰਦਾ ਹੈ, ਸਗੋਂ ਕਿਸ ਤਰ੍ਹਾਂ ਦਾ ਸਮਾਜਵਾਦ ਅਤੇ ਕਿਸ ਤਰ੍ਹਾਂ ਦਾ ਸਰਬ-ਇਸਲਾਮਵਾਦ ਵਿਹਾਰਕ ਹੈ। ਇਸ ਸੰਬੰਧ 'ਚ, ਫਿਰ ਸਵਾਲ ਇਹ ਬਣਦਾ ਹੈ ਕਿ ਗ਼ਦਰੀ ਕਿਸ ਤਰ੍ਹਾਂ ਦੇ ਰਾਸ਼ਟਰਵਾਦੀਆਂ, ਖੱਬੇਪੱਖੀਆਂ ਅਤੇ ਇਸਲਾਮਵਾਦੀਆਂ ਨਾਲ, ਕਿਨ੍ਹਾਂ ਹਾਲਾਤ 'ਚ ਅਤੇ ਹਰ ਤਾਣੇਬਾਣੇ ਦੇ ਕਿਹੜੇ ਨੁਕਤਿਆਂ ਉੱਪਰ ਸਾਂਝੇ ਜੋੜਾਂ ਰਾਹੀਂ ਕਿਨ੍ਹਾਂ ਸਾਂਝੇ ਵਿਸ਼ੇਸ਼ ਗੁਣਾਂ ਜਾਂ ਸਾਂਝੇ ਤੱਤਾਂ ਉੱਪਰ ਸਾਰਥਕ ਆਦਾਨ-ਪ੍ਰਦਾਨ 'ਚ ਜੁਟੇ ਹੋਏ ਸਨ। ਅਤੇ ਬਸਤੀਵਾਦ ਦੀ ਖ਼ਿਲਾਫ਼ਤ ਕਰਨ ਵਾਲੇ ਇਹ ਹਿੰਦੁਸਤਾਨੀ ਉਸ ਵਕਤ ਦੇ ਕੌਮਾਂਤਰੀ ਰੈਡੀਕਲਵਾਦ ਦੇ ਪ੍ਰਸੰਗ ਵਿਚ ਸਹੀ ਸਹੀ ਕਿਸ ਖ਼ਾਸ ਹਾਲਤ ਵਿਚ ਮੌਜੂਦ ਸਨ।

## ਰਿਵਾਜ

ਆਖ਼ਿਰ 'ਚ, ਵਿਚਾਰਧਾਰਾ ਅਤੇ ਪ੍ਰਵਚਨ ਦੀ ਇਸ ਕੁਲ ਚਰਚਾ ਦੇ ਬਾਵਜੂਦ, ਇਸ ਲਿਖਤ ਦਾ ਆਸ਼ਾ ਇਕ ਅਮੂਰਤ ਦਾਰਸ਼ਨਿਕ ਮਸ਼ਕ ਕਰਨਾ ਨਹੀਂ ਹੈ। ਸਗੋਂ, ਬੌਧਿਕ ਇਤਿਹਾਸ ਪ੍ਰਤੀ ਮੇਰੀ ਪਹੁੰਚ ਜ਼ਿਆਦਾਤਰ ਉਸੇ ਤਰ੍ਹਾਂ ਦੀ ਹੈ ਜੋ ਇਸਰਾਇਲ ਗਰਸ਼ੋਨੀ ਅਤੇ ਜੇਮਜ਼ ਜੈਂਕੋਵਸਕੀ ਨੇ ਮਿਸਰੀ ਰਾਸ਼ਟਰਵਾਦ ਬਾਰੇ ਆਪਣੀ 1986 'ਚ ਲਿਖੀ ਕਿਤਾਬ ਦੀ ਆਦਿਕਾ ਵਿਚ ਬਿਆਨ ਕੀਤੀ ਸੀ। "ਅੰਦਰੂਨੀ" ਅਤੇ "ਬਾਹਰੀ" ਪਹੁੰਚਾਂ ਨੂੰ ਮੇਲਦੇ ਹੋਏ ਲੇਖਕ ਵਿਆਖਿਆ ਕਰਦੇ ਹਨ: "ਇਹ ਲਿਖਤ ਇਤਿਹਾਸਕ ਛਾਣਬੀਣ ਬਾਰੇ ਬਹੁਤ ਸਾਰੀਆਂ ਮਨੌਤਾਂ 'ਤੇ ਅਧਾਰਤ ਹੈ। ਸ਼ਾਇਦ ਇਨ੍ਹਾਂ ਵਿੱਚੋਂ ਸਭ ਤੋਂ ਬੁਨਿਆਦੀ ਇਹ ਹੈ ਕਿ ਇਕ ਸਮਾਜ ਦੀ ਬੌਧਿਕ ਜ਼ਿੰਦਗੀ ਅਤੇ ਇਸ ਦੇ ਸਿਆਸੀ ਵਿਕਾਸ ਦਰਮਿਆਨ ਅਹਿਮ ਅੰਤਰ-ਸੰਬੰਧ ਹੁੰਦੇ ਹਨ। ਇਕ ਉਚਿਤ ਸਮਝ .... ਮੰਗ ਕਰਦੀ ਹੈ ਕਿ ਦੁਨੀਆ ਦੇ ਖ਼ਿਆਲਾਂ ਅਤੇ ਦੁਨੀਆ ਅੰਦਰਲੇ ਵਤੀਰੇ ਦਰਮਿਆਨ ਗੁੰਝਲਦਾਰ ਸੰਬੰਧਾਂ ਵੱਲ ਤਵੱਜੋਂ ਦਿੱਤੀ ਜਾਵੇ।"[21] ਇੰਞ ਉਨ੍ਹਾਂ ਦੀ ਤਰ੍ਹਾਂ ਹੀ ਮੇਰੀ ਲਿਖਤ ਇਥੇ ਰਿਵਾਜ ਨਾਲ ਸਰੋਕਾਰ ਰੱਖਦੀ ਹੈ; ਭਾਵ ਅਲੱਗ-ਥਲੱਗ ਹਾਲਤ 'ਚ ਸਿਧਾਂਤ ਨਾਲ ਨਹੀਂ ਸਗੋਂ ਉਸ ਢੰਗ ਨਾਲ ਕਿ ਖ਼ਿਆਲ ਇਤਿਹਾਸਕ ਪ੍ਰਸੰਗ ਦੇ ਅੰਦਰ ਪੈਦਾ ਹੁੰਦੇ ਹਨ ਅਤੇ ਇਤਿਹਾਸਕ ਬਦਲਾਅ ਲਿਆਉਣ 'ਚ ਅਸਲ ਕਿਰਦਾਰ ਨਿਭਾਉਂਦੇ ਹਨ।

ਇਸ ਤੋਂ ਬਿਨਾ, ਇਹ ਲਿਖਤ ਉਨ੍ਹਾਂ ਲੋਕਾਂ ਦਾ ਬਿਰਤਾਂਤ ਹੈ ਜੋ ਇਸੇ ਤਰ੍ਹਾਂ ਸੋਚਦੇ ਸਨ। ਗ਼ਦਰੀ ਕੱਟੜਪੰਥੀ ਨਹੀਂ ਵਿਹਾਰਵਾਦੀ ਸਨ; ਸਭ ਤੋਂ ਵੱਧ ਉਹ ਕਾਰਕੁੰਨ ਸਨ, ਨਾ ਕਿ ਅਰਾਮ ਕੁਰਸੀਆਂ 'ਤੇ ਬੈਠਣ ਵਾਲੇ ਸਿਲਸਿਲੇਵਾਰ ਸਿਧਾਂਤਕਾਰ। ਸਭ ਤੋਂ ਵੱਧ, ਜਿਵੇਂ ਰਤਨ ਸਿੰਘ ਨੇ ਇਸ ਨੂੰ ਚੇਤੇ ਕਰਦਿਆਂ ਲਿਖਿਆ, "ਗ਼ਦਰ ਪਾਰਟੀ ਵਲੋਂ ਚੁੱਕਿਆ ਹਰ ਕਦਮ ਵਿਹਾਰਕ ਰਿਹਾ ਹੈ ਅਤੇ ਇਸ ਦਾ ਮਨੋਰਥ ਕਾਰਵਾਈ ਰਿਹਾ ਹੈ। ਇਸ ਦੇ ਪਾਏ ਮਤੇ ਕਦੇ ਵੀ ਕਾਗਜ਼ਾਂ ਦਾ ਸ਼ਿੰਗਾਰ ਨਹੀਂ ਬਣੇ; ਇਨ੍ਹਾਂ ਨੂੰ ਹਮੇਸ਼ਾ ਅਮਲੀ ਰੂਪ ਦਿੱਤਾ ਜਾਂਦਾ ਰਿਹਾ ਹੈ।"[22] ਸੱਚੀਓਂ ਹੀ, ਰੈਡੀਕਲਵਾਦ ਆਪ ਉਸੇ ਤਰ੍ਹਾਂ ਹੀ ਆਦਰਸ਼ਾਂ ਨੂੰ ਹਕੀਕਤ ਵਿਚ ਸਾਕਾਰ ਕਰਦਿਆਂ ਅਤੇ

ਇਨ੍ਹਾਂ ਨੂੰ ਸਮਾਜੀ ਰੂਪ ਦਿੰਦਿਆਂ ਇਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਵਚਨਬਧਤਾ ਵਿਚ ਮੌਜੂਦ ਹੁੰਦਾ ਹੈ ਜਿਵੇਂ ਇਹ ਖ਼ਿਆਲਾਂ ਦੇ ਅਸਲ ਤੱਤ ਵਿਚ ਹੁੰਦਾ ਹੈ। ਆਪਣੇ ਸੰਗੀ ਚੁਣਦਿਆਂ ਗ਼ਦਰੀਆਂ ਨੇ ਮੱਤ (doctrine) ਦੀਆਂ ਖ਼ੂਬੀਆਂ ਦੀ ਬਜਾਏ ਸਾਂਝੇ ਨਿਸ਼ਾਨਿਆਂ ਅਤੇ ਸਾਂਝੀ ਸੰਵੇਦਨਸ਼ੀਲਤਾ ਨੂੰ ਵਧੇਰੇ ਵਜ਼ਨ ਦਿੱਤਾ (ਖ਼ਾਸ ਕਰਕੇ ਆਪਣੇ ਉਦੇਸ਼ਾਂ ਪ੍ਰਤੀ ਜ਼ਬਰਦਸਤ ਅਤੇ ਮੁਕੰਮਲ ਵਚਨਬਧਤਾ ਦੀ ਪਰਖ-ਪੜਤਾਲ ਨੂੰ)। ਫਿਰ ਵੀ ਉਹ ਵਿਚਾਰਧਾਰਕ ਤੌਰ 'ਤੇ ਕਿਸੇ ਵੀ ਤਰ੍ਹਾਂ ਥੋਥੇ ਨਹੀਂ ਸਨ। ਇਕੋ ਹੱਲੇ ਤੇਜ਼ੀ ਨਾਲ ਇਨਕਲਾਬੀ ਤਾਕਤ ਫੈਲਾਉਣ ਤੋਂ ਕਿਤੇ ਅੱਗੇ ਜਾ ਕੇ, ਉਨ੍ਹਾਂ ਨੇ ਦੱਖਣੀ ਏਸ਼ੀਆਈ ਰੈਡੀਕਲਵਾਦ ਵਿਚ ਇਕ ਅਹਿਮ ਕੜੀ ਜੋੜੀ ਅਤੇ ਨਾਲ ਹੀ ਸਮਕਾਲੀ ਰੈਡੀਕਲ ਲਹਿਰਾਂ ਦਰਮਿਆਨ ਇਕ ਪੁਲ ਦਾ ਕੰਮ ਕੀਤਾ। ਇਥੇ ਇਤਿਹਾਸ ਵਿਚ ਉਨ੍ਹਾਂ ਦਾ ਯੋਗਦਾਨ ਮਾਮੂਲੀ ਨਹੀਂ ਹੈ।

## ਸੰਖੇਪ ਝਾਤ

ਕਾਂਡ ਪਹਿਲਾ 1913 'ਚ ਪੈਸੀਫਿਕ ਕੋਸਟ ਉੱਪਰ ਗ਼ਦਰ ਲਹਿਰ ਦੇ ਜਨਮ, ਕੈਲੀਫੋਰਨੀਆ ਵਿਚ ਇਸ ਦੀਆਂ ਸਰਗਰਮੀਆਂ ਅਤੇ ਇਸ ਦੇ ਪ੍ਰਚਾਰ ਦੇ ਤੱਤ ਤੇ ਪਸਾਰ ਦੇ ਬਾਰੇ ਹੈ, ਜਿਸ ਦੇ ਸਿਖ਼ਰ 'ਤੇ ਉਨ੍ਹਾਂ ਨੇ ਪਹਿਲੀ ਆਲਮੀ ਜੰਗ ਲੱਗਣ ਸਮੇਂ ਮੁਕਤੀ ਦੇ ਆਸ਼ੇ ਨਾਲ ਵਤਨ ਵੱਲ ਚਾਲੇ ਪਾ ਦਿੱਤੇ ਸਨ। ਭਾਵੇਂ ਫਰਵਰੀ 1915 ਦੀ ਬਗ਼ਾਵਤ ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਨਾਲ ਕੁਚਲ ਦਿੱਤੀ ਗਈ, ਪਰ ਇਸ ਨਾਲ ਆਏ ਖ਼ਿਆਲ ਜਾਰੀ ਰਹੇ; ਜਦੋਂ 1914-15 ਦੇ ਆਜ਼ਾਦੀ ਘੁਲਾਟੀਆਂ ਨੇ ਵਤਨਾਂ ਵੱਲ "ਆਪਣੇ ਸਕੇ-ਸਬੰਧੀਆਂ" ਨੂੰ ਇਹ ਦੱਸਣ ਲਈ ਚਾਲੇ ਪਾ ਦਿੱਤੇ ਕਿ "ਕਿ ਉਨ੍ਹਾਂ ਨਾਲ ਬਾਹਰ ਕਿਸ ਤਰ੍ਹਾਂ ਦਾ ਪੱਖਪਾਤੀ ਸਲੂਕ ਕੀਤਾ ਜਾਂਦਾ ਸੀ", ਉਨ੍ਹਾਂ ਨੇ ਅਜਿਹਾ ਇਨਕਲਾਬ ਦੇ ਉਸ ਮੱਤ ਤੇ ਗਿਆਨ ਨੂੰ ਪ੍ਰਚਾਰਕੇ ਕੀਤਾ ਜੋ ਉਨ੍ਹਾਂ ਨੇ ਗ਼ਦਰ ਤੋਂ ਸਿੱਖਿਆ ਸੀ ਅਤੇ ਸਮਾਜਵਾਦ ਦਾ ਮੋਟਾ-ਮੋਟਾ ਗਿਆਨ ਜੋ ਉਨ੍ਹਾਂ ਨੇ ਪੱਛਮੀ ਕੈਨੇਡਾ ਅਤੇ ਅਮਰੀਕਾ ਦੇ ਕਸਬਿਆਂ ਵਿੱਚੋਂ ਲਿਆ ਸੀ।"[23] ਅਹਿਮ ਗੱਲ ਇਹ ਸੀ ਕਿ ਵੀਹਵੀਂ ਸਦੀ ਦੇ ਸ਼ੁਰੂ 'ਚ ਉੱਤਰੀ ਅਮਰੀਕਾ ਵਿਚ ਦੱਖਣੀ ਏਸ਼ੀਅਨਾਂ ਦੇ ਰੈਡੀਕਲ ਖ਼ਿਆਲਾਂ ਦੇ ਬਣਨ ਦੇ ਅਮਲ ਨੂੰ ਨਸਲ ਵਿੱਚੋਂ ਦੀ ਹੋ ਕੇ ਆ ਰਹੇ ਕਿਰਤ ਸਬੰਧਾਂ ਨੇ ਪ੍ਰੀਭਾਸ਼ਤ ਕੀਤਾ ਸੀ ਜਿਸ ਨੇ ਅਮਰੀਕੀ ਮਜ਼ਦੂਰ ਯੂਨੀਅਨਵਾਦ ਦੇ ਪਹਿਲੀ ਆਲਮੀ ਜੰਗ ਵਾਲੇ ਰੂਪ ਵੱਲ ਉਨ੍ਹਾਂ ਦੀ ਖਿੱਚ ਨੂੰ ਸੁਖਾਲਾ ਬਣਾਇਆ, ਜਿਵੇਂ ਕਾਂਡ ਦੋ ਵਿਚ ਦਿਖਾਇਆ ਗਿਆ ਹੈ।

ਤਿੰਨ ਅਤੇ ਚਾਰ ਕਾਂਡ ਬਿਰਤਾਂਤ ਵਿਚ ਇਕ ਮੋੜ-ਨੁਕਤੇ ਨੂੰ ਦਰਸਾਉਂਦੇ ਹਨ, ਜਿਸ ਵਿਚ ਰਾਸ਼ਟਰਵਾਦੀ ਪਹਿਲੂ ਅੱਗੇ ਆਉਂਦਾ ਹੈ। ਇਥੇ ਮੈਂ ਪਹਿਲੀ ਆਲਮੀ ਜੰਗ ਦੇ ਪ੍ਰਸੰਗ 'ਚ ਬਰਤਾਨੀਆ ਵਿਰੋਧੀ ਯੁੱਧਨੀਤਕ ਸਾਂਝਾਂ ਦੇ ਦੌਰ ਉੱਪਰ ਕੇਂਦਰਤ ਕੀਤਾ ਹੈ, ਜਿਨ੍ਹਾਂ ਜ਼ਰੀਏ ਜਰਮਨ/ਔਟੋਮਨ ਸਰਪ੍ਰਸਤੀ ਨਾਲ ਬਹੁਤ ਸਾਰੀਆਂ ਵਿਆਪਕ ਖ਼ੁਫ਼ੀਆ ਕਾਰਵਾਈਆਂ ਕੀਤੀਆਂ ਗਈਆਂ, 1915 ਵਾਲੀ ਬਗ਼ਾਵਤ ਕੀਤੇ ਜਾਣ ਦੇ ਮੁਕਾਬਲੇ ਜੋ ਕੈਲੀਫੋਰਨੀਆ ਵਾਲੇ ਗ਼ਦਰੀਆਂ ਨੇ ਆਪਣੇ ਵਸੀਲਿਆਂ ਨਾਲ ਆਜ਼ਾਦਾਨਾ ਤੌਰ 'ਤੇ ਸ਼ੁਰੂ ਕੀਤੀ ਸੀ। ਰਾਸ਼ਟਰਵਾਦ ਨੇ ਯੂਰਪ ਅਤੇ ਉੱਤਰੀ ਅਮਰੀਕਾ ਵਿਚ ਸਰਗਰਮ ਹਿੰਦੁਸਤਾਨੀ, ਆਇਰਿਸ਼ ਅਤੇ ਮਿਸਰੀ ਇਨਕਲਾਬੀਆਂ ਦਰਮਿਆਨ ਸਾਂਝ ਪੈਦਾ ਕਰਨ ਅਤੇ ਉਸ ਸੰਵੇਦਨਸ਼ੀਲਤਾ ਤੇ ਹਾਲਤ ਦੀਆਂ ਸਮਾਨਤਾਵਾਂ ਨੂੰ ਸਮਝਣ ਵਿਚ ਸਾਲਸ ਦੀ ਭੂਮਿਕਾ ਵੀ ਨਿਭਾਈ ਜੋ ਉਨ੍ਹਾਂ ਨੇ ਆਪਣੇ ਦਰਮਿਆਨ ਪਛਾਣੀਆਂ। 1918 'ਚ ਇਕ ਹੋਰ ਮੁਕੱਦਮੇ, ਸਾਨ ਫਰਾਂਸਿਸਕੋ ਦੇ ਸਨਸਨੀਖੇਜ਼ ਹਿੰਦੂ-ਜਰਮਨ ਸਾਜ਼ਿਸ਼ ਮੁਕੱਦਮੇ, ਨਾਲ ਇਸ ਦੌਰ ਦਾ ਅੰਤ ਹੋਇਆ।

ਪਰ ਫਿਰ ਗ਼ਦਰ ਪਾਰਟੀ ਦੂਜੇ ਨਿਆਰੇ ਰੂਪ 'ਚ ਸਾਹਮਣੇ ਆਈ। ਵਧੇਰੇ ਸਨਾਤਨੀ ਮਾਰਕਸਵਾਦੀ-ਲੈਨਿਨਵਾਦੀ ਅਰਥਾਂ 'ਚ ਲੈਣਾ ਹੋਵੇ ਤਾਂ ਇਸ ਵਾਰ ਆਪਣੇ ਜੰਗ ਤੋਂ ਪਹਿਲੇ ਘੱਟ ਸਿਲਸਿਲੇਵਾਰ (ਹਾਲਾਂਕਿ ਸ਼ਾਇਦ ਵੱਧ ਭਰਵੇਂ) ਕਾਲਪਨਿਕ ਸਮਾਜਵਾਦ, ਜਿਸ ਦਾ ਸਬੰਧ ਹਰਦਿਆਲ ਨਾਲ ਰਿਹਾ ਸੀ, ਦੇ ਉਲਟ ਕਮਿਊਨਿਸਟ ਰੂਪ 'ਚ। ਇਹ ਪੰਜਵੇਂ ਕਾਂਡ ਦਾ ਵਿਸ਼ਾ ਹੈ। ਬਾਲਸ਼ਵਿਕ ਇਨਕਲਾਬ ਦੀ ਹੁਲਾਸਪੂਰਨ ਕਾਮਯਾਬੀ ਤੋਂ ਪਿੱਛੋਂ, ਅਤੇ ਕਾਮਿੰਤਰਨ (ਕਮਿਊਨਿਸਟ ਇੰਟਰਨੈਸ਼ਨਲ) ਦੀ ਏਸ਼ੀਆ ਦੇ ਕੌਮੀ ਮੁਕਤੀ ਘੋਲਾਂ ਦੀ ਹਮਾਇਤ ਕਰਨ ਦੀ ਯੁੱਧਨੀਤਕ ਵਚਨਬੱਧਤਾ ਨੂੰ ਦੇਖਦਿਆਂ ਗ਼ਦਰੀਆਂ ਨੇ ਮਾਸਕੋ ਵੱਲ ਮੁਹਾਰਾਂ ਮੋੜ ਲਈਆਂ ਜਿਸ ਨੂੰ ਉਨ੍ਹਾਂ ਨੇ ਸਿਆਸੀ ਸਿਖਲਾਈ, ਸਿਧਾਂਤਕ ਅਗਵਾਈ-ਸੇਧ ਅਤੇ ਇਖ਼ਲਾਕੀ ਤੇ ਪਦਾਰਥਕ ਇਮਦਾਦ ਦੇਣ ਵਾਲਾ ਨਵਾਂ ਮੱਕਾ ਕਿਹਾ। 1920ਵਿਆਂ ਦੌਰਾਨ ਗ਼ਦਰੀਆਂ ਨੇ ਚੀਨ ਅਤੇ ਪੰਜਾਬ ਵਿਚ ਨਵੇਂ ਤਰਜ਼ਮਾਨ ਪਰਚੇ ਅਤੇ ਅਗਵਾਈ ਕੇਂਦਰ ਕਾਇਮ ਕਰਦਿਆਂ ਹੋਇਆਂ ਸਿਖਿਆਰਥੀਆਂ ਦੀਆਂ ਟੋਲੀਆਂ ਮਾਸਕੋ ਭੇਜੀਆਂ।[24] ਨਾਲ ਹੀ ਇਸ ਨੇ *ਹਿੰਦੁਸਤਾਨ ਦੀ ਆਜ਼ਾਦੀ ਦੇ ਮਿੱਤਰ* (ਐੱਫ ਐੱਫ ਆਈ) ਰਾਹੀਂ ਅਮਰੀਕਾ ਵਿਚ ਸ਼ਹਿਰੀ ਆਜ਼ਾਦੀਆਂ ਅਤੇ ਆਵਾਸੀਆਂ ਨੂੰ ਵਾਪਸ ਭੇਜਣ ਵਿਰੁੱਧ ਮੁਹਿੰਮਾਂ ਦੇ ਵਧਾਰੇ-ਪਸਾਰੇ ਵਿਚ ਸਹਾਇਤਾ ਕੀਤੀ। ਇੱਧਰ ਹਿੰਦੁਸਤਾਨ ਵਿਚ ਇਸ ਨੇ ਭਗਤ ਸਿੰਘ, ਕਿਰਤੀ ਗਰੁੱਪ, ਨੌਜਵਾਨ ਭਾਰਤ ਸਭਾ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਆਰਮੀ ਜ਼ਰੀਏ ਸਾਮਰਾਜਵਾਦ ਵਿਰੋਧੀ ਖਾੜਕੂ ਸੰਗਰਾਮ ਦੀ ਅਗਲੀ ਪੀੜ੍ਹੀ ਦੇ ਵਧਣ-ਫੈਲਣ 'ਚ ਸਹਾਇਤਾ ਕੀਤੀ।

ਆਖ਼ਰੀ ਦੋ ਕਾਂਡਾਂ ਵਿਚ ਮੈਂ ਸਰਬ-ਇਸਲਾਮਵਾਦ ਦੀ ਉਸ ਵਕਤ ਦੀ ਸਮਾਂਤਰ ਤੰਦ ਨੂੰ ਫੜ੍ਹਨ ਦੀ ਕੋਸ਼ਿਸ਼ ਕੀਤੀ ਹੈ ਜੋ ਮੁਸਲਿਮ ਸਿਪਾਹੀਆਂ ਨੂੰ ਗ਼ਦਰ ਪਾਰਟੀ ਦੀਆਂ ਜੰਗ ਤੋਂ ਪਹਿਲੀਆਂ ਪ੍ਰੇਰਣਾ ਦੀਆਂ ਕੋਸ਼ਿਸ਼ਾਂ ਤੋਂ ਸ਼ੁਰੂ ਹੋ ਕੇ ਇਸ ਦੀਆਂ ਸਰਗਰਮੀਆਂ ਨਾਲ ਲਗਾਤਾਰ ਗੁੰਦੀ ਹੋਈ ਸੀ ਕਿਉਂਕਿ ਇਸ ਨੇ ਬਰਤਾਨੀਆ ਦੀ ਹਿੰਦੁਸਤਾਨੀ ਫ਼ੌਜ ਅੰਦਰ ਮੁਸਲਮਾਨ ਫ਼ੌਜੀਆਂ ਨੂੰ ਜੰਗ ਤੋਂ ਪਹਿਲਾਂ ਹੀ ਸੰਭਾਵੀ ਬਾਗ਼ੀ ਟਿੱਕ ਲਿਆ ਸੀ। ਜੰਗ ਦੌਰਾਨ ਪੱਛਮ ਅਤੇ ਕੇਂਦਰੀ ਏਸ਼ੀਆ ਵਿਚ ਜਰਮਨ/ਔਟੋਮਨ ਦੀ ਮਦਦ ਨਾਲ ਬਣਾਈਆਂ ਸਕੀਮਾਂ ਦੀ ਮਾਰਫ਼ਤ ਇਹ ਅਦਾਨ-ਪ੍ਰਦਾਨ ਹੋਰ ਵੀ ਗਿਣਨਯੋਗ ਹੋ ਗਿਆ ਜਿਸ ਦਾ ਇਜ਼ਹਾਰ ਇਸ ਗੱਠਜੋੜ ਦੇ ਨਿਸ਼ਾਨਿਆਂ ਅਤੇ ਅਤਿ ਰੁਝੇਵਿਆਂ ਤੋਂ ਹੋ ਰਿਹਾ ਸੀ। ਜੰਗ ਤੋਂ ਪਿੱਛੋਂ, ਜਦੋਂ ਮਾਸਕੋ ਨੇ ਇਸ ਦੀ ਸਰਪ੍ਰਸਤੀ ਦੇ ਕੇਂਦਰ ਵਜੋਂ ਬਰਲਿਨ ਦੀ ਥਾਂ ਲੈ ਲਈ, ਰਿਸ਼ਤਿਆਂ ਦਾ ਇਹ ਨਮੂਨਾ ਬਦਲਿਆ ਨਹੀਂ। 1920ਵਿਆਂ ਦੇ ਸ਼ੁਰੂ ਦੀ *ਖ਼ਿਲਾਫ਼ਤ ਲਹਿਰ* ਅਤੇ ਇਸ ਦੀ ਉੱਪ-ਲੜੀ *ਹਿਜਰਤ ਲਹਿਰ* ਨਾਲ ਇਕ ਸਮਝੌਤੇ ਤਹਿਤ ਇਸ ਨੇ ਸਗੋਂ ਸਿਖ਼ਰਾਂ ਛੂਹ ਲਈਆਂ। ਅਬਦੁੱਲਾ ਸਿੰਧੀ ਅਤੇ ਮੁਹੰਮਦ ਬਰਕਤਉੱਲਾ ਵਲੋਂ ਪੂਰੀ ਮਿਹਨਤ ਕਰਕੇ ਸਿਧਾਂਤਕ ਕੜੀਆਂ ਜੋੜੀਆਂ ਗਈਆਂ, ਇਨ੍ਹਾਂ ਦੋਵਾਂ ਦੇ ਗ਼ਦਰੀਆਂ ਨਾਲ ਬਹੁਤ ਗੂੜ੍ਹੇ ਸਬੰਧ ਸਨ।

## ਕੁਝ ਸਫ਼ਰ ਬਾਰੇ

1910 'ਚ ਹਰਦਿਆਲ ਨੇ ਬੰਦੇ *ਮਾਤਰਮ* ਵਿਚ ਟਿੱਪਣੀ ਕੀਤੀ: "ਜਲਾਵਤਨੀ ਦੇ ਆਪਣੇ ਫ਼ਾਇਦੇ ਹਨ। ਸਾਨੂੰ ਤਾਂ ਇੰਞ ਲੱਗਦਾ ਹੈ ਇਹ ਉਹ ਕੀਮਤ ਹੈ ਜੋ ਸੱਚ ਦਾ ਪ੍ਰਚਾਰ ਕਰਨ ਬਦਲੇ ਤਾਰਨੀ ਪੈਂਦੀ ਹੈ। ਅਸੀਂ ਗ਼ਲਤ ਫ਼ਲਸਫ਼ੇ ਨਾਲ ਮਿਲਕੇ ਸਿਆਸੀ ਫੈਲਸੂਫੀਆਂ ਨਹੀਂ ਕਰਦੇ। .... ਅਸੀਂ ਸਿਰਫ਼ ਆਪਣੀ ਜ਼ਮੀਰ ਨੂੰ ਪ੍ਰਣਾਮ ਕਰ ਸਕਦੇ ਹਾਂ ਅਤੇ ਅਸੀਂ ਦੁਨੀਆ ਦੇ ਉਨ੍ਹਾਂ ਕੁਲ ਨਿਜ਼ਾਮਾਂ ਤੋਂ ਨਾਬਰ ਹਾਂ ਜੋ ਸਾਨੂੰ ਆਪਣੇ ਫਰਜ਼ ਅਤੇ ਸੱਚ ਦੇ ਰਾਹ ਤੋਂ ਭੋਰਾ ਵੀ

ਥਿੜ੍ਹਕਾਉਣਾ ਚਾਹੁੰਦੇ ਹਨ।"[25]

ਬਦੇਸ਼ਾਂ ਦੀ ਇਨਕਲਾਬੀ ਲਹਿਰ ਮੁਸਾਫ਼ਰਾਂ ਦਾ ਕ੍ਰਿਸ਼ਮਾ ਸੀ; ਇਹ ਹੋਰ ਕਿਸੇ ਰੂਪ 'ਚ ਨਹੀਂ ਸੀ ਵਾਪਰਨਾ। ਜਦੋਂ ਨਵੇਂ ਹਾਲਾਤ ਦਾ ਸਾਹਮਣਾ ਕਰ ਰਹੇ ਉਨ੍ਹਾਂ ਲੋਕਾਂ ਲਈ ਭਵਿੱਖ ਦੇ ਰਾਹ ਖੁੱਲ੍ਹੇ ਜਿਨ੍ਹਾਂ ਨੇ ਆਰਥਕ ਕਾਰਨਾਂ ਕਰਕੇ ਪ੍ਰਵਾਸ ਕੀਤਾ ਸੀ ਅਤੇ ਜਦੋਂ ਸਿਆਸੀ ਸਫ਼ਰ-ਮਾਰਗ (trajectories) ਜਬਰੀ ਜਲਾਵਤਨੀ ਅਤੇ ਖ਼ੁਫ਼ੀਆ ਜਥੇਬੰਦੀ ਦੇ ਵਾਸਤਵਿਕ ਪੈਂਡੇ ਬਣ ਗਏ, ਫਿਰ ਰੈਡੀਕਲਵਾਦ ਦੀ ਆਗੂ ਕਿਨਾਰੀ ਸੱਚੀਮੁੱਚੀਂ ਅਤੇ ਲਖਾਇਕ ਤੌਰ 'ਤੇ ਕੌਮੀ-ਰਾਜ ਦੀਆਂ ਖੇਤਰੀ ਹੱਦਾਂ ਤੋਂ ਪਾਰ ਵਿਚਰਨ ਲੱਗੀ। ਜਦਕਿ ਇਨ੍ਹਾਂ ਸਾਰੇ ਸਫ਼ਰਾਂ ਵਿਚ, ਚਾਹੇ ਆਲਮੀ ਮੁਸਾਫ਼ਰ ਦਾ ਮੂੰਹ ਆਪਣੇ ਘਰ ਵੱਲ ਇਕ ਆਜ਼ਾਦ ਹਿੰਦੁਸਤਾਨੀ ਨਾਗਰਿਕ ਵਜੋਂ ਹੋਵੇ ਜਾਂ ਆਜ਼ਾਦ ਅਮਰੀਕੀ ਜਾਂ ਸੋਵੀਅਤ ਵਜੋਂ, ਉਸ ਦਾ ਮੁਕਾਮ ਹਮੇਸ਼ਾ ਸੁਪਨ-ਸੰਸਾਰ ਦਾ ਖ਼ਵਾਬ ਹੁੰਦਾ ਸੀ।

ਕਿਮ ਸਟੈਨਲੇ ਰੌਬਿਨਸਨ ਦੀ ਮੰਗਲ ਗ੍ਰਹਿ ਕਾਲਪਨਿਕ ਤ੍ਰੈਲੜੀ ਵਿਚ ਗ੍ਰਹਿਾਂ ਦੇ ਆਰ-ਪਾਰ ਵਿਚਰਦਾ ਇਕ ਘੁਮੱਕੜ ਐਲਾਨ ਕਰਦਾ ਹੈ ਕਿ "ਇਤਿਹਾਸ ਸੁਪਨ-ਸੰਸਾਰ ਦਾ ਹੱਜ ਹੈ।"[26] ਸਾਦਾ ਸ਼ਬਦਾਂ 'ਚ, ਰੌਬਿਨਸਨ ਦੀ ਕਿਤਾਬ ਮੰਗਲ ਗ੍ਰਹਿ ਦੇ ਬਸਤੀਕਰਨ ਅਤੇ ਇਸ ਦੀ ਭੂਗੋਲਿਕ ਭੰਨਘੜ ਕੀਤੇ ਜਾਣ ਬਾਰੇ ਹੈ। ਪਰ ਜੇ ਵੱਧ ਡੂੰਘਾਈ 'ਚ ਦੇਖਿਆ ਜਾਵੇ, ਇਹ ਇਕ ਸਮਾਜ ਨੂੰ ਘੜੇ ਜਾਣ ਦੇ ਅਮਲ ਬਾਰੇ ਹੈ, ਮੁੱਢਲੇ ਤੌਰ 'ਤੇ ਪੁਰਾਣੀ ਧਰਤੀ ਉਪਰਲੇ ਅੰਤਰ-ਰਾਜੀ ਸਬੰਧਾਂ ਅਤੇ ਕਾਰਪੋਰੇਟ ਅਰਥਸ਼ਾਸਤਰ ਦੀ ਪਹੁੰਚ ਤੋਂ ਪਾਰ। ਹਾਲਾਂਕਿ ਜਦੋਂ ਆਵਾਜਾਈ ਅਤੇ ਸੰਚਾਰ ਪੱਖੋਂ ਲਾਂਘੇ ਭੰਨੇ ਜਾਂਦੇ ਹਨ ਅਤੇ ਜਦੋਂ ਆਵਾਸੀ ਵਸੋਂ ਵਧਦੀ ਜਾਂਦੀ ਹੈ ਤਾਂ ਨਿਸ਼ਚੇ ਹੀ ਇਹ ਹਿਤ ਹੋਰ ਪੀਡੇ ਹੁੰਦੇ ਜਾਂਦੇ ਹਨ। ਫਿਰ ਵੀ, ਜਦੋਂ ਨਵਾਂ ਸਮਾਜ ਵਿਗਸਦਾ ਹੈ, ਮੰਗਲ ਵਾਸੀਆਂ ਕੋਲ ਨਸਲੀ-ਸਭਿਆਚਾਰਕ ਜਾਂ ਕੌਮੀ ਇਲਹਾਕਾਂ ਦੀ ਥਾਂ ਨਵੀਆਂ ਸਮਾਜੀ ਇਕਾਈਆਂ ਦੇ ਅੰਦਰ ਸਾਂਝ ਅਤੇ ਵਿਚਾਰਧਾਰਾ ਦੇ ਅਧਾਰ 'ਤੇ ਪਛਾਣ ਦੀਆਂ ਨਵੀਆਂ ਸ਼੍ਰੇਣੀਆਂ ਨੂੰ ਪ੍ਰੀਭਾਸ਼ਤ ਕਰਨ ਅਤੇ ਮੱਤਭੇਦਾਂ ਨੂੰ ਜਗ੍ਹਾ ਦੇਣ ਲਈ ਅਸੂਲਾਂ ਦਾ ਚੌਖਟਾ ਬਣਾਉਣ ਦੀ ਚਰਚਾ ਕਰਨ ਦਾ ਬੇਮਿਸਾਲ ਮੌਕਾ ਬਣ ਜਾਂਦਾ ਹੈ। ਜਿਸ ਰਾਹੀਂ ਇਕ ਵਡੇਰੀ ਫੈਡਰੇਸ਼ਨ ਦੇ ਅੰਦਰ ਵੱਖੋ-ਵੱਖਰੇ ਸਮਾਜੀ ਨਮੂਨੇ ਇਸਤੇਮਾਲ ਕਰਨ ਵਾਲੇ ਭਾਈਚਾਰਿਆਂ ਦੀ ਖ਼ੁਦਮੁਖਤਿਆਰੀ ਬਰਕਰਾਰ ਰੱਖੀ ਜਾ ਸਕਦੀ ਹੈ, ਜਿਸ ਵਿਚ ਸਿਆਸੀ ਤਾਕਤ ਦੀ ਬਜਾਏ ਪੌਣਪਾਣੀ ਅਤੇ ਕਾਇਨਾਤ ਦੇ ਸਿਲਸਿਲੇ ਦੀ ਹੋਂਦ ਦੀ ਸਲਾਮਤੀ ਸਮੂਹਿਕ ਕੰਟਰੋਲ ਦੀ ਬੁਨਿਆਦ ਬਣਦੀ ਹੈ। ਜੇ ਕਾਲਦੋਸ਼ ਦੇ ਪ੍ਰਸਥਿਤੀ-ਵਿਗਿਆਨਕ (anachronistic ecological) ਪਹਿਲੂ ਨੂੰ ਪਾਸੇ ਰੱਖ ਦਿੱਤਾ ਜਾਵੇ, ਮੈਨੂੰ ਲੱਗਦਾ ਹੈ ਕਿ ਇਹ ਗ਼ਦਰੀਆਂ ਦੇ ਖ਼ਵਾਬਾਂ ਦੇ ਹਿੰਦੁਸਤਾਨ ਦੀ ਦ੍ਰਿਸ਼ਟੀ ਉੱਪਰ ਵੀ ਪੂਰੀ ਤਰ੍ਹਾਂ ਲਾਗੂ ਹੁੰਦਾ ਹੈ।

ਲੈਮਿਨ ਸਾਨੇਹ ਨੇ ਸਥਾਨ ਦੇ ਪ੍ਰਸੰਗ 'ਚ ਪਛਾਣ ਦੀ ਨਿਸ਼ਾਨਦੇਹੀ ਕਰਦਿਆਂ ਰਵਾਇਤੀ ਯਾਤਰਾ ਦੇ ਕਾਰਜ ਬਿਆਨ ਕੀਤੇ ਹਨ। ਕਾਰਜ ਜੋ ਖ਼ਾਲਸ ਹੁੰਦੇ ਹਨ ਅਤੇ ਸਫ਼ਰ ਕਰਦਿਆਂ ਕੀਤੇ ਜਾਂਦੇ ਹਨ, ਤੇ ਖ਼ਾਸ ਤੌਰ 'ਤੇ ਮੁਕਾਮ ਉਪਰ ਪਹੁੰਚਕੇ ਅਪਣਾਏ ਖ਼ਾਸ ਅਮਲਾਂ ਨਾਲ ਜਿਨ੍ਹਾਂ ਦੀ ਪੁਸ਼ਟੀ ਹੋ ਚੁੱਕੀ ਹੁੰਦੀ ਹੈ – ਜਿੱਥੇ, ਪਹੁੰਚਕੇ ਮੁਸਾਫ਼ਰ ਰੂਹਾਨੀ ਸਕੂਨ ਵਰਗੀ ਪਰਾਕੌਮੀ ਭਾਈਚਾਰਕ ਜਾਂ "ਭਰਾਤਰੀਭਾਵ" ਨਾਲ ਇਕਸੁਰਤਾ ਦੀ ਭਾਵਨਾ ਡੂੰਘੀ ਸ਼ਿੱਦਤ ਨਾਲ ਮਹਿਸੂਸ ਕਰਦਾ ਹੈ, ਜਿਸ ਦੇ ਸਿੱਟੇ ਵਜੋਂ ਵਿਚਾਰਧਾਰਕ ਪ੍ਰੋਗਰਾਮ ਪ੍ਰਤੀ ਵਚਨਬਧਤਾ ਮੁੜ ਬਣਦੀ ਹੈ।[27] ਨਿਸ਼ਚੇ ਹੀ ਮੈਂ ਇਹ ਸੁਝਾਅ ਨਹੀਂ ਦੇ ਰਹੀ ਕਿ ਭਵਿੱਖ 'ਚ ਗ਼ਦਰੀ ਬਣਨ ਵਾਲੇ ਬੰਦੇ ਰਸਮੀ ਅਹਿਮੀਅਤ ਵਾਲੇ ਅਜਿਹੇ ਕਿਸੇ ਸੁਚੇਤ ਜਜ਼ਬੇ ਤਹਿਤ ਅਮਰੀਕਾ ਗਏ ਸਨ। ਉਨ੍ਹਾਂ ਦਾ ਸਫ਼ਰ

ਇਕ ਸੋਚੀ-ਸਮਝੀ ਤੀਰਥ ਯਾਤਰਾ ਵਜੋਂ ਨਹੀਂ ਸਗੋਂ ਆਰਥਕ ਜਾਂ ਸਿੱਖਿਆ ਦੇ ਮੌਕਿਆਂ ਦੀ ਤਲਾਸ਼ 'ਚ ਵਿਹਾਰਕ ਸਫ਼ਰ ਵਜੋਂ ਸ਼ੁਰੂ ਹੋਇਆ ਸੀ। ਜਦਕਿ, ਮੈਨੂੰ ਸ਼ੱਕ ਹੈ ਕਿ ਉਨ੍ਹਾਂ ਨੇ ਉਸ ਪ੍ਰਭਾਵ ਨੂੰ ਬੁੱਝ ਲਿਆ ਹੋਵੇਗਾ ਜਿਸ ਦੀ ਗੱਲ ਸਾਨੇਹ ਕਰਦਾ ਹੈ। ਅਤੇ ਫਿਰ ਇਹ ਇਨਕਲਾਬੀ ਤੀਰਥ-ਯਾਤਰੀਆਂ ਦੇ ਮੁਹਾਵਰੇ 'ਚ ਚਰਚਾ ਕਰਨ ਲੱਗੇ। ਗ਼ਦਰੀਆਂ ਲਈ "ਮਾਸਕੋ ਮੱਕਾ ਬਣ ਗਿਆ।" ਇਸੇ ਦੌਰਾਨ, ਅਸਲ ਮੱਕੇ ਦੇ ਸ਼ਰਧਾਲੂ *ਹਾਜੀ* ਅਤੇ ਇਸਤਾਂਬੁਲ ਵਿਖੇ ਖ਼ਲੀਫ਼ਾ ਕੇਂਦਰ ਨੂੰ ਸਮਰਪਿਤ *ਮੁਹਾਜਿਰੀਨ* ਸੱਚੀਂਮੁੱਚੀਂ ਦੇ ਸੰਗੀ-ਸਾਥੀ ਬਣ ਗਏ। ਸਮੁੰਦਰੋਂ ਪਾਰ ਇਕ ਮਿਸ਼ਨ ਸੀ ਜੋ ਉਨ੍ਹਾਂ ਨੇ ਪੂਰਾ ਕਰਨਾ ਸੀ, ਅਤੇ ਜੇ ਉਹ ਪਾਰ ਨਾਂ ਪਹੁੰਚ ਸਕਣ, ਉਹ ਆਪਣੀ ਆਹੂਤੀ ਦੇਣ ਲਈ ਤਿਆਰ ਸਨ ਤਾਂ ਜੋ ਬਾਕੀ ਦੇ ਇਹ ਮਿਸ਼ਨ ਪੂਰਾ ਕਰ ਸਕਣ। ਉਹ ਇਕ ਬੇਦੀ ਦੀ ਅਤੇ ਕੁਰਬਾਨੀ ਦੀ ਗੱਲ ਕਰਦੇ ਸਨ; ਉਹ ਸ਼ਮ੍ਹਾਂ ਤੇ ਭਮੱਕੜਾਂ ਦੀ ਗੱਲ ਕਰਦੇ ਸਨ। ਪਰ ਸਵਦੇਸ਼ੀ ਕਾਰਕੁੰਨਾਂ ਦੀ ਭਾਰਤ ਮਾਤਾ ਦੀ ਦੇਵੀ ਦੀ ਥਾਂ ਹੁਣ ਖ਼ੂਨ ਨਾਲ ਰੰਗੇ ਮੰਚ ਉੱਪਰ ਇਨਕਲਾਬ ਜਾਂ ਆਜ਼ਾਦੀ ਦੀ ਦੇਵੀ ਨੇ ਲੈ ਲਈ ਸੀ।

ਅਤੇ ਇਨਕਲਾਬ ਤੋਂ ਪਿੱਛੋਂ, ਲੰਮਾ ਪੈਂਡਾ ਮੁੱਕਣ 'ਤੇ, ਕੀ ਉਹ ਰੱਬ ਦੀ ਬਾਦਸ਼ਾਹਤ ਦੇ ਬਾਸ਼ਿੰਦੇ ਹੋਣਗੇ, ਪ੍ਰੋਲੇਤਾਰੀ ਦੀ ਤਾਨਾਸ਼ਾਹੀ ਦੇ ਬਾਸ਼ਿੰਦੇ ਹੋਣਗੇ, ਜਾਂ ਸੰਘੀ ਸੰਯੁਕਤ ਰਾਜ ਹਿੰਦੁਸਤਾਨ ਦੇ ? ਆਜ਼ਾਦੀ, ਬਰਾਬਰੀ ਅਤੇ ਭਰੱਪਣ ਦਾ ਹੋਕਾ ਦੇਣ ਵਾਲਿਆਂ ਨੂੰ ਇਸ ਨਾਲ ਕੀ ਫ਼ਰਕ ਪੈਂਦਾ ਸੀ ਕਿ ਉਨ੍ਹਾਂ ਨੇ ਆਪਣਾ ਮੂਲ ਤਰਕ ਜਾਂ ਸਮਾਜੀ ਨੈਤਿਕਤਾ ਅਗੰਮੀ ਜਾਂ ਦੈਵੀ ਸੋਮਿਆਂ, ਕੁਦਰਤੀ ਨੇਮ ਵਿੱਚੋਂ ਲਿਆ ਸੀ ਜਾਂ ਮਨੁੱਖੀ ਤਰਕ ਵਿੱਚੋਂ ? ਕਿਸ ਨਕਸ਼ੇ ਜਾਂ ਵਿਧੀ ਦੀ ਮਦਦ ਨਾਲ ਉਨ੍ਹਾਂ ਨੇ ਆਪਣਾ ਰਸਤਾ ਲੱਭਿਆ ਸੀ ਕੀ ਇਸ ਦਾ ਕੋਈ ਅਰਥ ਹੋਵੇਗਾ ? ਕਿਸ ਧਰੂ-ਤਾਰੇ ਦੀ ਸੇਧ 'ਚ ਉਨ੍ਹਾਂ ਨੇ ਆਪਣਾ ਸਫ਼ਰ ਕੀਤਾ ? ਉਨ੍ਹਾਂ ਦਾ ਸੰਚਾਲਨ ਕਿਹੜੀ ਤਾਕਤ ਕਰਦੀ ਸੀ, ਪ੍ਰਮਾਤਮਾ ਦੀ ਯੋਜਨਾ, ਹੀਗਲਵਾਦੀ ਦੁਨਿਆਵੀ ਰੂਹ, ਮਾਰਕਸਵਾਦੀ ਢਾਂਚਾਗਤ ਵਿਰੋਧ-ਵਿਕਾਸ, ਜਾਂ ਉਨ੍ਹਾਂ ਦੇ ਆਪਣੇ ਪੁਰਜੋਸ਼ ਇਰਾਦੇ ?

# 1
# ਆਜ਼ਾਦ ਫਿਜ਼ਾ
### *ਅਮਰੀਕਾ ਵਿਚ ਗ਼ਦਰ*

## ਆਵਾਸੀ

ਓਪਰੀ ਜਹੀ ਜਾਣਕਾਰੀ ਹੀ ਮਿਲਦੀ ਹੈ ਕਿ ਨਿਊ ਇੰਗਲੈਂਡ ਦੀਆਂ ਬੰਦਰਗਾਹਾਂ ਵਿਚ ਹਿੰਦੁਸਤਾਨੀ ਸਮੁੰਦਰੀ ਮੁਸਾਫ਼ਰਾਂ ਦੀ ਆਮਦ ਦਾ ਆਗਾਜ਼ ਅਠਾਰਵੀਂ ਸਦੀ ਦੇ ਅਖ਼ੀਰ 'ਚ ਅਤੇ ਇਕਾਦੁੱਕਾ ਮਸ਼ਹੂਰ ਧਾਰਮਿਕ ਦਾਰਸ਼ਨਿਕਾਂ ਦੀ ਆਮਦ ਦੇ ਰੂਪ 'ਚ 1890ਵਿਆਂ ਦੇ ਅੰਤ 'ਚ ਵਿਵੇਕਾਨੰਦ ਦੀ 1892 'ਚ ਸ਼ਿਕਾਗੋ ਦੇ ਆਲਮੀ ਮੇਲੇ 'ਚ ਆਹਲਾ ਪੇਸ਼ਕਾਰੀ ਨਾਲ ਹੋਇਆ। ਜਿਸ ਨੂੰ ਉੱਤਰ-ਪੂਰਬੀ ਕੁਲੀਨ ਵਰਗ ਅੰਦਰੋਂ ਬ੍ਰਹਮ ਗਿਆਨੀਆਂ ਅਤੇ ਸਭਿਆਚਾਰਕ ਦਸਤੂਰ ਤੋਂ ਉਲਟ ਚੱਲਣ ਵਾਲਿਆਂ ਵਿੱਚੋਂ ਵਾਹਵਾ ਸ਼ਰਧਾਲੂ ਮਿਲ ਗਏ। ਇਸੇ ਦੌਰਾਨ, 1830ਵਿਆਂ 'ਚ ਗ਼ੁਲਾਮਾਂ ਦੇ ਵਪਾਰ ਦਾ ਖ਼ਾਤਮਾ ਕੀਤੇ ਜਾਣ ਨਾਲ ਪੈਦਾ ਹੋਏ ਖੱਪੇ ਨੂੰ ਭਰਨ ਲਈ ਕੈਰੀਬੀਅਨ ਟਾਪੂਆਂ ਅਤੇ ਦੱਖਣੀ ਅਮਰੀਕਾ ਦੇ ਉੱਤਰੀ ਸਮੁੰਦਰੀ ਕੰਢੇ ਵੱਲ ਬਾਕਾਇਦਾ ਕਾਮਿਆਂ ਦਾ ਵਹਾਅ ਸ਼ੁਰੂ ਹੋ ਗਿਆ ਸੀ।[1] ਪਰ ਉੱਤਰੀ ਅਮਰੀਕਾ ਦੇ ਮੁੱਖ ਹਿੱਸੇ ਅੰਦਰ ਪਹਿਲੀ ਦੱਖਣੀ ਏਸ਼ੀਆਈ ਆਵਾਸੀ ਵਸੋਂ ਚੋਖੀ ਤਾਦਾਦ 'ਚ ਪੰਜਾਬੀ ਸਿੱਖ ਹੀ ਸਨ ਜੋ 1903 ਦੇ ਲਾਗੇ-ਚਾਗੇ ਪੱਛਮੀ ਸਮੁੰਦਰੀ ਕੰਢੇ 'ਤੇ ਆਉਣੇ ਸ਼ੁਰੂ ਹੋ ਗਏ।[2]

ਅਸਲ ਵਿਚ ਸਾਲਾਨਾ ਆਉਣ ਵਾਲਿਆਂ ਦਾ ਦਹਿ ਤੋਂ ਸਿੱਧਾ ਹਜ਼ਾਰਾਂ ਦੀ ਤਾਦਾਦ 'ਚ ਛੜੱਪਾ ਇਕਦਮ ਉਭਰਕੇ ਸਾਹਮਣੇ ਆਇਆ ਸੀ।[3] ਇਕ ਸਰਕਾਰੀ ਗਣਨਾ ਅਨੁਸਾਰ, ਫਿਰ ਵੀ 1899 ਅਤੇ 1913 ਦਰਮਿਆਨ ਅਮਰੀਕਾ ਵਿਚ (ਕਾਨੂੰਨੀ ਤੌਰ 'ਤੇ) ਸਿਰਫ਼ 6656 ਦੱਖਣੀ ਏਸ਼ੀਆਈ ਹੀ ਗਏ ਸਨ। ਸੈਂਕੜੇ ਹੋਰ ਸ਼ੰਘਾਈ, ਹਾਂਗਕਾਂਗ, ਮਨੀਲਾ ਅਤੇ ਪੂਰਬੀ ਏਸ਼ੀਆ ਦੀਆਂ ਹੋਰ ਬੰਦਰਗਾਹਾਂ ਉੱਪਰ ਪੈਸੀਫਿਕ ਦੀ ਰਾਹਦਾਰੀ ਮਿਲਣ ਦੀ ਇੰਤਜ਼ਾਰ 'ਚ ਬੈਠੇ ਸਨ ਕਿ ਪਹਿਲਾਂ ਹੀ ਉੱਥੇ ਪਹੁੰਚ ਚੁੱਕੇ ਦੋਸਤ-ਮਿੱਤਰ ਉਨ੍ਹਾਂ ਦੀ ਥੋੜ੍ਹੀ ਮਦਦ ਕਰ ਦੇਣਗੇ। 1914 'ਚ ਜੰਗ ਤੋਂ ਐਨ ਪਹਿਲਾਂ ਉੱਤਰੀ ਅਮਰੀਕਾ ਵਿਚ ਅੰਦਾਜ਼ਨ 10,000 ਦੱਖਣੀ ਏਸ਼ੀਆਈ ਸਨ।[4]

ਜ਼ਿਆਦਾਤਰ ਪੰਜਾਬੀ ਕਾਮੇ ਛੋਟੇ ਆਜ਼ਾਦ ਭੋਂਇ ਮਾਲਕ ਮੁਕਾਬਲਤਨ ਸਰਦੇ-ਪੁੱਜਦੇ ਟੱਬਰਾਂ 'ਚੋਂ ਸਨ, ਜੋ ਮੁੱਖ ਤੌਰ 'ਤੇ ਦੋਆਬਾ ਖੇਤਰ ਵਿਚ ਕੇਂਦਰਤ ਸਨ। ਉਨ੍ਹਾਂ ਵਿੱਚੋਂ ਤਕਰੀਬਨ ਅੱਧੇ ਬਰਤਾਨਵੀ ਫ਼ੌਜ ਜਾਂ ਫ਼ੌਜੀ ਪੁਲਿਸ ਵਿਚ ਰਹਿ ਚੁੱਕੇ ਸਨ। ਨੌਕਰੀ ਕਰਨ ਤੋਂ ਬਾਅਦ, ਨਾਮਾਤਰ ਰਸਮੀ ਪੜ੍ਹਾਈ ਦੇ ਬਾਵਜੂਦ ਵਿਸ਼ਵੀ ਤਜ਼ਰਬਾ ਰੱਖਦੇ ਇਨ੍ਹਾਂ ਕਈ ਬੰਦਿਆਂ, ਜੋ ਦੁਨੀਆ ਦਾ ਕੁਝ ਰੰਗ-ਢੰਗ ਦੇਖ ਚੁੱਕੇ ਸਨ, ਨੂੰ ਹੁਣ ਆਪਣੇ ਜੱਦੀ ਦਲਿੱਦਰੀ ਪਿੰਡਾਂ 'ਚ ਜਾ ਕੇ ਟਿਕ ਜਾਣ ਦੀ ਬਜਾਏ ਹੋਰ ਜੋਖ਼ਮ ਉਠਾਉਣ ਦਾ ਚਸਕਾ ਪੈ ਗਿਆ ਸੀ। ਇਹ ਪੰਜਾਬੀ ਕੁਝ ਤਾਂ ਪੈਸਾ ਬਣਾ ਲੈਣ ਦੇ ਮੌਕਿਆਂ ਦੇ ਅਤੇ ਕੁਝ ਆਪਣੇ ਘਾਟੇ ਪੂਰੇ ਕਰਨ ਲਈ ਜਹਾਜ਼ਾਂ ਦੀਆਂ ਕੰਪਨੀਆਂ ਵਲੋਂ ਦਿੱਤੇ ਲਾਲਚ ਦੇ ਭਰਮਾਏ ਹੋਏ ਸਨ ਜਿਨ੍ਹਾਂ ਦਾ ਕਾਰੋਬਾਰ ਚੀਨੀ ਕਿਰਤੀ

ਮੁਸਾਫ਼ਰਾਂ ਦੀ ਘਾਟ ਨਾਲ ਡਾਵਾਂਡੋਲ ਹਾਲਤ 'ਚ ਸੀ (1882 'ਚ ਚੀਨੀਆਂ ਉੱਪਰ ਰੋਕ ਲਾਉਣ ਦੇ ਐਕਟ ਨੂੰ ਅਮਰੀਕੀ ਲਾਅ ਦਾ ਹਿੱਸਾ ਬਣਾਕੇ ਮਨਜ਼ੂਰੀ ਦੇ ਦਿੱਤੀ ਗਈ ਸੀ)। ਉਹ ਇਥੇ ਆ ਕੇ ਲੱਕੜ ਮਿੱਲਾਂ ਵਿਚ ਜਾਂ ਰੇਲਵੇ ਪਟੜੀਆਂ ਵਿਛਾਉਣ ਅਤੇ ਕੁਝ ਖਾਣਾ ਡੱਬਾਬੰਦ ਕਰਨ ਦੀਆਂ ਫੈਕਟਰੀਆਂ ਜਾਂ ਉਸਾਰੀ ਦੇ ਖੇਤਰ 'ਚ ਕੰਮ ਕਰਨ ਲੱਗੇ ਪਰ ਜ਼ਿਆਦਾਤਰ ਉਹ ਪ੍ਰਵਾਸੀ ਖੇਤ ਮਜ਼ਦੂਰਾਂ 'ਚ ਸ਼ਾਮਲ ਹੋਏ। ਇਮੀਗ੍ਰੇਸ਼ਨ ਮਹਿਕਮੇ ਦੇ ਅਧਿਕਾਰਤ ਅਨੁਵਾਦਕ ਡੈਡੀ ਬਰਜਰ ਨੇ ਦਾਅਵਾ ਕੀਤਾ ਕਿ ਇਨ੍ਹਾਂ ਬਾ-ਜ਼ਾਬਤਾ ਅਤੇ ਖ਼ੁਦ ਨੂੰ ਹਾਲਾਤ ਅਨੁਸਾਰ ਢਾਲ ਲੈਣ ਵਾਲਿਆਂ ਦੀ ਐਨੀ ਮੰਗ ਸੀ ਕਿ ਕਈ ਵਾਰ ਸੈਕਰਾਮੈਂਟੋ ਦੀ ਘਾਟੀ ਤੋਂ ਵੱਡੇ ਭੋਂਇ ਮਾਲਕ ਖ਼ੁਦ ਸਿੱਧੇ ਏਂਜਲ ਆਈਲੈਂਡ ਬੰਦਰਗਾਹ 'ਤੇ ਆ ਕੇ ਨਵੇਂ ਆਉਣ ਵਾਲਿਆਂ ਨੂੰ ਕੰਮ 'ਤੇ ਲੈ ਜਾਂਦੇ ਸਨ। (ਜਿਹੜੇ ਗ਼ੈਰ-ਫ਼ੌਜੀ ਆਮ ਤੌਰ 'ਤੇ ਇਕ ਵੱਡੇ ਟੱਬਰ ਦੇ ਸਾਂਝੇ ਆਰਥਕ ਫ਼ੈਸਲੇ ਦੇ ਸਿੱਟੇ ਵਜੋਂ ਸਿੱਧਾ ਪਿੰਡ ਤੋਂ ਆਉਂਦੇ ਸਨ, ਡੈਡੀ ਬਰਜਰ ਦੇ ਖ਼ਿਆਲ ਅਨੁਸਾਰ ਉਨ੍ਹਾਂ ਪੇਂਡੂਆਂ ਦੀ ਗੁਣਵਤਾ ਇਸ ਤੋਂ ਮਾੜੀ ਹੁੰਦੀ ਸੀ।)[5]

ਮੁਲਕ 'ਚ ਬਸਤੀਆਨਾ ਖੇਤੀਬਾੜੀ ਨੀਤੀਆਂ ਨੇ ਆਰਥਕ ਤੰਗੀ ਕਾਰਨ ਬਦੇਸ਼ਾਂ 'ਚ ਜਾਣ ਦੀ ਇਸ ਪ੍ਰਬਲ ਤਾਂਘ ਨੂੰ ਹੋਰ ਜ਼ਰਬਾਂ ਦੇ ਦਿੱਤੀਆਂ। ਭੋਂਇ ਅਲਹਿਦਗੀ ਕਾਨੂੰਨ-1901 ਜੋ ਜ਼ਮੀਨਾਂ ਦੇ ਰਵਾਇਤੀ ਮਾਲਕ ਗਰੁੱਪਾਂ ਤੋਂ ਜ਼ਮੀਨ ਦਾ ਮਾਲਕੀ ਤਬਾਦਲਾ ਕਰਨ ਉਪਰ ਰੋਕ ਲਾਉਂਦਾ ਸੀ ਉਸ ਦਾ ਮਨੋਰਥ ਪਿੰਡਾਂ ਦੇ ਹੱਥੋਂ ਜ਼ਮੀਨ ਨਿਕਲਕੇ ਸ਼ਹਿਰੀ (ਆਮ ਤੌਰ 'ਤੇ ਹਿੰਦੂ) ਸ਼ਾਹੂਕਾਰਾਂ ਦੇ ਹੱਥ ਚਲੇ ਜਾਣ ਨੂੰ ਰੋਕਣਾ ਸੀ। ਪਰ ਇਸ ਦਾ ਇਕ ਅਸਰ ਇਹ ਵੀ ਹੋਇਆ ਕਿ ਇਹ ਵਸੋਂ ਦੇ ਕੁਝ ਸਿੱਖ ਅਤੇ ਦਾਬੇ ਦੇ ਲਤਾੜੇ ਹੋਏ ਸਮਾਜੀ ਹਿੱਸਿਆਂ ਨਾਲ ਜ਼ਮੀਨ ਨਾ ਹਾਸਲ ਕਰ ਸਕਣ ਦੇ ਪ੍ਰਚਲਤ ਅਨਿਆਂ ਦਾ ਸੰਸਥਾਕਰਨ ਵੀ ਕਰਦਾ ਸੀ। ਫਿਰ 1906 ਦੇ ਬਸਤੀਕਰਨ ਬਿੱਲ ਅਤੇ ਬਾਰੀ ਦੋਆਬ ਨਹਿਰ ਸਕੀਮ ਨਾਲ ਆਬਿਆਨਾ ਦਰਾਂ 'ਚ ਭਾਰੀ ਵਾਧਾ ਹੋ ਗਿਆ ਅਤੇ ਇਸ ਨੂੰ ਇਸਤੇਮਾਲ ਕਰਨ ਦਾ ਬੰਦੋਬਸਤ ਵੀ ਪੇਚੀਦਾ ਬਣਾ ਦਿੱਤਾ ਗਿਆ ਜਿਸ ਦਾ ਉਦੇਸ਼ ਇਸ ਖਿੱਤੇ ਦੀ ਭਰਪੂਰ ਖੇਤੀਬਾੜੀ ਪੈਦਾਵਾਰ ਨੂੰ ਵੱਧ ਤੋਂ ਵੱਧ ਹਥਿਆਉਣਾ ਅਤੇ ਇਸ ਜ਼ਰੀਏ ਇਸ ਨੂੰ ਸਥਾਨਕ ਕੰਟਰੋਲ ਤੇ ਗੁਜ਼ਾਰੇ ਦੀਆਂ ਲੋੜਾਂ ਨਾਲੋਂ ਤੋੜ ਕੇ ਬਰਤਾਨੀਆ ਦੀ ਜਿਣਸ ਮੰਡੀ ਲਈ ਭੇਜਣਾ ਸੀ।

ਇਸ ਨਾਲ 1907 'ਚ ਅਜੀਤ ਸਿੰਘ ਤੇ ਕਿਸ਼ਨ ਸਿੰਘ ਦੋਵੇਂ ਭਾਈਆਂ ਦੀ ਅਗਵਾਈ 'ਚ ਅੰਦੋਲਨ ਸ਼ੁਰੂ ਹੋ ਗਿਆ, ਜਿਨ੍ਹਾਂ ਨੇ ਭਵਿੱਖੀ ਗ਼ਦਰ ਦੇ ਸਹਿਯੋਗੀ ਹੋਣਾ ਸੀ ਅਤੇ ਉਹ ਕ੍ਰਮਵਾਰ ਭਗਤ ਸਿੰਘ ਦੇ ਮਾਣਯੋਗ ਚਾਚਾ ਤੇ ਪਿਤਾ ਜੀ ਸਨ। ਇਸ ਬੇਚੈਨੀ ਸਮੇਂ ਦੀ ਇਕ ਗ਼ੌਰਤਲਬ ਖ਼ੂਬੀ ਇਹ ਹੈ ਕਿ ਅਜੀਤ ਸਿੰਘ ਨੇ ਨਾ ਸਿਰਫ਼ ਇਸ ਘਾਤਕ ਕਾਨੂੰਨ ਵਿਚ ਸੁਧਾਰਾਂ ਦੀ ਸਗੋਂ ਅੰਗਰੇਜ਼ ਨੂੰ ਹਿੰਦੁਸਤਾਨ ਵਿਚੋਂ ਕੱਢਣ ਦੀ ਗੱਲ ਸਾਫ਼ ਸਾਫ਼ ਕੀਤੀ ਸੀ, ਜੇ ਲੋੜ ਪਈ ਤਾਂ ਹਿੰਸਕ ਢੰਗਾਂ ਨਾਲ। ਉਸ ਨੇ ਹਿੰਦੁਸਤਾਨੀਆਂ ਦੀ ਦੇਸ਼ਭਗਤ ਸਭਾ, *ਭਾਰਤ ਮਾਤਾ ਸੋਸਾਇਟੀ* ਬਣਾਈ ਅਤੇ ਇਕ ਅਖ਼ਬਾਰ *ਪੇਸ਼ਵਾ* ਕੱਢਿਆ। ਆਪਣੀਆਂ ਸਰਗਰਮੀਆਂ ਕਾਰਨ ਉਸ ਨੂੰ 1909 ਤੱਕ ਮਾਂਡਲੇ ਜੇਲ੍ਹ 'ਚ ਰੱਖਿਆ ਗਿਆ, ਫਿਰ ਉਹ ਤੇ ਉਸ ਦਾ *ਪੇਸ਼ਵਾ* ਵਾਲਾ ਸਾਥੀ ਸੂਫੀ ਅੰਬਾ ਪ੍ਰਸਾਦ ਈਰਾਨ ਚਲੇ ਗਏ। ਇਥੇ ਉਨ੍ਹਾਂ ਨੇ ਇਕ ਇਨਕਲਾਬੀ ਕੇਂਦਰ ਬਣਾਇਆ ਜਿੱਥੋਂ ਉਹ ਕਈ ਸਾਲ ਪੂਰੇ ਯੂਰਪ ਅਤੇ ਉੱਤਰੀ ਅਮਰੀਕਾ ਦੇ ਇਨਕਲਾਬੀਆਂ ਦਾ ਆਪਸੀ ਮੇਲਜੋਲ ਕਰਾਉਣ ਦੇ ਕੰਮ 'ਚ ਜੁੱਟੇ ਰਹੇ। 1914 'ਚ ਅਜੀਤ ਸਿੰਘ ਹਸਨ ਖਾਂ ਦੇ ਫਰਜ਼ੀ ਈਰਾਨੀ ਨਾਂ ਹੇਠ ਪੈਰਿਸ 'ਚ ਰਹਿ ਰਿਹਾ ਸੀ ਅਤੇ ਅੰਗਰੇਜ਼ੀ ਦੀਆਂ ਜਮਾਤਾਂ ਨੂੰ ਪੜ੍ਹਾ ਕੇ ਆਪਣਾ ਖ਼ਰਚਾ ਚਲਾ ਰਿਹਾ ਸੀ। ਬਾਅਦ 'ਚ ਆਲਮੀ ਜੰਗ ਦੌਰਾਨ ਉਹ ਇਸੇ ਸਿਲਸਿਲੇ 'ਚ

ਬਰਾਜ਼ੀਲ ਅਤੇ ਅਰਜਨਟਾਈਨਾ ਵੀ ਗਿਆ। ਸ਼ਾਇਦ ਇੰਞ ਹੀ ਹੋਣਾ ਸੀ, ਐਨ ਆਜ਼ਾਦੀ ਦੇ ਮੌਕੇ 'ਤੇ 15 ਅਗਸਤ 1947 ਨੂੰ ਉਸ ਦਾ ਦੇਹਾਂਤ ਹੋ ਗਿਆ।[6]

ਪਰ ਆਮ ਪੰਜਾਬੀ ਵਸੋਂ ਦੇ ਰੋਸ ਅਜੇ ਵਡੇਰੇ, ਧਰਮਨਿਰਪੱਖ ਅਤੇ/ਜਾਂ ਕੌਮੀ ਪ੍ਰਸੰਗ ਨਾਲ ਨਹੀਂ ਸੀ ਜੁੜ ਰਹੇ। ਉਸ ਵਕਤ ਦੀ ਸਿਆਸੀ ਚੇਤਨਾ ਅਸਲ ਵਿਚ ਮਜ਼੍ਹਬੀ ਖ਼ਾਸੀਅਤਾਂ ਵਾਲੇ ਆਰੀਆ ਸਮਾਜ ਅਤੇ ਸਿੰਘ ਸਭਾ ਜ਼ਰੀਏ ਆ ਰਹੀ ਸੀ, ਜਦਕਿ ਬਰਤਾਨਵੀ ਫ਼ੌਜ ਸਾਂਝੀ ਪਛਾਣ ਅਤੇ ਵਫ਼ਾਦਾਰੀ ਦਾ ਮਜ਼ਬੂਤ ਧੁਰਾ ਬਣੀ ਹੋਈ ਸੀ।[7] ਸਿਧਾਂਤ ਵਿਚ, ਇਨ੍ਹਾਂ ਪੁਰਾਣੇ ਨੌਕਰਾਂ ਨੂੰ ਆਪਣੇ ਭਾਈਚਾਰੇ ਦਾ ਅੰਗਰੇਜ਼ ਸਲਤਨਤ ਦੀ ਫ਼ੌਜੀ ਖ਼ਿਦਮਤ ਕਰਨ ਦਾ ਸਿੱਕੇਬੰਦ ਰਿਕਾਰਡ ਹੋਣ ਅਤੇ ਇਹ ਜੋ ਆਪਣਾ ਰੁਤਬਾ ਸਮਝਦੇ ਸਨ ਉਸ ਦੇ ਕਾਰਨ, ਡੁਮੀਨੀਅਨ ਦੀ ਪਰਜਾ ਵਜੋਂ ਕੈਨੇਡਾ ਵਿਚ ਵਸਣ ਦਾ ਹੱਕ ਸੀ। ਵਿਹਾਰ ਵਿਚ, ਉਨ੍ਹਾਂ ਨੂੰ ਆਮ ਲੋਕਾਂ ਅਤੇ ਵਿਧਾਨਕ ਅਦਾਰਿਆਂ ਦੇ ਭੈੜੀ ਕਿਸਮ ਦੇ ਨਸਲਵਾਦ ਦਾ ਸਾਹਮਣਾ ਕਰਨਾ ਪਿਆ। ਇਹ ਨਫ਼ਰਤ ਕਿਉਂ ? ਆਖ਼ਿਰਕਾਰ, ਹਰੀਸ਼ ਪੁਰੀ ਟਿੱਪਣੀ ਕਰਦਾ ਹੈ, ਹਿੰਦੁਸਤਾਨੀ ਨਿਰਾ ਉਨ੍ਹਾਂ ਦੀ ਨਸਲੀ ਸ਼ੁੱਧਤਾ ਲਈ ਕੋਈ ਖ਼ਤਰਾ ਨਹੀਂ ਸੀ ਹੋ ਸਕਦੇ ਕਿਉਂਕਿ ਉਸ ਵਕਤ ਉੱਥੇ ਉਨ੍ਹਾਂ ਨਾਲੋਂ ਕਿਤੇ ਵਧੇਰੇ ਚੀਨੀ ਅਤੇ ਜਪਾਨੀ ਜਾ ਰਹੇ ਸਨ। ਪਰ ਬਸਤੀਵਾਦੀ ਰਾਜ ਦੀ ਨਾਜ਼ੁਕ ਸਥਿਰਤਾ ਹਿੰਦੁਸਤਾਨੀਆਂ ਨਾਲ ਜੁੜੀ ਹੋਣ ਕਾਰਨ ਸਿਆਸੀ ਤੌਰ 'ਤੇ ਉਨ੍ਹਾਂ ਦਾ ਮਾਮਲਾ ਖ਼ਾਸ ਬਣ ਜਾਂਦਾ ਸੀ। ਹਿੰਦੁਸਤਾਨ ਬਾਰੇ ਬਦੇਸ਼ ਸਕੱਤਰ ਨੂੰ ਖ਼ਦਸ਼ਾ ਸੀ ਕਿ ਜੇ ਉਨ੍ਹਾਂ ਨੂੰ ਕੈਨੇਡਾ 'ਚ ਆਉਣ ਦੀ ਖੁੱਲ੍ਹ ਦਿੱਤੀ ਜਾਂਦੀ ਰਹੀ ਤਾਂ ਇਹ ਕੁਝ ਵਾਪਰ ਸਕਦਾ ਹੈ:

1. ਕਿ ਗੋਰੇ ਕਾਮਿਆਂ ਨਾਲ ਮੁਕਾਬਲੇਬਾਜ਼ੀ ਜ਼ਰੀਏ ਜੋ ਗੂੜ੍ਹੀ ਨੇੜਤਾ ਬਣਦੀ ਹੈ ਉਹ ਬਰਤਾਨਵੀ ਰੋਹਬ-ਦਾਬ ਦੇ ਹੱਕ 'ਚ ਨਹੀਂ ਜਾਂਦੀ; ਹਿੰਦੁਸਤਾਨ ਉੱਪਰ ਜਕੜ ਤਾਕਤ ਨਾਲ ਨਹੀਂ ਸਿਰਫ਼ ਰੋਹਬ-ਦਾਬ ਸਦਕਾ ਬਣੀ ਹੋਈ ਹੈ;
2. ਵੈਨਕੂਵਰ ਵਿਚ ਸਮਾਜਵਾਦੀ ਪ੍ਰਚਾਰ ਹੋ ਰਿਹਾ ਹੈ, ਅਤੇ ਪੂਰਬੀ ਹਿੰਦੁਸਤਾਨੀਆਂ ਦੇ ਸਮਾਜਵਾਦੀ ਖ਼ਿਆਲਾਂ ਦੇ ਰੰਗ 'ਚ ਰੰਗੇ ਜਾਣ ਦਾ ਖ਼ਤਰਾ ਹੈ;
3. ਕਾਮਿਆਂ ਦੀ ਸ਼ਰੀਕੇਬਾਜ਼ੀ ਦੇ ਸਿੱਟੇ ਵਜੋਂ ਗਾਹੇ-ਬਗਾਹੇ ਗੋਰਿਆਂ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਣੀ ਹੀ ਹੈ ਅਤੇ ਵੈਨਕੂਵਰ ਵਿਚ ਹਿੰਦੁਸਤਾਨੀਆਂ ਨਾਲ ਮਾੜੇ ਵਰਤਾਓ ਵਿੱਚੋਂ ਪੈਦਾ ਹੋਣ ਵਾਲੇ ਕਿਸੇ ਵੀ ਅਸੰਤੋਖ ਦਾ ਲਾਹਾ ਯਕੀਨਨ ਹੀ ਹਿੰਦੁਸਤਾਨ ਵਿਚ ਅੰਦੋਲਨ ਛੇੜਨ ਦੇ ਮਨਸ਼ੇ ਨਾਲ ਲਿਆ ਜਾਵੇਗਾ; (ਅਤੇ)
4. ਕਈ ਵਾਰ ਬੇਅਸੂਲੇ ਵਿਰੋਧੀ ਪੂਰਬੀ ਹਿੰਦੁਸਤਾਨੀਆਂ ਦੇ ਮਾਮਲਿਆਂ ਨੂੰ ਆਪਣੀ ਸਿਆਸੀ ਪਾਰਟੀ ਦੇ ਕਾਜ ਦੇ ਹੱਕ 'ਚ ਭੁਗਤਾਉਣ ਲਈ ਇਸਤੇਮਾਲ ਕਰ ਸਕਦੇ ਹਨ।[8]

ਜਿਵੇਂ ਵਕਤ ਨੇ ਸਾਬਤ ਕੀਤਾ, ਇਨ੍ਹਾਂ ਵਿਚੋਂ ਉਹ ਕਿਸੇ ਵੀ ਨੁਕਤੇ ਬਾਰੇ ਗ਼ਲਤ ਨਹੀਂ ਸੀ।

ਬ੍ਰਿਗੇਡੀਅਰ ਜਨਰਲ ਈ ਜੇ ਸਵਾਇਨ ਨੇ ਵੀ ਆਪਣੇ ਖ਼ੁਫ਼ੀਆ ਯਾਦ-ਪੱਤਰ ਵਿਚ ਇਸੇ ਸੁਰ 'ਚ ਚੇਤਾਵਨੀ ਦਿੱਤੀ ਸੀ ਕਿ ਜਿਹੜੇ ਹਿੰਦੁਸਤਾਨੀ ਆਜ਼ਾਦ ਕਾਮਿਆਂ ਵਜੋਂ ਕੈਨੇਡਾ ਆਏ ਸਨ ਉਹ ਇਸ ਖ਼ਤਰੇ ਕਾਰਨ "ਸਿਆਸੀ ਤੌਰ 'ਤੇ ਨਾਵਾਜਬ" ਸਨ ਕਿ "ਇਹ ਆਦਮੀ ਹਿੰਦੁਸਤਾਨ ਜਾ ਕੇ ਮੁਕਤੀ ਦਾ ਪ੍ਰਚਾਰ ਕਰ ਸਕਦੇ ਸਨ ਜਿਸ ਨਾਲ ਅਮਨ-ਕਾਨੂੰਨ ਪੱਖੋਂ ਗੜਬੜ ਪੈਦਾ ਹੋ ਜਾਵੇਗੀ।"[9] ਉਸ ਦੇ ਕਥਨ ਤੋਂ ਇੰਞ ਪ੍ਰਤੀਤ ਹੁੰਦਾ ਸੀ ਜਿਵੇਂ ਆਜ਼ਾਦੀ ਦੀ

ਤਾਜ਼ੀ ਪੌਣ ਕੋਈ ਖ਼ਤਰਨਾਕ ਗੈਸ ਹੋਵੇ।

ਗ਼ਦਰ ਬਿਰਤਾਂਤ (ਸਮਕਾਲੀ ਅਤੇ ਅਤੀਤਦਰਸ਼ੀ ਦੋਵਾਂ) ਵਿਚ ਇਹੀ ਦੁਹਰਾਇਆ ਗਿਆ ਕਿ ਅਮਰੀਕਾ ਵਿਚ ਜਾ ਕੇ "ਵਸੇ" ਇਹ ਹਿੰਦੁਸਤਾਨੀ ਹੁਣ ਆਧੁਨਿਕਤਾ, ਆਜ਼ਾਦੀ ਅਤੇ ਬਰਾਬਰੀ ਦੀ ਫ਼ਿਜ਼ਾ 'ਚ ਸਾਹ ਲੈ ਰਹੇ ਸਨ। ਅਤੇ ਫਿਰ ਵੀ ਇਸ ਅਮਰੀਕੀ ਆਦਰਸ਼ ਦੀ ਕਹਿਣੀ ਅਤੇ ਉਨ੍ਹਾਂ ਦੇ ਆਪਣੇ ਅਮਰੀਕੀ ਅਨੁਭਵ ਦਰਮਿਆਨ ਇਕ ਪਾੜਾ ਸੀ। ਜਦੋਂ ਉਹ ਇਕੇਰਾਂ ਕੈਲੀਫੋਰਨੀਆਂ ਜਾ ਪਹੁੰਚੇ, ਫਿਰ ਉਹ ਸ਼ਤਾਵਰੀ, ਅਜਮੂਦ, ਆਲੂ, ਫ਼ਲੀਆਂ, ਨਿੰਬੂ ਅਤੇ ਸੰਤਰੇ ਤੋੜਨ ਦਾ ਕੰਮ ਕਰਕੇ 2-3 ਡਾਲਰ ਰੋਜ਼ਾਨਾ ਮਜ਼ਦੂਰੀ ਹਾਸਲ ਕਰ ਸਕਦੇ ਸਨ।[10] ਮਜ਼ੇ ਦੀ ਗੱਲ ਦੇਖੋ, ਇੰਞ ਪ੍ਰਤੀਤ ਹੁੰਦਾ ਹੈ ਕਿ ਭਾਈਚਾਰੇ ਦੇ ਬਿਰਤਾਂਤਕਾਰ ਕੁਝ ਉਨ੍ਹਾਂ ਹੀ ਫੈਕਟਰਾਂ ਨੂੰ ਮਾਣ ਵਾਲੀ ਗੱਲ ਸਮਝਦੇ ਸਨ ਜਿਨ੍ਹਾਂ ਨੂੰ ਉਨ੍ਹਾਂ ਦੇ ਖ਼ਿਲਾਫ਼ ਨਸਲੀ ਵਿਤਕਰੇ ਦੇ ਬਹਾਨੇ ਵਜੋਂ ਇਸਤੇਮਾਲ ਕੀਤਾ ਜਾਂਦਾ ਸੀ: ਮਿਸਾਲ ਵਜੋਂ ਗੋਰੇ ਕਾਮੇ ਪ੍ਰਵਾਸੀਆਂ ਦੀ ਤਾਕਤ, ਧੀਰਜ, ਉੱਦਮ, ਹੈਰਾਨੀਜਨਕ ਕਿਰਸੀ ਜ਼ਿੰਦਗੀ ਨੂੰ ਈਰਖਾ ਕਰਦੇ ਅਤੇ ਇਸ ਤੋਂ ਚਿੜ੍ਹਦੇ ਸਨ। ਅਜਿਹਾ ਕਰਦੇ ਰਹਿਣ ਖ਼ਾਤਰ ਹਿੰਦੁਸਤਾਨੀ ਕਾਮਿਆਂ ਨੇ ਰਿਹਾਇਸ਼ ਅਤੇ ਕੰਮ ਦੇ ਹਾਲਾਤ ਦੇ ਮਸਲੇ ਹੱਲ ਕਰਨ ਲਈ ਇਕ ਦੂਜੇ ਦੀ ਮਦਦ ਕਰਨ ਦੇ ਜੁਗਾੜ ਬਣਾ ਲਏ, ਉਹ ਅਕਸਰ ਇਕੱਠੇ ਰਹਿੰਦੇ ਅਤੇ ਸਾਂਝਾ ਲੰਗਰ ਪਕਾਉਂਦੇ ਤੇ ਮਿਲ-ਜੁਲਕੇ ਖਾਂਦੇ। ਕੰਮ ਲੱਭਣ ਅਤੇ ਕੰਮ ਦੀਆਂ ਸ਼ਰਤਾਂ ਤੈਅ ਕਰਨ ਜਾਂ ਲੋੜ ਪੈਣ 'ਤੇ ਵਕੀਲ ਨਾਲ ਗੱਲ ਕਰਨ ਲਈ ਉਹ ਅੰਗਰੇਜ਼ੀ ਬੋਲਣ ਵਾਲੇ ਨੂੰ ਆਪਣਾ ਮੋਹਰੀ ਬਣਾ ਕੇ ਕੰਮ ਟੋਲੀਆਂ ਬਣਾ ਲੈਂਦੇ। ਕੁਝ ਟੋਲੀਆਂ ਤਾਂ ਹਫ਼ਤੇ ਦੇ ਅਖ਼ੀਰ 'ਚ ਆਪਣੀਆਂ ਉਜਰਤਾਂ ਵੀ ਬਰਾਬਰ ਵੰਡ ਲੈਂਦੀਆਂ ਸਨ।[11] ਗੁਰਦਵਾਰਿਆਂ ਦਾ ਨਵਾਂ-ਨਵਾਂ ਹੋਂਦ 'ਚ ਆਇਆ ਤਾਣਾਬਾਣਾ (ਸਿੱਖ ਭਾਈਚਾਰੇ ਦੇ ਮੇਲ-ਜੋਲ ਦੇ ਕੇਂਦਰ) ਵੀ ਲਾਮਬੰਦੀ, ਟਾਕਰੇ ਅਤੇ ਇਕਮੁੱਠਤਾ ਦੇ ਅਹਿਮ ਅੱਡਿਆਂ ਦਾ ਕੰਮ ਦਿੰਦਾ ਸੀ, ਇਸ ਨਾਲ ਪੈਸੀਫਿਕ ਰਿਮ ਦੇ ਇਰਦ-ਗਿਰਦ ਸਿੱਖ *ਗ੍ਰੰਥੀਆਂ* ਦੀ ਭਾਈਚਾਰੇ ਦੇ ਆਗੂਆਂ, ਨੁਮਾਇੰਦਿਆਂ, ਸਾਲਸਾਂ ਅਤੇ ਲਾਮਬੰਦੀ ਕਰਤਾਵਾਂ ਵਜੋਂ ਕੰਮ ਕਰਨ ਦੀ ਇਕ ਪਿਰਤ ਹੀ ਪੈ ਗਈ।

ਮਿਸਾਲ ਵਜੋਂ, ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ ਦੇ ਬਣਨ ਤੋਂ ਪਹਿਲਾਂ ਬ੍ਰਿਟਿਸ਼ ਕੋਲੰਬੀਆ ਦੇ ਸਭ ਤੋਂ ਅਹਿਮ ਸਿਆਸੀ ਨੁਮਾਇੰਦਿਆਂ ਵਿੱਚੋਂ ਇਕ ਸੀ ਸਤਿਕਾਰਤ ਪ੍ਰਚਾਰਕ ਤੇਜਾ ਸਿੰਘ। ਜਦੋਂ 1908 'ਚ ਉਸ ਨੂੰ ਪੱਛਮੀ ਸਮੁੰਦਰੀ ਕੰਢੇ ਵਾਲਿਆਂ ਵਲੋਂ ਭਾਈਚਾਰੇ ਦੀ ਨੁਮਾਇੰਦਗੀ ਕਰਨ ਦਾ ਸੱਦਾ ਆਇਆ ਓਦੋਂ ਉਹ ਕੋਲੰਬੀਆ ਯੂਨੀਵਰਸਿਟੀ ਵਿਖੇ ਪੜ੍ਹਾਈ ਕਰ ਰਿਹਾ ਸੀ। ਭੀੜ ਭੜਕਾਊ ਨਾ ਹੋ ਕੇ ਉਹ ਇਕ ਵਿਦਵਾਨ ਅਤੇ ਪ੍ਰਚਾਰਕ ਸੀ, ਉਸ ਨੇ ਪ੍ਰਵਾਸੀਆਂ ਨੂੰ ਵਾਪਸ ਭੇਜਣ ਦੇ ਖ਼ਤਰੇ ਤੋਂ ਰਾਖੀ ਖ਼ਾਤਰ ਲਾਮਬੰਦੀ ਕਰਨ ਲਈ ਗੁਰਦਵਾਰਿਆਂ ਵਿਚ ਇਕੱਠਾਂ ਨੂੰ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ, ਇਸੇ ਦੌਰਾਨ ਉਸ ਨੇ ਆਪਣੀਆਂ ਸਰਗਰਮੀਆਂ ਨੂੰ ਸ੍ਰੀ ਗੁਰੂ ਨਾਨਕ ਦੀ ਰਾਹ-ਨੁਮਾਈ ਵਿਚ ਇਕ ਪਾਵਨ ਮਿਸ਼ਨ ਬਣਾ ਲਿਆ ਅਤੇ ਉਸ ਨੇ ਆਪਣੀਆਂ ਤਕਰੀਰਾਂ ਰੂਹਾਨੀ ਮੁਹਾਵਰੇ 'ਚ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਪਰ ਭਾਵੇਂ *ਗੁਰੂਦਵਾਰੇ* ਗ਼ਦਰੀ ਸਰਗਰਮੀਆਂ ਨੂੰ ਜਥੇਬੰਦ ਕਰਨ ਦੇ ਸੁਖਾਲੇ ਕੇਂਦਰ ਬਣੇ ਰਹੇ, ਜੋ ਲੋਕਾਂ ਤਕ ਆਪਣੀ ਗੱਲ ਲਿਜਾਣ ਅਤੇ ਉਨ੍ਹਾਂ ਨੂੰ ਲਾਮਬੰਦ ਕਰਨ ਦਾ ਆਦਰਸ਼ਕ ਢਾਂਚਾ ਮੁਹੱਈਆ ਕਰਦੇ ਸਨ, ਪਰ ਉਨ੍ਹਾਂ ਦਾ ਅਸਲ ਮਿਸ਼ਨ ਪੰਜਾਬ ਵਿਚ ਸਿੰਘ ਸਭਾ ਦੀ ਤਰਜ਼ 'ਤੇ ਬੇਗਾਨੇ ਮੁਲਕ ਵਿਚ ਭਾਈਚਾਰੇ ਦੀ ਪਛਾਣ ਨੂੰ ਖ਼ੋਰੇ ਦੇ ਖ਼ਤਰੇ ਤੋਂ ਬਚਾਉਣ ਦੇ ਬਚਾਓਵਾਦੀ ਪੈਂਤੜੇ ਤੋਂ ਆਤਮ-ਸ਼ੁੱਧੀਕਰਨ ਵੱਲ ਸੇਧਤ ਸੀ। ਖ਼ਾਲਸਾ ਦੀਵਾਨ ਸੋਸਾਇਟੀ ਦੇ ਆਗੂਆਂ ਜ਼ਰੀਏ ਕੀਤੇ ਜਾਂਦੇ ਇਸ ਤਰੱਦਦ ਦਾ ਸਰੋਕਾਰ ਸਿੱਖ ਕਾਮਿਆਂ ਅੰਦਰ ਬਾਣੇ ਅਤੇ ਖਾਣ-ਪੀਣ

ਦੀਆਂ ਆਦਤਾਂ ਪੱਖੋਂ ਕੁਰਹਿਤਾਂ ਨੂੰ ਸਿੱਖੀ ਦੇ ਪ੍ਰਚਾਰ ਅਤੇ ਨਵੇਂ ਗੁਰੂਦਵਾਰੇ ਬਣਾਕੇ (ਲੋੜ ਪੈਣ 'ਤੇ ਪਤਿਤਾਂ ਦੇ ਬਾਈਕਾਟ ਅਤੇ ਉਨ੍ਹਾਂ ਨੂੰ ਭਾਈਚਾਰੇ ਵਿੱਚੋਂ ਛੇਕਕੇ) ਬੇਅਸਰ ਬਣਾਉਣ ਨਾਲ ਸੀ।[12] ਜਦਕਿ ਪੁਰੀ ਇਸ ਵਤੀਰੇ ਅਤੇ ਨਾਲ ਹੀ ਬਰਤਾਨੀਆ ਪ੍ਰਤੀ ਮਾਰਸ਼ਲ-ਕੌਮ ਵਾਲੀ ਵਫ਼ਾਦਾਰੀ ਦਾ ਸਬੰਧ ਆਵਾਸੀਆਂ ਵਿਚਲੇ ਕੁਲੀਨ ਤਬਕੇ ਨਾਲ ਜੋੜਦਾ ਹੈ। ਜਦੋਂ ਗ਼ਦਰ ਪਾਰਟੀ ਉੱਭਰੀ ਤਾਂ ਇਹ ਬਿਲਕੁਲ ਹੀ ਵੱਖਰੇ ਪੈਂਤੜੇ ਦੀ ਨੁਮਾਇੰਦਗੀ ਕਰਦੀ ਸੀ।

ਇਸੇ ਦੌਰਾਨ, 1906 ਦੇ ਕਰੀਬ ਹਿੰਦੁਸਤਾਨੀ ਵਿਦਿਆਰਥੀਆਂ ਨੇ ਆਧੁਨਿਕਤਾ ਦੇ ਪ੍ਰਤੀਕ ਖੇਤਰਾਂ, ਜਿਵੇਂ ਇੰਜੀਨੀਅਰਿੰਗ ਜਾਂ ਰਸਾਇਣ ਵਿਗਿਆਨ ਵਿਚ ਜਾਂ ਜੇ ਉਹ ਹਰਦਿਆਲ ਦੀ ਸਲਾਹ ਮੰਨਦੇ ਤਾਂ ਅਰਥ-ਸਾਸ਼ਤਰ ਅਤੇ ਸਮਾਜ ਵਿਗਿਆਨ ਦੀ ਸਿਖਲਾਈ ਜਾਂ ਡਿਗਰੀਆਂ ਲੈਣ ਲਈ ਥੋੜ੍ਹੇ ਥੋੜ੍ਹੇ ਕਰਕੇ ਅਮਰੀਕਾ ਆਉਣਾ ਸ਼ੁਰੂ ਕਰ ਦਿੱਤਾ। ਕਈਆਂ ਨੇ ਪਹਿਲਾਂ ਜਪਾਨ ਜਾਣ ਦਾ ਯਤਨ ਕੀਤਾ ਤਾਂ ਪਤਾ ਚਲਿਆ ਕਿ ਬਰਤਾਨਵੀ-ਜਪਾਨੀ ਸਮਝੌਤਾ ਕੁਝ ਖ਼ਾਸ ਖੇਤਰਾਂ ਵਿਚ ਸਿਖਲਾਈ ਲਈ ਉੱਥੇ ਜਾਣ 'ਤੇ ਰੋਕ ਲਾਉਂਦਾ ਸੀ ਜਿਹੜੀ ਸਿਖਲਾਈ ਉਹ ਲੈਣਾ ਚਾਹੁੰਦੇ ਸਨ। ਬਹੁਗਿਣਤੀ ਵਿਦਿਆਰਥੀ ਬੰਗਾਲੀ ਸਨ, ਅਤੇ ਉਨ੍ਹਾਂ ਦੇ ਰੈਡੀਕਲ ਖ਼ਿਆਲਾਂ ਦੇ ਬਣਨ ਦੇ ਸਿਆਸੀ ਅਮਲ ਦਾ ਫ਼ੌਰੀ ਪ੍ਰਸੰਗ ਸਵਦੇਸੀ ਲਹਿਰ ਅਤੇ ਇਸ ਨਾਲ ਜੁੜੇ ਲੰਦਨ ਤੇ ਪੈਰਿਸ ਦੇ ਇਨਕਲਾਬੀ ਕੇਂਦਰ ਸਨ।

1912 'ਚ, ਸਟਾਕਟਨ ਨੇੜੇ ਇਕ ਖ਼ੁਸ਼ਹਾਲ ਆਲੂ ਉਤਪਾਦਕ ਅਤੇ ਖੇਤੀਬਾੜੀ ਦਾ ਕਾਰੋਬਾਰ ਕਰਨ ਵਾਲੇ ਜਵਾਲਾ ਸਿੰਘ ਨੇ ਹਰਦਿਆਲ ਤਕ ਪਹੁੰਚ ਕਰਕੇ ਤਜਵੀਜ਼ ਰੱਖੀ ਕਿ ਪੂਰੇ ਹਿੰਦੁਸਤਾਨ ਵਿੱਚੋਂ ਅਮਰੀਕਾ 'ਚ ਪੜ੍ਹਾਉਣ ਦੇ ਮਕਸਦ ਨਾਲ ਵਿਦਿਆਰਥੀਆਂ ਨੂੰ ਵਜ਼ੀਫ਼ਾ ਦੇ ਕੇ ਲਿਆਂਦਾ ਜਾਵੇ, ਪਹਿਲ ਦੇ ਅਧਾਰ 'ਤੇ ਕੈਲੀਫੋਰਨੀਆ ਯੂਨੀਵਰਸਿਟੀ ਵਿਖੇ। ਜਿੱਥੇ ਫਿਰ ਜ਼ਿਆਦਾਤਰ ਨੇ ਦਾਖ਼ਲਾ ਲਿਆ।[13] ਅਹਿਮ ਭਵਿੱਖੀ ਗ਼ਦਰੀਆਂ ਵਸਾਖਾ ਸਿੰਘ ਅਤੇ ਸੰਤੋਖ ਸਿੰਘ (ਜਿਨ੍ਹਾਂ ਦੀ ਬਿਹਾਰੀ ਲਾਲ ਨੇ "ਨਿਆਰੇ ਦੇਸ਼ਭਗਤ ਅਤੇ ਧਰਮੀ ਬੰਦੇ" ਕਹਿਕੇ ਤਾਰੀਫ਼ ਬਿਆਨ ਕੀਤੀ)[14] ਨਾਲ ਮਿਲਕੇ 1912 'ਚ ਉਸ ਨੇ ਇਕ ਸੋਸਾਇਟੀ ਬਣਾਈ ਸੀ ਜਿਸ ਦੇ ਮੈਂਬਰ ਆਪਣੇ ਵਤਨ ਦੀ ਮੁਕਤੀ ਲਈ "ਸੌ ਫ਼ੀ ਸਦੀ ਸਮਰਪਿਤ ਹੋਣ" ਦਾ ਅਹਿਦ ਲੈਂਦੇ ਸਨ। ਗੁਰੂ ਗੋਬਿੰਦ ਸਿੰਘ ਵਜ਼ੀਫੇ ਦੇ ਪਹਿਲੇ ਮੁਕਾਬਲੇ ਵਿਚ ਹਿੱਸਾ ਲੈਣ ਵਾਲਿਆਂ ਦੀ ਚੋਣ ਕਰਨ ਲਈ ਜੋ ਕਮੇਟੀ ਬਣਾਈ ਗਈ ਸੀ ਉਸ ਵਿਚ ਹਰਦਿਆਲ, ਤੇਜਾ ਸਿੰਘ, ਤਾਰਕਨਾਥ ਦਾਸ ਅਤੇ ਆਰਥਰ ਪੋਪ ਸ਼ਾਮਲ ਸਨ। ਕੈਲੀਫੋਰਨੀਆ ਯੂਨੀਵਰਸਿਟੀ ਵਿਖੇ ਫ਼ਲਸਫ਼ੇ ਦਾ ਇਹ ਪ੍ਰੋਫੈਸਰ ਉਨ੍ਹਾਂ ਨਾਲ ਹਮਦਰਦੀ ਰੱਖਦਾ ਸੀ। ਵਜ਼ੀਫੇ ਵਿਚ ਟਿਊਸ਼ਨ ਫ਼ੀਸ, ਪਾਠ ਪੁਸਤਕਾਂ, ਲੈਬ ਫ਼ੀਸਾਂ, ਰਿਹਾਇਸ਼ ਅਤੇ ਖਾਣ-ਪੀਣ ਦਾ ਖ਼ਰਚਾ, ਹਿੰਦੁਸਤਾਨ ਵਾਪਸ ਜਾਣ ਦੀ ਦੂਜੇ ਦਰਜੇ ਦੀ ਟਿਕਟ ਅਤੇ 50 ਡਾਲਰ ਮਹੀਨਾ ਵਜ਼ੀਫ਼ਾ ਦਿੱਤਾ ਜਾਣਾ ਸੀ। ਕਾਬਲੀਅਤ ਦਾ ਪੈਮਾਨਾ ਸਿਧਾਂਤਕ ਸੀ, ਜਾਤਪਾਤ, ਮਜ਼ਬ, ਨਸਲ ਜਾਂ ਲਿੰਗ-ਭੇਦ ਦੀ ਕੋਈ ਬੰਦਸ਼ ਨਹੀਂ ਸੀ। ਛੇ ਸੌ ਅਰਜ਼ੀਆਂ ਦੇਣ ਵਾਲਿਆਂ ਵਿੱਚੋਂ 1912-13 ਦੇ ਅਕਾਦਮਿਕ ਵਰ੍ਹੇ ਲਈ ਗੋਬਿੰਦ ਬਿਹਾਰੀ ਲਾਲ ਸਮੇਤ ਛੇ ਨੂੰ ਚੁਣਿਆ ਗਿਆ ਸੀ।[15] ਪਰ ਜਦੋਂ ਉਹ ਪਹੁੰਚੇ ਤਾਂ ਉਸ ਸਾਲ ਆਲੂਆਂ ਦੇ ਭਾਅ ਡਿਗ ਜਾਣ ਕਾਰਨ ਜਵਾਲਾ ਸਿੰਘ ਦੀ ਫ਼ਸਲ ਆਸ ਤੋਂ ਬਹੁਤ ਘੱਟ ਹੋਈ ਸੀ ਅਤੇ ਵਾਅਦਾ ਕੀਤੇ ਫੰਡ ਨਹੀਂ ਸੀ ਆ ਰਹੇ। ਵਜ਼ੀਫ਼ਾ ਪ੍ਰੀਖਿਆ ਪਾਸ ਕਰਨ ਵਾਲਿਆਂ ਨੇ ਜਿਵੇਂ ਕਿਵੇਂ ਆਪਣੇ ਵਸੀਲੇ ਵਰਤਕੇ ਉੱਥੇ ਟਿਕਣ ਅਤੇ ਦਾਖ਼ਲਾ ਲੈਣ ਦਾ ਫ਼ੈਸਲਾ ਕੀਤਾ।

ਛੇਆਂ ਵਿਦਿਆਰਥੀਆਂ ਨੇ ਮਿਲਕੇ ਕੈਂਪਸ ਨੇੜੇ ਇਕ ਮਕਾਨ ਕਿਰਾਏ 'ਤੇ ਲੈ ਲਿਆ। ਛੇਆਂ ਵਿੱਚੋਂ ਨੰਦ ਸਿੰਘ ਨੂੰ ਵਜ਼ੀਫ਼ਾ ਕਮੇਟੀ ਨਾਲ ਰਾਬਤਾ ਰੱਖਣ ਲਈ ਨਾਮਜ਼ਦ ਕੀਤਾ ਗਿਆ

ਤਾਂ ਜੋ ਉਨ੍ਹਾਂ ਦੀਆਂ ਸਮਾਨ ਦੀਆਂ ਲੋੜਾਂ ਦੀ ਸਪਲਾਈ ਯਕੀਨੀਂ ਬਣੀ ਰਹੇ। ਉਹ ਵਾਰੋ ਵਾਰੀ 'ਬਹੁਤ ਹੀ ਸਾਦਾ ਹਿੰਦੁਸਤਾਨੀ ਖਾਣਾ, ਚੌਲ, ਦਾਲ, ਦੁੱਧ, ਸਬਜ਼ੀਆਂ ਜਾਂ ਮੀਟ" ਬਣਾਉਂਦੇ ਅਤੇ ਉਨ੍ਹਾਂ ਨੂੰ ਜੇਬ੍ਹੀ ਖ਼ਰਚ ਵਜੋਂ ਹਫ਼ਤੇ ਦਾ ਥੋੜ੍ਹਾ ਖ਼ਰਚ ਵੀ ਦਿੱਤਾ ਜਾਂਦਾ। ਜਦਕਿ, 1912 ਦੇ ਅਖ਼ੀਰ 'ਚ ਫੰਡਾਂ ਦਾ ਪੂਰੀ ਤਰ੍ਹਾਂ ਤੋੜਾ ਪੈ ਗਿਆ। ਬਿਹਾਰੀ ਲਾਲ ਦੱਸਦਾ ਹੈ, "ਆਪਣਾ ਖ਼ਰਚਾ ਚੁੱਕਣ" ਦਾ ਵਿਚਾਰ "ਨਿਆਰਾ ਅਮਰੀਕੀ ਪ੍ਰਬੰਧ ਸੀ" ਜੋ ਉਨ੍ਹਾਂ ਲਈ ਬਿਲਕੁਲ ਨਵਾਂ ਸੀ।[16] ਹੁਣ ਉਹ ਵੀ ਬਾਕੀ ਵਿਦਿਆਰਥੀਆਂ ਵਾਂਗ ਸਵੇਰੇ ਜਾਂ ਦੁਪਹਿਰ ਨੂੰ ਜਾਂ ਛੁੱਟੀਆਂ 'ਚ, ਕੰਮ ਕਰਕੇ ਆਪਣਾ ਗੁਜ਼ਾਰਾ ਚਲਾਉਣ ਲੱਗੇ। ਬੋਰਡਿੰਗ ਹਾਊਸਾਂ 'ਚ ਬਹਿਰਿਆਂ ਦਾ ਕੰਮ ਕਰਦੇ, ਰੈਸਤਰਾਂ ਵਿਚ ਭਾਂਡੇ ਧੋਂਦੇ, ਅਖ਼ਬਾਰਾਂ ਵੇਚਦੇ ਜਾਂ ਫੈਕਟਰੀਆਂ 'ਚ ਖਾਣ ਦਾ ਸਮਾਨ ਡੱਬਿਆਂ 'ਚ ਬੰਦ ਕਰਦੇ। ਹੁਨਾਲ 'ਚ, ਉਹ ਅਕਸਰ "ਖੇਤਾਂ ਅਤੇ ਫ਼ਲਾਂ ਦੇ ਬਾਗ਼ਾਂ ਵਿਚ ਕੰਮ ਕਰਦੇ ਜਿਥੇ ਉਹ ਲਗਭਗ ਸਦਾ ਹੀ ਹਿੰਦੁਸਤਾਨੀ ਖੇਤੀ ਕਾਮਿਆਂ- ਸਿੱਖ, ਹਿੰਦੂ, ਮੁਸਲਮਾਨ, ਪਠਾਣ - ਦੇ ਨਾਲ ਰੁਖ਼ਾਂ ਤੋਂ ਫ਼ਲ ਤੋੜਦੇ ਜਾਂ ਅਜਮੂਦ ਜਾਂ ਆਲੂ ਬੀਜਦੇ ਜਾਂ ਕੋਈ ਨਾ ਕੋਈ ਹੋਰ ਕੰਮ ਕਰਦੇ।"[17] 25 ਜਾਂ 30 ਸੈਂਟ ਘੰਟੇ ਦੀ ਉਜਰਤ, ਜਾਂ ਹਿੰਦੁਸਤਾਨੀ ਦਸਤਕਾਰੀ ਦਾ ਸਮਾਨ ਸ਼ਾਲ ਵਗੈਰਾ ਵੇਚਕੇ (ਕੀ ਇਹ ਮੰਨਿਆ ਜਾਂਦਾ ਸੀ ਕਿ ਉਹ ਆਪਣੇ ਨਾਲ ਇਹ ਸਮਾਨ ਲੈ ਕੇ ਆਉਣਗੇ ?), 250 ਡਾਲਰ ਨਾਲ ਅਰਾਮਦਾਇਕ ਜ਼ਿੰਦਗੀ ਅਤੇ 350 ਡਾਲਰ ਨਾਲ ਸ਼ਾਹੀ ਜ਼ਿੰਦਗੀ ਗੁਜ਼ਾਰੀ ਜਾ ਸਕਦੀ ਸੀ।[18]

1911 'ਚ, ਕਲਕੱਤਾ ਦੇ ਅੰਗਰੇਜ਼ੀ ਰਸਾਲੇ *ਮਾਡਰਨ ਰੀਵਿਊ* ਨੇ ਹਿੰਦੁਸਤਾਨੀ ਵਿਦਿਆਰਥੀਆਂ ਨੂੰ ਮਸ਼ਵਰਾ ਦੇਣ ਵਾਲੀ ਇਕ ਲੇਖ ਲੜੀ ਛਾਪੀ ਕਿ ਅਮਰੀਕਾ ਪਹੁੰਚ ਕੇ ਮੁਸ਼ਕਲਾਂ ਨੂੰ ਕਿਵੇਂ ਹੱਲ ਕੀਤਾ ਜਾਵੇ ਤੇ ਉਥੇ ਕਿਵੇਂ ਰਿਹਾ ਜਾਵੇ, ਮਿਸਾਲ ਵਜੋਂ ਮਕਾਨ ਅਤੇ ਰੋਜ਼ਗਾਰ ਕਿਵੇਂ ਲੱਭਿਆ ਜਾਵੇ। ਦੱਸਿਆ ਗਿਆ ਕਿ ਸਪਾਂਸਰ ਕਰਨ ਵਾਲੀ ਸੰਸਥਾ ਤੋਂ ਆਪਣੇ ਸ਼ਨਾਖ਼ਤੀ ਪੇਪਰ ਨਾਲ ਲਿਜਾਣੇ ਹੋਣਗੇ ਅਤੇ ਫਿਰ ਸਿਆਟਲ ਦੇ ਅਮਰੀਕੀ ਕੌਂਸਲ ਜਨਰਲ ਤੋਂ ਸਿਫ਼ਾਰਸ਼ੀ ਚਿੱਠੀ ਲੈਣੀ ਹੋਵੇਗੀ। (ਵਿਦਿਆਰਥੀਆਂ ਨੂੰ ਇਹ ਸਲਾਹ ਵੀ ਦਿੱਤੀ ਗਈ ਸੀ ਕਿ ਜੇ ਇਮੀਗ੍ਰੇਸ਼ਨ ਇੰਸਪੈਕਟਰ ਇਹ ਪੁੱਛ ਲਏ ਕਿ ਕੀ ਉਨ੍ਹਾਂ ਦਾ ਇਕ ਤੋਂ ਵੱਧ ਵਿਆਹ ਕਰਾਉਣ ਦੀ ਪ੍ਰਥਾ 'ਚ ਵਿਸ਼ਵਾਸ ਹੈ ਤਾਂ ਜਵਾਬ ਨਾਂਹ 'ਚ ਦੇਣਾ ਹੈ। ਪੂਰਬੀ ਰਿਵਾਜ਼ ਦਾ ਅਜਿਹਾ ਰਵਾਇਤੀ ਰੂਪ ਨਿਸ਼ਚੇ ਹੀ ਖੁੱਲ੍ਹੀ ਮੁਹੱਬਤ ਦੇ ਬਹੁਤ ਹੀ ਆਧੁਨਿਕ ਪੱਛਮੀ ਅਮਲ ਤੋਂ ਕਿਸੇ ਵੀ ਤਰ੍ਹਾਂ ਘੱਟ ਰੱਟੇ ਵਾਲਾ ਨਹੀਂ ਸੀ, ਜਿਸ ਦੀ ਵਕਾਲਤ ਨਾਲ ਅਗਲੇ ਸਾਲ ਹਰਦਿਆਲ ਮੁਸ਼ਕਲ 'ਚ ਫਸ ਜਾਵੇਗਾ।) ਫਿਰ ਕੋਈ ਨਾ ਕੋਈ ਉਨ੍ਹਾਂ ਨੂੰ ਮਿਲਕੇ ਜੀ ਡੀ ਕੁਮਾਰ ਦੇ ਨਵੇਂ ਇੰਡੀਆ ਹਾਊਸ ਲੈ ਜਾਵੇਗਾ। ਉੱਥੋਂ ਉਹ ਬਰਕਲੇ ਨੂੰ ਚਿੱਠੀ ਲਿਖ ਸਕਦੇ ਸਨ, ਅਤੇ ਫਿਰ ਕੋਈ ਨਾ ਕੋਈ ਉਨ੍ਹਾਂ ਨੂੰ ਮਿਲਣ ਆਵੇਗਾ। ਸਿਫ਼ਾਰਸ਼ ਇਹ ਕੀਤੀ ਜਾਂਦੀ ਸੀ ਕਿ ਬਸੰਤ ਵਿਚ ਆਓ, ਹੁਨਾਲ ਦੀ ਰੁੱਤੇ ਕੰਮ ਕਰੋ ਅਤੇ ਗਰਮੀ ਘਟਦੇ ਸਾਰ ਦਾਖ਼ਲਾ ਲੈ ਲਓ, ਜਾਂ ਤਾਂ ਸਿੱਧਾ ਯੂਨੀਵਰਸਿਟੀ ਵਿਚ ਜਾਂ ਪਹਿਲੇ ਸਾਲ ਲਈ ਬਰਕਲੇ ਦੇ ਮੁਫ਼ਤ ਹਾਈ ਸਕੂਲ ਵਿਚ।

ਹਰਦਿਆਲ ਨੇ ਵੀ ਅਮਰੀਕਾ ਦੀ ਕੁਲ ਦੁਨੀਆ ਵਿੱਚੋਂ ਇਕ ਆਦਰਸ਼ ਥਾਂ ਵਜੋਂ ਤਾਰੀਫ਼ ਕਰਦਿਆਂ *ਮਾਡਰਨ ਰੀਵਿਊ* ਵਿਚ ਲੇਖ-ਲੜੀ ਵਿਚ ਲਿਖਿਆ "ਜਿੱਥੋਂ ਤਨਹਾਈ 'ਚ ਭਟਕਦਾ ਹਿੰਦੂ ਆਪਣੇ ਹਮਵਤਨੀਆਂ ਨੂੰ ਉਮੀਦ ਅਤੇ ਹੌਸਲਾ ਵਧਾਊ ਪੈਗ਼ਾਮ ਭੇਜ ਸਕਦਾ ਹੈ।" ਸਰਬੋਤਮ ਭਵਿੱਖਮੁਖੀ ਕੌਮ ਵਜੋਂ, ਅਮਰੀਕਾ ਹਿੰਦੁਸਤਾਨ ਲਈ ਭਰਪੂਰ ਖਿੱਚ ਦਾ ਕੇਂਦਰ ਸੀ, ਜਿਸ ਦੇ ਪੁਰਾਤਨ ਸਭਿਆਚਾਰ ਨੂੰ ਅਪਨਾਉਣ ਲਈ ਇਹ ਉਤਸੁਕ ਸੀ। ਅਜਿਹਾ ਸਮਝੌਤਾ ਦੋਵਾਂ ਲਈ ਫ਼ਾਇਦੇਮੰਦ ਹੋਵੇਗਾ: ਵੇਦਾਂਤ ਦਰਸ਼ਨ ਸਤੱਹੀ, "ਬੇਚੈਨ, ਸ਼ੋਖ," "ਫਿੱਟੇ ਹੋਏ,

ਖ਼ੁਦਪ੍ਰਸਤ" ਅਮਰੀਕੀਆਂ ਲਈ ਕੌਤਕ ਤੋਂ ਘੱਟ ਨਹੀਂ ਹੋਵੇਗਾ, ਜਦਕਿ ਆਧੁਨਿਕਤਾ ਪਰੰਪਰਾ ਦੀ ਦਲਦਲ 'ਚ ਧਸੇ, ਬਸਤੀਆਨਾ ਜ਼ੰਜੀਰਾਂ 'ਚ ਜਕੜੇ ਅਤੇ ਤਾਜ਼ਾ ਜਬਰ ਦੀ ਮਾਰ ਹੇਠ ਆਏ ਹਿੰਦੁਸਤਾਨੀਆਂ ਨੂੰ ਇਹ ਉਤਸ਼ਾਹ ਅਤੇ ਪ੍ਰੇਰਣਾ ਦੇਵੇਗਾ। ਉਹ ਸੋਚਦਾ ਸੀ ਕਿ ਅਮਰੀਕਾ ਦਾ ਸਮਾਜੀ ਅਤੇ ਸਿਆਸੀ ਮਾਹੌਲ ਹਿੰਦੁਸਤਾਨੀ ਪਾੜ੍ਹਿਆਂ ਲਈ ਬਹੁਤ ਹੀ ਗੁਣਕਾਰੀ ਹੋਵੇਗਾ, "ਸੱਚੀਓਂ ਹੀ ਸਦਾਚਾਰਕ ਤੰਦਰੁਸਤੀ ਦਾ ਚਸ਼ਮਾ।" ਇਥੇ ਆ ਕੇ ਉਹ "ਏਕੇ ਦੀ ਕਦਰ, ਜਪਾਨ ਤੋਂ ਸਿੱਖਣ ਵਾਲੇ ਸਬਕ, ਸਨਅਤੀ ਤਰੱਕੀ ਦੀ ਅਹਿਮੀਅਤ, ਅਮਰੀਕੀ ਲੋਕਾਂ ਦੇ ਵਡੱਤਣ, ਜਮਹੂਰੀਅਤ ਦੀਆਂ ਬਰਕਤਾਂ, ਜਿਸਮਾਨੀ ਕਿਰਤ ਦੇ ਮਾਣ-ਤਾਣ, ਤਿਓਡਰ ਰੂਜ਼ਵੈਲਟ ਦੇ ਹੋਛੇਪਣ ਅਤੇ ਹਿੰਦੁਸਤਾਨ ਦੇ ਲੋਕਾਂ ਦੀ ਤਰੱਕੀ ਲਈ ਉਦਾਰਵਾਦੀ ਤੇ ਤਕਨੀਕੀ ਸਿਖਿਆ ਦੀ ਜ਼ਰੂਰਤ" ਦੀ ਖੁੱਲ੍ਹ ਕੇ ਥਾਹ ਪਾ ਸਕਦੇ ਸਨ। ਹਰਦਿਆਲ ਦੇ ਖ਼ਿਆਲ 'ਚ, "ਤਾਕਤ ਅਤੇ ਦਿਮਾਗਾਂ ਨਾਲ ਵਰੋਸਾਏ ਪਰ ਪੈਸੇ-ਧੇਲੇ ਪੱਖੋਂ ਥੁੜ੍ਹਾਂ ਮਾਰੇ" ਇਨ੍ਹਾਂ ਲੋਕਾਂ ਨੂੰ ਸਿਰਫ਼ ਤਕਨੀਕੀ ਸਿਖਲਾਈ ਪੱਖੋਂ ਹੀ ਨਹੀਂ ਸਗੋਂ ਪਹਿਲੀ ਦਫ਼ਾ ਜਿਸਮਾਨੀ ਮੁਸ਼ੱਕਤ ਰਾਹੀਂ ਆਪਣਾ ਖ਼ਰਚਾ ਆਪ ਚੁੱਕਣ ਦੇ ਇਖ਼ਲਾਕੀ ਪ੍ਰਭਾਵਾਂ ਪੱਖੋਂ ਵੀ ਫ਼ਾਇਦਾ ਹੋਵੇਗਾ। ਇਸ ਨਾਲ ਉਹ "ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਅਤੇ ਸੋਚ ਨੂੰ ਭਰਪੂਰ ਬਣਾਉਣਾ ਵੀ ਸਿੱਖ ਜਾਣਗੇ।"[19]

ਇਸੇ ਤਰ੍ਹਾਂ ਹਰਨਾਮ ਸਿੰਘ ਚੀਮਾ ਨੇ 1907 'ਚ "ਹਿੰਦੁਸਤਾਨ ਤੋਂ ਅਮਰੀਕਾ 'ਚ ਵਿਦਿਆਰਥੀ ਕਿਉਂ ਆਉਂਦੇ ਹਨ" ਲੇਖ ਛਾਪਿਆ। ਉਸ ਨੇ ਦੱਸਿਆ ਕਿ ਉਸ ਦਾ ਤੇ ਉਸ ਦੇ ਨਾਲ ਦੇ ਪਾੜ੍ਹਿਆਂ ਦਾ ਅਸਲ ਮਕਸਦ ਸੀ "ਕਿ ਅਸੀਂ ਸ਼ਬਦ ਦੇ ਭਰਪੂਰ ਅਤੇ ਵਿਹਾਰਕ ਮਾਇਨਿਆਂ 'ਚ ਪੜ੍ਹੇ-ਲਿਖੇ ਹੋਣ ਦਾ ਖ਼ਿਤਾਬ ਲੈਣ ਦੇ ਹੱਕਦਾਰ ਹੋ ਸਕਦੇ ਹਾਂ। ਅਸੀਂ ਇਥੇ ਆਜ਼ਾਦ ਲੋਕਾਂ ਤੋਂ ਆਜ਼ਾਦ ਸੋਚ ਗ੍ਰਹਿਣ ਕਰਨ ਖ਼ਾਤਰ ਅਤੇ ਇਸ ਸੋਚ ਨਾਲ ਆਏ ਕਿ ਜਦੋਂ ਅਸੀਂ ਆਪਣੇ ਵਤਨ ਵਾਪਸ ਜਾਈਏ ਤਾਂ ਉਥੇ ਜਾ ਕੇ ਇਹੀ ਦੂਜਿਆਂ ਨੂੰ ਸਿਖਾਈਏ ਅਤੇ ਆਲਮੀ ਜਰਵਾਣੇ (ਫਿਰੰਗੀ) ਦੇ ਜ਼ਾਲਮ ਰਾਜ ਤੋਂ ਨਿਜ਼ਾਤ ਪਾ ਲਈਏ।"[20]

ਪਾੜ੍ਹਿਆਂ ਨੂੰ ਵੀ ਕਾਮਿਆਂ ਤੋਂ ਘੱਟ ਭੇਦਭਾਵ ਦਾ ਸਾਹਮਣਾ ਨਹੀਂ ਸੀ ਕਰਨਾ ਪੈਂਦਾ। ਬੋਰਡਿੰਗ ਹਾਊਸ ਅਤੇ ਰੈਸਤਰਾਂ ਅਕਸਰ ਹੀ ਉਨ੍ਹਾਂ ਨੂੰ ਖਾਣਾ ਦੇਣ ਤੋਂ ਨਾਂਹ ਕਰ ਦਿੰਦੇ। ਉਨ੍ਹਾਂ ਨੂੰ ਕੈਂਪਸ ਦੇ ਕਲੱਬਾਂ ਦੇ ਮੈਂਬਰ ਬਣਨ ਦੇ ਲਾਇਕ ਨਹੀਂ ਸੀ ਸਮਝਿਆ ਜਾਂਦਾ। ਇਹ ਹੋ ਹੀ ਸਕਦਾ ਹੈ ਕਿ ਘਟੀਆ ਕੰਮ ਕਰਨ ਦੀ ਉਨ੍ਹਾਂ ਦੀ ਜ਼ਰੂਰਤ ਅਤੇ ਇਸ ਨੇ ਮਿਲਕੇ ਕੁਝ ਹੱਦ ਤਕ ਉਨ੍ਹਾਂ ਦੀ ਜਮਾਤੀ ਰੁਤਬੇ ਦੀ ਪਛਾਣ ਕਮਜ਼ੋਰ ਬਣਾ ਦਿੱਤੀ ਹੋਵੇ ਜੋ ਰੁਤਬਾ ਉਹ ਹਿੰਦੁਸਤਾਨ ਵਿਚ ਮਾਣਦੇ ਰਹੇ ਸਨ। ਕੁਝ ਵੀ ਹੋਵੇ ਗ਼ਦਰੀਆਂ ਅਤੇ ਉਨ੍ਹਾਂ ਦੇ ਅਗਲੇ ਵਾਰਿਸਾਂ ਨੇ ਮਜ਼ਹਬੀ ਅਤੇ ਜਾਤਪਾਤੀ ਲੀਹਾਂ ਤੋਂ ਉੱਪਰ ਉੱਠਕੇ ਸੁਚੇਤ ਰੂਪ 'ਚ ਧਰਮਨਿਰਪੱਖਤਾ, ਸ਼ਹਿਣਸ਼ੀਲਤਾ ਅਤੇ ਭਰੱਪਣ ਨੂੰ ਪ੍ਰਫੁੱਲਤ ਕੀਤਾ। ਬੇਸ਼ੱਕ ਇਹ ਕਹਿਣਾ ਧੋਖੇਬਾਜ਼ੀ ਹੋਵੇਗਾ ਕਿ ਜਮਾਤ, ਜਾਤ, ਮਜ਼੍ਹਬ ਅਤੇ ਖੇਤਰੀ ਪਿਛੋਕੜ ਦੇ ਸਭੇ ਵਖਰੇਵੇਂ ਨਵੀਂ ਦੁਨੀਆ ਵਿਚ ਆ ਕੇ ਮਿਟ ਗਏ ਸਨ। ਜਦਕਿ, ਲਗਦਾ ਹੈ ਕਿ ਉੱਤਰੀ ਅਮਰੀਕਾ ਦੇ ਹਾਲਾਤ 'ਚ ਉਨ੍ਹਾਂ ਦੇ ਆਪਸੀ ਹਿੱਤਾਂ ਅਤੇ ਤਜ਼ਰਬਿਆਂ ਦੇ ਮੁਕਾਬਲੇ ਇਹ ਵਖਰੇਵੇਂ ਫਿੱਕੇ ਪੈ ਗਏ ਸਨ। ਜੇ ਇਹ ਅਤੇ ਹੋਰ ਵਖਰੇਵੇਂ ਪੂਰੀ ਤਰ੍ਹਾਂ ਨਹੀਂ ਵੀ ਮਿਟੇ – ਜੋ ਸਿਰਫ਼ ਵਕਤੀ ਤੌਰ 'ਤੇ ਹੀ ਮੱਠੇ ਪਏ ਸਨ ਤੇ ਇਨ੍ਹਾਂ ਨੇ ਦੁਬਾਰਾ ਉੱਭਰ ਆਉਣਾ ਸੀ – ਫਿਰ ਵੀ 1912 'ਚ ਗ਼ਦਰ ਭਾਈਚਾਰੇ ਵਿਚ ਦੋ ਮੁੱਖ ਤੱਤ ਮੌਜੂਦ ਸਨ। ਇਸ ਵਿਚ ਹਿੱਸਾ ਲੈਣ ਵਾਲੇ ਗੋਬਿੰਦ ਬਿਹਾਰੀ ਲਾਲ ਦੇ ਖ਼ਿਆਲ 'ਚ "ਲਹਿਰ ਦੀ ਉੱਘੀ ਖ਼ੂਬੀ ਯੂਨੀਵਰਸਿਟੀ ਦੇ ਪੜ੍ਹੇ ਵਿਦਿਆਰਥੀਆਂ ਅਤੇ ਸਭਿਆਚਾਰਕ ਆਗੂਆਂ ਤੇ ਪੈਸੀਫਿਕ ਕੋਸਟ ਦੇ ਅਨਪੜ੍ਹ ਹਿੰਦੁਸਤਾਨੀਆਂ, ਮਜ਼ਦੂਰਾਂ, ਕਿਸਾਨਾਂ ਅਤੇ ਛੋਟੇ ਦੁਕਾਨਦਾਰਾਂ ਦਾ ਆਪਸ 'ਚ ਘੁਲ-ਮਿਲ

ਜਾਣਾ" ਸੀ।[21] ਪਰ ਕਾਮਿਆਂ ਨੂੰ ਪੜ੍ਹਨ ਅਤੇ ਵਿਦਿਆਰਥੀਆਂ ਨੂੰ ਜਿਸਮਾਨੀ ਮੁਸ਼ੱਕਤ ਕਰਨ ਉੱਪਰ ਦਿੱਤੇ ਜਾਣ ਵਾਲੇ ਜ਼ੋਰ ਨੇ ਉਨ੍ਹਾਂ ਦਰਮਿਆਨ ਦਾ ਫ਼ਾਸਲਾ ਮਿਟਾ ਦਿੱਤਾ ਅਤੇ ਇਨ੍ਹਾਂ ਸਮੂਹਾਂ ਦੇ ਸਰੋਕਾਰ ਇਕ ਦੂਜੇ ਨਾਲ ਰਚਣ-ਮਿਚਣ ਲਈ ਉਤਸ਼ਾਹਤ ਹੋਏ – ਇਸ ਰੌਣਕੀ ਮਿਲਾਪ ਨੇ ਇਨ੍ਹਾਂ ਦੋਵਾਂ ਦੀ ਸੋਚ ਨੂੰ ਮਾਂਜਿਆ-ਸੰਵਾਰਿਆ ਅਤੇ ਰੁਸ਼ਨਾਇਆ।

ਪਾੜ੍ਹੇ ਜਾਂ ਕਾਮੇ ਜਦੋਂ ਇਥੇ ਆਏ ਸਨ ਤਾਂ ਭਾਰੂ ਤੌਰ 'ਤੇ ਉਨ੍ਹਾਂ ਵਿੱਚੋਂ ਕੋਈ ਵੀ ਇਕ ਸਮੂਹ ਵਜੋਂ ਸਿਆਸੀ ਨਹੀਂ ਸੀ, ਕਿਉਂਕਿ ਬਹੁਗਿਣਤੀ ਦੀ ਸੁਤਾਅ ਆਪਣੀ ਨਿੱਜੀ ਤਰੱਕੀ 'ਤੇ ਲੱਗੀ ਹੋਈ ਸੀ। ਕਿਸਾਨ ਖੁਸ਼ਹਾਲੀ ਦੀ ਭਾਲ 'ਚ ਆਏ ਸਨ, ਪਾੜ੍ਹੇ ਪੇਸ਼ੇਵਰ ਕਾਮਯਾਬੀ ਖ਼ਾਤਰ। ਜਦਕਿ ਇਕ ਅਹਿਮ ਥੋੜ੍ਹੀ ਜਿਹੀ ਗਿਣਤੀ ਹੀ ਮਨਾਂ ਵਿਚ ਹੋਰ ਖ਼ਿਆਲ ਲੈ ਕੇ ਇਥੇ ਆਈ ਸੀ। ਇਕ ਪ੍ਰੋਫੈਸਰ ਨੇ ਉਜਰ ਕੀਤਾ: "(ਪਾੜ੍ਹੇ) ਆਮ ਕਰਕੇ ਇਨਕਲਾਬੀ ਹੁੰਦੇ ਹਨ, ਤੇ ਜਦੋਂ ਉਹ ਆਉਂਦੇ ਹਨ ਜੇ ਉਹ ਇੰਞ ਨਹੀਂ ਵੀ ਹੁੰਦੇ, ਉਨ੍ਹਾਂ ਦੇ ਨਾਲ ਦੇ ਉਨ੍ਹਾਂ ਨੂੰ ਝੱਟ ਬੋਚ ਲੈਂਦੇ ਹਨ ਅਤੇ ਉਨ੍ਹਾਂ ਦੇ ਖ਼ਿਆਲ ਪਲਟ ਦਿੰਦੇ ਹਨ।" ਇਸ ਉਪਰੰਤ, "ਸਮਾਜਵਾਦੀ ਅਤੇ ਇਨਕਲਾਬੀ ਖ਼ਿਆਲਾਂ ਦੇ ਪ੍ਰਭਾਵ ਹੇਠ ਆ ਕੇ ਉਹ ਹਿੰਦੁਸਤਾਨ ਵਿੱਚੋਂ ਅੰਗਰੇਜ਼ ਰਾਜ ਦਾ ਤਖ਼ਤਾ ਉਲਟਾਉਣ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲੈਂਦੇ ਸਨ।"[22] ਕੈਲੀਫੋਰਨੀਆ ਦੇ ਇਕ ਇਮੀਗ੍ਰੇਸ਼ਨ ਅਫ਼ਸਰ ਨੇ 1914 'ਚ ਟਿੱਪਣੀ ਕੀਤੀ ਕਿ "ਉਥੇ ਰਹਿਣ ਵਾਲੇ ਜ਼ਿਆਦਾਤਰ ਹਿੰਦੁਸਤਾਨੀ ਪਾੜ੍ਹਿਆਂ ਨੂੰ ਬਾਗ਼ੀ ਖ਼ਿਆਲਾਂ ਦੀ ਲਾਗ ਚਿੰਬੜੀ ਹੋਈ ਹੈ," ਐਨੀ ਗੂੜ੍ਹੀ ਕਿ "ਕਿਰਤੀ ਜਮਾਤ ਨਾਲ ਸਬੰਧਤ ਸਿੱਖ ਵੀ ਉਨ੍ਹਾਂ ਦੇ ਜ਼ਹਿਰੀਲੇ ਪ੍ਰਭਾਵ ਤੋਂ ਨਹੀਂ ਬਚ ਸਕੇ।"[23] ਪਰ ਕਿਸ ਨੇ ਕਿਸ ਨੂੰ ਰੈਡੀਕਲ ਖ਼ਿਆਲਾਂ ਦੇ ਬਣਾਇਆ?

*ਮਾਡਰਨ ਰੀਵਿਊ* ਵਿਚ ਹਰਦਿਆਲ ਨੇ ਕਿਸਾਨਾਂ ਅਤੇ ਇਵੇਂ ਹੀ ਪਾੜ੍ਹਿਆਂ ਬਾਰੇ ਕਿਹਾ ਕਿ ਅਮਰੀਕਾ ਨੇ "ਸੋਚ ਅਤੇ ਕਾਰਵਾਈ ਪੱਖੋਂ ਉਨ੍ਹਾਂ ਦਾ ਪੱਧਰ ਉੱਚਾ ਚੁੱਕ ਦਿੱਤਾ ਸੀ। ਦੁਨੀਆ ਦੇ ਇਤਿਹਾਸ ਦੇ ਸਭ ਤੋਂ ਮਹਾਨ ਜਮਹੂਰੀ ਰਾਜ ਦਾ ਮਹਾਨ ਪਰਚਮ ਬੁਜ਼ਦਿਲੀ, ਦਾਸਤਾ, ਨਿਰਾਸ਼ਤਾ ਤੇ ਬੇਲਾਗਤਾ ਨੂੰ ਉਸੇ ਤਰ੍ਹਾਂ ਸਾੜ ਕੇ ਭਸਮ ਕਰ ਦਿੰਦਾ ਹੈ, ਜਿਵੇਂ ਜਵਾਲਾ ਖੋਟ ਨੂੰ ਖ਼ਤਮ ਕਰ ਦਿੰਦੀ ਹੈ ਤੇ ਖ਼ਾਲਸ ਕੁੰਦਨ ਪਿੱਛੇ ਬਚ ਜਾਂਦਾ ਹੈ।"[24] ਬੇਸ਼ਕ ਉਦਾਰਵਾਦੀ ਪ੍ਰਵਚਨ ਦੇ ਸੰਪਰਕ 'ਚ ਆਉਣ ਅਤੇ ਮੌਕਿਆਂ ਨਾਲ ਭਰਪੂਰ ਧਰਤੀ ਵਲੋਂ ਉਭਾਰੀਆਂ ਖਾਹਸ਼ਾਂ ਨੇ ਇਨ੍ਹਾਂ ਪੱਖਾਂ ਤੋਂ ਉਨ੍ਹਾਂ ਦੇ ਵਾਂਝੇਪਣ ਨਾਲ ਮਿਲਕੇ ਉਨ੍ਹਾਂ ਦੇ ਰੋਹ ਨੂੰ ਚੁਆਤੀ ਲਾਈ, ਪਰ ਮਹਿਜ਼ ਅਮਰੀਕੀ ਮਾਹੌਲ ਦੇ ਵਜੂਦ ਸਮੋਏ ਮੁਕਤੀ ਦੇ ਕਿਸੇ ਤਲਿੱਸਮੀ ਪ੍ਰਭਾਵ ਦੇ ਰੰਗ 'ਚ ਰੰਗੇ ਜਾਣ ਕਾਰਨ ਹੀ ਇੰਞ ਨਹੀਂ ਸੀ ਹੋ ਗਿਆ।

1907 ਅਤੇ 1910 ਦਰਮਿਆਨ, ਜਿਉਂ ਹੀ ਹਿੰਦੁਸਤਾਨੀਆਂ ਦੀ ਤਾਦਾਦ ਵਧੀ ਗੋਰੇ ਅਮਰੀਕੀਆਂ ਦੀ ਚਿੰਤਾ ਅਤੇ ਦੁਸ਼ਮਣੀ ਵੀ ਬਰਾਬਰ ਵਧ ਗਈ, ਹਾਲਾਂਕਿ ਇਸ ਅਰਸੇ ਦੌਰਾਨ ਇਸ ਨਾਟਕੀ ਸਮਾਜੀ ਅਤੇ ਸਭਿਆਚਾਰਕ ਵਹਿਣ ਦੇ ਖ਼ਿਆਲ ਇਕਜੁੱਟ ਨਹੀਂ ਸਨ। ਇਸ ਤੋਂ ਇਲਾਵਾ, ਨਵੇਂ ਹਿੰਦੁਸਤਾਨੀਆਂ ਦੀ ਆਮਦ ਪ੍ਰਤੀ ਅਮਰੀਕੀਆਂ ਦਾ ਹੁੰਗਾਰਾ ਦੋਵਾਂ ਧਿਰਾਂ ਦੀ ਜਮਾਤੀ ਹੈਸੀਅਤ ਤੋਂ ਵੀ ਤੈਅ ਹੁੰਦਾ ਸੀ। ਜੇ ਤਾਂ ਉਹ ਪੜ੍ਹੇਲਿਖੇ ਕੁਲੀਨ ਪਿਛੋਕੜ ਵਿੱਚੋਂ ਆਉਂਦੇ ਫਿਰ ਤਾਂ ਉਨ੍ਹਾਂ ਨੂੰ ਵਚਿੱਤਰ ਧੂਹਪਾਊ ਪੂਰਬੀਆਂ ਵਜੋਂ ਲਿਆ ਜਾਂਦਾ, ਅਤੇ ਜੇ ਉਹ ਥੋੜ੍ਹੀ ਤਨਖ਼ਾਹ 'ਤੇ ਕੰਮ ਕਰਨ ਵਾਲੇ ਕਿਰਤੀਆਂ ਵਜੋਂ ਆਉਂਦੇ ਤਾਂ ਉਨ੍ਹਾਂ ਨੂੰ ਕਾਲੇ-ਕਲੂਟੇ ਓਪਰੇ ਖ਼ਤਰਨਾਕ ਪ੍ਰਾਣੀ ਸਮਝਿਆ ਜਾਂਦਾ। ਰਤਨ ਸਿੰਘ ਵਲੋਂ ਦਿੱਤੇ ਵੇਰਵੇ ਅਨੁਸਾਰ, ਖੁਸ਼ਹਾਲੀ ਦੇ ਸਮਿਆਂ 'ਚ ਇਥੇ ਆਉਣ ਵਾਲੇ "ਮੋਹਰੀ" ਸਿੱਖਾਂ ਨੂੰ ਬਹੁਤ ਸੌਖ ਰਹੀ, ਪਰ 1907 'ਚ ਅਮਰੀਕਾ ਵਿਚ ਆਰਥਕ ਮੰਦਵਾੜੇ ਕਾਰਨ ਗੋਰੇ ਕਾਮਿਆਂ ਨਾਲ ਤਣਾਓ ਬਣ ਗਏ। ਜੋਨ

ਜੈਨਸਨ ਇਸ ਦਾ ਦੋਸ਼ ਇਕ ਖ਼ਾਸ ਨਮੂਨੇ ਨੂੰ ਦਿੰਦਾ ਹੈ ਜਿਸ ਦਾ ਅੰਦਾਜ਼ਾ ਲਾਇਆ ਹੀ ਜਾ ਸਕਦਾ ਹੈ: ਜਿਥੇ ਜਿਥੇ ਆਰਥਿਕਤਾ ਥੋੜ੍ਹੀ ਆਮਦਨੀ ਵਾਲੇ ਗੋਰੇ ਕਾਮਿਆਂ ਉੱਪਰ ਦਬਾਅ ਬਣੀ, ਇਸ ਦੇ ਸਿੱਧੇ ਤਨਾਸਬ 'ਚ ਏਸ਼ੀਅਨ ਵਿਰੋਧੀ ਜਨੂੰਨ ਭੜਕ ਉੱਠਿਆ, ਕਿਉਂਕਿ ਆਉਣ ਵਾਲੇ ਕਾਮਿਆਂ ਨੂੰ ਸ਼ਰੀਕ ਸਮਝਿਆ ਜਾਂਦਾ ਸੀ ਜੋ ਹੋਰ ਵੀ ਥੋੜ੍ਹੀਆਂ ਉਜਰਤਾਂ 'ਤੇ ਕੰਮ ਕਰਨ ਲਈ ਤਿਆਰ ਰਹਿੰਦੇ ਸਨ। ਜਿਵੇਂ ਪੱਛਮੀ ਸਮੁੰਦਰੀ ਕੰਢੇ ਦੀ *ਏਸ਼ੀਅਨਾਂ ਨੂੰ ਬਾਹਰ ਕੱਢੋ ਲੀਗ* ਦੀ ਸੋਚ ਸੀ ਕਿ ਚੀਨੀਆਂ ਅਤੇ ਜਪਾਨੀਆਂ ਦੇ ਹੁੰਦਿਆਂ ਤਾਂ ਹਾਲਤ ਕਾਬੂ ਵਿਚ ਸੀ, ਹੁਣ ਇਸ ਵਾਰ ਇਥੇ "ਪੱਗਾਂ ਵਾਲਿਆਂ ਦੀ ਪਰਲੋ" ਦੇ ਰੂਪ 'ਚ "ਜ਼ਰਦ ਖ਼ਤਰੇ" ਦੇ ਤਾਜ਼ਾ ਇਜ਼ਹਾਰ ਸਾਹਮਣੇ ਆਏ ਹਨ।[25] ਜਥੇਬੰਦ ਕਿਰਤੀਆਂ ਨੇ ਸਿੱਖਾਂ ਉਪਰ ਕੰਪਨੀ ਬੌਸਾਂ ਨਾਲ ਮਿਲੇ ਹੋਣ ਦਾ ਇਲਜ਼ਾਮ ਲਾਇਆ ਜੋ ਸਮੁੰਦਰੀ ਜਹਾਜ਼ਾਂ ਦੀਆਂ ਕੰਪਨੀਆਂ ਨਾਲ ਮਿਲਕੇ ਏਸ਼ੀਆਈ ਕਾਮਿਆਂ ਨੂੰ ਭਰਤੀ ਕਰਕੇ ਇਥੇ ਲਿਆ ਰਹੇ ਸਨ। ਅਕਸਰ ਹੀ ਸੋਸ਼ਲਿਸਟ ਵੀ ਏਸ਼ੀਆਈ ਕਾਮਿਆਂ ਨੂੰ ਐਸੇ ਪਿਛੜੇ ਹੋਏ ਬੰਦੇ ਸਮਝਦੇ ਸਨ ਜੋ ਜਥੇਬੰਦ ਕੀਤੇ ਜਾਣ ਦੇ ਕਾਬਲ ਨਹੀਂ, ਇਹ ਸੋਚ ਵੱਧ ਵਿਕਸਤ ਅਤੇ "ਆਧੁਨਿਕ" ਗੋਰੇ ਕਿਰਤੀਆਂ[26] ਦੀ ਤਰੱਕੀ 'ਚ ਅੜਿੱਕਾ ਬਣੀ ਰਹੀ।

ਹਿੰਦੁਸਤਾਨੀ ਕਿਰਤੀਆਂ ਨੂੰ ਟਕੋਮਾ ਵਿਚ ਹੜਤਾਲ ਤੋੜੂਆਂ ਵਜੋਂ ਇਸਤੇਮਾਲ ਕੀਤਾ ਜਾਂਦਾ ਸੀ।[27] ਅਗਸਤ 1907 'ਚ ਬੈਲਿੰਘਮ (ਵਾਸ਼ਿੰਗਟਨ) ਦੇ ਫਸਾਦਾਂ ਤੋਂ ਸ਼ੁਰੂ ਹੋ ਕੇ ਇਸ ਤੋਂ ਪਿੱਛੋਂ ਵੈਰ-ਵਿਰੋਧ ਦੀਆਂ ਵਾਰਦਾਤਾਂ 'ਚ ਵਾਧੇ ਦਾ ਸਿਲਸਿਲਾ ਚੱਲਿਆ, ਜਿਥੇ ਹਿੰਦੁਸਤਾਨੀਆਂ ਨੂੰ ਮਜ਼ਦੂਰ ਦਿਹਾੜੇ ਦੀ ਪਰੇਡ ਦੌਰਾਨ ਇਕ ਵਾਰ ਤਾਂ ਸ਼ਹਿਰ ਵਿੱਚੋਂ ਕੱਢ ਹੀ ਦਿੱਤਾ ਗਿਆ ਜੋ ਇਸ ਸਮਾਗਮ ਦੀ ਪਹਿਲਾਂ ਹੀ ਮਿਥੀ ਆਖ਼ਰੀ ਝਾਕੀ ਸੀ। ਇਸ ਪਿੱਛੋਂ ਕੈਲੀਫੋਰਨੀਆ ਅਤੇ ਓਰੇਗਾਨ ਵਿਚ ਗੁੰਡਾਗਰਦੀ ਅਤੇ ਚੌਕਸੀ ਗਰੋਹਾਂ ਦੀ ਹੁੱਲੜਬਾਜ਼ੀ ਦੀਆਂ ਹੋਰ ਵਾਰਦਾਤਾਂ ਵੀ ਹੋਈਆਂ। ਮਾਰਚ 1910 'ਚ, ਪੁਲਿਸ ਦੀ ਜ਼ਾਹਰਾ ਮਿਲੀ-ਭੁਗਤ ਨਾਲ "ਗੋਰੇ ਹੁੱਲੜਬਾਜ਼ਾਂ" ਨੇ ਸੇਂਟ ਜੌਹਨ, ਓਰੇਗਾਨ ਵਿਚ ਹਿੰਦੁਸਤਾਨੀ ਕਾਮਿਆਂ ਦੀਆਂ ਕੋਠੜੀਆਂ ਉੱਪਰ ਹਮਲਾ ਕੀਤਾ, ਜਿਸ ਨੂੰ ਉਨ੍ਹਾਂ ਨੇ ਲਾਠੀਆਂ ਅਤੇ ਸੋਟੀਆਂ ਨਾਲ ਪਛਾੜ ਦਿੱਤਾ।[28]

ਪੱਛਮੀ ਸਮੁੰਦਰੀ ਕੰਢੇ ਦੇ ਏਸ਼ੀਅਨਾਂ ਵਿਰੋਧੀ ਧੜਿਆਂ ਅਤੇ ਗੋਰੀ ਮਜ਼ਦੂਰ ਲਹਿਰ ਦੇ ਖ਼ਾਸ ਹਿੱਸਿਆਂ ਦੇ ਅਜਿਹੇ ਖ਼ਿਆਲਾਂ ਦੇ ਬਾਵਜੂਦ ਅਮਰੀਕੀ ਆਵਾਮ ਸਮੁੱਚੇ ਤੌਰ 'ਤੇ ਹਿੰਦੁਸਤਾਨੀਆਂ ਨਾਲ ਖ਼ਾਰ ਨਹੀਂ ਸੀ ਖਾਂਦਾ। ਅਮਰੀਕੀ ਲੋਕਾਂ ਦੀ ਬੋਲੀ ਬਰਤਾਨੀਆ ਵਿਰੋਧੀ ਆਜ਼ਾਦੀ ਸੰਘਰਸ਼ ਵਾਲੀ ਹੀ ਸੀ ਅਤੇ ਉਨ੍ਹਾਂ ਦੀ ਹਮਦਰਦੀ ਇਨ੍ਹਾਂ ਪਨਾਹਗੀਰਾਂ ਦੀ ਬਦੇਸ਼ੀ ਜ਼ੁਲਮਾਂ ਤੋਂ ਬੰਦ-ਖ਼ਲਾਸੀ ਨਾਲ ਸੀ। ਪਰ ਉਨੀਵੀਂ ਤੋਂ ਵੀਹਵੀਂ ਸਦੀ 'ਚ ਦਾਖ਼ਲ ਹੁੰਦਿਆਂ ਜਿਉਂ ਹੀ ਆਲਮੀ ਮੰਚ ਉੱਪਰ ਅਮਰੀਕੀ ਸੱਤਾ ਨੇ ਅਮਰੀਕੀ ਸਾਮਰਾਜੀ ਖ਼ਾਹਸ਼ਾਂ ਪਾਲ ਲਈਆਂ, ਬਾਕੀ ਦੁਨੀਆ ਅਤੇ ਉਸ ਦੇ ਪ੍ਰਵਾਸੀਆਂ ਪ੍ਰਤੀ ਸਮਾਜੀ ਵਤੀਰਿਆਂ ਦਾ ਤਵਾਜ਼ਨ ਵੀ ਬਦਲਣਾ ਸ਼ੁਰੂ ਹੋ ਗਿਆ। ਇਧਰ ਪ੍ਰਧਾਨ ਤਿਓਡਰ ਰੂਜ਼ਵੈਲਟ ਜਦੋਂ ਕਿਊਬਾ ਅਤੇ ਫਿਲੀਪਿਨਜ਼ ਉੱਪਰ ਕਬਜ਼ਾ ਕਰਨ 'ਚ ਕਾਮਯਾਬ ਹੋਇਆ ਤਾਂ ਰੁਡਿਯਾਰਡ ਕਿਪਲਿੰਗ ਉਸ ਉੱਪਰ ਮੁਬਾਰਕਾਂ ਦੀ ਝੜੀ ਲਾਕੇ ਅਤੇ ਸਹਿਮਤੀ ਦੀ ਤਾਜ਼ੀ ਤਾਜ਼ੀ ਮੋਹਰ ਲਾਕੇ ਹਟਿਆ ਸੀ। ਓਦੋਂ ਹੀ ਉਸ ਨੇ ਕਿਪਲਿੰਗ ਦੀ ਨਜ਼ਮ "ਗੋਰੇ ਬੰਦੇ ਦਾ ਬੋਝ" ਦੀ ਤਰਜ਼ 'ਤੇ ਅੰਗਰੇਜ਼ ਰਾਜ ਦੀਆਂ ਤਾਰੀਫ਼ਾਂ ਦੇ ਪੁਲ ਇਹ ਕਹਿੰਦਿਆਂ ਬੰਨ੍ਹੇ ਕਿ ਇਹ "ਇਤਿਹਾਸ ਵਿਚ ਇਕ ਹੋਰ ਮਹਾਂਦੀਪ ਦੀ ਸੰਘਣੀ ਆਬਾਦੀ ਉੱਪਰ ਯੂਰਪੀਅਨਾਂ ਦੇ ਕਾਮਯਾਬ ਪ੍ਰਸ਼ਾਸਨ ਦੀ ਧੜਵੈਲ ਮਿਸਾਲ ਹੈ..... ਇਹ ਲੰਘੀਆਂ ਦੋ ਸਦੀਆਂ 'ਚ ਗੋਰੀ ਨਸਲ ਦੀਆਂ ਸਭ ਤੋਂ ਕਾਬਲੇ-ਤਾਰੀਫ਼ ਪ੍ਰਾਪਤੀਆਂ ਵਿੱਚੋਂ ਇਕ ਹੈ।"[29] ਫਿਰ ਵੀ, ਹਿੰਦੁਸਤਾਨੀ ਉਨ੍ਹਾਂ ਅਗਾਂਹਵਧੂ ਖੱਬੇਪੱਖੀਆਂ ਅਤੇ ਖੱਬੇ ਉਦਾਰਵਾਦੀਆਂ,

ਸਿਵਲ ਮੁਕਤੀਵਾਦੀਆਂ, ਅਮਨਪਸੰਦਾਂ ਅਤੇ ਸਾਮਰਾਜਵਾਦ ਵਿਰੋਧੀਆਂ ਵਿੱਚੋਂ ਹਮਾਇਤ ਲੱਭਣ ਲਈ ਯਤਨ ਜੁਟਾਉਂਦੇ ਰਹੇ ਜੋ ਪਹਿਲੀ ਆਲਮੀ ਜੰਗ ਦੇ ਖ਼ਿਲਾਫ਼ ਸਨ ਅਤੇ ਨਿਸ਼ਚੇ ਹੀ ਪੂਰਬਵਾਦੀ ਬੁੱਧੀਜੀਵੀਆਂ ਅਤੇ ਬ੍ਰਹਮਗਿਆਨੀ ਸੋਸਾਇਟੀ ਦੇ ਮੈਂਬਰਾਂ ਵਿੱਚੋਂ ਸਨ।

ਇਸੇ ਦੌਰਾਨ ਨੀਤੀ ਘਾੜਿਆਂ ਨੇ ਹਿੰਦੁਸਤਾਨੀਆਂ ਦੇ ਆਉਣ ਉੱਪਰ ਸਿੱਧੀ ਪਾਬੰਦੀ ਲਾਏ ਬਗ਼ੈਰ ਉਨ੍ਹਾਂ ਦੀ ਆਮਦ ਨੂੰ ਰੋਕਣ ਲਈ ਮਕਾਰੀ ਭਰੀਆਂ ਤਜਵੀਜ਼ਾਂ ਲਿਆਉਣੀਆਂ ਸ਼ੁਰੂ ਕਰ ਦਿੱਤੀਆਂ। ਮਸਲਨ, ਇਹ ਤਜਵੀਜ਼ ਦਿੱਤੀ ਗਈ ਕਿ ਅਮਰੀਕਾ ਵਲੋਂ ਅੰਗਰੇਜ਼ਾਂ ਨਾਲ ਇਹ ਸਮਝੌਤਾ ਕਰ ਲਿਆ ਜਾਵੇ ਕਿ ਇਥੇ ਆਉਣ ਵਾਲੇ ਹਿੰਦੁਸਤਾਨੀ ਪਾਸਪੋਰਟ ਲੈ ਕੇ ਆਉਣ, ਅਤੇ ਫਿਰ ਕਾਮਿਆਂ ਨੂੰ ਪਾਸਪੋਰਟ ਦੇਣ ਤੋਂ ਨਾਂਹ ਕੀਤੀ ਜਾ ਸਕਦੀ ਸੀ।[30] ਜਾਂ ਅਮਰੀਕਾ ਸਮੁੰਦਰੀ ਜਹਾਜ਼ਾਂ ਦੇ ਰੂਟਾਂ ਨੂੰ ਪ੍ਰੇਰਤ ਕਰ ਸਕਦਾ ਹੈ ਕਿ ਏਸ਼ੀਅਨਾਂ ਨੂੰ ਢੋਣ ਵਾਲੀਆਂ ਸੇਵਾਵਾਂ ਬੰਦ ਕਰ ਦਿੱਤੀਆਂ ਜਾਣ, ਹਿੰਦੁਸਤਾਨੀ ਕਾਮਿਆਂ ਨੂੰ ਟਿਕਟਾਂ ਨਾ ਦਿੱਤੀਆਂ ਜਾਣ। ਅਸਲ ਵਿਚ ਇਸ ਦੁਆਰਾ ਏਸ਼ੀਅਨਾਂ ਨੂੰ ਇਥੇ ਵੜਨ ਨਾ ਦੇਣ ਦੀ ਨੀਤੀ ਨੂੰ ਅਮਲ 'ਚ ਲਿਆਉਣ ਦਾ ਕੰਮ ਨਿੱਜੀ ਹੱਥਾਂ 'ਚ ਸੌਂਪ ਦਿੱਤਾ ਜਾਵੇ ਜਾਂ ਠੇਕੇ 'ਤੇ ਦੇ ਦਿੱਤਾ ਜਾਵੇ।[31] 1910 ਦੀ ਇਕ ਇਮੀਗ੍ਰੇਸ਼ਨ ਕਮਿਸ਼ਨ ਦੀ ਰਿਪੋਰਟ ਨੇ ਪੂਰਬੀ ਹਿੰਦੁਸਤਾਨੀਆਂ ਦੀ ਆਮਦ ਨੂੰ ਰੋਕਣ ਲਈ ਬਰਤਾਨੀਆ ਨਾਲ ਇਨ੍ਹਾਂ ਨੂੰ ਇਥੇ ਨਾ ਆਉਣ ਦੇਣ ਅਤੇ ਸ਼ਰਾਫ਼ਤ ਵਾਲਾ ਸਮਝੌਤਾ ਕਰਨ ਦੀ ਸਿਫ਼ਾਰਸ਼ ਕਾਂਗਰਸ ਨੂੰ ਕੀਤੀ, ਕਿਉਂਕਿ ਇਨ੍ਹਾਂ ਨੂੰ ਹੁਣ "ਐਸੀ ਨਸਲ ਦੇ ਆਵਾਸੀ ਮੰਨਿਆ ਜਾਣ ਲੱਗਿਆ ਹੈ ਜਿਨ੍ਹਾਂ ਨੂੰ ਆਮ ਤੌਰ 'ਤੇ ਹੀ ਨਾਪਸੰਦ ਕੀਤਾ ਜਾਂਦਾ ਹੈ ਅਤੇ ਇੱਛਾ ਜ਼ਾਹਰ ਕੀਤੀ ਜਾ ਰਹੀ ਹੈ ਕਿ ਇਨ੍ਹਾਂ ਨੂੰ ਇਥੇ ਘੱਟ ਹੀ ਵੜਨ ਦਿਓ;"[32] ਰਿਪੋਰਟ ਨੇ ਇਹ ਵੀ ਸੁਝਾਅ ਦਿੱਤਾ ਕਿ ਪੂਰਬੀ ਹਿੰਦੁਸਤਾਨੀ ਇਮੀਗ੍ਰੇਸ਼ਨ ਲਈ ਸਾਖ਼ਰਤਾ ਟੈਸਟ ਜ਼ਰੂਰੀ ਬਣਾ ਦੇਣਾ ਵੀ ਇਨ੍ਹਾਂ ਦੀ ਆਮਦ ਨੂੰ ਰੋਕਣ 'ਚ ਸਹਾਇਤਾ ਕਰ ਸਕਦਾ ਹੈ।

1912 'ਚ, ਵਿਚਾਰ ਅਧੀਨ ਡਿਲਿੰਘਮ ਇਮੀਗ੍ਰੇਸ਼ਨ ਬਿਲ 'ਚ ਪੇਸ਼ ਕੀਤੀ ਰੂਟ ਨਾਂ ਦੀ ਸੋਧ ਨੇ ਐਸੇ ਕਿਸੇ ਵੀ ਬਾਹਰਲੇ ਬੰਦੇ ਨੂੰ ਵਾਪਸ ਭੇਜ ਦੇਣ ਦੀ ਮੰਗ ਕੀਤੀ ਸੀ "ਜੋ ਅਮਰੀਕਾ ਵਿਚ ਆਪਣੀ ਰਿਹਾਇਸ਼ ਦਾ ਫ਼ਾਇਦਾ ਉਠਾ ਕੇ ਕਿਸੇ ਐਸੀ ਬਦੇਸ਼ੀ ਹਕੂਮਤ ਦਾ ਹਿੰਸਾ ਨਾਲ ਤਖ਼ਤਾ ਉਲਟਾਉਣ ਦੀ ਸਾਜ਼ਿਸ਼ ਨੂੰ ਅੰਜਾਮ ਦੇ ਰਿਹਾ ਹੋਵੇ ਜਿਸ ਨੂੰ ਅਮਰੀਕਾ ਨੇ ਮਾਨਤਾ ਦਿੱਤੀ ਹੋਵੇ।" ਇਹ ਸੋਧ ਪਾਸ ਨਹੀਂ ਹੋਈ। 1913 'ਚ ਕੈਲੀਫੋਰਨੀਆ ਦੀ ਮੁੱਖ ਘਾਟੀ ਵਿਚ ਜਪਾਨੀ ਜਾਂ ਸਿੱਖ ਖੇਤ ਮਜ਼ਦੂਰਾਂ ਨੂੰ ਉਥੇ ਮੁਨਾਫ਼ਾਦੇਹ ਜ਼ਮੀਨੀ ਅੱਡੇ ਬਣਾਉਣ ਤੋਂ ਵਰਜਣ ਦੇ ਹਿੱਸੇ ਵਜੋਂ ਬਾਹਰਲੇ ਬੰਦਿਆਂ ਲਈ ਜ਼ਮੀਨ ਕਾਨੂੰਨ ਬਣਾਇਆ ਗਿਆ, ਜਿਸ ਦਾ ਅਮਲ ਪਹਿਲਾਂ ਹੀ ਚਲ ਰਿਹਾ ਸੀ। ਨਾਲ ਹੀ ਇਕ ਹੋਰ ਬਿਲ ਭਾਵੇਂ ਪਾਸ ਤਾਂ ਨਹੀਂ ਹੋਇਆ ਪਰ ਇਸ ਬਾਰੇ ਬਹਿਸ ਹੋਈ, ਜੋ ਇਥੇ ਆਉਣ ਦੀ ਮਨਾਹੀ ਤਾਂ ਨਹੀਂ ਸੀ ਕਰਦਾ ਪਰ ਨਾਗਰਿਕਤਾ ਦੀ ਯੋਗਤਾ ਤੈਅ ਕਰਦਾ ਸੀ। ਨਿਸ਼ਚੇ ਹੀ, ਬਾਹਰਲੇ ਲੋਕਾਂ ਨੂੰ ਆਉਣ ਤੋਂ ਰੋਕਣਾ ਅਤੇ ਉਨ੍ਹਾਂ ਨੂੰ ਨਾਗਰਿਕਤਾ ਲੈਣ ਦੇ ਨਾਕਾਬਲ ਬਣਾ ਦੇਣਾ ਦੋ ਵੱਖੋ-ਵੱਖਰੇ ਕੰਮ ਸਨ। 1917 'ਚ ਜਾ ਕੇ ਐਲਾਨ ਕਰ ਦਿੱਤਾ ਗਿਆ ਕਿ ਇਹ ਖੇਤਰ ਏਸ਼ੀਅਨਾਂ ਲਈ ਵਰਜਿਤ ਹੈ। ਇਹ ਐਲਾਨ ਮਰਜ਼ੀ ਨਾਲ ਮਿਥੇ ਇਕ ਖ਼ਾਸ ਖੇਤਰ ਦੇ ਪਿਛੋਕੜ ਵਾਲੇ ਕਿਸੇ ਵੀ ਬੰਦੇ ਦੇ ਅਮਰੀਕਾ ਵਿਚ ਆਉਣ 'ਤੇ ਭੂਗੋਲਿਕ ਤੌਰ 'ਤੇ (ਜੇ ਸਿਆਸੀ ਤੌਰ 'ਤੇ ਨਹੀਂ) ਸਖ਼ਤ ਰੋਕਾਂ ਲਾਉਂਦਾ ਸੀ ਜਿਸ ਦੇ ਘੇਰੇ ਵਿਚ ਚੀਨ ਦਾ ਜ਼ਿਆਦਾਤਰ ਹਿੱਸਾ, ਰੂਸ ਦਾ ਇਕ ਹਿੱਸਾ, ਪੋਲੀਨੇਸ਼ੀਆ ਦਾ ਇਕ ਹਿੱਸਾ, ਅਤੇ ਪੂਰਾ ਹਿੰਦੁਸਤਾਨ, ਬਰਮਾ, ਸਿਆਮ, ਮਲਾਇਆ, ਅਰਬ, ਅਫ਼ਗਾਨਿਸਤਾਨ ਅਤੇ ਹਿੰਦੁਸਤਾਨੀ ਸਮੁੰਦਰੀ ਟਾਪੂ ਆਉਂਦੇ ਸਨ।

## ਕਾਰਕੁੰਨ

1907 'ਚ ਹੀ, ਪੰਜਾਬ ਵਿਚ ਅਧਿਕਾਰੀਆਂ ਦੇ ਧਿਆਨ 'ਚ ਆਇਆ ਸੀ ਕਿ ਫ਼ੌਜ ਦੀਆਂ ਸਥਾਨਕ ਛਾਉਣੀਆਂ ਵਿਚ "ਰਾਜਧ੍ਰੋਹੀ ਪੈਂਫਲੈੱਟ" ਵੰਡੇ ਗਏ ਹਨ ਜਿਨ੍ਹਾਂ ਵਿਚ ਫ਼ੌਜੀਆਂ ਨੂੰ ਮੁਖ਼ਾਤਬ ਹੋ ਕੇ ਕਿਹਾ ਗਿਆ ਸੀ "ਕਿ ਅੰਗਰੇਜ਼ ਰਾਜ ਦਾ ਤਖ਼ਤਾ ਉਲਟਾਉਣਾ ਕਿੰਨਾ ਸੁਖ਼ਾਲਾ ਹੈ।.... ਇਹ ਪਰਚਾ ਹਿੰਦੁਸਤਾਨ ਦੇ ਕੁਝ ਬਾਸ਼ਿੰਦਿਆਂ ਵਲੋਂ ਤਿਆਰ ਕਰਕੇ ਭੇਜਿਆ ਗਿਆ ਸੀ ਜੋ ਐਸ ਵਕਤ ਅਮਰੀਕਾ 'ਚ ਹਨ।"[33] ਜਦੋਂ ਉੱਤਰੀ ਅਮਰੀਕਾ ਇਕ ਜਥੇਬੰਦ ਕੇਂਦਰ ਵਜੋਂ ਉੱਭਰਿਆ, ਤਾਂ ਯੂਰਪ ਵਿਚ ਰਹਿ ਰਹੇ ਹਿੰਦੁਸਤਾਨੀ ਇਨਕਲਾਬੀਆਂ, ਜਿਵੇਂ ਹਰਦਿਆਲ, ਅਜੀਤ ਸਿੰਘ ਅਤੇ ਭਾਈ ਪਰਮਾਨੰਦ, ਨੇ ਆਪਣੇ ਕੰਮ ਦੇ ਵਿਕਾਸ ਦੀ ਉਮੀਦ ਨਾਲ ਪੱਛਮ ਨੂੰ ਜ਼ਿਆਦਾ ਤਵੱਜੋਂ ਦੇਣੀ ਸ਼ੁਰੂ ਕਰ ਦਿੱਤੀ। ਇਕ ਵਾਰ ਉੱਥੇ ਜਾ ਕੇ, ਅੰਗਰੇਜ਼ ਵਿਰੋਧੀ "ਰਾਜਧ੍ਰੋਹ" ਜਥੇਬੰਦ ਕਰਨ ਅਤੇ ਆਪਣੇ ਭਾਈਚਾਰੇ ਦੀ ਉੱਤਰੀ ਅਮਰੀਕੀ ਨਸਲਵਾਦ ਤੋਂ ਰਾਖੀ ਕਰਨ ਦੇ ਕੰਮ ਜ਼ਰੂਰ ਹੀ ਨੇਪਰੇ ਚਾੜ੍ਹਨੇ ਹੋਣਗੇ। ਇਹ ਦੋਵੇਂ ਲਾਜ਼ਮੀ ਕੰਮ ਇਕ ਦੂਜੇ ਦੇ ਪੂਰਕ ਸਨ: ਆਰਗੇਨਾਈਜ਼ਰਾਂ ਦੀਆਂ ਗਿਣਤੀਆਂ-ਮਿਣਤੀਆਂ 'ਚ, ਮਗਰਲਾ ਠੀਕ ਉਹ ਚੀਜ਼ ਸੀ ਜੋ ਪਹਿਲੇ ਬਾਰੇ ਭਾਈਚਾਰੇ ਦੀ ਚੇਤਨਾ ਨੂੰ ਵਿਕਸਤ ਕਰਨ ਲਈ ਸੰਭਾਵੀ ਅਵਾਮੀ ਲਹਿਰ ਦੇ ਹਾਲਾਤ ਤਿਆਰ ਕਰ ਸਕਦਾ ਸੀ। ਦੂਜੇ ਸ਼ਬਦਾਂ 'ਚ, ਵਿਤਕਰੇ ਨਾਲ ਭੜਕੇ ਗੁੱਸੇ ਨੂੰ ਬਸਤੀਵਾਦ ਵਿਰੋਧੀ ਸੰਘਰਸ਼ ਵੱਲ ਸੇਧਤ ਕੀਤਾ ਜਾ ਸਕਦਾ ਸੀ। ਹੁਣ, ਹਿੰਦੁਸਤਾਨੀ ਆਜ਼ਾਦੀ ਅਤੇ ਅਮਰੀਕੀ ਸ਼ਹਿਰੀ ਹੱਕਾਂ ਦਾ ਇਹ ਮੇਲ ਤਰਜ਼ੀਹਾਂ ਦੇ ਟਕਰਾਅ ਵੱਲ ਵੀ ਲਿਜਾ ਸਕਦਾ ਸੀ। ਅਮਰੀਕੀ ਸ਼ਹਿਰੀਆਂ ਵਾਲੇ ਰੁਤਬੇ ਬਨਾਮ ਆਜ਼ਾਦ ਹਿੰਦੁਸਤਾਨੀ ਸ਼ਹਿਰੀਆਂ ਵਾਲੇ ਰੁਤਬੇ ਦੀਆਂ *ਬੁਨਿਆਦੀ* ਰੀਝਾਂ ਦਾ ਵਖਰੇਵਾਂ ਓੜਕ ਪੱਕੇ ਵਸਣ ਦੇ ਖ਼ਾਹਸ਼ਮੰਦ ਨਰਮ-ਖ਼ਿਆਲੀਆਂ ਅਤੇ ਇਥੇ ਆਰਜੀ ਰਹਿਣ ਵਾਲੇ ਰੈਡੀਕਲਾਂ ਦਰਮਿਆਨ ਹਿੱਤਾਂ ਦੇ ਵਖਰੇਵੇਂ 'ਚ ਸਾਹਮਣੇ ਆ ਗਿਆ, ਭਾਵੇਂ ਕਿ ਆਖ਼ਿਰ ਇਹ ਇਕ ਮੁਕੰਮਲ ਦਲੀਲ ਹੋ ਸਕਦੀ ਹੈ, ਇਸ ਨੂੰ ਦੇਖਦਿਆਂ ਕਿ ਇਹ ਗਰਮ-ਖ਼ਿਆਲੀਏ ਹੀ ਸਨ ਜੋ ਗ਼ਦਰ ਵਿਚ ਲੜਨ ਲਈ ਚਲ ਪਏ, ਤੇ ਨਰਮ-ਖ਼ਿਆਲੀਏ ਉੱਥੇ ਹੀ ਦੜ ਵੱਟਕੇ ਬੈਠੇ ਰਹੇ। ਪਰ 1912 ਅਤੇ 1918 ਦਰਮਿਆਨ ਹੀ ਇਹ ਹੋਇਆ ਕਿ ਹਿੰਦੁਸਤਾਨੀ ਚੌਖਟਾ ਐਨੀ ਸ਼ਿੱਦਤ ਨਾਲ ਅਮਰੀਕੀ ਚੌਖਟੇ ਉੱਪਰ ਭਾਰੂ ਹੋਇਆ ਅਤੇ ਕਿ ਕੌਮੀ ਮੁਕਤੀ ਦੀ ਵਿਥਿਆ ਦੀ ਚਾਪ ਆਵਾਸੀਆਂ ਦੀ ਆਮਦ ਅਤੇ ਇਸ ਕਾਮਯਾਬੀ 'ਤੇ ਆ ਕੇ ਖ਼ਤਮ ਹੋ ਗਈ। ਵੱਖ-ਵੱਖ ਹਿੱਸਿਆਂ ਦਾ ਗ਼ਦਰ ਲਹਿਰ ਦੇ ਰੂਪ 'ਚ ਸੁਮੇਲ ਹੋਣ ਤੋਂ ਪਹਿਲਾਂ, ਭਾਵੇਂ ਇਸ ਦੇ ਆਰਗੇਨਾਈਜ਼ਰ ਆਮ ਹੀ ਅੰਗਰੇਜ਼ ਰਾਜ ਦੇ ਵਿਰੁੱਧ ਬੋਲਦੇ ਰਹਿੰਦੇ ਸਨ, ਫ਼ੌਰੀ ਅਰਥਾਂ 'ਚ ਉਨ੍ਹਾਂ ਨੇ ਕਾਮਿਆਂ ਨੂੰ ਪੜ੍ਹਾਉਣ-ਲਿਖਾਉਣ ਅਤੇ ਆਵਾਸੀ ਭਾਈਚਾਰੇ ਦੀ ਭਲਾਈ ਦੇ ਕੰਮਾਂ ਨੂੰ ਤਰਜ਼ੀਹੀ ਕਾਰਜ ਬਣਾਇਆ। ਕੁਝ ਆਰਗੇਨਾਈਜ਼ਰਾਂ ਦੀ ਮਿਸਾਲਾਂ ਹੇਠਾਂ ਦਿੱਤੀਆਂ ਜਾਂਦੀਆਂ ਹਨ।

### *ਰਾਮ ਨਾਥ ਲਹਿਰੀ*

ਰਾਮ ਨਾਥ ਲਹਿਰੀ ਲਾਹੌਰ ਦੀ ਬੈਂਕ ਵਿਚ ਕਲਰਕ ਸੀ ਜਦੋਂ ਉਹ ਪਹਿਲੀ ਦਫ਼ਾ ਕੁਝ "ਇਤਰਾਜ਼ਯੋਗ ਪੈਂਫਲੈੱਟਾਂ" ਅਤੇ ਉਸ "ਰਾਜਧ੍ਰੋਹੀ ਕਾਰਟੂਨ" ਕਾਰਨ ਅੰਗਰੇਜ਼ ਰਾਜ ਦੇ ਅਧਿਕਾਰੀਆਂ ਦੀ ਨਜ਼ਰ 'ਚ ਆਇਆ ਜੋ ਉਸ ਨੇ 1905 'ਚ ਛਾਪਿਆ ਸੀ।[34] 1906 'ਚ ਉਹ ਅਮਰੀਕਾ ਚਲਾ ਗਿਆ। ਉਥੇ ਪਹਿਲਾਂ ਤਾਂ ਉਹ ਇਕ ਹਸਪਤਾਲ ਦੇ ਚੌਕੀਦਾਰ ਵਜੋਂ ਕੰਮ ਕਰਦਾ ਰਿਹਾ ਅਤੇ ਫਿਰ ਉਨ੍ਹਾਂ ਸਿੱਖ ਕਾਮਿਆਂ ਦਾ ਦੁਭਾਸ਼ੀਆ ਬਣ ਗਿਆ ਜੋ ਓਦੋਂ ਵੱਡੀ

ਤਾਦਾਦ 'ਚ ਆਉਣੇ ਸ਼ੁਰੂ ਹੋ ਗਏ ਸਨ। ਰਿਪੋਰਟ 'ਚ ਇਹ ਵੀ ਦੱਸਿਆ ਗਿਆ ਕਿ ਉਹ "ਹਰ ਸਮੇਂ ਆਪਣੀ ਕਾਬਲੀਅਤ ਵਰਤਕੇ ਉਨ੍ਹਾਂ ਨਾਲ ਚਲਾਕੀ ਕਰਨ ਦੀ ਤਾਕ 'ਚ ਰਹਿੰਦਾ ਸੀ" ਕਿ "ਹਿੰਦੁਸਤਾਨੀ ਉਸ ਨੂੰ ਨੌਸਰਬਾਜ਼ ਅਤੇ ਅਮਰੀਕਣ ਉਸ ਨੂੰ ਲਫੰਗਾ ਸਮਝਦੇ ਸਨ। ਉਸ ਨੇ ਸੁਰੰਗਾਂ ਵਿਛਾਉਣ ਦੀ ਤਕਨੀਕ ਬਾਰੇ ਇਕ ਕਾਲਜ 'ਚ ਦਾਖ਼ਲਾ ਲਿਆ ਅਤੇ ਫਿਰ ਉਹ ਖੇਤਾਂ ਵਿਚ ਫ਼ਲ ਤੋੜਨ, "ਇਕ ਅਮਰੀਕੀ ਔਰਤ ਦੇ ਘਰ ਵਿਚ ਬਹਿਰੇ ਵਜੋਂ" ਅਤੇ ਇਕ ਅਸਫ਼ਲ ਕਾਰੋਬਾਰੀ ਵਜੋਂ ਕੰਮ ਕਰਦਾ ਰਿਹਾ। ਉਸ ਦੇ ਈਸਟਰਨ ਇੰਪਲਾਇਮੈਂਟ ਏਜੰਸੀ ਅਤੇ ਇੰਡੋ-ਅਮੈਰੀਕਨ ਜਨਰਲ ਟਰੇਡਿੰਗ ਕੰਪਨੀ ਦੋਵੇਂ ਕਾਰੋਬਾਰ ਫੇਲ੍ਹ ਹੋ ਗਏ।

ਫਿਰ ਪੁਰੀ ਨੇ ਹਿੰਦੁਸਤਾਨ ਐਸੋਸੀਏਸ਼ਨ ਅਤੇ ਮੈਗਨੋਲੀਆ ਸਟਰੀਟ ਯੂਨੀਅਨ ਨਾਂ ਦੀ ਇਕ ਰਿਹਾਇਸ਼ੀ ਇਮਾਰਤ ਵੀ ਸ਼ੁਰੂ ਕੀਤੀ ਜੋ ਪੰਜਾਬੀ ਕਾਮਿਆਂ ਨੂੰ 10 ਸੈਂਟ ਪ੍ਰਤੀ ਰਾਤ ਦੇ ਹਿਸਾਬ ਕਮਰਾ ਅਤੇ ਖਾਣਾ ਮੁਹੱਈਆ ਕਰਦੀ ਸੀ।[35] ਉਸ ਨੇ ਥੋੜ੍ਹੀ ਦੇਰ *ਸਰਕੂਲਰ-ਏ-ਆਜ਼ਾਦੀ* ਨਾਂ ਦਾ ਰਸਾਲਾ ਵੀ ਕੱਢਿਆ ਜੋ ਜੂਨ, ਜੁਲਾਈ ਅਤੇ ਅਗਸਤ 1907 'ਚ ਸਾਨ ਫਰਾਂਸਿਸਕੋ ਅਤੇ ਓਕਲੈਂਡ ਵਿਚ ਛਪਿਆ। ਇਹ ਰਸਾਲਾ ਪੱਛਮੀ ਸਮੁੰਦਰੀ ਕੰਢੇ ਉੱਪਰ ਵੰਡੇ ਗਏ ਬਸਤੀਵਾਦ ਵਿਰੋਧੀ ਪਹਿਲੇ ਅਹਿਮ ਪ੍ਰਚਾਰ ਸਾਹਿਤ ਵਿੱਚੋਂ ਇਕ ਸੀ, ਜਿਸ ਨੂੰ ਇਸ ਦੇ "ਰਾਜਧ੍ਰੋਹੀ" ਤੱਤ ਕਾਰਨ ਢੋਆ-ਢੁਆਈ ਤੋਂ ਜਵਾਬ ਦੇ ਦਿੱਤਾ ਗਿਆ। ਕ੍ਰਿਮੀਨਲ ਇੰਟੈਲੀਜੈਂਸ ਦੇ ਨਿਰਦੇਸ਼ਕ ਦੀ ਜਨਵਰੀ 1908 ਦੀ ਰਿਪੋਰਟ ਅਨੁਸਾਰ, ਇਸ ਦਾ "ਉਦੇਸ਼..... ਅਮਰੀਕਾ ਵਿਚ ਰੋਜ਼ਗਾਰ ਦੀ ਖ਼ਾਤਰ ਜਾਣ ਵਾਲੇ ਹਿੰਦੁਸਤਾਨੀਆਂ ਵਿਚ ਹਿੰਦੁਸਤਾਨੀ ਕੌਮੀ ਪਾਰਟੀ ਜਥੇਬੰਦ ਕਰਨਾ ਹੈ।.... ਲੱਗਦਾ ਹੈ ਕਿ ਵੈਨਕੂਵਰ ਵਿਖੇ ਅਤੇ ਕੈਲੀਫੋਰਨੀਆ, ਤੇ ਵਾਸ਼ਿੰਗਟਨ ਸੂਬੇ ਵਿਚ ਕੁਝ ਥਾਈਂ ਅਤੇ ਪੱਛਮੀ ਅਮਰੀਕਾ ਦੇ ਹੋਰ ਥਾਈਂ ਗੋਰੇ ਤੇ ਸਿਆਹ ਕਾਮਿਆਂ ਦਰਮਿਆਨ ਜੋ ਝੜਪਾਂ ਹੋਈਆਂ ਉਹ ਇਸੇ ਦੇ ਕਾਰਨ ਹੋਈਆਂ ਸਨ।"[36]

ਕਥਿਤ ਤੌਰ 'ਤੇ ਪੁਰੀ ਦਾ ਰਸਾਲਾ ਸਾਨ ਫਰਾਂਸਿਸਕੋ ਅਧਾਰਤ ਇਕ "ਇੰਡੀਅਨ ਐਸੋਸੀਏਸ਼ਨ" ਅਤੇ ਅਸਟੋਰੀਆ ਤੇ ਵੈਨਕੂਵਰ ਦੀਆਂ ਸ਼ਾਖਾਵਾਂ ਨਾਲ ਜੁੜਿਆ ਹੋਇਆ ਸੀ, ਜਿਨ੍ਹਾਂ ਦਾ ਮਕਸਦ "ਹਿੰਦੁਸਤਾਨੀਆਂ ਨੂੰ ਕੌਮੀ ਲੀਹਾਂ 'ਤੇ ਹਦਾਇਤਾਂ ਦੇਣਾ, ਗੋਲੀ ਚਲਾਉਣ ਅਤੇ ਜਪਾਨੀ ਲੜਾਈ ਲੜਨ ਦੀ ਸਿਖਲਾਈ ਦੇਣਾ ਅਤੇ ਆਪਣੀ ਰਾਖੀ ਲਈ ਨੇਜੇ, ਤਲਵਾਰ ਤੇ ਹੋਰ ਹਥਿਆਰ ਚਲਾਉਣੇ ਸਿਖਾਉਣਾ ਅਤੇ ਹਿੰਦੁਸਤਾਨ ਪ੍ਰਤੀ ਅਮਰੀਕੀ ਹਮਦਰਦੀ ਪੈਦਾ ਕਰਨਾ ਸੀ।"[37] ਭਾਵੇਂ ਇਸ ਦੀਆਂ ਅਸਲ ਕਾਪੀਆਂ ਲੱਭਣੀਆਂ ਹੁਣ ਸੰਭਵ ਨਹੀਂ, ਕ੍ਰਿਮੀਨਲ ਇੰਟੈਲੀਜੈਂਸ ਦੇ ਨਿਰਦੇਸ਼ਕ (DCI) ਦੀ ਰਿਪੋਰਟ ਸਾਨੂੰ ਜਾਣਕਾਰੀ ਦਿੰਦੀ ਹੈ ਕਿ ਅਗਸਤ ਅੰਕ ਵਿਚ ਸਰਕਾਰੀ ਨੌਕਰੀ ਦਾ ਬਾਈਕਾਟ ਕਰਨ ਦੀ ਵਕਾਲਤ ਕਰਦਾ ਇਕ ਲੇਖ ਸ਼ਾਮਲ ਸੀ; ਅਤੇ ਜੁਲਾਈ ਤੇ ਅਗਸਤ ਦੋਵਾਂ ਅੰਕਾਂ ਵਿਚ ਅੰਗਰੇਜ਼ ਵਿਰੋਧੀ *ਗੈਲਿਕ ਅਮੈਰੀਕਨ* (ਅਖ਼ੀਰਲੇ ਅੰਕ ਬਾਰੇ ਸਾਡੇ ਕਦੇ ਸੁਣਨ ਵਿਚ ਨਹੀਂ ਆਇਆ) ਅਤੇ ਹੋਰ ਹਿੰਦੁਸਤਾਨੀ ਅਖ਼ਬਾਰਾਂ ਵਿੱਚੋਂ ਅੰਸ਼ ਲੈ ਕੇ ਛਾਪੇ ਗਏ ਸਨ – ਸੰਭਵ ਹੈ *ਬੰਦੇ ਮਾਤਰਮ* ਅਤੇ *ਇੰਡੀਅਨ ਸੋਸ਼ਾਲੋਜਿਸਟ* ਵਿੱਚੋਂ, ਕਿਉਂਕਿ ਇਹ *ਗੈਲਿਕ ਅਮੈਰੀਕਨ* ਨਾਲ ਲਿਖਤਾਂ ਸਾਂਝੀਆਂ ਕਰ ਲੈਂਦਾ ਸੀ।

1910 ਦੇ ਕਰੀਬ ਪੁਰੀ ਨੂੰ ਓਕਲੈਂਡ ਵਿਚ ਕੁਝ ਜ਼ਮੀਨ ਮਿਲ ਗਈ ਅਤੇ ਉਸ ਨੇ ਅਮਰੀਕਾ ਵਿਚ ਹੀ ਰਹਿਣ ਦਾ ਮਨ ਬਣਾ ਲਿਆ, ਕਿਉਂਕਿ ਉਹ ਅਜੇ ਵੀ ਹਿੰਦੁਸਤਾਨ ਆਉਣੋਂ ਡਰਦਾ ਸੀ। ਪਰ ਜ਼ਾਹਿਰ ਹੈ ਫਿਰ ਉਸ ਨੇ ਆਪਣਾ ਮਨ ਬਦਲ ਲਿਆ ਤੇ ਉਹ ਐਨ ਉਸ ਵਕਤ ਟੋਕੀਓ ਜਾ ਪਹੁੰਚਿਆ ਜਿੱਥੇ 1910 ਦੇ ਹੁਨਾਲ 'ਚ ਉਸ ਨੇ ਮੁਹੰਮਦ ਬਰਕਤਉੱਲਾ ਵਲੋਂ ਅਧਿਆਪਕ ਦੀ ਨੌਕਰੀ ਛੱਡਣ ਸਮੇਂ ਵਿਦਾਇਗੀ ਦਾਅਵਤ ਮੌਕੇ ਇਕ 'ਬਹੁਤ ਹੀ

ਇਤਰਾਜ਼ਯੋਗ" (ਸੰਭਵ ਤੌਰ 'ਤੇ ਇਸ ਦਾ ਮਤਲਬ ਸੀ ਖਾੜਕੂ ਰਾਜਧ੍ਰੋਹੀ) ਤਕਰੀਰ ਕੀਤੀ। ਫਿਰ ਪੁਰੀ 1911 'ਚ ਆਪਣੇ ਜੱਦੀ ਕਸਬੇ ਬਿਜਨੌਰ ਵਿਚ "ਆ ਪ੍ਰਗਟਿਆ, ਜੋ ਅਣਕਿਆਸਿਆ ਸੀ" ਅਤੇ ਆਰੀਆ ਸਮਾਜ *ਗੁਰੂਕੁਲ* ਵਿਖੇ ਨੌਜਵਾਨਾਂ ਨੂੰ ਇਹ ਮਸ਼ਵਰਾ ਦੇਣ ਲੱਗਿਆ ਕਿ ਉਨ੍ਹਾਂ ਨੂੰ "ਅਮਰੀਕਾ ਚਲੇ ਜਾਣਾ ਚਾਹੀਦਾ ਹੈ ਜਿਥੇ ਉਹ ਸਿੱਖ ਸਕਣਗੇ ਕਿ ਬੰਦਾ ਮੁਕਤੀ ਕਿਵੇਂ ਹਾਸਲ ਕਰਦਾ ਹੈ।" ਰਿਪੋਰਟ ਇਸ ਬਾਰੇ ਖ਼ਾਮੋਸ਼ ਹੈ ਕਿ ਬਾਅਦ ਵਿਚ ਉਸ ਦਾ ਕੀ ਬਣਿਆ, ਕੀ ਉਹ ਬਿਜਨੌਰ ਵਿਚ ਹੀ ਰਿਹਾ, ਅਤੇ ਜਦੋਂ 1914-15 ਵਿਚ ਗ਼ਦਰੀ ਵਤਨ ਮੁੜੇ ਕੀ ਉਸ ਨੇ ਉਨ੍ਹਾਂ ਨਾਲ ਦੁਬਾਰਾ ਰਾਬਤਾ ਬਣਾਇਆ ?

### *ਗੁਰੂ ਦੱਤ ਕੁਮਾਰ*

ਗੁਰੂ ਦੱਤ ਕੁਮਾਰ 1907 ਦੇ ਕਰੀਬ ਬ੍ਰਿਟਿਸ਼ ਕੋਲੰਬੀਆ ਆਇਆ ਅਤੇ ਵਿਕਟੋਰੀਆ ਵਿਚ ਇਕ ਕਰਿਆਨੇ ਦੀ ਦੁਕਾਨ ਖੋਲ੍ਹ ਲਈ।[38] ਉੱਤਰ-ਪੱਛਮੀ ਸਰਹੱਦੀ ਸੂਬੇ (North-West frontier province) ਦਾ ਇਹ ਜੰਮਪਲ ਕਲਕੱਤੇ ਦੀ ਇਨਕਲਾਬੀ ਲਹਿਰ ਦੇ ਪ੍ਰਭਾਵ ਹੇਠ ਸੀ, ਜਿਥੇ ਉਸ ਨੇ ਨੈਸ਼ਨਲ ਕਾਲਜ ਵਿਚ ਤਾਲੀਮ ਲਈ ਸੀ। ਥੋੜ੍ਹੇ ਵਕਤ ਲਈ ਉਹ ਉਰਦੂ ਤੇ ਹਿੰਦੀ ਪੜ੍ਹਾਉਂਦਾ ਰਿਹਾ ਅਤੇ ਫਿਰ ਇਕ ਤਸਵੀਰਾਂ ਖਿੱਚਣ ਵਾਲੇ ਦੀ ਦੁਕਾਨ 'ਤੇ ਰਹਿ ਕੇ ਇਹ ਕੰਮ ਸਿਖਿਆ। ਕਲਕੱਤਾ ਵਿਚ ਉਹ ਤਾਰਕ ਨਾਥ ਦਾਸ ਨੂੰ ਮਿਲਿਆ, ਜਿਸ ਨੇ ਚੌਥੇ ਰਿਸਾਲੇ ਦੇ ਪੁਰਾਣੇ ਸਿਪਾਹੀ ਹਰਨਾਮ ਸਿੰਘ ਸਾਹਰੀ ਨਾਲ ਮਿਲਕੇ ਉਸ ਦੀ ਅਮਰੀਕਾ ਆਉਣ 'ਚ ਮਦਦ ਕੀਤੀ।[39]

1909 'ਚ ਕੁਮਾਰ ਵੈਨਕੂਵਰ ਵਿਚ ਨਵੀਂ ਹਿੰਦੁਸਤਾਨ ਐਸੋਸੀਏਸ਼ਨ ਦਾ ਸਕੱਤਰ ਬਣਿਆ – ਉਹੀ ਐਸੋਸੀਏਸ਼ਨ ਜੋ ਪੁਰੀ ਦੇ *ਸਰਕੂਲਰ-ਏ-ਆਜ਼ਾਦੀ* ਨਾਲ ਜੁੜੀ ਹੋਈ ਸੀ। ਇਸ ਦਾ ਅੰਤਮ ਨਿਸ਼ਾਨਾ "ਹਿੰਦੁਸਤਾਨੀ ਕੌਮ" ਲਈ "ਮੁਕੰਮਲ ਸਵਰਾਜ" ਲਿਆਉਣਾ ਸੀ, ਉਸ ਮੁਤਾਬਿਕ ਇਸ ਦੇ ਲਈ ਬਦੇਸ਼ੀ ਲੁੱਟਖਸੁੱਟ ਦਾ ਖ਼ਾਤਮਾ ਹੀ ਨਹੀਂ ਸਗੋਂ ਦੇਸੀ ਸਿਖਿਆ, ਸਨਅਤ, ਵਪਾਰ ਅਤੇ ਖੇਤੀਬਾੜੀ ਦੀ ਤਰੱਕੀ ਵੀ ਜ਼ਰੂਰੀ ਹੋਵੇਗੀ।[40] ਇਸ ਜਥੇਬੰਦੀ ਦਾ ਦਾਅਵਾ ਸੀ ਕਿ ਇਸ ਦੇ 250 ਮੈਂਬਰ ਸਨ ਅਤੇ ਜ਼ਿਆਦਾਤਰ "ਵਿਦਿਆਰਥੀ ਅਤੇ ਪੜ੍ਹੇਲਿਖੇ ਬੰਦੇ" ਇਸ ਦੀ ਖ਼ਿਦਮਤ ਲਈ ਹਾਜ਼ਰ ਰਹਿੰਦੇ ਸਨ। ਐੱਫ ਸੀ ਆਈਸਮੌਂਗਰ ਅਤੇ ਜੇਮਜ਼ ਸਲੈਟਰੀ ਦੀ ਸਰਕਾਰੀ ਰਿਪੋਰਟ ਦਾਅਵਾ ਕਰਦੀ ਸੀ ਕਿ ਇਹ ਮੁੱਖ ਤੌਰ 'ਤੇ ਹਿੰਦੁਸਤਾਨੀ ਪਾੜ੍ਹਿਆਂ ਨੂੰ ਅਮਰੀਕਾ ਜਾਣ ਲਈ ਭਰਮਾਉਣ ਦਾ ਕੰਮ ਕਰਦੀ ਸੀ, ਜਿਥੇ ਉਨ੍ਹਾਂ ਨੂੰ "ਕੌਮਪ੍ਰਸਤ, ਇਨਕਲਾਬੀ ਅਤੇ ਇੱਥੋਂ ਤਕ ਕਿ ਅਰਾਜਕਤਾਵਾਦੀ ਮੱਤ ਸਿਖਾਇਆ" ਜਾ ਸਕਦਾ ਸੀ।[41] ਸ਼ੁਰੂ ਵਿਚ ਖ਼ਾਲਸਾ ਦੀਵਾਨ ਸੋਸਾਇਟੀ ਨਾਲ ਨੇੜਿਓਂ ਜੁੜਕੇ ਕੰਮ ਕਰਦਿਆਂ ਹੋਇਆਂ, ਕੁਮਾਰ ਸਮਾਜੀ ਸੁਧਾਰ, ਇਖ਼ਲਾਕ ਉੱਚਾ ਚੁੱਕਣ, ਨਸ਼ੇ ਛੱਡਣ ਅਤੇ ਜਾਤਪਾਤੀ ਅਤੇ ਮਜ਼੍ਹਬੀ ਸਦਭਾਵਨਾ 'ਤੇ ਜ਼ੋਰ ਦਿੰਦਾ ਸੀ। ਨਵੇਂ ਆਵਾਸੀਆਂ, ਸਮੇਤ ਉਨ੍ਹਾਂ ਟੱਬਰਾਂ ਦੇ ਜੋ ਪਹਿਲਾਂ ਹੀ ਉੱਥੇ ਰਹਿ ਰਹੇ ਆਪਣੇ ਪਿਆਰਿਆਂ ਕੋਲ ਜਾਣ ਦਾ ਯਤਨ ਕਰ ਰਹੇ ਸਨ, ਦੇ ਆਉਣ ਉੱਪਰ ਪਾਬੰਦੀਆਂ ਵਿਰੁੱਧ ਅੰਦੋਲਨ ਕਰਦਿਆਂ ਇਕ ਬਸਤੀਵਾਦ ਵਿਰੋਧੀ ਲਹਿਜ਼ਾ ਵੀ ਉੱਘੜਦਾ ਜਾ ਰਿਹਾ ਸੀ।[42]

ਕੁਮਾਰ ਤੇ ਉਸ ਦੇ ਸੰਗੀ-ਸਾਥੀਆਂ ਨੇ ਲੰਦਨ ਦੇ ਕ੍ਰਿਸ਼ਨ ਵਰਮਾ ਵਾਲੇ ਇੰਡੀਆ ਹਾਊਸ ਦੀ ਤਰਜ਼ 'ਤੇ *ਸਵਦੇਸ਼ ਸੇਵਕ ਹੋਮ* ਵੀ ਖੋਲ੍ਹ ਲਿਆ। ਇਹ ਆਵਾਸੀਆਂ ਦੇ ਬੱਚਿਆਂ ਲਈ ਸਕੂਲ (ਹਾਲਾਂਕਿ ਟੱਬਰਾਂ ਦੇ ਆਉਣ 'ਤੇ ਰੋਕ ਹੋਣ ਕਾਰਨ ਯਕੀਨਨ ਹੀ ਉੱਥੇ ਜ਼ਿਆਦਾ ਬੱਚੇ ਨਹੀਂ ਹੋਣਗੇ) ਅਤੇ ਖ਼ੁਦ ਆਵਾਸੀਆਂ ਲਈ ਤ੍ਰਿਕਾਲਾਂ ਸਮੇਂ ਅੰਗਰੇਜ਼ੀ ਦੀਆਂ ਜਮਾਤਾਂ ਚਲਾਉਂਦਾ ਸੀ। ਇਸ ਦਾ ਤਰਜ਼ਮਾਨ *ਸਵਦੇਸ਼ ਸੇਵਕ* ਸੀ, ਜੋ ਤਾਰਕਨਾਥ ਦਾਸ ਦੇ *ਫਰੀ*

*ਹਿੰਦੁਸਤਾਨ* ਦੇ ਗੁਰਮੁਖੀ ਸੰਗੀ ਵਜੋਂ 1910 'ਚ ਸ਼ੁਰੂ ਕੀਤਾ ਗਿਆ। ਇਹ ਦੋਵੇਂ ਰਸਾਲੇ *ਬੰਦੇ ਮਾਤਰਮ* ਅਤੇ *ਇੰਡੀਅਨ ਸੋਸ਼ਾਲੋਜਿਸਟ* ਵਿੱਚੋਂ ਲੈ ਕੇ ਲਿਖਤਾਂ ਦੁਬਾਰਾ ਛਾਪਦੇ ਸਨ, ਜੋ ਉਨ੍ਹਾਂ ਦੇ ਰੈਡੀਕਲ ਲਹਿਰ ਦੇ ਸੰਗੀਆਂ ਵਲੋਂ ਕੱਢੇ ਜਾਂਦੇ ਸਨ ਅਤੇ ਜੋ ਅੰਗਰੇਜ਼ ਦੀ ਹਿੰਦੁਸਤਾਨੀ ਫ਼ੌਜ ਵਿਚਲੇ ਸਿੱਖ ਫ਼ੌਜੀਆਂ ਨੂੰ ਬਗ਼ਾਵਤ ਕਰਨ ਦਾ ਹੋਕਾ ਦਿੰਦੇ ਸਨ। ਮਾਰਚ 1911 ਨੂੰ ਰਸਾਲਾ ਉਸ "ਇਤਰਾਜ਼ਯੋਗ" ਸਾਹਿਤ ਦੀ ਸੂਚੀ ਵਿਚ ਸ਼ਾਮਲ ਕਰ ਲਿਆ ਗਿਆ ਸੀ ਜਿਸ ਦੇ ਸਮੁੰਦਰੀ ਕਸਟਮਜ਼ ਐਕਟ ਤਹਿਤ ਹਿੰਦੁਸਤਾਨ ਵਿਚ ਭੇਜੇ ਜਾਣ ਦੀ ਮਨਾਹੀ ਸੀ।[43]

ਇਸੇ ਦੌਰਾਨ, ਕੁਮਾਰ, ਸਾਹਰੀ ਅਤੇ ਹੋਰਾਂ ਨੇ ਹਿੰਦੁਸਤਾਨੀ ਕਾਮਿਆਂ ਦੀਆਂ ਟੋਲੀਆਂ ਕੋਲ ਉਨ੍ਹਾਂ ਦੀਆਂ ਕੰਮ ਦੀਆਂ ਥਾਵਾਂ 'ਤੇ ਜਾਕੇ ਉਨ੍ਹਾਂ ਨਾਲ "ਸਮਾਜੀ ਅਤੇ ਸਿਆਸੀ ਮਸਲਿਆਂ" ਬਾਰੇ ਗੱਲਬਾਤ ਕਰਨ ਦਾ ਕੰਮ ਸ਼ੁਰੂ ਕੀਤਾ।[44] ਰਸਾਲਾ ਵੰਡਣ ਤੋਂ ਇਲਾਵਾ, ਉਹ ਮੀਟਿੰਗਾਂ ਕਰਦੇ ਅਤੇ ਵਤਨ ਵਾਸੀਆਂ ਦੇ ਇਥੇ ਆਉਣ 'ਤੇ ਪਾਬੰਦੀ ਜਾਂ ਜਿਨ੍ਹਾਂ ਸਾਜ਼ਿਸ਼ੀਆਂ ਨੂੰ ਵਾਪਸ ਭੇਜ ਦੇਣ ਦੀ ਧਮਕੀ ਦਿੱਤੀ ਗਈ ਸੀ ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਦੇ ਵਿਰੁੱਧ ਲੜਾਈ ਦੇਣ ਲਈ ਫੰਡ ਉਗਰਾਹੁੰਦੇ।[45] ਅਕਤੂਬਰ 1910 'ਚ ਕੁਮਾਰ ਨੂੰ ਗ੍ਰਿਫ਼ਤਾਰ ਕੀਤੇ ਜਾਣ ਸਮੇਂ ਪਤਾ ਚੱਲਿਆ ਕਿ ਉਹ ਦਾਸ ਦੇ ਵਾਹ 'ਚ ਸੀ ਅਤੇ "ਉਸ ਕੋਲੋਂ ਅਮਰੀਕਾ, ਅਫ਼ਰੀਕਾ, ਸਵਿਟਜ਼ਰਲੈਂਡ, ਮਿਸਰ ਅਤੇ ਫਰਾਂਸ ਦੇ ਬਹੁਤ ਸਾਰੇ ਹਿੰਦੂ (ਭਾਵ ਹਿੰਦੁਸਤਾਨੀ) ਅੰਦੋਲਨਕਾਰੀਆਂ ਦੇ ਸਿਰਨਾਵੇਂ ਅਤੇ ਨਾਈਟਰੋ-ਗਲਿਸਰੀਨ ਬਣਾਉਣ ਦੇ ਕੁਝ ਨੁਸਖ਼ੇ ਵੀ ਹੱਥ ਲੱਗੇ ਸਨ।" ਉਸ ਨੂੰ ਵਾਪਸ ਭੇਜ ਦੇਣ ਦੇ ਮਾਮਲੇ ਦਾ ਫ਼ੈਸਲਾ ਉਸ ਦੇ ਹੱਕ 'ਚ ਹੋਇਆ ਅਤੇ ਉਹ ਉੱਥੇ ਟਿਕਿਆ ਰਿਹਾ "ਆਵਾਸੀ ਕਾਨੂੰਨਾਂ ਦੇ ਖ਼ਿਲਾਫ਼ ਅੰਦੋਲਨ ਦਾ ਇਕ ਆਗੂ" ਬਣਨ ਲਈ।[46]

ਕੁਮਾਰ ਅਤੇ ਸਾਹਰੀ ਨੇ ਹਥਿਆਰ ਅਤੇ ਵਿਸਫੋਟਕ ਸਮੱਗਰੀ ਲੈ ਕੇ ਦੇਣ ਅਤੇ ਇਸ ਨੂੰ ਚਲਾਉਣ ਦੀ ਸਿਖਲਾਈ ਦੀ ਪੇਸ਼ਕਸ਼ ਕਰਦਿਆਂ, ਨਵੇਂ ਆਵਾਸੀਆਂ ਨੂੰ ਅੰਗਰੇਜ਼ ਵਿਰੋਧੀ ਹੋਣਹਾਰ ਇਨਕਲਾਬੀਆਂ ਵਜੋਂ (ਖੁਫ਼ੀਆ ਤੌਰ 'ਤੇ) ਭਰਤੀ ਕਰਨ 'ਤੇ ਵੀ ਧਿਆਨ ਕੇਂਦਰਤ ਕੀਤਾ। 1911 'ਚ ਇਕ ਐਸੀ ਸਭਾ ਬਣਾਈ ਗਈ ਜਿਸ ਦਾ ਮੈਂਬਰ ਬਣਨ ਲਈ ਭੇਤ ਗੁਪਤ ਰੱਖਣ ਦਾ ਹਲਫ਼ ਲੈਣਾ ਜ਼ਰੂਰੀ ਸੀ, ਜਿਸ ਦਾ ਨਿਸ਼ਾਨਾ "ਦੁਨੀਆ ਦੀਆਂ ਬਾਕੀ ਕੌਮਾਂ ਨਾਲ ਹਿੰਦੁਸਤਾਨੀ ਕੌਮ ਦਾ ਰਿਸ਼ਤਾ ਆਜ਼ਾਦੀ, ਬਰਾਬਰੀ ਅਤੇ ਭਰੱਪਣ ਵਾਲਾ ਕਾਇਮ ਕਰਨਾ" ਸੀ।[47]

ਇਥੇ ਗ਼ੈਰਕਾਨੂੰਨੀ ਦਾਖ਼ਲ ਹੋਣ ਦੇ ਬਹਾਨੇ ਗ੍ਰਿਫ਼ਤਾਰੀਆਂ ਉਸ ਸ਼ੱਕ ਅਤੇ ਜਾਸੂਸੀ ਦੇ ਸੰਕੇਤ ਸਨ ਜਿਨ੍ਹਾਂ ਤੋਂ ਜ਼ਾਹਿਰ ਸੀ ਕਿ ਅੰਗਰੇਜ਼ ਅਤੇ ਕੈਨੇਡਾ ਦੇ ਰਾਜ ਅਧਿਕਾਰੀ ਹਿੰਦੁਸਤਾਨ ਐਸੋਸੀਏਸ਼ਨ 'ਤੇ ਨਜ਼ਰ ਰੱਖ ਰਹੇ ਸਨ। ਮਈ 1911 'ਚ *ਵੈਨਕੂਵਰ ਡੇਲੀ ਪ੍ਰਾਵਿੰਸ* ਨੇ ਇਕ ਖ਼ਬਰ ਛਾਪੀ ਜਿਸ ਵਿਚ ਦਾਅਵਾ ਕੀਤਾ ਗਿਆ ਕਿ "ਵੈਨਕੂਵਰ ਦੇ ਹਿੰਦੂਆਂ ਨੇ ਹਿੰਦੁਸਤਾਨ ਵਿਚ ਸਾਜ਼ਿਸ਼ੀਆਂ" ਨੂੰ ਰਾਈਫ਼ਲਾਂ ਖ਼ਰੀਦਣ ਲਈ ਹਜ਼ਾਰਾਂ ਡਾਲਰ ਭੇਜੇ ਸਨ। ਇਸ ਅਖ਼ਬਾਰੀ ਸੁਰਖ਼ੀ ਨੂੰ ਚਿੱਕੜ-ਉਛਾਲੀ ਕਹਿਕੇ ਰੱਦ ਕਰਦਿਆਂ ਕੁਮਾਰ ਨੇ ਸੰਪਾਦਕ ਨੂੰ ਸਖ਼ਤ ਚਿੱਠੀ ਲਿਖੀ ਪਰ ਇਸ ਤੋਂ ਛੇਤੀ ਬਾਅਦ ਰਸਾਲੇ ਦੇ ਨਾਲ ਨਾਲ ਐਸੋਸੀਏਸ਼ਨ ਦਾ ਭੋਗ ਪਾਕੇ ਉਹ ਸਿਆਟਲ ਵਿਚ ਤਾਰਕਨਾਥ ਦਾਸ ਕੋਲ ਚਲਾ ਗਿਆ।[48]

### *ਤਾਰਕਨਾਥ ਦਾਸ*

ਤਾਰਕਨਾਥ ਦਾਸ 1903 'ਚ ਪਹਿਲੀ ਬੰਗਾਲੀ ਅਨੁਸ਼ੀਲਨ ਸੰਮਤੀ 'ਚ ਭਰਤੀ ਹੋਇਆ ਸੀ ਅਤੇ 1905 'ਚ ਇਸ ਦੀ ਢਾਕਾ ਸ਼ਾਖਾ ਬਣਾਉਣ 'ਚ ਮਦਦ ਕੀਤੀ ਸੀ।[49] ਅਗਲੇ ਸਾਲ ਤੇਈ ਸਾਲ ਦੀ ਉਮਰ 'ਚ ਉਹ ਜਾਣੇ-ਪਛਾਣੇ ਸਮੁੰਦਰੀ ਮਾਰਗ ਜਪਾਨ ਵਿੱਚੋਂ ਦੀ ਹੁੰਦਾ

ਹੋਇਆ ਨਿਊ ਯਾਰਕ ਚਲਾ ਗਿਆ। ਸਿਆਟਲ ਵਿਚ ਕਾਲਜ ਦੀ ਡਿਗਰੀ ਲੈਣ ਪਿੱਛੋਂ ਉਸ ਨੇ ਵੈਨਕੂਵਰ ਵਿਚ ਇਮੀਗ੍ਰੇਸ਼ਨ ਦਫ਼ਤਰ ਵਿਚ ਦੁਭਾਸ਼ੀਏ ਵਜੋਂ ਨੌਕਰੀ ਕੀਤੀ। ਪਰ ਅੰਗਰੇਜ਼ਾਂ ਖ਼ਿਲਾਫ਼ ਸਖ਼ਤ ਟਿੱਪਣੀਆਂ ਕਰਨ ਦੀ ਵਾਣ ਕਾਰਨ 1908 'ਚ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ।

ਦਾਸ ਦੀ ਬਰਖ਼ਾਸਤਗੀ ਤੋਂ ਐਨ ਪਹਿਲਾਂ ਅਪ੍ਰੈਲ ਵਿਚ, ਉਸ ਦੇ ਅੱਠ ਸਫ਼ੇ ਦੇ ਅੰਗਰੇਜ਼ੀ ਪਰਚੇ ਦਾ ਪਹਿਲਾ ਅੰਕ ਆ ਗਿਆ ਸੀ। ਦੋ ਮਹੀਨੇ ਬਾਅਦ ਉਹ ਛਪਾਈ ਦਾ ਕੰਮ ਸਿਆਟਲ ਲੈ ਗਿਆ, ਜਿਥੇ ਸਮਾਜਵਾਦੀ ਪਰਚੇ *ਵੈਸਟਰਨ ਕਲੈਰੀਅਨ* ਨੇ ਉਸ ਨੂੰ ਆਪਣੀ ਪ੍ਰੈੱਸ ਵਰਤਣ ਲਈ ਦੇ ਦਿੱਤੀ,[50] ਫਿਰ ਪ੍ਰੈੱਸ ਅਤੇ ਆਇਰਿਸ਼-ਅਮਰੀਕੀ ਫੀਨੀਅਨ ਬ੍ਰਦਰਹੁੱਡ ਦੇ ਬੁਲਾਰੇ *ਗੈਲਿਕ ਅਮੈਰੀਕਨ* ਦੇ ਸੰਪਾਦਕ ਜਾਰਜ ਫਰੀਮੈਨ ਦੀ ਦੋਸਤਾਨਾ ਮਦਦ ਨਾਲ ਉਹ ਛਪਾਈ ਦਾ ਕੰਮ ਸਿਆਟਲ ਲੈ ਗਿਆ। ਦਰ ਅਸਲ, ਨਿਰਦੇਸ਼ਕ ਇੰਟੈਲੀਜੈਂਸ ਨੇ ਜੁਲਾਈ 1908 ਵਿਚ ਨੋਟ ਕੀਤਾ ਕਿ *ਫਰੀ ਹਿੰਦੁਸਤਾਨ* ਦੇ ਪਹਿਲੇ ਦੋ ਅੰਕ ਮਗਰਲੇ ਪਰਚੇ ਦੀ ਕਾਪੀ ਵਿਚ ਬੰਦ ਕਰਕੇ ਹੀ ਭੇਜੇ ਗਏ ਸਨ, ਅਗਸਤ ਵਿਚ ਉਨ੍ਹਾਂ ਦੀ ਸਾਂਝ ਦੀ ਸ਼ੁਰੂਆਤ ਹੋਣ ਤੋਂ ਵੀ ਪਹਿਲਾਂ। ਨਵਾਂ ਪਰਚਾ "ਅਕਾਰ ਅਤੇ ਅੱਖਰਾਂ ਦੀ ਬਣਤਰ ਪੱਖੋਂ ਇੰਡੀਅਨ ਸੋਸ਼ਾਲੋਜਿਸਟ ਨਾਲ ਮਿਲਦਾ-ਜੁਲਦਾ" ਸੀ, ਅਤੇ ਇਸ ਦਾ ਸੰਪਾਦਕ ਦਾਸ ਵੀ ਵੈਨਕੂਵਰ ਇੰਡੀਅਨ ਐਸੋਸੀਏਸ਼ਨ ਦਾ ਖਜ਼ਾਨਚੀ ਰਿਹਾ ਸੀ। ਕ੍ਰਿਮੀਨਲ ਇੰਟੈਲੀਜੈਂਸ ਦੇ ਨਿਰਦੇਸ਼ਕ ਸਰ ਚਾਰਲਸ ਕਲੈਵਲੈਂਡ ਨੇ ਨੋਟ ਕੀਤਾ: "ਇਨ੍ਹਾਂ ਦੋ ਅੰਕਾਂ ਵਿਚ ਜਿਸ ਮਜ਼ਮੂਨ ਵੱਲ ਜ਼ਿਆਦਾ ਧਿਆਨ ਦਿੱਤਾ ਗਿਆ ਹੈ, ਸੁਭਾਵਿਕ ਤੌਰ 'ਤੇ ਉਹ ਹੈ ਇਮੀਗ੍ਰੇਸ਼ਨ ਦਾ ਸਵਾਲ ਅਤੇ ਨਾਲ ਹੀ ਇੰਗਲੈਂਡ ਵਲੋਂ ਭਾਰਤ ਨੂੰ ਕੰਗਾਲ ਕੀਤੇ ਜਾਣ ਦਾ ਸਵਾਲ, ਕੁਝ ਹੋਰ ਸ਼ਿਕਾਇਤਾਂ ਦੀ ਵੀ ਵਾਹਵਾ ਕੌੜ ਨਾਲ ਚਰਚਾ ਕੀਤੀ ਗਈ ਹੈ।"[51]

*ਇੰਡੀਅਨ ਸੋਸ਼ਾਲੋਜਿਸਟ* ਵਾਲੀ ਹੀ ਸੁਰ *ਫਰੀ ਹਿੰਦੁਸਤਾਨ* ਨੇ ਅਲਾਪੀ, ਉਸੇ ਵਾਂਗ ਹੀ ਇਸ ਨੇ ਆਪਣਾ ਮੁੱਖ ਸਫ਼ੇ ਦਾ ਮਾਟੋ ਹਰਬਰਟ ਸਪੈਂਸਰ ਦੇ ਬੋਲਾਂ ਨੂੰ ਬਣਾਇਆ: "ਜ਼ੁਲਮਾਂ ਨਾਲ ਟੱਕਰ ਲੈਣਾ ਰੱਬ ਦੀ ਰਜ਼ਾ ਹੈ।" ਪਰਚੇ ਵਲੋਂ ਐਲਾਨਿਆ ਗਿਆ ਮਕਸਦ ਸੀ "ਇਨਕਲਾਬ ਲਈ ਅਵਾਮ ਨੂੰ ਸਿਆਸੀ ਸਿਖਿਆ ਦੇਣਾ।" 1910 ਦੇ ਇਕ ਅੰਕ ਨੇ " 'ਬਗ਼ਾਵਤ ਜਥੇਬੰਦ ਕਰਨ' ਲਈ ਸਿੱਖ ਫ਼ੌਜੀਆਂ ਅੰਦਰ ਸਿਆਸੀ ਕੰਮ ਕਰਨ ਦੀ ਸਲਾਹ ਦਿੱਤੀ";[52] ਇਸ ਨੇ ਨੋਟ ਕੀਤਾ ਕਿ *[ਸਿੱਖਾਂ ਦੀ]* ਵਾਹਵਾ ਗਿਣਤੀ ਕੈਨੇਡਾ ਅਤੇ ਪੱਛਮੀ ਰਿਆਸਤਾਂ ਵਿਚ ਆ ਕੇ ਵਸੀ ਹੋਈ ਸੀ, ਅਤੇ .....ਕੈਨੇਡਾ ਵਲੋਂ ਲਾਈਆਂ ਇਮੀਗ੍ਰੇਸ਼ਨ ਰੋਕਾਂ ਤੋਂ ਪਹਿਲਾਂ ਹੀ ਅੱਕੀ-ਸਤੀ ਹੋਈ ਸੀ।"[53] ਪਲੇਠੇ ਅੰਕ ਵਿਚ ਅਜਿਹੇ ਕਦਮਾਂ ਤੋਂ ਖਫ਼ਾ ਹੋਏ ਹਿੰਦੁਸਤਾਨੀਆਂ ਵਲੋਂ ਵੈਨਕੂਵਰ ਵਿਚ ਜਨਤਕ ਇਕੱਠ ਕੀਤੇ ਜਾਣ ਅਤੇ ਆਵਾਸੀਆਂ ਨੂੰ ਵਾਪਸ ਭੇਜਣ ਦੇ ਖ਼ਤਰੇ ਵਿਰੁੱਧ ਰੋਸ ਜ਼ਾਹਰ ਕਰਨ ਦਾ ਵੇਰਵਾ ਦਿੱਤਾ ਗਿਆ ਸੀ। ਇਕੱਠ ਨੇ ਇਹੀ ਰੋਸ ਪ੍ਰਗਟਾਉਂਦੀ ਤਾਰ ਹਿੰਦੁਸਤਾਨ ਲਈ ਬਦੇਸ਼ ਸਕੱਤਰ ਲਾਰਡ ਮੌਰਲੇ ਨੂੰ ਭੇਜੀ ਸੀ। ਪਰਚੇ ਵਿਚ ਹਿੰਦੁਸਤਾਨ ਅੰਦਰ ਪਰਲੋ ਮਚਾਉਣ ਵਾਲੇ ਕਾਲ ਲਈ "ਕਾਤਲਾਨਾ ਨੀਤੀ" ਨੂੰ ਕਸੂਰਵਾਰ ਠਹਿਰਾਉਂਦਾ ਲੇਖ ਵੀ ਛਪਿਆ ਸੀ ਅਤੇ ਇਸ ਦੇ "ਜਾਬਰ ਉਪਾਵਾਂ" ਦੀ ਤੁਲਨਾ ਜ਼ਾਰਸ਼ਾਹੀ ਰੂਸ ਨਾਲ ਕੀਤੀ ਗਈ ਸੀ – ਉਹੀ ਤੁਲਨਾ ਜੋ ਸਵਦੇਸ਼ੀ ਰੈਡੀਕਲ ਕਰਦੇ ਸਨ।

1908 ਵਿਚ, ਦਾਸ ਨੌਰਵਿਚ ਵਰਮੌਂਟ ਦੇ ਵੱਕਾਰੀ ਫ਼ੌਜੀ ਸਕੂਲ 'ਚ ਜਾ ਦਾਖ਼ਲ ਹੋਇਆ, ਪਰ ਉਸ ਨੂੰ ਇਸ ਦੀ ਅਗਲੇਰੀ ਪੜ੍ਹਾਈ ਜਾਂ ਵਰਮੌਂਟ ਨੈਸ਼ਨਲ ਗਾਰਡ 'ਚ ਦਾਖ਼ਲਾ ਦੇਣ ਤੋਂ ਨਾਂਹ ਕਰ ਦਿੱਤੀ ਗਈ ਜਿਵੇਂ ਕਿ ਜ਼ਿਆਦਾਤਰ ਵਿਦਿਆਰਥੀ ਕਰਦੇ ਸਨ। ਉਸ ਦੀ

ਬਦੇਸ਼ੀ ਕੌਮੀਅਤ ਦੇ ਨਾਲ ਨਾਲ, ਉਸ ਦਾ ਸਿਆਸੀ ਇਤਿਹਾਸ ਵੀ ਉਸ ਦੇ ਖ਼ਿਲਾਫ਼ ਭੁਗਤਿਆ। ਪਾੜ੍ਹਿਆਂ 'ਚ ਹਰਮਨਪਿਆਰਾ ਹੋਣ ਅਤੇ "ਫ਼ੌਜੀ ਮਾਮਲਿਆਂ ਦੀ ਹਰ ਚੀਜ਼ 'ਚ ਡੂੰਘੀ ਰੁਚੀ" ਦੇ ਬਾਵਜੂਦ ਉਸ ਨੇ ਬਰਤਾਨੀਆ ਨਾਲ ਵੈਰ ਦੀ ਸੁਰ ਨੀਵੀਂ ਕਰਨ ਤੋਂ ਇਕ ਵਾਰ ਫੇਰ ਨਾਂਹ ਕਰ ਦਿੱਤੀ ਜਿਸ ਦਾ ਇਜ਼ਹਾਰ "ਹਰ ਮੌਕੇ, ਚਾਹੇ ਢੁੱਕਵਾਂ ਹੋਵੇ ਜਾਂ ਨਹੀਂ"[54] ਕਰਨ ਤੋਂ ਉਸ ਨੂੰ ਵਰਜਿਆ ਗਿਆ ਸੀ। ਇਸ ਦੀ ਬਜਾਏ ਫਿਰ ਉਹ ਵਾਸ਼ਿੰਗਟਨ ਅਤੇ ਕੈਲੀਫੋਰਨੀਆ ਦੀਆਂ ਯੂਨੀਵਰਸਿਟੀਆਂ ਵਿਚ ਸਿਆਸੀ ਵਿਗਿਆਨ ਦੀਆਂ ਉਚੇਰੀਆਂ ਡਿਗਰੀਆਂ ਲੈਣ ਲਈ ਚਲਾ ਗਿਆ, ਜਿਸ ਦੌਰਾਨ ਬਦੇਸ਼ ਵਿਚ ਰਹਿ ਰਹੇ ਹਿੰਦੁਸਤਾਨੀ ਇਨਕਲਾਬੀਆਂ ਬਾਰੇ ਬਰਤਾਨਵੀ ਬਦੇਸ਼ ਦਫ਼ਤਰ ਦੀ ਇਕ ਰਿਪੋਰਟ ਵਿਚ ਉਸ ਦੀ ਸ਼ਨਾਖ਼ਤ ਪੱਛਮੀ ਸਮੁੰਦਰੀ ਕੰਢੇ ਦੇ ਇਕ "ਮੋਹਰੀ ਆਗੂ" ਵਜੋਂ ਕੀਤੀ ਗਈ।[55] (ਅਮਰੀਕਾ ਦੇ ਮੁੱਖਧਾਰਾ ਸਮਾਜ ਨਾਲ ਗੱਲਬਾਤ ਕਰਨ ਦੀ ਉਸ ਦੀ ਮੁਹਾਰਤ ਨੂੰ ਦੇਖਦਿਆਂ, ਉਹ ਇਕ ਤਰ੍ਹਾਂ ਨਾਲ ਹਿੰਦੁਸਤਾਨੀ ਭਾਈਚਾਰੇ ਦਾ ਵਕੀਲ ਅਤੇ ਨੁਮਾਇੰਦਾ ਬਣ ਗਿਆ ਸੀ।)

1910 'ਚ ਉਸ ਨੇ ਸਿਆਟਲ ਵਿਚ ਯੂਨਾਈਟਿਡ ਇੰਡੀਆ ਹਾਊਸ ਬਣਾਉਣ 'ਚ ਹੱਥ ਵਟਾਇਆ, ਜਿਥੇ ਉਹ ਅਤੇ ਹੋਰ ਬੰਗਾਲੀ ਪਾੜ੍ਹੇ ਹਰ ਸ਼ਨੀਵਾਰ ਨੂੰ ਪੰਝੀ ਦੇ ਕਰੀਬ ਕਾਮਿਆਂ ਦੇ ਇਕੱਠ ਵਿਚ ਤਕਰੀਰਾਂ ਕਰਿਆ ਕਰਦੇ ਸਨ।[56] ਦਾਸ ਪੈਸੀਫਿਕ ਕੋਸਟ ਉੱਪਰ "ਪਾੜ੍ਹਿਆਂ ਅਤੇ ਉੱਥੇ ਆ ਕੇ ਵਸਣ ਵਾਲਿਆਂ" ਵਿਚ ਅਕਸਰ ਹੀ ਹਿੰਦੁਸਤਾਨ ਦੀ ਆਰਥਕ ਲੁੱਟਖਸੁੱਟ ਬਾਰੇ ਤਕਰੀਰਾਂ ਕਰਦਾ ਸੀ। ਜਨਤਕ ਸਿਖਿਆ ਦੇ ਅਜਿਹੇ ਯਤਨਾਂ ਤੋਂ ਇਲਾਵਾ, ਦਾਸ ਨੇ ਉਨ੍ਹਾਂ ਬੰਗਾਲੀ ਧੜਿਆਂ ਦੀ ਤਰਜ਼ 'ਤੇ ਆਪਣੀ ਜਥੇਬੰਦੀ ਨੂੰ ਖ਼ੁਫ਼ੀਆ ਢੰਗ ਨਾਲ ਚਲਾਉਣ ਦੇ ਤੌਰ-ਤਰੀਕੇ ਵੀ ਤਿਆਰ ਕੀਤੇ, ਜਿਨ੍ਹਾਂ ਦੇ ਉਹ ਸੰਪਰਕ 'ਚ ਰਿਹਾ ਸੀ। ਉਨ੍ਹਾਂ ਨੇ ਆਪਣੇ ਬੰਬ ਬਣਾਉਣ ਦੇ ਗੁਰ ਉਸ ਨੂੰ ਦੱਸਣ 'ਚ ਕਾਫ਼ੀ ਖੁੱਲ੍ਹਦਿਲੀ ਦਿਖਾਈ ਸੀ, ਬਾਅਦ 'ਚ ਜਦੋਂ 1914 'ਚ ਉਸ ਨੂੰ ਇਕ ਮੀਟਿੰਗ ਨੂੰ ਸੰਬੋਧਨ ਕਰਨ ਲਈ ਬੁਲਾਇਆ ਗਿਆ ਤਾਂ ਦਾਸ ਨੇ ਇਹ ਜਾਣਕਾਰੀ ਆਪਣੇ ਸਾਨ ਫਰਾਂਸਿਸਕੋ ਵਾਲੇ ਸਾਥੀਆਂ ਨਾਲ ਸਾਂਝੀ ਕੀਤੀ।[57]

ਇਹ ਸਰਗਰਮੀ ਲਾਜ਼ਮੀ ਹੀ ਇਮੀਗ੍ਰੇਸ਼ਨ ਅਤੇ ਨਾਗਰਿਕਤਾ ਦੇਣ ਵਾਲੇ ਅਧਿਕਾਰੀਆਂ ਦੇ ਧਿਆਨ 'ਚ ਨਹੀਂ ਆਈ ਹੋਵੇਗੀ, ਜਿਨ੍ਹਾਂ ਨੇ 1914 'ਚ ਉਸ ਨੂੰ ਅਮਰੀਕੀ ਨਾਗਰਿਕਤਾ ਹਾਸਲ ਕਰਨ ਦੀ ਇਜਾਜ਼ਤ ਦੇ ਦਿੱਤੀ। 1920ਵਿਆਂ 'ਚ ਉਸ ਨੇ ਮੈਰੀ ਕੀਟਿੰਗ ਮੋਰਸ ਨਾਂ ਦੀ ਇਕ ਗੋਰੀ ਨਾਲ ਵਿਆਹ ਕਰਾ ਲਿਆ, ਜੋ ਔਰਤਾਂ ਦੇ ਵੋਟ-ਹੱਕ ਦੀ ਉੱਘੀ ਹਮਾਇਤੀ ਅਤੇ ਐੱਨ ਏ ਏ ਸੀ ਪੀ ਦੀ ਬਾਨੀ ਮੈਂਬਰ ਸੀ। ਉਹ ਕੋਲੰਬੀਆ ਯੂਨੀਵਰਸਿਟੀ ਵਿਖੇ ਸਿਆਸੀ ਵਿਗਿਆਨ ਦਾ ਪ੍ਰੋਫੈਸਰ ਲੱਗ ਗਿਆ ਅਤੇ 1958 'ਚ ਆਪਣੀ ਮੌਤ ਤਕ ਉੱਤਰੀ ਅਮਰੀਕਾ ਵਿਚ ਹਿੰਦੁਸਤਾਨੀ ਸਿਆਸਤ ਦੀ ਉੱਘੀ ਹਸਤੀ ਰਿਹਾ। ਹਾਲਾਂਕਿ ਜਦੋਂ ਉਹ ਵਧੇਰੇ ਰੂੜ੍ਹੀਵਾਦੀ ਕਿਸਮ ਦੇ ਰਾਸ਼ਟਰਵਾਦ ਨਾਲ ਜਾ ਖੜ੍ਹਿਆ ਅਤੇ 1920ਵਿਆਂ 'ਚ ਦੁਬਾਰਾ ਬਣਾਈ ਗਈ ਗ਼ਦਰ ਪਾਰਟੀ ਦੇ ਆਗੂਆਂ ਨਾਲ ਉਸ ਦੀ ਅਣਬਣ ਹੋ ਗਈ ਤਾਂ ਉਸ ਦਾ ਰਾਹ ਗ਼ਦਰੀ ਲੀਹ ਤੋਂ ਵੱਖਰਾ ਹੋ ਜਾਵੇਗਾ।

### *ਪਾਂਡੂਰੰਗ ਖਾਨਖੋਜੇ*

ਕੁਮਾਰ ਅਤੇ ਦਾਸ ਤਾਂ ਜ਼ਿਆਦਾਤਰ ਵੈਨਕੂਵਰ ਅਤੇ ਸਿਆਟਲ ਨਾਲ ਜੁੜੇ ਹੋਏ ਸਨ, ਪੋਰਟਲੈਂਡ ਅਤੇ ਅਸਟੋਰੀਆ ਵਿਚ ਹਿੰਦੁਸਤਾਨੀ ਇੰਡੀਪੈਂਡੈਂਟ ਲੀਗ ਦਾ ਮੁੱਢ ਬੰਨ੍ਹਣ ਦਾ ਸਿਹਰਾ ਪਾਂਡੂਰੰਗ ਖਾਨਖੋਜੇ ਨੂੰ ਜਾਂਦਾ ਸੀ ਜਿਸ ਨੇ ਗ਼ਦਰ ਪਾਰਟੀ ਦੇ ਬੀਜ ਤਿਆਰ ਕੀਤੇ।[58] ਖਾਨਖੋਜੇ ਦੀ ਪ੍ਰੇਰਣਾ ਤਿਲਕ ਸੀ, ਜਿਸ ਨੇ ਪਹਿਲਾਂ ਪਹਿਲ ਇਸ ਨੌਜਵਾਨ ਨੂੰ ਹਿੰਦੁਸਤਾਨ ਤੋਂ

ਬਾਹਰ ਫ਼ੌਜੀ ਸਿਖਲਾਈ ਲੈਣ ਲਈ ਹੱਲਾਸ਼ੇਰੀ ਦਿੱਤੀ ਸੀ। ਕਈ ਹੋਰਾਂ ਵਾਂਗ ਉਸ ਨੇ ਵੀ ਪਹਿਲਾਂ ਜਪਾਨ ਜਾਣ ਦਾ ਯਤਨ ਕੀਤਾ, ਪਰ ਦੇਖਿਆ ਕਿ ਅੰਗਰੇਜ਼-ਜਪਾਨੀ ਗੱਠਜੋੜ ਉੱਥੇ ਜਾ ਕੇ "ਯੁੱਧ ਦੇ ਆਧੁਨਿਕ ਢੰਗਾਂ" ਦੀ ਪੜ੍ਹਾਈ ਕਰਨ ਦੀ ਮਨਾਹੀ ਕਰਦਾ ਸੀ। 1905 'ਚ ਉਹ ਕੈਲੀਫੋਰਨੀਆ ਚਲਾ ਗਿਆ ਅਤੇ ਪਹਿਲਾਂ ਕੈਲੀਫੋਰਨੀਆ ਯੂਨੀਵਰਸਿਟੀ ਵਿਚ ਖੇਤੀਬਾੜੀ ਵਿਗਿਆਨ 'ਚ ਦਾਖ਼ਲਾ ਲਿਆ ਅਤੇ ਫਿਰ 1908 'ਚ ਤਮਾਲਪੇਸ ਫ਼ੌਜੀ ਅਕਾਦਮੀ ਵਿਚ। ਉਸ ਨੂੰ ਵੈਸਟ ਪੁਆਇੰਟ ਵਿਖੇ ਆਪਣੀ ਸਿਖਲਾਈ ਜਾਰੀ ਰਹਿਣ ਦੀ ਉਮੀਦ ਸੀ ਪਰ ਗ਼ੈਰ-ਅਮਰੀਕੀ ਹੋਣ ਕਰਕੇ ਉਸ ਨੂੰ ਕੋਰਾ ਜਵਾਬ ਦੇ ਦਿੱਤਾ ਗਿਆ। ਫਿਰ ਵੀ, ਉਸ ਨੇ ਹਿੰਦੁਸਤਾਨੀ ਫ਼ੌਜੀ ਟਾਕਰੇ ਬਾਰੇ ਆਪਣੀ ਸੋਚ ਨੂੰ ਤਿੱਖੇ ਰੂਪ 'ਚ ਢਾਲਣ ਲਈ ਪਹਿਲਾਂ ਹੀ ਬਹੁਤ ਕੁਝ ਸਿੱਖ ਲਿਆ ਸੀ, ਕਿਉਂਕਿ ਉਸ ਨੇ ਮਹਿਸੂਸ ਕਰ ਲਿਆ ਸੀ ਕਿ ਆਧੁਨਿਕ ਤਕਨਾਲੋਜੀ ਅਧਾਰਤ ਨਵੇਂ ਹਥਿਆਰ ਅਤੇ ਰਸਾਇਣ ਜ਼ਿਆਦਾਤਰ ਹਿੰਦੁਸਤਾਨੀਆਂ ਦੀ ਸੁਖਾਲੀ ਪਹੁੰਚ ਵਿਚ ਨਹੀਂ ਸਨ। ਹਾਲਾਂਕਿ ਐਮਿਲੀ ਬਰਾਊਨ ਕਹਿੰਦਾ ਹੈ, "ਉਹ ਇਸ ਨਿਰਣੇ 'ਤੇ ਜ਼ਰੂਰ ਪਹੁੰਚ ਗਿਆ ਸੀ ਕਿ ਅਨੁਸ਼ਾਸਨ, ਫ਼ੁਰਤੀ ਨਾਲ ਕਾਰਵਾਈ ਅਤੇ ਖ਼ੁਫ਼ੀਆ ਕੰਮ ਬਾਰੇ ਕਿਤਾਬਾਂ ਦੀ ਆਪਣੀ ਹੀ ਇਕ ਅਹਿਮੀਅਤ ਹੈ।"[59]

ਸ਼ੁਰੂ 'ਚ, ਉਸ ਨੇ ਸਕੂਲੀ ਛੁੱਟੀਆਂ ਦਾ ਇਸਤੇਮਾਲ ਸਿਰਫ਼ ਮੁਸ਼ੱਕਤ ਕਰਨ - ਸੜਕਾਂ ਬਣਾਉਣ, ਜੰਗਲ ਕੱਟਣ, ਹਾਪ ਫ਼ਲ, ਅੰਗੂਰ, ਰਸਭਰੀ ਤੋੜਨ - ਲਈ ਕਰਨ ਖ਼ਾਤਰ ਹੀ ਨਹੀਂ ਸਗੋਂ ਆਪਣੇ ਨਾਲ ਦੇ ਕਾਮਿਆਂ ਨਾਲ ਅੰਗਰੇਜ਼ ਰਾਜ ਦੀਆਂ ਬੁਰਾਈਆਂ ਬਾਰੇ ਗੱਲਬਾਤ ਕਰਨ ਅਤੇ ਉਨ੍ਹਾਂ ਨੂੰ ਇੰਡੀਅਨ ਇੰਡੀਪੈਂਡੈਂਸ ਲੀਗ ਦੇ ਮੈਂਬਰ ਬਣਨ ਲਈ ਉਤਸ਼ਾਹਤ ਕਰਨ ਲਈ ਕਰਨ ਦੀ ਵਾਹ ਲਾਈ। ਓਦੋਂ ਇਹ ਯਤਨ ਸਮੇਂ ਤੋਂ ਪਹਿਲਾਂ ਜ਼ਰੂਰ ਸਾਬਤ ਹੋਏ, ਪਰ ਲੰਮਾ ਸਮਾਂ ਇੰਞ ਨਾ ਰਿਹਾ। ਗਰੈਜੂਏਸ਼ਨ ਕਰਨ ਤੋਂ ਪਿੱਛੋਂ ਇਕ ਸਮਾਂ ਉਹ ਕੰਮ ਦੀ ਭਾਲ ਦੇ ਵਹਿਣ 'ਚ ਵਹਿ ਗਿਆ। ਪੋਰਟਲੈਂਡ ਵਿਚ ਉਸ ਨੇ "ਪੁਰਾਣੇ ਇਨਕਲਾਬੀ ਅਤੇ ਸੂਫੀ ਅੰਬਾ ਪ੍ਰਸਾਦ ਦੇ ਚੇਲੇ" ਪੰਡਤ ਕਾਂਸ਼ੀਰਾਮ ਨਾਲ ਚੰਗੀ ਜਾਣ-ਪਛਾਣ ਬਣਾ ਲਈ। ਕਾਂਸ਼ੀਰਾਮ ਹੁਣ ਆਰਾ ਮਿੱਲ ਦਾ ਇਕ ਖ਼ੁਸ਼ਹਾਲ ਮਾਲਕ ਸੀ ਜੋ ਅਕਸਰ ਹੀ ਪਾੜ੍ਹਿਆਂ ਅਤੇ ਕਾਮਿਆਂ ਦੋਵਾਂ ਦੀ ਮਾਲੀ ਇਮਦਾਦ ਕਰਦਾ ਰਹਿੰਦਾ ਸੀ। ਖਾਨਖੋਜੇ ਨੇ ਸੁਝਾਅ ਦਿੱਤਾ ਕਿ ਉਨ੍ਹਾਂ ਨੂੰ ਪੋਰਟਲੈਂਡ ਵਿਚ ਉਸੇ ਤਰ੍ਹਾਂ ਦੀ ਨਵੀਂ ਇੰਡੀਅਨ ਇੰਡੀਪੈਂਡੈਂਸ ਲੀਗ ਬਣਾ ਲੈਣੀ ਚਾਹੀਦੀ ਹੈ, "ਜਿਸ ਤਰ੍ਹਾਂ ਦੀ ਅਸੀਂ ਜਪਾਨ ਅਤੇ ਸਾਨ ਫਰਾਂਸਿਸਕੋ ਵਿਚ ਬਣਾਈ ਹੋਈ ਸੀ।" ਉਸ ਨੇ ਆਪਣੀਆਂ ਯਾਦਾਂ ਵਿਚ ਲਿਖਿਆ: "ਇੱਕੋ ਜਗ੍ਹਾ ਐਨੇ ਹਿੰਦੁਸਤਾਨੀਆਂ ਨੂੰ ਦੇਖਕੇ ਮੈਂ ਉਤਸ਼ਾਹਤ ਹੋਇਆ ਸੀ। ਮੇਰੇ ਲਈ ਅਮਰੀਕਾ ਵਿਚਲੇ ਹਿੰਦੁਸਤਾਨੀ ਕਾਮਿਆਂ ਨੂੰ ਨਾਲ ਲੈ ਕੇ ਇਕ ਲਹਿਰ ਜਥੇਬੰਦ ਕਰਨ ਅਤੇ ਇਸ ਦਾ ਪ੍ਰਚਾਰ ਹਿੰਦੁਸਤਾਨ ਤਕ ਪਹੁੰਚਾਉਣ ਦੀ ਤਰਕੀਬ ਲੱਭਣੀ ਜ਼ਰੂਰੀ ਸੀ।"[60]

ਪਰ ਕਾਂਸ਼ੀਰਾਮ ਪੜ੍ਹੇਲਿਖੇ ਨੌਜਵਾਨਾਂ ਬਾਰੇ ਕਾਮਿਆਂ ਦੀ ਲਗਾਤਾਰ ਬੇਇਤਬਾਰੀ ਨੂੰ ਮੁੱਖ ਰੱਖਦਿਆਂ ਅਜੇ ਇਸ ਤੋਂ ਝਿਜਕਦਾ ਸੀ। ਜਿਨ੍ਹਾਂ ਬਾਰੇ ਉਹ ਕਾਮੇ ਸਮਝਦੇ ਸਨ ਕਿ ਪੜ੍ਹੇਲਿਖੇ ਉਨ੍ਹਾਂ ਨਾਲ ਧੋਖਾ ਕਰ ਸਕਦੇ ਹਨ, ਬੇਵਕੂਫ਼ ਬਣਾ ਸਕਦੇ ਹਨ ਜਾਂ ਉਨ੍ਹਾਂ ਨੂੰ ਨੀਵਾਂ ਦਿਖਾ ਸਕਦੇ ਹਨ। ਪਰ ਖਾਨਖੋਜੇ ਨੇ ਕਾਂਸ਼ੀਰਾਮ ਦੀ ਮਦਦ ਨਾਲ ਉਨ੍ਹਾਂ ਦੇ ਭਰਮ ਦੂਰ ਕਰਨ ਲਈ ਸਿਰਤੋੜ ਮਿਹਨਤ ਕਰਕੇ ਆਹਿਸਤਾ ਆਹਿਸਤਾ ਆਪਣੀ ਈਮਾਨਦਾਰੀ ਅਤੇ ਸੁਹਿਰਦਤਾ ਦੀ ਧਾਂਕ ਜਮਾ ਕੇ ਉਨ੍ਹਾਂ ਦਾ ਭਰੋਸਾ ਜਿੱਤ ਲਿਆ ਕਿਉਂਕਿ ਗੱਲਬਾਤ 'ਚ ਦੁਭਾਸ਼ੀਏ, ਦਵਾਈਆਂ ਖ਼ਰੀਦਣ ਜਾਂ ਚਿੱਠੀਆਂ ਲਿਖਣ ਦੀ ਲੋੜ ਆਮ ਹੀ ਪੈਂਦੀ ਰਹਿਣ ਕਾਰਨ ਉਹ ਉਨ੍ਹਾਂ ਦੀ "ਲਾਜ਼ਮੀ" ਲੋੜ ਬਣ ਗਿਆ ਸੀ। ਆਖ਼ਿਰ ਸੰਸਥਾ ਬਣਾਉਣ 'ਚ ਕਾਮਯਾਬੀ ਮਿਲ ਗਈ; ਹਾਲਾਂਕਿ ਸੋਹਣ ਸਿੰਘ

ਭਕਨਾ ਨੂੰ ਮਨਾਉਣਾ ਸਭ ਤੋਂ ਔਖਾ ਕੰਮ ਸੀ, ਜੋ ਇਕ ਬਾਬੂ ਉੱਪਰ ਯਕੀਨ ਕਰਨ 'ਚ ਝਿਜਕ ਦਿਖਾਉਣ ਵਾਲੇ ਸਭ ਤੋਂ ਖ਼ਰੀ ਗੱਲ ਕਹਿਣ ਵਾਲਿਆਂ ਵਿੱਚੋਂ ਸੀ। ਭਕਨਾ ਅਸਟੋਰੀਆ ਦੀ ਇਕ ਇਮਾਰਤੀ ਲੱਕੜ ਦੀ ਮਿੱਲ 'ਚ ਕੰਮ ਕਰਦਾ ਸੀ ਅਤੇ ਸਥਾਨਕ ਗ੍ਰੰਥੀ ਦੀ ਸੇਵਾ ਵੀ ਨਿਭਾ ਰਿਹਾ ਸੀ ਅਤੇ ਉਹ ਸਰਹੱਦ ਦੇ ਦੋਵੇਂ ਪਾਸੇ ਹਿੰਦੁਸਤਾਨੀ ਕਾਮਿਆਂ ਦੇ ਹੱਕਾਂ ਦੀ ਨੁਮਾਇੰਦਗੀ ਕਰਨ ਦੀ ਵਾਹ ਵੀ ਲਾਉਂਦਾ ਸੀ। ਸੁਹਿਰਦਤਾ ਦੇ ਸੰਕੇਤ ਵਜੋਂ ਉਸ ਨੇ ਭਕਨਾ ਨੂੰ ਸੰਸਥਾ ਦਾ ਮੋਢੀ ਪ੍ਰਧਾਨ, ਅਤੇ ਕਾਂਸ਼ੀਰਾਮ ਨੂੰ ਖਜ਼ਾਨਚੀ ਬਣਾਉਣ ਦੀ ਤਜਵੀਜ਼ ਪੇਸ਼ ਕੀਤੀ ਜਿਸ ਨੂੰ ਕਾਮੇ *ਆਜ਼ਾਦ-ਏ-ਹਿੰਦ* ਪਾਰਟੀ ਨਾਂ ਦੇਣਗੇ।

ਜਦੋਂ ਕਾਂਸ਼ੀਰਾਮ ਨੇ ਡੈਲੀਗੇਟ ਦੀ ਲੋੜ ਮਹਿਸੂਸ ਕੀਤੀ, ਉਸ ਨੇ ਅਸਟੋਰੀਆ ਸ਼ਾਖਾ ਦੀ ਸਥਾਨਕ ਅਗਵਾਈ ਖਾਨਖੋਜੇ ਨੂੰ ਸੌਂਪ ਦਿੱਤੀ। ਕਾਂਸ਼ੀਰਾਮ ਅਤੇ ਭਕਨਾ ਵਲੋਂ ਉਸ ਨੂੰ ਰੱਖਣ ਦੀਆਂ ਸਿਫ਼ਾਰਸ਼ੀ ਚਿੱਠੀਆਂ ਦੀ ਬਦੌਲਤ ਉੱਥੋਂ ਦੀ ਇਕ ਪੰਜਾਬੀ ਮਾਲਕੀ ਵਾਲੀ ਲੱਕੜ ਮਿੱਲ ਨੇ ਫਰਾਖ਼ਦਿਲ ਹੋ ਕੇ ਉਸ ਦਾ ਸਵਾਗਤ ਕੀਤਾ, ਜੋ ਹੁਣ ਇਕ ਭਰੋਸੇਯੋਗ ਸਾਥੀ ਬਣ ਗਿਆ ਸੀ। ਫਿਰ ਅਸਟੋਰੀਆ ਉੱਤਰੀ ਅਮਰੀਕੀ ਲਹਿਰ ਅਤੇ ਉਸ ਦਾ ਧੁਰਾ ਹੋ ਨਿੱਬੜਿਆ ਜੋ ਪਿੱਛੋਂ ਗ਼ਦਰ ਪਾਰਟੀ ਬਣਕੇ ਉੱਭਰੀ। ਹੁਣ ਸੈਕਰਾਮੈਂਟੋ, ਸਾਨ ਫਰਾਂਸਿਸਕੋ ਅਤੇ ਪੋਰਟਲੈਂਡ ਵਿਚ ਵੀ ਲਹਿਰ ਦੀਆਂ ਸ਼ਾਖਾਵਾਂ ਬਣ ਗਈਆਂ ਸਨ।[61]

ਜਦੋਂ ਇਕ ਵਾਰ ਸਰਗਰਮੀਆਂ ਨੇ ਰਵਾਨੀ ਫੜ੍ਹ ਲਈ ਤਾਂ ਖਾਨਖੋਜੇ ਵਾਪਸ ਆ ਕੇ ਕੌਰਵਾਲਿਸ ਦੇ ਖੇਤੀਬਾੜੀ ਕਾਲਜ ਅਤੇ ਬਾਅਦ 'ਚ ਵਾਸ਼ਿੰਗਟਨ ਸਟੇਟ ਕਾਲਜ ਵਿਚ ਆਪਣੀ ਪੜ੍ਹਾਈ 'ਚ ਜੁਟ ਗਿਆ। ਉਹ ਅਜੇ ਵੀ "ਕਿਸਾਨ ਇਨਕਲਾਬੀਆਂ ਦੀ ਫ਼ੌਜ ਨੂੰ ਸਿਖਲਾਈ ਦੇਣ" ਦੇ ਖ਼ਵਾਬ ਪਾਲਦਾ ਸੀ ਅਤੇ ਆਪਣੀ ਜ਼ਿਆਦਾਤਰ ਜ਼ਿੰਦਗੀ 'ਚ ਉਹ ਸੱਚੀਓਂ ਹੀ ਤਲਵਾਰ ਅਤੇ ਫਾਲੇ ਦਰਮਿਆਨ ਵੰਡਿਆ ਰਹੇਗਾ।[62] ਇਹ ਟਕਰਾਅ ਉਸ ਦੀ ਸਵੈ-ਜੀਵਨੀ ਵਿਚ ਵਾਰ ਵਾਰ ਉੱਭਰਦਾ ਹੈ। ਜਿਵੇਂ ਉਸ ਦੀ ਧੀ ਇਸ ਨੂੰ ਪੇਸ਼ ਕਰਦੀ ਹੈ, "ਹੁਣ ਉਹ ਨਾਲੋ-ਨਾਲ ਦੋ ਖੇਤਰਾਂ ਦੇ ਕੰਮ 'ਚ ਰੁੱਝਿਆ ਹੋਇਆ ਸੀ: ਖੇਤੀਬਾੜੀ ਅਤੇ ਇਨਕਲਾਬ। ਖੇਤੀਬਾੜੀ ਖੇਤਰ ਵਿਚ ਉਸ ਦੀ ਜ਼ਿੰਦਗੀ ਦੀ ਘਾਲਣਾ ਨਾਮਣਾ ਖੱਟੇਗੀ। ਡੀਗੋ ਰਿਵੇਰਾ ਨੇ ਉਸ ਦੇ ਯੋਗਦਾਨ ਨੂੰ ਅਹਿਮ ਜਗ੍ਹਾ ਦੇ ਕੇ ਹਮੇਸ਼ਾ ਲਈ ਅਮਰ ਬਣਾ ਦਿੱਤਾ ਜੋ ਯੋਗਦਾਨ ਖਾਨਖੋਜੇ ਨੇ ਮੱਕੀ ਦੀ ਖ਼ਾਸ ਕਿਸਮ ਵਿਕਸਤ ਕਰਕੇ ਮੈਕਸੀਕਣ ਲੋਕਾਂ ਨੂੰ ਨਰੋਈ ਖ਼ੁਰਾਕ ਮੁਹੱਈਆ ਕਰਾਉਣ 'ਚ ਦਿੱਤਾ ਸੀ। ਅਤੇ ਮੁਕਤ ਗ੍ਰਾਮ ਪ੍ਰੋਜੈਕਟ ਜੋ ਕਈ ਦਹਾਕੇ ਬਾਅਦ ਉਸ ਨੇ ਅਨਾਜ ਦੀ ਪੈਦਾਵਾਰ ਅਤੇ ਘਰੇਲੂ ਉਦਯੋਗ 'ਚ ਪਿੰਡ ਦੀ ਸਵੈ-ਨਿਰਭਰਤਾ ਦੇ ਨਮੂਨੇ ਵਜੋਂ ਆਜ਼ਾਦ ਹਿੰਦੁਸਤਾਨ ਵਿਚ ਸਥਾਪਤ ਕੀਤਾ, ਉਸ ਦੀ ਪ੍ਰੇਰਣਾ 1912 ਦੇ ਕਰੀਬ ਬੁੱਕਰ ਟੀ. ਵਾਸ਼ਿੰਗਟਨ ਟਸਕੀਜੀ ਇੰਸਟੀਚਿਊਟ ਦੀ ਉਸ ਦੀ ਫੇਰੀ ਹੀ ਸੀ। ਫ਼ਿਲਹਾਲ ਉਹ ਮਿੱਟੀ ਅਤੇ ਫ਼ਸਲਾਂ ਦੀ ਜੈਨੇਟਿਕ ਖੋਜ ਦੇ ਕੰਮ ਉਪਰੰਤ ਫੁਰਸਤ ਦੇ ਪਲਾਂ ਦਾ ਇਸਤੇਮਾਲ ਫ਼ੌਜੀ ਸਿਖਲਾਈ ਦੇਣ ਅਤੇ ਉਸ ਖੇਤਰ ਦਾ ਚੱਕਰ ਲਗਾਉਣ ਲਈ ਕਰਦਾ। ਆਪਣੇ ਹਮ-ਰਿਹਾਇਸ਼ੀ ਅਤੇ ਲੰਮੇ ਸਮੇਂ ਦੇ ਸਾਥੀ ਬਿਸ਼ਨ ਦਾਸ ਕੋਚਰ ਨੂੰ ਨਾਲ ਲੈ ਕੇ ਉਹ, ਭਾਸ਼ਣਾਂ, ਮੈਜਿਕ ਲਾਲਟੈਣ ਵਾਲੀਆਂ ਸਲਾਈਡਾਂ ਅਤੇ ਫਿਲਮ ਦਿਖਾਉਣ ਵਾਲੀ ਆਧੁਨਿਕ ਮਸ਼ੀਨ ਚੁੱਕਕੇ ਫੰਡ ਇਕੱਠਾ ਕਰਨ ਅਤੇ ਜਾਗਰੂਕਤਾ ਫੈਲਾਉਣ ਦੇ ਕੰਮ 'ਚ ਜੁੱਟਿਆ ਰਹਿੰਦਾ।[64]

### *ਵਿਸ਼ਣੂ ਗਣੇਸ਼ ਪਿੰਗਲੇ*

ਇਸ ਘੇਰੇ ਵਿਚ ਇਕ ਹੋਰ ਅਹਿਮ ਹਸਤੀ ਸੀ ਵਿਸ਼ਣੂ ਗਣੇਸ਼ ਪਿੰਗਲੇ, ਜੋ ਉਸ ਵਕਤ ਓਰੇਗਨ ਯੂਨੀਵਰਸਿਟੀ ਵਿਚ ਇੰਜੀਨੀਅਰਿੰਗ ਦਾ ਵਿਦਿਆਰਥੀ ਸੀ। ਸ਼ੁਰੂ 'ਚ ਦਾਖ਼ਲਾ ਦੇਣ

ਤੋਂ ਨਾਂਹ ਕੀਤੇ ਜਾਣ ਦੇ ਬਾਵਜੂਦ ਇਕ ਸਮੇਂ ਉਹ ਬਰਕਲੇ ਵਿਚ ਵੀ ਪੜ੍ਹਦਾ ਰਿਹਾ; ਆਮ ਦੀ ਤਰ੍ਹਾਂ ਇਸ ਨੇ ਵੀ ਇਮੀਗ੍ਰੇਸ਼ਨ ਕਾਨੂੰਨਾਂ ਵਿਰੁੱਧ ਅੰਦੋਲਨਾਂ ਨੂੰ ਹੋਰ ਉਗਾਸਾ ਹੀ ਦਿੱਤਾ ਸੀ। ਮਹਾਂਰਾਸ਼ਟਰ ਦੇ ਹਮ-ਖ਼ਿਆਲ ਸੱਜਣ ਖਾਨਖੋਜੇ ਨੂੰ ਮਿਲਣ ਪਿੱਛੋਂ ਪਿੰਗਲੇ ਆਪਣੀ ਪੜ੍ਹਾਈ ਪ੍ਰਤੀ ਲਾਪਰਵਾਹ ਹੋ ਗਿਆ ਅਤੇ ਇਕ ਇਨਕਲਾਬੀ ਫ਼ੌਜ ਉਸਾਰਨ ਦੀ ਸੰਭਾਵਨਾ ਫਰੋਲਣ 'ਚ ਜੁੱਟ ਗਿਆ। ਆਖ਼ਿਰ ਉਸ ਨੇ ਪੋਰਟਲੈਂਡ ਅਤੇ ਅਸਟੋਰੀਆ ਦੀਆਂ ਜਥੇਬੰਦੀਆਂ 'ਚ ਆਗੂ ਭੂਮਿਕਾ ਸੰਭਾਲ ਲਈ, ਪਰ ਉਸ ਦੀ ਮੁੱਖ ਰੁਚੀ ਅਮਰੀਕੀ ਇਮੀਗ੍ਰੇਸ਼ਨ ਦੇ ਦੁੱਖ-ਤਕਲੀਫ਼ਾਂ ਦੀ ਬਜਾਏ ਹਿੰਦੁਸਤਾਨ ਦੀ ਕੌਮੀ ਮੁਕਤੀ ਵਿਚ ਸੀ, ਹਾਲਾਂ ਕਿ ਦੋਵੇਂ ਮਾਮਲੇ ਹਮੇਸ਼ਾ ਜੁੜੇ ਹੁੰਦੇ ਸਨ। ਇੰਞ, ਜਦੋਂ ਪੋਰਟਲੈਂਡ ਵਾਲਾ ਗਰੁੱਪ ਕੈਨੇਡਾ ਅਤੇ ਅਮਰੀਕਾ ਦੋਵਾਂ ਮੁਲਕਾਂ ਵਿਚ ਦਾਖ਼ਲ ਹੋਣ ਵਾਲਿਆਂ ਦੀ ਤਰਫ਼ੋਂ ਇਮੀਗ੍ਰੇਸ਼ਨ ਦੇ ਕਾਨੂੰਨੀ ਮੁੱਦਿਆਂ ਵਿਚ ਹੋਰ ਉਲਝ ਗਿਆ, ਪਿੰਗਲੇ ਮੁੜ ਸਾਨ ਫਰਾਂਸਿਸਕੋ ਦੇ ਖਾੜੀ ਖੇਤਰ ਵਿਚਲੇ ਗ਼ਦਰੀ ਗੜ੍ਹ ਵੱਲ ਖਿੱਚਿਆ ਗਿਆ, ਜਿਥੇ ਕੌਮੀ ਮੁਕਤੀ ਲਈ ਸਰੋਕਾਰ ਪ੍ਰਧਾਨ ਸਨ।

## ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ (ਪੀ ਸੀ ਐੱਚ ਏ)

ਇਨ੍ਹਾਂ ਮੁੱਢਲੀਆਂ ਸਰਗਰਮੀਆਂ ਦੀ ਬਦੌਲਤ, 1913 ਤਕ ਲਹਿਰ ਦੀਆਂ ਨੀਂਹਾਂ ਦੇ ਇਹ ਪੱਥਰ ਸਹੀ ਟਿਕਾਣੇ 'ਤੇ ਮੌਜੂਦ ਸਨ। ਉਸ ਵਕਤ ਆਗੂ ਆਰਗੇਨਾਈਜ਼ਰਾਂ, ਜਿਨ੍ਹਾਂ ਨੂੰ ਉਨ੍ਹਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਹਮਾਇਤ ਸੀ ਜਿਨ੍ਹਾਂ 'ਚ ਤਿੱਖੀ ਬੇਚੈਨੀ ਸੀ, ਨੇ ਕਿਸੇ ਐਸੇ ਬੰਦੇ ਨੂੰ ਭਾਲਣਾ ਸ਼ੁਰੂ ਕਰ ਦਿੱਤਾ ਜੋ ਸਰਗਰਮੀਆਂ ਦੇ ਮੌਜੂਦ ਲੜਾਂ (nodes) ਨੂੰ ਮਜ਼ਬੂਤੀ ਨਾਲ ਗੰਢ ਸਕੇ, ਪਾੜਿਆਂ ਅਤੇ ਕਾਮਿਆਂ ਨੂੰ ਇਕਜੁੱਟ ਕਰ ਸਕੇ, ਵਿਆਪਕ ਤੇ ਵਧ ਰਹੀ ਬੇਚੈਨੀ ਨੂੰ ਦਿਸ਼ਾ ਦੇ ਸਕੇ ਅਤੇ ਸਭਿਆਚਾਰਕ ਤੇ ਸਮਾਜੀ ਸੁਧਾਰ ਦੇ ਪ੍ਰੋਜੈਕਟਾਂ ਦੇ ਸਿਆਸੀ ਤੱਤ ਨੂੰ ਮਜ਼ਬੂਤੀ ਦੇ ਸਕੇ। ਇਹ ਵਿਅਕਤੀ ਹਰਦਿਆਲ ਬਣਿਆ।

ਵਿਆਖਿਆ ਵੱਖੋ-ਵੱਖਰੀ ਹੈ ਕਿ ਅਸਲ ਵਿਚ ਇਹ ਸੁਝਾਅ ਕਿਸ ਦਾ ਸੀ ਕਿ ਹਰਦਿਆਲ ਵੈਸਟ ਕੋਸਟ ਦੇ ਹਿੰਦੁਸਤਾਨੀ ਭਾਈਚਾਰੇ ਦੀ ਸਾਂਝੀ ਜ਼ਿੰਮੇਵਾਰੀ ਓਟੇ।[65] ਸ਼ਾਇਦ ਇਹ ਸੁਝਾਅ ਠਾਕੁਰ ਦਾਸ ਦਾ ਹੋਵੇ, ਜੋ ਗ਼ੁਲਾਮ ਹੁਸੈਨ ਦੇ ਨਾਂ ਹੇਠ ਈਰਾਨ ਵਿਚ ਅਜੀਤ ਸਿੰਘ ਨਾਲ ਮਿਲਕੇ ਕੁਝ ਸਾਲ ਸਰਗਰਮੀ ਨਾਲ ਕੰਮ ਕਰਦਾ ਰਿਹਾ ਸੀ- ਜਿਸ ਦਾ ਖ਼ੁਦ ਦਾ ਨਾਂ ਕੈਲੀਫੋਰਨੀਆ ਲੀਡਰਸ਼ਿਪ ਲਈ ਸੁਝਾਇਆ ਗਿਆ ਸੀ - ਅਤੇ ਹੋ ਸਕਦਾ ਹੈ ਇਹ ਸੂਫ਼ੀ ਅੰਬਾ ਪ੍ਰਸਾਦ ਦਾ ਹੋਵੇ। ਹੁਸੈਨ/ਦਾਸ ਫਿਰ ਓਦੋਂ ਤਕ ਮੈਡਮ ਕਾਮਾ ਅਤੇ ਰਾਣਾ ਦੇ ਪੈਰਿਸ ਵਾਲੇ ਗਰੁੱਪ ਵਿਚ ਕੰਮ ਕਰਦਾ ਰਿਹਾ ਸੀ ਜਦੋਂ ਤਕ ਉਨ੍ਹਾਂ ਨੇ 1912 'ਚ "ਇਕ ਮਾਹਰ ਅੰਦੋਲਨਕਾਰੀ ਵਜੋਂ ..... ਸਿੱਖਾਂ ਵਿਚ ਬੇਚੈਨੀ ਪੈਦਾ ਕਰਨ ਦਾ ਖ਼ਾਸ ਮਿਸ਼ਨ ਸੌਂਪ ਕੇ" ਉਸ ਨੂੰ ਪੋਰਟਲੈਂਡ ਨਹੀਂ ਭੇਜ ਦਿੱਤਾ।[66] ਸ਼ੁਰੂ 'ਚ ਹਰਦਿਆਲ ਨੇ ਪੁੱਛਿਆ ਸੀ ਕਿ ਕੀ ਇਸ ਮਿਸ਼ਨ ਨੂੰ ਅੱਗੇ ਪਾਇਆ ਜਾ ਸਕਦਾ ਹੈ; ਉਸ ਦੇ ਕੰਮਾਂ ਦੀ ਸੂਚੀ ਵਿਚ ਸਾਨ ਫਰਾਂਸਿਸਕੋ ਦੇ ਅਗਾਂਹਵਧੂ ਘੇਰੇ ਵਿਚਲੀਆਂ ਸਰਗਰਮੀਆਂ ਪਹਿਲਾਂ ਹੀ ਉਲੀਕੀਆਂ ਜਾ ਚੁੱਕੀਆਂ ਸਨ, ਸਮੇਤ ਉਸ ਦੇ ਆਪਣੇ ਰੈਡੀਕਲ ਕਲੱਬ, ਲਾਲ ਝੰਡੇ ਵਾਲੇ ਆਦਰਸ਼ਕ ਸਮਾਜ ਦੇ ਭਾਈਚਾਰੇ, ਅਤੇ ਆਈ ਡਬਲਯੂ ਡਬਲਯੂ ਬਰਾਂਚ ਦੀ ਸਕੱਤਰੀ ਦੇ।[67] ਐਪਰ, ਛੇਤੀ ਹੀ ਇਸ ਸਾਰਾ ਕੁਝ ਨੇ ਬਦਲ ਜਾਣਾ ਸੀ।

ਜਿਸ ਵਕਤ ਹਰਦਿਆਲ ਜੂਨ ਦੇ ਸ਼ੁਰੂ ਵਿਚ ਅਸਟੋਰੀਆ ਦੇ ਹੋਣੀ ਭਰਪੂਰ ਇਕੱਠ ਵਿਚ ਆਇਆ 1913 ਦੀ ਬਸੰਤ ਰੁੱਤੇ ਪੈਸੀਫਿਕ ਉੱਤਰ-ਪੱਛਮ ਵਿਚ ਮੀਟਿੰਗਾਂ ਦਾ ਸਿਲਸਿਲਾ ਪਹਿਲਾਂ ਹੀ ਚੱਲ ਚੁੱਕਾ ਸੀ (ਸਭ ਤੋਂ ਵੱਡੀ ਮੀਟਿੰਗ ਵਿਚ 120 ਬੰਦੇ ਸ਼ਾਮਲ ਹੋਏ ਸਨ)।[68]

ਹੁਸੈਨ/ਦਾਸ, ਸੋਹਣ ਸਿੰਘ ਭਕਨਾ, ਰਾਮ ਚੰਦਰ, ਕਾਂਸ਼ੀਰਾਮ ਅਤੇ ਨਵਾਬ ਖਾਨ ਵੀ ਹਾਜ਼ਰ ਸਨ। ਆਈਸਮੌਂਗਰ ਅਤੇ ਸਲੈਟਰੀ ਨੇ ਰਿਪੋਰਟ ਦਿੱਤੀ ਸੀ, "ਕਿਹਾ ਜਾਂਦਾ ਹੈ ਕਿ ਇਸ ਮੌਕੇ ਲਈ ਦੋ ਬਿਜਲੀ ਨਾਲ ਚੱਲਣ ਵਾਲੀਆਂ ਟਰਾਮ ਕਾਰਾਂ ਤੇ ਦੋ ਮੋਟਰ ਕਾਰਾਂ ਭਾੜੇ 'ਤੇ ਕੀਤੀਆਂ ਗਈਆਂ ਸਨ ਅਤੇ ਇਹ ਕਾਰਾਂ 'ਭਾਰਤ' ਤੇ 'ਆਜ਼ਾਦੀ' ਦੀਆਂ ਤਖ਼ਤੀਆਂ ਨਾਲ ਸਜਾਈਆਂ ਗਈਆਂ ਸਨ। 'ਬੰਦੇ ਮਾਤਰਮ' ਦੇ ਬੋਲਾਂ ਨਾਲ ਹਰਦਿਆਲ ਦੀ ਜੈ-ਜੈਕਾਰ ਕੀਤੀ ਗਈ, ਪਰ ਉਸ ਨੇ ਹਾਰ ਪਵਾਉਣ ਤੋਂ ਨਾਂਹ ਕਰ ਦਿੱਤੀ।"[69]

ਖਾਨਖੋਜੇ ਗਰੁੱਪ ਵਾਲੀ ਲੀਡਰਸ਼ਿਪ ਦੀ ਮੁੜ ਪੁਸ਼ਟੀ ਕਰਦਿਆਂ ਸੋਹਣ ਸਿੰਘ ਭਕਨਾ ਨੂੰ ਪ੍ਰਧਾਨ ਅਤੇ ਕਾਂਸ਼ੀਰਾਮ ਨੂੰ ਖਜ਼ਾਨਚੀ ਚੁਣਿਆ ਗਿਆ।[70] ਹਰਦਿਆਲ ਦਾ ਨਾਂ ਸਕੱਤਰ ਲਈ ਪੇਸ਼ ਕੀਤਾ ਗਿਆ। ਹੁਣ ਜਥੇਬੰਦਕ ਢਾਂਚੇ ਦੇ ਸਾਰੇ ਹੀ ਮੁੱਖ ਕਲ-ਪੁਰਜ਼ੇ ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ (ਪੀ ਸੀ ਐੱਚ ਏ) ਦੇ ਨਵੇਂ ਨਾਂ ਹੇਠ ਥਾਂ ਸਿਰ ਜੜ ਦਿੱਤੇ ਗਏ ਸਨ। ਫੰਡ ਉਗਰਾਹੁਣ ਲਈ ਇਕ ਕਮੇਟੀ ਬਣਾਈ ਗਈ। ਨਾਲ ਹੀ ਸਥਾਨਕ ਬਰਾਂਚਾਂ ਦੇ ਸਾਲਾਨਾ ਤੌਰ 'ਤੇ ਚੁਣੇ ਹੋਏ ਨੁਮਾਇੰਦਿਆਂ ਦੀ ਪੰਦਰਾਂ ਮੈਂਬਰੀ ਕਮੇਟੀ ਤੋਂ ਇਲਾਵਾ (ਛੇਤੀ ਹੀ ਇਹ ਵਧਕੇ ਚੌਵੀ ਹੋ ਜਾਣਗੇ), ਪਾੜ੍ਹਿਆਂ ਤੇ ਕਾਮਿਆਂ ਦੋਵਾਂ ਨੂੰ ਲੈ ਕੇ ਕੋਸਟ ਦੇ ਸਾਰੇ ਥਾਵਾਂ ਤੋਂ ਸਾਰੇ ਹੀ ਸਥਾਨਕ ਭਾਈਚਾਰਿਆਂ ਦੇ ਨੁਮਾਇੰਦੇ ਲੈ ਕੇ ਇਸ ਦੀ ਆਮ ਸਭਾ ਬਣਾਈ ਗਈ। ਗਰੁੱਪ ਨੇ ਫਿਰ ਸਾਨ ਫਰਾਂਸਿਸਕੋ ਨੂੰ ਪ੍ਰਕਾਸ਼ਨ ਅਤੇ ਪ੍ਰਚਾਰ ਦੇ ਧੁਰੇ ਵਜੋਂ ਚੁਣਿਆ ਕਿਉਂਕਿ ਇਥੇ ਹਰਦਿਆਲ ਦਾ ਰਸੂਖ਼ ਸਭ ਤੋਂ ਤਕੜਾ ਸੀ।[71]

ਨਵਾਬ ਖਾਨ ਵਲੋਂ ਹਰਦਿਆਲ ਦੀ ਇਥੇ ਕੀਤੀ ਤਕਰੀਰ ਦਾ ਲੰਮਾ ਲਿਖਤੀ ਉਤਾਰਾ ਮੁਹੱਈਆ ਕਰਾਇਆ ਗਿਆ: "ਤੁਸੀਂ ਅਮਰੀਕਾ ਆਏ ਹੋ ਅਤੇ ਇਸ ਮੁਲਕ ਦੀ ਖ਼ੁਸ਼ਹਾਲੀ ਨੂੰ ਆਪਣੀਆਂ ਅੱਖਾਂ ਨਾਲ ਦੇਖ ਲਿਆ ਹੈ। ਇਸ ਖ਼ੁਸ਼ਹਾਲੀ ਦੀ ਵਜ੍ਹਾ ਕੀ ਹੈ ? ਇਹ ਕਿਉਂ ਹੈ ਕਿ ਅਮਰੀਕਾ ਉੱਪਰ ਇਸ ਦੇ ਆਪਣੇ ਲੋਕ ਰਾਜ ਕਰਦੇ ਹਨ ? ਦੂਜੇ ਪਾਸੇ, ਹਿੰਦੁਸਤਾਨ ਵਿਚ ਮੁਲਕ ਦੇ ਰਾਜ-ਭਾਗ ਵਿਚ ਲੋਕਾਂ ਦੀ ਪੁੱਗਤ ਕਿਉਂ ਨਹੀਂ ਹੈ।" ਉਸ ਹਾਲਤ ਦੀ ਭੰਡੀ ਕਰਦਿਆਂ ਜਿਸ ਵਿਚ ਇਕ ਜ਼ਰਖੇਜ਼ ਖੇਤੀਬਾੜੀ ਵਾਲੀ ਜ਼ਮੀਨ ਦਾ ਕਾਲ ਨੇ ਨਾਸ ਮਾਰ ਦਿੱਤਾ ਕਿਉਂਕਿ ਇਸ ਦੀਆਂ ਫ਼ਸਲਾਂ ਨਿਰਯਾਤ ਕਰ ਦਿੱਤੀਆਂ ਗਈਆਂ ਸਨ, ਉਸ ਨੇ ਆਪਣੇ ਸਰੋਤਿਆਂ ਨੂੰ ਸੱਦਾ ਦਿੱਤਾ: "ਆਪਣੇ ਨੀਮ ਮਜ਼੍ਹਬੀ ਵੈਰ-ਵਿਰੋਧਾਂ ਤੋਂ ਬਾਜ਼ ਆ ਜਾਓ ਅਤੇ ਆਪਣੀ ਸੋਚ ਆਪਣੇ ਮੁਲਕ ਦੀ ਬੰਦ-ਖ਼ਲਾਸੀ ਵੱਲ ਮੋੜ ਦਿਓ। ਜੋ ਵੀ ਕੰਮ ਕਰਦੇ ਹੋ, ਆਪਣੇ ਮੁਲਕ ਲਈ ਕਰੋ....। ਇਸ ਮਕਸਦ ਲਈ ਧਨ ਇਕੱਠਾ ਕਰੋ ਅਤੇ ਅਮਰੀਕਾ ਵਿਚ ਨੌਜਵਾਨਾਂ ਨੂੰ ਪੜ੍ਹਾਓ-ਲਿਖਾਓ ਤਾਂ ਜੋ ਉਹ ਸੇਵਾ ਕਰਨ ਦੇ ਕਾਬਲ ਬਣ ਜਾਣ।.... ਹੁਣ ਕੁਰਬਾਨੀ ਦੇਣ ਲਈ ਖ਼ੁਦ ਨੂੰ ਤਿਆਰ ਕਰ ਲਓ।"[72] ਫਿਰ ਉਸ ਨੇ ਉਨ੍ਹਾਂ ਦੇ ਇਮੀਗਰੇਸ਼ਨ ਦਰਜੇ ਨੂੰ ਅਲੰਕਾਰਕ ਤੌਰ 'ਤੇ ਹਿੰਦੁਸਤਾਨ ਦੀ ਮੁਕਤੀ ਦੇ ਇਕ ਜ਼ਾਹਰਾ ਕਾਜ ਵਜੋਂ ਨਵੇਂ ਰੂਪ 'ਚ ਪੇਸ਼ ਕੀਤਾ। ਉਸ ਨੇ ਕਿਹਾ, ਇਕ ਆਜ਼ਾਦ ਹਕੂਮਤ ਦੀ ਹਮਾਇਤ ਤੋਂ ਬਗ਼ੈਰ ਅਮਰੀਕੀ ਸ਼ਹਿਰੀ ਹੱਕਾਂ ਲਈ ਸੰਘਰਸ਼ ਕਰਦੇ ਰਹਿਣਾ ਵਿਅਰਥ ਹੈ। ਉਸ ਨੇ ਦਲੀਲ ਦਿੱਤੀ ਕਿ "ਜਦੋਂ ਤਕ ਹਿੰਦੁਸਤਾਨੀ ਅੰਗਰੇਜ਼ਾਂ ਦੇ ਗ਼ੁਲਾਮ ਹਨ ਓਦੋਂ ਤਕ ਅਮਰੀਕਾ ਜਾਂ ਕਿਸੇ ਹੋਰ ਕੌਮ ਵਲੋਂ ਉਨ੍ਹਾਂ ਨਾਲ ਬਰਾਬਰੀ ਵਾਲਾ ਸਲੂਕ ਨਹੀਂ ਕੀਤਾ ਜਾਵੇਗਾ।"[73]

ਗ਼ਦਰ ਬਹੁਤ ਹੀ ਖ਼ਾਸ ਸੰਸਲੇਸ਼ਣ ਦਾ ਫ਼ਲ ਸੀ: ਆਬਾਦੀਆਂ, ਮੁੱਦਿਆਂ, ਪ੍ਰਸੰਗ ਚੌਖਟਿਆਂ ਅਤੇ ਵਿਚਾਰਧਾਰਕ ਤੱਤਾਂ ਦੇ ਸੰਸਲੇਸ਼ਣ ਦਾ। ਇਸ ਸੁਮੇਲ ਦੀ ਭਰਪੂਰਤਾ ਹੀ ਹੈ ਜਿਸ ਨੇ ਇਸ ਨੂੰ ਹਿੰਦੁਸਤਾਨੀ ਰੈਡੀਕਲਵਾਦ ਦੀਆਂ ਕੜੀਆਂ ਜੋੜਨ ਅਤੇ ਲਹਿਰ ਦੇ ਨਾਲੋ-ਨਾਲੋ ਮੌਜੂਦ

ਪ੍ਰਵਚਨਾਂ ਦਰਮਿਆਨ ਆਦਾਨ-ਪ੍ਰਦਾਨ ਦੇ ਮਾਧਿਅਮ ਦੀ ਭੂਮਿਕਾ ਨਿਭਾਉਣ ਦੇ ਯੋਗ ਬਣਾਇਆ। ਫਿਰ ਵੀ, ਬਦੇਸ਼ ਦੀ ਇਨਕਲਾਬੀ ਲਹਿਰ ਦੇ ਅੰਦਰ ਗ਼ਦਰ ਇਕ ਬੇਮਿਸਾਲ ਹੱਦ ਤਕ ਭਾਰੂ ਤੌਰ 'ਤੇ ਇਕ ਮਜ਼ਦੂਰ ਲਹਿਰ ਸੀ, ਜਿਸ ਵਿਚ, ਇਸ ਤੋਂ ਅੱਗੇ ਸਗੋਂ ਕਾਮਿਆਂ ਅਤੇ ਬੁੱਧੀਜੀਵੀਆਂ ਦਰਮਿਆਨ ਦੀ ਲਕੀਰ ਮਿਟ ਗਈ ਸੀ। ਉੱਤਰੀ ਅਮਰੀਕਾ ਵਿਚ ਦੱਖਣੀ ਏਸ਼ੀਅਨਾਂ ਦੇ ਰੈਡੀਕਲ ਬਣਨ ਦਾ ਜੋ ਅਮਲ ਚੱਲਿਆ ਉਸ ਦੇ ਜਾਗ-ਲਾਊ ਤੱਤ ਵਜੋਂ ਨਸਲੀ ਵਿਤਕਰੇ ਦੇ ਪ੍ਰਭਾਵ ਅਤੇ ਜਮਾਤ ਉੱਪਰ ਇਸ ਦੇ ਅਹਿਮ ਪ੍ਰਭਾਵ ਨੂੰ ਘਟਾਕੇ ਨਹੀਂ ਦੇਖਿਆ ਜਾ ਸਕਦਾ। ਫੇਰ ਵੀ ਹਿੰਦੁਸਤਾਨ ਦੇ ਬਸਤੀਆਨਾ ਦਰਜੇ ਦੀ ਭੂਗੋਲਿਕ-ਸਿਆਸੀ ਹਕੀਕਤ ਉੱਪਰ ਇਹ ਚੌਖਟਾ ਭਾਰੂ ਹੋ ਜਾਣ ਤੋਂ ਬਾਅਦ ਹੀ ਅਮਰੀਕਾ ਵਿਚਲੀ ਬੇਚੈਨੀ ਦੀ ਹਿੰਦੁਸਤਾਨੀ ਗ਼ਦਰ 'ਚ ਕਾਇਆਪਲਟੀ ਹੋਵੇਗੀ।

## 2
# ਸਾਡਾ ਕੰਮ ਹੀ ਸਾਡਾ ਨਾਓਂ
### *ਮਜ਼ਦੂਰ ਸੰਘਵਾਦੀ ਗ਼ਦਰ*

## ਰੈਡੀਕਲ

ਗ਼ਦਰ ਪ੍ਰਚਾਰ ਦੇ ਗੇੜਿਆਂ ਨੂੰ ਫਾਰਮਾਂ 'ਚ ਲਗਭਗ ਤੁਰੰਤ ਹੀ ਬੂਰ ਪੈਣਾ ਸ਼ੁਰੂ ਹੋ ਗਿਆ। ਬਿਹਾਰੀ ਲਾਲ ਨੇ ਦੱਸਿਆ ਕਿ ਪ੍ਰਚਾਰ ਦੇ ਨਾਲ-ਨਾਲ ਕਰਤਾਰ ਸਿੰਘ ਸਰਾਭਾ ਉਸ ਤਰ੍ਹਾਂ ਦੀਆਂ ਮੀਟਿੰਗਾਂ ਕਰਵਾਉਣ ਪੱਖੋਂ ਖ਼ਾਸ ਤੌਰ 'ਤੇ ਉਤਸ਼ਾਹ ਦਿਖਾ ਰਿਹਾ ਸੀ ਜਿਸ ਤਰ੍ਹਾਂ ਦੀ ਮੀਟਿੰਗ ਯੋਲੋ ਵਿਚ ਕੀਤੀ ਗਈ ਸੀ। ਇਸ ਮੀਟਿੰਗ ਦਾ ਜ਼ਿਕਰ ਉਹ ਇਸ ਤਰ੍ਹਾਂ ਕਰਦਾ ਹੈ: ਉਸ ਨਾਲ ਜੁੜੇ "ਵਾਹਵਾ ਤਾਦਾਦ" ਖੇਤੀ ਕਾਮੇ ਉਸ ਦੇ ਤੇ ਉਸ ਦੇ ਸਕੇ-ਸਬੰਧੀਆਂ ਦੇ ਆਲੇ-ਦੁਆਲੇ ਜ਼ਮੀਨ ਉੱਪਰ ਚੌਂਕੜੇ ਮਾਰ ਕੇ ਬੈਠ ਗਏ। "ਉਹ ਚੁੱਪਚਾਪ ਬੈਠੇ ਰਹੇ ਅਤੇ ਮੈਂ ਕੁਝ ਗੱਲਾਂ ਕੀਤੀਆਂ। ਫਿਰ ਹਰਦਿਆਲ ਨੇ ਹਿੰਦੁਸਤਾਨ ਵਿਚ ਤੇ ਪ੍ਰਦੇਸਾਂ ਵਿਚ ਹਿੰਦੁਸਤਾਨੀ ਲੋਕਾਂ ਦੀ ਹਾਲਤ ਅਤੇ ਆਜ਼ਾਦੀ ਦੀ ਲੋੜ ਬਾਰੇ ਗੱਲਬਾਤ ਕੀਤੀ।" ਉਸ ਦੀ ਗੱਲਬਾਤ ਮੁੱਕਣ 'ਤੇ ਭਾਵਹੀਣ ਖ਼ਾਮੋਸ਼ੀ ਛਾ ਗਈ। ਪਰ ਕੁਝ ਪਲ ਪਿੱਛੋਂ "ਇਕ-ਦੋ ਜਣੇ ਅਜੀਬ ਢੰਗ ਨਾਲ ਅੱਗੇ ਆਏ, ਹਰਦਿਆਲ ਨੂੰ ਪੁਰਜੋਸ਼ ਪ੍ਰਣਾਮ ਕੀਤੀ ਅਤੇ ਉਸੇ ਅੰਦਾਜ਼ ਨਾਲ ਕੁਝ ਡਾਲਰਾਂ ਦਾ ਚੈੱਕ ਉਸ ਨੂੰ ਭੇਟ ਕੀਤਾ ਜਿਵੇਂ ਉਹ ਮੰਦਰ ਵਿਚ ਚੜ੍ਹਾਵਾ ਚੜ੍ਹਾਉਂਦੇ ਹਨ।"[1] ਅੱਧੇ ਘੰਟੇ ਵਿਚ ਹੀ ਉਨ੍ਹਾਂ ਨੇ ਨਗਦੀ ਅਤੇ ਚੈੱਕਾਂ ਦੇ ਰੂਪ 'ਚ ਕੁਝ ਸੌ ਡਾਲਰ ਇਕੱਠੇ ਕਰ ਲਏ ਸਨ। ਹਰਦਿਆਲ ਨੇ ਆਪ ਪੈਸਾ ਫੜ੍ਹਨ ਤੋਂ ਨਾਂਹ ਕਰ ਦਿੱਤੀ, ਇਸ ਦੀ ਥਾਂ ਉਸ ਨੇ ਜ਼ੋਰ ਦਿੱਤਾ ਕਿ ਇਹ ਰਕਮ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਜਵਾਬਦੇਹ ਕਮੇਟੀ ਦੇ ਸਪੁਰਦ ਕੀਤੀ ਜਾਵੇ। ਇਸ ਨੇ ਉਨ੍ਹਾਂ ਨੇ ਮਨ ਮੋਹ ਲਏ, ਉਸ ਦੀ ਪਛਾਣ "ਹੋਰ ਬਾਬੂਆਂ" ਤੋਂ ਵੱਖਰੀ ਤਰ੍ਹਾਂ ਦੀ ਬਣ ਗਈ ਜਿਨ੍ਹਾਂ ਉੱਪਰ ਸੋਹਣ ਸਿੰਘ ਭਕਨਾ ਇਲਜ਼ਾਮ ਲਾਉਂਦਾ ਸੀ ਕਿ ਉਹ ਦੇਸ਼ਭਗਤੀ ਦੇ ਕੰਮ ਦੀ ਆੜ 'ਚ ਉਸ ਦੇ ਇਲਾਕੇ ਦੀ ਮਿਹਨਤ ਦੀ ਕਮਾਈ ਧੋਖੇ ਨਾਲ ਹਥਿਆਉਂਦੇ ਰਹੇ ਸਨ।

*ਸੀ* ਵਜੋਂ ਜਾਣੇ ਜਾਂਦੇ ਇਕ ਮੁਖ਼ਬਰ ਨੇ ਆਪਣੇ ਅੰਗਰੇਜ਼ ਬੌਸ ਨੂੰ ਪੱਛਮੀ ਕੋਸਟ ਦੇ ਇਸ ਤੂਫ਼ਾਨੀ "ਮਿਸ਼ਨਰੀ ਦੌਰੇ" ਦੀ ਇਤਲਾਹ ਇਸ ਤਰ੍ਹਾਂ ਭੇਜੀ:

"ਰਾਮ ਚੰਦਰ, ਗੋਬਿੰਦ ਬਿਹਾਰੀ ਲਾਲ ਅਤੇ ਹੋਰ ਜਣੇ ਸ਼ਨੀਵਾਰ ਜਾਂ ਐਤਵਾਰ ਨੂੰ ਪਸ਼ੂ-ਫਾਰਮਾਂ ਵਿਚ ਜਾਂਦੇ ਹਨ ਜਿਥੇ ਗ਼ਰੀਬ ਮਿਹਨਤਕਸ਼ ਕੰਮ ਕਰਦੇ ਹਨ। ਇਹ ਉਨ੍ਹਾਂ ਗ਼ਰੀਬ ਅਤੇ ਅਨਪੜ੍ਹ ਲੋਕਾਂ 'ਚ ਓਦੋਂ ਤਕ ਇਨਕਲਾਬ ਦਾ ਪ੍ਰਚਾਰ ਕਰਦੇ ਰਹਿੰਦੇ ਹਨ ਜਦੋਂ ਤਕ ਉਹ ਇਹ ਸੋਚਣ ਨਹੀਂ ਲੱਗ ਜਾਂਦੇ ਕਿ ਉਨ੍ਹਾਂ ਨੂੰ ਅੰਗਰੇਜ਼ ਨੂੰ ਹਿੰਦੁਸਤਾਨ ਵਿੱਚੋਂ ਕੱਢਣਾ ਹੋਵੇਗਾ ਜਾਂ ਮਾਰਨਾ ਹੋਵੇਗਾ। ਉਨ੍ਹਾਂ ਦਾ ਇਹ ਪੱਕਾ ਵਿਚਾਰ ਬਣ ਜਾਂਦਾ ਹੈ। ਉਹ ਜਿਹੜੇ ਇਨਕਲਾਬੀ ਗੀਤ ਗਾਉਂਦੇ ਹਨ ਉਹ ਉਨ੍ਹਾਂ ਨੇ ਕੰਠ ਕੀਤੇ ਹੋਏ ਹਨ ਅਤੇ ਬਹੁਤ ਜੋਸ਼ ਨਾਲ ਗਾਉਂਦੇ ਹਨ। ਉਹ ਨਹੀਂ ਜਾਣਦੇ ਕਿ ਜੋ ਉਹ ਗਾ ਰਹੇ ਹਨ ਉਸ ਦਾ ਭਾਵ ਕੀ ਹੈ (!), ਪਰ ਉਹ ਇਸ ਨੂੰ ਧਰਮ-

ਕਰਮ ਵਾਂਗ ਲੈਂਦੇ ਹਨ। ਰਾਮ ਚੰਦਰ ਅਤੇ ਜਿਨ੍ਹਾਂ ਹੋਰ ਬੰਦਿਆਂ ਦਾ ਇਨ੍ਹਾਂ ਪਸ਼ੂ-ਫਾਰਮਾਂ 'ਤੇ ਆਉਣ ਜਾਣ ਬਣਿਆ ਹੋਇਆ ਹੈ, ਉਹ ਇਨ੍ਹਾਂ ਲੋਕਾਂ ਨੂੰ ਕਹਿੰਦੇ ਹਨ ਕਿ ਅੰਗਰੇਜ਼ ਉਨ੍ਹਾਂ ਨੂੰ ਤਬਾਹ ਕਰ ਰਿਹਾ ਹੈ ਤੇ ਉਨ੍ਹਾਂ ਨੂੰ ਗ਼ਰੀਬ ਰੱਖ ਰਿਹਾ ਹੈ। ਅਮਰੀਕਾ ਵਿਚਲੇ ਇਨ੍ਹਾਂ ਲੋਕਾਂ 'ਚ ਬਹੁਤ ਵੱਡਾ ਖ਼ਤਰਾ ਮੌਜੂਦ ਹੈ। ਸਧਾਰਨ ਪੜ੍ਹਿਆ-ਲਿਖਿਆ ਬੰਦਾ ਛੇਤੀ ਹੀ ਸਮਰਪਿਤ ਹੋ ਜਾਂਦਾ ਹੈ ਅਤੇ ਗ੍ਰਿਫ਼ਤਾਰ ਹੋ ਜਾਂਦਾ ਹੈ, ਪਰ ਕਾਮੇ ਹਿੰਦੁਸਤਾਨ ਵਾਪਸ ਚਲੇ ਜਾਂਦੇ ਹਨ ਅਤੇ ਆਪਣੇ ਜੱਦੀ ਪਿੰਡ 'ਚ ਜਾ ਕੇ ਇਹ ਇਨਕਲਾਬੀ ਗੀਤ ਗਾਉਂਦੇ ਰਹਿੰਦੇ ਹਨ ਅਤੇ ਇਸ ਢੰਗ ਨਾਲ ਹਿੰਦੁਸਤਾਨ ਵਿਚ ਲਹਿਰ ਫੈਲਦੀ ਜਾਂਦੀ ਹੈ।"[2]

ਅਮਰੀਕਾ ਵਿਚ ਬਰਤਾਨਵੀ ਸਫ਼ੀਰ ਸਰ ਸੇਸਿਲ ਸਪਰਿੰਗ ਰਾਈਸ ਨੇ ਗ਼ਦਰ ਦੇ ਅਸਫ਼ਲ ਰਹਿਣ ਤੋਂ ਬਾਅਦ ਟਿੱਪਣੀ ਕੀਤੀ: "ਵਾਪਸ ਆਪਣੇ ਦੇਸ ਮੁੜੇ ਕੁਲੀ ਜਮਾਤ ਦੇ ਆਵਾਸੀਆਂ ਦੀ ਲੰਮੀ ਸੂਚੀ ਇਨ੍ਹਾਂ ਬਿਆਨਾਂ ਦੀ ਸਚਾਈ ਉੱਪਰ ਵਾਹਵਾ ਚਾਨਣਾ ਪਾਉਂਦੀ ਹੈ ਜਿਨ੍ਹਾਂ ਦਾ ਹਿੰਦੁਸਤਾਨ ਦੇ ਅਦਾਲਤੀ ਫ਼ੈਸਲਿਆਂ 'ਚ ਜ਼ਿਕਰ ਕੀਤਾ ਗਿਆ ਹੈ।"[3] ਜਿਸ ਹੈਰਤਅੰਗੇਜ਼ ਨਫ਼ਰਤ ਨਾਲ ਸਪਰਿੰਗ ਰਾਈਸ ਨੇ ਇਹ ਸੋਚ ਲਿਆ ਕਿ ਗ਼ਰੀਬ ਅਤੇ ਅਨਪੜ੍ਹ ਹੋਣ ਕਾਰਨ ਹਿੰਦੁਸਤਾਨੀ ਕਾਮਿਆਂ ਨੂੰ ਉਨ੍ਹਾਂ ਮਾਮਲਿਆਂ ਦੀ ਕੋਈ ਸਮਝ ਨਹੀਂ ਸੀ ਜੋ ਉਨ੍ਹਾਂ ਨੂੰ ਐਨਾ ਉਤੇਜਤ ਕਰਦੇ ਸਨ- ਜਿਵੇਂ ਕਿਤੇ ਉਨ੍ਹਾਂ ਦਾ ਜੋਸ਼ ਉਨ੍ਹਾਂ ਦੀ ਨਿਹਚਾ ਦੀ ਬਜਾਏ ਉਨ੍ਹਾਂ ਦੇ ਸਿੱਧਰੇਪਣ ਦਾ ਸਬੂਤ ਹੋਵੇ! – ਅਤੇ ਇਹ ਕਿ ਕੋਈ ਤਰਥੱਲੀ ਮਚਾਊ ਜਾਂ ਆਗੂ ਭੂਮਿਕਾ ਪੜ੍ਹੇਲਿਖੇ ਕੁਲੀਨ ਵਰਗ ਦੇ ਬੰਦੇ ਹੀ ਨਿਭਾ ਸਕਦੇ ਹਨ, ਇਸ ਦੇ ਬਾਵਜੂਦ ਵੀ ਉਹ ਗ਼ਦਰ ਲਾਮਬੰਦੀ ਦੀ ਨਿਸ਼ਾਨਦੇਹੀ ਨਸਲਵਾਦ ਦਾ ਸ਼ਿਕਾਰ, ਥੋੜ੍ਹੀਆਂ ਉਜਰਤਾਂ 'ਤੇ ਕੰਮ ਕਰਨ ਵਾਲੇ ਪ੍ਰਵਾਸੀ ਮਜ਼ਦੂਰਾਂ ਦੀ ਜਮਾਤ ਅਧਾਰਤ ਲਹਿਰ ਵਜੋਂ ਸਾਫ਼ ਸਾਫ਼ ਕਰ ਰਿਹਾ ਸੀ – ਇਕ ਲਫ਼ਜ਼ 'ਚ ਕਹਿਣਾ ਹੋਵੇ ਤਾਂ "ਕੁਲੀ" ਦੇ ਰੂਪ 'ਚ।

## ਗ਼ਦਰ ਪਾਰਟੀ

ਨਵੰਬਰ ਮਹੀਨੇ ਦੀ ਸਾਨ ਫਰਾਂਸਿਸਕੋ ਮੀਟਿੰਗ ਵਿਚ ਪੀ ਸੀ ਐੱਚ ਏ ਦੇ ਉਸ ਢਾਂਚੇ ਨੂੰ ਮਜ਼ਬੂਤ ਕੀਤਾ ਅਤੇ ਵਿਸਤਾਰਿਆ ਗਿਆ ਜੋ ਛੇ ਮਹੀਨੇ ਪਹਿਲਾਂ ਹੁਨਾਲ ਦੀ ਮੁਹਿੰਮ ਦੇ ਅਧਾਰ 'ਤੇ ਅਸਟੋਰੀਆ ਵਿਚ ਬਣਾਇਆ ਗਿਆ ਸੀ । ਇਸ ਵਾਰ ਦੋ ਨਵੇਂ ਮੀਤ ਪ੍ਰਧਾਨ, ਅਤੇ ਦੋ ਹੋਰ ਜਥੇਬੰਦਕ ਸਕੱਤਰ ਤੋਂ ਇਲਾਵਾ ਤਿੰਨ ਕੋਆਰਡੀਨੇਟਰ –ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਅਤੇ ਜਗਤ ਰਾਮ – ਲੈ ਕੇ ਉਨ੍ਹਾਂ ਨੂੰ "ਖੁਫ਼ੀਆ ਅਤੇ ਸਿਆਸੀ" ਕੰਮ ਸੌਂਪਿਆ ਗਿਆ।[4] ਭਾਈ ਪਰਮਾਨੰਦ ਨੇ ਇਸ ਦਲੀਲ ਦੇ ਅਧਾਰ 'ਤੇ ਵਜ਼ੀਫ਼ੇ ਸ਼ੁਰੂ ਕਰਨ ਦੀ ਤਜਵੀਜ਼ ਪੇਸ਼ ਕੀਤੀ ਕਿ ਜਦੋਂ ਹਿੰਦੁਸਤਾਨ ਆਜ਼ਾਦ ਹੋ ਗਿਆ ਤਾਂ ਪੜ੍ਹੇਲਿਖੇ ਲੋਕਾਂ ਦੀ ਲੋੜ ਪਵੇਗੀ। ਹਰਦਿਆਲ ਇਸ ਨਾਲ ਸਹਿਮਤ ਸੀ, ਪਰ ਕੁਝ ਕਾਮਿਆਂ ਨੇ ਇਸ ਦਾ ਬੁਰਾ ਮਨਾਇਆ। ਭਕਨਾ ਅਤੇ ਟੁੰਡੀਲਾਟ ਨੇ ਪੱਕੀ ਉਮਰ ਦੇ ਜੱਟ ਕਿਸਾਨਾਂ ਅੰਦਰ ਉਨ੍ਹਾਂ ਦੀ ਆਪਣੀ ਜ਼ਬਾਨ 'ਚ "ਸਿੱਧਾ ਅਤੇ ਪ੍ਰਭਾਸ਼ਸ਼ਾਲੀ" ਪ੍ਰਚਾਰ ਕਰਨ ਨੂੰ ਤਰਜ਼ੀਹ ਦੇਣ ਦਾ ਮੁਤਬਾਦਲ ਸੁਝਾਅ ਦਿੱਤਾ। ਇਹੋ *ਗ਼ਦਰ* ਹੋਵੇਗਾ।

ਆਪਣੀ ਸਵੈਜੀਵਨੀ ਵਿਚ ਭਕਨਾ ਨੇ ਸਾਨ ਫਰਾਂਸਿਸਕੋ ਵਿਚ ਯੁਗਾਂਤਰ ਆਸ਼ਰਮ ਖੋਲ੍ਹਣ ਅਤੇ ਇੱਥੋਂ ਦੀਆਂ ਸਰਗਰਮੀਆਂ ਨੂੰ ਉਸ ਦਾ ਅਸਲ ਆਗਾਜ਼ ਕਿਹਾ ਸੀ ਜਿਸ ਨੂੰ ਸੱਚਮੁੱਚ ਗ਼ਦਰ ਲਹਿਰ ਕਿਹਾ ਜਾ ਸਕਦਾ ਹੈ।[6] ਪਰ ਨਾਂ ਦੇ ਇਸ ਦਾਅਵੇ ਬਾਰੇ ਵਿਵਾਦ ਸੀ ਅਤੇ ਅਜੇ ਵੀ ਹੈ: ਅਸਲ ਗ਼ਦਰੀ ਕੌਣ ਸਨ ? ਪਰਚੇ ਦੇ ਪਹਿਲੇ ਅੰਕ ਵਿਚ ਹਰਦਿਆਲ ਵਲੋਂ ਇਸ

ਲਫ਼ਜ਼ ਦਾ ਵਿਆਪਕ ਇਸਤੇਮਾਲ ਕਰਦੇ ਹੋਏ ਉਸ ਸਮੇਂ ਤੱਕ ਦੇ ਹਿੰਦੁਸਤਾਨ ਦੇ ਸਾਰੇ ਹੀ ਦੇਸ਼ਭਗਤ ਇਨਕਲਾਬੀਆਂ, ਸਾਰੀਆਂ ਹੀ ਬੰਗਾਲੀ, ਪੰਜਾਬੀ ਅਤੇ ਲੰਦਨ ਤੇ ਪੈਰਿਸ ਦੇ ਦਾਇਰੇ ਦੀਆਂ ਸਰਗਰਮੀਆਂ ਨੂੰ ਇਸ ਦੇ ਕਲਾਵੇ ਵਿਚ ਲਿਆ ਗਿਆ।[7] ਪਰ ਨਾਲ ਹੀ ਉਹ ਵੱਧ ਨਿਸ਼ਚਿਤ ਅਰਥਾਂ 'ਚ ਇਕ ਪਾਰਟੀ ਬਣਾਉਣ ਦੀ ਲੋੜ ਉੱਪਰ ਵੀ ਜ਼ੋਰ ਦੇ ਰਿਹਾ ਸੀ: ਇਹ ਯੁਗਾਂਤਰ ਆਸ਼ਰਮ ਵਿਚ ਰਹਿਕੇ ਕੰਮ ਕਰਦੇ ਤੇ ਪਰਚਾ ਕੱਢਦੇ ਪਾੜ੍ਹਿਆਂ ਅਤੇ ਜਾਨਦਾਰ ਬੁੱਧੀਜੀਵੀਆਂ ਦੀ ਸਮਰਪਿਤ ਅੰਦਰੂਨੀ ਗੁਲੀ ਦੀ ਬਣੀ ਹੋਵੇਗੀ। ਬਰਕਲੇ ਯੂਨੀਵਰਸਿਟੀ ਦੇ ਵਿਦਿਆਰਥੀ ਦਾਰਿਸੀ ਚੇਂਚਈਆ ਵਲੋਂ ਦਿੱਤੇ ਵੇਰਵੇ ਤੋਂ ਜ਼ਾਹਿਰ ਹੈ ਕਿ ਆਸ਼ਰਮ ਦੇ ਬਰਾਬਰੀਵਾਦ ਦੇ ਬਾਵਜੂਦ ਜਮਾਤੀ ਨਫ਼ਰਤ ਪੂਰੀ ਤਰ੍ਹਾਂ ਖ਼ਤਮ ਹੋਣੀ ਮੁਸ਼ਕਲ ਸੀ। ਸਰਾਭਾ ਅਤੇ ਟੁੰਡੀਲਾਟ ਵਰਗੇ ਅਹਿਮ ਯੋਜਨਾਘਾੜਿਆਂ ਦੀ ਮੌਜੂਦਗੀ ਦੇ ਬਾਵਜੂਦ ਉਸ ਵਕਤ ਚੇਂਚਈਆ ਅਤੇ ਹੋਰ ਪਾੜ੍ਹੇ ਆਪਣੇ ਆਪ ਨੂੰ ਹੀ ਸਾਰੇ ਕੰਮ ਦੇ ਅਸਲ ਦਿਮਾਗ ਸਮਝਦੇ ਸਨ ਜਦਕਿ ਬਰਾਬਰ ਵਚਨਬੱਧ ਸਿੱਖ ਕਾਮਿਆਂ ਨੂੰ ਉਹ ਜ਼ਿਆਦਾਤਰ ਲੜਨ-ਭਿੜਨ ਵਾਲੇ ਅਤੇ ਧਨ ਦੀ ਵਸੀਲਾ ਹੀ ਸਮਝਦੇ ਸਨ।

ਇਸੇ ਦੌਰਾਨ ਪੀ ਸੀ ਐੱਚ ਏ ਦੇ ਅਹੁਦੇਦਾਰ ਅਤੇ ਵਰਕਿੰਗ ਕਮੇਟੀ ਦੇ ਮੈਂਬਰ, ਜੋ ਕੁਝ ਵੱਡੇ ਠੇਕੇਦਾਰਾਂ ਜਾਂ ਆਜ਼ਾਦ ਫਾਰਮਰਾਂ ਦੇ ਨਾਲ ਨਾਲ ਜ਼ਿਆਦਾਤਰ ਖੇਤੀ ਕਾਮਿਆਂ ਨੂੰ ਲੈ ਕੇ ਬਣੀ ਹੋਈ ਸੀ, ਵੀ ਖ਼ੁਦ ਨੂੰ ਅਸਲ ਗ਼ਦਰ ਪਾਰਟੀ ਸਮਝਦੇ ਸਨ। ਦੋਵੇਂ ਧੁਰੇ ਫ਼ੈਸਲੇ ਲੈ ਰਹੇ ਸਨ ਅਤੇ ਜ਼ਮੀਨੀ ਪੱਧਰ 'ਤੇ ਕੰਮ ਕਰ ਰਹੇ ਸਨ, ਇਸ ਨਾਲ ਉਹ ਸ਼ੁਰੂ ਤੋਂ ਹੀ ਸਮਾਂਤਰ ਲੀਡਰਸ਼ਿਪ ਅਤੇ ਇੰਞ ਘਚੋਲੇ ਤੇ ਸੰਭਾਵੀ ਟਕਰਾਅ ਦੀ ਹਾਲਤ ਲਈ ਦਰਵਾਜ਼ੇ ਖੁੱਲ੍ਹੇ ਛੱਡ ਰਹੇ ਸਨ। ਮਿਸਾਲ ਵਜੋਂ, ਜਦੋਂ ਹਰਦਿਆਲ ਉੱਥੋਂ ਚਲਾ ਗਿਆ, ਕੁਝ ਨੂੰ ਇਹ ਲੱਗਦਾ ਸੀ ਕਿ ਸੰਤੋਖ ਸਿੰਘ ਉਸ ਦਾ ਨਾਮਜ਼ਦ ਜਾਨਸ਼ੀਨ ਸੀ ਅਤੇ ਬਾਕੀਆਂ ਨੂੰ ਲੱਗਦਾ ਸੀ ਕਿ ਇਹ ਰਾਮ ਚੰਦਰ ਸੀ। ਸ਼ਾਇਦ ਇਹ ਹਿੰਦੂ/ਬੁੱਧੀਜੀਵੀ ਅਤੇ ਸਿੱਖ/ਕਾਮਿਆਂ ਦੇ ਭਾਰੂ ਹਿੱਸਿਆਂ ਦਰਮਿਆਨ ਤਣਾਓ ਅਤੇ ਇਤਿਹਾਸਕ ਬਿਰਤਾਂਤ ਨੂੰ ਦਰਸਾਉਂਦਾ ਸੀ। ਜਦਕਿ, ਇਨ੍ਹਾਂ ਦੋ ਧੜਿਆਂ ਨੂੰ ਧਰੁਵ ਮਿੱਥ ਲੈਣ ਨਾਲ ਇਹ ਨੁਕਤਾ ਵਿਸਰ ਜਾਂਦਾ ਹੈ ਕਿ ਲਹਿਰ ਉੱਠੀ, ਅਤੇ ਦੋਵਾਂ ਦੇ ਸੰਸਲੇਸ਼ਣ ਤੋਂ ਇਹ ਸਿਰਫ਼ ਇਸੇ ਤਰ੍ਹਾਂ ਹੀ ਉੱਠ ਸਕਦੀ ਸੀ।

## ਯੁਗਾਂਤਰ ਆਸ਼ਰਮ

ਆਮ ਤੌਰ 'ਤੇ ਕਰਤਾਰ ਸਿੰਘ ਉਸ ਆਦਰਸ਼ ਨੂੰ ਰੂਪਮਾਨ ਕਰਦਾ ਸੀ: ਲੋਕਧਾਰਾ ਵਿਗਿਆਨੀ ਵੇਦ ਪ੍ਰਕਾਸ਼ ਵਾਟੁਕ ਨੇ ਬਿਆਨ ਕੀਤਾ ਸੀ ਕਿ ਬਰਕਲੇ ਦਾ ਰਸਾਇਣ ਵਿਗਿਆਨ ਦਾ ਇਹ ਵਿਦਿਆਰਥੀ ਜਦੋਂ 1913 'ਚ ਅਜੇ ਇਥੇ ਆਇਆ ਹੀ ਸੀ, ਤਾਂ "ਕਿਸਾਨਾਂ ਨਾਲ ਵੀ ਉਵੇਂ ਹੀ ਘੁਲ-ਮਿਲ ਗਿਆ ਸੀ ਜਿਵੇਂ ਬੁੱਧੀਜੀਵੀਆਂ ਨਾਲ।" ਅਤੇ ਉਹ ਉਨ੍ਹਾਂ ਦਰਮਿਆਨ ਸਾਖਿਆਤ ਕੜੀ ਸੀ। ਉਹ ਖੇਤਾਂ ਵਿਚ ਉਸੇ ਤਰ੍ਹਾਂ ਸਖ਼ਤ ਮਿਹਨਤ ਕਰਦਾ ਸੀ ਜਿਵੇਂ ਇੰਜੀਨੀਅਰਿੰਗ ਅਤੇ ਹਵਾਬਾਜ਼ੀ ਦੀ ਪੜ੍ਹਾਈ ਵਿਚ, ਜਾਂ *ਗ਼ਦਰ* ਦਫ਼ਤਰ ਵਿਚ, ਜਿਥੇ ਉਹ ਲੇਖ ਅਤੇ ਕਵਿਤਾਵਾਂ ਲਿਖਦਾ ਤੇ ਨਾਲ ਹੀ ਪ੍ਰਿੰਟਿੰਗ ਪ੍ਰੈੱਸ ਚਲਾਉਂਦਾ।

*ਗ਼ਦਰ* ਦੇ ਪਹਿਲੇ ਅੰਕ ਵਿਚ ਹਰਦਿਆਲ ਨੇ ਨਵੀਂ ਪਾਰਟੀ ਦੇ ਸਦਰ ਮੁਕਾਮ ਬਾਰੇ ਇਸ ਤਰ੍ਹਾਂ ਐਲਾਨ ਕੀਤਾ ਸੀ: "ਇਹ ਆਸ਼ਰਮ ਨਹੀਂ ਸਗੋਂ ਇਕ ਗੜ੍ਹ ਹੈ ਜਿੱਥੋਂ ਅੰਗਰੇਜ਼ ਰਾਜ ਉੱਪਰ ਬੰਬਾਰੀ ਸ਼ੁਰੂ ਕੀਤੀ ਜਾਵੇਗੀ।"[8] ਇਹ ਉਨ੍ਹਾਂ ਬਹੁਤ ਸਾਰਿਆਂ ਲਈ ਇਕ ਤਰ੍ਹਾਂ ਦਾ ਘਰ ਵੀ ਬਣਿਆ ਜੋ ਆਪਣੇ ਘਰਾਂ ਤੋਂ ਦੂਰ ਬੈਠੇ ਸਨ ਜਿਸ ਦੀ ਵਰਤੋਂ, ਗੋਬਿੰਦ ਬਿਹਾਰੀ ਲਾਲ

ਅਨੁਸਾਰ, "ਅਮਰੀਕਾ ਤੇ ਕੈਨੇਡਾ ਵਿਚਲੇ ਬਹੁਤ ਸਾਰੇ ਕਾਮੇ ਅਤੇ ਹਿੰਦੂ ਪ੍ਰਵਾਸੀ ਆਮ ਤੌਰ 'ਤੇ ਸਿਰਨਾਵੇਂ ਵਜੋਂ ਕਰਦੇ ਸਨ ਤਾਂ ਜੋ ਉਨ੍ਹਾਂ ਨੂੰ ਚਿੱਠੀਆਂ ਮਿਲਦੀਆਂ ਰਹਿਣ।"[9]

ਜਿਵੇਂ ਹਰਦਿਆਲ ਨੇ ਇਸ ਨੂੰ ਚਿਤਵਿਆ ਸੀ, ਆਸ਼ਰਮ 'ਤੇ ਅਧਾਰਤ ਇਕ ਬਾਜ਼ਾਬਤਾ, ਖ਼ੁਫ਼ੀਆ ਅਤੇ ਖ਼ਾਸ ਗਰੁੱਪ ਲਹਿਰ ਦਾ ਧੁਰਾ ਹੋਵੇਗਾ ਅਤੇ ਇਸ ਦਾ ਢਾਂਚਾ ਲੰਦਨ ਦੇ ਅਭਿਨਵ ਭਾਰਤ ਵਰਗਾ ਹੋਵੇਗਾ, ਜਿਸ ਨੇ ਆਪਣੀ ਭਰਤੀ ਵੱਧ ਚੌੜੇ ਘੇਰੇ ਵਾਲੀ ਅਤੇ ਵੱਧ ਜਨਤਕ ਦਿਖ ਵਾਲੀ ਫਰੀ ਇੰਡੀਆ ਸੋਸਾਇਟੀ 'ਚੋਂ ਕੀਤੀ ਸੀ। ਉਸ ਨੇ ਕੁਝ ਨੇਮ ਕਲਕੱਤਾ ਅਤੇ ਲੰਦਨ ਦੀਆਂ ਖ਼ੁਫ਼ੀਆ ਸੋਸਾਇਟੀਆਂ ਤੋਂ ਵੀ ਲਏ ਸਨ। ਮੈਂਬਰ ਬਣਨ ਲਈ, ਇਕ ਕਾਰਕੁੰਨ ਦੀ ਸਿਫ਼ਾਰਸ਼ ਗ਼ਦਰ ਸਟਾਫ਼ ਦੇ ਦੋ ਮੈਂਬਰਾਂ ਵੱਲੋਂ ਕੀਤੀ ਜਾਂਦੀ ਸੀ; ਅਹਿਮ ਫ਼ੈਸਲਿਆਂ ਬਾਰੇ ਵਿਸ਼ਵਾਸ ਦਾ ਪਾਤਰ ਬਣਨ ਲਈ ਉਸ ਨੂੰ ਆਸ਼ਰਮ ਵਿਚ ਛੇ ਮਹੀਨੇ ਕੰਮ ਕਰਨਾ ਪੈਂਦਾ ਸੀ। ਭੇਤ ਨਸ਼ਰ ਕਰਨ ਜਾਂ ਫੰਡਾਂ ਦੀ ਦੁਰਵਰਤੋਂ ਕਰਨ 'ਤੇ ਉਹ ਮਾਰਿਆ ਵੀ ਜਾ ਸਕਦਾ ਸੀ। ਸੁਨੇਹਿਆਂ ਦਾ ਆਦਾਨ-ਪ੍ਰਦਾਨ ਕਰਨ ਲਈ ਅੰਦਰਲੇ ਘੇਰੇ ਸਿਫ਼ਰ ਕੋਡ ਦਾ ਇਸਤੇਮਾਲ ਕਰਦੇ ਸਨ। ਅਤੇ ਸਿਰਫ਼ ਸਕੱਤਰ ਜਾਂ ਸੰਪਾਦਕ ਨੂੰ ਹੀ ਚਿੱਠੀ-ਪੱਤਰ ਪੜ੍ਹਨ ਦਾ ਅਧਿਕਾਰ ਸੀ। ਸੈੱਲ ਬਣਾਕੇ ਪ੍ਰਚਾਰ ਕਰਨ ਨੂੰ ਉਤਸ਼ਾਹਤ ਕੀਤਾ ਜਾਂਦਾ ਸੀ: "ਉਨ੍ਹਾਂ ਨੂੰ ਲੈ ਕੇ ਖ਼ੁਫ਼ੀਆ ਸੋਸਾਇਟੀ ਬਣਾਓ ਜੋ ਮਰਨ ਲਈ ਤਿਆਰ ਹੋਣ ਅਤੇ ਹੋਰ ਥਾਈਂ ਬਰਾਂਚਾਂ ਬਣਾ ਕੇ ਨੀਂਹ ਪੱਕੀ ਕਰਨ।"[10] ਕੁਝ ਮਹੀਨਿਆਂ 'ਚ ਹੀ ਉੱਤਰੀ ਅਮਰੀਕਾ ਅੰਦਰ ਬਰਕਲੇ, ਪੋਰਟਲੈਂਡ, ਅਸਟੋਰੀਆ, ਸੇਂਟ ਜੌਹਨ, ਸੈਕਰਾਮੈਂਟੋ, ਸਟਾਕਟਨ ਅਤੇ ਬਰਾਈਡਲ ਵੇਲ ਸਮੇਤ ਬਹੱਤਰ ਬਰਾਂਚਾਂ ਬਣ ਜਾਣ ਨਾਲ ਇਸ ਦੀ ਮੈਂਬਰਸ਼ਿਪ ਪੰਜ ਹਜ਼ਾਰ ਹੋ ਗਈ ਸੀ।[11] ਅਹੁਦੇਦਾਰਾਂ ਦੀ ਦਰਜੇਬੰਦੀ ਨੂੰ ਛੱਡਕੇ ਉਨ੍ਹਾਂ ਵਿਚ ਜਥੇਬੰਦੀ ਮੁਕਾਬਲਤਨ ਗ਼ੈਰਰਸਮੀ ਸੀ ਪਰ ਸਰਗਰਮ ਆਗੂਆਂ ਦੀ ਚੋਣ ਗੁਪਤ ਮੈਂਬਰਾਂ ਨਾਲ ਸਲਾਹ-ਮਸ਼ਵਰਾ ਕਰਕੇ ਕੀਤੀ ਜਾਂਦੀ ਸੀ। ਲੱਗਦਾ ਸੀ ਕਿ ਕੰਮ ਵੰਡ ਵੀ ਮੁੱਖ ਤੌਰ 'ਤੇ ਆਪਮੁਹਾਰੇ ਹੀ ਉੱਭਰੀ ਸੀ।[12]

ਭਾਵੇਂ ਇਹ ਉਨ੍ਹਾਂ ਦੀ ਇਕੋ ਇਕ ਸਰਗਰਮੀ ਨਹੀਂ ਸੀ, ਪਰਚਾ ਉਹ ਕੰਮ ਸੀ ਜਿਸ ਵਿਚ ਸਭ ਤੋਂ ਵੱਧ ਸਮਾਂ ਅਤੇ ਵਸੀਲੇ ਲੱਗਦੇ ਸਨ। ਅਤੇ ਜੇ ਅੱਜ ਸਾਡੇ ਕੋਲ ਕੋਈ ਐਸੀ ਚੀਜ਼ ਹੈ ਜਿਸ ਨੂੰ ਉੱਘੜ-ਦੁੱਘੜੀ ਅਤੇ ਤਿਲਕਵੀਂ ਜਥੇਬੰਦੀ ਦੀ ਪਛਾਣ ਅਤੇ ਅਸੂਲਾਂ ਨੂੰ ਬਿਆਨ ਕਰਨ ਦਾ ਅਧਾਰ ਬਣਾਇਆ ਜਾ ਸਕਦਾ ਹੈ ਉਹ ਹਿੰਦੁਸਤਾਨ ਗ਼ਦਰ ਪ੍ਰੈੱਸ ਵਲੋਂ ਛਾਪੀਆਂ ਪ੍ਰਕਾਸ਼ਨਾਵਾਂ ਦਾ ਸਮੂਹ ਹੀ ਹੈ। ਅਸਟੋਰੀਆ ਮੀਟਿੰਗ ਤੋਂ ਤੁਰੰਤ ਬਾਅਦ, ਕਰਤਾਰ ਸਿੰਘ, ਹਰਨਾਮ ਸਿੰਘ ਅਤੇ ਹੋਰਾਂ ਨੇ ਹਰਦਿਆਲ ਨਾਲ ਵਿਚਾਰ-ਚਰਚਾ ਕੀਤੀ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦਾ ਪਰਚਾ ਕੱਢਣਾ ਚਾਹੀਦਾ ਹੈ। ਉਸ ਨੇ "ਸਿੱਧੀ ਲੜਾਈ ਦੇਣ ਵਾਲਾ ਅਖ਼ਬਾਰ ਕੱਢਣ 'ਤੇ ਜ਼ੋਰ ਦਿੱਤਾ – ਜੋ ਉਸ ਇਨਕਲਾਬੀ ਰਾਸ਼ਟਰਵਾਦੀ ਕੰਮ ਨੂੰ ਅੱਗੇ ਵਧਾਏਗਾ ਜੋ ਲੰਦਨ, ਪੈਰਿਸ, ਕਲਕੱਤਾ ਅਤੇ ਹਿੰਦੁਸਤਾਨ ਦੇ ਹੋਰ ਸ਼ਹਿਰਾਂ ਵਿਚ ਸ਼ੁਰੂ ਕੀਤਾ ਗਿਆ ਸੀ, ਪਰ ਜਿਸ ਨੂੰ ਬ੍ਰਿਟਿਸ਼ ਨੇ ਲਗਭਗ ਪੂਰੀ ਤਰ੍ਹਾਂ ਕੁਚਲ ਦਿੱਤਾ ਸੀ।"[13]

ਪਹਿਲੇ ਅੰਕ ਉੱਪਰ 1 ਨਵੰਬਰ 1913 ਦੀ ਤਾਰੀਕ ਪਾਈ ਗਈ ਸੀ। ਉਰਦੂ ਪਰਚਾ ਛੇ ਹਜ਼ਾਰ ਦੀ ਗਿਣਤੀ 'ਚ ਕੱਢਿਆ ਗਿਆ, ਇਕ ਮਹੀਨੇ ਬਾਅਦ ਇਸ ਦੀ ਗੁਰਮੁਖੀ ਛਾਪ ਅਤੇ ਮਈ 1914 'ਚ ਇਸ ਦੀ ਛੋਟੀ ਜਹੀ ਗੁਜਰਾਤੀ ਛਾਪ ਨਾਲੋ ਨਾਲ ਛਪਣੀ ਸ਼ੁਰੂ ਹੋ ਗਈ।[14] ਬਿਹਾਰੀ ਲਾਲ ਨੇ ਦੱਸਿਆ ਕਿ ਉਸ ਵਕਤ ਦੀ ਹਿੰਦੁਸਤਾਨੀ ਰਾਸ਼ਟਰਵਾਦੀ ਪੱਤਰਕਾਰੀ ਦੀ ਰਵਾਇਤ ਅਨੁਸਾਰ, ਸੁਰੱਖਿਆ ਦੇ ਲਿਹਾਜ਼ ਨਾਲ ਸਿਰਫ਼ ਹਰਦਿਆਲ ਦਾ ਨਾਂ ਸੰਪਾਦਕ-ਪ੍ਰਕਾਸ਼ਕ ਵਜੋਂ ਦਿੱਤਾ ਜਾਂਦਾ ਸੀ। ਹਿੰਦੁਸਤਾਨ ਵਿਚ ਇਸ ਤਰ੍ਹਾਂ ਹੁੰਦਾ ਸੀ, "ਜਦੋਂ ਰਾਜ ਅਧਿਕਾਰੀ

ਉਸ ਨੂੰ ਜੇਲ੍ਹ ਵਿਚ ਸੁੱਟ ਦਿੰਦੇ, ਇਕ ਜਣਾ ਹੋਰ ਅੱਗੇ ਆ ਜਾਂਦਾ – ਫਿਰ **ਇਕ ਜਣਾ ਹੋਰ** .... ਇਕ ਪਿੱਛੋਂ ਦੂਜਾ ਇੰਞ ਜਾਨਸ਼ੀਨਾਂ ਦਾ ਸਿਲਸਿਲਾ ਬਰਕਰਾਰ ਰਹਿੰਦਾ ਸੀ।"[15] ਫਿਰ ਵੀ, ਹਰਦਿਆਲ ਇਸ ਲਈ ਦ੍ਰਿੜ ਸੀ ਕਿ "ਇਕ ਬੰਦਾ ਹੀ ਸਾਰੀਆਂ ਤਾਕਤਾਂ, ਸਾਰੀਆਂ ਜ਼ਿੰਮੇਵਾਰੀਆਂ ਨਾ ਹੜੱਪ ਲਵੇ," ਅਤੇ ਇਹ ਕਿ ਭਾਵੇਂ "ਸੰਪਾਦਕ ਨੇ ਆਵਾਮ, ਅਤੇ ਵਿਰੋਧੀਆਂ ਦਾ ਸਾਹਮਣਾ ਅੱਗੇ ਹੋ ਕੇ ਕਰਨਾ ਸੀ, .... ਉਸ ਲਈ ਕੌਂਸਲ ਦੇ ਮੈਂਬਰਾਂ ਨਾਲ ਜਮਹੂਰੀ, ਸੰਵਿਧਾਨਕ ਬਰਾਬਰੀ ਦੇ ਅਧਾਰ 'ਤੇ ਵਿਹਾਰ ਕਰਨਾ ਜ਼ਰੂਰੀ ਹੈ।"[16]

ਲਿਖਣ, ਅਨੁਵਾਦ ਕਰਨ, ਚਿੱਠੀ-ਪੱਤਰ ਕਰਨ ਅਤੇ ਛਪਣ-ਛਪਾਈ ਦਾ ਕੰਮ ਇਕ ਸੱਚਾ ਸਮੂਹਿਕ ਯਤਨ ਸੀ। ਆਸ਼ਰਮ ਵਿਚ ਪੰਝੀ ਵਾਲੰਟੀਅਰ ਸਿਰਫ਼ ਰੋਟੀ, ਕੱਪੜੇ ਅਤੇ "ਦੋ ਡਾਲਰ ਮਹੀਨਾ ਜੇਬ੍ਹ ਖ਼ਰਚ" ਦੇ ਬਦਲੇ ਕੁਲ-ਵਕਤੀ ਕੰਮ ਕਰਦੇ ਸਨ[17] ਜਦਕਿ ਉੱਥੇ ਮੌਜੂਦ ਹਰ ਬੰਦਾ ਕਿਸੇ ਨਾ ਕਿਸੇ ਕੰਮ ਵਿਚ ਜੁੱਟਿਆ ਰਹਿੰਦਾ ਸੀ। ਵਾਟੁਕ ਅਨੁਸਾਰ (ਇਹ ਹੋ ਹੀ ਸਕਦਾ ਹੈ ਕਿ ਉਹ ਰੋਮਾਂਚਕ ਤਰਫ਼ਦਾਰੀ ਕਰ ਰਿਹਾ ਹੋਵੇ, ਪਰ ਖ਼ੁਦ ਗੁਲੀ ਗ਼ਦਰ ਕਾਰਕੁੰਨਾਂ ਵਿਚ ਇਸ ਤਰ੍ਹਾਂ ਦਾ ਆਦਰਸ਼ਵਾਦ ਹੋਣ ਕਾਰਨ, ਸ਼ਾਇਦ ਇਹ ਨਾਵਾਜਬ ਵੀ ਨਹੀਂ ਹੋਵੇਗਾ), "ਉੱਥੇ ਲੋਕ ਬਰਾਬਰੀ ਦੇ ਅਧਾਰ 'ਤੇ ਰਹਿੰਦੇ ਸਨ ਅਤੇ ਕਿਸੇ ਵੀ ਤਰ੍ਹਾਂ ਦੀ ਜ਼ਾਤਪਾਤ, ਨਸਲਵਾਦ, ਧਾਰਮਿਕ ਕੱਟੜਤਾ ਅਤੇ ਸੰਕੀਰਣਤਾਵਾਦ ਤੋਂ ਰਹਿਤ ਸਨ। ਉੱਥੇ ਰਹਿਣ ਵਾਲੇ ਸਿਰਫ਼ ਹਿੰਦੁਸਤਾਨੀ ਸਨ। ਉਹ ਇਕ ਟੱਬਰ ਵਾਂਗ ਰਲ-ਮਿਲਕੇ ਖਾਣਾ ਬਣਾਉਂਦੇ, ਖਾਂਦੇ ਅਤੇ ਮਿਲ-ਜੁਲਕੇ ਰਹਿੰਦੇ ਸਨ। ਉਹ ਇਕੋ ਰਾਹ ਦੇ ਪਾਂਧੀ ਸਨ।"[18] ਇਹ ਪੂਰੀ ਤਰ੍ਹਾਂ ਠੁੱਕਦਾਰ ਬਿਆਨ ਹੈ; ਜਦਕਿ, ਉਹ ਸਾਰੇ ਸੁੱਤੇ-ਸਿੱਧ ਹੀ "ਰਾਸ਼ਟਰਵਾਦ" ਨੂੰ ਪ੍ਰਣਾਏ "ਮਹਿਜ਼ ਹਿੰਦੁਸਤਾਨੀ" ਸਨ ਇਸ ਨਿਰਣੇ ਦੀ ਅਹਿਮੀਅਤ ਨੂੰ ਸੀਮਤ ਕਰਨ ਦੀ ਬਜਾਏ ਮੈਂ ਸਮਝਦੀ ਹਾਂ ਕਿ ਇਹ ਸਿੱਟਾ ਵੀ ਇਸ ਦਾ ਓਨਾ ਹੀ ਸੂਚਕ ਹੈ ਕਿ ਇਹ ਸਮਾਨਤਾਵਾਦੀ ਹਿੱਸੇਦਾਰੀ ਵਾਲੀ ਜਮਹੂਰੀਅਤ ਸੀ। ਇਸ ਤੋਂ ਬਿਨਾ, ਸੋਚੇ ਸਮਝੇ ਅਮਲ ਦਾ ਭਾਵ ਇਹ ਹੈ ਕਿ ਇਨਕਲਾਬ ਤੋਂ ਬਾਅਦ ਉਨ੍ਹਾਂ ਦੇ ਸੁਪਨੇ ਦਾ ਸਮਾਜ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਇਸ ਦਾ ਜੋ ਸਿਹਰਾ ਅਕਸਰ ਹੀ ਗ਼ਦਰ ਨੂੰ ਦਿੱਤਾ ਜਾਂਦਾ ਹੈ ਉਹ ਸਪਸ਼ਟ ਤੌਰ 'ਤੇ ਉਸ ਤੋਂ ਵੀ ਕਿਤੇ ਵਧੇਰੇ ਸੁਚੇਤ ਸਨ।

ਇਸ ਸੁਪਨਸਾਜ਼ ਪਰਿਵਾਰ ਵਿਚ ਰਾਮ ਚੰਦਰ, ਅਮਰ ਸਿੰਘ,[19] ਮੁਨਸ਼ੀ ਰਾਮ ਅਤੇ ਹਰੀ ਸਿੰਘ ਉਸਮਾਨ[20] ਸ਼ਾਮਲ ਸਨ। ਗੋਧਾ ਰਾਮ ਚਨੌਣ ਹੋਰ ਕੰਮਾਂ ਦੇ ਨਾਲ ਖ਼ੁਸ਼ਖ਼ਤ ਉਰਦੂ ਲਿਖਣ ਦਾ ਕੰਮ ਕਰਦਾ ਸੀ। ਬਿਹਾਰੀ ਲਾਲ ਨੇ ਆਪਣੇ ਇਸ ਗੂੜ੍ਹੇ ਮਿੱਤਰ ਬਾਰੇ ਦੱਸਿਆ ਕਿ ਉਹ ਚੁੱਪਚਾਪ ਰਹਿਣ ਵਾਲਾ ਬੰਦਾ ਸੀ ਜੋ ਖ਼ੁਦ ਨੂੰ ਕਦੇ ਅੱਗੇ ਨਹੀਂ ਸੀ ਲਿਆਉਂਦਾ। ਉਹ ਹਰਦਿਆਲ ਅਤੇ ਰਾਮ ਚੰਦਰ ਦੋਵਾਂ ਦੇ ਸੰਪਾਦਕ ਹੋਣ ਸਮੇਂ ਅਤੇ ਬਾਅਦ ਵਿਚ 1920ਵਿਆਂ ਵਿਚ ਇਸ ਦੇ ਦੁਬਾਰਾ ਸ਼ੁਰੂ ਹੋਣ 'ਤੇ ਵੀ "ਪੂਰੀ ਤਰ੍ਹਾਂ ਸਮਰਪਿਤ ਹੋ ਕੇ" ਕੰਮ ਕਰਦਾ ਰਿਹਾ। ਬਿਹਾਰੀ ਲਾਲ ਖ਼ੁਦ ਅੰਗਰੇਜ਼ੀ ਬੋਲਣ ਵਾਲਿਆਂ ਨਾਲ ਸੰਪਰਕ ਰੱਖਣ ਵਾਲੇ ਮੁੱਖ ਬੰਦੇ ਵਜੋਂ ਰੁੱਝਿਆ ਰਹਿੰਦਾ ਸੀ। ਖਾੜੀ ਖੇਤਰ ਦੇ ਬੁੱਧੀਜੀਵੀਆਂ ਨਾਲ ਰਾਬਤਾ ਬਣਾਈ ਰੱਖਣ ਦੀ ਮੁੱਖ ਜ਼ਿੰਮੇਵਾਰੀ ਵੀ ਉਸੇ ਦੀ ਸੀ ਜੋ ਉਸ ਨੂੰ "ਹਰਦਿਆਲ ਦਾ ਛੋਟਾ ਭਾਈ..... ਉਸ ਪਿੰਡੀ ਦਾ ਹੋਰੇਸ਼ੀਓ (ਸ਼ੈਕਸਪੀਅਰ ਦੇ ਨਾਟਕ ਪਿੰਡੀ ਦਾ ਮੁੱਖ ਕਿਰਦਾਰ) ਸਮਝਦੇ ਸਨ।" ਉਨ੍ਹਾਂ ਦੀ ਸਹੂਲਤ ਲਈ ਉਹ ਅੰਗਰੇਜ਼ੀ ਵਿਚ ਲੇਖ ਲਿਖਦਾ। ਇਸ ਤੋਂ ਇਲਾਵਾ ਉਹ ਲਗਭਗ ਰੋਜ਼ ਹੀ *ਗ਼ਦਰ* ਵਿਚ ਯੋਗਦਾਨ ਪਾਉਂਦਾ ਸੀ। "ਇਤਿਹਾਸ ਅਤੇ ਕੁਦਰਤੀ ਤੇ ਸਮਾਜ ਵਿਗਿਆਨ ਬਾਰੇ ਉਰਦੂ ਅਤੇ ਹਿੰਦੀ ਵਿਚ ਲੇਖ ਲਿਖਣਾ" ਉਸ ਲਈ "ਇਕ ਨੇਮ" ਹੀ ਬਣ ਗਿਆ ਸੀ। ਉਹ ਕੈਲੀਫੋਰਨੀਆ ਯੂਨੀਵਰਸਿਟੀ ਵਿਖੇ ਆਪਣੀ ਪੋਸਟ-ਗਰੈਜੂਏਸ਼ਨ ਦੀ ਪੜ੍ਹਾਈ ਦੇ ਸਾਰ-ਅੰਸ਼ ਨੂੰ ਉਨ੍ਹਾਂ ਨਾਲ ਸਾਂਝਾ ਕਰਦਾ,

ਅਜਿਹਾ ਗਿਆਨ ਉੱਵ ਜਿਨ੍ਹਾਂ ਦੀ ਪਹੁੰਚ ਵਿਚ ਨਹੀਂ ਸੀ। ਉਸ ਨੇ ਦੱਸਿਆ ਕਿ ਇਸ ਖ਼ਾਤਰ: "ਮੈਂ ਆਪਣੀਆਂ ਕਿਤਾਬਾਂ ਗ਼ਦਰ ਆਫਿਸ ਦੀ ਪ੍ਰਫੁੱਲਤ ਹੋ ਰਹੀ ਲਾਇਬ੍ਰੇਰੀ ਨੂੰ ਦੇ ਦਿੱਤੀਆਂ। ਅਕਸਰ ਮੈਂ ਕਿਸੇ ਨਵੀਂ ਵਿਗਿਆਨਕ ਜਾਂ ਇਤਿਹਾਸਕ ਜਾਂ ਸਦਾਚਾਰਕ ਧਾਰਨਾ ਬਾਰੇ ਮੁੰਡਿਆਂ ਨਾਲ ਘੰਟਿਆਂ ਬੱਧੀ ਚਰਚਾ ਕਰਦਾ ਰਹਿੰਦਾ।"[21]

## ਗ਼ਦਰ

ਸੰਖੇਪ 'ਚ, ਪਰਚੇ ਦਾ ਉਦੇਸ਼ ਪਹਿਲੇ ਅੰਕ ਵਿਚ ਬਿਆਨ ਕੀਤਾ ਗਿਆ ਸੀ: ਇਹ ਹਫ਼ਤੇ 'ਚ ਇਕ ਵਾਰ ਕੌਮ ਨੂੰ ਬਗ਼ਾਵਤ ਦਾ ਪੈਗ਼ਾਮ ਦੇਵੇਗਾ। ਇਹ ਦਲੇਰ, ਧੜੱਲੇਦਾਰ, ਮੁਕਤ, ਮੜ੍ਹਕ ਨਾਲ ਚਲਣ ਵਾਲਾ ਅਤੇ ਸਖ਼ਤ ਲਹਿਜ਼ੇ 'ਚ ਗੱਲ ਕਹਿਣ ਵਾਲਾ ਪਰਚਾ ਹੈ। ਇਹ ਬਿਜਲੀ, ਤੂਫ਼ਾਨ ਅਤੇ ਅੱਗ ਦੀ ਲਾਟ ਹੈ...ਅਸੀਂ ਆਜ਼ਾਦੀ ਦੇ ਹਰਕਾਰੇ ਹਾਂ।"[22] ਮੁੱਖ ਸਫ਼ੇ ਉੱਪਰਲੇ ਨਾਅਰੇ ਅਨੁਸਾਰ, ਇਹ "ਅੰਗਰੇਜ਼ੀ ਰਾਜ ਦਾ ਦੁਸ਼ਮਨ" ਸੀ। ਮੁੱਖ ਲੇਖ "ਸਾਡਾ ਨਾਓਂ ਤੇ ਸਾਡਾ ਕੰਮ," ਵਿਚ ਐਲਾਨ ਕੀਤਾ ਗਿਆ ਕਿ ਦੋਵੇਂ ਇਕੋ ਚੀਜ਼ ਹਨ: ਸੰਖੇਪ 'ਚ, ਗ਼ਦਰ। ਸ਼ਾਇਦ ਇਕ ਦਹਾਕੇ ਦੇ ਅੰਦਰ ਬਗ਼ਾਵਤ ਅਟੱਲ ਹੋਵੇਗੀ, ਅਤੇ ਇਸ ਦੌਰਾਨ ਸਾਰਿਆਂ ਨੂੰ ਲਾਜ਼ਮੀ ਹੀ ਤਿਆਰੀ ਕਰ ਲੈਣੀ ਚਾਹੀਦੀ ਹੈ।

ਸੰਪਾਦਕ ਅੱਗੇ ਕਹਿੰਦਾ ਹੈ ਕਿ ਪਰਚੇ ਦਾ ਕੰਮ ਹੋਵੇਗਾ, "ਅਤੇ ਲੋਭ। ਮੋਹ। ਹੰਕਾਰ। ਮੂਰਖਤਾ ਅਤੇ ਡਰ ਨੂੰ ਦੂਰ ਕਰਕੇ" ਨੌਜਵਾਨਾਂ ਨੂੰ ਕੁਰਬਾਨੀ, ਬਦਲੇ ਅਤੇ ਕਾਰਵਾਈ ਸਮੇਂ ਇਕਜੁੱਟਤਾ ਦੇ ਆਦਰਸ਼ਾਂ ਨੂੰ ਸਮਰਪਿਤ ਹੋਣ ਦਾ ਸੱਦਾ ਦੇਣਾ, ਉਨ੍ਹਾਂ ਨੂੰ ਇਸ ਪਾਸੇ ਪ੍ਰੇਰਕੇ ਉਨ੍ਹਾਂ ਦੀ ਸਹੀ ਪਰਵਰਿਸ਼ ਅਤੇ ਰੂਹਾਨੀ ਤਰੱਕੀ ਦੇ ਹਾਲਾਤ ਪੈਦਾ ਕਰਨਾ, ਭਵਿੱਖ ਦੇ ਗ਼ਦਰੀ ਪੈਦਾ ਕਰਨ ਲਈ ਉਨ੍ਹਾਂ ਦਾ ਜ਼ਰੂਰੀ ਮਾਨਸਿਕ ਅਤੇ ਰੂਹਾਨੀ ਵਿਕਾਸ ਕਰਨਾ। ਜੇ "ਹਰਦਿਆਲਵਾਦ" ਦੇ ਪੜਾਵਾਂ ਨੂੰ ਚੇਤੇ ਕਰੀਏ ਤਾਂ ਇਹ ਇਖ਼ਲਾਕੀ ਤਿਆਰੀ ਦਾ ਪਹਿਲਾ ਪੜਾਅ ਸੀ। ਪਰ ਦੂਜਾ ਪੜਾਅ ਵੀ ਛੇਤੀ ਹੀ ਆ ਰਿਹਾ ਸੀ, ਜਦੋਂ "ਕਿਸੇ ਦਿਨ ਕਲਮ ਦੇ ਥਾਂ ਬੰਦੂਕ ਅਤੇ ਸਿਆਹੀ ਦੀ ਥਾਂ ਖ਼ੂਨ ਨਾਲ ਕੰਮ ਹੋਵੇਗਾ।"[23] (ਜਦਕਿ ਨਾਲ ਹੀ *ਗ਼ਦਰ* ਦੇ ਪੰਨਿਆਂ 'ਤੇ ਸੰਪਾਦਕ ਨੇ ਇਹ ਵੀ ਲਿਖਿਆ, "ਅੱਜ ਕਲਮ ਦੀ ਤਾਕਤ ਦੇ ਨਾਲ ਅੰਗਰੇਜ਼ੀ ਰਾਜ ਪੁਰ ਤੋਪ ਬੀੜ ਦਿਤੀ ਹੈ, ਜਿਸ ਦਾ ਨਾਸ਼ ਕਰੇ ਬਿਨਾਂ ਬੰਦ ਨਾ ਹੋਵੇਗੀ।")[24] ਸੋਹਣ ਸਿੰਘ ਭਕਨਾ ਦੇ ਮੁੱਢਲੇ ਸੁਝਾਅ ਅਨੁਸਾਰ, ਹਰਦਿਆਲ ਨੇ ਲੋਕਾਂ ਵਿਚ ਲਹਿਰ ਉਸਾਰਨ ਲਈ ਦੇਸੀ ਬੋਲੀ ਵਿਚ ਸਮੱਗਰੀ ਛਾਪਣ ਦੀ ਅਹਿਮੀਅਤ 'ਤੇ ਜ਼ੋਰ ਦਿੱਤਾ ਅਤੇ ਅੰਗਰੇਜ਼ੀ ਪੜ੍ਹੇਲਿਖੇ ਹਿੰਦੁਸਤਾਨੀਆਂ (ਹਾਲਾਂਕਿ ਇਹ ਲੇਬਲ ਜ਼ਿਆਦਾਤਰ ਉਸ ਦੇ ਸਟਾਫ਼ ਉੱਪਰ ਢੁੱਕਦਾ ਹੈ) ਨੂੰ ਖ਼ੁਦਗਰਜ਼ ਢੌਂਗੀ ਦੱਸਿਆ: "ਹੁਣ ਲੜਾਈ ਤੁਰੀ ਰਹਨ ਦੀ ਖਾਤਰ ਅਖ਼ਬਾਰ ਚਲਾਓਨਾ ਜ਼ਰੂਰੀ ਹੈ। ਓਕੇ ਕਤਾਬਾਂ ਛਾਪੀਆਂ ਜਾਣ ਅਤੇ ਦੇਸ ਬੀ ਭੇਜੀਆਂ ਜਾਣ।"[25]

ਹਰਦਿਆਲ ਦੀ ਪਲੇਠੀ ਸੰਪਾਦਕੀ ਨੇ ਸਿਆਸਤ ਅਤੇ ਰਾਜਨੀਤਕ ਆਰਥਿਕਤਾ ਦੇ ਵਿਗਿਆਨ ਦੀ ਸਹੀ ਸੂਝ ਗ੍ਰਹਿਣ ਕਰਨ ਦੀ ਲੋੜ ਉੱਪਰ ਜ਼ੋਰ ਦਿੱਤਾ। ਹਿੰਦੁਸਤਾਨੀ ਨੌਜਵਾਨਾਂ ਨੂੰ ਫ਼ੌਜੀ ਸਕੂਲਾਂ ਜਾਂ "ਹੋਰ ਕੌਮਾਂ ਦੇ ਸਕੂਲਾਂ ਵਿਚ" ਇਹ ਸਿੱਖਣ ਲਈ ਭੇਜਣਾ ਚਾਹੀਦਾ ਹੈ ਕਿ "ਰਾਜ ਕਿਵੇਂ ਕਰਨਾ ਹੈ" ਅਤੇ ਜਾਸੂਸਾਂ ਤੇ ਗ਼ਦਾਰਾਂ ਦੀ ਜੜ੍ਹ ਕਿਵੇਂ ਵੱਢਣੀ ਹੈ। ਇਹ ਸਭ ਸ਼ੁਰੂ ਹੋਣ ਜਾ ਰਹੇ ਗ਼ਦਰ 'ਚ ਤੇਜ਼ੀ ਲਿਆਉਣ ਲਈ ਹੈ। ਉਸ ਨੇ ਮੌਜੂਦਾ ਲਹਿਰ ਨੂੰ ਪਾਠਕਾਂ, ਸੰਗੀ ਸਾਥੀਆਂ ਅਤੇ ਵੈਰੀਆਂ ਦੇ ਮਨਾਂ ਵਿਚ ਉਨ੍ਹਾਂ ਸਾਰੇ ਇਨਕਲਾਬੀਆਂ ਨਾਲ ਜੋੜ ਦਿੱਤਾ ਜੋ ਪਹਿਲਾਂ 1857 ਅਤੇ ਫਿਰ 1905 'ਚ ਉੱਭਰਕੇ ਸਾਹਮਣੇ ਆਏ ਸਨ। ਇਕ ਅਗਲੇ ਅੰਕ

ਵਿਚ ਬੰਗਾਲ ਦੇ ਖਾੜਕੂਆਂ ਦੀ ਰੂਸੀਆਂ ਨਾਲ ਤੁਲਨਾ ਕੀਤੀ ਗਈ ਜੋ 1881 ਤੋਂ ਹੀ "ਭੈੜੇ ਅਫ਼ਸਰਾਂ" ਨਾਲ ਇਨਸਾਫ਼ ਕਰਦੇ ਆਏ ਸਨ। ਉਸ ਨੇ ਅਜੀਤ ਸਿੰਘ, ਲਾਜਪਤ ਰਾਏ, ਤਿਲਕ, ਹੇਮਚੰਦਰ ਦਾਸ ਕਾਨੂੰਨਗੋ, ਅਰਬਿੰਦੋ, ਸੂਫ਼ੀ ਅੰਬਾ ਪ੍ਰਸਾਦ, ਕ੍ਰਿਸ਼ਨਵਰਮਾ, ਅਤੇ ਕਾਮਾ ਦਾ ਜ਼ਿਕਰ ਕਰਦੇ ਹੋਏ ਲਿਖਿਆ ਕਿ ਹੁਣ ਉਨ੍ਹਾਂ ਦੀ ਅਜ਼ੀਮ ਟੁਕੜੀ, "ਏਸੇ ਫ਼ੌਜ ਦਾ ਇਕ ਜਥਾ ਮਿਰਕਣ ਵਿਚ ਬੀ ਆ ਪੁਜਾ ਹੈ।" ਕੈਲੀਫੋਰਨੀਆ ਨੇ ਉਨ੍ਹਾਂ ਨੂੰ "ਦੂਜਾ ਆਜ਼ਾਦ ਪੰਜਾਬ" ਮੁਹੱਈਆ ਕੀਤਾ "ਏਥੇ ਭਰਾਵਾਂ ਨਾਲ ਖੁੱਲੀਆਂ ਬਾਤਾਂ ਕਰ ਸਕਦੇ ਹਨ।"[26] ਹਰਦਿਆਲ ਨੇ ਦੋਵਾਂ ਇਨਕਲਾਬੀ ਧਾਰਾਵਾਂ ਦੇ ਪਾਤਰਾਂ ਨੂੰ ਅਭੇਦ ਰੂਪ 'ਚ ਇਕ ਕਰ ਦਿੱਤਾ ਸੀ।[27]

ਇਕ ਖ਼ਾਸ ਹਫ਼ਤਾਵਾਰ ਅੰਕ ਵਿਚ ਬੀਤੇ ਅਤੇ ਵਰਤਮਾਨ ਦੀਆਂ ਇਨਕਲਾਬੀ ਕਾਰਵਾਈਆਂ ਦੇ ਵੇਰਵੇ ਦਿੱਤੇ ਜਾਂਦੇ। ਅਕਸਰ ਹੀ ਅੰਗਰੇਜ਼ ਸਲਤਨਤ ਦੇ ਅੰਦਰਲੇ ਇਸ ਦੇ ਖ਼ਿਲਾਫ਼ ਲੜਨ ਵਾਲੇ ਕੌਮਪ੍ਰਸਤ ਧੜਿਆਂ, ਜਿਵੇਂ ਆਇਰਲੈਂਡ ਅਤੇ ਮਿਸਰ ਦੇ, ਜਾਂ ਓਦੋਂ ਉਨ੍ਹਾਂ ਆਪਾਸ਼ਾਹ ਜਾਂ ਸਾਮਰਾਜਵਾਦੀ ਰਾਜ ਵਿਰੁੱਧ ਸੰਘਰਸ਼ ਵਿਚ ਲੱਗੇ ਧੜਿਆਂ ਨੂੰ ਉਚੇਚ ਨਾਲ ਅਪੀਲਾਂ ਕੀਤੀਆਂ ਹੁੰਦੀਆਂ ਜਾਂ ਉਨ੍ਹਾਂ ਦੇ ਹਵਾਲੇ ਦਿੱਤੇ ਜਾਂਦੇ ਜਿਵੇਂ ਰੂਸ, ਚੀਨ ਅਤੇ ਮੈਕਸੀਕੋ ਵਾਲੇ। ਹਿੰਦੁਸਤਾਨ, ਆਇਰਲੈਂਡ, ਇਟਲੀ, ਪੋਲੈਂਡ ਜਾਂ ਅਮਰੀਕਾ ਦੇ ਬਸਤੀ ਹੋਣ ਸਮੇਂ ਦੇ ਆਜ਼ਾਦੀ ਘੁਲਾਟੀਆਂ ਦੇ ਜੀਵਨ-ਖ਼ਾਕੇ ਵੀ ਇਸ ਵਿਚ ਦਿੱਤੇ ਜਾਂਦੇ ਸਨ, ਜਿਵੇਂ ਬਰਤਾਨੀਆ ਵਿਰੋਧੀ ਮਸ਼ਹੂਰ ਛਾਪਾਮਾਰ ਯੋਧੇ ਜਾਰਜ ਵਾਸ਼ਿੰਗਟਨ ਦਾ ਜੀਵਨ-ਖ਼ਾਕਾ। ਫਰਾਂਸ ਦੇ ਇਨਕਲਾਬ ਦੇ ਕਾਂਡਾਂ ਤੋਂ ਲੈ ਕੇ ਬਦੇਸ਼ੀ ਗ਼ਲਬੇ ਵਿਰੁੱਧ ਅਤੇ ਆਜ਼ਾਦੀ ਦੇ ਅਸੂਲ ਲਈ, ਜਾਂ ਇੱਥੋਂ ਤਕ ਕਿ ਜਰਮਨੀ ਦੀ ਏਕਤਾ ਲਈ ਲੜਨ ਵਾਲੇ ਵਿਲੀਅਮ ਤੈੱਲ ਜਾਂ ਲਾਫਾਇਤੇ ਵਰਗਿਆਂ ਦੀਆਂ ਘਾਲਣਾਵਾਂ ਦੀਆਂ ਹੋਰ ਗਿਆਨ ਵਧਾਊ ਇਤਿਹਾਸਕ ਮਿਸਾਲਾਂ ਵੀ ਦਿੱਤੀਆਂ ਹੁੰਦੀਆਂ ਸਨ।[28] ਇਕ ਵਿਸ਼ੇਸ਼ ਅੰਕ *ਰੂਸੀ ਬਾਗ਼ੀਓਂ ਕੀ ਦਾਸਤਾਨੇਂ*[29] ਕੱਢਿਆ ਗਿਆ ਸੀ ਜਿਸ ਵਿਚ ਉਨ੍ਹਾਂ ਦੀ ਨਿਹਚਾਵਾਨ ਘਾਲਣਾ, ਬਹਾਦਰੀ ਭਰੇ ਕਾਰਨਾਮਿਆਂ, ਝੰਜੋੜੂ ਬਿਆਨਾਂ, ਜਬਰੀ ਵਿਆਹਾਂ ਤੋਂ ਨਾਬਰ ਹੋ ਕੇ ਭੱਜ ਜਾਣ, ਜੇਲ੍ਹ ਦੀਆਂ ਸਖ਼ਤੀਆਂ, ਜੇਲ੍ਹ ਤੋੜਨ ਦੇ ਕਾਰਨਾਮਿਆਂ ਅਤੇ ਵੇਰਾ ਫਿਨਰ, ਲਿਓ ਡਚ ਤੇ ਵੇਰਾ ਜ਼ਾਸੁਲਿਚ ਵਰਗੇ ਇਨਕਲਾਬੀਆਂ ਦੀਆਂ ਸ਼ਹਾਦਤਾਂ ਦੀ ਦਾਸਤਾਨ ਪੇਸ਼ ਕੀਤੀ ਗਈ ਸੀ।

ਹਕੂਮਤ ਲਈ ਸਿਰਦਰਦੀ ਬਣੀ ਬੰਗਾਲੀ ਲਹਿਰ ਬਾਰੇ ਅਤੇ ਵਿਨਾਇਕ ਦਮੋਦਰ ਸਾਵਰਕਰ ਦੀ 1857 ਦੇ ਗ਼ਦਰ ਬਾਰੇ ਕਿਤਾਬ ਵਿੱਚੋਂ ਲੇਖ ਲੜੀ ਸਮੇਤ 1857 ਦੇ ਫ਼ੌਜੀ ਵਿਦਰੋਹ ਦੀ ਅਕਸਰ ਹੀ ਕਾਫ਼ੀ ਮਹਿਮਾ ਗਾਈ ਹੁੰਦੀ ਸੀ। ਲੰਦਨ ਵਾਲੇ ਇੰਡੀਆ ਹਾਊਸ ਦੀ ਤਰਜ਼ 'ਤੇ ਇਨ੍ਹਾਂ ਨੂੰ ਜਨਤਕ ਇਕੱਠਾਂ ਵਿਚ ਪੜ੍ਹਿਆ ਜਾਂਦਾ ਅਤੇ ਮੁੱਖ ਸਫ਼ੇ ਉੱਪਰ ਰਾਣੀ ਝਾਂਸੀ ਦੀ ਤਸਵੀਰ ਦੇ ਕੇ 10 ਮਈ ਉੱਪਰ ਸਾਲਾਨਾ ਵਿਸ਼ੇਸ਼ ਵਰ੍ਹੇਗੰਢ ਅੰਕ ਕੱਢੇ ਜਾਂਦੇ।[30] 1857 ਜਾਂ 1912 ਦੇ ਹਾਰਡਿੰਗ ਬੰਬ ਕਾਂਡ ਵਰਗੇ ਅਹਿਮ ਮੌਕਿਆਂ ਦੀ ਜੈ-ਜੈਕਾਰ ਕਰਦਿਆਂ ਲਾਲ ਜਾਂ ਪੀਲੇ ਕਾਗਜ਼ ਉੱਪਰ ਵਿਸ਼ੇਸ਼ ਅੰਕ ਛਾਪੇ ਜਾਂਦੇ, ਜਿਨ੍ਹਾਂ ਉਪਰ ਦੇਸ਼ਭਗਤ, ਸ਼ਹੀਦ ਅਤੇ ਯੋਧੇ ਦੀ ਤਸਵੀਰ ਨੂੰ ਭਗਵੇਂ ਰੰਗ 'ਚ ਉਘਾੜ ਕੇ ਛਾਪਿਆ ਗਿਆ ਹੁੰਦਾ।[31]

*ਗ਼ਦਰ* ਵਿਚ ਇਕੱਠਾਂ ਦੇ ਨੋਟਿਸ ਅਤੇ ਕਾਰਵਾਈਆਂ ਦੇ ਵੇਰਵੇ ਵੀ ਛਾਪੇ ਜਾਂਦੇ, ਮਿਸਾਲ ਵਜੋਂ 6 ਜਨਵਰੀ 1914 ਦੇ ਅੰਕ ਵਿਚ #31-ਸੈਕਰਾਮੈਂਟੋ ਵਿਚ ਹੋਈ ਮੀਟਿੰਗ ਨੂੰ ਇਕ ਅਹਿਮ ਇਕੱਠ ਵਜੋਂ ਬਿਆਨ ਕੀਤਾ ਗਿਆ ਸੀ। ਇਕ ਬਿਲਕੁਲ ਹੀ ਵੱਖਰੇ ਬਿਰਤਾਂਤ ਅਨੁਸਾਰ, ਜੋ ਉੱਥੇ ਹਾਜ਼ਰ ਸਰਕਾਰੀ ਸੂਹੀਆਂ ਨੇ ਦਿੱਤਾ ਸੀ, ਇਥੇ "ਕਵਿਤਾਵਾਂ ਪੜ੍ਹੀਆਂ ਗਈਆਂ ਅਤੇ ਹਿੰਸਕ ਰਾਜਧ੍ਰੋਹੀ ਤਕਰੀਰਾਂ ਕੀਤੀਆਂ ਗਈਆਂ, ਜਿਨ੍ਹਾਂ ਦੇ ਵਿਸ਼ੇ ਉੱਪਰ ਲਾਲਟੈਣ

ਸਲਾਈਡ ਸ਼ੋਅ ਰਾਹੀਂ ਜ਼ੋਰ ਦਿੱਤਾ ਗਿਆ। ਮਸ਼ਹੂਰ ਰਾਜ-ਧ੍ਰੋਹੀਆਂ ਤੇ ਕਾਤਲਾਂ ਦੀਆਂ ਤਸਵੀਰਾਂ ਅਤੇ ਇਨਕਲਾਬੀ ਮਾਟੋ ਉਥੇ ਪਰਦੇ ਉੱਪਰ ਸਜਾਏ ਹੋਏ ਸਨ।"[32] ਇਸ ਗੈਲਰੀ ਵਿਚ ਮੈਜ਼ਿਨੀ, ਵਿਲੀਅਮ ਤੈੱਲ, ਲੈਨਿਨ ਤੇ ਸੁਨ ਯਾਤ-ਸੇਨ ਜੋ ਹੁਣ ਆਮ ਹੀ ਜਾਣੇ ਜਾਂਦੇ ਹਨ, ਦੇ ਨਾਲ ਨਾਲ 1857 ਦੇ ਨਾਇਕ ਨਾਨਾਸਾਹਿਬ ਪੇਸ਼ਵਾ, ਤਾਤਿਆ ਟੋਪੇ ਤੇ ਲਕਸ਼ਮੀ ਬਾਈ ਅਤੇ ਸਵਦੇਸ਼ੀ ਦੌਰ ਦੇ ਇਨਕਲਾਬੀ ਖੁਦੀਰਾਮ ਬੋਸ, ਕਾਨਾਈਲਾਲ ਦੱਤ ਤੇ ਮਹਾਰਾਸ਼ਟਰ ਦੇ ਚਾਪੇਕਾਰਾਂ ਦੀਆਂ ਤਸਵੀਰਾਂ ਸਨ।[33] ਇਸ ਯਾਦਗਾਰ ਸੰਗ੍ਰਹਿ ਵਿਚ ਹਮੇਸ਼ਾ ਵਾਧਾ ਹੁੰਦਾ ਰਹਿੰਦਾ ਸੀ: 13 ਦਸੰਬਰ 1916 ਦੇ ਅੰਕ ਵਿਚ ਇਹ ਨਿਮਰਤਾਪੂਰਵਕ ਬੇਨਤੀ ਕਰਦਿਆਂ ਨੋਟਿਸ ਛਾਪਿਆ ਗਿਆ ਸੀ "ਜਿਸ ਕਿਸੇ ਵੀਰ ਕੋਲ ਵੀ 1857 ਤੋਂ ਲੈ ਕੇ ਹੁਣ ਤਕ ਦੇ ਸ਼ਹੀਦਾਂ ਦੀਆਂ ਤਸਵੀਰਾਂ ਹੋਣ...." ਅਤੇ ਇਹ ਦੱਸਿਆ ਗਿਆ ਸੀ "ਪੰਜਾਬ ਦੇ ਕੁਝ ਸ਼ਹੀਦਾਂ ਦੀਆਂ ਤਸਵੀਰਾਂ" ਤਾਂ *ਗ਼ਦਰ* ਨੂੰ ਮਿਲ ਗਈਆਂ ਹਨ। ਬੰਗਾਲ ਅਤੇ ਮਦਰਾਸ ਦੇ ਸ਼ਹੀਦਾਂ ਦੀਆਂ ਤਸਵੀਰਾਂ ਚਾਹੀਦੀਆਂ ਹਨ।" ਗ਼ਦਰ ਦਫ਼ਤਰ ਨੇ ਇਨ੍ਹਾਂ ਦੀਆਂ ਹਜ਼ਾਰਾਂ ਕਾਪੀਆਂ ਦੁਬਾਰਾ ਛਪਵਾ ਕੇ ਵੰਡਣ ਦੀ ਵਿਉਂਤ ਬਣਾਈ ਸੀ ਅਤੇ ਸੱਦਾ ਦਿੱਤਾ ਸੀ: "ਜਿਹੜੇ ਵੀਰ ਇਨ੍ਹਾਂ ਨੂੰ ਆਪਣੇ ਘਰਾਂ ਵਿਚ ਟੰਗਣਾ ਚਾਹੁੰਦੇ ਹੋਣ, ਉਹ ਬਰਾਏ ਮਿਹਰਬਾਨੀ ਪੋਸਟ ਕਾਰਡ ਰਾਹੀਂ ਗ਼ਦਰ ਨੂੰ ਸੂਚਿਤ ਕਰਨ। ਇਹ ਬਹੁਤ ਜ਼ਰੂਰੀ ਹੈ।"[34] ਇਹ ਐਲਾਨ ਕੀਤੇ ਜਾਣ ਤੋਂ ਬਾਅਦ ਕਿ ਆਉਣ ਵਾਲੇ ਅੰਕਾਂ ਵਿਚ ਹਰਦਿਆਲ ਅਤੇ ਰਾਮ ਚੰਦਰ ਦੇਸ਼ਭਗਤੀ ਦੇ ਸੁਭਾਅ ਬਾਰੇ ਵਿਆਖਿਆ ਕਰਨਗੇ,[35] ਕਰਤਾਰ ਸਿੰਘ ਸਰਾਭਾ ਨਾਲ ਮਿਲਕੇ ਸਾਰਿਆਂ ਨੇ ਕੁਝ ਇਸ ਤਰ੍ਹਾਂ ਗਾਇਆ, "ਆਓ, ਜਾ ਕੇ ਜੰਗੇ-ਆਜ਼ਾਦੀ 'ਚ ਸ਼ਾਮਲ ਹੋਈਏ।"

ਇਸ ਤੋਂ ਇਲਾਵਾ, ਭਖਦੇ ਅਤੇ ਪ੍ਰਸੰਗਕ ਕਾਨੂੰਨੀ, ਸਿਆਸੀ ਜਾਂ ਆਰਥਕ ਮਾਮਲਿਆਂ ਬਾਰੇ ਨਵੇਂ ਨਵੇਂ ਲੇਖ ਦਿੱਤੇ ਜਾਂਦੇ, ਖ਼ਾਸ ਕਰਕੇ ਇਮੀਗਰੇਸ਼ਨ ਜਾਂ ਰਾਸ਼ਟਰਵਾਦ ਬਾਰੇ। ਹਰ ਕਸਬੇ, ਸ਼ਹਿਰ, ਪਿੰਡ, ਜ਼ਿਲ੍ਹੇ ਅਤੇ ਵਿਭਾਗ ਤੋਂ ਡਕੈਤੀਆਂ ਅਤੇ ਸਿਆਸੀ ਕਤਲਾਂ ਦੇ ਨਾਲ ਨਾਲ ਅੰਗਰੇਜ਼ੀ ਰਾਜ ਦੇ ਜ਼ੁਲਮਾਂ ਜਾਂ ਪੁਲਿਸ ਦੀਆਂ ਧੱਕੇਸ਼ਾਹੀਆਂ ਬਾਰੇ ਤਾਜ਼ਾ ਜਾਣਕਾਰੀ ਮੰਗੀ ਜਾਂਦੀ।[36] ਇਕ ਬਹੁਤ ਜ਼ਿਆਦਾ ਵੰਡੀ ਗਈ ਲਿਖਤ ਦਾ ਸਿਰਲੇਖ ਸੀ *"ਅੰਗਰੇਜ਼ੀ ਰਾਜ ਕਾ ਕੱਚਾ ਚਿੱਠਾ"*[37] ਜਿਸ ਵਿਚ "ਅੰਗਾਂ ਦੀ ਗਵਾਹੀ"[38] ਸਹਿਤ ਉਨ੍ਹਾਂ ਅੰਕੜਿਆਂ ਦੀ ਚਰਚਾ ਕੀਤੀ ਗਈ ਸੀ ਜਿਸ ਦੀ ਸੁਰ ਲਗਭਗ ਦਾਦਾ ਭਾਈ ਨਾਰੋਜੀ ਦੀ ਆਰਥਕ ਵਸੀਲਿਆਂ ਨੂੰ ਲੁੱਟ ਲਿਜਾਣ ਦੇ ਸਿਧਾਂਤ ਵਾਲੀ ਸੀ: ਅੰਗਰੇਜ਼ਾਂ ਦੇ ਲਾਏ ਟੈਕਸ ਨੇ ਕਿੰਨਾ ਪੈਸਾ ਉਡਾ ਲਿਆ, ਕਿੰਨਾ ਫ਼ੌਜ ਉੱਪਰ ਖ਼ਰਚਿਆ ਗਿਆ, ਕਿੰਨਾ ਸਿੱਖਿਆ ਉੱਪਰ, ਕਿੰਨਾ ਅੰਨ ਪੈਦਾ ਕੀਤਾ ਗਿਆ, ਕਿੰਨਾ ਕਾਲ ਜਾਂ ਇਲਾਜਯੋਗ ਬੀਮਾਰੀਆਂ ਦੀ ਭੇਂਟ ਚੜ੍ਹ ਗਿਆ ਵਗੈਰਾ ਵਗੈਰਾ। ਬਿਹਾਰੀ ਲਾਲ ਦੇ ਸ਼ਬਦਾਂ 'ਚ, ਇਸ ਵਿਚ "ਪਹਿਲੀ ਵਾਰ ਪਾਠਕ ਨੂੰ ਉਹ ਜਾਣਕਾਰੀ ਮਿਲਦੀ ਜੋ ਉਨ੍ਹਾਂ ਨੂੰ ਕਦੇ ਨਹੀਂ ਸੀ ਮਿਲੀ ਹੁੰਦੀ – ਪਾਜ ਉਘੜਾਈ ਜੋ ਉਨ੍ਹਾਂ ਨੂੰ ਧੁਰ ਅੰਦਰ ਤਕ ਝੰਜੋੜ ਦਿੰਦੀ";[39] ਨਾਲ ਹੀ ਉਨ੍ਹਾਂ ਨੂੰ ਤੱਥਾਂ ਤੇ ਅੰਕੜਿਆਂ ਦਾ ਭੰਡਾਰ ਮੁਹੱਈਆ ਹੋ ਜਾਂਦਾ ਜਿਨ੍ਹਾਂ ਵਿਚ ਉਨ੍ਹਾਂ ਦੇ ਉਹ ਸ਼ਿਕਵੇ-ਸ਼ਿਕਾਇਤਾਂ ਬਾਖ਼ੂਬੀ ਢਲ ਜਾਂਦੇ ਸਨ ਜਿਵੇਂ ਪਹਿਲਾਂ ਉਨ੍ਹਾਂ ਨੂੰ ਦੁਰਕਾਰਿਆ ਜਾਂਦਾ ਰਿਹਾ। ਬਸਤੀਵਾਦੀ ਰਾਜ ਦੀ ਲਾਹਣਤੀ ਵਿਰਾਸਤ ਵਿਚ ਸ਼ਾਮਲ ਸਨ: ਸ਼ੁੱਧ ਪੈਦਾਵਾਰ ਉੱਪਰ 65 ਫ਼ੀ ਸਦੀ ਭੋਂਇ ਟੈਕਸ, 24 ਕਰੋੜ ਲੋਕਾਂ ਦੀ ਸਿੱਖਿਆ ਲਈ ਰੱਖੀ ਰਕਮ ਤੋਂ ਚਾਰ ਗੁਣਾ ਤੋਂ ਵੀ ਵੱਧ ਫ਼ੌਜ ਦਾ ਖ਼ਰਚ (29.5 ਕਰੋੜ ਰੁਪਏ); ਲੰਘੇ ਦਸ ਸਾਲਾਂ ਵਿਚ ਕਾਲ ਨਾਲ ਦੋ ਕਰੋੜ ਮੌਤਾਂ; ਲੰਘੇ ਤੀਹ ਸਾਲਾਂ ਵਿਚ ਪਲੇਗ ਨਾਲ 80 ਲੱਖ ਲੋਕਾਂ ਦੀ ਮੌਤ; ਫਿਰਕਿਆਂ ਦਰਮਿਆਨ ਝਗੜਿਆਂ ਨੂੰ ਤੂੱਖਣਾ ਦਿੱਤੀ ਗਈ; ਕਲਾ ਅਤੇ ਦਸਤਕਾਰੀ ਸਨਅਤਾਂ ਬਰਬਾਦ

ਹੋ ਗਈਆਂ; ਚੀਨ, ਅਫ਼ਗਾਨਿਸਤਾਨ, ਬਰਮਾ, ਮਿਸਰ ਅਤੇ ਈਰਾਨ ਨੂੰ ਜਿੱਤਣ ਲਈ ਧਨ ਤੇ ਜਾਨਾਂ ਦੀ ਬਲੀ ਦਿੱਤੀ ਗਈ।[40]

ਗ਼ਦਰ ਪ੍ਰੈੱਸ ਅੰਗਰੇਜ਼ੀ ਅਤੇ ਹਿੰਦੁਸਤਾਨੀ ਜ਼ਬਾਨਾਂ ਵਿਚ ਵੱਖੋ-ਵੱਖਰੇ ਕਿਤਾਬਚੇ ਅਤੇ ਲੀਫਲੈੱਟ ਵੀ ਛਾਪਦੀ ਸੀ। ਇਨ੍ਹਾਂ ਵਿਚ ਪਹਿਲਾਂ ਛਪੇ ਲੇਖ ਦੁਬਾਰਾ ਛਾਪੇ ਜਾਂਦੇ ਸਨ ਜਿਵੇਂ "ਜ਼ੁਲਮ! ਜ਼ੁਲਮ! ਗੋਰੇ ਸ਼ਾਹੀ ਜ਼ੁਲਮ!"[41] ਜੋ ਪਹਿਲੀ ਵਾਰ 1913 'ਚ ਭਾਈ ਭਗਵਾਨ ਸਿੰਘ ਨੂੰ ਉੱਥੋਂ ਕੱਢ ਦੇਣ ਸਮੇਂ ਛਾਪਿਆ ਗਿਆ। ਵਿਲੀਅਮ ਜੇਨਿੰਗ ਬਰਾਇਨ ਦਾ ਜ਼ਬਰਦਸਤ ਦੋਸ਼-ਚਿੱਠਾ ਜਿਸ ਦਾ ਸਿਰਲੇਖ ਸੀ "ਭਾਰਤ ਵਿਚ ਅੰਗਰੇਜ਼ ਰਾਜ"; [42] ਅਤੇ ਹਰਦਿਆਲ ਦੀ "ਨਏ ਜ਼ਮਾਨੇ ਕੇ ਨਏ ਆਦਰਸ਼", ਜੋ ਉਨ੍ਹਾਂ ਅੰਧਕਾਰਮਈ ਸਮਾਜੀ ਅਤੇ ਮਜ਼ਹਬੀ ਕਾਰਨਾਂ ਨੂੰ ਭੰਡਦੇ ਸਨ ਜੋ ਆਜ਼ਾਦੀ ਤੇ ਬਰਾਬਰੀ ਦੇ ਸੰਘਰਸ਼ ਤੋਂ ਭਟਕਾਉਂਦੇ ਸਨ,[43], "ਹਿੰਦੂ ਨਸਲ ਦੀ ਸਮਾਜੀ ਜਿੱਤ," ਜੋ ਉਸ ਨੂੰ ਦਰਸਾਉਂਦੀ ਸੀ ਜਿਸ ਨੂੰ ਹੁਣ ਅਸੀਂ ਧੌਂਸ ਜਾਂ ਦਾਬਾ ਕਹਿ ਸਕਦੇ ਹਾਂ, ਅਤੇ "ਬਰਾਬਰੀ ਦਾ ਅਰਥ"।[44]

ਕੁਲਮਿਲਾਕੇ ਯੁਗਾਂਤਰ ਆਸ਼ਰਮ ਦੀਆਂ ਪ੍ਰਕਾਸ਼ਨਾਵਾਂ ਵਿਚ ਜਿਸ ਰੋਮਾਂਸਵਾਦੀ ਜਜ਼ਬਾਤੀ ਸ਼ਿੱਦਤ ਵਾਲੀ ਲਹਿਰ ਦਾ ਇਜ਼ਹਾਰ ਹੋਇਆ ਉਹ ਖਾੜਕੂ, ਵਿਦਰੋਹੀ, ਦੇਸ਼ਭਗਤ, ਕੌਮਾਂਤਰੀਵਾਦੀ, ਆਧੁਨਿਕਵਾਦੀ, ਧਰਮਨਿਰਪੱਖ ਅਤੇ ਤੰਗਨਜ਼ਰੀ ਵਿਰੋਧੀ ਅਤੇ ਸਮਾਨਤਾਵਾਦੀ ਸੀ ਜੋ ਸਿਆਸੀ ਤੌਰ 'ਤੇ ਸੰਘੀ ਜਮਹੂਰੀ ਗਣਰਾਜਵਾਦ ਦੇ ਹੱਕ 'ਚ ਸੀ। ਇਸ ਦਾ ਵਧੇਰੇ ਝੁਕਾਅ ਜਾਇਦਾਦ ਦੀ ਮੁੜ ਵੰਡ ਦੀ ਗੱਲ ਕਰਨ ਵਾਲੇ ਸਮਾਜਵਾਦੀ ਅਰਥ-ਸ਼ਾਸਤਰ ਵੱਲ ਸੀ – ਇਹ ਦੋ ਕਾਰਕ ਉਨ੍ਹਾਂ ਦੇ ਦੋ ਮਹਿਬੂਬ ਰਾਹ-ਦਰਸਾਵਾ ਅਸੂਲਾਂ, ਆਜ਼ਾਦੀ ਤੇ ਬਰਾਬਰੀ, ਦੇ ਸਭ ਤੋਂ ਜ਼ਬਰਦਸਤ ਇਜ਼ਹਾਰ ਵਜੋਂ ਦੇਖੇ ਜਾ ਸਕਦੇ ਹਨ। ਪਰ ਇਸ ਪੜਾਅ 'ਤੇ ਜ਼ੁਲਮ ਅਤੇ ਲੁੱਟਖਸੁੱਟ ਨੂੰ ਅਜੇ ਪ੍ਰਮੁੱਖ ਤੌਰ 'ਤੇ ਸਦਾਚਾਰਕ ਰੂਪ 'ਚ ਹੀ ਸਾਜਿਆ ਜਾ ਰਿਹਾ ਸੀ, ਇਸ ਦੀ ਵੱਧ ਵਿਗਿਆਨਕ ਮੁੜ-ਵਿਆਖਿਆ 1920ਵਿਆਂ 'ਚ ਜਾ ਕੇ ਕੀਤੀ ਜਾਣੀ ਸੀ।

ਗ਼ਦਰ ਪ੍ਰੈੱਸ ਨੇ ਵੱਖੋ-ਵੱਖਰੇ ਅਤੇ ਬਹੁਤ ਹੀ ਹਰਮਨਪਿਆਰੇ (ਅਤੇ ਧੂਹ ਪਾਊ) ਸਾਹਿਤ ਸੰਗ੍ਰਹਿ ਵੀ ਤਿਆਰ ਕੀਤੇ: *ਗ਼ਦਰ-ਦੀ-ਗੂੰਜ* ਨਾਂ ਦੇ ਲੜੀਵਾਰ ਕਾਵਿ ਸੰਗ੍ਰਹਿ।[45] ਇਸ ਦੀ ਪਹਿਲੀ ਛਾਪ ਅਪ੍ਰੈਲ 1914 ਵਿਚ ਕਿਤਾਬਚੇ ਦੀ ਸ਼ਕਲ 'ਚ ਕੱਢੀ ਗਈ। ਹਫ਼ਤਾਵਾਰ ਅਖ਼ਬਾਰ ਵਿਚ ਛਪਣ ਵਾਲੀਆਂ ਸੰਪਾਦਕੀਆਂ, ਲੇਖਾਂ ਅਤੇ ਰਿਪੋਰਟਾਂ ਦੇ ਉਲਟ ਕਵਿਤਾ ਪ੍ਰਮੁੱਖ ਤੌਰ 'ਤੇ ਖੇਤਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਦੀ ਲਿਖੀ ਹੋਈ ਸੀ। ਪੰਜਾਬੀ ਦੇ ਇਹ ਬੰਦ ਅੰਗਰੇਜ਼ ਰਾਜ ਦੀ ਭੰਡੀ ਅਤੇ ਗ਼ਦਰ ਲਈ ਤਿਆਰ ਹੋਣ ਦੇ ਹੋਕੇ (ਅਤੇ ਇਸ ਨੂੰ ਕਿਵੇਂ ਅੰਜਾਮ ਦੇਣਾ ਹੈ ਇਸ ਦੀਆਂ ਵਿਆਖਿਆਵਾਂ) ਦੇ ਪੱਖੋਂ ਬਰਾਬਰ ਸਾਫ਼ ਸਪਸ਼ਟ ਸਨ ਅਤੇ ਬਸਤੀਆਨਾ ਅਰਥ-ਸ਼ਾਸਤਰ ਦੀਆਂ ਅਰਥ-ਸੰਭਾਵਨਾਵਾਂ ਬਾਰੇ ਵੀ ਸਪਸ਼ਟ ਜਾਣਦੇ ਸਨ।[46]

ਵਾਟ੍ਰਕ ਦੀ ਟਿੱਪਣੀ ਹੈ ਕਿ ਇਹ ਕਿੰਨੀ ਕਮਾਲ ਦੀ ਚੀਜ਼ ਹੈ ਕਿ ਪ੍ਰਿੰਟ ਮਾਧਿਅਮ ਉਸ ਲਹਿਰ ਨੂੰ ਜੋੜਨ ਅਤੇ ਚੁਆਤੀ ਲਾਉਣ ਦਾ ਸਾਧਨ ਬਣੇਗਾ ਜਿਸ ਦੀ ਮੁੱਢਲੀ ਮੈਂਬਰਸ਼ਿਪ ਦੀ ਨਿੱਕੀ ਜਹੀ ਗਿਣਤੀ ਹੀ ਪੜ੍ਹੀ-ਲਿਖੀ ਸੀ। ਇਹ ਉਸ ਮੌਲ ਰਹੇ ਮੌਖਿਕ ਸਭਿਆਚਾਰ ਦੀ ਬਦੌਲਤ ਸੰਭਵ ਹੋਇਆ ਜਿਸ ਵਿਚ ਇਸ ਨੂੰ ਉੱਚੀ ਉੱਚੀ ਗਾ ਕੇ ਪੜ੍ਹਿਆ ਅਤੇ ਸਾਂਝਾ ਕੀਤਾ ਜਾ ਸਕਦਾ ਸੀ ਅਤੇ *ਗ਼ਦਰ-ਦੀ-ਗੂੰਜ* ਦੇ ਗੀਤ ਅਤੇ ਕਵਿਤਾਵਾਂ ਕੰਠ ਕਰਕੇ ਇਕੱਠਾਂ ਵਿਚ ਗਾਈਆਂ ਜਾਂਦੀਆਂ ਸਨ।[47] ਸਟਾਕਟਨ ਗੁਰਦੁਆਰੇ ਦਾ ਗ੍ਰੰਥੀ ਇੰਦਰ ਸਿੰਘ, ਜੋ ਪਹਿਲਾਂ ਹਾਂਗਕਾਂਗ ਵਿਚ ਰਿਹਾ ਸੀ, ਨੇ "ਜ਼ਿਆਦਾਤਰ ਕਵਿਤਾਵਾਂ ਕੰਠ ਕੀਤੀਆਂ ਹੋਈਆਂ ਸਨ.... ਅਤੇ ਉਸ ਨੇ ਇਕ ਆਪਣੀ ਹੀ ਕੋਡ ਪ੍ਰਣਾਲੀ ਬਣਾਈ ਹੋਈ ਸੀ ਜਿਸ ਵਿਚ ਉਹ *[ਇਨ੍ਹਾਂ ਨੂੰ]*

ਲਿਖ ਲੈਂਦਾ ਸੀ।"[48]

ਦਾਗਿਸੀ ਚੇਂਚਈਆ ਲਿਖਦਾ ਹੈ ਕਿ ਜਿਉਂ ਹੀ "ਪੰਜਾਬੀ ਕਾਮਿਆਂ" ਵਿੱਚੋਂ "ਬੁੱਧੀਜੀਵੀ ਉੱਭਰੇ" ਉਨ੍ਹਾਂ ਨੇ ਅਖ਼ਬਾਰ ਲਈ ਲੇਖ ਤੇ ਕਵਿਤਾਵਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ ਅਤੇ ਜਨਤਕ ਇਕੱਠਾਂ ਨੂੰ ਸੰਬੋਧਨ ਕਰਨਾ ਸ਼ੁਰੂ ਕਰ ਦਿੱਤਾ। ਹਾਲਾਂਕਿ ਅਜੇ ਕੱਲ੍ਹ ਤਕ ਉਹ "ਅਣਜਾਣ ਅਤੇ ਅਣਪੜ੍ਹ" ਜ਼ਰੂਰ ਸਨ ਪਰ "ਉਹ ਸੰਜੀਦਾ ਅਤੇ ਬਹਾਦਰ ਸਨ।" ਪਰ ਹੁਣ ਉਹ "ਅਚਾਨਕ ਸਿਆਸੀ ਤੌਰ 'ਤੇ ਸੁਚੇਤ, ਬਹੁਤ ਹੀ ਦੇਸ਼ਭਗਤ ਅਤੇ ਪ੍ਰਚੰਡ ਇਨਕਲਾਬੀ ਬਣ ਕੇ ਉਭਰ ਆਏ। ਸਿੱਟੇ ਵਜੋਂ, ਗ਼ਦਰ ਲਹਿਰ ਤੇਜ਼ੀ ਨਾਲ ਇਸ ਜਨਤਾ ਦੇ ਹੱਥਾਂ 'ਚ ਚਲੀ ਗਈ।"[49] ਬਤੌਰ ਆਗੂ ਹਰਦਿਆਲ ਨੂੰ ਹੋਣਹਾਰ ਇਨਕਲਾਬੀ ਯੋਧਿਆਂ ਵਜੋਂ ਉਨ੍ਹਾਂ ਵਿਚ ਪੂਰਾ ਭਰੋਸਾ ਸੀ; ਸ਼ਾਇਦ ਇਸੇ ਕਾਰਨ ਉਹ ਵੀ ਉਸ ਨੂੰ ਬਹੁਤ ਚਾਹੁੰਦੇ ਸਨ। ਇਸ ਤੋਂ ਇਲਾਵਾ, ਉਹ ਪੇਸ਼ੇਵਰ ਬੁੱਧੀਜੀਵੀ ਰਿਹਾ ਸੀ, ਪਰ ਹੈ ਤਾਂ ਉਹ ਪੰਜਾਬੀ ਸੀ। ਹਰਦਿਆਲ ਉਨ੍ਹਾਂ ਦੀਆਂ ਠੇਠ ਜ਼ਬਾਨ 'ਚ ਲਿਖੀਆਂ ਲਿਖਤਾਂ ਨੂੰ ਚਾਈਂ ਚਾਈਂ ਸਲਾਹੁੰਦਾ ਅਤੇ ਉਨ੍ਹਾਂ ਨੂੰ ਸ਼ਾਬਾਸ਼ ਦਿੰਦਾ। ਚੇਂਚਈਆ ਅੱਗੇ ਕਹਿੰਦਾ ਹੈ, ਓਦੋਂ ਵੀ ਜਦੋਂ ਉਨ੍ਹਾਂ ਵਿਚ ਗ਼ਲਤੀਆਂ ਜਾਂ "ਕੌੜੇ ਬੋਲ" ਹੁੰਦੇ, ਇਸ ਕਰਕੇ ਕਿਉਂਕਿ –ਜੇ ਪੁਰਾਣੇ ਲਹਿਜ਼ੇ 'ਚ ਕਹਿਣਾ ਹੋਵੇ– ਉਨ੍ਹਾਂ ਵਿਚ ਦਮ ਸੀ।

ਗੇਰਾਲਡ ਬੈਰੀਅਰ ਵਲੋਂ ਕੁਝ ਬੰਦ ਅਨੁਵਾਦ ਕੀਤੇ ਗਏ ਹਨ। ਉਹ ਜਿਥੇ ਫਿਰਕੂ ਤੇ ਨਸਲੀ-ਸਭਿਆਚਾਰਕ ਏਕਤਾ, ਹੌਸਲੇ ਤੇ ਕੁਰਬਾਨੀ, ਅਤੇ ਮੁਲਕ ਦੀ ਜ਼ਿੰਮੇਵਾਰੀ ਓਟਕੇ ਬੰਦ-ਖ਼ਲਾਸੀ ਦੇ ਜਜ਼ਬੇ ਦਾ ਜ਼ਬਰਦਸਤ ਇਜ਼ਹਾਰ ਹਨ, ਨਾਲ ਹੀ ਉਹ ਵਿਅਕਤੀਗਤ ਤੇ ਸਮੂਹਕ ਕਾਇਆ-ਪਲਟੀ ਦਾ ਸੁਮੇਲ ਕਰਦਿਆਂ ਆਲਮੀ ਭਵਿੱਖ-ਨਕਸ਼ੇ ਅਤੇ ਸਮਾਜੀ ਦ੍ਰਿਸ਼ਟੀ ਨੂੰ ਵੀ ਦਰਸਾਉਂਦੇ ਹਨ। ਸ਼ੇਰਦਿਲ ਸਿੰਘਾਂ ਨੂੰ ਮੁਖ਼ਾਤਬ, ਇਹ ਕਵਿਤਾਵਾਂ ਹਿੰਦੂ ਅਤੇ ਮੁਸਲਮਾਨਾਂ ਲਈ ਢੁੱਕਵੇਂ ਮੁੱਦਿਆਂ ਅਤੇ ਭਰਮ-ਭੁਲੇਖਿਆਂ ਬਾਰੇ ਵੀ ਵਿਆਪਕ ਜਾਗਰੂਕਤਾ ਦਾ ਇਜ਼ਹਾਰ ਕਰਦੀਆਂ ਸਨ।[50]

ਪਹਿਲੇ ਸੰਗ੍ਰਹਿ ਦੀ ਪਹਿਲੀ ਕਵਿਤਾ ਨਾਲ ਹੀ ਮਿਜ਼ਾਜ ਤੈਅ ਹੋ ਜਾਂਦਾ ਹੈ:

ਕੁਲੀ ਕੁਲੀ ਪੁਕਾਰਦਾ ਜਗ ਸਾਨੂੰ, ਸਾਡਾ ਝੂਲਦਾ ਕਿਤੇ ਨਸ਼ਾਨ ਕਿਉਂ ਨੀ।

ਕਿਕੂ ਬਚਾਂਗੇ ਸਦਾ ਗੁਲਾਮ ਰੈਹ ਕੇ, ਸਾਨੂੰ ਰਾਜਨੀਤੀ ਵਾਲਾ ਗਿਆਨ ਕਿਉਂ ਨੀ।

ਮੁਢੋਂ ਪਿਆ ਗੁਲਾਮ ਦਾ ਤੌਕ ਸਾਨੂੰ, ਸੁਪਨੇ ਵਿਚ ਅਜ਼ਾਦੀ ਦਾ ਧਿਆਨ ਕਿਉਂ ਨੀ।

ਛਾਈ ਟੋਟਰੂ ਖਾ ਗਏ ਖੇਤ ਸਾਡਾ, ਹਿੰਦੋਸਥਾਨ ਦਾ ਕੋਈ ਕਰਸਾਨ ਕਿਉਂ ਨੀ।
ਬਚੇ ਤੜਫਦੇ ਵਿਦਿਆ ਬਾਝ ਸਾਡੇ, ਕਾਲਜ ਖੁਲ ਦੇ ਸਦਾ ਵਗਿਆਨ ਕਿਉਂ ਨੀ।[51]

ਛੇਵੀਂ ਕਵਿਤਾ ਏਕਤਾ ਦਾ ਹੋਕਾ ਦਿੰਦੀ ਹੈ ਕਿਉਂਕਿ ਬਦੇਸ਼ ਲਈ ਲੜਨ ਵਾਲਿਆਂ ਨੇ ਫਿਰ ਵਤਨ ਵੱਲ ਮੁਹਾਰ ਮੋੜ ਲਈ ਸੀ:

ਦੇਸ਼ ਅਪਨੇ ਵਿਚ ਕਿਓਂ ਚੁਪ ਬੈਠੇ। ਸੁਣੋ ਹੋਰ ਦੇਸ਼ੀ ਰੋਲਾ ਪਾਣ ਵਾਲੇ॥
ਰੌਲਾ ਬਾਹਰ ਦਾ ਕਿਸੇ ਨਾ ਕੰਮ ਸਾਡੇ। ਕਰੋ ਧਿਯਾਨ ਹੁਣ ਦੇਸ਼ ਨੂੰ ਜਾਨ ਵਾਲੇ॥
. . . . . . . . . . . . . . . . . . . . . . . . . . . . . . . . . . . . . . . .
ਆਪਸ ਵਿਚ ਲੜਨਾ ਮੰਦਾ ਕੰਮ ਫੜਿਆ, ਝਗੜੇ ਝਗੜ ਹਿੰਦੂ ਮੁਸਲਮਾਨ ਵਾਲੇ।

ਹੀਰਾ ਹਿੰਦ ਉਹਨਾਂ ਖਾਕ ਰੋਲ ਦਿੱਤਾ, ਰੌਲੇ ਘੱਤ ਕੇ ਵੇਦ ਕੁਰਾਨ ਵਾਲੇ।
[ਕੀ ਇਸ ਦਾ ਮਤਲਬ ਇਹ ਹੈ ਕਿ ਸਿੱਖ ਫਿਰਕੂ ਝਗੜੇ ਤੋਂ ਉਪਰ ਸਨ ?]
ਕਰੋ ਪਲਟਣਾਂ ਨੂੰ ਖਬਰ ਦਾਰ ਜਾਕੇ। ਸੁਤੇ ਪਏ ਕਿਓਂ ਤੇਗ਼ ਚਲਾਨ ਵਾਲੇ॥
ਮੁਸਲਮਾਨ ਪਠਾਣ ਬਲਵਾਨ ਡੋਗਰ। ਸਿੰਘ ਸੂਰਮੇਂ ਯੁੱਧ ਮਚਾਨ ਵਾਲੇ॥
ਤਾਕਤ ਕੋਈ ਨਾ ਬੜੀ ਫਰੰਗੀਆਂ ਦੀ। ਮਿਲਕੇ ਕਰਨ ਹੱਲਾ ਹਿੰਦੁਸਤਾਨ ਵਾਲੇ॥
ਹਿੰਦੋਸਤਾਨੀਆਂ ਮੋਰਚੇ ਫਤੇਹ ਕੀਤੇ। ਬਰਮਾ ਮਿਸਰ ਤੇ ਚੀਨ ਸੁਡਾਨ ਵਾਲੇ॥

ਅੱਠਵੀਂ ਕਵਿਤਾ ਵਿਚ ਸਮਾਜੀ ਨਿਆਂ ਦੇ ਹੋਕੇ ਵਿਚ ਭਰੋਸਾ ਦਰਸਾਇਆ ਗਿਆ ਅਤੇ ਪਹਿਲੇ ਫ਼ੌਜੀ ਗ਼ਦਰ ਵਿਚ ਸਿੱਖਾਂ ਦੀ ਇਤਿਹਾਸਕ ਭੂਮਿਕਾ ਨੂੰ ਲੈ ਕੇ ਉਨ੍ਹਾਂ ਨੂੰ ਲਾਹਣਤ ਪਾਈ ਗਈ:

ਪਰਉਪਕਾਰ ਖਾਤਰ ਗੁਰੂ ਸਾਜਿਆ ਸੀ, ਏਸ ਪੰਥ ਦੀ ਹੋਰ ਸੀ ਲੋੜ ਕਾਹਨੂੰ।
ਜ਼ਰਾ ਅੱਖੀਆਂ ਖੋਲ ਕੇ ਨਜ਼ਰ ਮਾਰੋ........
ਲੋਕ ਆਖਦੇ ਸਿੰਘ ਏਹ ਬੜੇ ਭੈੜੇ, ਗ਼ਦਰ ਦਿੱਲੀ ਵਾਲਾ ਦਿੱਤਾ ਸੀ ਮੋੜ ਕਾਹਨੂੰ।
ਹੁਣ ਨੂੰ ਮੁਲਕ ਨੇ ਆਜ਼ਾਦੀ ਮੇਂ ਖੇਲਣਾ ਸੀ, ਏਹਨਾ ਘੱਤਿਆ ਐਡਾ ਲੋਹੜ ਕਾਹਨੂੰ।[53]

ਗਿਆਰਵੀਂ ਕਵਿਤਾ ਵਿਚ ਸਿੱਖ ਤਵਾਰੀਖ਼, ਸ਼ਹਾਦਤ, ਅਤੇ ਕੁਰਬਾਨੀ ਦੇ ਉਨ੍ਹਾਂ ਹੀ ਮਜ਼ਮੂਨਾਂ ਨੂੰ ਛੂਹਣ ਪਿੱਛੋਂ ਸਿੰਘਾਂ ਨੂੰ ਪਿੰਜਰੇ ਵਿਚ ਬੰਦ ਕੀਤੇ ਭਗਵਾਨ ਸਿੰਘ ਦਾ ਬਦਲਾ ਲੈਣ; ਫਰਾਂਸ ਵਿਚ ਅਜੀਤ ਸਿੰਘ, ਕਾਮਾ ਤੇ ਕ੍ਰਿਸ਼ਨਵਰਮਾ ਅਤੇ ਅਫ਼ਰੀਕਾ ਨਾਲ ਬੇਇਨਸਾਫ਼ੀ ਕਾਰਨ ਜੇਲ੍ਹ ਵਿਚ ਸੜ ਰਹੇ ਗਾਂਧੀ (ਕੀ ਇਹ ਉਸ ਦਾ ਪਹਿਲੀ ਵਾਰ ਜ਼ਿਕਰ ਹੈ ?) ਅਤੇ ਜਪਾਨ ਵਿਚ ਮੁਹੰਮਦ ਬਰਕਤਉੱਲਾ ਦੀ ਸਾਰ ਲੈਣ ਦਾ ਹੋਕਾ ਦਿੱਤਾ ਗਿਆ, ਕਿਉਂਕਿ "ਉਸ ਦਾ ਯਕੀਨ ਸਿਰਫ਼ ਅੱਲਾ ਵਿਚ ਹੈ।"[54]

ਸਤਾਰ੍ਹਵਾਂ ਗੀਤ ਦਾਅਪੇਚਕ ਸੇਧਾਂ ਨੂੰ ਇਕ ਇਨਕਲਾਬੀ ਦੇ ਉਸ ਇਖ਼ਲਾਕੀ, ਮਨੋਵਿਗਿਆਨਕ ਵਿਕਾਸ ਨੂੰ ਨਾਲੋ ਨਾਲ ਦਰਸਾਉਂਦਾ ਟੁੰਬਵਾਂ ਬਿਆਨ ਸੀ, ਜੋ ਇਕ ਨਵਾਂ ਸਮਾਜ ਬਣਾਉਣ ਦੇ ਅਮਲ ਵਿਚ ਜ਼ਰੂਰੀ ਹੁੰਦਾ ਹੈ:

ਵੀਰੋ ਵੇਂਹਦਿਆਂ ਵੇਦਿੰਆਂ ਡੁਬ ਚਲੇ, ਕੰਮ ਕਰਨ ਦੀ ਡੌਲ ਬਣਾ ਲਈਏ।
ਮੁਦਤ ਰਹੇ ਹਜ਼ੂਰ ਹਜ਼ੂਰ ਕਰਦੇ, ਕਾਇਰਾਂ ਦਿਲਾਂ ਨੂੰ ਸ਼ੇਰ ਬਣਾ ਲਈਏ।
ਮਤਾਂ ਚੜ੍ਹਦਿਆਂ ਸਾਰ ਧੜੱਮ ਡਿਗੀਏ, ਬਾਈ ਨੰਬਰੋਂ ਕੰਮ ਚਲਾ ਲਈਏ।
ਪਿਛੋਂ ਸਿਖੀਏ ਸਬਕ ਮੁਹਾਰਨੀ ਦਾ, ਪੈਂਤੀ ਅੱਖਰੀ ਤੱਕ ਪਕਾ ਲਈਏ।
ਮਤਾਂ ਦੇਖ ਖੰਡਾ ਦਿਲ ਕੰਬ ਜਾਵੇ, ਪੈਹਲੇ ਛੂਰੀ ਨੂੰ ਖੂਬ ਘੁਮਾ ਲਈਏ।
ਸ਼ਾਇਦ ਤੋਪ ਬੰਦੂਕ ਤੋਂ ਦੈਹਲ ਜਾਵੇ, ਹਥ ਪਕੜ ਪਸਤੌਲ ਚਲਾ ਲਈਏ।
ਮਤਾਂ ਫੇਰ ਆਪ ਵਿਚ ਪਾਟ ਪਈਏ, ਆਪਸ ਵਿਚ ਪਯਾਰ ਵਧਾ ਲਈਏ।

ਪਿੱਛੋਂ ਦੇਖਸਾਂ ਵਲ ਗੋਰਿਆਂ ਦੀ, ਪੈਹਲਾਂ ਦੇਸ਼ ਘਾਤੀ ਸਮਝਾ ਲਈਏ।.....
ਜੇਕਰ ਨਾਲ ਭਲਮਾਣਸੀ ਮੱਨ ਜਾਵਣ, ਮਿਨਤਾਂ ਤਰਲਿਆਂ ਨਾਲ ਮਨਾ ਲਈਏ।
ਜੇਕਰ ਨਹੀਂ ਮੰਨ ਦੇ ਭਲਾ ਨਾਲ ਗੱਲਾਂ, ਤਾਂ ਫੇਰ ਦੂਸਰੀ ਤਰਾਂ ਸਮਝਾ ਲਈਏ।

ਮਿਲੋ ਘਾਤੀਆਂ ਨੂੰ ਭਾਰੇ ਪੀਰ ਹੋਕੇ, ਜਿੰਨਾ ਜ਼ੋਰ ਲੱਗੇ ਵਾਹ ਲਾ ਲਈਏ।
ਏਸੇ ਤਰਾਂ ਸਾਰਾ ਜੱਥਾ ਇਕ ਹੋਕੇ, ਗਦਰ ਪਾਰਟੀ ਜੱਥਾ ਬਣਾ ਲਈਏ।
ਫੇਰ ਘੱਲੀਏ ਸੂਰਮੇਂ ਮੁਲਕ ਅੰਦਰ, ਪੈਹਲਾਂ ਟਾਪੂਆਂ ਵਿਚ ਅਜਮਾ ਲਈਏ।
ਸ਼ਾਖਾਂ ਛੱਡ ਕੇ ਦੇਸ਼ ਬਦੇਸ਼ ਅੰਦਰ, ਪੱਕੇ ਤੌਰ ਥੀਂ ਕਦਮ ਜਮਾ ਲਈਏ।
ਡਾਕੇ ਮਾਰੀਏ ਚਲ ਸਰਕਾਰ ਉਤੇ, ਸਾਰਾ ਦੇਸ਼ ਪੰਜਾਬ ਜਗਾ ਲਈਏ।
ਕਿਤੇ ਖ਼ੂਬ ਗੁਰੀਲੜੇ ਵਾਰ ਕਰੀਏ, ਜਿਵੇਂ ਦਾਓ ਲਗੇ ਤਿਵੇਂ ਲਾ ਲਈਏ।[55]

ਇਹ ਲਹਿਰ ਦੇ ਆਲਮੀ ਪ੍ਰਭਾਵ ਦਾ ਸਰੋਤ ਸੀ, ਜੋ ਇਕ ਸਥਾਨਕ ਪਾਰਟੀ ਦੀ ਬਜਾਏ ਇਕ ਵਿਸ਼ਾਲ ਲਹਿਰ ਵਜੋਂ ਇਸ ਦੇ ਕੱਦ ਨੂੰ ਮਜ਼ਬੂਤੀ ਮੁਹੱਈਆ ਕਰਦਾ ਸੀ। ਜਿਉਂ ਹੀ ਇਸ ਦਾ ਬਾਹਰ ਫੈਲਾਅ ਹੋਇਆ, ਆਲਮੀ ਬਰਾਂਚਾਂ ਨੇ ਖ਼ੁਦਮੁਖਤਿਆਰ ਰੂਪ 'ਚ ਅਤੇ ਖ਼ੁਦ ਹੀ ਜਥੇਬੰਦ ਹੋ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ, ਜੋ ਸਾਨ ਫਰਾਂਸਿਸਕੋ ਕੇਂਦਰ ਦੀ ਕੇਂਦਰੀ ਅਥਾਰਟੀ ਜਾਂ ਸਿੱਧੀ ਅਗਵਾਈ ਦੇ ਮਤਹਿਤ ਨਹੀਂ ਸਨ। ਪਰ ਇਸ ਸਰੋਤ ਤੋਂ ਜਾਰੀ ਕੀਤਾ ਜਾਣ ਵਾਲਾ ਅਖ਼ਬਾਰ ਫਿਰ ਵੀ ਇਕ ਹਕੀਕੀ ਰਾਹ-ਦਰਸਾਵਾ ਅਤੇ ਪ੍ਰੇਰਣਾ ਸਰੋਤ ਸੀ। ਬਕੌਲ ਚੇਂਚਈਆ ਗ਼ਦਰ ਦੇ ਖ਼ਿਆਲ "ਬਦੇਸ਼ਾਂ ਵਿਚ ਜਿਥੇ ਕਿਤੇ ਵੀ ਹਿੰਦੁਸਤਾਨੀ ਰਹਿੰਦੇ ਹਨ ਜੰਗਲ ਦੀ ਅੱਗ ਵਾਂਗ ਫੈਲ ਗਏ। ਇੱਥੋਂ ਤਕ ਕਿ ਅੰਗਰੇਜ਼ ਹੁਕਮਰਾਨਾਂ ਦੇ ਅੰਦਾਜ਼ੇ ਵਿਚ ਇਸ ਜ਼ਬਰਦਸਤ ਅਵਾਮੀ ਲਹਿਰ ਅੱਗੇ ਬੰਗਾਲ ਦੀ ਵਿਅਕਤੀਵਾਦੀ ਦਹਿਸ਼ਤਪਸੰਦੀ ਦੀ ਲਹਿਰ ਦੀ ਅਹਿਮੀਅਤ ਵੀ ਫਿੱਕੀ ਪੈ ਗਈ।"

ਗ਼ਦਰ ਵਲੋਂ ਗਾਹੇ ਪੈਂਡੇ ਨਾਲ ਦੁਨੀਆ ਵਿਚ ਖਿੰਡੇ ਪਰਦੇਸੀ ਹਿੰਦੁਸਤਾਨੀਆਂ ਦਾ ਖ਼ਾਕਾ ਉਲੀਕਿਆ ਜਾ ਸਕਦਾ ਹੈ: ਜੂਨ 1914 ਵਿਚ ਯੁਗਾਂਤਰ ਆਸ਼ਰਮ ਦੀਆਂ ਪ੍ਰਕਾਸ਼ਨਾਵਾਂ ਮਿਸਰ, ਦੱਖਣੀ ਅਫ਼ਰੀਕਾ, ਫਿਜੀ, ਕੈਨੇਡਾ, ਬਰਤਾਨਵੀ ਪੂਰਬੀ ਅਫ਼ਰੀਕਾ ਅਤੇ ਬਰਤਾਨਵੀ ਗਿਨੀ ਵਿਚ ਦੇਖੀਆਂ ਗਈਆਂ ਸਨ। ਇਹ ਰਿਪੋਰਟ ਕੀਤੀ ਗਈ ਕਿ ਗ਼ਦਰ ਨੂੰ ਜਥੇਬੰਦ ਕਰਨ ਵਾਲੇ ਕਾਰਕੁੰਨ ਫਿਲੀਪਿਨਜ਼, ਹਾਂਗਕਾਂਗ, ਥਾਈਲੈਂਡ, ਬਰਮਾ, ਡੱਚ ਈਸਟ ਇੰਡੀਜ਼, ਮੈਕਸੀਕੋ, ਪਨਾਮਾ ਅਤੇ ਬਰਾਜ਼ੀਲ ਵਿਚ ਧੁਰ ਹੇਠਾਂ ਤਕ ਜਾ ਕੇ ਸਰਗਰਮ ਸਨ।[56] ਜਨਵਰੀ 1915 ਵਿਚ ਗ਼ਦਰ ਅਖ਼ਬਾਰ ਟਰਿਨੀਡਾਡ, ਸੁਡਾਨ ਤੇ ਅਦਨ ਵਿਚ, ਮਾਰਚ ਮਹੀਨੇ ਮੋਰੱਕੋ, ਮਨੀਲਾ, ਸਿਆਮ ਤੇ ਜਾਵਾ ਵਿਚ; ਜੂਨ ਮਹੀਨੇ ਕੈਂਟੋਨ ਵਿਚ; ਅਤੇ ਜੁਲਾਈ ਮਹੀਨੇ ਜੌਹਨਸਬਰਗ, ਨੈਰੋਬੀ, ਫਿਜੀ ਤੇ ਆਸਟ੍ਰੇਲੀਆ ਵਿਚ ਭੇਜਿਆ ਜਾਂਦਾ ਫੜ੍ਹਿਆ ਗਿਆ। ਇਸ ਸੂਚੀ ਵਿਚ ਐੱਫ.ਸੀ. ਆਇਸਮੌਂਗਰ ਅਤੇ ਜੇਮਜ਼ ਸਲੈਟਰੀ ਨੇ ਜਪਾਨ, ਸ਼ੰਘਾਈ, ਹਾਂਕਾਓ, ਤੀਇਨਸਿਨ, ਸਿੰਗਾਪੁਰ, ਮਲਾਇਆ ਰਿਆਸਤਾਂ, ਟਰਿਨੀਡਾਡ ਅਤੇ ਹਾਂਡੂਰਸ ਵੀ ਸ਼ਾਮਲ ਕਰ ਦਿੱਤੇ। ਇਹ "ਦਰ ਅਸਲ, ਹਰ ਉਸ ਥਾਂ ਪਹੁੰਚਦਾ ਸੀ ਜਿਥੇ ਵੀ ਕਿਤੇ ਇਹ ਪਤਾ ਚੱਲਦਾ ਕਿ ਉਥੇ ਹਿੰਦੁਸਤਾਨੀ ਰਹਿ ਰਹੇ ਹਨ," ਅਤੇ ਅਕਸਰ ਹੀ ਇਨ੍ਹਾਂ ਥਾਂਵਾਂ ਤੋਂ ਇਹ ਅੱਗੇ ਡਾਕ ਰਾਹੀਂ ਹਿੰਦੁਸਤਾਨ ਵਿਚ ਭੇਜਿਆ ਜਾਂਦਾ ਸੀ।[57]

ਹਿੰਦੁਸਤਾਨ ਵਿਚ ਪਹਿਲੀਆਂ ਕਾਪੀਆਂ 7 ਦਸੰਬਰ 1913 ਨੂੰ ਪਹੁੰਚੀਆਂ। ਲਗਾਤਾਰ ਪਾਬੰਦੀ ਅਤੇ ਸਮੁੰਦਰੀ ਕਸਟਮਜ਼ ਐਕਟ ਰਾਹੀਂ ਰਾਹ ਵਿਚ ਹੀ ਪਕੜ ਲੈਣ ਦੀਆਂ ਜ਼ਬਰਦਸਤ ਪੇਸ਼ਬੰਦੀਆਂ ਦੇ ਬਾਵਜੂਦ ਅਗਲੇ ਕੁਝ ਮਹੀਨਿਆਂ ਵਿਚ ਸੈਂਕੜੇ ਕਾਪੀਆਂ ਬਰਾਸਤਾ ਸ਼ੰਘਾਈ, ਹਾਂਗਕਾਂਗ ਅਤੇ ਬੰਬਈ ਮੁਲਕ ਵਿਚ ਅੱਪੜ ਗਈਆਂ। ਅਕਸਰ ਹੀ ਇਸ ਨੂੰ ਛੋਟੇ ਛੋਟੇ ਬੰਡਲ ਬਣਾ ਕੇ ਤੇ "ਹੱਥ ਨਾਲ ਲਿਖੇ ਸਰਨਾਵਿਆਂ ਵਾਲੇ ਆਮ ਲਿਫ਼ਾਫਿਆਂ ਵਿਚ ਪਾ ਕੇ ਭੇਜਿਆ

ਜਾਂਦਾ ਅਤੇ ਇਹ ਨਿੱਜੀ ਚਿੱਠੀਆਂ ਹੀ ਲੱਗਦੇ।" ਕੁਝ ਵਿਚ "ਕਾਗਜ਼ ਉੱਪਰ ਨਿੱਕੇ ਨਿੱਕੇ ਰੁੱਕੇ ਲਿਖ ਕੇ ਪਰਚੇ ਨੂੰ ਹੋਰਾਂ ਨੂੰ ਪੜ੍ਹਾਉਣ ਜਾਂ ਅੱਗੇ ਪਹੁੰਚਾਉਣ ਦੀ ਤਾਕੀਦ ਕਰਦੇ" ਨਿੱਜੀ ਸੁਨੇਹੇ ਵੀ ਭੇਜੇ ਗਏ ਹੁੰਦੇ।[58]

ਅਜਿਹਾ ਹੀ ਇਕ ਖ਼ਤ ਲਿਖਣ ਵਾਲੇ ਨੇ ਖ਼ਤ ਦਾ ਆਗਾਜ਼ ਪਿੱਛੇ ਆਪਣੇ ਵਤਨ ਵਿਚ ਸਿੱਖ ਭਰਾਵਾਂ ਨੂੰ ਹਰਿਮੰਦਰ ਸਾਹਿਬ ਅਤੇ ਖ਼ਾਲਸਾ ਕਾਲਜ ਉਪਰ ਗੋਰਿਆਂ ਵਲੋਂ ਕਬਜ਼ਾ ਕਰਨ ਦਾ ਸਾਥ ਨਾ ਦੇਣ ਲਈ ਪੁਕਾਰਕੇ ਕੀਤਾ – ਜਿਸ ਤੋਂ ਵਤਨ ਪਰਤੇ ਗ਼ਦਰੀਆਂ ਦਾ ਝਾਓਲਾ ਪੈਂਦਾ ਸੀ ਅਤੇ ਜਿਸ ਨਾਲ 1920ਵਿਆਂ ਵਿਚ ਬੱਬਰ ਅਕਾਲੀ ਲਹਿਰ ਨੇ ਤਿੱਖੀ ਲਾਮਬੰਦੀ ਦੇ ਰੂਪ 'ਚ ਸਾਹਮਣੇ ਆਉਣਾ ਸੀ। ਫਿਰ ਉਸ ਨੇ ਆਪਣਾ ਨਵੀਂ ਦੁਨੀਆ ਦਾ ਭਵਿੱਖ-ਨਕਸ਼ਾ ਬਿਆਨ ਕੀਤਾ: "ਹੁਣ ਮੈਂ ਇਸ ਮੁਲਕ ਅਤੇ ਉਸ ਬਾਰੇ ਲਿਖ ਰਿਹਾ ਜੋ ਅਸੀਂ ਅੱਖੀਂ ਡਿੱਠਾ ਹੈ। ਪਹਿਲਾਂ ਇਹ ਮੁਲਕ ਕੈਨੇਡਾ ਵਾਲਿਆਂ ਦਾ ਸੀ ਪਰ ਚਾਰ ਸੌ ਸਾਲ ਪਹਿਲਾਂ ਅੰਗਰੇਜ਼ ਇਸ ਉੱਪਰ ਕਾਬਜ਼ ਹੋ ਗਿਆ। ਮੂਲ ਬਾਸ਼ਿੰਦਿਆਂ ਨੂੰ ਹੁਣ ਸੜਕਾਂ 'ਤੇ ਚਲਣ ਦੀ ਇਜਾਜ਼ਤ ਵੀ ਨਹੀਂ ਹੈ ਅਤੇ ਉਹ ਖ਼ਾਨਾਬਦੋਸ਼ ਕਬੀਲਿਆਂ ਵਾਂਗ ਪਿੰਡਾਂ ਵਿਚ ਮਾਰੇ ਮਾਰੇ ਫਿਰਦੇ ਹਨ। ਉਨ੍ਹਾਂ ਕੋਲ ਇਕ ਇੰਚ ਭੋਂਇ ਵੀ ਨਹੀਂ ਰਹੀ ਸਗੋਂ ਉਹ ਸਮੁੰਦਰ ਵਿਚ ਮੱਛੀਆਂ ਫੜ੍ਹ ਕੇ ਗੁਜ਼ਾਰਾ ਕਰਦੇ ਹਨ। ਸਾਡੇ ਮੁਲਕ ਵਿਚ ਤਾਂ ਸਮੁੰਦਰ ਵੀ ਨਹੀਂ ਹੈ। ਅਸੀਂ ਕੀ ਕਰਾਂਗੇ।"[59]

ਇਹ ਐਨ ਸਪਸ਼ਟ ਹੈ ਕਿ ਉਹ ਕੈਨੇਡਾ ਦੇ ਮੂਲ ਵਾਸੀਆਂ ਅਤੇ ਆਪਣੇ ਪੰਜਾਬੀ ਲੋਕਾਂ ਦਰਮਿਆਨ ਇਕ ਨਿਹਿਤ ਸਮਾਨਤਾ ਸਿਰਜਦਾ ਹੈ, ਫਿਰ ਵੀ ਲੱਗਦਾ ਇਹ ਹੈ ਕਿ ਉਹ ਇਕ ਵਾਕ ਤੋਂ ਅਗਲੇ 'ਚ ਜ਼ਮੀਨ ਵਿਚਾਲੇ ਵਧੇਰੇ ਘਿਰਿਆ ਮਹਿਸੂਸ ਕਰਦਾ ਹੈ। "ਫਰੰਗੀਆਂ ਉੱਪਰ ਇਸ ਮਾਣ ਨੇ ਸਾਨੂੰ ਲੈ ਡੁੱਬਣਾ ਹੈ ਅਤੇ ਖ਼ਾਰੇ ਸਮੁੰਦਰ ਵਿਚ ਲਿਜਾ ਸੁੱਟਣਾ ਹੈ, ਅਤੇ ਫਿਰ ਹਿੰਦੁਸਤਾਨ ਦਾ ਨਾਂ-ਨਿਸ਼ਾਨ ਵੀ ਨਹੀਂ ਲੱਭਣਾ"; ਅੱਗੇ, "ਫਿਰ ਸਿੱਖਾਂ, ਹਿੰਦੂਆਂ ਤੇ ਮੁਸਲਮਾਨਾਂ ਸਾਰਿਆਂ ਨਾਲ ਇਕੋ ਜਿਹਾ ਸਲੂਕ ਕੀਤਾ ਜਾਵੇਗਾ। ਭਾਈ ਸਾਹਬ, ਮੁਕਤੀ ਦਾ ਰਾਹ ਇਹੀ ਹੈ। ਆਪਣੇ ਸਾਰੇ ਬੱਚਿਆਂ, ਕੁੜੀਆਂ ਤੇ ਮੁੰਡਿਆਂ ਨੂੰ ਪੜ੍ਹਾਓ-ਲਿਖਾਓ। ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੂੰ ਆਪਸ ਵਿਚ ਜ਼ਰੂਰ ਹੀ ਪ੍ਰੇਮ ਨਾਲ ਰਹਿਣਾ ਚਾਹੀਦਾ ਹੈ ਅਤੇ ਫਿਰ ਸਹਿਜੇ ਸਹਿਜੇ ਕੰਮ ਨੇਪਰੇ ਚੜ੍ਹ ਜਾਵੇਗਾ। ਜੋ ਮੈਂ ਲਿਖਿਆ ਹੈ ਤੇ ਜਿਹੜਾ ਅਖ਼ਬਾਰ ਮੈਂ ਭੇਜ ਰਿਹਾ ਹਾਂ ਇਸ ਨੂੰ ਪੂਰਾ ਪੜ੍ਹੀਂ। ਅਖ਼ਬਾਰ ਨੂੰ ਕੋਈ ਵੀ ਪੜ੍ਹ ਸਕਦਾ ਹੈ, ਪਰ ਖ਼ਤ ਕਿਸੇ ਦੇ ਹੱਥ ਨਾ ਲੱਗੇ। ਖ਼ਤ ਨੂੰ ਆਪ ਪੜ੍ਹ ਕੇ ਤੇ ਦੂਜਿਆਂ ਨੂੰ ਸੁਣਾ ਕੇ ਸਾੜ ਦੇਵੀਂ। ਅਖ਼ਬਾਰ ਨੂੰ ਕੋਈ ਵੀ ਪੜ੍ਹ ਸਕਦਾ ਹੈ। ਇਸ ਤੋਂ ਡਰਨ ਦੀ ਲੋੜ ਨਹੀਂ ਕਿਉਂਕਿ ਇਹ ਅਮਰੀਕਾ ਵਿਚ ਛਪਿਆ ਹੈ ਅਤੇ ਅੰਗਰੇਜ਼ ਇਸ ਨੂੰ ਡੱਕ ਨਹੀਂ ਸਕਦਾ।"[60]

ਇਕ ਹੋਰ ਚਿੱਠੀ, ਇਸ ਵਿਚ ਅਖ਼ਬਾਰ ਨਹੀਂ ਸੀ, ਇਕ ਸਿੱਖ ਨੇ ਕੈਲੀਫਰਨੀਆਂ ਤੋਂ ਨੌਸ਼ਹਿਰਾ ਵਿਖੇ 82ਵੀਂ ਪੰਜਾਬੀ ਪਲਟਣ ਦੇ ਇਕ ਫ਼ੌਜੀ ਨੂੰ ਲਿਖੀ ਸੀ: "ਪਹਿਲਾਂ ਪਹਿਲ ਸਾਡੇ ਮੁਲਕ ਦੇ ਲੋਕ ਇਥੇ ਤਕਰੀਬਨ ਦਸ ਹਜ਼ਾਰ ਸਨ ਪਰ ਹੁਣ ਸਿਰਫ਼ ਛੇ ਹਜ਼ਾਰ ਹੀ ਰਹਿ ਗਏ ਹਨ। ਅੰਗਰੇਜ਼ ਨੂੰ ਹੁਣ ਸਾਡੀ ਲੋੜ ਨਹੀਂ ਹੈ ਅਤੇ ਉਸ ਨੇ ਸਾਡਾ ਇਥੇ ਆਉਣਾ ਬੰਦ ਕਰ ਦਿੱਤਾ ਹੈ। ਇਨ੍ਹਾਂ ਬਦਮਾਸ਼ਾਂ ਨੇ ਸਾਨੂੰ ਲੁੱਟਿਆ ਹੈ ਅਤੇ ਜਦੋਂ ਤੱਕ ਅਸੀਂ ਇਨ੍ਹਾਂ ਦੇ ਚੁੰਗਲ ਵਿੱਚੋਂ ਨਹੀਂ ਨਿਕਲਦੇ ਅਸੀਂ ਜ਼ਲੀਲ ਹੁੰਦੇ ਰਹਾਂਗੇ। .... ਅਮਰੀਕਾ ਅਤੇ ਕੈਨੇਡਾ ਵਿਚ ਰਹਿੰਦੇ ਸਾਰੇ ਹਿੰਦੀ ਮਰਨ-ਮਾਰਨ ਲਈ ਤਿਆਰ ਹਨ। ਹੁਣ ਕੋਈ ਵੀ ਨਹੀਂ ਚਾਹੁੰਦਾ ਕਿ ਇਹ ਦੁਸ਼ਟ ਅੰਗਰੇਜ਼ ਸਾਡੇ ਮੱਥੇ ਲੱਗਣ। ਇਸੇ ਲਈ ਲਿਖ ਰਿਹਾ ਹਾਂ ਕਿ ਜਿਸ ਭਾਈਚਾਰੇ ਦੇ ਪਾਵਨ ਅਸਥਾਨ ਖੋਹੇ ਜਾ ਰਹੇ ਹੋਣ ਉਸ ਨਾਲੋਂ ਤਾਂ ਮਰ ਜਾਣਾ ਬਿਹਤਰ ਹੈ।....ਇਨ੍ਹਾਂ ਜ਼ਾਲਮਾਂ ਦਾ ਇਕੋ ਇਕ ਇਲਾਜ

ਹੈ ਕਿ ਸਿਪਾਹੀ ਬਗ਼ਾਵਤ ਕਰ ਦੇਣ।" ਫਿਰ ਚਿੱਠੀ ਦਾ ਲੇਖਕ *ਅੰਗਰੇਜ਼ੀ ਰਾਜ ਦਾ ਕੱਚਾ ਚਿੱਠਾ* ਵਿੱਚੋਂ ਆਰਥਕ ਦੌਲਤ ਲੁੱਟ ਲਿਜਾਣ ਅਤੇ ਪਲੇਗ ਬਾਬਤ ਕੁਝ ਤੱਥ ਦੁਹਰਾਉਂਦਾ ਹੈ। ਪਹਿਲੀ ਚਿੱਠੀ ਦੀ ਤਰ੍ਹਾਂ, ਫਿਰੰਗੀਆਂ ਵਲੋਂ ਸਿੱਖਾਂ ਦੇ ਪਾਵਨ ਅਸਥਾਨਾਂ ਉੱਪਰ ਕਬਜ਼ੇ ਪ੍ਰਤੀ ਦਿਖਾਈ ਫ਼ਿਕਰਮੰਦੀ ਅਕਾਲੀ ਦਲ ਵੱਲ ਇਸ਼ਾਰਾ ਕਰਦੀ ਹੈ।

ਲੇਖਕ ਆਪਣੀ ਚਿੱਠੀ ਦੀ ਸਮਾਪਤੀ ਇਸ ਤਰ੍ਹਾਂ ਕਰਦਾ ਹੈ: "ਇਥੇ ਮੈਂ ਜੋ ਤੱਥ ਦਿੱਤੇ ਹਨ ਉਹ ਗ਼ਦਰ ਨਾਂ ਦੇ ਰਸਾਲੇ ਵਿੱਚੋਂ ਲਏ ਹਨ, ਜੋ ਅਮਰੀਕਾ ਤੋਂ ਨਿਕਲਦਾ ਹੈ। ਮੈਂ ਤੁਹਾਨੂੰ ਅਸਲ ਰਸਾਲਾ ਭੇਜਣਾ ਚਾਹੁੰਦਾ ਸੀ, ਪਰ ਹਿੰਦੁਸਤਾਨ ਵਿਚ ਇਸ ਦੇ ਦਾਖ਼ਲੇ ਦੀ ਮਨਾਹੀ ਹੋਣ ਕਾਰਨ ਮੈਂ ਇਸ ਚਿੱਠੀ ਵਿਚ ਕੁਝ ਗੱਲਾਂ ਲਿਖ ਭੇਜੀਆਂ ਹਨ....ਤੁਸੀਂ ਮੈਨੂੰ ਲਿਖਣਾ ਕਿ ਅੱਜ ਕੱਲ੍ਹ ਹਿੰਦੁਸਤਾਨ ਵਿਚ ਕੀ ਹੋ ਰਿਹਾ ਹੈ....ਮੈਂ ਜੋ ਲਿਖਿਆ ਹੈ ਇਸ ਦੀ ਭਿਣਕ ਗੋਰਿਆਂ ਨੂੰ ਨਾ ਲੱਗ ਜਾਵੇ। ਦੇਖੀਂ, ਕਿਤੇ ਤੁਹਾਡੇ ਲਈ ਮੁਸੀਬਤ ਨਾ ਖੜ੍ਹੀ ਹੋ ਜਾਵੇ; ਪਰ ਇਸ ਨੂੰ ਸਮਝ ਕੇ ਆਪਣੇ ਸੱਜਣਾਂ ਮਿੱਤਰਾਂ ਨਾਲ ਸਾਂਝੀ ਜ਼ਰੂਰ ਕਰਨਾ।"[61]

ਬਦੇਸ਼ ਵਿਚ ਕੰਮ, ਪੜ੍ਹਾਈ ਅਤੇ ਸਿਆਸੀ ਜਥੇਬੰਦੀ ਬਣਾਏ ਜਾਣ ਦੇ ਬਰਾਬਰੀ ਵਾਲੇ ਮਾਹੌਲ ਵਿਚ ਇਹ ਮਨੋਂ ਵਿਸਰ ਜਾਣਾ ਸਹਿਜ ਹੈ ਕਿ ਉਦੋਂ ਇਨ੍ਹਾਂ ਵਿੱਚੋਂ ਕੁਝ ਦੀਆਂ ਪਤਨੀਆਂ ਅਤੇ ਬੱਚੇ ਹਿੰਦੁਸਤਾਨ ਵਿਚ ਰਹਿ ਰਹੇ ਸਨ – ਜਿਨ੍ਹਾਂ ਨੂੰ ਉੱਤਰੀ ਅਮਰੀਕਾ ਵਿਚ ਲਿਜਾਣ ਉੱਪਰ ਰੋਕ ਨੇ ਮੁੱਢਲੀ ਬੇਚੈਨੀ ਨੂੰ ਤਿੱਖਾ ਉਗਾਸਾ ਦਿੱਤਾ ਸੀ। ਰਾਹ ਵਿਚ ਫੜ੍ਹੇ ਗਏ ਇਕ ਸੁਨੇਹੇ ਵਿਚ ਇਕ ਪਤੀ ਨੇ ਆਪਣੀ ਹਿੰਮਤੀ ਘਰਵਾਲੀ ਨੂੰ ਲਿਖਿਆ ਸੀ: "ਹਾਲਾਤ ਬੜੇ ਸਖ਼ਤ ਹਨ, ਬਹੁਤ ਹੀ ਕਠੋਰ; ਇਥੇ ਜ਼ਿੰਦਗੀ ਦਾ ਕੋਈ ਵਸਾਹ ਨਹੀਂ ਹੈ। ਇਥੇ ਬੈਠਿਆਂ ਮੈਨੂੰ ਉਮੀਦ ਹੈ ਕਿ ਅੰਗਰੇਜ਼ਾਂ ਨਾਲ ਜੰਗ ਛਿੜਨ ਵਾਲੀ ਹੈ ਅਤੇ ਥੋੜ੍ਹੇ ਚਿਰ ਵਿਚ ਹੀ ਫ਼ੌਜ ਵਿਚ ਵੱਡੀ ਬਗ਼ਾਵਤ ਹੋ ਜਾਣੀ ਹੈ। ਜਰਵਾਣੇ ਸਾਡੇ ਉੱਪਰ ਰਾਜ ਕਰ ਰਹੇ ਹਨ। ਇਨ੍ਹਾਂ ਨੂੰ ਮਾਰਨਾ ਸਾਡਾ ਧਰਮ ਹੈ। ਸਾਡੇ ਹੱਥਾਂ ਵਿਚ ਤਲਵਾਰਾਂ ਅਤੇ ਬੰਦੂਕਾਂ ਹੋਣਗੀਆਂ ਅਤੇ ਅਸੀਂ ਮਾਰੋ ਮਾਰ ਕਰਦੇ ਅੱਗੇ ਵਧ ਕੇ ਮਾਰਾਂਗੇ ਜਾਂ ਮਰਾਂਗੇ....। ਜੇ ਜ਼ਿੰਦਾ ਰਹੇ ਤਾਂ ਮਿਲਾਂਗੇ। ਕੀ ਹਿੰਦੁਸਤਾਨ ਵਿਚ ਹਕੂਮਤ ਵਾਲੇ ਪਾਸੇ ਕੋਈ ਗੜਬੜ ਨਜ਼ਰ ਆ ਰਹੀ ਹੈ ? ਇਸ ਬਾਰੇ ਲਿਖਣਾ। ਦਲੇਰ ਜ਼ਨਾਨੀ ਵਾਂਗ ਫ਼ਤਹਿ ਕਬੂਲ ਕਰਨਾ। ਪਹਿਲਾਂ ਦੁੱਖ ਜਰਨੇ ਪੈਂਦੇ ਹਨ, ਫਿਰ ਕਿਤੇ ਸੁਖ ਨਸੀਬ ਹੁੰਦਾ ਹੈ। ਦਿਲ ਨਾ ਛੱਡੀਂ, ਤੇਰੇ ਸੁਖ ਪਾਉਣ ਦੀ ਘੜੀ ਨੇੜੇ ਆ ਰਹੀ ਹੈ।"[62]

## ਐਕਸ਼ਨ ਕਮੇਟੀ

ਹਰਦਿਆਲ ਦੀ ਅਗਵਾਈ ਹੇਠਲੇ ਪ੍ਰਚਾਰ ਤੰਤਰ ਤੋਂ ਬਾਅਦ, ਯੁਗਾਂਤਰ ਆਸ਼ਰਮ ਵਿਚਲੇ ਅੰਦਰੂਨੀ ਘੇਰੇ ਵਿਚ ਦੂਜੀ ਸਭ ਤੋਂ ਅਹਿਮ ਕਮੇਟੀ ਖਾੜਕੂ ਕਾਰਵਾਈ ਦੀ ਤਿਆਰੀ ਵਿਚ ਲੱਗੀ ਹੋਈ ਸੀ ਅਤੇ ਇਸ ਦਾ ਨਿਰਦੇਸ਼ਨ ਵਿਸ਼ਣੂ ਗਣੇਸ਼ ਪਿੰਗਲੇ ਅਤੇ ਹਰਨਾਮ ਸਿੰਘ 'ਟੁੰਡੀਲਾਟ' ਨਾਲ ਮਿਲ ਕੇ ਪਾਂਡੂਰੰਗ ਖਾਨਖੋਜੇ ਕਰ ਰਿਹਾ ਸੀ।[63] ਹਰਦਿਆਲ ਦਾ *ਪ੍ਰਚਾਰਕ* ਪ੍ਰੋਜੈਕਟ ਤਾਂ ਪ੍ਰੀਭਾਸ਼ਾ ਪੱਖੋਂ ਜਿੱਥੋਂ ਤਕ ਸੰਭਵ ਸੀ ਵੱਧ ਤੋਂ ਵੱਧ ਉੱਚੀ ਸੁਰ ਵਿਚ ਆਪਣਾ ਪੈਗ਼ਾਮ ਦੇਣ ਉੱਪਰ ਨਿਰਭਰ ਕਰਦਾ ਸੀ, ਪਰ *ਪ੍ਰਹਾਰਕ* (ਕਾਰਵਾਈ) ਸ਼ਾਖਾ ਦਾ ਦਾਰੋਮਦਾਰ ਖੁਫ਼ੀਆ ਰਹਿਣ ਉੱਪਰ ਮੁਨੱਸਰ ਸੀ। ਖਾਨਖੋਜੇ ਇਸ ਨੁਕਤੇ ਉੱਪਰ ਦ੍ਰਿੜ ਸੀ, ਉਹ ਅੰਗਰੇਜ਼ ਦੇ ਸੂਹੀਆਂ ਦੀ ਘੁਸਪੈਠ ਦੇ ਖ਼ਤਰੇ ਤੋਂ ਚੁਕੰਨਾ ਸੀ। ਅਤੇ ਉਸ ਦੀ ਗੱਲ ਸੁੱਟ ਪਾਉਣ ਵਾਲੀ ਨਹੀਂ ਸੀ, ਜਿਵੇਂ ਫਿਰ ਵਾਪਰਿਆ। ਲਿਹਾਜ਼ਾ ਭਾਵੇਂ ਉਸ ਨੇ ਆਪਣੀਆਂ ਯਾਦਾਂ ਵਿਚ ਚੇਤੇ ਕੀਤਾ ਕਿ "ਇਨਕਲਾਬ ਲਈ ਮਰ ਮਿਟਣ ਦੇ ਚਾਹਵਾਨ ਨੌਜਵਾਨ ਆਜ਼ਾਦੀ ਪ੍ਰੇਮੀਆਂ ਦਾ ਕੋਈ ਤੋੜਾ

ਨਹੀਂ ਸੀ", ਫਿਰ ਵੀ ਉਹ ਛਾਣਬੀਣ ਦੇ ਕਰੜੇ ਢੰਗ ਅਪਣਾਉਂਦਾ ਸੀ। ਇਕ ਵਾਰ ਮੈਂਬਰ ਲੈ ਲੈਣ ਤੋਂ ਬਾਅਦ ਵੀ, ਕਾਰਕੁੰਨਾਂ ਨੂੰ ਅਕਸਰ ਹੀ ਪਤਾ ਨਹੀਂ ਸੀ ਹੁੰਦਾ ਕਿ ਉਨ੍ਹਾਂ ਦੇ ਆਪਣੇ ਕੰਮਾਂ ਤੋਂ ਅਗਾਂਹ ਕੀ ਹੋ ਰਿਹਾ ਸੀ। (ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਇਸ ਤਰ੍ਹਾਂ ਨਜ਼ਰ ਆਵੇਗਾ ਕਿ ਜਦੋਂ ਬਗ਼ਾਵਤ ਦੀਆਂ ਤਿਆਰੀਆਂ ਸ਼ੁਰੂ ਹੋ ਗਈਆਂ, ਓਦੋਂ ਹਰ ਕੋਈ ਖਾਨਖੋਜੇ ਦੇ ਬਾਜ਼ਾਬਤਾ ਸੁਰੱਖਿਆ ਮਿਆਰਾਂ ਦੇ ਮੁਤਾਬਿਕ ਨਹੀਂ ਚੱਲ ਰਿਹਾ ਸੀ।)

ਐਕਸ਼ਨ ਕਮੇਟੀ ਨੇ ਜ਼ਿਆਦਾਤਰ ਦਾਅਪੇਚਕ ਪ੍ਰੇਰਣਾ ਸਿਰਫ਼ ਆਪਣੇ ਤੋਂ ਪਹਿਲੇ ਹਿੰਦੁਸਤਾਨੀ ਇਤਹਾਪਸੰਦਾਂ ਤੋਂ ਹੀ ਨਹੀਂ ਸਗੋਂ ਸੁਨ ਯਤ-ਸੇਨ ਦੇ ਗਣਰਾਜੀ ਕੌਮਪ੍ਰਸਤਾਂ ਤੋਂ ਵੀ ਲਈ ਸੀ, ਜਿਸ ਨੇ ਪਿੱਛੇ ਜਹੇ 1911 'ਚ ਬਦੇਸ਼ ਵਿੱਚੋਂ ਚੀਨੀ ਇਨਕਲਾਬ ਨੂੰ ਕਾਮਯਾਬ ਕੀਤਾ ਸੀ, ਐਨ ਉਵੇਂ ਹੀ ਜਿਵੇਂ ਹਿੰਦੁਸਤਾਨੀ ਕਰਨਾ ਚਾਹੁੰਦੇ ਸਨ। ਇਸ ਵਿਚ ਸਾਨ ਫਰਾਂਸਿਸਕੋ ਤੋਂ ਸ਼ੁਰੂ ਕੀਤੀ ਚੀਨੀ ਖਾੜਕੂਆਂ ਦੀ "ਅਸਾਲਟ ਤਾਕਤ" ਵੀ ਸ਼ਾਮਲ ਸੀ।[64] ਹਰਦਿਆਲ ਦਾ ਸੁਨ ਨਾਲ ਪਹਿਲਾਂ ਹੀ ਆਦਾਨ-ਪ੍ਰਦਾਨ ਰਿਹਾ ਸੀ ਜਦੋਂ ਉਹ ਹਵਾਈ ਵਿਚ ਸੀ, ਅਤੇ ਸੁਨ ਦਾ ਪੁੱਤਰ ਕੈਲੀਫੋਰਨੀਆ ਯੂਨੀਵਰਸਿਟੀ ਵਿਖੇ ਚੇਂਚਈਆ ਦਾ ਸਮਕਾਲੀ ਸੀ। ਚੇਂਚਈਆ ਆਪਣੇ ਹਮਜਮਾਤੀ ਦੇ ਕੀਰਤੀਵਾਨ ਮਾਪਿਆਂ ਨੂੰ 1912 'ਚ ਟੋਕੀਓ ਵਿਚ ਮਿਲਿਆ ਸੀ; ਡਾ. ਸੁਨ ਨੇ ਅੰਗਰੇਜ਼ ਰਾਜ ਦਾ ਤਖ਼ਤਾ ਉਲਟਾਉਣ ਦੀ ਗ਼ਦਰੀ ਯੋਜਨਾ ਨੂੰ ਉਤਸ਼ਾਹਤ ਕੀਤਾ ਅਤੇ ਆਪਣੀ ਪਾਰਟੀ ਦੇ ਤਜ਼ਰਬੇ ਦਾ ਲਾਹਾ ਲੈਣ ਦੀ ਪੇਸ਼ਕਸ਼ ਕੀਤੀ। ਭਾਵੇਂ ਸਾਨ ਫਰਾਂਸਿਸਕੋ ਲਾਮ ਦਾ ਆਗੂ, ਭਗੌੜਾ ਅਮਰੀਕਣ ਹੋਮਰ ਲੀ ਪਿੱਛੇ ਜਹੇ ਚਲਾਣਾ ਕਰ ਗਿਆ ਸੀ, ਫਿਰ ਵੀ ਐਮਿਲੀ ਬਰਾਊਨ ਕਿਆਫ਼ਾ ਲਾਉਂਦਾ ਹੈ ਕਿ ਸ਼ਾਇਦ ਉਸ ਦੇ ਕੁਝ ਅਨੁਭਵੀ ਯੋਧੇ ਜਾਂ ਸੰਗੀ ਸਾਨ ਫਰਾਂਸਿਸਕੋ ਵਿਚ ਖਾਨਖੋਜੇ ਤੇ ਉਸ ਦੇ ਗ਼ਦਰ ਕਾਰ੍ਵਾਈ ਦਸਤੇ ਨਾਲ ਚਰਚਾ ਕਰਨ ਲਈ ਮੌਜੂਦ ਹੋਣ।[65] ਖਾਨਖੋਜੇ ਟੈਮਲਪੇਸ ਵਿਚ ਰਹਿਣ ਸਮੇਂ ਆਪਣੇ ਇਕ ਚੀਨੀ ਹਮਜਮਾਤੀ ਨਾਲ ਚਾਈਨਾਟਾਊਨ ਆਉਂਦਾ ਜਾਂਦਾ ਰਹਿੰਦਾ ਸੀ ਜੋ ਸੁਨ ਦੇ ਅਨੁਭਵੀ ਯੋਧਿਆਂ ਵਿੱਚੋਂ ਇਕ ਸੀ। ਸਵਿਤਰੀ ਸਾਹਨੀ ਦੱਸਦੀ ਹੈ, ਉਥੇ "ਉਸ ਦੀਆਂ ਹਿੰਦੁਸਤਾਨ ਦੀ ਆਜ਼ਾਦੀ ਬਾਰੇ ਚੀਨੀਆਂ ਨਾਲ ਬਹੁਤ ਸਾਰੀਆਂ ਵਿਚਾਰ-ਚਰਚਾ ਹੁੰਦੀਆਂ ਰਹੀਆਂ....ਇਹ ਵਿਚਾਰ ਕਿ ਚੀਨੀ ਤੇ ਹਿੰਦੀ ਆਪੋ-ਆਪਣੀ ਆਜ਼ਾਦੀ ਦੇ ਯਤਨ ਮਿਲ ਕੇ ਕਰ ਸਕਦੇ ਸਨ ਅਤੇ ਆਪਣੇ ਦੁਵੱਲੇ ਨਿਸ਼ਾਨੇ ਨੇਪਰੇ ਚਾੜ੍ਹਨ ਲਈ ਇਕ ਦੂਜੇ ਦਾ ਹੱਥ ਵਟਾ ਸਕਦੇ ਸਨ ਇਹ ਕਦੇ ਵੀ ਉਸ ਦੀ ਸੋਚ ਤੋਂ ਬਾਹਰ ਨਹੀਂ ਸੀ। ਉਸ ਨੇ ਚੀਨੀਆਂ ਨਾਲ ਕਮਾਲ ਦਾ ਰਾਬਤਾ ਬਣਾ ਲਿਆ ਸੀ ਜਿਨ੍ਹਾਂ ਦੀ ਦ੍ਰਿੜ੍ਹਤਾ ਅਤੇ ਹਿੰਮਤ ਦੀ ਉਹ ਬਹੁਤ ਕਦਰ ਕਰਦਾ ਸੀ। ਕੁਝ ਸਾਲ ਬਾਅਦ, ਗ਼ਦਰ ਦਾ ਮੁੱਢ ਬੱਝਣ ਪਿੱਛੋਂ, ਇਸ ਨੇ ਵਿਚਾਰਾਂ ਦੇ ਵਧੇਰੇ ਸਾਰਥਕ ਆਦਾਨ-ਪ੍ਰਦਾਨ 'ਚ ਬਦਲ ਜਾਣਾ ਸੀ।" ਸਾਹਨੀ ਅੱਗੇ ਟਿੱਪਣੀ ਕਰਦੀ ਹੈ: "ਇਹ ਐਨ ਸੁਭਾਵਿਕ ਸੀ ਕਿ ਅਕਾਦਮੀ ਦੇ ਕੈਡਟ - ਖ਼ਾਸ ਕਰਕੇ ਚੀਨੀ, ਮੈਕਸੀਕਣ ਅਤੇ ਆਇਰਿਸ਼ - ਮਨਾਂ ਵਿਚ ਬਗ਼ਾਵਤ ਦਾ ਖ਼ਿਆਲ ਲੈ ਕੇ ਮਿਲਦੇ ਅਤੇ ਆਪੋ ਆਪਣੇ ਮੁਲਕਾਂ ਦੇ ਸਾਂਝੇ ਮਸਲਿਆਂ ਬਾਰੇ ਵਿਚਾਰ ਕਰਦੇ।" ਖਾਨਖੋਜੇ ਨੇ ਪ੍ਰੇਰਣਾ ਮੈਕਸੀਕਣ ਇਨਕਲਾਬੀਆਂ ਤੋਂ ਵੀ ਲਈ, ਜੋ ਉਸ ਦੀ ਜਾਗਰੂਕਤਾ ਤੋਂ ਬਾਹਰ ਨਹੀਂ ਸਨ; ਉਸ ਦੇ ਜ਼ਾਪਟਿਸਟਾ ਦੇ ਦੇਸ਼ਭਗਤਾਂ ਵਿਚ ਮਿੱਤਰ ਸਨ ਜੋ ਦੱਖਣੀ ਕੈਲੀਫੋਰਨੀਆ ਵਿਚ ਯਾਕੂਈ ਬਗ਼ਾਵਤ ਵਿਚ ਸ਼ਾਮਲ ਹੋਏ ਸਨ ਅਤੇ ਉਨ੍ਹਾਂ ਨੂੰ ਉਮੀਦ ਸੀ ਕਿ ਉਹ ਹਿੰਦੁਸਤਾਨੀਆਂ ਨੂੰ "ਵਿਹਾਰਕ ਯੁੱਧਕਲਾ" ਦੀ ਸਿਖਲਾਈ ਲੈਣ 'ਚ ਸਹਾਈ ਹੋ ਸਕਦੇ ਸਨ।[66]

ਚੀਨੀਆਂ ਨੇ ਜੋ ਯੋਜਨਾ ਸਿਫ਼ਾਰਸ਼ ਕੀਤੀ ਉਹ ਸੰਚਾਰ ਅਤੇ ਟੈਲੀਗ੍ਰਾਫ ਲਾਈਨਾਂ ਕੱਟਣ, ਰੇਲ ਆਵਾਜਾਈ 'ਚ ਵਿਘਨ ਪਾਉਣ ਅਤੇ ਫਿਰ ਪੁਲਿਸ ਚੌਕੀਆਂ ਤੇ ਫ਼ੌਜੀ ਕੈਂਪਾਂ ਨੂੰ

ਤਬਾਹ ਕਰਨ ਤੋਂ ਸ਼ੁਰੂਆਤ ਕਰਨ ਦੀ ਸੀ। ਜਦੋਂ ਇਹ ਸਭ ਕੁਝ ਚੱਲ ਰਿਹਾ ਹੋਣਾ ਸੀ, ਓਦੋਂ ਉਹ ਜੰਗਲਾਂ, ਪਹਾੜਾਂ, ਘਾਟੀਆਂ ਅਤੇ ਸਰਹੱਦੀ ਇਲਾਕਿਆਂ 'ਚ ਇਨਕਲਾਬੀ ਅਧਾਰ ਕਾਇਮ ਕਰਨਗੇ, ਜਿੱਥੋਂ ਫਿਰ ਅੰਗਰੇਜ਼ ਦੇ ਪ੍ਰਸ਼ਾਸਨਿਕ ਅਤੇ ਫ਼ੌਜੀ ਕਾਰਵਿਹਾਰ ਦਾ ਨੱਕ 'ਚ ਦਮ ਕੀਤਾ ਜਾਣਾ ਸੀ। ਉਨ੍ਹਾਂ ਨੂੰ ਅਸਲਾਖ਼ਾਨਿਆਂ ਅਤੇ ਫ਼ੌਜੀਆਂ ਛਾਉਣੀਆਂ ਉੱਪਰ ਧਾਵੇ ਬੋਲ ਕੇ ਹਥਿਆਰ ਤੇ ਗੋਲੀਸਿੱਕਾ ਹਾਸਲ ਕਰਨਾ ਹੋਵੇਗਾ; ਉਨ੍ਹਾਂ ਲਈ ਇਹ ਖ਼ਰੀਦਣਾ ਸੰਭਵ ਨਹੀਂ ਸੀ। ਖਾਨਖੋਜੇ ਨੇ ਚੇਤੇ ਕੀਤਾ, ਉਨ੍ਹਾਂ ਵਲੋਂ ਐਨ ਇਵੇਂ ਹੀ ਲਾਮਬੰਦੀ ਸ਼ੁਰੂ ਕੀਤੀ ਗਈ। (ਲੱਗਦਾ ਹੈ ਛਾਪਾਮਾਰ ਬਗ਼ਾਵਤ ਦਾ ਬੁਨਿਆਦੀ ਨਮੂਨਾ ਸੈਂਕੜੇ ਸਾਲਾਂ ਤੋਂ ਅਬਦਲ ਰਿਹਾ ਹੈ!)[67] ਪਰ ਇਕ ਵਾਰ ਜਦੋਂ ਘਟਨਾਵਾਂ ਨੇ ਵੇਗ ਫੜ ਲਿਆ ਤਾਂ ਇਹ ਤੇਜ਼ੀ ਨਾਲ ਅਜਿਹੀ ਸਾਫ਼-ਸੁਥਰੀ, ਕਾਰਜਕੁਸ਼ਲ ਵਿਉਂਤਬੰਦੀ ਦੇ ਹੱਥੋਂ ਨਿਕਲ ਗਈਆਂ।

ਹਰਦਿਆਲ ਦੀ ਗ੍ਰਿਫ਼ਤਾਰੀ ਅਖ਼ਬਾਰ ਸ਼ੁਰੂ ਕੀਤੇ ਜਾਣ ਤੋਂ ਕੁਝ ਮਹੀਨੇ ਪਿੱਛੋਂ ਹੀ 25 ਮਾਰਚ 1914 ਨੂੰ ਹੋ ਗਈ। ਇਸ ਤੋਂ ਛੇਤੀ ਬਾਅਦ ਉਹ ਉੱਥੋਂ ਚਲਾ ਗਿਆ। ਹਾਲਾਂਕਿ ਉਹ ਛਾਪਣ ਲਈ ਜੋਸ਼ੀਲੇ ਲੇਖ ਲਿਖ ਕੇ ਭੇਜਦਾ ਰਿਹਾ – ਜਿਨ੍ਹਾਂ ਵਿੱਚੋਂ ਕਾਬਲੇ-ਗ਼ੌਰ ਹਨ, "ਦੋ ਚੀਜ਼ੋਂ ਕੀ ਜ਼ਰੂਰਤ ਹੈ.... ਗ਼ਦਰ ਔਰ ਬੰਦੂਕੇਂ" ਅਤੇ "ਐ ਗ਼ਦਰ ਦੇ ਸਪਾਹੀਓ! ਹਿੰਦ ਦੀ ਅੱਖਾਂ ਦੇ ਤਾਰਿਓ!" (ਜੋ 14 ਜੁਲਾਈ 1914 ਨੂੰ ਛਪਿਆ ਸੀ)। ਉਸ ਨੇ ਯੂਰਪ ਤੇ ਔਟੋਮਨ ਖੇਤਰ ਵਿਚ ਬਰਲਿਨ ਹਿੰਦ ਕਮੇਟੀ ਦੇ ਕੰਮ ਵਿਚ ਭੂਮਿਕਾ ਨਿਭਾਈ, ਇਹ ਉੱਤਰੀ ਅਮਰੀਕੀ ਜਥੇਬੰਦੀ ਵਿਚ ਉਸ ਦੀ ਵਿਹਾਰਕ ਸ਼ਮੂਲੀਅਤ ਦਾ ਅੰਤ ਸੀ। ਹਾਲਾਂਕਿ ਇਸ ਵਿਚਾਰ ਨੂੰ ਗ਼ਲਤ ਸਾਬਤ ਕਰਦਿਆਂ ਕਿ ਲਹਿਰ ਦਾ ਰੈਡੀਕਲਵਾਦ ਹਰਦਿਆਲ ਦੀ ਖ਼ਾਸ ਸ਼ੈਲੀ ਤੋਂ ਡੂੰਘਾ ਨਹੀਂ ਗਿਆ, ਆਈਸਮੋਂਗਰ ਅਤੇ ਸਲੈਟਰੀ ਨੇ ਧਿਆਨ ਦਿਵਾਇਆ ਕਿ ਯੁਗਾਂਤਰ ਆਸ਼ਰਮ ਦਾ ਕੰਮ ਮੱਠਾ ਤਾਂ ਕੀ ਪੈਣਾ ਸੀ ਉਲਟਾ ਲੱਗਦਾ ਸੀ ਉਸ ਦੇ ਉੱਥੋਂ ਜਾਣ ਨੇ "ਇਨਕਲਾਬੀ ਲਹਿਰ ਨੂੰ ਤਾਜ਼ਾ ਹੁਲਾਰਾ" ਦੇ ਦਿੱਤਾ ਸੀ।[68] ਰਾਮ ਚੰਦਰ, ਭਗਵਾਨ ਸਿੰਘ ਅਤੇ ਮੁਹੰਮਦ ਬਰਕਤਉੱਲਾ ਦੇ ਰੂਪ 'ਚ "ਤਿੰਨ ਮਹਾਰਥੀਆਂ" ਦੀ ਤਿੱਕੜੀ ਅਗਵਾਈ ਦੇ ਆਰਜ਼ੀ ਖ਼ਲਾਅ ਨੂੰ ਭਰਨ ਲਈ ਅੱਗੇ ਆ ਗਈ, ਉਨ੍ਹਾਂ ਨੇ ਅਮੁੱਕ ਰੂਪ 'ਚ ਪ੍ਰੇਰਣਾਮਈ ਦੌਰੇ ਕਰਨ, ਅਖ਼ਬਾਰ ਦਾ ਸੰਪਾਦਨ ਕਰਨ ਅਤੇ ਵਿੱਤ ਤੇ ਆਸ਼ਰਮ ਦੇ ਮਾਮਲਿਆਂ ਦਾ ਇੰਤਜ਼ਾਮ ਚਲਾਉਣ ਦੀਆਂ ਡਿਊਟੀਆਂ ਸਾਂਭ ਲਈਆਂ। ਜਿਸ ਮਾਮਲੇ ਵੱਲ ਉਨ੍ਹਾਂ ਨੂੰ ਛੇਤੀ ਹੀ ਧਿਆਨ ਦੇਣਾ ਪੈ ਗਿਆ ਉਹ ਸੀ *ਕਾਮਾਗਾਟਾ ਮਾਰੂ* ਕਾਂਡ।

## ਕਾਮਾਗਾਟਾ ਮਾਰੂ ਦੀ ਘਟਨਾ

*ਕਾਮਾਗਾਟਾ ਮਾਰੂ* ਦੀ ਘਟਨਾ ਉੱਤਰੀ ਅਮਰੀਕਾ ਵਿਚ ਆਉਣ ਵਾਲੇ ਦੱਖਣੀ ਏਸ਼ੀਅਨਾਂ ਦੇ ਇਤਿਹਾਸ ਦੀਆਂ ਸਭ ਤੋਂ ਵੱਧ ਵਿਆਪਕ ਤੌਰ 'ਤੇ ਦਸਤਾਵੇਜ਼ੀ ਰੂਪ ਦਿੱਤੀਆਂ ਘਟਨਾਵਾਂ ਵਿੱਚੋਂ ਇਕ ਹੈ।[69] ਸੰਖੇਪ ਵਿਚ ਇਸ ਦੇ ਤੱਥ ਇਹ ਹਨ: ਮਈ 1908 'ਚ ਹਕੂਮਤ-ਏ-ਹਿੰਦ ਨੇ ਪੂਰੀ ਤਰ੍ਹਾਂ ਸੋਚ-ਸਮਝ ਕੇ ਕੈਨੇਡਾ ਹਕੂਮਤ ਨੂੰ "ਬਰਤਾਨਵੀ ਹਿੰਦੁਸਤਾਨੀਆਂ ਵਿਰੁੱਧ ਜ਼ਾਹਰਾ ਵਿਤਕਰੇ" ਦਾ ਦਿਖਾਵਾ ਕੀਤੇ ਬਗ਼ੈਰ ਆਪਣੇ ਸਮੁੰਦਰੀ ਕੰਢਿਆਂ ਦੇ ਗੋਰੇਪਣ ਨੂੰ ਬਚਾਉਣ ਲਈ ਜ਼ਰੂਰੀ ਕਦਮ ਚੁੱਕਣ ਦਾ ਅਧਿਕਾਰ ਦੇ ਦਿੱਤਾ ਸੀ।[70] ਗਵਰਨਰ ਜਨਰਲ ਨੇ ਸਿੱਧੇ ਲਗਾਤਾਰ ਸਫ਼ਰ (ਕਿ ਸਿਰਫ਼ ਉਨ੍ਹਾਂ ਨੂੰ ਹੀ ਉਥੇ ਆਉਣ ਦੀ ਇਜਾਜ਼ਤ ਦਿੱਤੀ ਜਾਵੇਗੀ ਜੋ ਉਸ ਬੰਦਰਗਾਹ ਤੋਂ ਸਿੱਧਾ ਸਮੁੰਦਰੀ ਜਹਾਜ਼ ਫੜ ਕੇ ਆਉਣਗੇ ਜਿੱਥੋਂ ਉਹ ਸਫ਼ਰ ਲਈ ਤੁਰੇ ਸਨ, ਇਸ ਨਾਲ ਹਿੰਦੁਸਤਾਨ ਤੋਂ ਚੱਲਣ ਵਾਲਾ ਹਰ ਸਮੁੰਦਰੀ ਜਹਾਜ਼ ਅਯੋਗ ਬਣ ਜਾਂਦਾ ਸੀ) ਅਤੇ ਨਾਲ ਹੀ

200 ਡਾਲਰ ਪ੍ਰਤੀ ਵਿਅਕਤੀ ਦਾਖ਼ਲਾ ਫ਼ੀਸ ਦੀ ਸ਼ਰਤ ਲਾਉਣ ਦਾ ਐਲਾਨ ਕਰ ਦਿੱਤਾ ਗਿਆ। ਅੰਗਰੇਜ਼ ਹੁਕਮਰਾਨਾਂ (ਉਸ ਵਕਤ ਦੇ ਵਾਇਸ ਰਾਏ ਲਾਰਡ ਮਿੰਟੋ ਸਮੇਤ) ਨੇ ਇਸ ਹੱਲ ਦੀ ਸੂਖ਼ਮ ਸੁਘੜਤਾ ਦੀ ਖੁੱਲ੍ਹ ਕੇ ਤਾਰੀਫ਼ ਕੀਤੀ, ਜੋ ਕੈਨੇਡਾ ਅਤੇ ਆਸਟਰੇਲੀਆ ਦੀਆਂ ਗੋਰੇ ਅਬਾਦਕਾਰਾਂ ਦੀਆਂ ਬਸਤੀਆਂ ਨੂੰ ਹਜ਼ੂਰ ਦੇ ਗ਼ੁਲਾਮ ਏਸ਼ੀਆਈ ਅਤੇ ਅਫ਼ਰੀਕਣ ਮੁਲਕਾਂ ਤੋਂ ਅਲਹਿਦਾ ਤੌਰ 'ਤੇ ਲੈਣ ਦੇ ਹਾਸੋਹੀਣੇ ਦੋ-ਪਰਤੀ ਦਰਜੇ ਰਾਹੀਂ ਹਿੰਦੁਸਤਾਨੀਆਂ ਨੂੰ ਬਾਹਰ ਰੱਖਦੀ ਸੀ ਅਤੇ ਇਸ ਨੂੰ ਕੁਚੱਜੇ ਢੰਗ ਨਾਲ ਸਿੱਧਾ ਕਬੂਲ ਕਰਨ ਦੀ ਜ਼ਰੂਰਤ ਹੀ ਨਹੀਂ ਸੀ।

ਅਪ੍ਰੈਲ 1914 'ਚ, ਸਿੰਗਾਪੁਰ ਤੋਂ ਮਜ਼ਦੂਰ ਮੁਹੱਈਆ ਕਰਾਉਣ ਵਾਲੇ ਇਕ ਸਰਦੇ-ਪੁੱਜਦੇ ਠੇਕੇਦਾਰ ਗੁਰਦਿੱਤ ਸਿੰਘ ਨੇ ਆਪਣੇ ਸੈਂਕੜੇ ਹਮਵਤਨੀ ਮੁਸਾਫ਼ਰਾਂ ਨੂੰ ਕੈਨੇਡਾ ਲਿਜਾਣ ਲਈ ਇਕ ਸਮੁੰਦਰੀ ਜਹਾਜ਼ ਪਟੇ 'ਤੇ ਲਿਆ ਜੋ ਓਦੋਂ ਹਾਂਗਕਾਂਗ ਅਤੇ ਹੋਰ ਪੂਰਬੀ ਏਸ਼ੀਆਈ ਬੰਦਰਗਾਹਾਂ ਵਿਚ ਰਾਹਦਾਰੀ ਮਿਲਣ ਦੀ ਇੰਤਜ਼ਾਰ 'ਚ ਬੈਠੇ ਸਨ। ਕਾਨੂੰਨੀ ਐਲਾਨਾਂ ਨੂੰ ਗਿਣੀਮਿਥੀ ਲਲਕਾਰ ਹੋਣ ਤੋਂ ਇਲਾਵਾ, ਇਹ ਸਵੈਹਿੱਤ ਵਾਲੀ ਪਰਉਪਕਾਰੀ ਕਾਰਵਾਈ ਵੀ ਸੀ, ਜੋ ਆਪਣੇ ਭਾਈਚਾਰੇ ਦੀ ਸੇਵਾ ਕਰਨ ਦੇ ਨਾਲ ਨਾਲ ਉਸ ਦੇ ਆਪਣੇ ਭਵਿੱਖੀ ਜਹਾਜ਼ਰਾਨੀ ਕਾਰੋਬਾਰ ਦੇ ਹਿੱਤਾਂ ਪੱਖੋਂ ਵੀ ਲਾਹੇਵੰਦੀ ਸੀ। ਸ਼ੰਘਾਈ, ਕੋਬੇ ਅਤੇ ਯੋਕੋਹਾਮਾ ਵਿਚ ਕਿਆਮ ਕਰਨ ਤੋਂ ਪਿੱਛੋਂ ਇਸ ਵਿਚ ਕੁਲ 376 ਮੁਸਾਫ਼ਰ ਸਵਾਰ ਸਨ, ਜਿਨ੍ਹਾਂ ਵਿੱਚੋਂ ਇੱਕੀ ਮੁਸਲਮਾਨਾਂ ਨੂੰ ਛੱਡ ਕੇ ਬਹੁਗਿਣਤੀ ਗੱਭਰੂ ਸਿੱਖਾਂ ਦੀ ਸੀ।

ਪਰ ਜਦੋਂ 23 ਮਈ 1914 ਨੂੰ ਉਹ ਵੈਨਕੂਵਰ ਪੁੱਜੇ, ਉਨ੍ਹਾਂ ਨੂੰ ਦਾਖ਼ਲ ਹੋਣ ਤੋਂ ਮਨ੍ਹਾਂ ਕਰ ਦਿੱਤਾ ਗਿਆ। ਉਥੇ ਹਫ਼ਤਿਆਂ ਬੱਧੀ ਲੰਗਰ ਸੁੱਟੀ ਉਡੀਕ ਕਰਦਿਆਂ, ਜਹਾਜ਼ ਵਿਚ ਰਸਦ ਮੁੱਕਦੀ ਗਈ ਅਤੇ ਮੁਸਾਫ਼ਰਾਂ ਦੇ ਤੇਵਰ ਤਿੱਖੇ ਹੁੰਦੇ ਗਏ। ਬਲਵੰਤ ਸਿੰਘ, ਹੁਸੈਨ ਰਹੀਮ ਅਤੇ ਸੋਹਣ ਲਾਲ ਪਾਠਕ ਨੂੰ ਲੈ ਕੇ ਇਕ ਸਮੁੰਦਰੀ ਘਾਟ ਕਮੇਟੀ ਬਣਾਈ ਗਈ ਸੀ; ਅਤੇ ਜੁਲਾਈ ਵਿਚ ਵੈਨਕੂਵਰ ਵਿਚ ਇਸ ਦੀ ਹਮਾਇਤ 'ਚ ਹੋਏ ਇਕ ਇਕੱਠ ਵਿਚ "400 ਹਿੰਦੀ ਅਤੇ 150 ਗੋਰੇ ਸ਼ਾਮਲ ਹੋਏ ਸਨ। ਮਗਰਲੇ ਮੁੱਖ ਤੌਰ 'ਤੇ ਸੋਸ਼ਲਿਸਟ ਸਨ।"[71] ਇਸ ਦਾ ਸਿਹਰਾ ਇਸ ਤੱਥ ਸਿਰ ਬੱਝਦਾ ਸੀ ਕਿ ਹੁਸੈਨ ਰਹੀਮ, ਜੋ ਓਦੋਂ *ਹਿੰਦੋਸਤਾਨੀ*[72] ਅਖ਼ਬਾਰ ਦਾ ਸੰਪਾਦਕ ਸੀ, ਉਹ ਸਥਾਨਕ ਸੋਸ਼ਲਿਸਟ ਜਥੇਬੰਦੀ ਦਾ ਸਕੱਤਰ ਵੀ ਸੀ, ਜਿਸ ਦੇ ਇਕ ਵਧੇਰੇ "ਸਿਰਫਿਰੇ" ਮੈਂਬਰ ਨੇ ਹੁਣ "ਹਿੰਦੁਸਤਾਨੀਆਂ ਨੂੰ ਹਿੰਦੁਸਤਾਨ ਮੁੜ ਜਾਣ, ਉਥੇ ਜਾ ਕੇ ਇਨਕਲਾਬ ਦਾ ਪਰਚਮ ਬੁਲੰਦ ਕਰਨ ਤੇ ਆਪਣੇ ਮੁਲਕ ਦੀ ਹੋਣੀ ਦੇ ਮਾਲਕ ਆਪ ਬਣਨ ਦੀ ਸਲਾਹ ਦਿੱਤੀ।"[73]

ਸਮੁੰਦਰੀ ਘਾਟ ਕਮੇਟੀ ਦੇ ਯਤਨਾਂ ਦੇ ਬਾਵਜੂਦ, ਮੁਸਾਫ਼ਰਾਂ ਨੂੰ ਵਾਪਸ ਭੇਜਣ ਲਈ ਇਕ ਹੋਰ ਜਹਾਜ਼ ਵਿਚ ਧੱਕੇ ਨਾਲ ਚੜ੍ਹਾਉਣ ਦਾ ਯਤਨ ਟਕਰਾਅ ਦੀ ਸਿਖ਼ਰ ਹੋ ਨਿੱਬੜਿਆ। ਜਦੋਂ ਇਕ ਮਿਲੀਸ਼ੀਆ ਸਮੁੰਦਰੀ ਘਾਟ ਉੱਪਰ ਰਸਦ ਭੰਡਾਰ ਉੱਪਰ ਪਹਿਰਾ ਦੇ ਰਹੀ ਸੀ, ਜਿਸ ਨੂੰ ਨਵੇਂ ਜਹਾਜ਼ ਉੱਪਰ ਲੱਦਿਆ ਜਾਣਾ ਸੀ, ਓਦੋਂ ਇਕ ਅਗਨਬੋਟ ਆ ਧਮਕਿਆ ਜਿਸ ਉੱਪਰ 120 ਪੁਲਸੀਆਂ ਸਮੇਤ ਇਕ ਪੁਲਿਸ ਮੁਖੀ ਤੇ ਚਾਰ ਇੰਸਪੈਕਟਰ ਅਤੇ ਚਾਲੀ ਵਿਸ਼ੇਸ਼ ਇਮੀਗ੍ਰੇਸ਼ਨ ਅਧਿਕਾਰੀ ਸਵਾਰ ਸਨ। ਇਨ੍ਹਾਂ ਵਿਚ ਵਿਲੀਅਮ ਸੀ. ਹਾਪਕਿਨਸਨ ਵੀ ਸੀ ਜੋ ਜਹਾਜ਼ ਦੀ ਰਾਖੀ ਕਰਨ ਵਾਲਿਆਂ ਦੇ ਰੋਹ ਦਾ ਖ਼ਾਸ ਨਿਸ਼ਾਨਾ ਸੀ। *ਕਾਮਾਗਾਟਾ ਮਾਰੂ* ਦੇ ਮੁਸਾਫ਼ਰ ਇਸ ਦੀ ਰਾਖੀ ਲਈ ਡੱਟ ਗਏ ਅਤੇ ਉਨ੍ਹਾਂ ਨੇ ਨੇੜੇ ਆ ਰਹੇ ਅਗਨਬੋਟ ਦੇ ਸਵਾਰਾਂ ਵਲੋਂ ਜਹਾਜ਼ ਨਾਲ ਹੁੱਕਾਂ ਬੰਨ੍ਹਣ ਤੇ ਪਾਣੀ ਦੀ ਬੌਛਾੜ ਕਰਨ ਦੇ ਯਤਨਾਂ ਨੂੰ ਅੱਗੋਂ ਕੋਲੇ, ਇੱਟਾਂ-ਵੱਟਿਆਂ, ਕਵਾੜ ਤੇ ਲੋਹੇ ਦੀਆਂ ਚੀਜ਼ਾਂ ਦੀ ਬੌਛਾੜ ਕਰਕੇ ਪਛਾੜ ਦਿੱਤਾ। ਉਹ ਲੋਹੇ ਦੀਆਂ ਸੀਖਾਂ, ਕੁਹਾੜੀਆਂ, ਤਲਵਾਰਾਂ, ਲਾਠੀਆਂ, ਸੋਟਿਆਂ ਅਤੇ ਜਹਾਜ਼ ਉੱਪਰ ਹੀ ਬਣਾਏ ਭਾਲਿਆਂ ਨਾਲ ਲੈਸ ਸਨ।

(ਸਾਨੂੰ ਚੇਤੇ ਰੱਖਣਾ ਹੋਵੇਗਾ ਕਿ ਉਨ੍ਹਾਂ ਵਿੱਚੋਂ ਕਈ ਅੰਗਰੇਜ਼ ਦੀ ਫ਼ੌਜ ਦੇ "ਲੜਾਈਆਂ 'ਚ ਹੰਢੇ-ਵਰਤੇ ਤਜ਼ਰਬੇਕਾਰ ਫ਼ੌਜੀ ਸਨ।)[74] ਨੁਕਸਾਨਿਆ ਅਗਨਬੋਟ ਅਤੇ ਤਿੰਨ ਵਿਸ਼ੇਸ਼ ਕਿਸ਼ਤੀਆਂ ਉਨ੍ਹਾਂ ਦੇ ਆਲੇ-ਦੁਆਲੇ ਓਦੋਂ ਤਕ ਗਸ਼ਤ ਕਰਦੀਆਂ ਰਹੀਆਂ ਜਦੋਂ ਤਕ ਕੈਨੇਡੀਅਨ ਫ਼ੌਜ ਦਾ ਸਮੁੰਦਰੀ ਬੇੜਾ (ਉਸ ਵਕਤ ਕੈਨੇਡਾ ਦੀ ਅੱਧੀ ਸਮੁੰਦਰੀ ਫ਼ੌਜ) ਇਨ੍ਹਾਂ ਦੀ ਮਦਦ ਲਈ ਨਹੀਂ ਪਹੁੰਚ ਗਈ ਜਿਨ੍ਹਾਂ ਨੂੰ ਜਹਾਜ਼ ਨੂੰ ਕਬਜ਼ੇ 'ਚ ਲੈਣ ਦਾ ਹੁਕਮ ਸੀ। ਇਸ ਵਾਰ ਲੋਹੇ ਲਾਖੇ ਮੁਸਾਫ਼ਰਾਂ ਨੇ ਇਮੀਗ੍ਰੇਸ਼ਨ ਅਫ਼ਸਰ ਮੈਲਕਾਮ ਨੂੰ ਓਦੋਂ ਤਕ ਬੰਦੀ ਬਣਾ ਲੈਣ ਦੀ ਧਮਕੀ ਦਿੱਤੀ ਜਦੋਂ ਤਕ ਉਨ੍ਹਾਂ ਨੂੰ ਉਸੇ ਜਹਾਜ਼ ਉੱਪਰ ਵਾਪਸੀ ਦੇ ਸਫ਼ਰ ਲਈ ਲੋੜੀਂਦਾ ਰਾਸ਼ਨ-ਪਾਣੀ ਮੁਹੱਈਆ ਨਹੀਂ ਕੀਤਾ ਜਾਂਦਾ ਜਿਸ ਉੱਪਰ ਉਹ ਇਥੇ ਆਏ ਸਨ। ਓੜਕ ਓਟਵਾ ਦਾ ਖੇਤੀਬਾੜੀ ਮੰਤਰਾਲਾ ਉਨ੍ਹਾਂ ਨੂੰ ਇਕ ਤਣਾਓਪੂਰਨ ਸਮਝੌਤੇ ਲਈ ਮਨਾਉਣ 'ਚ ਕਾਮਯਾਬ ਹੋ ਗਿਆ। ਉਨ੍ਹਾਂ ਨੂੰ ਇਸ ਲਈ ਰਾਜ਼ੀ ਕਰ ਲਿਆ ਗਿਆ ਕਿ ਜੇ ਹਿੰਦੀ ਮੁਸਾਫ਼ਰ ਇਹ ਜਹਾਜ਼ ਇਸ ਦੇ ਜਪਾਨੀ ਕਪਤਾਨ ਦੇ ਹਵਾਲੇ ਕਰ ਦੇਣ ਤਾਂ ਉਨ੍ਹਾਂ ਨੂੰ ਪੂਰਾ ਰਾਸ਼ਨ ਦੇ ਕੇ ਅਮਨ-ਅਮਾਨ ਨਾਲ ਪ੍ਰਸ਼ਾਂਤ ਮਹਾਂਸਾਗਰ ਪਾਰ ਕਰਕੇ ਵਾਪਸ ਜਾਣ ਦੀ ਇਜਾਜ਼ਤ ਦੇ ਦਿੱਤੀ ਜਾਵੇਗੀ।

ਇਥੇ ਆਉਣ ਤੋਂ ਦੋ ਮਹੀਨੇ ਬਾਅਦ 23 ਜੁਲਾਈ 1914 ਨੂੰ ਸਮੁੰਦਰੀ ਫ਼ੌਜ ਦੇ ਜਹਾਜ਼ ਅਤੇ ਇਕ ਹਥਿਆਰਬੰਦ ਜੰਗੀ ਜਹਾਜ਼ ਉਨ੍ਹਾਂ ਨੂੰ ਬੰਦਰਗਾਹ ਤੋਂ ਘੇਰੇ ਵਿਚ ਲੈ ਕੇ ਉੱਥੋਂ ਲੈ ਤੁਰੇ।[75] ਪੱਛਮੀ ਸਮੁੰਦਰੀ ਕੰਢੇ ਦੇ "ਹਿੰਦੂਆਂ" ਦੀ ਜਾਸੂਸੀ ਲਈ ਲਾਇਆ ਪੱਕਾ ਸੂਹੀਆ ਹਾਪਕਿਨਸਨ ਸਰਕਾਰੀ ਅਧਿਕਾਰੀਆਂ ਨੂੰ ਲਗਾਤਾਰ ਚੇਤਾਵਨੀ ਦੇ ਰਿਹਾ ਸੀ ਕਿ *ਕਾਮਾਗਾਟਾ ਮਾਰੂ* ਦੇ ਮੁਸਾਫ਼ਰਾਂ ਵਲੋਂ ਕੀਤਾ ਜਾ ਰਿਹਾ ਸਖ਼ਤ ਟਾਕਰਾ "ਅਮਰੀਕਾ ਵਿਚ ਰਹਿ ਰਹੇ ਪੜ੍ਹੇ-ਲਿਖੇ ਹਿੰਦੀਆਂ ਦੀ ਸਾਜ਼ਿਸ਼ ਹੈ" ਤੇ ਉਹੀ ਇਸ ਨੂੰ ਉਕਸਾ ਰਹੇ ਹਨ। ਇਹ ਕੁਝ ਅੱਤ ਕਥਨੀ ਸੀ, ਹਾਲਾਂਕਿ ਇਹ ਗ਼ਲਤ ਨਹੀਂ ਸੀ ਕਿ ਗ਼ਦਰੀਆਂ ਨੇ ਇਸ ਨੂੰ ਆਪਣੇ ਵਤਨ ਦੇ ਲੋਕਾਂ ਵਿਚ ਪ੍ਰਚਾਰ ਦਾ ਢੁੱਕਵਾਂ ਮੌਕਾ ਦੇਖਕੇ *ਕਾਮਾਗਾਟਾ ਮਾਰੂ* ਦੇ ਮੁਸਾਫ਼ਰਾਂ ਤੱਕ ਪਹੁੰਚ ਕੀਤੀ ਸੀ। ਭਗਵਾਨ ਸਿੰਘ, ਬਰਕਤਉੱਲਾ ਅਤੇ ਬਲਵੰਤ ਸਿੰਘ ਉਨ੍ਹਾਂ ਸਾਰੀਆਂ ਪੂਰਬ ਏਸ਼ੀਆਈ ਬੰਦਰਗਾਹਾਂ ਉੱਪਰ ਤਕਰੀਰਾਂ ਕਰਦੇ ਅਤੇ ਪਰਚੇ ਵੰਡਦੇ ਰਹੇ ਜਿੱਥੋਂ ਜਿੱਥੋਂ ਇਹ ਲੰਘਕੇ ਜਾ ਰਿਹਾ ਸੀ।

ਗੁੱਸੇ ਨਾਲ ਭਰੇ-ਪੀਤੇ ਅਤੇ ਨਿਰਾਸ਼ ਮੁਸਾਫ਼ਰ ਸਤੰਬਰ ਦੇ ਅਖ਼ੀਰ 'ਚ ਕਲਕੱਤਾ ਨੇੜੇ ਬਜਬਜ ਘਾਟ 'ਤੇ ਪਹੁੰਚ ਗਏ। ਉਥੇ ਉਨ੍ਹਾਂ ਦਾ ਸਾਹਮਣਾ ਪੁਲਿਸ ਨਾਲ ਹੋਇਆ ਜਿਸ ਨੇ ਉਨ੍ਹਾਂ ਨੂੰ ਨਵੇਂ ਕਾਨੂੰਨ ਤਹਿਤ ਵੱਗ ਵਾਂਗ ਅੱਗੇ ਲਾ ਕੇ ਪੰਜਾਬ ਜਾਣ ਵਾਲੀ ਗੱਡੀ ਚੜ੍ਹਾਉਣ ਲਈ ਲਿਜਾਣ ਦਾ ਯਤਨ ਕੀਤਾ। ਇਹ ਨਵਾਂ ਕਾਨੂੰਨ ਹਿੰਦੁਸਤਾਨ ਇੰਗਰੈੱਸ ਆਰਡੀਨੈਂਸ 5 ਸਤੰਬਰ ਨੂੰ ਹੀ ਬਣਾਇਆ ਗਿਆ ਸੀ ਜੋ ਜੰਗ ਸਮੇਂ ਸੰਭਾਵੀ ਗੜਬੜ ਕਰਨ ਵਾਲਿਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਬਿਨਾ ਮੁਕੱਦਮਾ ਚਲਾਏ ਨਜ਼ਰਬੰਦ ਕਰਨ ਦੀ ਖੁੱਲ੍ਹ ਦਿੰਦਾ ਸੀ। (ਜੀ ਹਾਂ, ਜਦੋਂ ਇਹ ਜਹਾਜ਼ ਪ੍ਰਸ਼ਾਂਤ ਸਾਗਰ ਵਿੱਚੋਂ ਲੰਘਿਆ ਤਾਂ ਸਾਰਾਜੀਵੋ ਵਿਚ ਗੋਲੀਆਂ ਚਲ ਰਹੀਆਂ ਸਨ।) ਵਿਅੰਗ ਦੇਖੋ, ਉਨ੍ਹਾਂ ਵਿੱਚੋਂ ਬਹੁਤ ਸਾਰੇ ਹਿੰਦੁਸਤਾਨ ਬਿਲਕੁਲ ਵਾਪਸ ਨਹੀਂ ਸੀ ਜਾਣਾ ਚਾਹੁੰਦੇ। ਉਨ੍ਹਾਂ ਦੀ ਤਰਜ਼ੀਹ ਜਪਾਨ ਅਤੇ ਚੀਨ ਦੇ ਸਮੁੰਦਰੀ ਖੇਤਰ ਨੂੰ ਵਾਪਸ ਮੁੜਨ ਦੀ ਸੀ ਜਿਥੇ ਉਹ ਇਸ ਸਫ਼ਰ 'ਤੇ ਜਾਣ ਤੋਂ ਪਹਿਲਾਂ ਰਹਿੰਦੇ ਰਹੇ ਸਨ। ਪਰ ਇਨ੍ਹਾਂ ਵਿੱਚੋਂ ਕਿਤੇ ਵੀ ਉਨ੍ਹਾਂ ਨੂੰ ਉਤਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਹੁਣ, ਗੱਡੀ ਚੜ੍ਹਨ ਤੋਂ ਇਨਕਾਰੀ ਇਹ ਬਹੁਗਿਣਤੀ ਸਿੱਖ ਮੁਸਾਫ਼ਰ ਕਲਕੱਤੇ ਵੱਲ ਚਲ ਪਏ। ਡਰੀ ਹੋਈ ਪੁਲਿਸ ਨੇ ਇਕ ਹੋਰ ਟਕਰਾਅ ਖੜ੍ਹਾ ਕਰਨ ਅਤੇ ਗੋਲੀਆਂ ਚਲਾਉਣ ਦੀ ਮੂਰਖਤਾ ਕਰਕੇ ਹਾਲਤ ਹੋਰ ਵਿਗਾੜ ਦਿੱਤੀ ਜਿਸ ਵਿਚ ਅਠਾਰਾਂ ਮੁਸਾਫ਼ਰ ਮਾਰੇ ਗਏ, ਅਠਾਈ ਫਰਾਰ ਹੋ ਗਏ ਅਤੇ ਬਾਕੀ ਦੇ ਗ੍ਰਿਫ਼ਤਾਰ ਕਰ ਲਏ ਗਏ, ਇਸ ਸਭ

ਕਾਸੇ ਨੇ ਗ਼ਦਰ ਪਾਰਟੀ ਪ੍ਰਤੀ ਖਿੱਚ ਹੀ ਵਧਾਈ।[76]

ਇਸ ਦੌਰਾਨ, *ਕਾਮਾਗਾਟਾ ਮਾਰੂ* ਦੇ ਹਸ਼ਰ ਦੀਆਂ ਖ਼ਬਰਾਂ ਨੇ ਅਜਿਹੀ ਘੋਰ ਹੱਤਕ ਦਾ ਬਦਲਾ ਲੈਣ ਲਈ ਹਥਿਆਰਬੰਦ ਕਾਰਵਾਈ ਦੀ ਮੰਗ 'ਚ ਵਾਧਾ ਕਰਕੇ ਪੱਛਮੀ ਕੰਢੇ ਦੇ ਹਿੰਦੁਸਤਾਨੀਆਂ ਦੀ ਵਿਸਫੋਟਕ ਹਾਲਤ ਨੂੰ ਪਲੀਤਾ ਲਾਉਣ ਦਾ ਕੰਮ ਕੀਤਾ। ਸੋਹਣ ਸਿੰਘ ਭਕਨਾ ਇਕ ਹੋਰ ਜੱਥੇ ਨਾਲ ਸ਼ੰਘਾਈ ਤੋਂ ਹਿੰਦੁਸਤਾਨ ਰਵਾਨਾ ਹੋਣ ਤੋਂ ਪਹਿਲਾਂ ਦੋ ਸੌ ਪਿਸਤੌਲਾਂ ਅਤੇ ਕਈ ਸੈਂਕੜੇ ਕਾਰਤੂਸਾਂ ਦੀ ਖੇਪ ਲੈ ਕੇ ਜਹਾਜ਼ ਨੂੰ ਯੋਕੋਹਾਮਾ 'ਚ ਆ ਮਿਲਿਆ। ਛੇਤੀ ਹੀ ਪਹਿਲਾ ਗ਼ਦਰੀ ਜਥਾ ਸ਼ੰਘਾਈ ਤੋਂ ਕਲਕੱਤਾ ਪਹੁੰਚ ਗਿਆ। ਅਧਿਕਾਰੀਆਂ ਦੇ ਇਹ ਦੇਖ ਕੇ ਹੋਸ਼ ਉੱਡ ਗਏ ਕਿ ਬਜ ਬਜ ਉੱਪਰ ਗ੍ਰਿਫ਼ਤਾਰ ਕੀਤੇ ਬਹੁਤ ਸਾਰੇ ਸਿੱਖਾਂ ਕੋਲੋਂ ਅਮਰੀਕਾ ਦੇ ਬਣੇ ਰਿਵਾਲਵਰ ਮਿਲੇ ਸਨ।[77] (ਕਿਹਾ ਜਾਂਦਾ ਹੈ ਕਿ ਇਕ ਥਾਂ ਪ੍ਰਚਾਰ ਕਰਦੇ ਵਕਤ ਭਗਵਾਨ ਸਿੰਘ ਨੇ ਗੁਰਦਿੱਤ ਸਿੰਘ ਨੂੰ ਇਕ ਪਿਸਤੌਲ ਵੇਚਿਆ ਸੀ, ਅਤੇ ਸ਼ੱਕ ਇਹ ਕੀਤਾ ਜਾਂਦਾ ਸੀ ਕਿ ਵੈਨਕੂਵਰ ਤੋਂ ਵੀ ਜਹਾਜ਼ ਉੱਪਰ ਚੋਰੀ ਛਿਪੇ ਹਥਿਆਰ ਭੇਜਣ ਦਾ ਯਤਨ ਕੀਤਾ ਗਿਆ।)

ਇਸੇ ਦੌਰਾਨ, ਭਗਵਾਨ ਸਿੰਘ, ਮੁਹੰਮਦ ਬਰਕਤਉੱਲਾ ਅਤੇ ਰਾਮ ਚੰਦਰ ਨੇ ਕੈਲੀਫੋਰਨੀਆ ਵਿਚ ਸੈਕਰਾਮੈਂਟੋ, ਫਰਿਜ਼ਨੋ, ਸਟਾਕਟਨ, ਪੋਰਟਲੈਂਡ ਅਤੇ ਉਨ੍ਹਾਂ ਨਿੱਕੇ ਨਿੱਕੇ ਕਸਬਿਆਂ ਵਿਚ ਦੂਰ ਦੂਰ ਜਾ ਕੇ ਜਨਤਕ ਇਕੱਠਾਂ ਨੂੰ ਸੰਬੋਧਨ ਕੀਤਾ ਜਿਥੇ ਕਿਤੇ ਵੀ ਹਿੰਦੀ ਰਹਿੰਦੇ ਸਨ। ਉਥੇ ਉਨ੍ਹਾਂ ਨੇ ਫੰਡ ਉਗਰਾਹੇ ਅਤੇ ਰੰਗਰੂਟ ਭਰਤੀ ਕੀਤੇ, ਜੋ ਫਿਰ ਜਹਾਜ਼ ਚੜ੍ਹਨ ਲਈ ਸਾਨ ਫਰਾਂਸਿਸਕੋ ਵਿਚ ਆ ਜੁੜੇ। ਗ਼ਦਰ ਨੇ 9 ਅਤੇ 10 ਅਗਸਤ ਨੂੰ ਫਰਿਜ਼ਨੋ ਅਤੇ ਸੈਕਰਾਮੈਂਟੋ ਦੇ ਵਿਸ਼ਾਲ ਇਕੱਠਾਂ ਬਾਰੇ ਰਿਪੋਰਟ ਛਾਪੀ ਜਿਸ ਵਿਚ ਪਾਠਕਾਂ ਨੂੰ ਜੰਗ ਦੀ ਜਾਣਕਾਰੀ ਦਿੰਦਿਆਂ ਹੋਣ ਵਾਲੀ ਬਗ਼ਾਵਤ ਬਾਰੇ ਚੁਕੰਨੇ ਰਹਿਣ ਦੀ ਤਾਕੀਦ ਕੀਤੀ ਗਈ ਅਤੇ ਕਿਹਾ ਗਿਆ ਕਿ ਜੇ ਉਹ ਉਸ ਵਿਦਰੋਹ ਵਿਚ ਸ਼ਾਮਲ ਹੋਣ ਦੇ ਖ਼ਾਹਸ਼ਮੰਦ ਹਨ ਤਾਂ ਛੇਤੀ ਹਿੰਦੁਸਤਾਨ ਲਈ ਚਾਲੇ ਪਾ ਦੇਣ ਜਿਸ ਵਿਚ ਮੌਜੂਦਾ ਰਾਜ ਦਾ ਤਖ਼ਤਾ ਉਲਟਾਉਣ ਅਤੇ ਗਣਰਾਜ ਕਾਇਮ ਕਰਨ ਲਈ "ਸਲਤਨਤ ਦੇ ਸਾਰੇ ਦੁਸ਼ਮਣ" ਸ਼ਾਮਲ ਹੋਣਗੇ।[78]

ਰਾਮ ਚੰਦਰ ਨੇ ਫਰਿਜ਼ਨੋ ਦੇ ਇਕੱਠ ਵਿਚ ਜੁੜੇ ਲੋਕਾਂ ਨੂੰ ਸੱਦਾ ਦਿੱਤਾ: "ਸਾਡੇ ਪੁਰਖਿਆਂ ਦੀਆਂ ਰੂਹਾਂ ਸਾਨੂੰ ਬੇਗ਼ੈਰਤ ਔਲਾਦ ਸਮਝ ਰਹੀਆਂ ਹਨ। ਉਨ੍ਹਾਂ ਨੂੰ ਓਦੋਂ ਤਕ ਚੈਨ ਨਹੀਂ ਆਵੇਗਾ ਜਦੋਂ ਤਕ ਹਰ ਗੋਰੇ ਨੂੰ ਟੁਕੜੇ ਟੁਕੜੇ ਨਹੀਂ ਕਰ ਦਿੰਦੇ। ਭਾਰਤ ਮਾਂ ਸਾਨੂੰ ਆ ਕੇ ਇਨ੍ਹਾਂ ਜ਼ਾਲਮਾਂ ਦੇ ਪੰਜਿਆਂ ਵਿੱਚੋਂ ਛੁਡਾਉਣ ਲਈ ਪੁਕਾਰ ਰਹੀ ਹੈ। ਜੇ ਤੁਸੀਂ ਹਿੰਦ ਦੇ ਪੁੱਤਰ ਹੋਣ ਦਾ ਦਾਅਵਾ ਕਰਦੇ ਹੋ ਤਾਂ ਆਪਣਾ ਸਮਾਨ ਯੁਗਾਂਤਰ ਆਸ਼ਰਮ ਨੂੰ ਸੌਂਪ ਦਿਓ ਅਤੇ ਹਿੰਦ ਨੂੰ ਚੱਲਣ ਵਾਲਾ ਜਹਾਜ਼ ਫੜ੍ਹਨ ਲਈ ਤਿਆਰ ਹੋ ਜਾਓ। ਮੇਰਾ ਜਿਹੜਾ ਵੀ ਵਤਨ ਵਾਸੀ ਜ਼ਿੰਮੇਵਾਰੀ ਓਟਣ ਲਈ ਤਿਆਰ ਹੈ, ਹੋਟਲ ਵਿਚ ਆ ਕੇ ਮੈਨੂੰ ਆਪਣਾ ਨਾਂ ਲਿਖਵਾ ਦੇਵੇ।"[79] ਉਥੇ ਅਮਰ ਸਿੰਘ ਨਾਲ ਓਰੇਗਨ ਤੋਂ ਆਏ ਕੁਝ ਨਵੇਂ ਰੰਗਰੂਟਾਂ ਤੋਂ ਬਿਨਾ ਪੰਜ ਛੇ ਹਜ਼ਾਰ ਬੰਦੇ ਹਾਜ਼ਰ ਸਨ, ਅਤੇ ਹਥਿਆਰਾਂ ਤੇ ਸਫ਼ਰ ਦੇ ਖ਼ਰਚ ਲਈ ਪੰਜ ਛੇ ਹਜ਼ਾਰ ਡਾਲਰ ਉਗਰਾਹੇ ਗਏ ਸਨ।[80] ਇਸ ਤੋਂ ਇਲਾਵਾ, ਸਾਰੇ ਹੀ ਇਕੱਠਾਂ ਵਿਚ "ਬੁਲਾਰਿਆਂ ਨੇ ਐਲਾਨ ਕੀਤਾ ਕਿ ਜਰਮਨੀ ਨੇ ਹਿੰਦੁਸਤਾਨ ਨੂੰ ਭਰੋਸਾ ਦਿਵਾਇਆ ਸੀ ਕਿ ਜੇ ਉਹ ਇੰਗਲੈਂਡ ਵਿਰੁੱਧ ਬਗ਼ਾਵਤ ਕਰਨਗੇ ਤਾਂ ਜਰਮਨ ਉਨ੍ਹਾਂ ਦੀ ਮਦਦ ਕਰਨਗੇ।" ਅਤੇ ਕਿ ਭਾਵੇਂ ਅਜਿਹੀ ਬਗ਼ਾਵਤ ਇਕ ਸਮੇਂ ਹੋਣੀ ਹੀ ਸੀ, "ਹੁਣ ਹਮਲਾ ਕਰਨ ਦਾ ਮਾਇਨਾ ਹੋਵੇਗਾ ਹਿੰਦ ਦੀ ਜਿੱਤ।" ਲੱਗਦਾ ਹੈ ਕਿ ਸਾਜ਼ਿਸ਼ ਘੜਨ ਵਾਲਿਆਂ ਨੂੰ ਭੇਤ ਗੁਪਤ ਰੱਖਣ ਦੀ ਪੂਰੀ ਮੁਹਾਰਤ ਨਹੀਂ ਸੀ।

ਇਸ ਲੇਖ ਵਿਚ ਇਹ ਇਸ਼ਾਰਾ ਵੀ ਸੀ ਕਿ ਕਿਵੇਂ ਖੇਤੀ ਕਾਮਿਆਂ ਦੀ ਲਾਮਬੰਦੀ

ਲਾਜ਼ਮੀ ਤੌਰ 'ਤੇ ਫ਼ਸਲ ਸਾਂਭੇ ਜਾਣ ਨਾਲ ਇਕਸੁਰ ਸੀ। ਸਾਨ ਫਰਾਂਸਿਸਕੋ ਤੋਂ ਤਕਰੀਰਾਂ "ਜਿਥੇ ਵੀ ਹਿੰਦੀ ਬਾਗ਼ਾਂ ਵਿਚ ਕੰਮ ਕਰਦੇ ਹਨ ਸੂਬੇ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਲਹਿਰਾਂ ਵਾਂਗ ਫੈਲ ਰਹੀਆਂ ਹਨ, ਅਤੇ ਜਨਤਕ ਇਕੱਠ ਕੀਤੇ ਜਾ ਰਹੇ ਹਨ।" ਪਰ "ਸ਼ਾਇਦ ਹੁਣ ਫਰਿਜ਼ਨੋ ਵਿਚ ਕੋਈ ਹੋਰ ਇਕੱਠ ਨਹੀਂ ਹੋਵੇਗਾ। ਅੰਗੂਰ ਤੋੜਨ ਦਾ ਕੰਮ ਲਗਭਗ ਮੁੱਕ ਗਿਆ ਹੈ ਅਤੇ ਹਿੰਦੀ ਕੁਝ ਦਿਨਾਂ 'ਚ ਹੀ ਇੱਥੋਂ ਚਾਲੇ ਪਾਉਣੇ ਸ਼ੁਰੂ ਕਰ ਦੇਣਗੇ। ਅਗਲੇ ਇਕੱਠ ਸਟਾਕਟਨ ਅਤੇ ਸੈਕਰਾਮੈਂਟੋ ਵਿਚ ਹੋਣ ਦੀ ਸੰਭਾਵਨਾ ਹੈ।"[81]

## ਬਾਗ਼ੀ

ਜੰਗ ਦੇ ਐਲਾਨ ਤੋਂ ਬਾਅਦ, ਹਾਲਾਤ ਤੇਜ਼ੀ ਨਾਲ ਬਦਲਣੇ ਸ਼ੁਰੂ ਹੋ ਗਏ। ਕਰਤਾਰ ਸਿੰਘ ਸਰਾਭਾ ਅਗਸਤ ਦੇ ਸ਼ੁਰੂ 'ਚ ਤੁਰੰਤ ਉੱਥੋਂ ਰਵਾਨਾ ਹੋ ਗਿਆ।[82] ਮਹੀਨੇ ਦੇ ਅਖ਼ੀਰ 'ਚ ਸੱਠ ਤੋਂ ਲੈ ਕੇ ਅੱਸੀ ਤੱਤਪਰ ਬਾਗ਼ੀ ਉਸ ਦੇ ਮਗਰ ਐੱਸ ਐੱਸ ਕੋਰੀਆ ਜਹਾਜ਼ ਉੱਪਰ ਚੱਲ ਪਏ।[83] ਚਾਰ ਪੰਜ ਬੰਦਿਆਂ ਨੇ ਮਿੱਲਾਂ ਅਤੇ ਫਾਰਮਾਂ ਵਿਚ ਨਿੱਕੇ ਨਿੱਕੇ ਜੱਥੇ ਬਣਾ ਕੇ ਜਹਾਜ਼ ਦੀਆਂ ਟਿਕਟਾਂ ਬੁਕ ਕਰਾਉਣ ਲਈ ਪੈਸੇ ਇਕੱਠੇ ਕਰਨੇ ਸ਼ੁਰੂ ਕਰ ਦਿੱਤੇ।[84] ਸਟਾਕਟਨ ਦੇ ਖ਼ਾਲਸਾ ਦੀਵਾਨ ਕੋਲ ਸਿੱਖ ਪਰਦੇਸੀਆਂ ਦੀਆਂ ਵਾਪਸੀ ਦੀ ਟਿਕਟ ਲਈ ਪੈਸੇ ਦਾ ਜੁਗਾੜ ਕਰਨ ਖ਼ਾਤਰ ਆਪਣੀਆਂ ਜ਼ਮੀਨ ਵੇਚਣ ਦੀਆਂ ਥੋਕ ਗੁਜ਼ਾਰਿਸ਼ਾਂ ਪਹੁੰਚ ਰਹੀਆਂ ਸਨ – ਜੋ ਹਿੰਦੁਸਤਾਨ ਜਾਣ ਲਈ ਆਪਣਾ ਅਮਰੀਕਾ ਵਿਚਲਾ ਭਵਿੱਖ ਕੁਰਬਾਨ ਕਰਨ ਜਾ ਰਹੇ ਸਨ।[85]

ਚੇਂਚਈਆ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਕਿ ਜੰਗ ਸ਼ੁਰੂ ਹੋਣ ਸਾਰ ਬਰਕਲੇ ਯੂਨੀਵਰਸਿਟੀ ਦੇ ਇਨਕਲਾਬੀ ਜਤਿੰਦਰ ਨਾਥ ਲਹਿਰੀ ਨੇ ਤਜਵੀਜ਼ ਪੇਸ਼ ਕੀਤੀ, ਅਤੇ ਕਰਤਾਰ ਸਿੰਘ ਤੇ ਚੇਂਚਈਆ ਨੇ ਇਸ ਦੀ ਤਾਈਦ ਕੀਤੀ ਕਿ ਪੰਜਾਬੀਆਂ ਨੂੰ ਤਾਂ ਤੁਰੰਤ ਵਤਨ ਨੂੰ ਚਾਲੇ ਪਾ ਦੇਣੇ ਚਾਹੀਦੇ ਹਨ, ਪਰ ਵਿਦਿਆਰਥੀਆਂ ਨੂੰ ਅਜਿਹਾ ਕਰਨ ਲਈ ਹੋਰ ਸਿੱਖਣ ਅਤੇ ਤਿਆਰੀ ਕਰਨ ਦੀ ਲੋੜ ਹੈ। ਸਮਝਿਆ ਜਾਂਦਾ ਸੀ ਕਿ ਪੰਜਾਬੀਆਂ ਨੇ ਤਾਂ ਪਹਿਲਾਂ ਹੀ ਆਪਣੀ ਫ਼ੌਜ ਦੀ ਨੌਕਰੀ ਦੌਰਾਨ ਲੋੜੀਂਦੀ ਫ਼ੌਜੀ ਸਿਖਲਾਈ ਲਈ ਹੋਈ ਸੀ। ਯੂਨੀਵਰਸਿਟੀ ਵਿਖੇ ਫ਼ੌਜੀ ਸਿਖਲਾਈ ਅਸੰਭਵ ਹੋਣ ਕਾਰਨ ਉਨ੍ਹਾਂ ਨੇ ਹੋਰ ਦੂਰ-ਦੁਰਾਡੀਆਂ ਸੰਸਥਾਵਾਂ ਦੀ ਭਾਲ ਕਰਨ ਦਾ ਫ਼ੈਸਲਾ ਲਿਆ। ਚੇਂਚਈਆ ਉਨ੍ਹਾਂ ਵਿੱਚੋਂ ਇਕ ਸੀ; ਜਦੋਂ ਇਕ ਸਾਲ ਬਾਅਦ 1915 'ਚ ਉਹ ਹੁਕਮ ਲੈਣ ਲਈ ਵਾਪਸ ਪਰਤਿਆ ਤਾਂ ਉਹ ਇਹ ਦੇਖ ਕੇ ਹੱਕਾ-ਬੱਕਾ ਰਹਿ ਗਿਆ ਕਿ "ਸਦਰ ਮੁਕਾਮ ਵਿਚ ਮੈਨੂੰ ਜੋ ਬੰਦੇ ਮਿਲੇ ਉਨ੍ਹਾਂ ਵਿਚ ਮੇਰਾ ਇਕ ਵੀ ਜਾਣੂ ਨਹੀਂ ਸੀ।"[86] ਉਸ ਦੇ ਪੁਰਾਣੇ ਸੰਗੀ-ਸਾਥੀ ਲੜਾਈ ਲਈ ਕੂਚ ਕਰ ਚੁੱਕੇ ਸਨ।

ਤਿੰਨ ਮਹਾਰਥੀਆਂ ਨੇ ਮੁਸਾਫ਼ਰਾਂ ਨੂੰ ਇਸ ਤਰ੍ਹਾਂ ਉਪਦੇਸ਼ਨੁਮਾ ਵਿਦਾਇਗੀ ਦਿੱਤੀ ਜੋ ਹੁਣ ਮਸ਼ਹੂਰ ਸਤਰਾਂ ਹਨ: "ਤੁਹਾਡਾ ਫਰਜ਼ ਸਪਸ਼ਟ ਹੈ। ਹਿੰਦ ਜਾ ਕੇ ਕੋਨੇ ਕੋਨੇ ਵਿਚ ਗ਼ਦਰ ਮਚਾ ਦਿਓ। ਲੁੱਟਮਾਰ ਸਿਰਫ਼ ਧਨਵਾਨਾਂ ਦੀ ਕਰਿਓ ਅਤੇ ਗ਼ਰੀਬ ਗੁਰਬੇ ਉਪਰ ਰਹਿਮ ਦਿਖਾਇਓ। ਇਸ ਤਰ੍ਹਾਂ ਤੁਹਾਨੂੰ ਵਿਆਪਕ ਹਮਦਰਦੀ ਮਿਲ ਜਾਵੇਗੀ। ਹਿੰਦ ਜਾ ਕੇ ਤੁਹਾਨੂੰ ਹਥਿਆਰ ਮਿਲ ਜਾਣਗੇ। ਜੇ ਨਾ ਮਿਲੇ ਤਾਂ ਥਾਣਿਆਂ 'ਤੇ ਹਮਲੇ ਕਰਕੇ ਰਫ਼ਲਾਂ ਖੋਹਣੀਆਂ ਹੋਣਗੀਆਂ। ਆਪਣੇ ਆਗੂਆਂ ਦੇ ਹੁਕਮਾਂ ਦੀ ਬੇਹਿਚਕ ਪਾਲਣਾ ਕਰਿਓ।"[87] ਰਾਹ ਵਿਚ ਹਰ ਬੰਦਰਗਾਹ ਉੱਪਰ ਉਹ ਰੰਗਰੂਟ ਭਰਤੀ ਕਰਨ ਅਤੇ ਫ਼ੌਜੀਆਂ ਨਾਲ ਰਾਬਤਾ ਬਣਾਉਣ ਲਈ ਪੜਾਅ ਕਰਦੇ।[88] ਯੋਕੋਹਾਮਾ ਤੋਂ ਉਨ੍ਹਾਂ ਨੇ ਹੋਰ ਹਥਿਆਰ ਲਏ ਅਤੇ ਕੋਬੇ ਵਿਚ ਉਨ੍ਹਾਂ ਨੂੰ ਜੋ ਜਹਾਜ਼ ਮਿਲਿਆ ਉਸ ਉਪਰ ਵੈਨਕੂਵਰ ਤੋਂ ਆ ਰਹੇ ਬਾਗ਼ੀ ਸਵਾਰ ਸਨ। ਮਨੀਲਾ ਵਿਚ ਉਨ੍ਹਾਂ ਨੂੰ ਸਥਾਨਕ ਗ਼ਦਰੀ ਸ਼ਾਖਾ ਦਾ

ਪ੍ਰਧਾਨ ਹਾਫਿਜ਼ ਅਬਦੁੱਲਾ ਮਿਲਿਆ; ਇਥੇ ਨਵਾਬ ਖਾਨ ਅਤੇ ਜਗਤ ਰਾਮ ਸਮੁੰਦਰੀ ਕੰਢੇ ਉੱਪਰ ਇਕ ਮੀਟਿੰਗ ਨੂੰ ਮੁਖ਼ਾਤਬ ਹੋਏ, ਜਿਸ ਵਿਚ "ਵਾਹਵਾ ਗਿਣਤੀ ਬਾਗ਼ੀ ਸਾਹਿਤ ਵੀ ਵੰਡਿਆ ਗਿਆ।"[89] ਹਾਂਗਕਾਂਗ ਪਹੁੰਚਣ ਵਕਤ ਉਨ੍ਹਾਂ ਦੀ ਤਾਦਾਦ ਤਿੰਨ ਸੌ ਹੋ ਗਈ ਸੀ। ਪਰ ਉਥੇ ਨਿਧਾਨ ਸਿੰਘ ਦੀ ਇਕ ਤਾਰ ਆਈ, ਜੋ ਨਾਗਾਸਾਕਾ ਤੋਂ ਕੋਰੀਆ ਜਹਾਜ਼ ਫੜ ਕੇ ਰਵਾਨਾ ਹੋਇਆ ਸੀ ਅਤੇ ਪਹਿਲਾਂ ਹੀ ਸ਼ੰਘਾਈ ਅੱਪੜ ਗਿਆ ਸੀ। ਉਸ ਨੇ ਚੇਤਾਵਨੀ ਦਿੱਤੀ ਕਿ ਹਾਂਗਕਾਂਗ ਪਹੁੰਚਣ 'ਤੇ ਹਥਿਆਰ, ਗੋਲੀਸਿੱਕਾ ਅਤੇ ਬਾਗ਼ੀ ਸਾਹਿਤ ਕਬਜ਼ੇ 'ਚ ਲੈਣ ਲਈ ਉਨ੍ਹਾਂ ਦੀ ਤਲਾਸ਼ੀ ਲਈ ਜਾਵੇਗੀ, ਲਿਹਾਜ਼ਾ ਆਗੂਆਂ ਨੇ ਹਰ ਮੁਸ਼ਕਲ ਖੜ੍ਹੀ ਕਰਨ ਵਾਲੀ ਚੀਜ਼ ਸਮੁੰਦਰ ਵਿਚ ਸੁੱਟ ਦਿੱਤੀ। ਉਨ੍ਹਾਂ ਨੂੰ ਇਹ ਖ਼ਬਰ ਵੀ ਦਿੱਤੀ ਗਈ ਕਿ ਦੋ ਸੌ ਤੋਂ ਵੱਧ ਹਿੰਦੁਸਤਾਨੀ ਮੁਸਾਫ਼ਰਾਂ ਵਾਲਾ ਕੋਈ ਵੀ ਜਹਾਜ਼ ਬੰਦਰਗਾਹ 'ਤੇ ਨਹੀਂ ਲੱਗਣ ਦਿੱਤਾ ਜਾਵੇਗਾ, ਇਸ ਕਰਕੇ ਉਨ੍ਹਾਂ ਨੇ ਵੱਖ-ਵੱਖ ਟੋਲੀਆਂ ਬਣਾ ਲਈਆਂ। ਉਨ੍ਹਾਂ ਵਿੱਚੋਂ ਦੋ ਸੌ *ਤੋਸ਼ਾ ਮਾਰੂ* 'ਤੇ ਚੜ੍ਹ ਗਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ 29 ਅਕਤੂਬਰ ਨੂੰ ਕਲਕੱਤਾ ਪਹੁੰਚਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ।[90] ਅਸਲ ਵਿਚ ਸੈਡੀਸ਼ਨ ਕਮੇਟੀ ਰਿਪੋਰਟ ਨੇ *ਤੋਸ਼ਾ ਮਾਰੂ* ਵਾਲੇ ਕਾਫ਼ਲੇ ਨੂੰ "ਸਭ ਤੋਂ ਖ਼ਤਰਨਾਕ" ਮੁਸਾਫ਼ਰ ਮੰਨਿਆ ਸੀ, ਕਿਉਂਕਿ ਇਹ "ਬਾਗ਼ੀਆਂ ਦਾ ਟੋਲਾ ਸੀ ਜਿਨ੍ਹਾਂ ਨੇ ਵੱਖੋ-ਵੱਖਰੇ ਜੱਥੇ ਬਣਾ ਲਏ ਸਨ" ਅਤੇ ਜੇ ਥੋਕ ਰੂਪ 'ਚ ਇਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ "ਇਨ੍ਹਾਂ ਵਿਆਪਕ ਇੰਤਜ਼ਾਮਾਂ ਨੂੰ ਅਸਫ਼ਲ ਨਾ ਬਣਾਇਆ ਜਾਂਦਾ ਇਨ੍ਹਾਂ ਨੇ ਪੰਜਾਬ ਜਾ ਕੇ ਆਪਣੇ ਆਗੂ ਦੀ ਅਗਵਾਈ ਹੇਠ ਖ਼ਾਸ ਇਲਾਕੇ ਵਿਚ ਕੰਮ ਕਰਨਾ ਸੀ।"[91] ਇਸ ਪਿੱਛੋਂ ਛੇਤੀ ਹੀ ਉਨ੍ਹਾਂ ਨੇ ਇਸ ਸਮੱਸਿਆ ਤੋਂ ਬਚਣ ਲਈ ਨਾਮਾਲੂਮ ਨਿੱਕੇ ਨਿੱਕੇ ਜੱਥਿਆਂ ਵਿਚ ਸਫ਼ਰ ਕਰਨ ਦਾ ਵੱਲ ਸਿੱਖ ਲਿਆ। ਪੱਤਝੜ ਤੇ ਸਾਰਾ ਸਿਆਲ ਬਰਤਾਨਵੀ ਜਹਾਜ਼ ਮਾਰਗਾਂ ਤੋਂ ਪਾਸਾ ਵੱਟਕੇ ਜਪਾਨੀ ਜਹਾਜ਼ਾਂ ਰਾਹੀਂ ਜੱਥੇ ਆਉਂਦੇ ਰਹੇ; ਇਕ ਵਾਰ ਟਿਕਾਣੇ ਪਹੁੰਚ ਕੇ ਉਹ ਇਕੱਲੇ ਇਕੱਲੇ ਪੰਜਾਬ ਜਾ ਕੇ ਮਿੱਥੇ ਦਿਨ ਇਕੱਠੇ ਹੋ ਜਾਂਦੇ।[92] ਸਫ਼ਰ ਸਮੇਂ ਸ਼ੱਕ ਤੋਂ ਬਚਣ ਦੀ ਜੁਗਤ ਬਾਰੇ ਇਕ ਮੁਸਾਫ਼ਰ ਨੇ ਇਹ ਵੀ ਲਿਖਿਆ ਕਿ "ਵਾਪਸ ਮੁੜ ਰਹੇ ਪਰਦੇਸੀ ਵਜੋਂ ਪਛਾਣੇ ਜਾਣ ਤੋਂ ਬਚਣ ਲਈ ਮੈਂ ਕਿਸੇ ਨਾਲ ਆਪਣੀ ਛੋਟੀ ਪੱਗ ਵਟਾ ਕੇ ਇਸ ਦੀ ਥਾਂ ਵੱਡੀ ਪੱਗ ਬੰਨ੍ਹ ਲਈ ਸੀ।"[93]

ਉਸ ਪੱਤਝੜ ਤੋਂ ਲੈ ਕੇ 1915 ਦੀ ਬਸੰਤ ਤਕ, ਉੱਤਰੀ ਅਮਰੀਕਾ ਤੋਂ 579 ਅਤੇ ਪੂਰਬੀ ਏਸ਼ੀਆ ਤੋਂ 470 "ਸੂਰਮੇ" ਰਵਾਨਾ ਹੋਏ।[94] ਰਤਨ ਸਿੰਘ ਨੇ ਅੰਦਾਜ਼ਾ ਲਗਾਇਆ ਕਿ ਜੰਗ ਦੇ ਪਹਿਲੇ ਦੋ ਸਾਲਾਂ ਦੌਰਾਨ ਉਨ੍ਹਾਂ ਦੇ 8000 ਗ਼ਦਰੀ ਸੰਗੀ-ਸਾਥੀ ਵਾਪਸ ਗਏ, ਜੋ ਸਮੁੰਦਰੋਂ ਪਾਰ ਦੀ ਕੁਲ ਗਿਣਤੀ ਦਾ ਦੋ-ਤਿਹਾਈ ਸਨ।[95] ਅਜੇ ਹਕੂਮਤ ਇਹ ਸੂਹ ਲਾਉਣ ਦੇ ਸਮਰੱਥ ਨਹੀਂ ਸੀ ਕਿ ਨਵੇਂ ਆਉਣ ਵਾਲਿਆਂ ਦੀ "ਗੜਬੜ ਕਰਨ ਦੀ ਵਜੂਦ ਸਮੋਈ ਮੁਕਾਬਲਤਨ ਸਮਰੱਥਾ" ਕਿੰਨੀ ਕੁ ਹੈ, ਪਰ ਉਹ ਐਨਾ ਜਾਣਦੀ ਸੀ ਕਿ ਅਮਰੀਕਾ ਵਿਚ ਇਕ ਵੈਰੀ ਜਥੇਬੰਦੀ ਬਣ ਚੁੱਕੀ ਸੀ ਅਤੇ ਕੁਝ ਵਰ੍ਹੇ ਪਰਦੇਸ ਰਹਿ ਕੇ "ਅਸਧਾਰਨ ਤਾਦਾਦ" 'ਚ ਵਾਪਸ ਆ ਰਹੇ ਪਰਦੇਸੀਆਂ ਦਾ ਖਿੱਚ ਦਾ ਕੇਂਦਰ ਬਣਨਾ ਪ੍ਰੇਸ਼ਾਨ ਕਰਨ ਵਾਲਾ ਸੀ।[96] ਹੋਰ ਛਾਣਬੀਣ ਤੋਂ ਸੰਕੇਤ ਮਿਲਿਆ ਕਿ ਇੰਞ ਲੱਗਦਾ ਹੈ ਕਿ ਉੱਤਰੀ ਅਮਰੀਕਾ ਵਿਚ ਰਹਿ ਰਹੇ ਕੁਝ ਵਿਰਲੇ ਟਾਵੇਂ ਹੀ ਗ਼ਦਰ ਦੇ ਖ਼ਿਆਲਾਂ ਦੀ "ਲਾਗ ਤੋਂ ਬਚੇ" ਸਨ। ਲਿਹਾਜ਼ਾ, ਪੁਲਿਸ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਕਿ "ਅਮਰੀਕਾ ਜਾਂ ਕੈਨੇਡਾ ਤੋਂ ਜਿਹੜਾ ਵੀ ਕੋਈ ਹਿੰਦੁਸਤਾਨੀ ਮਜ਼ਦੂਰ, ਦਸਤਕਾਰ ਜਾਂ ਵਿਦਿਆਰਥੀ ਵਾਪਸ ਮੁੜ ਰਿਹਾ ਹੈ ਪਹਿਲੀ ਨਜ਼ਰੇ ਉਸ ਨੂੰ ਲਾਜ਼ਮੀ ਹੀ ਪੂਰੀ ਤਰ੍ਹਾਂ ਸ਼ੱਕੀ ਸਰਗਰਮ ਇਨਕਲਾਬੀ ਜਾਂ ਕਿਸੇ ਵੀ ਸੂਰਤ 'ਚ ਇਨਕਲਾਬੀ ਪਾਰਟੀ ਦਾ ਹਮਦਰਦ ਸਮਝਿਆ ਜਾਣਾ ਚਾਹੀਦਾ ਹੈ।"[97] ਹਾਂਗਕਾਂਗ ਅਤੇ ਅਮਰੀਕਾ ਵਿਚ ਵੀ

ਇਹ ਰੋਗ ਮਹਾਂਮਾਰੀ ਵਾਂਗ ਫੈਲਿਆ ਹੋਇਆ ਸੀ ਜਿਥੇ ਭਗਵਾਨ ਸਿੰਘ ਕੈਲੀਫੋਰਨੀਆ ਤੋਂ ਆ ਕੇ ਆਵਾਸੀ ਹਿੰਦੀਆਂ ਨੂੰ ਜਗਾਉਣ ਅਤੇ ਭਰਤੀ ਕਰਨ 'ਚ ਜੁਟ ਗਿਆ ਸੀ, ਜਦਕਿ ਹੋਰ ਜਣੇ ਮਲਾਇਆ, ਸਿੰਗਾਪੁਰ ਅਤੇ ਬਰਮਾ ਵਿਚ ਜਾ ਕੇ ਇਸ ਕੰਮ ਵਿਚ ਜੁਟ ਗਏ ਸਨ। ਲਿਹਾਜ਼ਾ, "ਸਰਕਾਰੀ ਨੌਕਰਾਂ ਅਤੇ ਹਾਂਗਕਾਂਗ ਤੇ ਸ਼ੰਘਾਈ ਦੇ ਸਰਕਾਰੀ ਅਧਿਕਾਰੀਆਂ ਵਲੋਂ ਭੇਜੇ ਜਾਣ ਵਾਲੇ ਬੰਦਿਆਂ ਨੂੰ ਛੱਡ ਕੇ ਦੂਰ ਪੂਰਬ ਤੋਂ ਆ ਰਹੇ ਹਰ ਬੰਦੇ ਨੂੰ ਲਾਜ਼ਮੀ ਹੀ ਇਸੇ ਤਰ੍ਹਾਂ ਲਿਆ ਜਾਣਾ ਚਾਹੀਦਾ ਹੈ।"[98]

ਬਹੁਤ ਸਾਰੇ ਮੁਸਾਫ਼ਰਾਂ ਨੂੰ ਸੁਰੱਖਿਆ ਦੇ ਨਾਂ 'ਤੇ ਫਟਾਫਟ ਗ੍ਰਿਫ਼ਤਾਰ ਕਰ ਲਿਆ ਗਿਆ ਜਾਂ ਉਨ੍ਹਾਂ ਦੇ ਪਿੰਡਾਂ ਵਿਚ ਜੂਹਬੰਦ ਕਰ ਦਿੱਤਾ ਗਿਆ।[99] ਪਰ ਜਿਵੇਂ ਰਤਨ ਸਿੰਘ ਨੇ ਲਿਖਿਆ, ਝਕਾਨੀ ਦੇ ਜਾਣ ਵਾਲਿਆਂ ਦਾ ਅਗਲਾ ਕੰਮ ਸੀ, ਪਹਿਲਾਂ ਚਾਰ-ਬੰਦ ਜਣਿਆਂ ਦੇ "ਛਾਪਾਮਾਰ ਜੱਥੇ" ਤੇ ਫਿਰ ਵੱਖੋ-ਵੱਖਰੇ ਆਗੂਆਂ ਦੇ ਮਤਹਿਤ ਸੋਲਾਂ ਕੁ ਜਣਿਆਂ ਦੇ ਜੱਥੇ ਬਣਾਉਣਾ ਅਤੇ ਓਦੋਂ ਤੱਕ ਥਾਂ ਥਾਂ ਚੁੱਪਚਾਪ ਦੜੇ ਰਹਿਣਾ ਜਦੋਂ ਤਕ ਮੁਹਿੰਮ ਲਈ ਇਕੱਠੇ ਹੋਣ ਦਾ ਮੌਕਾ ਨਹੀਂ ਆਉਂਦਾ। ਇਹ ਵਿਕੇਂਦਰੀਕਰਨ ਇਹ ਸੋਚ ਕੇ ਕੀਤਾ ਗਿਆ ਸੀ ਕਿ ਇਕ ਆਗੂ ਜਾਂ ਉਸ ਦੇ ਜੱਥੇ ਦੀ ਗ੍ਰਿਫ਼ਤਾਰ ਦੀ ਸੂਰਤ 'ਚ ਲਹਿਰ ਦੇ ਤਬਾਹ ਹੋਣ ਦੀ ਸੰਭਾਵਨਾ ਘੱਟ ਜਾਵੇ।[100] ਬਦਕਿਸਮਤੀ ਨਾਲ, ਕੁਝ ਗ੍ਰਿਫ਼ਤਾਰੀਆਂ ਹੋਣ ਨਾਲ ਭੇਤ ਖੁੱਲ੍ਹ ਜਾਣ 'ਤੇ ਸ਼ੁਰੂ 'ਚ ਹੀ ਜਥੇਬੰਦੀ 'ਚ ਅਫਰਾ-ਤਫ਼ਰੀ ਮਚ ਗਈ। ਇਸ ਤੋਂ ਬਿਨਾ, ਜੱਥਿਆਂ ਦਾ ਆਪੋ ਵਿਚ ਕੋਈ ਬਾਕਾਇਦਾ ਸੰਚਾਰ ਪ੍ਰਬੰਧ ਨਹੀਂ ਸੀ ਨਾ ਹੀ ਨਵੇਂ ਆਉਣ ਵਾਲਿਆਂ ਨਾਲ ਮੇਲ-ਮਿਲਾਪ ਦਾ ਕੋਈ ਇੰਤਜ਼ਾਮ ਸੀ।[101] ਬਗ਼ਾਵਤ ਲਈ ਤਜਵੀਜ਼ ਕੀਤੀਆਂ ਕੁਝ ਮੁੱਢਲੀਆਂ ਤਾਰੀਕਾਂ ਬਿਨਾ ਕੁਝ ਹੋਏ ਹੀ ਲੰਘ ਗਈਆਂ। 15 ਨਵੰਬਰ ਨੂੰ ਮੀਆਂ ਮੀਰ ਛਾਉਣੀ ਦੇ ਅਸਲਾਖ਼ਾਨੇ ਉੱਪਰ ਕੁਝ ਫ਼ੌਜੀਆਂ ਦੀ ਮਦਦ ਨਾਲ ਧਾਵਾ ਬੋਲ ਕੇ ਫ਼ੌਜੀ ਬਗ਼ਾਵਤ ਸ਼ੁਰੂ ਕੀਤੀ ਜਾਣੀ ਸੀ। 26 ਨਵੰਬਰ ਨੂੰ ਲਾਹੌਰ ਛਾਉਣੀ ਵਿਚ ਫ਼ੌਜੀ ਬਗ਼ਾਵਤ ਕਰਕੇ ਬਗ਼ਾਵਤ ਦਾ ਬਿਗਲ ਵਜਾਇਆ ਜਾਣਾ ਸੀ; ਇਸ ਤੋਂ ਤੁਰੰਤ ਪਿੱਛੋਂ ਫ਼ਿਰੋਜ਼ਪੁਰ ਦੇ ਮੈਗਜ਼ੀਨ ਉੱਪਰ ਹਮਲਾ ਕਰਕੇ ਬਗ਼ਾਵਤ ਕੀਤੀ ਜਾਣੀ ਸੀ। ਪਰ ਦਸੰਬਰ ਤੱਕ ਬਗ਼ਾਵਤ ਦੇ ਯਤਨਾਂ ਦੀ ਕੋਈ ਉੱਘ-ਸੁੱਘ ਨਹੀਂ ਸੀ। ਇਸ ਦੌਰਾਨ ਜੱਥੇ ਲਾਹੌਰ ਤੋਂ ਆਉਂਦੀਆਂ ਗੋਲਮੋਲ ਅਤੇ ਇਕ ਦੂਜੀ ਨਾਲ ਬੇਮੇਲ ਹਦਾਇਤਾਂ ਤੋਂ ਅੱਕ ਗਏ ਜਿਥੇ ਭਾਈ ਪਰਮਾਨੰਦ ਨੇ ਸਿਆਸੀ ਅਤੇ ਛਪਣ-ਛਪਾਈ ਦਾ ਕੰਮ ਕਰਨ ਦੇ ਉਦੇਸ਼ ਨਾਲ ਇਕ ਅੱਡੇ ਦਾ ਜੁਗਾੜ ਕਰ ਲਿਆ ਸੀ। ਇਸ ਦੀ ਥਾਂ ਉਨ੍ਹਾਂ ਨੇ "ਹੋਰ ਵਾਪਸ ਪਰਤੇ ਗ਼ਦਰੀਆਂ ਨੂੰ ਮਿਲਣ, ਇਕੱਠ ਕਰਨ", ਅਤੇ ਹਥਿਆਰਾਂ ਤੇ ਫੰਡਾਂ ਲਈ ਡਾਕੇ ਮਾਰਨ ਲਈ ਥਾਂਵਾਂ ਚੁਨਣ" ਦੀ ਪਹਿਲਕਦਮੀਂ ਲੈ ਕੇ "ਪਿੰਡ ਪਿੰਡ ਘੁੰਮਣਾ", "ਰਾਜਧ੍ਰੋਹ ਦਾ ਪ੍ਰਚਾਰ ਕਰਨਾ" ਅਤੇ "ਹਿੰਦੁਸਤਾਨੀ ਫ਼ੌਜਾਂ ਨੂੰ ਭੜਕਾਉਣਾ" ਜਾਂ ਖੁਫ਼ੀਆ ਸੰਪਰਕਾਂ ਵਿਚ ਜਾਣਾ ਸ਼ੁਰੂ ਕਰ ਦਿੱਤਾ।[102]

ਉਨ੍ਹਾਂ ਵਿੱਚੋਂ ਕੁਝ ਸੋਚਦੇ ਸਨ ਕਿ ਇਸ ਟਾਕਰੇ ਤੋਂ ਪਾਰ ਜਾ ਕੇ ਗ਼ਦਰ ਤੋਂ ਬਾਅਦ ਦੀ ਸੋਚ ਵੱਲ ਤੁਰਨ ਦੀ ਲੋੜ ਹੈ। ਲੁਧਿਆਣੇ ਦਾ ਇਕ ਵਿਦਿਆਰਥੀ ਦਲੀਪ ਸਿੰਘ ਜੋ "ਨਿਧਾਨ ਸਿੰਘ, ਪਰਮਾਨੰਦ ਅਤੇ ਹੋਰਾਂ ਦੀ ਬਰਤਾਨੀਆ ਵਿਰੋਧੀ ਅਤੇ ਸਮਾਜਵਾਦ ਦੀ ਗੱਲਬਾਤ ਸੁਣ ਕੇ ਕੁਰਾਹੇ ਪੈ ਗਿਆ" ਤੇ ਗ਼ਦਰ ਦਾ ਜ਼ੋਰਦਾਰ ਹਮਾਇਤੀ ਬਣ ਗਿਆ ਸੀ, ਉਸ ਨੇ ਲਿਖਿਆ:

"ਜਦੋਂ ਵੀ ਮੈਂ ਇਨ੍ਹਾਂ ਬੰਦਿਆਂ ਨੂੰ ਮਿਲਦਾ, ਮੈਂ ਸਵਾਲ ਕਰਦਾ ਉਹ ਐਨੀ ਤਾਕਤਵਰ ਹਕੂਮਤ ਨੂੰ ਕਿਵੇਂ ਉਲਟਾ ਦੇਣਗੇ; ਅਤੇ ਉਨ੍ਹਾਂ ਦਾ ਜਵਾਬ ਹੁੰਦਾ ਕਿ ਹਕੂਮਤ ਦਾ ਥੰਮ ਉਨ੍ਹਾਂ ਦੇ ਆਪਣੇ ਭਾਈ ਹਨ।.... ਹਕੂਮਤ ਯੂਰਪ ਦੀ ਜੰਗ ਵਿਚ ਫਸੀ ਹੋਈ ਹੈ ਅਤੇ ਹਿੰਦੁਸਤਾਨ ਵਿਚ ਗੋਰੇ ਫ਼ੌਜੀਆਂ ਦੀ ਤਾਦਾਦ ਬਹੁਤ ਥੋੜ੍ਹੀ ਹੈ। ਇਸ ਕਰਕੇ ਸਾਨੂੰ ਫਟਾਫਟ ਉਨ੍ਹਾਂ ਨੂੰ ਦਬੱਲ ਕੇ

ਆਪਣੀ ਸੰਸਦ ਬਣਾ ਲੈਣੀ ਚਾਹੀਦੀ ਹੈ। ਹਰ ਪਿੰਡ ਵਿਚ ਸਾਨੂੰ ਨੁਮਾਇੰਦੇ ਥਾਪ ਲੈਣੇ ਚਾਹੀਦੇ ਹਨ ਅਤੇ ਆਪਣੀ "ਸੰਸਦ" ਵਿਚ ਮਾਮਲੇ ਨਬੇੜਨੇ ਚਾਹੀਦੇ ਹਨ। ਇਹ ਕਾਮਯਾਬ ਹੋਵੇਗੀ ਕਿਉਂਕਿ ਪਿੰਡਾਂ ਦੇ ਭਲੀਭਾਂਤ ਲੋਕ ਜਾਣਦੇ ਹਨ ਕਿ ਉਨ੍ਹਾਂ ਦੇ ਗੁਆਂਢ ਵਿਚ ਕੀ ਹੋ ਰਿਹਾ ਹੈ।"[103]

1913 ਅਤੇ 1915 ਦਰਮਿਆਨ, ਬਲਵੰਤ ਸਿੰਘ ਨੇ ਆਪਣੇ ਜੱਦੀ ਪਿੰਡ ਸੰਘਵਾਲ ਵਿਚ ਪਿੰਡ ਦੀ ਸਭਾ ਬਣਾ ਲਈ ਜੋ ਇਕ ਸਕੂਲ, ਪਸ਼ੂਆਂ ਦਾ ਹਸਪਤਾਲ, ਇਕ ਲਾਇਬ੍ਰੇਰੀ ਅਤੇ ਖੁੱਲ੍ਹੀ ਅਦਾਲਤ ਚਲਾਉਂਦੀ ਸੀ – ਜੋ ਸੱਚੀਓਂ ਹੀ ਇਕ ਖ਼ੁਦਮੁਖ਼ਤਿਆਰ ਸਮਾਜ ਦੀ ਤਰ੍ਹਾਂ ਸੀ।[104] ਉਸ ਨੂੰ ਉਮੀਦ ਸੀ ਕਿ ਉਹ ਆਪਣੇ ਪਿੰਡ ਦੇ ਆਲੇ-ਦੁਆਲੇ ਗ਼ਦਰ ਅਖ਼ਬਾਰ ਪੜ੍ਹਾ ਕੇ ਉਨ੍ਹਾਂ ਵਿੱਚੋਂ "ਵਿਚਾਰ ਬਦਲਣ ਵਾਲਿਆਂ" ਨੂੰ ਆਪਣੇ ਨਾਲ ਜੋੜ ਲਵੇਗਾ ਜੋ ਉਹ ਵੱਖ-ਵੱਖਰੇ ਫਰਜ਼ੀ ਸਰਨਾਵਿਆਂ ਉੱਪਰ ਮੰਗਵਾ ਰਿਹਾ ਸੀ।[104] ਪਿਆਰਾ ਸਿੰਘ ਤੇ ਉਸ ਦੇ ਕੁਝ ਸੰਗੀ-ਸਾਥੀਆਂ ਨੇ ਨਮਾਣਾ ਪਿੰਡ ਵਿਚ "ਆਪਣੇ ਵਤਨ ਵਾਸੀਆਂ ਨੂੰ ਤਾਲੀਮ ਦੇਣ ਅਤੇ ਉਨ੍ਹਾਂ ਵਿਚ ਆਜ਼ਾਦੀ ਤੇ ਆਪਣੇ ਸਿਆਸੀ ਹੱਕਾਂ ਦੀ ਜਾਗ ਲਾਉਣ" ਦੇ ਉਦੇਸ਼ ਨਾਲ ਇਕ ਸਕੂਲ ਬਣਾਇਆ, ਉਦੇਸ਼ ਜਿਸ ਬਾਰੇ ਉਨ੍ਹਾਂ ਨੇ ਕੈਨੇਡਾ ਵਿਚ ਚਰਚਾ ਕੀਤੀ ਸੀ।[105] 1915 'ਚ ਸਕੂਲ ਵਿਚ ਉੱਪਰ ਗੁਰਦੁਆਰਾ ਸੀ ਤੇ ਹੇਠਾਂ ਜਮਾਤ ਦਾ ਕਮਰਾ ਸੀ ਅਤੇ ਇਹ ਇਨਕਲਾਬੀਆਂ ਲਈ ਮੀਟਿੰਗਾਂ ਕਰਨ ਵਾਲੀ ਜਗ੍ਹਾ ਦਾ ਕੰਮ ਦਿੰਦਾ ਸੀ। 1918 ਦੀ ਵਿਸਤਾਰੀ ਸੈਡੀਸ਼ਨ ਕਮੇਟੀ ਰਿਪੋਰਟ ਨੇ ਨੋਟ ਕੀਤਾ, ਕੁਲਮਿਲਾਕੇ ਵਾਪਸ ਪਰਤੇ ਬਾਗ਼ੀਆਂ ਦੇ ਦਿਮਾਗਾਂ ਵਿਚ "ਅਮਰੀਕਾ ਵਿਚ ਬਰਾਬਰੀ ਅਤੇ ਜਮਹੂਰੀਅਤ ਦੇ ਖ਼ਿਆਲ ਕੁੱਟ-ਕੁੱਟ ਕੇ ਭਰੇ ਹੋਏ ਸਨ ਅਤੇ ਹਰਦਿਆਲ ਨੇ ਉਨ੍ਹਾਂ ਦਾ ਵਿਸ਼ਵਾਸ ਬਣਾ ਦਿੱਤਾ ਸੀ..... ਕਿ ਅੰਗਰੇਜ਼ ਨੂੰ ਦਬੱਲ ਦੇਣ ਨਾਲ ਹਿੰਦ ਨੂੰ ਸੁਪਨਿਆਂ ਦੀ ਦੁਨੀਆ ਬਣਾਇਆ ਜਾ ਸਕਦਾ ਹੈ ਜਿਸ ਵਿਚ ਸਾਰੇ ਬਰਾਬਰ ਹੋਣਗੇ, ਅਤੇ ਕੋਈ ਪਲੇਗ ਤੇ ਕਾਲ ਨਹੀਂ ਪੈਣਗੇ।"[106]

ਜਦੋਂ ਪਰਦੇਸਾਂ ਤੋਂ ਮੁੜਿਆਂ ਨੇ ਕੌਮੀ-ਇਨਕਲਾਬੀ ਸਵਦੇਸ਼ੀ ਲਹਿਰ ਦੇ ਇਕ ਅਹਿਮ ਹਿੱਸੇ, ਬੰਗਾਲ ਦੇ ਯੁਗਾਂਤਰ ਗਰੁੱਪ, ਨਾਲ ਰਾਬਤਾ ਬਣਾ ਲਿਆ ਤਾਂ ਇਕ ਵਾਰ ਤਾਂ ਇਹ ਨਿਸ਼ਾਨਾ ਰੇੜ੍ਹੇ ਪੈ ਗਿਆ। ਰਾਸ ਬਿਹਾਰੀ ਬੋਸ ਅਤੇ ਸਚਿੰਦਰਨਾਥ ਸਾਨਿਆਲ ਦੀ ਅਗਵਾਈ ਵਾਲੀ ਇਸ ਸ਼ਾਖਾ ਦਾ ਕੇਂਦਰ ਵਾਰਾਨਸੀ ਸੀ। ਸਾਨਿਆਲ ਬੰਗਾਲੀ ਇਨਕਲਾਬੀ ਤਾਣੇਬਾਣੇ ਅਤੇ ਵਤਨ ਪਰਤੇ ਗ਼ਦਰੀਆਂ ਦਰਮਿਆਨ ਸਭ ਤੋਂ ਅਹਿਮ ਕੜੀ ਬਣਿਆ। ਗ਼ਦਰੀ ਕਰਤਾਰ ਸਿੰਘ, ਅਮਰ ਸਿੰਘ, ਪਿਰਥੀ ਸਿੰਘ ਅਤੇ ਰਾਮ ਸਰਨ ਦਾਸ ਨਾਲ ਪਹਿਲੀ ਮਿਲਣੀ ਸਮੇਂ ਹੀ ਸਾਨਿਆਲ ਨੇ ਉਨ੍ਹਾਂ ਤੋਂ ਇਸ ਸਾਜ਼ਿਸ਼ ਵਿਚ ਸ਼ਾਮਲ ਬਾਗ਼ੀਆਂ ਦੇ ਇੰਤਜ਼ਾਮਾਂ, ਉਨ੍ਹਾਂ ਦੀ ਗਿਣਤੀ ਅਤੇ ਲੋੜਾਂ ਦੀ ਜਾਣਕਾਰੀ ਲਈ; ਉਨ੍ਹਾਂ ਕੋਲ ਆਦਮੀ ਤਾਂ ਬਥੇਰੇ ਸਨ ਪਰ ਪੈਸੇ, ਹਥਿਆਰ ਅਤੇ ਸਮਰੱਥ ਤੇ ਤਾਲਮੇਲਵੀਂ ਅਗਵਾਈ ਦੀ ਘਾਟ ਸੀ। ਸਾਨਿਆਲ ਉਨ੍ਹਾਂ ਨੂੰ ਇਕ ਰਿਵਾਲਵਰ ਤੇ ਕੁਝ ਕਾਰਤੂਸ ਅਤੇ ਇਹ ਹਦਾਇਤਾਂ ਦੇ ਕੇ ਮੁੜ ਗਿਆ ਕਿ ਅਗਲੀ ਵਾਰ ਉਸ ਨੂੰ ਮਿਲਣ ਲਈ ਤਾਲਮੇਲ ਕਿਵੇਂ ਕਰਨਾ ਹੈ। ਇਸ ਦੀ ਜਾਣਕਾਰੀ ਪਿਰਥੀ ਸਿੰਘ ਨੂੰ ਹੀ ਸੀ, ਉਸ ਦੀ ਗ੍ਰਿਫ਼ਤਾਰੀ ਨਾਲ ਸੰਪਰਕ ਟੁੱਟ ਗਿਆ।

ਇਕ ਮਹੀਨੇ ਬਾਅਦ ਜਦੋਂ ਪਿੰਗਲੇ ਆ ਗਿਆ, ਜੋ ਕੈਲੀਫੋਰਨੀਆ ਅਤੇ ਓਰੇਗਨ ਵਿਚ ਗ਼ਦਰ ਕਾਰਵਾਈ ਵਿੰਗ ਬਣਾਉਣ ਵਾਲਿਆਂ ਵਿੱਚੋਂ ਸੀ, ਤਾਂ ਉਸ ਨੂੰ ਬੰਗਾਲੀਆਂ ਤੇ ਪੰਜਾਬੀਆਂ ਦਰਮਿਆਨ "ਸਹਿਯੋਗ ਦੇ ਪੁਖ਼ਤਾ ਇੰਤਜ਼ਾਮ" ਕਰਨ ਅਤੇ ਸਾਨਿਆਲ ਨਾਲ ਮੁੱਢਲੇ ਸੰਪਰਕ ਉੱਪਰ ਟੇਕ ਰੱਖ ਕੇ ਚੱਲਣ ਦਾ ਕੰਮ ਸੌਂਪਿਆ ਗਿਆ। ਇਹ ਮਰਾਠਾ, ਕੁਝ ਸਿੱਖ

ਗ਼ਦਰੀਆਂ ਨਾਲ ਨਵੰਬਰ 1914 ਵਿਚ ਵਾਪਸ ਆਉਂਦੇ ਹੀ ਰਾਸ ਬਿਹਾਰੀ ਬੋਸ ਦੇ "ਬੰਗਾਲ ਵਾਲੇ ਅਰਾਜਕਤਾਵਾਦੀ" ਗਰੁੱਪ ਵਿਚ ਸ਼ਾਮਲ ਹੋ ਗਿਆ ਅਤੇ ਦੋਵਾਂ ਹਲਕਿਆਂ ਦਰਮਿਆਨ ਸੰਚਾਰ ਅਤੇ ਜਥੇਬੰਦਕ ਸਾਂਝ ਉਸਾਰਨ ਲਈ ਕੰਮ ਸ਼ੁਰੂ ਕਰ ਦਿੱਤਾ।[107] ਫਿਰ ਸਾਨਿਆਲ ਤੇ ਪਿੰਗਲੇ ਪੂਰੇ ਉੱਤਰੀ ਹਿੰਦੁਸਤਾਨ ਵਿਚ ਇਨਕਲਾਬੀਆਂ ਨਾਲ ਖ਼ੁਫ਼ੀਆ ਮੀਟਿੰਗਾਂ ਕਰਨ 'ਚ ਓਦੋਂ ਤੱਕ ਜੁਟੇ ਰਹੇ ਜਦੋਂ ਤੱਕ ਸਾਨਿਆਲ ਨੂੰ ਪੂਰਬੀ ਕੇਂਦਰਾਂ ਨੂੰ ਨਿਰਦੇਸ਼ ਦੇਣ ਦਾ ਕੰਮ ਸੌਂਪ ਕੇ ਉਥੇ ਨਹੀਂ ਭੇਜਿਆ ਗਿਆ।[108]

ਸਾਲ ਦੇ ਸ਼ੁਰੂ 'ਚ ਗ਼ਦਰੀ ਸਰਗਰਮੀਆਂ ਨੂੰ ਚਲਾਉਣ ਲਈ ਅੰਮ੍ਰਿਤਸਰ ਵਿਚ ਇਕ ਸਦਰ ਮੁਕਾਮ ਬਣਾਇਆ ਗਿਆ, ਜਿਸ ਦਾ ਤਾਲਮੇਲ ਮੂਲਾ ਸਿੰਘ ਰੱਖਦਾ ਸੀ। ਸਲਤਨਤ ਦੀਆਂ ਖ਼ੁਫ਼ੀਆ ਨਜ਼ਰਾਂ ਅਨੁਸਾਰ, ਅੰਮ੍ਰਿਤਸਰ ਵਿਚ ਬੋਸ ਦੇ ਆਉਣ ਨਾਲ "ਲਹਿਰ ਦਾ ਮੁੱਢ ਬੱਝਣ ਦੇ ਸਮੇਂ ਤੋਂ ਲੈ ਕੇ ਸਭ ਤੋਂ ਵਿਉਂਤਬਧ ਤੇ ਖ਼ਤਰਨਾਕ ਸਰਗਰਮੀ" ਦਾ ਦੌਰ ਸ਼ੁਰੂ ਹੋ ਗਿਆ।[109] ਜਦੋਂ ਮੂਲਾ ਸਿੰਘ ਅੰਮ੍ਰਿਤਸਰ ਦੇ ਬਜ਼ਾਰ ਵਿਚ ਪਿੰਗਲੇ ਅਤੇ ਸਾਨਿਆਲ ਨੂੰ ਮਿਲ ਕੇ ਉਨ੍ਹਾਂ ਨੂੰ ਇਕ ਹਮਦਰਦ ਦੀ ਧਰਮਸ਼ਾਲਾ ਉੱਪਰ ਬਣਾਏ ਸਦਰ ਮੁਕਾਮ ਵਿਚ ਲੈ ਕੇ ਗਿਆ, ਉਥੇ "ਪਿੰਗਲੇ ਨੇ ਉਸ ਨੂੰ ਦੱਸਿਆ ਕਿ ਉਹ ਚਾਰ ਪੰਜ ਪਿਸਤੌਲ ਲੈ ਸਕਦਾ ਹੈ, ਪਰ ਉਸ ਬੰਗਾਲੀ ਦੋਸਤ ਨੂੰ ਲਿਆਉਣ ਲਈ ਪੈਸੇ ਚਾਹੀਦੇ ਸਨ ਜੋ ਉਸ ਤਰ੍ਹਾਂ ਦੇ ਬੰਬ ਬਣਾਉਣ ਦਾ ਮਾਹਰ ਸੀ ਜਿਸ ਤਰ੍ਹਾਂ ਦਾ ਬੰਬ ਦੋ ਸਾਲ ਪਹਿਲਾਂ ਵਾਇਸ ਰਾਏ (ਲਾਰਡ ਹਾਰਡਿੰਗ) ਦੀ ਆਮਦ ਮੌਕੇ ਦਿੱਲੀ ਵਿਚ ਉਸ ਉੱਪਰ ਸੁੱਟਿਆ ਗਿਆ ਸੀ। ਜਦੋਂ ਮੂਲਾ ਸਿੰਘ ਨੇ ਪੁੱਛਿਆ ਕਿ ਇਹ ਦੋਸਤ ਉਹੀ ਬੰਦਾ ਖ਼ੁਦ ਹੈ ਜਿਸ ਨੇ ਬੰਬ ਸੁੱਟਿਆ ਸੀ ਤਾਂ ਉਸ ਨੂੰ ਮੁਸਕਰਾ ਕੇ ਜਵਾਬ ਮਿਲਿਆ ਕਿ ਉਸ ਲਈ ਇਹ ਜਾਣਕਾਰੀ ਲੈਣਾ ਜ਼ਰੂਰੀ ਨਹੀਂ।"[110]

ਛੇਤੀ ਹੀ, ਪੁਲਿਸ ਦੀ ਨਜ਼ਰ ਤੋਂ ਬਚਣ ਲਈ ਸਦਰ ਮੁਕਾਮ ਅੰਮ੍ਰਿਤਸਰ ਤੋਂ ਲਾਹੌਰ ਦੇ ਦੋ ਅੱਡ-ਅੱਡ ਮਕਾਨਾਂ ਵਿਚ ਬਦਲ ਦਿੱਤਾ ਗਿਆ। ਜਦੋਂ ਬੋਸ ਆਪਣੇ ਵਾਰਾਨਸੀ ਵਾਲੇ ਸਾਥੀਆਂ ਨੂੰ ਇਹ ਦੱਸ ਕੇ ਲਾਹੌਰ ਆਇਆ ਕਿ "ਉਹ ਸਿੱਖਾਂ ਨਾਲ ਸਲਾਹ ਕਰਕੇ ਤਾਰੀਕਾਂ ਮਿਥਣ ਜਾ ਰਿਹਾ ਹੈ" ਉਸ ਦਾ ਦਾਅਵਾ ਹੈ ਕਿ ਓਦੋਂ ਤੋਂ ਹੀ "ਇਨਕਲਾਬੀ ਕੰਮ ਦੇ ਸਾਰੇ ਵਿਭਾਗਾਂ" ਨੂੰ ਦਿਸ਼ਾ-ਨਿਰਦੇਸ਼ ਦੇਣ ਦੀ ਭੂਮਿਕਾ ਨਿਭਾਈ ਜਾਣੀ ਸ਼ੁਰੂ ਹੋਈ।[111] ਬੋਸ ਦੇ ਦਾਅਵਿਆਂ ਨੂੰ ਪਾਸੇ ਰੱਖਦੇ ਹੋਏ, ਇਨ੍ਹਾਂ ਵਿਭਾਗਾਂ ਵਿਚ ਸ਼ਾਮਲ ਸਨ (ੳ) ਫ਼ੌਜਾਂ ਨੂੰ ਵਰਗਲਾਉਣਾ, (ਅ) ਟੋਡੀਆਂ ਅਤੇ ਅਧਿਕਾਰੀਆਂ ਦੇ ਕਤਲ ਕਰਨੇ, (ੲ) ਇਨਕਲਾਬੀ ਝੰਡਾ ਬਣਾਉਣਾ, (ਸ) ਜੇਲ੍ਹਾਂ ਤੋੜਨਾ, (ਹ) ਖ਼ਜ਼ਾਨੇ ਲੁੱਟਣੇ, (ਕ) ਨੌਜਵਾਨਾਂ ਨੂੰ ਵਰਗਲਾਉਣਾ, (ਖ) ਬਾਗ਼ੀ ਸਾਹਿਤ ਵੰਡਣਾ, (ਗ) ਬਦੇਸ਼ੀ ਦੁਸ਼ਮਣਾਂ ਨਾਲ ਮੇਲ-ਮਿਲਾਪ ਕਰਨਾ, (ਘ) ਗੁਪਤ ਸਭਾਵਾਂ ਬਣਾਉਣਾ, (ਙ) ਪੁਲਿਸ ਥਾਣੇ ਲੁੱਟਣਾ, (ਚ) ਰੇਲਵੇ ਅਤੇ ਟੈਲੀਗ੍ਰਾਫ਼ ਸੰਚਾਰ ਲਾਈਨਾਂ ਦੀ ਭੰਨਤੋੜ ਕਰਨਾ, ਅਤੇ (ਛ) ਪਿੰਡਾਂ ਦੇ ਲੋਕਾਂ ਨੂੰ ਵਰਗਲਾਉਣਾ।[112] ਪਿੰਡਾਂ ਵਾਲਿਆਂ ਨੂੰ ਮਾਲੀਆ ਨਾ ਦੇਣ ਤੋਂ ਸ਼ੁਰੂ ਕਰਵਾ ਕੇ ਅਤੇ ਆਖ਼ਿਰ ਵਧੇਰੇ ਟਕਰਾਅ ਵਾਲੇ ਦਾਅਪੇਚ ਅਪਨਾਉਣ ਦੀ ਦਿਸ਼ਾ 'ਚ ਲਿਜਾ ਕੇ ਹਕੂਮਤ ਨਾਲ ਟੱਕਰਾਂ ਲੈਣ ਲਈ ਉਤਸ਼ਾਹਤ ਕੀਤਾ ਜਾਣ ਲੱਗਿਆ।[113] (ਜੇ ਇਸ ਵਿਉਂਤ ਦੀ ਇਬਾਰਤ "ਵਰਗਲਾਉਣਾ" ਦੀ ਥਾਂ "ਪਹੁੰਚ ਕਰਨਾ", "*[ਟੋਡੀਆਂ]* ਨੂੰ ਕਤਲ ਕਰਨ ਦੀ ਬਜਾਏ "*[ਟੋਡੀਆਂ]* ਦਾ ਸਫ਼ਾਇਆ" ਅਤੇ "ਰਾਜਧ੍ਰੋਹ" ਦੀ ਬਜਾਏ "ਇਨਕਲਾਬੀ" ਦੇ ਰੂਪ ਵਿਚ ਨਵੇਂ ਸਿਰਿਓਂ ਲਿਖ ਦਿੱਤੀ ਜਾਂਦੀ ਤਾਂ ਮੈਨੂੰ ਨਹੀਂ ਲੱਗਦਾ ਕਿ ਕੋਈ ਗ਼ਦਰੀ ਇਸ ਤੋਂ ਮੁੱਕਰਦਾ।)

ਬਰਲਿਨ ਵਿਚਲੀ ਯੋਜਨਾ ਕਮੇਟੀ ਨੇ ਗ਼ਦਰ ਲਈ ਕੂਚ ਕਰਨ ਵਾਲਿਆਂ ਨੂੰ ਯਕੀਨ

ਦਿਵਾਇਆ ਸੀ ਕਿ ਉਥੇ ਪਹੁੰਚਦੇ ਸਾਰ ਉਨ੍ਹਾਂ ਨੂੰ ਹਥਿਆਰ ਦੇ ਦਿੱਤੇ ਜਾਣਗੇ, ਪਰ ਵਾਅਦਾ ਕੀਤੀ ਜਰਮਨ ਖੇਪ ਔਝੜੇ ਪੈ ਕੇ ਗੁੰਮ ਹੋ ਗਈ।[114] ਗ਼ਦਰੀ ਜਪਾਨੀ ਜਾਂ ਚੀਨੀ ਬੰਦਰਗਾਹਾਂ ਤੋਂ ਜਹਾਜ਼ ਚੜ੍ਹਨ ਸਮੇਂ ਕੁਝ ਬੰਦੂਕਾਂ ਅਤੇ ਕਾਰਤੂਸ ਚੋਰੀ ਛੁਪੇ ਆਪਣੇ ਨਾਲ ਲੈ ਆਏ ਸਨ। ਕੁਝ ਨੇ ਆਪਣੇ ਨਿੱਜੀ ਸਮਾਨ ਵਾਲੇ ਟਰੰਕਾਂ ਦੇ ਗੁਪਤ ਖ਼ਾਨਿਆਂ ਜਾਂ ਮੇਜ਼ਾਂ ਦੀਆਂ ਖੋਖਲੀਆਂ ਲੱਤਾਂ ਵਿਚ ਅਜਿਹੇ ਹਥਿਆਰ ਲੁਕੋ ਕੇ ਲਿਆਂਦੇ ਸਨ। ਪਰ ਇਹ ਕਾਫ਼ੀ ਨਹੀਂ ਸਨ। ਆਪਣਾ ਅਸਲਾ ਭੰਡਾਰ ਜਮ੍ਹਾਂ ਕਰਨ ਲਈ ਅਸਲਾਖ਼ਾਨਿਆਂ, ਮੈਗਜ਼ੀਨਾਂ ਅਤੇ ਪੁਲਿਸ ਚੌਕੀਆਂ ਉੱਪਰ ਧਾਵੇ ਜ਼ਰੂਰਤ ਬਣ ਜਾਣਗੇ।[115] ਵਸੀਲਿਆਂ ਵਾਲੇ ਬਾਗ਼ੀ ਇਸ ਦੌਰਾਨ ਤਲਵਾਰਾਂ ਜਾਂ ਭਾਲਿਆਂ ਨਾਲ ਲੈਸ ਹੋ ਗਏ।[116]

ਹਥਿਆਰਾਂ ਤੋਂ ਇਲਾਵਾ, ਦੂਜੀ ਅਣਸਰਦੀ ਲੋੜ ਸੀ ਪੈਸਾ। ਅਕਤੂਬਰ ਅਤੇ ਨਵੰਬਰ ਵਿਚ ਬਹਿਸਾਂ ਹੁੰਦੀਆਂ ਰਹੀਆਂ ਕਿ ਖ਼ਜ਼ਾਨੇ ਕਿੱਥੋਂ ਤੇ ਕਿਵੇਂ ਲੁੱਟੇ ਜਾਣ। ਭਾਵੇਂ ਕੁਝ ਆਗੂ ਮਹਿਸੂਸ ਕਰਦੇ ਸਨ ਕਿ ਇਸ ਨਾਲ ਐਵੇਂ ਹੀ ਹਕੂਮਤ ਦਾ ਧਿਆਨ ਇਸ ਪਾਸੇ ਖਿੱਚਿਆ ਜਾਵੇਗਾ ਅਤੇ ਬਿਨਾ ਲੋੜ ਤੋਂ ਹੀ ਗ੍ਰਿਫ਼ਤਾਰੀਆਂ ਦਾ ਖ਼ਤਰਾ ਖੜ੍ਹਾ ਹੋ ਜਾਵੇਗਾ, ਫੇਰ ਵੀ ਉਨ੍ਹਾਂ ਨੇ ਪੈਸਾ ਜੁਟਾਉਣ ਲਈ ਕੁਝ ਡਾਕੇ ਮਾਰੇ।[117] ਬੰਗਾਲੀਆਂ ਨੇ ਆਪਣੇ ਇਲਾਕੇ ਵਿੱਚੋਂ 59,410 ਰੁਪਏ ਜੁਟਾ ਲਏ ਜਦਕਿ ਪੰਜਾਬੀਆਂ ਨੇ ਪਿੰਡਾਂ, ਖ਼ਜ਼ਾਨਿਆਂ ਅਤੇ ਰੇਲਵੇ ਸਟੇਸ਼ਨਾਂ ਉੱਪਰ ਪੰਦਰਾਂ ਧਾਵੇ ਬੋਲੇ। ਇਕ ਡਾਕੇ ਵਿਚ ਤਾਂ ਇਕ "ਅੰਗਰੇਜ਼ਪ੍ਰਸਤ ਧਨਾਢ" ਤੋਂ 22,000 ਰੁਪਏ ਦਾ ਪੱਕਾ ਇੰਤਜ਼ਾਮ ਹੋ ਗਿਆ ਜਿਸ ਨੂੰ ਉਨ੍ਹਾਂ ਨੇ ਉਸ ਦਾ ਫਰਜ਼ ਚੇਤੇ ਕਰਾਉਂਦਿਆਂ "ਕੌਮੀ ਖ਼ਜ਼ਾਨੇ ਵਿਚ ਹਿੱਸਾ ਪਾਉਣ ਲਈ" ਰਜ਼ਾਮੰਦ ਕਰ ਲਿਆ।[118]

ਕੁਝ ਗ਼ਦਰੀ ਨਿਸ਼ਾਨੇ ਟਿੱਕਣ ਸਮੇਂ ਦੌਲਤ ਤੇ ਹਮਦਰਦੀ ਅਤੇ ਕਾਰਵਾਈ ਸਮੇਂ ਇਖ਼ਲਾਕ ਦੀ ਪਾਲਣਾ ਦਾ ਉਚੇਚਾ ਖ਼ਿਆਲ ਰੱਖਦੇ ਸਨ। ਕਰਤਾਰ ਸਿੰਘ ਨਾਲ ਜੁੜੀ ਦੰਦ-ਕਥਾ ਇਸ ਦੀ ਮਿਸਾਲ ਹੈ। ਜਿਸ ਵਿਧਵਾ ਦੇ ਘਰ ਉਨ੍ਹਾਂ ਨੇ ਡਾਕਾ ਮਾਰਿਆ ਉਸ ਉੱਪਰ ਤਰਸ ਕਰਕੇ ਉਸ ਦੀ ਧੀ ਦੇ ਵਿਆਹ ਜੋਗਾ ਧਨ ਉਸ ਕੋਲ ਰਹਿਣ ਦਿੱਤਾ ਗਿਆ। ਅਕਤੂਬਰ 1914 ਦੇ ਅੱਧ ਅਤੇ ਜਨਵਰੀ 1915 'ਚ, ਕੁਲ "33 ਗੰਭੀਰ ਜੁਰਮ ਹੋਏ ਸਨ ਜਿਸ ਬਾਰੇ ਹਿੰਦ ਦੀ ਸਰਕਾਰ ਨੇ ਪਤਾ ਲਾ ਲਿਆ ਕਿ ਇਹ ਜੁਰਮ 'ਗ਼ਦਰੀ ਚੁੱਕ 'ਚ ਆ ਕੇ' ਵੱਡੇ ਅਤੇ ਪੂਰੀ ਤਰ੍ਹਾਂ ਲੈਸ ਹਥਿਆਰਬੰਦ ਗਰੋਹਾਂ ਨੇ ਕੀਤੇ ਸਨ ਜਿਨ੍ਹਾਂ ਵਿਚ ਪੰਜ ਕਤਲ ਅਤੇ ਕਈ ਧਾਵੇ ਸ਼ਾਮਲ ਸਨ।"[119]

ਸਵਦੇਸ਼ੀ ਦੇ ਦਿਨਾਂ ਤੋਂ ਹੀ ਬੰਬਾਂ ਨਾਲ ਮੋਹ ਕਦੇ ਮੱਠਾ ਨਹੀਂ ਸੀ ਪਿਆ, ਅਤੇ ਹੁਣ ਵਾਪਸ ਆਏ ਗ਼ਦਰੀ ਰਹੱਸਮਈ "ਬੰਗਾਲੀ ਮਾਹਰ" ਨੂੰ ਭਾਲ ਰਹੇ ਸਨ।[120] ਰਾਮ ਸਰਨ ਦਾਸ ਦੀ ਤਜਵੀਜ਼ ਸੀ ਕਿ ਜਦੋਂ ਬਗ਼ਾਵਤ ਸ਼ੁਰੂ ਹੋ ਗਈ ਤਾਂ ਫ਼ੌਜਾਂ ਦੀ ਆਵਾਜਾਈ ਨੂੰ ਰੋਕਣ ਲਈ ਸਾਰੇ ਰੇਲਵੇ ਪੁਲ ਉਡਾ ਦਿੱਤੇ ਜਾਣ। ਉਹ ਸੋਚਦਾ ਸੀ, "ਜਦੋਂ ਤੱਕ ਵਿਸਫੋਟ ਦੇ ਇਸਤੇਮਾਲ ਨੂੰ ਪਹਿਲ ਦੇਣ ਵਾਲਾ ਬੰਗਾਲੀ ਨਹੀਂ ਆ ਜਾਂਦਾ ਜਿਸ ਨੂੰ ਲੈਣ ਲਈ ਸਾਨਿਆਲ ਗਿਆ ਹੋਇਆ ਸੀ ਓਦੋਂ ਤਕ ਸੌ ਪੌਂਡ ਵਾਲੇ ਬੰਬਾਂ ਨਾਲ ਕੰਮ ਚੱਲ ਜਾਵੇਗਾ।"[121] ਇੰਞ ਨਹੀਂ ਸੀ ਕਿ ਉਨ੍ਹਾਂ ਕੋਲ ਮੁਹਾਰਤ ਨਹੀਂ ਸੀ, ਉਨ੍ਹਾਂ ਨੇ ਆਪਣੇ ਦੇਸ ਵਿਚਲੇ ਹਮ-ਖ਼ਿਆਲੀਆਂ ਵਾਲੀ ਨਿਯਮਾਵਲੀ ਤੋਂ ਹੀ ਸਿਖਲਾਈ ਲਈ ਹੋਈ ਸੀ। ਮਥੁਰਾ ਸਿੰਘ ਜੋ ਇਨ੍ਹਾਂ ਪਰਦੇਸੋਂ ਆਏ ਗ਼ਦਰੀਆਂ ਦੀ ਬੰਬ ਬਣਾਉਣ ਵਾਲੀ ਤਾਲਮੇਲ ਦੀ ਕੜੀ ਸੀ ਉਸ ਨੇ ਓਦੋਂ ਜਹੇ ਹੀ ਕੁਝ ਅਸਾਨੀ ਨਾਲ ਹਾਸਲ ਹੋਣ ਵਾਲੀਆਂ ਚੀਜ਼ਾਂ ਤੋਂ ਕਾਮਯਾਬੀ ਨਾਲ ਨਮੂਨੇ ਦੇ ਬੰਬ ਬਣਾ ਲਏ ਸਨ। ਉਹ ਉਸ ਟੀਮ ਦਾ ਮੈਂਬਰ ਰਿਹਾ ਸੀ ਜਿਸ ਵਿਚ ਅਮਰ ਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਵੀ ਸ਼ਾਮਲ ਸਨ, ਜਿਸ ਨੇ ਕੈਲੀਫੋਰਨੀਆ ਵਿਚ ਜਵਾਲਾ ਸਿੰਘ ਦੇ ਦੂਰ-ਦੁਰਾਡੇ ਫਾਰਮ ਵਿਚ ਲਗਾਈ ਵਰਕਸ਼ਾਪ

ਵਿਚ ਉਸ ਨਿਯਮਾਵਲੀ ਦੀ ਨਕਲ ਦੇ ਅਧਾਰ 'ਤੇ ਬੰਬ ਬਣਾਉਣ ਦੇ ਤਜ਼ਰਬੇ ਕੀਤੇ ਸਨ ਜੋ ਪੈਰਿਸ ਵਿਚ ਜਲਾਵਤਨੀ ਕੱਟ ਰਹੇ ਰੂਸੀ ਸੋਸ਼ਲਿਸਟ ਇਨਕਲਾਬੀਆਂ ਦੀ ਨਿਗਰਾਨੀ ਹੇਠ ਸਵਦੇਸ਼ੀ ਕਾਰਕੁੰਨ ਹੇਮਚੰਦਰ ਦਾਸ ਨੇ ਤਿਆਰ ਕੀਤੀ ਸੀ ਅਤੇ ਜੋ ਤਾਰਕਨਾਥ ਦਾਸ ਨੇ ਕੈਲੀਫੋਰਨੀਆ ਭੇਜੀ ਸੀ। (ਇਸ ਅਮਲ ਅੰਦਰ ਵਾਪਰੇ ਹਾਦਸੇ ਵਿਚ ਹਰਨਾਮ ਸਿੰਘ ਦਾ ਹੱਥ ਉਡ ਗਿਆ ਸੀ।) ਅਮਰ ਸਿੰਘ, ਜੋ ਬਿਜਲੀ ਵਾਲੇ ਪਲੀਤੇ ਨਾਲ ਬੰਬ ਚਲਾਉਣ ਦਾ ਤਜ਼ਰਬਾ ਕਰ ਰਿਹਾ ਸੀ, ਨੇ ਲਾਹੌਰ ਵਿਚ ਇਕ ਆਇਰਨ ਫਾਊਂਡਰੀ ਦਾ ਸੁਝਾਅ ਦਿੱਤਾ ਜਿੱਥੋਂ ਖੋਲ ਬਣਵਾਏ ਜਾ ਸਕਦੇ ਸਨ। ਪਰ ਜਦੋਂ ਫਾਊਂਡਰੀ ਦੇ ਮਾਲਕ ਨੂੰ ਸ਼ੱਕ ਪੈਣ ਕਾਰਨ ਆਰਡਰ ਰੱਦ ਹੋ ਗਿਆ, ਤਾਂ ਉਨ੍ਹਾਂ ਨੇ ਅੰਮ੍ਰਿਤਸਰ ਦੇ ਬਜ਼ਾਰ ਵਿਚ ਮਿਲਦੀਆਂ ਪਿੱਤਲ ਦੀਆਂ ਦਵਾਤਾਂ ਨਾਲ ਕੰਮ ਚਲਾਉਣਾ ਸ਼ੁਰੂ ਕਰ ਦਿੱਤਾ।[122]

ਪਰ ਸਭ ਤੋਂ ਅਹਿਮ ਹਿੱਸੇ – ਲੋਕ ਹਮਾਇਤ – ਤੋਂ ਬਗ਼ੈਰ ਬੰਬ ਕਿਸ ਕੰਮ ਦੇ। ਜ਼ਿਆਦਾਤਰ ਗ਼ਦਰੀ ਆਗੂਆਂ ਦੇ ਆ ਜਾਣ 'ਤੇ ਲਾਹੌਰ ਨੇ ਹੁਣ ਵਿਹਾਰਕ ਆਗੂ ਕੇਂਦਰ ਵਜੋਂ ਸਾਨ ਫਰਾਂਸਿਸਕੋ ਦੀ ਥਾਂ ਲੈ ਲਈ ਸੀ। ਇਸ ਨੂੰ ਸਦਰ ਮੁਕਾਮ ਬਣਾ ਲੈਣ ਤੋਂ ਛੇਤੀ ਪਿੱਛੋਂ ਉਨ੍ਹਾਂ ਨੇ ਉਰਦੂ, ਗੁਰਮੁਖੀ ਅਤੇ ਹਿੰਦੀ ਵਿਚ ਇਨਕਲਾਬੀ ਪਰਚੇ ਛਾਪਣ ਲਈ ਛੇ ਡੁਪਲੀਕੇਟਰ ਖ਼ਰੀਦ ਲਏ ਸਨ।[123] ਹਿੰਦੁਸਤਾਨ ਦੇ ਅੰਦਰੋਂ ਸਾਹਿਤ ਦੀ ਛਪਾਈ ਤੇ ਵੰਡ-ਵੰਡਾਈ ਸ਼ੁਰੂ ਹੋਣ ਨਾਲ ਇਸ ਨੂੰ ਕਸਟਮ ਅਧਿਕਾਰੀਆਂ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਬਾਹਰੋਂ ਚੋਰੀ-ਛੁਪੇ ਭੇਜਣ ਦੇ ਵਧ ਰਹੇ ਜ਼ੋਖ਼ਮ ਨੂੰ ਮਾਤ ਦਿੱਤੀ ਜਾ ਸਕਦੀ ਸੀ। ਪਿੱਛੇ ਜਹੇ ਕੁਝ ਮੁਸਾਫ਼ਰ ਤਾਂ ਗ਼ਦਰ ਦੀ ਸਮੱਗਰੀ ਨੂੰ ਜ਼ਬਾਨੀ ਕੰਠ ਕਰਕੇ ਇਸ ਤਰੀਕੇ ਨਾਲ ਇਧਰ ਲੈ ਆਏ ਸਨ। ਇਸ ਤੋਂ ਇਲਾਵਾ, ਜਦੋਂ ਦੇ ਗ਼ਦਰੀ ਆਏ ਸਨ ਓਦੋਂ ਤੋਂ ਹੀ ਉਹ ਮੇਲਿਆਂ ਅਤੇ ਸਿੱਖਾਂ ਦੇ ਪਾਵਨ ਅਸਥਾਨਾਂ 'ਤੇ ਲੱਗਦੇ ਜੋੜ-ਮੇਲਿਆਂ ਮੌਕੇ ਇਕੱਠਾਂ ਨੂੰ ਸੰਬੋਧਨ ਕਰਕੇ ਲੋਕਾਂ ਨੂੰ ਅੰਗਰੇਜ਼ ਹੁਕਮਰਾਨਾਂ ਵਿਰੁੱਧ ਬਗ਼ਾਵਤ ਕਰਨ ਦਾ ਹੋਕਾ ਦੇ ਰਹੇ ਸਨ।

ਹਰਨਾਮ ਸਿੰਘ ਟੁੰਡੀਲਾਟ ਪਿੰਡ ਪਿੰਡ ਫਿਰ ਕੇ ਗ਼ਦਰ ਦਾ ਪੈਗ਼ਾਮ ਦਿੰਦਾ, ਕਰਤਾਰ ਸਿੰਘ ਸਾਈਕਲ ਉੱਪਰ ਸੈਂਕੜੇ ਮੀਲਾਂ ਦਾ ਪੈਂਡਾ ਗਾਹ ਕੇ ਛਾਉਣੀਆਂ ਵਿਚ ਗੇੜਾ ਦੇ ਕੇ ਫ਼ੌਜੀਆਂ ਨਾਲ ਚਰਚਾ ਕਰਦਾ।[124] ਸਭ ਤੋਂ ਵੱਧ ਸੋਚੀ ਗਈ ਬਗ਼ਾਵਤ ਦਾ ਦਾਰੋਮਦਾਰ ਫ਼ੌਜਾਂ ਦੀ ਬਗ਼ਾਵਤ ਉੱਪਰ ਸੀ; ਇਸ ਤੱਤ ਤੋਂ ਬਗ਼ੈਰ, ਅੰਦੋਲਨਕਾਰੀਆਂ ਦੇ ਯਤਨ ਬੇਅਸਰ ਰਹਿਣੇ ਸਨ। ਸਲਤਨਤ ਦੀ ਫ਼ੌਜੀ ਤਾਕਤ ਹੋਰ ਥਾਈਂ ਕੇਂਦਰਤ ਹੋਣ ਕਾਰਨ, ਹਿੰਦੁਸਤਾਨੀਆਂ ਦੀਆਂ ਖਾਲੀ ਥਾਵਾਂ ਮੁਕਾਬਤਨ ਕੱਚੇ ਅਤੇ ਅਨਾੜੀ "ਦੇਸੀ ਲੋਕਾਂ" ਨੂੰ ਭਰਤੀ ਕਰਕੇ ਭਰੀਆਂ ਜਾ ਰਹੀਆਂ ਸਨ। ਜਿੱਥੋਂ ਤਕ ਹਿੰਦੀ ਫ਼ੌਜੀਆਂ ਦਾ ਸਵਾਲ ਸੀ, ਗ਼ਦਰੀ ਉਨ੍ਹਾਂ ਨਾਲ ਡੂੰਘੀ ਸਾਂਝ ਮਹਿਸੂਸ ਕਰਦੇ ਸਨ, ਫਿਰ ਭਲਾ ਉਨ੍ਹਾਂ ਨੂੰ ਲਾਮਬੰਦ ਕਿਉਂ ਨਾ ਕੀਤਾ ਜਾਵੇ ? ਉਹ ਪਰਿਵਾਰਕ ਮੈਂਬਰ, ਸੱਜਣ-ਮਿੱਤਰ ਅਤੇ ਉਨ੍ਹਾਂ ਦੇ ਗਰਾਂਈਂ ਸਨ ਅਤੇ ਸਾਰੇ ਹਥਿਆਰ ਉਨ੍ਹਾਂ ਕੋਲ ਸਨ। ਮਹਿਜ਼ ਉਨ੍ਹਾਂ ਦੀਆਂ ਅੱਖਾਂ ਖੋਲ੍ਹਣ ਦੀ ਲੋੜ ਸੀ। ਭਾਵੇਂ ਜ਼ਿਆਦਾਤਰ ਨੂੰ ਛਾਉਣੀਆਂ ਵਿਚ ਪ੍ਰਚਾਰ ਅਤੇ ਪ੍ਰੇਰਣਾ ਦਾ ਕੰਮ ਤਸੱਲੀਬਖ਼ਸ਼ ਸੀ, ਪਰ ਛਾਉਣੀਆਂ ਦੇ ਅੰਦਰੋਂ ਫ਼ੌਜੀ ਬਗ਼ਾਵਤ ਦੀ ਬਿਹਤਰ ਤਾਂਘ ਜਗਾਉਣ ਲਈ ਬਲਵੰਤ ਸਿੰਘ ਸਮੇਤ ਕੁਝ ਗ਼ਦਰੀ ਫ਼ੌਜ ਵਿਚ ਭਰਤੀ ਹੋ ਗਏ। ਰਤਨ ਸਿੰਘ ਨੇ ਲਿਖਿਆ, "ਫ਼ੌਜ ਪਹਿਲਾਂ ਹੀ ਬੇਚੈਨੀ ਨਾਲ ਖੌਲ ਰਹੀ ਸੀ। ਫ਼ੌਜੀਆਂ ਨੂੰ ਬਦੇਸ਼, ਮੈਸੋਪੋਟਾਮੀਆ, ਫਰਾਂਸ ਵਰਗੇ ਬੇਗਾਨੇ ਮੁਲਕਾਂ ਵਿਚ ਜਾ ਕੇ ਅੰਗਰੇਜ਼ ਹਕੂਮਤ ਲਈ ਲੜ ਕੇ ਮਰਨ ਦੇ ਖ਼ਿਆਲ ਤੋਂ ਹੀ ਚਿੜ੍ਹ ਸੀ।"[125]

ਜਨਵਰੀ-ਫਰਵਰੀ 1915 ਦੌਰਾਨ ਗ਼ਦਰ ਦੇ ਏਲਚੀਆਂ ਨੇ ਉੱਤਰੀ ਹਿੰਦੁਸਤਾਨ

ਦੀਆਂ ਜ਼ਿਆਦਾਤਰ ਛਾਉਣੀਆਂ ਤੱਕ ਪਹੁੰਚ ਕਰ ਲਈ ਸੀ। ਕਰਤਾਰ ਸਿੰਘ, ਰਣਧੀਰ ਸਿੰਘ ਅਤੇ ਨਿਧਾਨ ਸਿੰਘ ਨੇ ਫ਼ਿਰੋਜ਼ਪੁਰ ਉੱਪਰ ਇਕਾਗਰ ਕੀਤਾ, ਹਰਨਾਮ ਸਿੰਘ ਅਤੇ ਪਿਆਰਾ ਸਿੰਘ ਨੇ ਸਰਹੱਦੀ ਛਾਉਣੀਆਂ ਦਾ ਗੇੜਾ ਲਾਇਆ। ਨਿਧਾਨ ਸਿੰਘ ਅਤੇ ਹੋਰਾਂ ਨੇ ਜੇਹਲਮ, ਰਾਵਲਪਿੰਡੀ ਅਤੇ ਹੋਤੀ ਮਰਦਾਨ 'ਚ ਅਤੇ ਮਥੁਰਾ ਸਿੰਘ ਤੇ ਅਮਰ ਸਿੰਘ ਨੇ "ਸਰਹੱਦ ਉੱਪਰ ਅਫਰੀਦੀਆਂ 'ਚ ਹਲਚਲ ਪੈਦਾ ਕੀਤੀ।"[126] ਏਲਚੀਆਂ ਕੋਲ ਤਿੰਨ ਰੰਗੇ ਝੰਡੇ ਸਨ (ਕੇਸਰੀ ਸਿੱਖਾਂ ਦਾ, ਲਾਲ ਹਿੰਦੂਆਂ ਦਾ ਅਤੇ ਹਰਾ ਮੁਸਲਮਾਨਾਂ ਦਾ) ਅਤੇ ਉਹ ਰੇਤੀਆਂ, ਸੰਨ੍ਹੀਆਂ ਅਤੇ ਤਾਰਾਂ ਵੱਢਣ ਵਾਲੇ ਉਨ੍ਹਾਂ ਸੰਦਾਂ ਨਾਲ ਲੈਸ ਸਨ ਜੋ ਟੈਲੀਗ੍ਰਾਫ਼ ਅਤੇ ਬਿਜਲੀ ਦੀਆਂ ਤਾਰਾਂ ਵੱਢਣ ਲਈ ਜ਼ਰੂਰੀ ਸਮਝੇ ਗਏ ਸਨ।[127] ਉਨ੍ਹਾਂ ਦੀ ਫ਼ੌਜੀਆਂ ਨੂੰ ਸਭ ਤੋਂ ਕਾਮਯਾਬ "ਵਰਗਲਾਊ" ਕਾਰਵਾਈ ਸੀ ਲਾਹੌਰ ਛਾਉਣੀ ਦਾ ਤੇਈਵਾਂ ਰਸਾਲਾ ਅਤੇ ਫ਼ਿਰੋਜ਼ਪੁਰ ਦੀ ਛੱਬੀਵੀਂ ਪੰਜਾਬੀ ਫ਼ੌਜ, ਜਿਨ੍ਹਾਂ ਨੂੰ ਚਿੰਬੜੀ "ਰਾਜਧ੍ਰੋਹ ਦੀ ਲਾਗ" ਕਾਰਨ ਉਨ੍ਹਾਂ ਨੂੰ ਪਹਿਲਾਂ ਹੀ ਹਾਂਗਕਾਂਗ ਤੋਂ ਹਟਾ ਕੇ ਮੁੜ ਹਿੰਦੁਸਤਾਨ ਭੇਜਣਾ ਪੈ ਗਿਆ ਸੀ। ਪਰ128ਵੇਂ ਪਾਈਨੀਅਰ, ਮੇਰਠ ਦੀ ਵੀਹਵੀਂ ਰਸਾਲਾ ਰੈਜੀਮੈਂਟ ਅਤੇ ਕੁਝ ਹੋਰਾਂ ਨੇ ਵੀ ਗ਼ਦਰੀਆਂ ਦੀ ਗੱਲ ਗ਼ੌਰ ਨਾਲ ਸੁਣੀ ਸੀ।

ਅਕਤੂਬਰ 1914 ਦੇ ਅਖ਼ੀਰ 'ਚ ਇਕ ਰਾਖਵੇਂ ਰਸਾਲੇ ਦੇ ਸਵਾਰ ਨੇ ਤੇਈਵੇਂ ਰਸਾਲੇ ਨੂੰ ਇਤਲਾਹ ਦਿੱਤੀ ਕਿ ਵਤਨ ਮੁੜੇ ਪਰਦੇਸੀਆਂ ਦੀ ਇਕ ਕਾਫ਼ੀ ਵੱਡੀ ਟੋਲੀ ਬੰਦੂਕਾਂ, ਪਿਸਤੌਲਾਂ ਅਤੇ ਬੰਬਾਂ ਨਾਲ ਲੈਸ ਹੋ ਕੇ ਲਾਹੌਰ ਕਿਲ੍ਹੇ ਉੱਪਰ ਕਬਜ਼ਾ ਕਰਨ ਦੀ ਵਿਉਂਤ ਬਣਾ ਰਹੀ ਹੈ ਅਤੇ ਇਸ ਕੰਮ ਵਿਚ ਰੈਜੀਮੈਂਟ ਤੋਂ ਹਮਾਇਤ ਦੀ ਉਮੀਦ ਕਰਦੀ ਹੈ। ਬਹੁਤ ਸਾਰੇ ਸਵਾਰ ਅਤੇ ਅਫ਼ਸਰ ਹਮਾਇਤ ਦੇਣ ਲਈ ਤਿਆਰ ਸਨ, ਹਾਲਾਂਕਿ ਹਾਲਾਤ ਬਣਨ ਤੋਂ ਪਹਿਲਾਂ ਹੀ ਬਗ਼ਾਵਤ ਕਰਨ ਤੋਂ ਝਿਜਕਦੇ ਸਨ। ਉਹ ਜ਼ੋਖ਼ਮ ਲੈਣ ਤੋਂ ਪਹਿਲਾਂ ਇਹ ਯਕੀਨੀ ਬਣਾਉਣਾ ਚਾਹੁੰਦੇ ਸਨ ਕਿ ਬਗ਼ਾਵਤ ਦੀ ਤਿਆਰੀ ਸੱਚੀਓਂ ਹੀ ਕੀਤੀ ਜਾ ਰਹੀ ਸੀ। ਪਰ ਜੇ ਬਾਹਰੋਂ ਆਏ ਛੇ ਸੱਤ ਸੌ ਨਿੱਗਰ ਗ਼ਦਰੀ ਰਸਾਲੇ ਦੀਆਂ ਸਫ਼ਾਂ ਉੱਪਰ ਹਮਲਾ ਕਰਨ ਲਈ ਤਿਆਰ ਸਨ ਤਾਂ ਉਹ ਸਹਿਮਤ ਸਨ ਕਿ ਬਾਗ਼ੀ ਫ਼ੌਜੀਆਂ ਲਈ ਆਪਣੇ ਅਫ਼ਸਰਾਂ, ਕਮਾਂਡਰਾਂ ਤੇ ਅਸਲ੍ਹਾਖ਼ਾਨੇ ਅਤੇ ਮੈਗਜ਼ੀਨ ਵਾਲਿਆਂ ਨੂੰ ਹਮਲਾ ਕਰਕੇ ਮਾਰਨਾ ਤੇ ਸਾਥ ਨਾ ਦੇਣ ਵਾਲੇ ਸਾਥੀਆਂ ਨਾਲ ਨਜਿੱਠਣ ਲਈ ਇਹ ਇਸ਼ਾਰਾ ਕਾਫ਼ੀ ਹੋਵੇਗਾ।

"ਬੇਚੈਨ" ਰਸਾਲਾ ਰੈਜੀਮੈਂਟ (ਬੇਚੈਨੀ ਜੋ ਇਸ ਦੀਆਂ ਸਫ਼ਾਂ ਵਿਚ ਤਾਜ਼ੇ ਭਰਤੀ ਹੋਏ ਦੋ ਬਾਹਰੋਂ ਆਏ ਗ਼ਦਰੀਆਂ ਨੇ ਭੜਕਾ ਦਿੱਤੀ ਸੀ) ਨੇ ਪ੍ਰੇਮ ਸਿੰਘ ਤੇ ਹੀਰਾ ਸਿੰਘ ਜ਼ਰੀਏ ਵਫ਼ਾਦਾਰੀ ਨਾਲ ਸੰਪਰਕ ਬਣਾਈ ਰੱਖਿਆ ਅਤੇ ਮਹੀਨਿਆਂ ਬੱਧੀ ਉਸ ਘੜੀ ਦੀ ਇੰਤਜ਼ਾਰ ਕਰਦੀ ਰਹੀ।[128] ਇੱਥੋਂ ਤੱਕ ਕਿ ਕੁਝ ਕਾਹਲੇ ਪਏ ਫ਼ੌਜੀਆਂ ਨੇ ਤੈਅ ਕਰ ਲਿਆ ਕਿ ਉਹ ਹੁਣ ਹੋਰ ਉਡੀਕ ਨਹੀਂ ਕਰ ਸਕਦੇ ਅਤੇ ਉਹ ਟੈਲੀਗ੍ਰਾਫ਼ ਲਾਈਨਾਂ ਕੱਟ ਕੇ ਤੇ ਰੇਲਵੇ ਪਟੜੀਆਂ ਤੋੜ ਕੇ "ਹਕੂਮਤ ਲਈ ਕੋਈ ਪੁਆੜਾ" ਖੜ੍ਹਾ ਕਰਨ ਲਈ ਨਿਕਲ ਤੁਰੇ।[129] ਇਸ ਦੌਰਾਨ, ਬਹੁਤ ਸਾਰੇ ਗ਼ਦਰੀਆਂ ਦਾ ਫ਼ਿਰੋਜ਼ਪੁਰ ਡਿਪੂ ਵਿਚ ਤਾਇਨਾਤ ਛੱਬੀਵੀਂ ਪੰਜਾਬੀ ਫ਼ੌਜੀ ਟੁਕੜੀ ਨਾਲ ਮੇਲ ਹੋ ਗਿਆ, ਉਨ੍ਹਾਂ ਨੂੰ ਬਗ਼ਾਵਤ ਵਿਚ ਹਿੱਸਾ ਲਈ ਉਤਸ਼ਾਹਤ ਕੀਤਾ ਗਿਆ ਅਤੇ ਉਨ੍ਹਾਂ ਲਈ ਬੰਬ ਬਣਾਉਣ ਦੀਆਂ ਹਦਾਇਤਾਂ ਦਾ ਇੰਤਜ਼ਾਮ ਕੀਤਾ ਗਿਆ। 1915 ਦੇ ਸ਼ੁਰੂ ਵਿਚ ਕਰਤਾਰ ਸਿੰਘ ਨੇ ਅੰਮ੍ਰਿਤਸਰ ਦੇ ਸਦਰ ਮੁਕਾਮ ਨੂੰ ਇਤਲਾਹ ਕੀਤੀ ਕਿ ਫ਼ਿਰੋਜ਼ਪੁਰ ਵਾਲੀ ਫ਼ੌਜੀ ਟੁਕੜੀ ਤਿਆਰ ਸੀ।

12 ਫਰਵਰੀ ਨੂੰ ਰਾਸ ਬਿਹਾਰੀ ਬੋਸ ਨੇ ਬਗ਼ਾਵਤ ਦੀ ਤਰੀਕ 21 ਫਰਵਰੀ ਹੋਣ ਦਾ ਐਲਾਨ ਕੀਤਾ, ਸਿਰਫ਼ ਡੇਢ ਹਫ਼ਤਾ ਬਾਕੀ ਸੀ। ਏਲਚੀ ਉਨ੍ਹਾਂ ਦੀ ਤਿਆਰੀ ਦਾ ਪਤਾ ਲਾਉਣ

ਅਤੇ ਬਣਾਈ ਵਿਉਂਤ ਅਨੁਸਾਰ ਉਨ੍ਹਾਂ ਨੂੰ ਪੱਕਾ ਕਰਨ ਲਈ ਛਾਉਣੀਆਂ ਤੇ ਫ਼ੌਜੀ ਅੱਡਿਆਂ ਨੂੰ ਚਲੇ ਗਏ। ਲਾਹੌਰ ਤੇ ਫ਼ਿਰੋਜ਼ਪੁਰ ਨੇ ਬਾਕੀਆਂ ਦੀ ਬਗ਼ਾਵਤ ਲਈ ਪਲੀਤੇ ਅਤੇ ਚੁਆਤੀ ਦਾ ਕੰਮ ਕਰਨਾ ਸੀ। ਉਨ੍ਹਾਂ ਨੂੰ ਉਮੀਦ ਸੀ ਕਿ ਫਿਰ ਇਹ ਲਾਹੌਰ ਤੋਂ ਸ਼ੁਰੂ ਹੋ ਕੇ ਪੂਰੇ ਉੱਤਰੀ ਹਿੰਦੁਸਤਾਨ ਤੋਂ ਹੁੰਦੀ ਹੋਈ ਢਾਕਾ ਤੱਕ ਪਟਾਕਿਆਂ ਦੀ ਲੜੀ ਵਾਂਗ ਫੈਲ ਜਾਵੇਗੀ। ਉਨ੍ਹਾਂ ਨੂੰ ਤੇਜ਼ੀ ਨਾਲ ਕੰਮ ਕਰਨਾ ਹੋਵੇਗਾ, ਕਿਉਂਕਿ ਅਫ਼ਵਾਹ ਇਹ ਫੈਲੀ ਹੋਈ ਸੀ ਕਿ ਤੇਈਵੇਂ ਰਸਾਲੇ ਨੂੰ ਛੇਤੀ ਹੀ ਮੁਹਾਜ਼ 'ਤੇ ਭੇਜਿਆ ਜਾ ਰਿਹਾ ਹੈ। ਅਸਲ ਵਿਚ, ਕੁਝ ਰੈਜੀਮੈਂਟਾਂ ਪਹਿਲਾਂ ਹੀ ਰਵਾਨਾ ਕਰ ਦਿੱਤੀਆਂ ਗਈਆਂ ਸਨ। ਜਦੋਂ ਕਰਤਾਰ ਸਿੰਘ ਨੇ ਰਣਧੀਰ ਸਿੰਘ ਨੂੰ ਖ਼ਬਰ ਕੀਤੀ, ਜੋ ਓਦੋਂ ਫ਼ਿਰੋਜ਼ਪੁਰ ਦੀ ਛਾਉਣੀ ਵਿਚ ਗ੍ਰੰਥੀ ਸੀ, ਉਸ ਨੇ ਦੇਖਿਆ ਕਿ ਉਹ ਫਰਾਂਸ ਵਿਚ ਭੇਜੇ ਗਏ ਕੁਝ ਹਿੰਦੀ ਫ਼ੌਜੀਆਂ ਦੇ ਸਨਮਾਨ ਵਿਚ ਅਰਦਾਸ ਕਰ ਰਿਹਾ ਸੀ।[130]

ਰਤਨ ਸਿੰਘ ਚੇਤੇ ਕਰਦਾ ਹੈ[131] ਕਿ ਇਸ ਦੌਰਾਨ, ਝੰਡੇ, ਵਰਦੀਆਂ, ਚਿੰਨ੍ਹ ਅਤੇ ਜੰਗ ਦੇ ਐਲਾਨਨਾਮੇ ਤਿਆਰ ਕੀਤੇ ਗਏ, ਜੋ ਸੈਡੀਸ਼ਨ ਕਮੇਟੀ ਦੀ ਰਿਪੋਰਟ ਵਿਚ ਦਿੱਤੀ ਆਖ਼ਰੀ ਘੜੀ ਦੇ ਕੰਮਾਂ ਦੀ ਸੂਚੀ ਇਸ ਦੀ ਤਸਦੀਕ ਕਰਦੀ ਸੀ : "ਬੰਬ ਬਣਾਏ ਗਏ; ਹਥਿਆਰ ਇਕੱਠੇ ਕੀਤੇ ਗਏ; ਝੰਡੇ ਤਿਆਰ ਕਰ ਲਏ ਗਏ; ਜੰਗ ਦਾ ਐਲਾਨਨਾਮਾ ਤਿਆਰ ਕਰ ਲਿਆ ਗਿਆ; ਰੇਲ ਦੀਆਂ ਪਟੜੀਆਂ ਅਤੇ ਟੈਲੀਗ੍ਰਾਫ਼ ਦੀਆਂ ਤਾਰਾਂ ਵੱਢਣ ਲਈ ਸੰਦ-ਸੰਦੇੜਾ ਜੁਟਾ ਲਿਆ ਗਿਆ ਸੀ।" ਜਦੋਂ ਇਹ ਕੱਟੀਆਂ ਜਾਣੀਆਂ ਸਨ, ਤਾਂ ਭੇਜਿਆ ਗਿਆ ਆਖ਼ਰੀ ਸੁਨੇਹਾ ਬਗ਼ਾਵਤ ਦਾ ਇਸ਼ਾਰਾ ਹੋਣਾ ਸੀ।[132]

ਵਿਉਂਤ ਪੂਰੇ ਗ਼ੌਰ ਨਾਲ ਬਣਾਈ ਗਈ ਸੀ: ਲਾਹੌਰ ਵਿਖੇ ਬਾਹਰੋਂ ਆਏ ਗ਼ਦਰੀਆਂ ਦੀ ਇਕ ਛੋਟੀ ਜਹੀ ਟੋਲੀ ਨੇ ਰੇਲ ਦੀ ਪਟੜੀ ਕੋਲ ਜਾ ਪਹੁੰਚਣਾ ਸੀ। ਛਾਉਣੀ ਦੇ ਇਕ ਗਾਈਡ ਨੇ ਉਨ੍ਹਾਂ ਵਿੱਚੋਂ ਅੱਧੀ ਦਰਜਨ ਨੂੰ ਹਾਜ਼ਰੀ ਲਾਉਣ ਦੌਰਾਨ ਖਾਲੀ ਹੋਈਆਂ ਬੈਰਕਾਂ ਵਿਚ ਲੈ ਜਾਣਾ ਸੀ ਅਤੇ ਉਥੇ ਪਈਆਂ ਤਲਵਾਰਾਂ ਚੁੱਕ ਲੈਣੀਆਂ ਸਨ, ਜਦਕਿ ਇਕ ਹੋਰ ਗਾਈਡ ਨੇ ਇਕ ਦੂਜੀ ਟੋਲੀ ਨੂੰ ਰਾਈਫ਼ਲਾਂ ਅਤੇ ਗੋਲੀਸਿੱਕੇ ਉੱਪਰ ਕਬਜ਼ਾ ਕਰਨ ਲਈ ਰਿਜ਼ਰਵ ਗਾਰਡਾਂ ਦੇ ਕਵਾਟਰ ਵਿਚ ਲੈ ਜਾਣਾ ਸੀ। ਇਥੇ ਪਹੁੰਚ ਕੇ, ਰਸਾਲੇ ਦੇ ਘੋੜ ਸਵਾਰਾਂ ਨੇ "ਯੂਰਪੀਅਨਾਂ ਅਤੇ ਅੰਗਰੇਜ਼ ਤੋਪਖ਼ਾਨੇ ਵਾਲਿਆਂ ਦਾ ਕਤਲੇਆਮ"[133] "ਮਾਰੋ ਫਰੰਗੀ ਕੋ" ਦੇ ਬੋਲੇ[134] ਅਨੁਸਾਰ ਸ਼ੁਰੂ ਕਰ ਦੇਣਾ ਸੀ।

ਫ਼ਿਰੋਜ਼ਪੁਰ ਵਿਖੇ, ਛੱਬੀਵੀਂ ਪੰਜਾਬੀ ਰੈਜਮੈਂਟ ਦੇ ਅੱਠ "ਬੇਚੈਨ" ਫ਼ੌਜੀਆਂ ਨੂੰ ਕਈ ਡਿਪੂਆਂ, ਮੈਗਜ਼ੀਨਾਂ, ਅਸਲਾਖ਼ਾਨੇ ਅਤੇ ਰੈਜੀਮੈਂਟ ਦੀਆਂ ਸਫ਼ਾਂ ਉੱਪਰ ਹਮਲਿਆਂ ਵਿਚ ਬਾਹਰੋਂ ਆਏ ਗ਼ਦਰੀਆਂ ਦੇ ਰਾਹ-ਦਰਸਾਵਿਆਂ ਦਾ ਕੰਮ ਕਰਨ ਲਈ ਤਿਆਰ ਕੀਤਾ ਗਿਆ ਸੀ। ਫ਼ੌਜਾਂ ਨੂੰ ਤਬਾਹ ਕਰਨ ਦੇ ਰੌਲੇਰੱਪੇ ਦੌਰਾਨ, ਬਾਗ਼ੀਆਂ ਨੇ ਫ਼ੌਜ ਦੇ ਕੈਂਪਾਂ ਉੱਪਰ ਧਾਵਾ ਬੋਲ ਦੇਣਾ ਸੀ, ਸਿਆਸੀ ਕੈਦੀਆਂ ਨੂੰ ਰਿਹਾਅ ਕੀਤਾ ਜਾਣਾ ਸੀ, ਹਥਿਆਰ ਤੇ ਗੋਲੀਸਿੱਕੇ ਦੇ ਸਾਰੇ ਭੰਡਾਰ ਕਬਜ਼ੇ ਵਿਚ ਲੈ ਲਏ ਜਾਣੇ ਸਨ ਅਤੇ ਪੂਰਾ ਸਾਲ ਸਾਰੀਆਂ ਮੁਕਾਮੀ ਬੈਰਕਾਂ ਨੂੰ ਕਬਜ਼ੇ ਵਿਚ ਰੱਖਣ ਲਈ ਇਨ੍ਹਾਂ ਨੂੰ ਕਿਲ੍ਹਾਬੰਦ ਕੀਤਾ ਜਾਣਾ ਸੀ (ਇਸ ਅਮਲ ਦੌਰਾਨ ਉਨ੍ਹਾਂ ਨੇ ਵੀ *ਮਾਰੋ ਫਰੰਗੀ ਕੋ* ਅਨੁਸਾਰ ਜਿੰਨਿਆਂ ਕੁ ਨੂੰ ਮਾਰਿਆ ਜਾ ਸਕਦਾ ਹੋਵੇ ਮਾਰ ਮੁਕਾਉਣਾ ਸੀ)। ਰਣਧੀਰ ਸਿੰਘ ਨੇ ਅਰਦਾਸ ਤੋਂ ਬਾਅਦ ਆਪਣੀ ਟੋਲੀ ਅੱਗੇ ਸਾਰੀ ਵਿਉਂਤ ਰੱਖ ਦਿੱਤੀ ਅਤੇ ਉਸ ਨੂੰ ਹਾਂਪੱਖੀ ਹੁੰਗਾਰਾ ਮਿਲਿਆ।[135]

ਪਰ, ਉਨ੍ਹਾਂ ਵਿਚਲੇ ਇਕ ਭੇਤੀ ਨੇ ਦਗ਼ਾ ਦੇ ਦਿੱਤਾ। ਬਲਵੰਤ ਸਿੰਘ ਦਾ ਚਾਚੇ ਦਾ ਪੁੱਤ ਪੰਜਾਬ ਦੀ ਸੀ ਆਈ ਡੀ ਨਾਲ ਜਾ ਮਿਲਿਆ ਸੀ, ਜਿਸ ਦੀ ਨਿਧਾਨ ਸਿੰਘ ਨਾਲ ਵੀ ਜਾਣ-

ਪਛਾਣ ਸੀ ਅਤੇ ਉਸੇ ਨੇ ਸ਼ੰਘਾਈ ਵਿਚ ਉਸ ਦੀ ਜ਼ਾਮਨੀ ਦਿੱਤੀ ਸੀ। ਇੰਞ ਕਿਸੇ ਨੂੰ ਵੀ ਉਸ ਉੱਪਰ ਬੇਇਤਬਾਰੀ ਨਹੀਂ ਸੀ ਅਤੇ (ਉਲਟਾ) ਉਹ ਬੋਸ ਤੇ ਅੰਦਰਲੇ ਘੇਰੇ ਵਿਚ ਤੇਜ਼ੀ ਨਾਲ ਜਾ ਘੁਸਿਆ ਸੀ। ਜਿਉਂ ਹੀ ਕਿਰਪਾਲ ਸਿੰਘ ਨੂੰ ਗ਼ਦਰ ਦੀ ਮਿੱਥੀ ਤਰੀਕ ਦਾ ਪਤਾ ਚਲਿਆ ਉਸ ਨੇ ਭੰਨਤੋੜ ਦੀਆਂ ਕੁਲ ਕਾਰਵਾਈਆਂ ਦੀ ਵਿਸਤਾਰਤ ਜਾਣਕਾਰੀ ਬਾਰੇ ਅਧਿਕਾਰੀਆਂ ਨੂੰ ਸਾਰੀ ਖ਼ਬਰ ਕਰ ਦਿੱਤੀ। ਇਸ ਦੌਰਾਨ ਉਸ ਨੇ ਅੰਮ੍ਰਿਤਸਰ ਪੁਲਿਸ ਨੂੰ ਤਾਰ ਦੇ ਕੇ ਇਤਲਾਹ ਦੇ ਦਿੱਤੀ ਕਿ ਮੁੱਖ ਸਾਜ਼ਿਸ਼ੀਆਂ ਦਾ ਬਹੁਤ ਵੱਡਾ ਜੱਥਾ ਲਾਹੌਰ ਵਿਚ ਮੌਜੂਦ ਹੈ। ਚੰਗੇ ਭਾਗਾਂ ਨੂੰ ਲਾਹੌਰ ਪੁਲਿਸ ਵਿਚ ਉਸ ਦੇ ਸੰਪਰਕ ਨਹੀਂ ਸਨ, ਜਿਸ ਨੇ ਫਟਾਫਟ ਉਥੇ ਜਾ ਪਹੁੰਚਣਾ ਸੀ। ਇਸ ਕਰਕੇ ਬਾਗ਼ੀ ਇਸ ਵਾਰ ਉੱਥੋਂ ਖਿਸਕ ਗਏ। ਕਿਰਪਾਲ ਸਿੰਘ ਸਮਰਪਿਤ ਇਨਕਲਾਬੀ ਦਾ ਢੌਂਗ ਰਚਕੇ ਤੇਈਵੇਂ ਰਸਾਲੇ ਅਤੇ ਅੰਮ੍ਰਿਤਸਰ ਨੇੜੇ ਦਦੇਹਰ ਪਿੰਡ ਵਾਲੇ ਗ਼ਦਰੀਆਂ ਵਿਚ ਮੌਜੂਦ ਰਹਿ ਕੇ ਆਖ਼ਰੀ ਤਿਆਰੀਆਂ 'ਚ ਮਦਦ ਕਰਨ ਦਾ ਵਿਖਾਵਾ ਕਰਦਾ ਰਿਹਾ। ਜਿਨ੍ਹਾਂ ਵਿੱਚੋਂ ਕੁਝ ਨੂੰ ਸਥਾਨਕ ਪੁਲਿਸ ਥਾਣਾ ਲੁੱਟਣ, ਹਥਿਆਰ ਕਬਜ਼ੇ ਵਿਚ ਲੈਣ ਅਤੇ ਲਾਹੌਰ ਵਲ ਕੂਚ ਕਰਨ ਦਾ ਕੰਮ ਸੌਂਪਿਆ ਗਿਆ ਸੀ। ਅਸਲ ਵਿਚ ਉਹ ਉਨ੍ਹਾਂ ਨੂੰ ਵਰਗਲਾ ਕੇ ਹਮਲੇ ਦੀ ਮਾਰ ਹੇਠ ਲਿਆਉਣ ਦੀ ਤਿਆਰੀ ਵਿਚ ਲੱਗਾ ਹੋਇਆ ਸੀ।[136]

ਪਰ ਕਿਰਪਾਲ ਸਿੰਘ ਨੇ ਬੇਸਮਝੀ ਨਾਲ ਸਵਾਲ ਪੁੱਛ ਕੇ ਸ਼ੱਕ ਪੈਦਾ ਕਰ ਲਿਆ ਸੀ, ਅੰਮ੍ਰਿਤਸਰ ਰੇਲਵੇ ਪਲੈਟਫਾਰਮ ਉੱਪਰ (ਪੁਲਿਸ ਨੂੰ ਉਡੀਕਦਾ) ਨਜ਼ਰ ਆਉਣ ਪਿੱਛੋਂ ਤਾਂ ਇਹ ਸ਼ੱਕ ਹੋਰ ਵੀ ਪੱਕਾ ਹੋ ਗਿਆ ਜਦੋਂ ਕਿ ਉਹ ਤਾਂ ਤੇਈਵੇਂ ਰਸਾਲੇ ਨਾਲ ਲਾਹੌਰ ਵਿਚ ਹੋਣਾ ਚਾਹੀਦਾ ਸੀ। ਇਹ ਮਹਿਸੂਸ ਕਰਦੇ ਹੋਏ ਕਿ ਭੇਤ ਖੁੱਲ੍ਹ ਗਿਆ ਸੀ, ਇਸ ਸਭ ਕਾਸੇ ਦੀ ਕਰਤਾ-ਧਰਤਾ ਕਮੇਟੀ ਨੇ ਬਗ਼ਾਵਤ ਦੀ ਤਰੀਕ ਬਦਲ ਕੇ ਦੋ ਦਿਨ ਪਹਿਲਾਂ 19 ਫਰਵਰੀ ਦੀ ਕਰ ਦਿੱਤੀ। ਜਦੋਂ ਮੁਖ਼ਬਰ 19 ਫਰਵਰੀ ਸਵੇਰੇ ਲਾਹੌਰ ਆਇਆ ਤਾਂ ਉਸ ਨੇ ਦੇਖਿਆ ਕਿ ਤਿਆਰੀਆਂ ਜ਼ੋਰਾਂ 'ਤੇ ਸਨ। ਫਿਰ ਵੀ ਉਹ ਅੰਮ੍ਰਿਤਸਰ ਦੇ ਡਿਪਟੀ ਇੰਸਪੈਕਟਰ ਕੇ.ਬੀ. ਲਿਆਕਤ ਹਯਾਤ ਖਾਂ, ਜਿਸ ਦੇ ਉਸ ਦਾ ਸੰਪਰਕ ਸੀ, ਨੂੰ ਐਮਰਜੈਂਸੀ ਚੌਕਸੀ ਇਤਲਾਹ ਦੇਣ 'ਚ ਕਾਮਯਾਬ ਹੋ ਗਿਆ: "ਇਹ ਅੱਜ ਰਾਤ ਨੂੰ ਹੋ ਰਹੀ ਹੈ।"

ਇਹ ਇਸ਼ਾਰਾ ਮਿਲਦੇ ਸਾਰ, ਪੁਲਿਸ ਨੇ ਲਾਹੌਰ ਦੇ ਸਦਰ ਮੁਕਾਮ 'ਤੇ ਚੜ੍ਹਾਈ ਕਰਕੇ ਸੱਤ ਅਹਿਮ ਆਰਗੇਨਾਈਜ਼ਰ ਗ੍ਰਿਫ਼ਤਾਰ ਕਰ ਲਏ। ਤਿੰਨ ਹੋਰ ਅਣਭੋਲ ਹੀ ਇਥੇ ਆਉਂਦੇ ਕਾਬੂ ਆ ਗਏ। ਪੁਲਿਸ ਨੇ ਤਿੰਨ ਤਿਆਰ ਕੀਤੇ ਬੰਬ ਅਤੇ ਹੋਰ ਨਿੱਕਸੁੱਕ, ਝੰਡੇ ਤੇ ਇਤਰਾਜ਼ਯੋਗ ਸਾਹਿਤ ਕਬਜ਼ੇ 'ਚ ਲੈ ਲਏ। ਫਿਰ ਫ਼ੌਜੀ ਛਾਉਣੀਆਂ ਦੇ ਅਧਿਕਾਰੀਆਂ ਨੂੰ ਕਾਫ਼ੀ ਵਕਤ ਰਹਿੰਦੇ ਪੇਸ਼ਬੰਦੀ ਕਰਨ ਲਈ ਚੌਕਸ ਕਰ ਦਿੱਤਾ ਗਿਆ। ਜਿਸ ਬਾਰੇ ਮਾਈਕਲ ਓਡਵਾਇਰ ਨੇ ਵੀ ਮੰਨਿਆ : "ਕੁਝ ਮਾਮਲਿਆਂ ਵਿਚ ਤਾਂ ਪੇਸ਼ਬੰਦੀ ਸ਼ਾਇਦ ਬਹੁਤ ਹੀ ਵਧਾ-ਚੜ੍ਹਾ ਕੇ ਕੀਤੀ ਗਈ ਸੀ।"[137] ਹਿੰਦੀ ਗਾਰਦਾਂ ਦੀ ਥਾਂ ਗੋਰੇ ਲਗਾ ਦਿੱਤੇ ਗਏ, ਅਤੇ ਸਾਰੇ ਗ਼ੈਰਹਾਜ਼ਰ ਫ਼ੌਜੀਆਂ ਨੂੰ ਫ਼ੌਜੀ ਅੱਡਿਆਂ 'ਤੇ ਬੁਲਾ ਲਿਆ ਗਿਆ, ਜਿਥੇ ਫ਼ੌਜਾਂ ਦੀ ਤਾਦਾਦ ਉਨ੍ਹਾਂ ਸਾਲਾਂ ਵਿਚ ਪਹਿਲਾਂ ਹੀ ਬਹੁਤ ਥੋੜ੍ਹੀ ਸੀ। ਜਦੋਂ ਅੰਗਰੇਜ਼ ਫ਼ੌਜਾਂ ਲਾਹੌਰ, ਦਿੱਲੀ, ਅੰਬਾਲਾ ਅਤੇ ਫ਼ਿਰੋਜ਼ਪੁਰ ਵਿਚ ਗ਼ਸ਼ਤ ਕਰ ਰਹੀਆਂ ਸਨ ਅਤੇ ਜਿੰਨੇ ਵੀ ਬਾਗ਼ੀ ਆਗੂਆਂ ਨੂੰ ਉਹ ਲੱਭ ਸਕਦੀਆਂ ਸਨ ਗ੍ਰਿਫ਼ਤਾਰ ਕਰੀ ਜਾ ਰਹੀਆਂ ਸਨ ਓਦੋਂ ਹੀ ਹੋਰ "ਗੋਰੇ ਫ਼ੌਜੀਆਂ ਦੇ ਭਰੇ ਟਰੱਕ" ਆਉਣੇ ਸ਼ੁਰੂ ਹੋ ਗਏ।[138]

ਸ਼ੌਕਤ ਉਸਮਾਨੀ ਦੀ ਭਾਵਪੂਰਤ ਟਿੱਪਣੀ ਸੀ, "ਕਾਸ਼!"[139] ਬਾਕੀ ਦੇ ਖਿੰਡ-ਪੁੰਡ ਜਾਂਦੇ। ਤ੍ਰਿਕਾਲਾਂ ਨੂੰ ਸੱਤ ਵਜੇ ਜਦੋਂ ਲਾਹੌਰ ਛਾਉਣੀ ਵਿਖੇ ਸਮੁੱਚੀ ਰੈਜੀਮੈਂਟ ਨੂੰ ਅਚਾਨਕ

ਕਤਾਰਾਂ ਬਣਾ ਲੈਣ ਦਾ ਹੁਕਮ ਹੋਇਆ, ਤਾਂ ਫ਼ੌਜੀ ਬਗ਼ਾਵਤ ਦੇ ਤਾਲਮੇਲ ਕਰਤਾ ਤੇਈਵੇਂ ਰਸਾਲੇ ਦੇ ਲਾਂਸ ਨਾਇਕ ਦਫੇਦਾਰ ਲਛਮਣ ਸਿੰਘ ਨੂੰ ਖੁੜਕ ਗਈ ਕਿ ਕੋਈ ਗੜਬੜ ਹੋ ਗਈ ਹੈ। ਉਸ ਨੇ ਬਲਵੰਤ ਸਿੰਘ ਨੂੰ ਬਾਕੀ ਦੇ ਗ਼ਦਰੀਆਂ ਨੂੰ ਫਟਾਫਟ ਚੇਤਾਵਨੀ ਦੇਣ ਲਈ ਭੇਜਿਆ: ਇੱਥੋਂ ਖਿਸਕ ਜਾਓ, ਅਤੇ ਤੁਰੰਤ ਬਾਕੀਆਂ ਨੂੰ ਖ਼ਬਰ ਕਰ ਦਿਓ।[140] ਇਸੇ ਦੌਰਾਨ ਫ਼ਿਰੋਜ਼ਪੁਰ ਵਿਚ ਅੱਠਵੇਂ ਗਾਈਡਜ਼ ਨੂੰ ਬਾਗ਼ੀ ਵਤੀਰੇ ਕਾਰਨ ਬਰਖ਼ਾਸਤ ਕਰ ਦਿੱਤਾ ਗਿਆ ਸੀ। ਪਰ ਘਰਾਂ ਨੂੰ ਚਲੇ ਜਾਣ ਦੀ ਬਜਾਏ ਉਹ ਕਰਤਾਰ ਸਿੰਘ ਨਾਲ ਰਾਬਤਾ ਬਣਾ ਕੇ ਉਥੇ ਹੀ ਨੇੜੇ-ਤੇੜੇ ਮੌਜੂਦ ਰਹੇ। ਰਾਤ 9 ਵਜੇ ਦੇ ਕਰੀਬ ਉਹ ਪੰਜਾਹ-ਸੱਠ ਬਾਗ਼ੀਆਂ ਨੂੰ ਮਿਲਿਆ ਜੋ ਰੇਲ ਗੱਡੀ ਚੜ੍ਹ ਕੇ ਉੱਥੇ ਆ ਗਏ ਸਨ, ਅਤੇ ਉਹ ਉਨ੍ਹਾਂ ਨੂੰ ਗਾਈਡਜ਼ ਨਾਲ ਮਿਲਾਉਣ ਲਈ ਰਾਈਫ਼ਲ ਰੇਂਜ ਵੱਲ ਲੈ ਗਿਆ। ਰਾਹ ਵਿਚ ਉਹ ਸਥਾਨਕ ਗਸ਼ਤੀ ਟੁਕੜੀ ਦੇ ਅੱਖੀਂ ਘੱਟਾ ਪਾਉਣ 'ਚ ਕਾਮਯਾਬ ਹੋ ਗਏ, ਜਿਸ ਨੂੰ ਬਗ਼ਾਵਤ ਦੇ ਖ਼ਤਰੇ ਕਾਰਨ ਡਿਊਟੀ 'ਤੇ ਬੁਲਾ ਲਿਆ ਗਿਆ ਸੀ। ਉਨ੍ਹਾਂ ਨੇ ਸਮਝਿਆ ਕਿ ਉਹ ਤਾਂ ਕੋਈ "ਆਮ ਰਾਗੀ ਜਥੇ," ਵਾਲੇ ਹਨ, ਕਿਉਂਕਿ ਚੰਗੇ ਭਾਗਾਂ ਨੂੰ ਇਕ ਬਾਗ਼ੀ ਹਰਮੋਨੀਅਮ ਨਾਲ ਲੈ ਆਇਆ ਸੀ - "ਇਹ ਜਾਣਕਾਰੀ ਨਹੀਂ ਕਿ ਉਹ ਭਜਨ ਗਾਉਣ ਲਈ ਲਿਆਇਆ ਸੀ ਜਾਂ ਯੁੱਧ ਦੇ ਗੀਤ।"[141] ਪਰ ਬਰਖ਼ਾਸਤ ਕੀਤੇ ਫ਼ੌਜੀ ਕਿੱਧਰੇ ਨਜ਼ਰ ਨਾ ਆਏ; ਇਨਕਲਾਬੀ ਪਹੁ ਫੁੱਟਣ ਤੱਕ ਉਡੀਕਦੇ ਰਹੇ ਅਤੇ ਖਿੰਡ ਗਏ। ਪਤਾ ਲੱਗਿਆ ਕਿ ਜਿਸ ਫ਼ੌਜੀ ਨੇ ਆਪਣੇ ਨਾਲ ਦਿਆਂ ਨੂੰ ਲੈ ਕੇ ਆਉਣਾ ਸੀ ਉਸ ਨੂੰ ਕੁਝ ਕਰਨ ਤੋਂ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਹੁਕਮ ਅਦੂਲੀ ਕਰਨ 'ਤੇ ਸਾਰੀ ਰਾਤ ਰੋਕੀ ਰੱਖਿਆ ਗਿਆ ਸੀ।

ਅਜੇ ਵੀ ਹਰਨਾਮ ਸਿੰਘ ਅਤੇ ਬਲਵੰਤ ਸਿੰਘ ਸਮੇਤ ਪੰਦਰਾਂ ਗ਼ਦਰੀ ਬਗ਼ਾਵਤ ਦਾ ਖ਼ਿਆਲ ਛੱਡ ਦੇਣ ਲਈ ਰਾਜ਼ੀ ਨਹੀਂ ਸਨ, ਉਹ ਦੋਰਾਹੇ ਦਾ ਪੁਲ ਉਡਾਉਣ ਅਤੇ ਉਥੇ ਫ਼ੌਜੀ ਗਾਰਦਾਂ ਉੱਪਰ ਹਮਲਾ ਕਰਨ ਦੇ ਇਰਾਦੇ ਨਾਲ ਉੱਧਰ ਨੂੰ ਗੱਡੀ ਚੜ੍ਹ ਗਏ। ਪਰ ਗਾਰਦ ਐਨੀ ਮਜ਼ਬੂਤ ਸੀ ਕਿ ਉੱਥੋਂ ਤੱਕ ਪਹੁੰਚਣਾ ਸੰਭਵ ਨਹੀਂ ਸੀ। ਉਨ੍ਹਾਂ ਨੇ ਬੰਬ ਸੰਭਾਲ ਕੇ ਦੱਬ ਦਿੱਤੇ ਅਤੇ ਬਾਅਦ 'ਚ ਮੁੜ ਕੇ ਇਥੇ ਆਉਣ ਦੀ ਵਿਉਂਤ ਬਣਾਈ, ਪਰ ਵਾਪਸ ਮੁੜਨਾ ਸੰਭਵ ਨਾ ਹੋਇਆ। ਆਖ਼ਿਰ ਪੁਲਿਸ ਨੇ ਇਹ ਬਰਾਮਦ ਕਰ ਲਏ। ਪੁਲਿਸ ਦਾ ਅੰਦਾਜ਼ਾ ਸੀ ਕਿ ਇਹ ਐਨੇ ਵੱਡੇ ਸਨ ਕਿ ਕੋਈ ਗੰਭੀਰ ਨੁਕਸਾਨ ਕਰਨ ਦੇ ਸਮਰੱਥ ਸਨ।[142]

ਉਧਰ ਆਪਣੇ ਸੰਗੀ-ਸਾਥੀਆਂ ਨਾਲ ਸਾਨਿਆਲ ਵਾਰਾਨਸੀ ਦੇ ਪਰੇਡ ਮੈਦਾਨ ਵਿਚ ਬੈਠਾ ਇਸ਼ਾਰਾ ਮਿਲਣ ਦੀ ਇੰਤਜ਼ਾਰ ਕਰਦਾ ਰਿਹਾ ਜੋ ਕਦੇ ਨਾ ਮਿਲਿਆ। ਅਜੇ ਤੱਕ ਨਾਕਾਮੀ ਤੋਂ ਬੇਖ਼ਬਰ ਸਾਨਿਆਲ ਨੂੰ ਇਸ ਦਾ ਪਤਾ ਓਦੋਂ ਲਗਿਆ ਜਦੋਂ ਉਸ ਨੇ ਸ਼ਾਮ ਦੇ ਅਖ਼ਬਾਰਾਂ ਵਿਚ ਪੜ੍ਹਿਆ ਕਿ ਕੀ ਕੁਝ ਭਿਆਨਕ ਵਾਪਰ ਚੁੱਕਾ ਸੀ। ਫਿਰ ਵੀ ਉਸ ਨੂੰ ਯਕੀਨ ਨਹੀਂ ਸੀ ਆ ਰਿਹਾ।[143] ਪਿੱਛੇ ਛਾਪਾ ਪੈ ਚੁੱਕੇ ਸਦਰ ਮੁਕਾਮ ਵਿਚ ਕਰਤਾਰ ਸਿੰਘ ਨੇ ਜਾ ਕੇ ਦੇਖਿਆ ਕਿ ਰਾਸ ਬਿਹਾਰੀ ਬੋਸ ਨਿਰਾਸ਼ਤਾ ਦੇ ਆਲਮ ਵਿਚ ਡੁੱਬਿਆ ਹੋਇਆ ਸੀ। ਫਿਰ ਬੋਸ ਜਪਾਨ ਨੂੰ ਨਿਕਲ ਗਿਆ ਜਿਥੇ ਉਸ ਨੇ ਬਾਕੀ ਜ਼ਿੰਦਗੀ ਗੁਜ਼ਾਰੀ। ਪਰ ਮੁੱਛ ਫੁੱਟ ਗੱਭਰੂ ਬਾਗ਼ੀ ਨੇ ਹੌਸਲਾ ਨਹੀਂ ਹਾਰਿਆ, ਉਹ ਓਦੋਂ ਤੱਕ ਜੁਟਿਆ ਰਿਹਾ ਜਦੋਂ ਤੱਕ ਉਸ ਨੂੰ ਟੁੰਡੀਲਾਟ ਅਤੇ ਸਾਬਕਾ ਰਿਸਾਲਦਾਰ ਜਗਤ ਸਿੰਘ ਸਮੇਤ ਉਸ ਦੀ ਪਹਿਲੀ ਰੈਜੀਮੈਂਟ ਦੇ ਬਾਈਵੇਂ ਰਸਾਲੇ ਨੂੰ ਬਗ਼ਾਵਤ ਲਈ ਉਕਸਾਉਂਦੇ ਨੂੰ ਗ੍ਰਿਫ਼ਤਾਰ ਨਹੀਂ ਕਰ ਲਿਆ। ਆਈਸਮੌਂਗਰ ਅਤੇ ਸਲੈਟਰੀ ਅਨੁਸਾਰ, "ਜਿਵੇਂ ਇਨ੍ਹਾਂ ਤਿੰਨ ਭੜਕਾਊ ਅਨਸਰਾਂ ਤੋਂ ਆਸ ਹੀ ਸੀ", ਇਹ ਓਦੋਂ ਵੀ ਉਥੇ ਮੌਜੂਦ ਲੋਕਾਂ ਨੂੰ ਜੋਸ਼ੀਲੇ ਹੋਕੇ ਦਿੰਦੇ ਰਹੇ ਜਦੋਂ ਉਹ ਗ੍ਰਿਫ਼ਤਾਰ ਹੋ ਚੁੱਕੇ ਸਨ।[144] ਪਿੰਗਲੇ ਨੇ ਵੀ ਹੌਸਲਾ ਨਹੀਂ ਹਾਰਿਆ; ਲਾਹੌਰ ਤੋਂ

ਬਚ ਨਿਕਲਕੇ ਉਹ ਕਿਵੇਂ ਨਾ ਕਿਵੇਂ ਮੇਰਠ ਪਹੁੰਚਕੇ ਬਗ਼ਾਵਤ ਦੀ ਵਿਉਂਤ ਨੂੰ ਨੇਪਰੇ ਚਾੜ੍ਹਨ ਦੀ ਵਾਹ ਲਾਉਂਦਾ ਮਾਰਚ ਮਹੀਨੇ ਵੀਹਵੇਂ ਰਸਾਲੇ ਵਿੱਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਓਡਵਾਇਰ ਦੇ ਸ਼ਬਦਾਂ 'ਚ ਉਸ ਕੋਲੋਂ "ਬੰਬਾਂ ਦਾ ਜ਼ਖ਼ੀਰਾ" ਮਿਲਿਆ – ਅਸਲ ਵਿਚ ਬਕਸੇ ਵਿਚ ਦਸ ਬੰਬ ਸਨ – ਜੋ "ਇਕ ਰੈਜੀਮੈਂਟ ਨੂੰ ਉਡਾਉਣ ਲਈ ਕਾਫ਼ੀ ਸਨ।"[145] ਪਿੰਗਲੇ ਅਤੇ ਜਗਤ ਸਿੰਘ ਦੋਵਾਂ ਨੂੰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਸਜ਼ਾ-ਏ-ਮੌਤ ਸੁਣਾਈ ਗਈ।

ਅਗਲੇ ਦਿਨਾਂ ਅਤੇ ਹਫ਼ਤਿਆਂ 'ਚ, ਲਾਹੌਰ ਪੁਲਿਸ ਨੇ ਵਾਅਦਾ ਮੁਆਫ਼ ਬਣੇ ਨਵਾਬ ਖਾਨ, ਅਮਰ ਸਿੰਘ ਅਤੇ ਮੂਲਾ ਸਿੰਘ ਦੀ ਮਦਦ ਨਾਲ ਫਟਾਫਟ ਸਾਜ਼ਿਸ਼ੀਆਂ, ਭਗੌੜਿਆਂ ਅਤੇ ਸਾਜ਼ਿਸ਼ ਨਾਲ ਸਬੰਧਤ ਸਮੱਗਰੀ ਨੂੰ ਕਾਬੂ ਕਰ ਲਿਆ, ਜਿਨ੍ਹਾਂ ਨੇ ਕਾਰਵਾਈਆਂ, ਢੰਗਾਂ, ਇਨ੍ਹਾਂ ਵਿਚ ਹਿੱਸਾ ਲੈਣ ਵਾਲਿਆਂ, ਘਰਾਂ ਅਤੇ ਮੀਟਿੰਗਾਂ ਦੇ ਥਾਵਾਂ ਦੀ ਵਿਸਤਾਰ 'ਚ ਜਾਣਕਾਰੀ ਮੁਹੱਈਆ ਕਰ ਦਿੱਤੀ ਸੀ। ਜ਼ਿਆਦਾਤਰ ਸਾਜ਼ਿਸ਼ ਕੇਸ ਉਨ੍ਹਾਂ ਦੀਆਂ ਗਵਾਹੀਆਂ ਦੇ ਅਧਾਰ 'ਤੇ ਬਣਾਇਆ ਗਿਆ। ਉਸ ਵਕਤ ਦੇ ਦਸਤਾਵੇਜ਼ ਦਿਖਾਉਂਦੇ ਹਨ ਕਿ ਜਿਉਂ ਜਿਉਂ ਘਟਨਾਵਾਂ ਦੀ ਹੋਰ ਵਿਸਤਾਰਤ ਜਾਣਕਾਰੀ ਸਾਹਮਣੇ ਆਉਂਦੀ ਗਈ ਇਹ ਪਤਾ ਲੱਗਣ 'ਤੇ ਬਸਤੀਵਾਦੀ ਹਕੂਮਤ ਕਿੰਨੀ ਭੈਭੀਤ ਹੋ ਗਈ ਸੀ ਕਿ ਇਸ ਦੀ ਤਬਾਹੀ ਬਿਲਕੁਲ ਨੇੜੇ ਆ ਪਹੁੰਚੀ ਸੀ। ਇਸ ਵਲੋਂ ਆਪਣੀ ਹਾਲਤ ਨੂੰ ਲੁਕੋਣ ਦਾ ਯਤਨ ਕੀਤਾ ਗਿਆ।

1915 ਦੀ ਬਸੰਤ ਅਤੇ ਹੁਨਾਲ ਵਿਚ ਵੀ ਟਾਵੇਂ ਟਾਵੇਂ ਟਕਰਾਅ ਹੁੰਦੇ ਰਹੇ ਕਿਉਂਕਿ ਜਿਹੜੇ ਅਜੇ ਗ੍ਰਿਫ਼ਤਾਰ ਨਹੀਂ ਸੀ ਹੋਏ ਉਨ੍ਹਾਂ ਨੇ "ਯੂਨੀਵਰਸਿਟੀ ਕੈਂਪਸ ਅਤੇ ਫ਼ੌਜੀ ਛਾਉਣੀਆਂ ਵਿਚ ਪ੍ਰਚਾਰ ਕਰਦੇ ਹੋਏ ਆਪਣੀਆਂ ਇਨਕਲਾਬੀ ਸਰਗਰਮੀਆਂ ਜਾਰੀ ਰੱਖੀਆਂ।"[146] ਮਸਲਨ, ਬਗ਼ਾਵਤ ਦੇ ਨਾਕਾਮ ਰਹਿਣ ਤੋਂ ਪਿੱਛੋਂ ਵੀ ਦੋ ਗ਼ਦਰੀ ਤੇਈਵੇਂ ਰਿਸਾਲੇ ਦੇ ਸਿਰੜੀ ਘੋੜਸਵਾਰਾਂ ਨੂੰ ਮਥੁਰਾ ਸਿੰਘ ਦੇ ਗੁਰ ਅਨੁਸਾਰ ਬੰਬ ਅਤੇ ਡਾਈਨਾਮਾਈਟ ਬਣਾਉਣੇ ਸਿਖਾ ਰਹੇ ਸਨ। ਉਨ੍ਹਾਂ ਨੂੰ ਉਮੀਦ ਸੀ ਕਿ ਭਵਿੱਖ 'ਚ ਇਨ੍ਹਾਂ ਨੂੰ ਵਰਤਣ ਦੇ ਮੌਕੇ ਮਿਲ ਜਾਣਗੇ ਜਿਵੇਂ ਅਫ਼ਸਰਾਂ ਦੇ ਵੱਡੇ ਇਕੱਠ। ਉਨ੍ਹਾਂ ਨੇ ਗ਼ਦਾਰ ਕਿਰਪਾਲ ਸਿੰਘ ਨੂੰ ਮਾਰਨ ਦੀ ਸਾਜ਼ਿਸ਼ ਵੀ ਰਚੀ। ਉਨ੍ਹਾਂ ਦੇ ਕੁਆਟਰਾਂ ਵਿਚ ਇਕ ਅਜਿਹਾ ਬੰਬ ਫਟ ਜਾਣ ਨਾਲ ਫਰਵਰੀ ਦੀ ਅਸਫ਼ਲ ਬਗ਼ਾਵਤ ਵਿਚ ਉਨ੍ਹਾਂ ਦੀ ਸ਼ਮੂਲੀਅਤ ਸਾਹਮਣੇ ਆ ਗਈ। ਅਠਾਰਾਂ ਘੋੜਸਵਾਰਾਂ ਦਾ ਕੋਰਟ ਮਾਰਸ਼ਲ ਕੀਤਾ ਗਿਆ ਅਤੇ ਸਜ਼ਾ-ਏ-ਮੌਤ ਦਿੱਤੀ ਗਈ। ਬਾਰਾਂ ਨੂੰ ਫੌਰਨ ਫਾਹੇ ਲਾ ਦਿੱਤਾ ਗਿਆ ਅਤੇ ਬਾਕੀਆਂ ਨੂੰ ਤਿਲ ਤਿਲ ਕਰਕੇ ਮਰਨ ਲਈ ਪੱਛਮੀ ਮੁਹਾਜ਼ ਉੱਪਰ ਭੇਜ ਦਿੱਤਾ ਗਿਆ। ਓਡਵਾਇਰ ਅਨੁਸਾਰ, ਬਾਕੀ ਰੈਜੀਮੈਂਟ ਪਹਿਲਾਂ ਹੀ ਹਿੰਦੁਸਤਾਨ ਤੋਂ ਭੇਜ ਦਿੱਤੀ ਗਈ ਸੀ ਕਿਉਂਕਿ "ਜੰਗ ਦੇ ਸਮੇਂ ਵਿਚ ਫ਼ੌਜੀ ਅਧਿਕਾਰੀਆਂ ਨੂੰ ਉਸ ਦਾ ਕੋਰਟ ਮਾਰਸ਼ਲ ਕਰਨਾ ਮੁਨਾਸਬ ਨਹੀਂ ਸੀ ਲੱਗਿਆ ਜਿਸ ਨਾਲ ਫ਼ੌਜੀ ਬਗ਼ਾਵਤ ਦੀਆਂ ਤਿਆਰੀਆਂ ਜੱਗ ਜ਼ਾਹਰ ਹੋ ਜਾਣੀਆਂ ਸਨ।"[147] ਇਸੇ ਦੌਰਾਨ, ਫ਼ੌਜੀਆਂ ਪੂਰਨ ਸਿੰਘ ਅਤੇ ਵਸਾਵਾ ਸਿੰਘ ਨੇ ਸੋਚ ਲਿਆ ਕਿ ਹੀਰਾ ਸਿੰਘ ਨਾਲ ਰਾਬਤਾ ਬਣਾਇਆ ਜਾਵੇ, "ਮਜ਼ਬੂਤ ਇਨਕਲਾਬੀ ਖ਼ਿਆਲਾਂ ਦੇ" ਇਸ ਬੰਦੇ ਦੇ ਨੇੜਲੇ ਪਿੰਡ ਵਿਚ ਪੈਰੋਕਾਰ ਸਨ ਜੋ ਹੋਰ ਪਿੰਡਾਂ ਨੂੰ ਇਸ ਕਾਜ ਨਾਲ ਜੋੜਨ 'ਚ ਲੱਗਿਆ ਹੋਇਆ ਸੀ। ਉਸ ਬਾਰੇ ਇਹ ਵੀ ਸਮਝਿਆ ਜਾਂਦਾ ਸੀ ਕਿ ਉਸ ਦਾ "ਇਕ ਬਲੋਚ ਮੁਖੀ" ਨਾਲ ਰਾਬਤਾ ਸੀ ਜੋ ਸ਼ੇਖੀ ਮਾਰਦਾ ਸੀ ਕਿ ਉਸ ਕੋਲ ਚਾਲੀ ਹਜ਼ਾਰ ਪੈਰੋਕਾਰ ਅਤੇ ਚੋਖੇ ਹਥਿਆਰ ਤੇ ਗੋਲੀਸਿੱਕਾ ਹੈ ਅਤੇ ਉਹ "ਚਿੱਟੀ ਉਨ" ਦੇ ਗੁਪਤ ਸੰਕੇਤ ਵਾਲੀ ਤਾਰ ਮਿਲਦੇ ਸਾਰ ਬਗ਼ਾਵਤ ਵਿਚ ਸ਼ਾਮਲ ਹੋਣ ਲਈ ਤਿਆਰ ਹੈ। ਅਪ੍ਰੈਲ ਦੇ ਅਖ਼ੀਰ ਜਾਂ ਮਈ ਦੇ ਸ਼ੁਰੂ ਵਿਚ ਉਨ੍ਹਾਂ ਦੀ ਰੈਜੀਮੈਂਟ ਨੂੰ ਜੰਗ ਦੇ ਹੁਕਮ ਆਉਣ ਤੋਂ ਬਾਅਦ, ਇਨ੍ਹਾਂ ਸਾਜ਼ਿਸ਼ੀਆਂ ਨੇ ਪੂਰਨ ਸਿੰਘ ਦੇ ਸਮਾਨ ਵਿਚ ਦੋ ਬੰਬ ਲੁਕੋ ਕੇ

ਬੰਨ੍ਹ ਲਏ ਤਾਂ ਜੋ ਰਾਹ ਵਿਚ ਮੌਕਾ ਮਿਲਣ 'ਤੇ ਵਰਤੇ ਜਾ ਸਕਣ। ਤੇਰਾਂ ਮਈ ਨੂੰ ਇਨ੍ਹਾਂ ਵਿੱਚੋਂ ਇਕ ਬੰਬ ਫਟ ਜਾਣ ਨਾਲ ਪੰਜ ਬੰਦੇ ਜ਼ਖ਼ਮੀ ਹੋ ਗਏ। ਦੂਜਾ ਇਕ ਖ਼ੂਹ ਵਿਚ ਸੁੱਟ ਦਿੱਤਾ ਗਿਆ। ਪਰ ਇਹ ਕਾਰਵਾਈਆਂ ਇੱਕਾ-ਦੁੱਕਾ ਸਨ ਅਤੇ ਇਹ ਵੱਡੇ ਪੱਧਰ ਦੀ ਬਗ਼ਾਵਤ ਲਈ ਜ਼ਰੂਰੀ ਸਮੂਹਕ ਪ੍ਰਭਾਵ ਪਾਉਣ 'ਚ ਨਾਕਾਮ ਰਹੀਆਂ। ਅਜੇ ਗਣਰਾਜ ਦਾ ਐਲਾਨ ਨਹੀਂ ਹੋ ਸਕੇਗਾ।

## ਸਿੱਟੇ

ਬਾਗ਼ੀਆਂ ਉੱਪਰ ਡਿਫੈਂਸ ਆਫ ਇੰਡੀਆ ਐਕਟ ਤਹਿਤ ਲੜੀਵਾਰ ਬਾਰਾਂ ਸਪੈਸ਼ਲ ਟ੍ਰਿਬਿਊਨਲਾਂ ਵਿਚ ਮੁਕੱਦਮੇ ਚਲਾਏ ਗਏ ਜਿਥੇ ਅਪੀਲ ਦੀ ਕੋਈ ਸੰਭਾਵਨਾ ਨਹੀਂ ਸੀ। ਮੁੱਖ ਮੁਕੱਦਮਾ ਅਪ੍ਰੈਲ ਤੋਂ ਸਤੰਬਰ 1915 ਤੱਕ ਚਲਿਆ, ਇਸ ਪਿੱਛੋਂ ਜੁਲਾਈ 1915 ਤੋਂ ਲੈ ਕੇ ਸਤੰਬਰ 1918 ਤੱਕ ਚਾਰ ਸਪਲੀਮੈਂਟਰੀ ਮੁਕੱਦਮੇ ਅਤੇ ਕਈ ਸਹਾਇਕ ਮੁਕੱਦਮੇ ਚਲਾਏ ਗਏ।[148] ਮੁੱਖ ਮੁਕੱਦਮੇ ਦੇ 64 ਦੋਸ਼ੀਆਂ ਵਿੱਚੋਂ ਦੋ ਦਾ ਮੁਕੱਦਮਾ ਖਾਰਜ ਹੋ ਗਿਆ, ਚਾਰ ਬਰੀ ਕਰ ਦਿੱਤੇ ਗਏ, 24 ਨੂੰ ਸਜ਼ਾ-ਏ-ਮੌਤ, 27 ਨੂੰ ਉਮਰ ਕੈਦ ਅਤੇ 16 ਨੂੰ ਥੋੜ੍ਹ ਚਿਰੀ ਕੈਦ ਦੀ ਸਜ਼ਾ ਸੁਣਾਈ ਗਈ; ਜੋ ਫਿਰ 7 ਨੂੰ ਫਾਂਸੀ, 34 ਨੂੰ ਉਮਰ ਕੈਦ ਅਤੇ 16 ਨੂੰ ਥੋੜ੍ਹ ਚਿਰੀ ਕੈਦ 'ਚ ਬਦਲ ਦਿੱਤੀ ਗਈ।[149] ਕੁਲ 175 ਬੰਦਿਆਂ ਉੱਪਰ ਮੁਕੱਦਮਾ ਚਲਾਇਆ ਗਿਆ, ਸਿੱਟੇ ਵਜੋਂ 42 ਨੂੰ ਸਜ਼ਾ-ਏ-ਮੌਤ ਸਮੇਤ 136 ਨੂੰ ਸਜ਼ਾਵਾਂ ਹੋਈਆਂ, ਹਾਲਾਂਕਿ ਇਨ੍ਹਾਂ ਵਿੱਚੋਂ ਤਕਰੀਬਨ ਅੱਧਿਆਂ ਦੀ ਸਜ਼ਾ ਕਾਲੇ ਪਾਣੀ ਭੇਜੇ ਜਾਣ ਦੀ ਸਜ਼ਾ 'ਚ ਬਦਲ ਗਈ।[150]

ਸਰਕਾਰੀ ਚਰਚਾਵਾਂ ਵਿਚ ਲਗਾਤਾਰ ਇਹ ਪੇਸ਼ ਕੀਤਾ ਜਾਂਦਾ ਰਿਹਾ ਕਿ ਗ਼ਦਰੀ ਆਫ਼ਤ ਪਿੰਡਾਂ ਦੀਆਂ ਭਾਵਨਾਵਾਂ ਨਾਲੋਂ ਟੁੱਟੀ ਹੋਈ ਸੀ। ਸਰਕਾਰੀ ਅਧਿਕਾਰੀ ਦਾਅਵਾ ਕਰਦੇ ਸਨ ਕਿ ਆਮ ਤੌਰ 'ਤੇ ਨਾਗਰਿਕ "ਵਫ਼ਾਦਾਰ ਅਤੇ ਸੰਤੁਸ਼ਟ" ਸਨ,[151] (ਜਦਕਿ ਗ਼ਦਰੀ ਇਸ ਨੂੰ ਮੰਨਣ ਤੋਂ ਇਨਕਾਰੀ ਸਨ) ਜੋ ਨਿਸ਼ਚੇ ਹੀ "ਅਮਨ-ਕਾਨੂੰਨ ਦੇ ਹੱਕ 'ਚ" ਪੱਕੇ ਤੌਰ 'ਤੇ ਲਾਮਬੰਦ ਹੋਣ ਦੇ ਜ਼ੋਰਦਾਰ ਹਾਮੀ ਸਨ।[152] ਫਿਰ ਵੀ ਇਹ ਗੱਲ ਗ਼ਦਰੀਆਂ ਦੀ ਨਿਹਚਾ ਦੇ ਹੱਕ 'ਚ ਭੁਗਤਦੀ ਹੈ ਕਿ ਪੰਜਾਬ ਵਿਚ ਸਾਰੇ ਸਾਜ਼ਿਸ਼ ਕੇਸਾਂ ਵਿਚ ਜੋ 231 ਬੰਦੇ ਦੋਸ਼ੀ ਮੰਨੇ ਗਏ ਉਨ੍ਹਾਂ ਵਿੱਚੋਂ 121 ਸਥਾਨਕ ਬਾਸ਼ਿੰਦੇ ਸਨ ਉਹ ਬਾਹਰੋਂ ਆਏ ਗ਼ਦਰੀ ਨਹੀਂ ਸਨ।[153] ਜਦੋਂ 1914-15 'ਚ ਬਾਹਰੋਂ ਆਏ ਗ਼ਦਰੀਆਂ ਨੇ "ਆਪਣੇ ਸਕੇ-ਸਬੰਧੀਆਂ ਨੂੰ ਉਸ ਵਿਤਕਰੇਪੂਰਨ ਵਿਹਾਰ ਬਾਰੇ ਦੱਸਿਆ ਜੋ ਉਨ੍ਹਾਂ ਨਾਲ ਬਦੇਸ਼ਾਂ ਵਿਚ ਹੋਇਆ ਸੀ", ਉਨ੍ਹਾਂ ਨੇ "ਇਹ ਇਨਕਲਾਬ ਦੇ ਉਸ ਮੱਤ ਜੋ ਉਨ੍ਹਾਂ ਨੇ ਗ਼ਦਰ ਤੋਂ ਸਿੱਖਿਆ ਸੀ ਅਤੇ *ਕੱਚੇਪਿੱਲੇ ਸਮਾਜਵਾਦ ਜੋ ਉਨ੍ਹਾਂ ਨੇ ਪੱਛਮੀ ਕੈਨੇਡਾ ਅਤੇ ਅਮਰੀਕਾ ਦੇ ਕਸਬਿਆਂ ਵਿੱਚੋਂ ਗ੍ਰਹਿਣ ਕੀਤਾ ਸੀ* ਜ਼ਰੀਏ ਬਿਆਨ ਕੀਤਾ।"[154] ਜਦੋਂ ਇਕ ਵਾਰ ਗ਼ਦਰੀ ਭਾਈਚਾਰੇ ਦੀ ਚੇਤਨਾ ਉਪਰ ਕੁਲੀਨ ਵਰਗੀ ਬੌਧਿਕ ਰੂਪੋਸ਼ ਸਭਾਵਾਂ ਦੇ ਤਾਣੇਬਾਣੇ ਦੀ ਥਾਂ ਕਾਰਕੁੰਨਾਂ ਦੇ ਹਜ਼ੂਮ ਰਾਹੀਂ ਕੰਮ ਕਰਨ ਦੀ ਚੇਤਨਾ ਭਾਰੂ ਹੋ ਗਈ, ਤਾਂ ਇਸ ਦਾ ਖੱਬੇ ਝੁਕਾਅ ਵਾਲਾ ਵਿਕਾਸ ਕਾਫ਼ੀ ਤਰਕਪੂਰਨ ਲੱਗਦਾ ਹੈ।

ਆਪਾਵਾਰ ਮੁਹਿੰਮ ਲਈ ਰਵਾਨਾ ਹੋਣ ਤੋਂ ਪਹਿਲਾਂ, ਕੈਲੀਫੋਰਨੀਆ ਦੀਆਂ ਸਮਰਪਿਤ ਪਾਰਟੀ ਸਫ਼ਾਂ ਨੇ ਦੂਰਅੰਦੇਸ਼ੀ ਨਾਲ ਆਪਣੀ ਗ਼ੈਰਮੌਜੂਦਗੀ 'ਚ "ਕੰਮ ਨੂੰ ਜਾਰੀ ਰੱਖਣ ਲਈ ਨਵੀਂ ਆਗੂ ਟੁਕੜੀ" ਚੁਣ ਲਈ ਸੀ। ਜਿਸ ਦੀ ਕਾਰਜਕਾਰੀ ਕਮੇਟੀ ਵਿਚ ਭਗਵਾਨ ਸਿੰਘ ਨੂੰ ਪ੍ਰਧਾਨ, ਸੰਤੋਖ ਸਿੰਘ ਨੂੰ ਜਨਰਲ ਸਕੱਤਰ, ਰਾਮ ਚੰਦਰ ਨੂੰ ਅਖ਼ਬਾਰ ਦਾ ਪ੍ਰਬੰਧਕ ਅਤੇ ਗੋਬਿੰਦ ਬਿਹਾਰੀ ਲਾਲ ਨੂੰ ਸੰਪਾਦਕ ਵਜੋਂ ਲੈ ਕੇ ਉਨ੍ਹਾਂ ਦੇ ਨਾਲ ਯੁਗਾਂਤਰ ਆਸ਼ਰਮ ਨੂੰ ਚਲਾਉਣ ਲਈ ਹੋਰ ਦਸ ਮੈਂਬਰੀ ਅਮਲਾ ਚੁਣ ਲਿਆ ਗਿਆ ਸੀ।[155] ਫਿਰ ਵੀ ਉਥੇ ਫੁੱਟ ਅਤੇ ਭੱਦੇ ਧੜੇਬੰਦਕ

ਬਖੇੜੇ ਵਧਦੇ ਜਾਣ ਦੀਆਂ ਇਤਲਾਹਾਂ ਆਉਂਦੀਆਂ ਰਹੀਆਂ। ਅਪ੍ਰੈਲ 1914 ਵਿਚ ਹਰਦਿਆਲ ਦੇ ਚਲੇ ਜਾਣ ਪਿੱਛੋਂ ਰਾਮ ਚੰਦਰ ਨੇ *ਗ਼ਦਰ* ਦੇ ਸੰਪਾਦਨ ਦਾ ਕੰਮ ਸੰਭਾਲ ਲਿਆ ਸੀ ਅਤੇ ਹਰਦਿਆਲ ਦੇ ਨਾਂ ਨਾਲ ਜੁੜੇ ਅਰਾਜਕਤਾਵਾਦ ਦੇ ਪੱਕੇ ਕਲੰਕ ਨੂੰ ਤਿਲਾਂਜਲੀ ਦੇਣ ਲਈ ਅਧਿਕਾਰਤ ਤੌਰ 'ਤੇ ਇਸ ਦਾ ਨਾਂ ਜਾਣ-ਬੁੱਝ ਕੇ ਬਦਲ ਕੇ *ਹਿੰਦੁਸਤਾਨ ਗ਼ਦਰ* ਰੱਖ ਲਿਆ ਸੀ। (ਬਗ਼ਾਵਤ ਨੂੰ ਹਿੰਦੁਸਤਾਨ ਤੱਕ ਸੁੰਗੇੜਨਾ ਇਸ ਦਾ ਸੰਕੇਤ ਸੀ ਕਿ ਉਨ੍ਹਾਂ ਨੂੰ ਅੰਗਰੇਜ਼ ਰਾਜ ਵਿਰੁੱਧ ਤਾਂ ਖ਼ਾਸ ਸ਼ਿਕਾਇਤ ਸੀ ਪਰ ਸਿਧਾਂਤਕ ਤੌਰ 'ਤੇ ਹੋਰ ਕਿਸੇ ਹਕੂਮਤ ਲਈ ਇਹ ਕੋਈ ਖ਼ਤਰਾ ਨਹੀਂ ਸੀ।) ਜਿਉਂ ਹੀ ਜੰਗ ਨੇ ਜ਼ੋਰ ਫੜਿਆ ਅਹਿਮ ਆਗੂ ਵੱਖ-ਵੱਖ ਕੰਮ ਲੈ ਕੇ ਵੱਖ-ਵੱਖ ਥਾਂਈਂ ਚਲੇ ਗਏ: ਬਰਕਤਉੱਲਾ ਬਰਲਿਨ ਚਲਾ ਗਿਆ ਅਤੇ ਭਗਵਾਨ ਸਿੰਘ ਮਨੀਲਾ, ਟੋਕੀਓ ਹੁੰਦਾ ਹੋਇਆ ਪਨਾਮਾ ਚਲਾ ਗਿਆ।[156] ਨਾਲ ਦੇ ਦੋ ਸਾਥੀਆਂ ਦੇ ਚਲੇ ਜਾਣ ਨਾਲ, ਰਾਮ ਚੰਦਰ ਦਾ ਸਾਨ ਫਰਾਂਸਿਸਕੋ ਵਿਚ ਬੋਲਬਾਲਾ ਹੋ ਗਿਆ। ਰਿਪੋਰਟਾਂ ਵਿਚ ਜਿਸ ਮੁਖ਼ਬਰ ਦੀ ਪਛਾਣ *ਸੀ* ਦੱਸੀ ਗਈ ਉਸ ਨੂੰ ਲੱਗਦਾ ਸੀ ਕਿ ਰਾਮ ਚੰਦਰ ਨੇ ਹਰਦਿਆਲ ਤੋਂ ਲੀਡਰਸ਼ਿਪ ਹਥਿਆ ਲਈ ਸੀ ਅਤੇ ਹੁਣ ਯੁਗਾਂਤਰ ਆਸ਼ਰਮ ਉੱਪਰ "ਆਪਾਸ਼ਾਹ ਕੰਟਰੋਲ" ਅਮਲ 'ਚ ਲਿਆਉਂਦਿਆਂ ਉਹ ਖ਼ੁਦ ਹੀ "ਸਭ ਕੁਝ" ਬਣ ਗਿਆ ਸੀ। ਉਸ ਨੇ "ਗੋਬਿੰਦ ਬਿਹਾਰੀ ਲਾਲ ਵਰਗੇ ਕੁਝ ਪੜ੍ਹੇਲਿਖੇ ਮੱਧਵਰਗੀ ਹਿੰਦੀ ਅਤੇ ਕੁਲੀਆਂ ਵਿੱਚੋਂ ਕਾਫ਼ੀ ਤਾਦਾਦ 'ਚ ਤੇਜ਼-ਤਰਾਰ ਨੀਵੀਆਂ ਜਮਾਤਾਂ ਵਾਲੇ ਛਾਂਟ ਕੇ" ਆਪਣੇ ਨਾਲ ਕੰਮ 'ਚ ਲਾ ਲਏ ਸਨ। "ਇਹ 'ਗ਼ਰੀਬ ਲੋਕ', ਜਿਵੇਂ *ਸੀ* ਨੇ ਇਨ੍ਹਾਂ ਬਾਰੇ ਕਿਹਾ, "ਬਿਨਾ ਤਨਖ਼ਾਹ ਆਸ਼ਰਮ ਵਿਚ ਰਹਿ ਕੇ *ਗ਼ਦਰ* ਛਾਪਦੇ ਅਤੇ ਹੋਰ ਕੰਮਾਂ 'ਚ ਲੱਗੇ ਰਹਿੰਦੇ ਸਨ।"[157]

ਨਿਸ਼ਕਾਮ ਸੇਵਾ ਵਿਚ ਜੁੱਟੇ ਇਨ੍ਹਾਂ ਮਿਹਨਤਕਸ਼ ਮੈਂਬਰਾਂ ਨੇ ਆਪਣੀ ਇਸ ਤਰ੍ਹਾਂ ਦੀ ਪੇਸ਼ਕਾਰੀ ਸੁਣ ਕੇ ਹੈਰਾਨ ਰਹਿ ਜਾਣਾ ਸੀ। ਉਨ੍ਹਾਂ ਨੇ ਰਾਮ ਚੰਦਰ ਦੇ ਆਪਾਸ਼ਾਹ ਅਤੇ ਲੁਕੋ ਰੱਖਣ ਵਾਲੇ ਰਵੱਈਏ ਨੂੰ ਸਿਰ ਸੁੱਟ ਕੇ ਪ੍ਰਵਾਨ ਨਹੀਂ ਸੀ ਕੀਤਾ। ਜਰਮਨੀ ਤੋਂ ਆਉਂਦੇ ਫੰਡਾਂ ਦੇ ਹਿਸਾਬ-ਕਿਤਾਬ ਅਤੇ ਆਪਣੇ ਸਿਆਸੀ ਵਿਚਾਰਾਂ ਦੀ ਜਵਾਬਦੇਹੀ ਵਿਚ ਪਾਰਦਰਸ਼ਤਾ ਦੀ ਘਾਟ ਕਾਰਨ ਉਸ ਦੀ ਨੁਕਤਾਚੀਨੀ ਵਧਦੀ ਜਾ ਰਹੀ ਸੀ। ਇਲਜ਼ਾਮ ਇਹ ਲੱਗਦੇ ਸਨ ਕਿ ਉਸ ਨੇ "ਕੌਮੀ ਫੰਡ" ਦੇ ਹਜ਼ਾਰਾਂ ਡਾਲਰ ਆਪਣੀ ਨਿੱਜੀ ਵਰਤੋਂ ਲਈ ਹੜੱਪ ਲਏ ਸਨ। ਇਸ ਤੋਂ ਬਿਨਾ, ਕਈ ਮੈਂਬਰ ਸਮਝਦੇ ਸਨ ਕਿ ਗ਼ਦਰ ਦੀਆਂ ਪ੍ਰਕਾਸ਼ਨਾਵਾਂ ਵਿਚ ਹਿੰਦ ਦੀ ਕੀਮਤ 'ਤੇ ਜਰਮਨ ਅਤੇ ਤੁਰਕੀ ਦੇ ਹਿੱਤਾਂ ਉੱਪਰ ਨਵਾਂ ਜ਼ੋਰ ਉਨ੍ਹਾਂ ਦੇ ਆਪਣੇ ਨਿਸ਼ਾਨੇ ਪ੍ਰਤੀ ਵਫ਼ਾਦਾਰੀ ਨਾਲ ਧ੍ਰੋਹ ਸੀ। ਪਹਿਲਾਂ ਤਾਂ ਕਈਆਂ ਨੂੰ ਜਰਮਨ ਨਾਲ ਗੱਠਜੋੜ ਬਾਰੇ ਹੀ ਸ਼ੱਕ ਸੀ; ਆਪਣੇ ਦੁਸ਼ਮਣ ਦੇ ਇਨ੍ਹਾਂ ਦੁਸ਼ਮਣਾਂ ਨੂੰ ਉਹ ਮਿੱਤਰ ਨਹੀਂ ਸੀ ਸਮਝਦੇ, ਇਹ ਵੀ ਤਾਂ ਇਕ ਹੋਰ ਨਸਲਵਾਦੀ ਤੇ ਸਾਮਰਾਜੀ ਤਾਕਤ ਸੀ ਜੋ ਫ਼ੌਜੀ ਯੁੱਧਨੀਤਕ ਹਿੱਤ ਤੋਂ ਅੱਗੇ ਅੰਗਰੇਜ਼ਾਂ ਵਾਂਗ ਹੀ ਬੇਇਤਬਾਰੀ ਸੀ। ਭੜਕਾਊ ਅਨਸਰਾਂ ਅਤੇ ਸੂਹੀਆਂ ਦੀਆਂ ਘਾਤਕ ਕਾਰਵਾਈਆਂ ਬੇਇਤਬਾਰੀ ਨੂੰ ਵਧਾ ਕੇ ਕਈ ਸ਼ੱਕੀ ਗ਼ਦਾਰਾਂ ਦੇ ਕਤਲਾਂ ਦਾ ਕਾਰਨ ਬਣੀਆਂ।

*ਸੀ* ਦਾ ਅਸਲ ਨਾਂ ਸਾਗਰ ਚੰਦ ਸੀ। ਲਾਹੌਰ ਤੋਂ ਇਹ ਵਿਦਿਆਰਥੀ 1909 'ਚ ਇੰਗਲੈਂਡ ਆਇਆ ਸੀ, ਜਿਥੇ ਉਹ ਇਕ ਮਿੱਤਰ ਰਾਹੀਂ ਇੰਡੀਆ ਹਾਊਸ ਦੇ "ਅੱਤਵਾਦੀਆਂ" ਵਿਚ ਸ਼ਾਮਲ ਹੋ ਗਿਆ। ਇਹ ਮਿੱਤਰ ਇੰਡੀਆ ਹਾਊਸ ਵਿਚ ਰਹਿਣ ਵਾਲਾ ਹੈਦਰ ਰਜ਼ਾ ਸੀ, ਜਿਸ ਨੂੰ ਕ੍ਰਿਸ਼ਨ ਵਰਮਾ ਵਜ਼ੀਫਾ ਦਿੰਦਾ ਸੀ, ਅਤੇ ਉਹ ਚੰਦ ਨੂੰ ਫਾਰਸੀ ਜ਼ਬਾਨ ਤੇ ਤਰਕਸ਼ਾਸਤਰ ਪੜ੍ਹਾਉਂਦਾ ਸੀ। ਸੀ ਆਕਸਫੋਰਡ ਅਤੇ ਮਿਡਲ ਟੈਂਪਲ ਵਿਖੇ ਅਕਾਦਮਿਕ ਭਵਿੱਖ ਨਾ ਬਣਾ ਸਕਣ ਦਾ ਦੋਸ਼ ਉਸ "ਅਵਾਰਾ ਜ਼ਿੰਦਗੀ" ਨੂੰ ਦਿੰਦਾ ਸੀ ਜਿਸ ਵਿਚ ਹੈਦਰ ਰਜ਼ਾ ਨੇ ਉਸ ਨੂੰ

"ਪਾ ਦਿੱਤਾ" ਸੀ।[158] 1914 ਤੱਕ ਉਹ ਗੁੰਮਨਾਮ ਹਸਤੀ ਬਣਿਆ ਰਿਹਾ, ਫਿਰ ਉਸ ਨੇ ਪੰਜਾਬ ਦੇ ਅਖ਼ਬਾਰਾਂ ਲਈ ਬਾਗ਼ੀ ਲੇਖ ਲਿਖਣੇ ਸ਼ੁਰੂ ਕਰ ਦਿੱਤੇ ਅਤੇ ਜ਼ੋਰ-ਸ਼ੋਰ ਨਾਲ ਗ਼ਦਰ ਵੰਡਣ ਲੱਗਿਆ ਜਿਸ ਨੂੰ ਡਾਕ 'ਚ ਪਾਉਣ ਦੇ ਕੰਮ 'ਚ ਉਸ ਦੀਆਂ ਕਈ "ਮਿੱਤਰ ਕੁੜੀਆਂ" ਹੱਥ ਵਟਾਉਂਦੀਆਂ ਸਨ। ਦਰ ਹਕੀਕਤ ਸ਼ੁਰੂ ਤੋਂ ਹੀ ਉਹ ਸੀ ਆਈ ਡੀ ਨੂੰ ਇੰਡੀਆ ਹਾਊਸ ਦੇ ਅੰਦਰੂਨੀ ਭੇਤ ਦੇ ਰਿਹਾ ਸੀ, ਜਿਥੇ "ਸਾਲ ਭਰ ਉਸ ਨੇ ਢੌਂਗੀ ਜ਼ਿੰਦਗੀ ਜੀਅ ਕੇ ਉਨ੍ਹਾਂ ਬੰਦਿਆਂ ਦਾ ਭਰੋਸਾ ਜਿੱਤ ਲਿਆ ਸੀ ਜਿਨ੍ਹਾਂ ਦਾ ਉਹ ਪਿੱਛਾ ਕਰ ਰਿਹਾ ਸੀ।"[159] ਜਦੋਂ ਉਹ ਫਰੀਮੈਨ ਅਤੇ ਗੋਬਿੰਦ ਬਿਹਾਰੀ ਲਾਲ ਨਾਲ ਰਾਬਤਾ ਬਣਾ ਕੇ ਅਮਰੀਕਾ ਆ ਗਿਆ ਤਾਂ ਹੇਰੰਬਾ ਲਾਲ ਗੁਪਤਾ ਦੇ ਸ਼ੱਕ ਮਿਟਾ ਕੇ ਸਾਨ ਫਰਾਂਸਿਸਕੋ ਦੇ ਅੰਦਰੂਨੀ ਘੇਰੇ ਵਿਚ ਘੁਸਣ 'ਚ ਕਾਮਯਾਬ ਹੋ ਗਿਆ, ਜਿੱਥੋਂ ਉਹ ਅੰਗਰੇਜ਼ ਹਕੂਮਤ ਦੇ ਖ਼ੁਫ਼ੀਆ ਮਹਿਕਮੇ ਨੂੰ ਵਿਸਤਾਰ ਸਹਿਤ ਸੂਹ ਦਿੰਦਾ ਰਿਹਾ।[160]

ਜਦੋਂ ਅਕਤੂਬਰ 1916 'ਚ ਭਗਵਾਨ ਸਿੰਘ ਕੈਲੀਫੋਰਨੀਆ ਵਾਪਸ ਗਿਆ ਉਹ ਉੱਥੋਂ ਦੇ ਹਾਲਾਤ ਦੇਖ ਕੇ ਕੰਬ ਗਿਆ, ਅਤੇ ਉਸ ਨੇ "ਅਸਲ" ਗ਼ਦਰ ਲਹਿਰ ਨੂੰ ਮੁੜ-ਸੁਰਜੀਤ ਕਰਨ ਦਾ ਇਰਾਦਾ ਧਾਰ ਲਿਆ। ਉਸ ਨੇ ਰਾਮ ਚੰਦਰ ਦੇ ਖ਼ਿਲਾਫ਼ ਮੁਹਿੰਮ ਛੇੜ ਦਿੱਤੀ ਅਤੇ ਫਰੇਵਰੀ 1917 'ਚ ਦੋ ਜਥੇਬੰਦੀਆਂ ਦੋ ਅੱਡ-ਅੱਡ ਅਖ਼ਬਾਰ ਛਾਪ ਰਹੀਆਂ ਸਨ। ਰਾਮ ਚੰਦਰ *ਹਿੰਦੁਸਤਾਨ ਗ਼ਦਰ* ਦਾ ਕਾਨੂੰਨੀ ਹੱਕਦਾਰ ਹੋਣ ਦਾ ਦਾਅਵਾ ਕਰਦਾ ਸੀ, ਪਰ ਭਗਵਾਨ ਸਿੰਘ ਨੇ ਐਲਾਨ ਕੀਤਾ ਕਿ ਉਸ ਦਾ ਸਮਾਂਤਰ ਅਖ਼ਬਾਰ *ਯੁਗਾਂਤਰ* ਅਸਲ ਗ਼ਦਰ ਦੀ ਭਾਵਨਾ ਦਾ ਵੱਧ ਸੱਚਾ ਵਾਰਿਸ ਸੀ।[161] ਇਸ ਦੇ ਅੰਕਾਂ ਅਤੇ ਹਾਸਲ ਅੰਸ਼ਾਂ ਨੂੰ ਦੇਖਦਿਆਂ, ਉਹ ਸਹੀ ਸੀ। ਮਸਲਨ, ਨਵੇਂ *ਹਿੰਦੁਸਤਾਨ ਗ਼ਦਰ* ਦੇ ਪਹਿਲੇ ਅੰਕ ਵਿਚ ਅਖ਼ਬਾਰ ਦਾ ਉਦੇਸ਼ "ਆਮ ਸਿਖਿਆ, ਗਿਆਨ, ਸੱਭਿਆਚਾਰ ਅਤੇ ਵਿਗਿਆਨ" ਦਾ ਪਸਾਰਾ ਕਰਨਾ ਦੱਸਿਆ ਗਿਆ ਸੀ। ਇਸ ਵਿਚ ਇਨਕਲਾਬ, ਹਿੰਦ ਦੀ ਆਜ਼ਾਦੀ ਜਾਂ ਇਸ ਤੋਂ ਪਹਿਲੇ ਅਖ਼ਬਾਰ ਦੀ ਕਿਸੇ ਹੋਰ ਪ੍ਰੋਗਰਾਮੀਆ ਮੱਦ ਦਾ ਕੋਈ ਜ਼ਿਕਰ ਨਹੀਂ ਸੀ।[162] ਦੂਜੇ ਪਾਸੇ, *ਯੁਗਾਂਤਰ* ਦਾ ਤੱਤ ਪਹਿਲੇ ਅਖ਼ਬਾਰ ਨਾਲ ਬਹੁਤ ਜ਼ਿਆਦਾ ਮਿਲਦਾ-ਜੁਲਦਾ ਸੀ।[163]

ਇਨ੍ਹਾਂ ਦੋ ਆਗੂਆਂ ਦਰਮਿਆਨ ਪਾਟਕ ਨੂੰ ਕਈ ਵਾਰ ਹਿੰਦੂ ਸਿੱਖ ਦਾ ਝਗੜਾ ਬਣਾ ਕੇ ਪੇਸ਼ ਕੀਤਾ ਜਾਂਦਾ ਰਿਹਾ ਹੈ। ਜਿਵੇਂ ਨਿੱਜੀ ਵਫ਼ਾਦਾਰੀਆਂ ਦੀਆਂ ਚਾਲਾਂ ਖੇਡ੍ਹੀਆਂ ਗਈਆਂ, ਇੰਝ ਹੋ ਹੀ ਸਕਦਾ ਹੈ। 1917 'ਚ ਸਟਾਕਟਨ ਅਤੇ ਵੈਨਕੂਵਰ ਦੇ ਖ਼ਾਲਸਾ ਦੀਵਾਨ ਰਾਮ ਚੰਦਰ ਦੀ ਨਿਖੇਧੀ ਕਰਨ ਲਈ ਇਕਜੁੱਟ ਹੋ ਗਏ - ਜਿਸ ਉੱਪਰ ਘਾਲੇਮਾਲਿਆਂ ਦੇ ਇਲਜ਼ਾਮਾਂ ਅਤੇ ਗ਼ਦਰੀਆਂ ਦੇ ਮਾਰੇ ਜਾਣ ਤੇ ਉਨ੍ਹਾਂ ਨੂੰ ਕੈਦ ਦੀਆਂ ਸਜ਼ਾਵਾਂ ਦਾ ਕਾਰਨ ਹੁਣ "ਹਿੰਦੂ ਅਗਵਾਈ" ਨੂੰ ਦੱਸਿਆ ਜਾਣ ਲੱਗਿਆ - ਅਤੇ ਉਨ੍ਹਾਂ ਵਲੋਂ ਗ਼ਦਰ ਪਾਰਟੀ ਦੇ ਵਿਰੋਧ ਨੂੰ ਸਿੱਖ ਪਰੰਪਰਾ ਦੀ ਰਾਖੀ ਦਾ ਸਵਾਲ ਐਲਾਨਿਆ ਗਿਆ।[164] ਜਦਕਿ ਗ਼ਦਰੀ ਸਿੱਖਾਂ ਵਲੋਂ ਆਪਣੀ ਪਾਰਟੀ ਨੂੰ ਖ਼ਾਲਸਾ ਦੀਵਾਨ ਦਾ ਧਰਮਨਿਰਪੱਖ, ਤਰਕਸ਼ੀਲ ਬਦਲ ਬਣਾ ਕੇ ਪੇਸ਼ ਕੀਤਾ ਗਿਆ। ਸ਼ਾਇਦ ਇਸ ਬਾਰੇ ਸਭ ਤੋਂ ਅਹਿਮ ਗੱਲ ਇਹੀ ਹੈ ਕਿ ਵਖਰੇਵਾਂ ਨਰਮਖ਼ਿਆਲੀਆਂ ਅਤੇ ਗਰਮ ਖ਼ਿਆਲੀਆਂ ਦਾ; ਰੀਝਾਂ ਅਤੇ ਅਮਰੀਕੀ ਮੁੱਖ ਧਾਰਾ ਦੇ ਵਿਹਾਰ 'ਚ ਅਪਣਾਏ ਜਾਂਦੇ ਮੁੱਲਾਂ ਦਾ - ਇਸ ਦੀਆਂ ਨਸਲਵਾਦੀ ਵੰਨਗੀਆਂ ਅਤੇ ਸਮਾਜੀ-ਆਰਥਕ ਕਾਮਯਾਬੀ ਦੇ ਸੂਚਕਾਂ ਨੂੰ ਅਪਣਾਉਂਦੇ ਹੋਏ ਵੀ - ਜਾਂ ਆਦਰਸ਼ਕ ਰੂਪ 'ਚ ਪੇਸ਼ ਕੀਤੇ ਇਨ੍ਹਾਂ ਮੁੱਲਾਂ ਦਾ ਸੀ ਜੋ ਅਸੂਲੀ ਤੌਰ 'ਤੇ ਆਜ਼ਾਦੀ ਦੀਆਂ ਹਾਮੀ ਉਨ੍ਹਾਂ ਲਿਖਤਾਂ ਦਾ ਸਤਿਕਾਰ ਕਰਦੇ ਸਨ ਜੋ ਵੀਹਵੀਂ ਸਦੀ ਦੇ ਸ਼ੁਰੂ ਦੇ ਕਿਸੇ ਵੀ ਪਿਛੋਕੜ 'ਚੋਂ ਆਏ ਰੈਡੀਕਲਾਂ ਨੂੰ ਸਮਝ ਆ ਜਾਂਦੀਆਂ ਸਨ, ਜਿਵੇਂ ਆਜ਼ਾਦੀ ਦਾ ਐਲਾਨਨਾਮਾ। ਇਕ ਦਾ ਨਿਸ਼ਾਨਾ ਅਮਰੀਕਾ ਵਿਚ ਜ਼ਮੀਨ ਹਾਸਲ ਕਰਨਾ ਸੀ;

ਦੂਜੀ ਦਾ ਹਿੰਦ ਦੀ ਸਰਜ਼ਮੀਨ ਨੂੰ ਮੁਕਤ ਕਰਾਉਣਾ ਸੀ। ਸੰਖੇਪ 'ਚ, ਰਾਸ਼ਟਰਵਾਦ ਦੇ ਦੋ ਵੱਖੋ-ਵੱਖਰੇ ਇਜ਼ਹਾਰ ਸਨ, ਜੋ ਇਸ 'ਤੇ ਮੁਨੱਸਰ ਕਰਦੇ ਸਨ ਕਿ ਪਛਾਣ ਦਾ ਫੋਕਸ ਅਤੇ ਵਿਅਕਤੀਗਤ ਤੇ/ਜਾਂ ਸਮੂਹਕ ਆਜ਼ਾਦੀ ਲਈ ਚੁਣਿਆ ਸਾਧਨ ਅਮਰੀਕੀ ਸੀ ਜਾਂ ਹਿੰਦੁਸਤਾਨੀ।

## ਸਿੰਡੀਕਲਵਾਦੀ

ਗ਼ਦਰ ਲਹਿਰ ਇਸ ਕਰਕੇ ਅਹਿਮ ਹੈ ਕਿਉਂਕਿ ਇਹ ਬਹੁਤ ਪਹਿਲਾਂ ਹੀ ਹਵਾਲੇ ਦੇ ਦੋ ਪ੍ਰਸੰਗਾਂ –ਅਮਰੀਕਾ ਵਿਚ ਨਸਲ ਤੇ ਜਮਾਤ ਦੇ ਇਤਿਹਾਸ, ਅਤੇ ਜਿਸ ਨੂੰ ਹੁਣ ਅਸੀਂ ਆਲਮੀ ਦੱਖਣ ਕਹਾਂਗੇ ਉਸ ਵਿਚ ਬਸਤੀਕਰਨ ਦੇ ਇਤਿਹਾਸ – ਨੂੰ ਐਨ ਸ਼ੁਰੂ 'ਚ ਹੀ ਜੋੜਨ ਅਤੇ ਘੱਟ ਉਜਰਤਾਂ 'ਤੇ ਕੰਮ ਕਰਨ ਵਾਲੀ ਪਰਵਾਸੀ ਕਿਰਤ ਸ਼ਕਤੀ ਨਾਲ ਨਸਲੀ ਵਿਤਕਰੇ ਦੀਆਂ ਸ਼ਿਕਵੇ-ਸ਼ਿਕਾਇਤਾਂ ਨੂੰ ਮੌਜੂਦ ਸਮਾਜ ਵਿਚ ਜਜ਼ਬ ਹੋ ਜਾਣ ਲਈ ਆਖਣ ਦੀ ਥਾਂ ਇਕ ਜ਼ਾਹਰਾ ਸਾਮਰਾਜਵਾਦ ਵਿਰੋਧੀ ਇਨਕਲਾਬੀ ਪ੍ਰੋਗਰਾਮ ਨਾਲ ਜੋੜਨ 'ਚ ਕਾਮਯਾਬ ਹੋਈ।[165] ਇੰਞ ਗ਼ਦਰੀ ਉਸ ਨੁਕਤੇ 'ਤੇ ਜਾ ਕੇ ਉਭਰਕੇ ਸਾਹਮਣੇ ਆਏ ਜਿਥੇ ਨਸਲ, ਕਿਰਤ ਅਤੇ ਸਾਮਰਾਜਵਾਦ ਦੀ ਸਿਆਸਤ ਇਕ ਥਾਂ ਜਾ ਜੁੜਦੀ ਸੀ। ਉਤਰੀ ਅਮਰੀਕਾ ਦੇ ਵੀਹਵੀਂ ਸਦੀ ਦੇ ਸ਼ੁਰੂ ਦੇ ਰੈਡੀਕਲਵਾਦ ਦਾ ਇਸੇ ਤਰ੍ਹਾਂ ਹੀ ਕਿਰਤ, ਨਸਲ ਅਤੇ ਸਾਮਰਾਜਵਾਦ ਦੇ ਸਰੋਕਾਰਾਂ ਨੂੰ ਬੱਝਵਾਂ ਰੂਪ ਦੇਣ ਦੇ ਸਮਰੱਥ ਦੂਜਾ ਇਕੋ ਇਕ ਖੇਤਰ ਸੀ ਇੰਡਸਟ੍ਰੀਅਲ ਵਰਕਰਜ਼ ਆਫ ਦੀ ਵਰਲਡ (*ਆਈ ਡਬਲਯੂ ਡਬਲਯੂ* ਜਾਂ ਵੌਬਲੀਜ਼), ਜਿਸ ਨੇ ਜੰਗ ਤੋਂ ਪਹਿਲੀ ਗ਼ਦਰ ਲਹਿਰ ਨੂੰ ਅਮਰੀਕਾ ਦੀ ਖੱਬੀ ਧਿਰ ਨਾਲ ਜੁੜਨ ਦਾ ਅਗਲਾ ਸਿਰਾ ਮੁਹੱਈਆ ਕੀਤਾ।[166]

ਸਿੰਡੀਕਲਵਾਦ ਨੂੰ ਰੈਡੀਕਲ ਟਰੇਡ ਯੂਨੀਅਨਵਾਦ ਦੀ ਇਕ ਸ਼ਕਲ ਵਜੋਂ ਪ੍ਰੀਭਾਸ਼ਤ ਕੀਤਾ ਜਾ ਸਕਦਾ ਹੈ ਜੋ ਉਨੀਵੀਂ ਸਦੀ ਦੇ ਆਖ਼ਰੀ ਅਤੇ ਵੀਹਵੀਂ ਸਦੀ ਦੇ ਸ਼ੁਰੂ ਦੇ ਦਹਾਕੇ 'ਚ ਸਿਖ਼ਰਾਂ 'ਤੇ ਸੀ। ਫਰਾਂਸ, ਸਪੇਨ ਅਤੇ ਲਾਤੀਨੀ ਅਮਰੀਕਾ ਵਿਚ ਇਹ ਖ਼ਾਸ ਤੌਰ 'ਤੇ ਉਭਰਵਾਂ ਸੀ, ਜਿਥੇ ਇਸ ਨੇ ਮੈਕਸੀਕਣ ਇਨਕਲਾਬ ਦੀਆਂ ਅਹਿਮ ਤਾਕਤਾਂ 'ਤੇ ਡੂੰਘਾ ਪ੍ਰਭਾਵ ਪਾਇਆ ਜੋ ਖਾਨਖੋਜੇ ਅਤੇ ਹਰਦਿਆਲ ਲਈ ਭਾਰੀ ਖਿੱਚ ਦਾ ਕੇਂਦਰ ਬਣੀਆਂ। ਇਸ ਦਾ ਉਤਰੀ ਅਮਰੀਕੀ ਮੋਹਰੀ ਬਦਲਵਾਂ ਰੂਪ ਆਈ ਡਬਲਯੂ ਡਬਲਯੂ ਵਿਚ ਲੱਭਿਆ ਜਾ ਸਕਦਾ ਹੈ, ਜੋ ਬਹੁਤ ਸਾਰੀਆਂ ਰੈਡੀਕਲ ਯੂਨੀਅਨਾਂ ਦੀ "ਇਕ ਵੱਡੀ ਯੂਨੀਅਨ" ਸੀ ਜੋ ਸਾਰੇ ਆਰਥਕ ਖੇਤਰਾਂ ਦੇ ਮਜ਼ਦੂਰਾਂ ਦੀ ਇਕਮੁੱਠਤਾ ਦੀ ਜੋਸ਼ੀਲੀ ਦ੍ਰਿਸ਼ਟੀ ਅਤੇ ਸਿੱਧੀ ਕਾਰਵਾਈ ਰਾਹੀਂ ਸਰਮਾਏਦਾਰੀ ਪ੍ਰਬੰਧ ਦੇ ਅੰਤਮ ਖ਼ਾਤਮੇ ਪ੍ਰਤੀ ਵਚਨਬਧ ਸੀ। ਬੁਨਿਆਦੀ ਸਿਧਾਂਤ ਵਜੋਂ, ਸਿੰਡੀਕਲਵਾਦੀ ਰਾਜਸੀ ਖੇਤਰ ਤੋਂ ਪਾਸੇ ਰਹਿੰਦੇ ਸਨ, ਨਾ ਤਾਂ ਉਹ ਚੋਣ ਦਾ ਲਾਹਾ ਲੋਚਦੇ ਸਨ ਅਤੇ ਨਾ ਹੀ ਹਕੂਮਤ ਉੱਪਰ ਜਬਰੀ ਕਬਜ਼ਾ ਕਰਨਾ ਚਾਹੁੰਦੇ ਸਨ। ਉਹ ਤਾਂ ਸਗੋਂ ਜ਼ੋਰ ਦਿੰਦੇ ਸਨ ਕਿ ਪੈਦਾਵਾਰ ਵਾਲੀ ਥਾਂ 'ਤੇ ਸਿੱਧੀ ਕਾਰਵਾਈ ਕੀਤੀ ਜਾਵੇ ਅਤੇ ਕਿ ਇਸ ਸਿਧਾਂਤ ਨੂੰ ਅਮਲ ਵਿਚ ਲਿਆਉਣ ਵਾਲੇ ਕਾਰਕੁੰਨ ਮਜ਼ਦੂਰਾਂ-ਉਤਪਾਦਕਾਂ ਦੀ ਹੈਸੀਅਤ 'ਚ ਅਜਿਹਾ ਕਰਨਗੇ। ਇਸ ਮੁਤਾਬਿਕ, ਕਾਇਆ ਪਲਟੀ ਦਾ ਆਖ਼ਰੀ ਮੌਕਾ ਰਾਜ ਪਲਟੇ ਦੁਆਰਾ ਨਹੀਂ ਸਗੋਂ ਆਰਥਕ ਅਮਲ ਨੂੰ ਠੱਪ ਕਰਨ ਦੇ ਉਦੇਸ਼ ਵਾਲੀ ਆਮ ਹੜਤਾਲ ਨਾਲ ਐਲਾਨਿਆ ਜਾਵੇਗਾ। ਜਿਸ ਤੋਂ ਪਿੱਛੋਂ ਸਮਾਜ ਨੂੰ ਖ਼ੁਦਮੁਖਤਿਆਰ ਸਾਂਝੀਆਂ ਸਭਾਵਾਂ ਦੀ ਆਪਸ ਵਿਚ ਜੁੜੀ ਫੈੱਡਰੇਸ਼ਨ ਵਜੋਂ ਢਾਂਚਾਬਧ ਕੀਤਾ ਜਾਵੇਗਾ। ਜਿਸ ਵਿਚ ਹਰ ਸਨਅਤ ਦੇ ਕਾਮੇ ਪੈਦਾਵਾਰ ਅਤੇ ਵੰਡ ਦਾ ਇੰਤਜ਼ਾਮ ਚਲਾਉਣਗੇ, ਨਾ ਕਿ ਰਾਜ। ਟਰੇਡ ਯੂਨੀਅਨ ਜਾਂ ਸਿੰਡੀਕੇਟ ਦਾਅਪੇਚਕ ਟਾਕਰੇ ਅਤੇ ਭਵਿੱਖੀ ਸਮਾਜੀ ਜਥੇਬੰਦੀ ਦੋਵਾਂ ਦੀ ਬੁਨਿਆਦੀ ਇਕਾਈ ਹੋਵੇਗੀ।

ਗ਼ਦਰੀ ਵੀ ਆਪਣੀ ਲੋੜ ਵਿੱਚੋਂ ਚੋਣਾਂ ਅਤੇ ਸੰਸਦ ਵਿਚ ਹਿੱਸਾ ਲੈਣ ਤੋਂ ਲਾਂਭੇ ਰਹਿਕੇ ਹੋਰ ਦਾਅਪੇਚ ਅਖ਼ਤਿਆਰ ਕਰਨ ਦੇ ਪੱਖ 'ਚ ਸਨ। ਉਤਰੀ ਅਮਰੀਕਾ ਵਿਚ, ਇਸ ਦੀ ਵਜ੍ਹਾ ਇਹ ਸੀ ਕਿ ਉਨ੍ਹਾਂ ਨੂੰ ਪੂਰੀ ਹਿੱਸੇਦਾਰੀ ਤੋਂ ਬਾਹਰ ਕਾਨੂੰਨੀ ਤੌਰ 'ਤੇ ਰੱਖਿਆ ਗਿਆ ਸੀ; ਦਰ ਅਸਲ ਇਹ ਉਨ੍ਹਾਂ ਦੀ ਸ਼ਿਕਾਇਤ ਦਾ ਹਿੱਸਾ ਸੀ। ਨਿਰਸੰਦੇਹ, ਹਿੰਦ ਵਿਚ ਇਨਕਲਾਬੀ ਢੰਗਾਂ ਦੇ ਲਿਹਾਜ਼ ਨਾਲ ਪਾਰਲੀਮੈਂਟਰੀ ਢੰਗਾਂ ਨੂੰ ਰੱਦ ਕਰਨਾ ਰਾਸ਼ਟਰਵਾਦੀ ਲਹਿਰ ਵਿਚਲੇ ਇੰਤਹਾਪਸੰਦਾਂ ਦੀ ਖ਼ਾਸ ਪਛਾਣ ਸੀ, ਜਿਸ ਵਿੱਚੋਂ ਬਦੇਸ਼ ਵਿਚ ਉਨ੍ਹਾਂ ਦੀ ਇਨਕਲਾਬੀ ਲਹਿਰ ਉੱਭਰੀ ਸੀ। ਸਿੰਡੀਕਲਵਾਦੀ ਢੰਗ ਨੂੰ ਸੋਚ-ਸਮਝ ਕੇ ਇੰਨ ਬਿੰਨ ਅਪਣਾਉਣ ਜਾਂ ਭਵਿੱਖੀ ਸਮਾਜੀ ਪ੍ਰਬੰਧ ਦਾ ਅਗਾਊਂ ਨਕਸ਼ਾ ਬਣਾਏ ਤੋਂ ਬਗ਼ੈਰ ਵੀ, ਅਮਰੀਕਾ ਵਿਚ ਰਹਿ ਰਹੇ ਅਤੇ ਕੰਮ ਕਰ ਰਹੇ ਗ਼ਦਰੀਆਂ ਦੇ ਹਾਲਾਤ ਇਸ ਤਰ੍ਹਾਂ ਦੇ ਸਨ ਕਿ ਉਹ ਸੱਚੀਓਂ ਹੀ ਸਮੂਹਕ ਸਭਾਵਾਂ ਵਿਚ ਮਜ਼ਦੂਰ ਜੱਥਿਆਂ ਵਜੋਂ ਕੰਮ ਕਰਦੇ ਸਨ –ਜਿਨ੍ਹਾਂ ਨੂੰ ਨਿੱਕੀਆਂ ਸਿੰਡੀਕੇਟ ਕਿਹਾ ਜਾ ਸਕਦਾ ਸੀ।

ਦੂਜੇ ਪਾਸੇ, ਗ਼ਦਰੀਆਂ ਦੀ ਵਫ਼ਾਦਾਰੀ ਵਿਚ ਬੁਨਿਆਦੀ ਦਾਅਵਾ ਅਜੇ ਵੀ ਜਮਾਤ ਦੀ ਬਜਾਏ ਕੌਮ ਸੀ। ਇਸ ਤੋਂ ਅੱਗੇ, ਉਨ੍ਹਾਂ ਨੇ ਆਪਣੀਆਂ ਯੁਗਗਰਦੀ ਦੀਆਂ ਆਸਾਂ ਆਮ ਹੜਤਾਲ ਉੱਪਰ ਨਹੀਂ ਫ਼ੌਜੀ ਬਗ਼ਾਵਤ ਉੱਪਰ ਲਗਾਈਆਂ ਸਨ। ਫਿਰ ਵੀ, ਆਮ ਹੜਤਾਲ, ਬਾਈਕਾਟ ਜਾਂ ਅੰਗਰੇਜ਼ ਰਾਜ ਨਾਲ ਸਬੰਧਤ ਹਰ ਪੈਦਾਵਾਰ, ਖ਼ਪਤ ਅਤੇ ਆਰਥਕ ਸੇਵਾਵਾਂ ਦੇ ਖੇਤਰ ਦੀ ਹਰ ਹਿੱਸੇਦਾਰੀ ਛੱਡ ਦੇਣਾ ਨਿਰਸੰਦੇਹ ਬਸਤੀਵਾਦੀ ਵਿਰੋਧੀ ਹਿੰਦੁਸਤਾਨੀ ਲਹਿਰ ਦਾ ਥੰਮ ਸੀ। ਇਹ ਚੇਤੇ ਰਹਿਣਾ ਚਾਹੀਦਾ ਹੈ ਕਿ ਸਮੁੰਦਰੋਂ ਪਾਰ ਦੀ ਸਾਮਰਾਜੀ ਕਿਰਤ ਮੰਡੀ ਵਿਚ ਗ਼ਦਰੀਆਂ ਦੀ ਹਿੱਸੇਦਾਰੀ ਦਾ ਦੂਜਾ ਮੁੱਖ ਰੂਪ ਫ਼ੌਜੀ ਸੇਵਾਵਾਂ ਜ਼ਰੀਏ ਸੀ। ਇੰਞ ਉਨ੍ਹਾਂ ਲਈ ਫ਼ੌਜੀ ਦਾ ਬਗ਼ਾਵਤ ਕਰਨਾ ਕੰਮ ਦੀ ਥਾਂ ਉੱਪਰ ਹੜਤਾਲ ਵਰਗੀ ਚੀਜ਼ *ਸੀ*। ਇਸ ਭਵਿੱਖ-ਨਕਸ਼ੇ ਤੋਂ ਫ਼ੌਜ ਨੂੰ ਬਗ਼ਾਵਤ ਕਰਨ ਜਾਂ ਨੌਕਰੀ ਛੱਡ ਦੇਣ ਲਈ ਪ੍ਰੇਰਤ ਕਰਨ ਉੱਪਰ ਕੇਂਦਰਤ ਕਰਨਾ, ਦਰ ਅਸਲ ਲਗਭਗ ਉਹੀ ਚੀਜ਼ ਸੀ ਜਿਵੇਂ ਪੈਦਾਵਾਰ ਵਾਲੀ ਥਾਂ ਕਾਮਿਆਂ ਨੂੰ ਹੜਤਾਲ ਜਾਂ ਭੰਨਤੋੜ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਇਹ ਸਾਰੀਆਂ ਖ਼ੂਬੀਆਂ ਗ਼ਦਰ ਲਹਿਰ ਦਾ ਆਈ ਡਬਲਯੂ ਡਬਲਯੂ ਨਾਲ ਸੁਮੇਲ ਕਰਨ 'ਚ ਸਹਾਈ ਹੋਈਆਂ, ਜਿਸ ਨਾਲ ਲਹਿਰ ਨੂੰ ਅਹਿਮ ਉੱਤਰੀ ਅਮਰੀਕੀ ਸੰਗੀ ਮਿਲ ਜਾਣਗੇ। ਆਈ ਡਬਲਯੂ ਡਬਲਯੂ ਜਿਸ ਦੀ ਨੀਂਹ 1905 'ਚ ਸ਼ਿਕਾਗੋ ਵਿਚ ਰੱਖੀ ਗਈ ਸੀ ਤਕਰੀਬਨ ਹੂ-ਬ-ਹੂ ਹਿੰਦੁਸਤਾਨ ਦੀ ਆਧੁਨਿਕ ਇਨਕਲਾਬੀ ਲਹਿਰ ਵਰਗੀ ਸੀ।[167] ਪੱਛਮੀ ਸਮੁੰਦਰੀ ਕੰਢੇ ਦੀ ਖੇਤੀਬਾੜੀ, ਰੇਲਵੇ ਅਤੇ ਲੱਕੜ ਚੀਰਨ ਦੀ ਸਨਅਤ ਐਨ ਗ਼ਦਰੀਆਂ ਦੇ ਇਨ੍ਹੀਂ ਥਾਈਂ ਵੰਡੇ ਹੋਣ ਨਾਲ ਮਿਲਦੀ ਜੁਲਦੀ ਸੀ। ਇਸ ਸਾਂਝ ਦੇ ਬਾਵਜੂਦ, ਅਤੇ ਭਾਵੇਂ *ਵੌਬਲੀ*ਆਵਾਸੀ ਤੇ ਗ਼ੈਰ-ਗੋਰੇ ਕਾਮਿਆਂ ਦੀ ਅਮਰੀਕਣ ਜਥੇਬੰਦ ਮਜ਼ਦੂਰਾਂ ਵਿਚ ਸ਼ਮੂਲੀਅਤ ਪੱਖੋਂ ਨਿਆਰੇ ਸਨ, ਫਿਰ ਵੀ ਆਈ ਡਬਲਯੂ ਡਬਲਯੂ ਨਾਲ ਜੁੜੇ ਅੰਦੋਲਨ ਜਾਂ ਹੜਤਾਲ ਵਿਚ ਹਿੰਦੀਆਂ ਦੇ ਸ਼ਾਮਲ ਹੋਣ ਦਾ ਸਬੂਤ ਨਹੀਂ ਮਿਲਦਾ, ਸਿਰਫ਼ ਵ੍ਹੀਟਲੈਂਡ ਹੌਪ ਵਿਚ ਅਗਸਤ 1913 ਦੇ ਫਸਾਦਾਂ ਵਿਚ "ਹਿੰਦੀ" ਮਜ਼ਦੂਰਾਂ ਦੀ ਮੌਜੂਦਗੀ ਦਾ ਮਾਮੂਲੀ ਜਿਹਾ ਹਵਾਲਾ ਮਿਲਦਾ ਹੈ।[168] ਨਿੱਕੇ ਨਿੱਕੇ ਟੁਕੜੇ ਜੋੜ ਕੇ ਇਹ ਸਬੂਤ ਬਣਦਾ ਹੈ ਕਿ ਹਿੰਦੀਆਂ ਦਾ ਵੌਬਲੀਆਂ ਨਾਲ ਮੇਲਜੋਲ ਸੀ, ਜਾਂ ਉਨ੍ਹਾਂ ਦੀ ਬਹੁਤ ਹੀ ਥੋੜ੍ਹੀ ਨੇੜਤਾ/ਸਾਂਝ ਸੀ। ਮੇਰੇ ਗਿਆਨ ਅਨੁਸਾਰ ਇਹ ਰਾਬਤਾ ਅਮਰੀਕੀ ਭਵਿੱਖ-ਨਕਸ਼ੇ ਤੋਂ ਜ਼ਿਆਦਾ ਅਹਿਮ ਨਹੀਂ ਹੈ। ਫਿਰ ਵੀ, ਇਹ ਚੇਤੇ ਰੱਖਣਾ ਹੋਵੇਗਾ ਕਿ ਕੁਲਮਿਲਾ ਕੇ ਹਿੰਦੀ ਮਜ਼ਦੂਰਾਂ ਦੀ ਤਾਦਾਦ ਜ਼ਿਆਦਾ ਨਹੀਂ ਸੀ ਅਤੇ ਮੁਲਕ ਦੇ ਇਕ ਹਿੱਸੇ ਵਿਚ ਹੀ ਕੇਂਦਰਤ ਸੀ। ਫਿਰ ਵੀ ਕੁਝ ਸੁਰਾਗ ਐਸੇ ਸਨ ਜੋ ਇਸ਼ਾਰਾ ਕਰਦੇ ਹਨ ਕਿ

ਵੌਬਲੀਆਂ ਨਾਲ ਸੰਪਰਕ ਦਾ ਗ਼ਦਰੀਆਂ ਉੱਪਰ ਪ੍ਰਭਾਵ ਪਿਆ ਸੀ।

ਖਾਨਖੋਜੇ ਦੱਸਦਾ ਹੈ ਕਿ ਸਮਾਜਵਾਦ ਨਾਲ ਤਾਅ-ਉਮਰ ਵਚਨਬੱਧਤਾ ਦੀ ਸ਼ੁਰੂਆਤ ਉਸ ਦੀ ਆਈ ਡਬਲਯੂ ਡਬਲਯੂ ਨਾਲ ਪਹਿਲੀ ਮਿਲਣੀ ਤੋਂ ਹੋਈ। 1910 ਦੇ ਕਰੀਬ ਇਸ ਗੱਭਰੂ ਨੇ ਅਸਟੋਰੀਆ ਦੀ ਲੱਕੜ ਮਿਲ ਵਿਚ ਨੌਕਰੀ ਲੈਣ ਦਾ ਯਤਨ ਕੀਤਾ ਸੀ, ਪਰ ਬੌਸ ਨੇ ਉਸ ਨੂੰ "ਕਾਲਾ ਹਿੰਦੀ" ਕਹਿ ਕੇ ਦਬੱਲ ਦਿੱਤਾ ਸੀ। ਫਿਰ ਉਸ ਦੀ ਮੁਲਾਕਾਤ ਇਕ ਬਜ਼ੁਰਗ ਵੌਬਲੀ ਨਾਲ ਹੋਈ ਜਿਸ ਨੇ ਓਰੇਗਨ ਲੱਕੜ ਸਨਅਤ ਵਿਚ ਕੰਮ ਲੱਭਣ ਵਿਚ ਉਸ ਦੀ ਮਦਦ ਕੀਤੀ। ਇਥੇ ਜੰਗਲ ਦੇ ਧੁਰ ਅੰਦਰ ਇਕ ਕੋਠੜੀ ਵਿਚ ਰਹਿੰਦਿਆਂ ਉਹ ਅਤੇ ਉਸ ਦੇ ਸਾਥੀ ਮਜ਼ਦੂਰ ਰਾਤ ਨੂੰ ਧੂਣੀ ਦੁਆਲੇ ਬੈਠ ਕੇ "ਬਜ਼ੁਰਗ ਮਜ਼ਦੂਰ ਆਗੂ ਦੇ ਵਿਚਾਰ ਸੁਣਦੇ ਜਿਸ ਨੇ ਨੌਕਰੀ ਭਾਲਣ 'ਚ ਮੇਰੀ ਮਦਦ ਕੀਤੀ ਸੀ। ਇਥੇ ਪਹਿਲੀ ਵਾਰ ਮੈਂ ਅਮਰੀਕਾ ਦੀ ਮਜ਼ਦੂਰ ਲਹਿਰ ਦਾ ਜ਼ਿਕਰ ਸੁਣਿਆ ਅਤੇ ਇਹ ਸਮਾਜਵਾਦੀ ਵਿਚਾਰਧਾਰਾ ਨਾਲ ਮੇਰਾ ਪਹਿਲਾ ਤੁਆਰਫ਼ ਸੀ।"[169]

ਦੂਜੇ ਪਾਸੇ ਇਹ ਹਰਦਿਆਲ ਸੀ ਜਿਸ ਨੇ ਇਸ ਤਰ੍ਹਾਂ ਦੇ ਅਮਰੀਕਣ ਰੈਡੀਕਲਵਾਦ ਨਾਲ ਗ਼ਦਰ ਲਹਿਰ ਦੇ ਮੇਲ ਨੂੰ ਸਭ ਤੋਂ ਸਪਸ਼ਟ ਤੌਰ 'ਤੇ ਬੱਝਵਾਂ ਰੂਪ ਦਿੱਤਾ। 1912 ਤੋਂ ਉਹ ਆਈ ਡਬਲਯੂ ਡਬਲਯੂ ਦੀ ਓਕਲੈਂਡ ਸ਼ਾਖਾ ਦਾ ਸਕੱਤਰ ਬਣ ਗਿਆ ਸੀ ਅਤੇ ਉਨ੍ਹਾਂ ਦੇ ਹਾਲ ਵਿਚ ਕਈ ਵਾਰ ਤਕਰੀਰਾਂ ਕਰਦਾ ਰਹਿੰਦਾ ਸੀ। ਇਨ੍ਹਾਂ ਵਿਚ ਉਸ ਦੀ "ਮਜ਼ਦੂਰ ਲਹਿਰ ਦਾ ਭਵਿੱਖ" ਨਾਂ ਦੀ ਤਕਰੀਰ ਵੀ ਸੀ ਜੋ 12 ਜੁਲਾਈ 1912 ਦੇ *ਸਾਨ ਫਰਾਂਸਿਸਕੋ ਬੁਲਿਟਨ* ਵਿਚ ਤਕਰੀਬਨ ਹੂਬਹੂ ਛਾਪੀ ਗਈ ਸੀ। ਇਹ ਤਕਰੀਰ, ਜਿਸ ਨੂੰ ਉਸ ਨੇ "ਆਪਣੇ ਅਕੀਦੇ ਦਾ ਸਾਫ਼ ਸਾਫ਼ ਇਕਬਾਲ" ਕਿਹਾ, ਉਸ ਜ਼ਮਾਨੇ ਦੀ ਹਰਦਿਆਲ ਦੀ ਸੋਚ ਵਿਚ ਰੈਡੀਕਲ ਮਜ਼ਦੂਰ ਲਹਿਰ, ਅਤੇ ਉਸ ਦੇ ਭਾਈਚਾਰੇ ਦੀ ਸਿਆਸੀ ਬੇਚੈਨੀ ਨੂੰ ਭੜਕਾਉਣ ਤੇ ਤਰਾਸ਼ਣ ਵਿਚ ਮਜ਼ਦੂਰਾਂ ਦੇ ਹਾਲਾਤ ਦੀ ਅਹਿਮੀਅਤ ਨੂੰ ਦਰਸਾਉਂਦੀ ਸੀ। ਉਸ ਨੇ ਤਕਰੀਰ ਦਾ ਆਗਾਜ਼ ਮਜ਼ਦੂਰਾਂ ਨੂੰ ਦਰਪੇਸ਼ ਔਕੜਾਂ ਅਤੇ ਸਨਅਤੀ ਆਜ਼ਾਦੀ ਜਿੱਤਣ ਲਈ ਪੂਰਵ ਸ਼ਰਤਾਂ ਦੀ ਸੂਚੀ ਤੋਂ ਕੀਤਾ:

ਪਹਿਲੀ, ਇਕਮੁੱਠਤਾ। ਮਜ਼ਦੂਰਾਂ ਨੂੰ ਜ਼ਰੂਰ ਹੀ ਕੁਲ ਆਲਮ ਦੇ ਲਿਹਾਜ਼ ਨਾਲ ਸੋਚਣਾ ਚਾਹੀਦਾ ਹੈ।.... ਜੇ ਇਕ ਕੌਮ ਆਜ਼ਾਦੀ ਹਾਸਲ ਕਰੇਗੀ, ਤਾਂ ਦੂਜੀ ਕੌਮ ਦੇ ਧਨਾਢ ਇਸ ਨੂੰ ਕੁਚਲ ਦੇਣਗੇ।.... ਇਖ਼ਲਾਕੀ ਅਤੇ ਵਿਹਾਰਕ ਕਾਰਨਾਂ ਕਰਕੇ ਮਜ਼ਦੂਰ ਲਹਿਰ ਲਾਜ਼ਮੀ ਹੀ ਸਰਵਵਿਆਪਕ ਹੋਣੀ ਚਾਹੀਦੀ ਹੈ।

ਦੂਜੀ, ਮੁਕੰਮਲ ਆਦਰਸ਼। ਅਸੀਂ ਨਿਰੀ ਆਰਥਕ ਬੰਦ-ਖ਼ਲਾਸੀ ਨਹੀਂ ਚਾਹੁੰਦੇ ਸਗੋਂ ਇਖ਼ਲਾਕੀ ਅਤੇ ਬੌਧਿਕ ਮੁਕਤੀ ਵੀ ਚਾਹੁੰਦੇ ਹਾਂ।.... ਕੋਈ ਵੀ ਬੰਦਾ ਅੰਸ਼ਕ ਆਦਰਸ਼ ਲਈ ਜਾਨ ਕੁਰਬਾਨ ਨਹੀਂ ਕਰੇਗਾ।

ਤੀਜੀ, ਚੰਗੇ ਕਾਰਕੁੰਨ ਅਤੇ ਆਗੂ। ਧਨਾਢ ਅਤੇ ਸਤਿਕਾਰੇ ਜਾਂਦੇ ਲੋਕ ਸਾਨੂੰ ਅਗਵਾਈ ਨਹੀਂ ਦੇ ਸਕਦੇ। ਸਾਡੇ ਆਗੂ ਦੋ ਤਰ੍ਹਾਂ ਦੇ ਹੋਣਗੇ। ਪਹਿਲੇ, ਕਿਰਤੀ ਦੇ ਪਿਆਰ ਖ਼ਾਤਰ ਅਮੀਰੀ ਅਤੇ ਸਤਿਕਾਰ ਨੂੰ ਲੱਤ ਮਾਰਨ ਵਾਲੇ ਤਿਆਗੀ, ਕ੍ਰੋਪੋਟਕਿਨ, ਸੇਂਟ ਫਰਾਂਸਿਜ਼ ਅਤੇ ਸੇਂਟ ਬਰਨਾਰਡ ਵਰਗੇ ਬੰਦੇ। ਇਹ ਮੁਸ਼ਕਲ ਨਾਲ ਲੱਭਣਗੇ, ਕਿਉਂਕਿ ਅਜਿਹਾ ਤਿਆਗ ਦੁਰਲੱਭ ਹੈ ਅਤੇ ਅਜਿਹੇ ਬੁੱਧੀਮਾਨ ਬਹੁਤ ਥੋੜ੍ਹੇ ਹਨ। ਦੂਜੇ, ਸਾਡੇ ਕੋਲ ਕਿਰਤੀਆਂ ਦੇ ਪੁੱਤਰ ਜ਼ਰੂਰ ਹੋਣੇ ਚਾਹੀਦੇ ਹਨ ਜੋ ਆਪਣਾ ਪਾਰ ਉਤਾਰਾ ਖ਼ੁਦ ਕਰਨ ਅਤੇ ਆਪਣੇ ਭਰਾਵਾਂ ਨੂੰ ਅਗਵਾਈ ਦੇਣ।

ਚੌਥੀ, ਮਜ਼ਦੂਰ ਲਹਿਰ ਅਤੇ ਔਰਤਾਂ ਦੀ ਲਹਿਰ ਦਰਮਿਆਨ ਸਹਿਯੋਗ। ਮਜ਼ਦੂਰ ਅਤੇ

ਔਰਤਾਂ ਦੋ ਗ਼ੁਲਾਮ ਵਰਗ ਹਨ ਅਤੇ ਇਨ੍ਹਾਂ ਨੂੰ ਜ਼ਰੂਰ ਹੀ ਆਪਣੀਆਂ ਲੜਾਈਆਂ ਮਿਲ ਕੇ ਲੜਨੀਆਂ ਚਾਹੀਦੀਆਂ ਹਨ।

ਪੰਜਵੀਂ, ਉਸਾਰੂ ਸਿੱਖਿਆ ਪ੍ਰਬੰਧ। ਅਸੀਂ ਐਸੇ ਕੇਂਦਰੀ ਮਜ਼ਦੂਰ ਕਾਲਜ ਚਾਹੁੰਦੇ ਹਾਂ ਜਿੱਥੇ ਸਾਡੇ ਨੌਜਵਾਨਾਂ ਨੂੰ ਪੜ੍ਹਾਇਆ ਜਾ ਸਕਦਾ ਹੋਵੇ, ਪੈਸੇ ਨਾਲ ਨਹੀਂ ਸਗੋਂ ਬੰਦਿਆਂ ਜ਼ਰੀਏ। ਅਸੀਂ ਦਾਨ ਨਹੀਂ ਚਾਹੁੰਦੇ ਕਿਉਂਕਿ ਉਨ੍ਹਾਂ ਦੀ ਆਮਦਨੀ ਨਾਲ ਦਾਨ ਇਕ ਹੋਰ ਰੂਪ 'ਚ ਲੁੱਟਖਸੁੱਟ ਹੀ ਹੈ।....

ਛੇਵੀਂ, ਹਕੀਕੀ ਭਾਈਚਾਰੇ ਦੀ ਭਾਵਨਾ। ਗ਼ਰੀਬ ਨੂੰ ਲਾਜ਼ਮੀ ਹੀ ਗ਼ਰੀਬ ਨਾਲ ਪ੍ਰੇਮ ਕਰਨਾ ਚਾਹੀਦਾ ਹੈ। ਲੇਬਰ ਲਈ ਇਹ ਸ਼ਰਮ ਦੀ ਗੱਲ ਹੈ ਕਿ ਗ਼ਰੀਬ ਜ਼ਰੂਰ ਹੀ ਅਮੀਰ ਦਾ ਦਾਨ ਕਬੂਲ ਕਰੇ। ਅਸੀਂ ਐਨੇ ਕੰਗਾਲ ਨਹੀਂ ਹਾਂ ਸਗੋਂ ਅਸੀਂ ਤਾਂ ਆਪਣੇ ਗ਼ਰੀਬ ਦੀ ਸਾਂਭ-ਸੰਭਾਲ ਆਪ ਕਰ ਸਕਦੇ ਹਾਂ।.... ਸਾਨੂੰ ਲਾਜ਼ਮੀ ਹੀ ਇਕਜੁੱਟ ਹੋ ਕੇ ਡਟ ਜਾਣਾ ਚਾਹੀਦਾ ਹੈ।[170]

ਹਰਦਿਆਲ ਨੇ ਪਾਰਲੀਮੈਂਟਰੀਵਾਦ ਅਤੇ ਪਾਰਲੀਮਾਨੀ ਸਮਾਜਵਾਦ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਜਰਮਨੀ ਅਤੇ ਬੈਲਜੀਅਮ ਦੇ ਗੜ੍ਹਾਂ ਅੰਦਰ ਇਹ ਅੰਨ੍ਹੀ ਗਲੀ ਵਿਚ ਜਾ ਫਸਿਆ ਸੀ; ਉਸ ਨੇ ਕਿਹਾ, ਮਜ਼ਦੂਰਾਂ ਦੇ ਆਪਣੀ ਬੰਦ-ਖ਼ਲਾਸੀ ਕਰਾਉਣ ਲਈ "ਸਰਮਾਏਦਾਰੀ ਵਲੋਂ ਘੜੇ ਹਥਿਆਰ" ਇਸਤੇਮਾਲ ਕਰਨ ਦੇ ਯਤਨ ਵਿਅਰਥ ਹਨ। ਪਰ ਉਹ ਦੂਜੇ ਸਿਰੇ ਦੀ ਵੀ ਬਰਾਬਰ ਕਰੜੀ ਆਲੋਚਨਾ ਕਰਦਾ ਸੀ, ਜਿਸ ਦੀ ਉਹ ਪਹਿਲਾਂ ਵਕਾਲਤ ਕਰਦਾ ਰਿਹਾ ਸੀ: "ਦਹਿਸ਼ਤਵਾਦ," ਭਾਵ ਕਾਰਨਾਮਿਆਂ ਰਾਹੀਂ ਪ੍ਰਚਾਰ, "ਤਾਕਤ ਨੂੰ ਅਜਾਈਂ ਗਵਾਉਣਾ ਹੈ ਅਤੇ ਇਹ ਦੂਜੀ ਧਿਰ ਨੂੰ ਬੇਲੋੜੇ ਜ਼ੁਲਮ ਢਾਹੁਣ ਦਾ ਮੌਕਾ ਦਿੰਦਾ ਹੈ। ਇਹ ਸ਼ਹੀਦ ਮੁਹੱਈਆ ਜ਼ਰੂਰ ਕਰਾਉਂਦਾ ਹੈ, ਪਰ ਦਹਿਸ਼ਤਵਾਦ ਨੂੰ ਤਿਲਾਂਜਲੀ ਦੇ ਦੇਣ ਵਾਲੀ ਮਜ਼ਦੂਰ ਲਹਿਰ ਕੋਲ ਤਾਂ ਆਪਣੇ ਹੀ ਬਥੇਰੇ ਸ਼ਹੀਦ ਹੋਣਗੇ।.... ਆਜ਼ਾਦੀ ਦੇ ਹਿੱਤ ਲਈ ਜ਼ਿੰਦਗੀ ਲਾਉਣ ਅਤੇ ਕੰਮ ਕਰਨ ਵਾਲਾ ਬੰਦਾ ਖ਼ੁਦ ਹੀ ਜਿਉਂਦਾ-ਜਾਗਦਾ ਸਮਾਜੀ ਡਾਈਨਾਮਾਈਟ ਹੈ।"[171]

ਜਨਵਰੀ 1913 'ਚ ਇਕ ਹੋਰ ਤਕਰੀਰ ਕਰਨ ਮੌਕੇ ਹਰਦਿਆਲ ਦਾ ਸਾਨ ਫਰਾਂਸਿਸਕੋ ਵਿਚ ਆਈ ਡਬਲਯੂ ਡਬਲਯੂ ਦੇ ਹਾਲ ਵਿਚ ਆਉਣ 'ਤੇ ਤਾੜੀਆਂ ਨਾਲ ਸਵਾਗਤ ਕੀਤਾ ਗਿਆ (ਜਿਥੇ ਸੂਹ ਲੈਣ ਪਹੁੰਚਿਆ ਹਾਪਕਿਨਸਨ "ਸਮਾਜਵਾਦ, ਅਰਾਜਕਤਾਵਾਦ ਅਤੇ ਸਿਆਸੀ ਅੰਦੋਲਨ ਨਾਲ ਸਬੰਧਤ ਹਰ ਮਾਮਲੇ" ਬਾਰੇ ਚਰਚਾ ਦਾ ਮਾਹੌਲ ਦੇਖ ਕੇ ਬੁਰੀ ਤਰ੍ਹਾਂ ਬੇਚੈਨ ਹੋ ਗਿਆ ਸੀ)। ਹਿੰਦੀ ਰਾਸ਼ਟਰਵਾਦੀ ਅੰਦੋਲਨਕਾਰੀਆਂ ਦੇ ਤਾਜ਼ਾ ਯਤਨਾਂ ਅਤੇ ਇਸ ਦੇ ਜਵਾਬ ਵਿਚ ਅੰਗਰੇਜ਼ਾਂ ਨੇ ਜੋ ਜਬਰ ਕੀਤਾ, ਉਸ ਦਾ ਖ਼ੁਲਾਸਾ ਕਰਦਿਆਂ ਹਰਦਿਆਲ ਨੇ "ਹਿੰਦੁਸਤਾਨ ਦੇ ਲੋਕਾਂ ਦੇ 'ਭਲੇ ਅਤੇ ਤਰੱਕੀ' ਲਈ ਆਈ ਡਬਲਯੂ ਡਲਬਯੂ ਦੇ ਅਸੂਲਾਂ 'ਤੇ ਅਧਾਰਤ ਸਭਾ ਕਾਇਮ ਕਰਨ" ਦਾ ਨਿਸ਼ਾਨਾ ਪੇਸ਼ ਕੀਤਾ। ਹਾਲਾਂਕਿ ਇਸ ਨਾਲ ਹਾਪਕਿਨਸਨ ਨੂੰ ਸਪਸ਼ਟ ਹੋ ਗਿਆ ਕਿ ਹਰਦਿਆਲ ਨੂੰ ਉਸ ਦੀ ਸਿਆਸਤ ਦੇ ਅਧਾਰ 'ਤੇ ਫਸਾਉਣ ਦੇ ਯਤਨਾਂ 'ਚ ਉਹ ਕਿਸੇ ਵੀ ਤਰ੍ਹਾਂ ਗ਼ਲਤ ਬੰਦੇ ਦੀ ਨਿਗਰਾਨੀ ਨਹੀਂ ਸੀ ਕਰ ਰਿਹਾ, ਫਿਰ ਵੀ ਉਹ ਉਸ ਮਾਹੌਲ ਵਿੱਚੋਂ ਫਟਾਫਟ ਨਿਕਲ ਜਾਣ ਲਈ ਤਹੂ ਨਹੀਂ ਸੀ "ਜੋ ਸਾਨ ਫਰਾਂਸਿਸਕੋ ਦੇ ਸਭ ਤੋਂ ਮੁਸ਼ਕਲ ਹਿੱਸੇ ਵਿਚ ਮਨੁੱਖਤਾ ਦੀ ਇਕ ਬਹੁਤ ਹੀ ਮਸ਼ਕੂਕ ਜਮਾਤ ਨੇ ਬਣਾ ਰੱਖਿਆ ਸੀ।"[172]

ਬਾਅਦ ਵਿਚ ਅਖੌਤੀ ਹਿੰਦੂ-ਜਰਮਨ ਸਾਜ਼ਿਸ਼ ਦੀ ਕਹਾਣੀ ਦੀਆਂ ਵਿਰਲਾਂ ਵਿਚ ਵੱਖ-ਵੱਖਰੇ ਵੌਬਲੀ ਕਈ ਵਾਰ ਨਜ਼ਰ ਆਉਂਦੇ ਰਹੇ। ਹਰਦਿਆਲ ਨੇ ਜੋਨਸ ਨਾਂ ਦੇ ਆਈ

ਡਬਲਯੂ ਡਬਲਯੂ ਦੇ ਇਕ ਮੈਂਬਰ ਨੂੰ ਅਮਰੀਕਾ ਵਿਚ ਜਰਮਨਾਂ ਅਤੇ ਹਿੰਦੀਆਂ ਦਰਮਿਆਨ ਨਿਊਯਾਰਕ ਤੋਂ ਸੰਪਰਕ ਅਧਿਕਾਰੀ ਦੀ ਭੂਮਿਕਾ ਨਿਭਾਉਣ ਲਈ ਪ੍ਰੇਰਿਆ ਸੀ, ਜਿਸ ਦੀ ਇਕ ਸਮੇਂ ਅਸਾਮ ਵਿਚ ਰਹਿਣ ਸਮੇਂ ਹਿੰਦੀ ਅੰਦੋਲਨ ਵਿਚ ਰੁਚੀ ਬਣ ਗਈ ਸੀ। ਸਫ਼ੀਰ ਸਪਰਿੰਗ ਰਾਈਸ ਨੇ ਬਦੇਸ਼ ਸਕੱਤਰ ਨੂੰ ਇਤਲਾਹ ਦਿੱਤੀ ਕਿ ਬਰਲਿਨ ਵਿਚ ਕੇਂਦਰਤ "ਸੰਸਾਰ ਵਿਆਪੀ ਜਥੇਬੰਦੀ" ਮਹਿਜ਼ ਆਇਰਿਸ਼ਾਂ ਨੂੰ ਹੀ ਏਜੰਟ ਨਹੀਂ ਸੀ ਬਣਾ ਰਹੀ ਸਗੋਂ "ਸੰਸਾਰ [ਇਹ ਇਂਵ ਹੀ ਲਿਖਿਆ ਹੋਇਆ ਹੈ!] ਦੇ ਕੁਝ ਸਨਅਤੀ ਮਜ਼ਦੂਰਾਂ ਨੂੰ ਆਪਣੇ ਨਾਲ ਗੰਢਣ ਲਈ" ਯਤਨ ਵੀ ਕਰ ਰਹੀ ਸੀ।[173] ਅਮਰੀਕਣ ਅਰਾਜਕਤਾਵਾਦੀ ਜਾਂ ਵੌਬਲੀ ਵਜੋਂ ਪਛਾਣੇ ਗਏ ਇਕ ਹੋਰ ਬੰਦੇ ਜੈਕ ਜਾਂ ਜਨਕਿਨਸ ਦਾ ਨਾਂ ਇਕੇਰਾਂ ਐੱਮ.ਐੱਨ. ਰਾਏ ਦੀਆਂ ਯਾਦਾਂ ਵਿਚ ਵੀ ਉਭਰਦਾ ਹੈ, ਜਦਕਿ ਬਦੇਸ਼ ਦਫ਼ਤਰ ਦੇ ਯਾਦ-ਪੱਤਰ ਵਿਚ ਜ਼ਿਕਰ ਕੀਤਾ ਗਿਆ ਕਿ ਹਰਦਿਆਲ ਦਾ ਅਨਤੋਨ ਜੌਹਨਸਨ ਨਾਂ ਦੇ ਇਕ ਆਈ ਡਬਲਯੂ ਡਬਲਯੂ ਮੈਂਬਰ ਨਾਲ "ਨੇੜਲਾ ਰਿਸ਼ਤਾ" ਸੀ, ਜੋ 1916 ਦੇ ਕੈਲੀਫੋਰਨੀਆ ਡਾਈਨਾਮਾਈਟ ਸਾਜ਼ਿਸ਼ ਕੇਸ ਦੇ ਦੋਸ਼ੀਆਂ ਵਿੱਚੋਂ ਇਕ ਸੀ।[174]

ਯੁੱਧ ਦੌਰਾਨ ਗ਼ਦਰੀਆਂ ਅਤੇ ਵੌਬਲੀਆਂ ਦੇ ਦਮਨ, ਮੁਕੱਦਮਿਆਂ ਅਤੇ ਕੈਦ ਦੀਆਂ ਸਜ਼ਾਵਾਂ ਤੋਂ ਪਿੱਛੋਂ ਵੀ ਘਟਨਾਵਾਂ ਦਾ ਅਜਿਹਾ ਸਿਲਸਿਲਾ ਚਲਿਆ। ਇਹ ਘਟਨਾਵਾਂ ਅਮਰੀਕਾ ਦੇ ਲੜਾਈ ਵਿਚ ਸ਼ਾਮਲ ਹੋਣ ਅਤੇ ਵੱਖਰੇ ਵਿਚਾਰ ਰੱਖਣ ਵਾਲਿਆਂ ਨਾਲ ਨਜਿੱਠਣ ਲਈ ਇਸ ਵਲੋਂ ਬਣਾਏ ਕਾਨੂੰਨ ਦੁਆਰਾ ਪ੍ਰੀਭਾਸ਼ਿਤ ਹੁੰਦੀਆਂ ਸਨ। ਤਾਰਕਨਾਥ ਦਾਸ ਨੇ ਦੋ ਵਰ੍ਹੇ ਲੀਵਨਵਰਥ ਜੇਲ੍ਹ ਵਿਖੇ ਰਹਿਣ ਸਮੇਂ ਆਪਣੇ ਨਾਲ ਦੇ ਕੈਦੀਆਂ ਵਿਲੀਅਮ "ਬਿਗ ਬਿਲ" ਹੇਵੁੱਡ, ਜੋ ਆਈ ਡਬਲਯੂ ਡਬਲਯੂ ਦੇ ਬਾਨੀ ਨਾਇਕਾਂ ਵਿੱਚੋਂ ਇਕ ਸੀ, ਅਤੇ ਇਸ ਲਹਿਰ ਦੇ ਮਸ਼ਹੂਰ ਕਲਾਕਾਰ ਰਾਲਫ਼ ਚੈਪਲਿਨ ਨਾਲ ਜਾਣ-ਪਛਾਣ ਬਣਾ ਲਈ। ਦਾਸ ਦੇ ਸਵੈ-ਜੀਵਨੀ ਲੇਖਕ ਤਪਨ ਮੁਖਰਜੀ ਅਨੁਸਾਰ, ਦਾਸ "ਜੇਲ ਦੇ ਅਹਾਤੇ ਦੇ ਖੂੰਜੇ ਵਿਚ" ਆਈ ਡਬਲਯੂ ਡਬਲਯੂ ਦੇ ਕੈਦੀਆਂ ਦੇ ਪੂਰੇ ਗਰੁੱਪ ਕੋਲ ਪੱਕੇ ਤੌਰ 'ਤੇ ਆ ਬੈਠਦਾ (ਉਨ੍ਹਾਂ ਵਿੱਚੋਂ ਤਿਰੰਨਵੇਂ 1918 ਦੇ ਸ਼ਿਕਾਗੋ ਮੁਕੱਦਮੇ ਪਿੱਛੋਂ ਉਥੇ ਆਏ ਸਨ) ਜਿਸ ਨੂੰ ਉਹ 'ਕੈਂਪਸ' ਕਹਿੰਦੇ ਸਨ," ਜਿਥੇ ਉਹ ਸਿਆਸਤ, ਕਵਿਤਾ, ਤਾਜ਼ਾ ਘਟਨਾਵਾਂ, ਰੂਸੀ ਇਨਕਲਾਬ, ਇਤਿਹਾਸ ਅਤੇ ਵੇਦਾਂਤ ਦਰਸ਼ਨ ਬਾਰੇ ਚਰਚਾ ਕਰਦੇ, ਦਾਸ ਤ੍ਰਿਕਾਲਾਂ ਨੂੰ ਇਸ ਬਾਰੇ ਵਿਸ਼ੇਸ਼ ਜਮਾਤਾਂ ਲਾਉਂਦਾ ਸੀ।[175]

ਜਦੋਂ ਇਹ ਚਲ ਰਿਹਾ ਸੀ, ਲੀਵਨਵਰਥ ਵਿਖੇ ਉਥੇ ਇਕ ਹੋਰ ਕੈਦੀ ਰਿਕਾਰਡੋ ਫਲੋਰਸ ਮੈਗੋਨ ਵੀ ਬੰਦ ਸੀ। ਸਰਹੱਦ ਪਾਰ ਦਾ ਇਹ ਮੈਕਸੀਕਣ ਇਨਕਲਾਬੀ ਆਗੂ ਤੇ ਸਿੰਡੀਕਲਵਾਦੀ ਪੈਤਰਿਦੋ ਲਿਬਰਲ ਮੈਕਸੀਕੈਨੋ (ਪੀ ਐੱਲ ਐੱਮ) ਦੇ ਬਾਨੀਆਂ ਵਿੱਚੋਂ ਇਕ ਸੀ। ਭਾਵੇਂ ਉਸ ਨੂੰ ਬਾਕੀ ਕੈਦੀਆਂ ਤੋਂ ਅਲੱਗ ਕਰਕੇ ਰੱਖਿਆ ਗਿਆ ਸੀ, ਮੈਗੋਨ ਮਈ 1918 ਤੋਂ ਲੈ ਕੇ 1922 ਤੱਕ ਲੀਵਨਵਰਥ ਵਿਖੇ ਮੌਤ ਹੋਣ ਤੱਕ ਕੈਦ ਰਿਹਾ। ਉਹ 1910 ਤੋਂ ਲੈ ਕੇ ਲਾਸ ਏਂਜਲਸ ਵਿਚ ਸਰਗਰਮ ਰਿਹਾ ਸੀ। ਲਾਸ ਏਂਜਲਸ ਵਿਚ ਗ਼ਦਰ ਦੀ ਮੌਜੂਦਗੀ ਨਾਮਾਤਰ ਹੀ ਸੀ, ਜਦਕਿ ਰਿਪੋਰਟ ਇਹ ਕੀਤੀ ਗਈ ਕਿ ਮੁਨਸ਼ੀ ਰਾਮ ਨੂੰ ਮਾਰਚ 1915 ਵਿਚ ਉਥੇ ਜਾ ਕੇ "ਰਾਜਧ੍ਰੋਹ ਦਾ ਪ੍ਰਚਾਰ ਕਰਨ" ਦਾ ਕੰਮ ਸੌਂਪਿਆ ਗਿਆ ਸੀ, ਜੋ ਪੀ ਸੀ ਐੱਚ ਏ ਵਿਚ ਰਲ ਜਾਣ ਤੋਂ ਪਹਿਲਾਂ ਅਸਟੋਰੀਆ ਹਿੰਦੀ ਐਸੋਸੀਏਸ਼ਨ ਦਾ ਹਿੱਸਾ ਰਿਹਾ ਸੀ ਅਤੇ ਰਾਮ ਚੰਦਰ ਦੇ ਮਤਹਿਤ ਗ਼ਦਰ ਪ੍ਰੈੱਸ ਵਿਚ ਖ਼ਤੋ-ਕਿਤਾਬਤ ਅਤੇ ਚੰਦਿਆਂ ਦਾ ਰਿਕਾਰਡ ਰੱਖਣ ਵਾਲੇ ਸਹਾਇਕ ਪ੍ਰਬੰਧਕ ਵਜੋਂ ਕੰਮ ਕਰਦਾ ਰਿਹਾ ਸੀ।[176] 1912 ਵਿਚ ਹਰਦਿਆਲ ਨੇ ਖ਼ੁਦ ਨੂੰ ਮੈਗੋਨ ਭਰਾਵਾਂ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਦਾ ਹਮਾਇਤੀ ਐਲਾਨਿਆ ਸੀ, ਜਿਨ੍ਹਾਂ ਨੂੰ ਉਹ ਆਪਣੇ ਟੈਮਲਪੇਸ

ਪੜਾਅ ਸਮੇਂ ਇਕ ਮੈਕਸੀਕਣ ਕੈਡਟ ਸਾਥੀ ਦੇ ਰਾਹੀਂ ਮਿਲਿਆ ਸੀ।[177]

ਮੈਨੂੰ ਕੋਈ ਐਸਾ ਸਬੂਤ ਨਹੀਂ ਮਿਲਿਆ ਜਿਸ ਤੋਂ ਇਹ ਪਤਾ ਲੱਗਦਾ ਹੋਵੇ ਕਿ ਕਿਸੇ ਹਿੰਦੀ ਨੇ ਆਈ ਡਬਲਯੂ ਡਬਲਯੂ ਦੇ ਬ੍ਰਿਗੇਡ ਵਿਚ ਹਿੱਸਾ ਲਿਆ ਸੀ ਜਿਸ ਨੇ ਉਸ ਵਰ੍ਹੇ ਪੀ ਐੱਲ ਐੱਮ (ਪੈਤਰਿਦੋ ਲਿਬਰਲ ਮੈਕਸੀਕੈਨੋ) ਦੀ ਹਮਾਇਤ ਕਰਨ ਲਈ ਬਾਜਾ ਤੋਂ ਕੂਚ ਕੀਤਾ ਸੀ। ਭਾਵੇਂਕਿ ਖਾਨਖੋਜੇ ਅਤੇ ਪਿੰਗਲੇ ਦਾ ਵਿਚਾਰ ਵੀ ਲੰਮੇ ਸਮੇਂ ਤੋਂ ਇਸੇ ਤਰ੍ਹਾਂ ਦਾ ਰਿਹਾ ਸੀ। ਉਨ੍ਹਾਂ ਦੋਵਾਂ ਨੇ ਮਿਲ ਕੇ ਬਾਜਾ ਵਿਚ ਇਕ ਅਧਾਰ-ਖੇਤਰ ਬਣਾਉਣ ਦੀ ਸੋਚ ਨਾਲ ਇਕ ਖ਼ਿਆਲੀ ਯੋਜਨਾ ਬਣਾਈ (ਜੋ ਨਾਕਾਮ ਹੋਈ), ਪਹਿਲਾਂ ਅਮਰੀਕਾ ਦੇ ਰਾਜ ਅਧਿਕਾਰੀਆਂ ਦੀਆਂ ਨਜ਼ਰਾਂ ਤੋਂ ਦੂਰ ਆਪਣੀ ਛਾਪਾਮਾਰ ਫ਼ੌਜ ਦੀ ਸਿਖਲਾਈ ਲਈ ਅਤੇ ਬਾਅਦ ਵਿਚ ਐਸੀ ਥਾਂ ਵਜੋਂ ਜਿਥੇ "ਇਨਕਲਾਬ ਤੋਂ ਪਿੱਛੋਂ ਪੰਜਾਬੀ ਕਿਸਾਨ ਜ਼ਮੀਨ ਵਾਹ-ਬੀਜ ਸਕਦੇ ਹੋਣ।"[178] ਕੈਲੀਫੋਰਨੀਆ ਵਿਚ ਹਿੰਦੀਆਂ ਦੀ ਮੈਕਸੀਕਣ ਖੇਤ ਮਜ਼ਦੂਰ ਆਬਾਦੀ ਨਾਲ ਗੂੜ੍ਹੀ ਸਾਂਝ, ਅਤੇ ਉਨ੍ਹਾਂ ਦੀ ਮੈਕਸੀਕਣ ਸਰਹੱਦ ਨੂੰ ਅਮਰੀਕੀ ਕਾਨੂੰਨ ਤੋਂ ਬਚਣ ਲਈ ਪਨਾਹਗਾਹ ਜਾਂ ਲੋੜ ਪੈਣ 'ਤੇ ਚੋਰੀ-ਛੁਪੇ ਇਸ ਦੇ ਅੰਦਰ ਆਉਣ-ਜਾਣ ਦੀ ਮਹਿਫ਼ੂਜ਼ ਠਾਹਰ ਸਮਝਣ ਦੀ ਆਦਤ ਕਾਰਨ ਇਹ ਸੰਭਵ ਹੋ ਜਾਣਾ ਸੀ।

ਐਪਰ, ਆਖ਼ਿਰ ਨਾ ਤਾਂ ਇਹ ਸਾਕਾਰ ਹੋਇਆ ਅਤੇ ਨਾ ਹੀ ਪਿੰਗਲੇ ਤੇ ਖਾਨਖੋਜੇ ਦਾ ਬਾਅਦ ਵਿਚ ਦੱਖਣ ਦੀ ਲੜਾਈ ਵਿਚ ਸ਼ਾਮਲ ਹੋਣ ਦਾ 1911 ਦਾ ਯਤਨ। ਮੈਕਸੀਕਣ ਇਨਕਲਾਬ ਸ਼ੁਰੂ ਹੋ ਜਾਣ 'ਤੇ ਖਾਨਖੋਜੇ ਓਰੇਗਨ ਅਤੇ ਕੈਲੀਫੋਰਨੀਆ ਵਿਚ ਸਾਬਕਾ ਸਿੱਖ ਯੋਧਿਆਂ ਦੀ ਤਾਕਤ ਦਾ ਮੁਖੀ ਬਣ ਕੇ ਇਸ ਵਿਚ ਸ਼ਾਮਲ ਹੋਣ ਲਈ ਤੱਤਪਰ ਸੀ, ਜੋ ਇਕ ਤਰ੍ਹਾਂ ਨਾਲ ਅੰਗਰੇਜ਼ ਰਾਜ ਵਿਰੁੱਧ ਬਗ਼ਾਵਤ ਦਾ ਅਭਿਆਸ ਸੀ। ਪਰ ਉਸ ਦੀ ਅਖੌਤੀ ਫ਼ੌਜੀ ਟੁਕੜੀ, ਜੋ ਉਸ ਤੋਂ ਵੱਧ ਤਜ਼ਰਬੇਕਾਰ ਸੀ, ਨੇ ਉਸ ਨੂੰ ਆਪਣੇ ਨਵੇਂ ਖ਼ੂਨ 'ਤੇ ਕਾਬੂ ਪਾਉਣ ਅਤੇ ਪਹਿਲਾਂ ਹਾਲਤ ਦੀ ਟੋਹ ਲਾਉਣ ਦੀ ਸਲਾਹ ਦਿੱਤੀ। ਉਸ ਦੇ ਮੈਕਸੀਕਣ ਦੋਸਤਾਂ ਨੇ ਉਸ ਨੂੰ ਕੈਲੈਕਸੀਕੋ ਤੋਂ ਸਰਹੱਦ ਟੱਪ ਕੇ ਮੈਕਸੀਕਲੀ ਵਿਚ ਜਾਣ ਦਾ ਮਸ਼ਵਰਾ ਦਿੱਤਾ। ਉਸ ਨੇ ਇੰਵ ਹੀ ਕੀਤਾ। ਪਰ ਇਕ ਵਾਰ ਸਰਹੱਦ ਪਾਰ ਕਰਕੇ ਉਸ ਨੂੰ ਮਾਯੂਸੀ ਹੋਈ ਤੇ ਉਹ ਇਸ ਸਿੱਟੇ 'ਤੇ ਪਹੁੰਚਿਆ ਕਿ ਉਸ ਦੇ ਬੰਦਿਆਂ ਦੀ ਗੱਲ ਸਹੀ ਸੀ; ਵਿਉਂਤ ਐਨੀ ਅਸਾਨ ਨਹੀਂ ਸੀ। ਇਥੇ ਬਹੁਤ ਹੀ ਬੇਰਹਿਮ ਹਿੰਸਕ ਹਾਲਤ ਸੀ; ਚਾਰ-ਚੁਫੇਰੇ ਡਾਕੂਆਂ ਦੀ ਭਰਮਾਰ ਸੀ, ਅਤੇ ਫਰਾਟੇਦਾਰ ਸਪੇਨੀ ਜ਼ਬਾਨ ਦੀ ਮੁਹਾਰਤ ਜ਼ਰੂਰੀ ਸੀ – ਇਥੇ ਸਿਖਲਾਈ ਦੀਆਂ ਮਸ਼ਕਾਂ ਲਈ ਕੋਈ ਜਗ੍ਹਾ ਨਹੀਂ ਸੀ ਅਤੇ ਹਿੰਦੀ ਖ਼ੂਨ ਦੀ ਸਮੇਂ ਤੋਂ ਪਹਿਲਾਂ ਕੁਰਬਾਨੀ ਦੇਣਾ ਬਹੁਤ ਹੀ ਖ਼ਤਰਨਾਕ ਖੇਡ ਹੋਣੀ ਸੀ, ਜਿਸ ਨੂੰ ਆਪਣੇ ਅਹਿਮ ਕਾਜ ਦੀ ਖ਼ਾਤਰ ਬਚਾ ਕੇ ਰੱਖਣਾ ਜ਼ਰੂਰੀ ਸੀ।[179] ਫਿਰ ਵੀ, 1911 ਤੋਂ ਹੀ ਮੈਕਸੀਕਣ ਇਨਕਲਾਬ ਵਿਚ ਜੁਟੇ ਵੱਖੋ-ਵੱਖਰੇ ਧੜਿਆਂ ਦੇ ਬਾਗ਼ੀਆਂ ਦਾ ਸਰਹੱਦ ਦੇ ਆਰਪਾਰ ਆਉਣ-ਜਾਣ ਗ਼ਦਰ ਲਹਿਰ ਪ੍ਰਤੀ ਅਮਰੀਕਾ ਦੇ ਸਰਕਾਰੀ ਰਵੱਈਏ ਦੇ ਵਿਕਾਸ ਲਈ ਲਗਾਤਾਰ ਪਿਛੋਕੜ ਮੁਹੱਈਆ ਕਰਦਾ ਰਿਹਾ, ਅਮਰੀਕੀ ਸਰਜ਼ਮੀਨ ਤੋਂ ਫ਼ੌਜੀ ਮੁਹਿੰਮਾਂ ਵਿੱਢਣ ਦੇ ਇਰਦ-ਗਿਰਦ ਕਾਨੂੰਨੀ ਪ੍ਰਵਚਨ ਲਈ ਤੁਰੰਤ ਮਿਸਾਲਾਂ ਮਿਲ ਗਈਆਂ ਸਨ ਅਤੇ ਜੰਗ ਦੇ ਸਮੇਂ ਦੌਰਾਨ ਗ਼ਦਰੀਆਂ ਵਲੋਂ ਜਹਾਜ਼ ਰਾਹੀਂ ਹਥਿਆਰ ਭੇਜਣ ਦੇ ਯਤਨਾਂ ਨੇ ਇਸ ਦਾ ਬਹਾਨਾ ਮੁਹੱਈਆ ਕਰ ਦਿੱਤਾ ਸੀ।

ਸ਼ਾਇਦ ਗ਼ਦਰੀਆਂ ਅਤੇ ਵੌਬਲੀਆਂ ਦਰਮਿਆਨ ਸਭ ਤੋਂ ਅਹਿਮ ਸਿਆਸੀ ਵਖਰੇਵਾਂ ਵੱਡੀ ਜੰਗ ਵੱਲ ਉਨ੍ਹਾਂ ਦਾ ਰਵੱਈਆ ਸੀ। ਹਰਦਿਆਲ ਦੇ ਪੁਰਾਣੇ ਮਿੱਤਰ, ਹਮਾਇਤੀ ਅਤੇ *ਇੰਡੀਅਨ ਸੋਸ਼ਾਲੋਜਿਸਟ* ਦੇ ਛਾਪਕ ਗੁਈ ਐਲਡਰੈਡ, ਜਿਸ ਨੇ ਸੁਚੇਤ ਤੌਰ 'ਤੇ ਇਤਰਾਜ਼

ਉਠਾਉਣ ਬਦਲੇ ਇੰਗਲੈਂਡ ਵਿਚ ਕਈ ਸਾਲ ਜੇਲ੍ਹ ਕੱਟੀ ਸੀ, ਸਮੇਤ ਕਈ ਉਤਰੀ ਅਮਰੀਕੀ ਤੇ ਯੂਰਪੀ ਸਿੰਡੀਕਲਵਾਦੀਆਂ ਤੇ ਅਰਾਜਕਤਾਵਾਦੀਆਂ ਨੇ ਜੰਗ ਦੇ ਤਕੜੇ ਵਿਰੋਧ ਰਾਹੀਂ ਸਾਮਰਾਜਵਾਦ ਦੇ ਵਿਰੋਧ ਦਾ ਇਜ਼ਹਾਰ ਕੀਤਾ। ਧਿਰਾਂ ਚੁਨਣ ਵਾਲੇ ਜੰਗਬਾਜ਼ ਜਰਮਨੀ ਦੀ ਬਜਾਏ ਉਦਾਰ ਬਰਤਾਨੀਆ ਅਤੇ ਫਰਾਂਸ ਨਾਲ ਖੜ੍ਹ ਗਏ। ਪਰ ਇਕ ਵੱਡੇ ਦੁਸ਼ਮਣ ਨਾਲ ਆਪਣੇ ਰਿਸ਼ਤੇ ਨੂੰ ਮੁੱਖ ਰੱਖਦਿਆਂ ਗ਼ਦਰੀ, ਜੰਗ ਨੂੰ ਇਕ ਤਬਾਹੀ ਵਜੋਂ ਨਹੀਂ ਸਗੋਂ ਐਸੇ ਮੌਕੇ ਵਜੋਂ ਦੇਖਦੇ ਸਨ ਜਿਸ ਦੀ ਉਨ੍ਹਾਂ ਨੂੰ ਚਿਰਾਂ ਤੋਂ ਤਾਂਘ ਸੀ। ਉਨ੍ਹਾਂ ਨੇ ਆਪਣੇ ਸਾਮਰਾਜਵਾਦ ਦੇ ਵਧੇਰੇ ਸਿੱਧੇ ਅਤੇ ਆਪਣੇ ਨਾਲ ਸਬੰਧਤ ਵਿਰੋਧ ਦਾ ਇਜ਼ਹਾਰ ਬਰਤਾਨੀਆ ਵਿਰੁੱਧ ਜਰਮਨੀ ਨਾਲ ਗੱਠਜੋੜ ਜ਼ਰੀਏ ਕੀਤਾ। ਜਦਕਿ, ਖ਼ੁਦ ਜੰਗ ਪ੍ਰਤੀ ਆਪਣੀਆਂ ਭਾਵਨਾਵਾਂ ਦੇ ਬਾਵਜੂਦ ਵੌਬਲੀਆਂ ਅਤੇ ਗ਼ਦਰੀਆਂ ਦੀ ਅਮਰੀਕਾ ਦੇ ਜੰਗ ਵਿਚ *ਸ਼ਾਮਲ ਹੋਣ* ਦਾ ਵਿਰੋਧ ਕਰਨ ਉਪਰ ਸਹਿਮਤੀ ਹੋ ਹੀ ਜਾਣੀ ਸੀ ਕਿਉਂਕਿ ਇਸੇ ਨੇ ਨਿਰਪੱਖਤਾ ਦੀ ਉਲੰਘਣਾ ਕਰਨ ਵਾਲੇ ਰਾਜ ਵਜੋਂ ਉਨ੍ਹਾਂ ਨੂੰ ਠੇਸ ਪਹੁੰਚਾਈ ਸੀ।

ਆਖ਼ਿਰ, ਟਾਕਰੇ ਦੇ ਕਾਰਜਾਂ ਤੋਂ ਇਲਾਵਾ, ਆਈ ਡਬਲਯੂ ਡਬਲਯੂ ਅਤੇ ਗ਼ਦਰ ਪਾਰਟੀ ਦੋਵੇਂ ਮਜ਼ਦੂਰਾਂ ਨੂੰ ਸਿਖਿਅਤ ਕਰਨ ਅਤੇ ਆਪਣੀ ਸਹਾਇਤਾ, ਵਿਚਾਰਾਂ ਦੀ ਆਜ਼ਾਦੀ ਤੇ ਸ਼ਹਿਰੀ ਆਜ਼ਾਦੀਆਂ ਦੀ ਰਾਖੀ ਕਰਨ (ਉਨ੍ਹਾਂ ਦੇ ਹੋਰ ਕੰਮਾਂ ਦੇ ਦਮਨ ਨਾਲ ਬਣੀ ਮਜਬੂਰੀ ਵਿੱਚੋਂ) ਅਤੇ ਸਭਿਆਚਾਰਕ ਪੇਸ਼ਕਾਰੀਆਂ ਤਿਆਰ ਕਰਨ 'ਚ ਰੁੱਝ ਗਈਆਂ। 1910ਵਿਆਂ ਅਤੇ 1920ਵਿਆਂ ਵਿਚ ਆਈ ਡਬਲਯੂ ਡਬਲਯੂ ਅਤੇ ਗ਼ਦਰ ਪਾਰਟੀ ਦੋਵੇਂ ਖਾੜਕੂ ਪ੍ਰਚਾਰ, ਅਖ਼ਬਾਰਾਂ, ਪੈਂਫਲੈੱਟਾਂ ਅਤੇ ਐਸੀਆਂ ਨਜ਼ਮਾਂ ਦੇ ਸੰਗ੍ਰਹਿ ਪੈਦਾ ਕਰਨ ਵਾਲਾ ਕੱਦਾਵਰ ਚਸ਼ਮਾ ਬਣੀਆਂ ਜਿਨ੍ਹਾਂ ਨੂੰ ਗਾਣੇ ਵਾਂਗ ਗਾਇਆ ਜਾ ਸਕਦਾ ਸੀ; ਜੇ ਆਈ ਡਬਲਯੂ ਡਬਲਯੂ ਕੋਲ *ਨਿੱਕਾ ਸੁਰਖ਼ ਗੀਤ-ਸੰਗ੍ਰਹਿ* ਸੀ, ਤਾਂ ਗ਼ਦਰ ਪਾਰਟੀ ਕੋਲ *ਗ਼ਦਰ-ਦੀ-ਗੂੰਜ* ਸੀ। ਸਦੀਵੀ ਪ੍ਰੇਰਣਾ ਦੇ ਪ੍ਰਤੀਕ ਇਹ ਖ਼ਜ਼ਾਨੇ ਉਨ੍ਹਾਂ ਦੀਆਂ ਸਿੱਧੀਆਂ ਕਾਰਵਾਈਆਂ ਦੇ ਸਾਧਨ ਬਣ ਕੇ ਫੌਰੀ ਸਿੱਟੇ ਕੱਢਣ ਦੀ ਬਜਾਏ ਰੈਡੀਕਲ ਲਹਿਰਾਂ ਦੇ ਇਤਿਹਾਸ ਲਈ ਪ੍ਰਭਾਵਸ਼ਾਲੀ ਦੇਣ ਵਧੇਰੇ ਸਿੱਧ ਹੋਏ। ਇੱਥੋਂ ਤੱਕ ਕਿ ਇਹ ਸਪਰਸ਼ ਰੇਖਾਵਾਂ ਸਬੱਬ ਨਾਲ ਇਕ ਦੂਜੀ ਨਾਲ ਰਲਗੱਡ ਸਨ: ਅਮਰੀਕੀ ਸਿਵਲ ਲਿਬਰਟੀਜ਼ ਯੂਨੀਅਨ (ਏ ਸੀ ਐੱਲ ਯੂ) ਦਾ ਬਾਨੀ ਰੋਜਰ ਬਾਲਡਵਿਨ 1920ਵਿਆਂ 'ਚ ਫਰੈਂਡਜ਼ ਆਫ ਫਰੀਡਮ ਫਾਰ ਇੰਡੀਆ ਦੇ ਮੋਹਰੀ ਹਮਾਇਤੀਆਂ ਵਿੱਚੋਂ ਸੀ, ਜੋ ਜੰਗ ਤੋਂ ਬਾਅਦ ਦੇ ਅਰਸੇ 'ਚ ਆਵਾਸੀਆਂ ਨੂੰ ਵਾਪਸ ਉਨ੍ਹਾਂ ਦੇ ਮੁਲਕ ਭੇਜਣ ਦਾ ਵਿਰੋਧ ਕਰਨ ਵਾਲੀ ਮੁਹਿੰਮ ਦੀ ਕਾਰਜਕਾਰਨੀ ਕਮੇਟੀ ਵਿਚ ਵੀ ਰਿਹਾ। ਨਿਸ਼ਚੇ ਹੀ, ਏ ਸੀ ਐੱਲ ਯੂ ਜੰਗ ਦੌਰਾਨ ਆਈ ਡਬਲਯੂ ਡਬਲਯੂ ਵਲੋਂ ਵਿਚਾਰਾਂ ਦੀ ਆਜ਼ਾਦੀ ਦੇ ਸੰਘਰਸ਼ਾਂ ਦਾ ਸਿੱਧਾ ਸਿੱਟਾ ਸੀ।

ਹਾਪਕਿਨਸਨ ਨੇ 1913 ਦੇ ਸ਼ੁਰੂ ਵਿਚ ਹਰਦਿਆਲ ਦੀ ਇਕ ਹੋਰ ਤਕਰੀਰ ਸੁਣੀ ਸੀ ਜਿਸ ਦੇ ਉਹ ਪਿੱਛੇ ਪਿਆ ਹੋਇਆ ਸੀ। ਉਸ ਨੇ ਰਿਪੋਰਟ ਦਿੱਤੀ ਕਿ ਕਿਸੇ ਨਾ ਕਿਸੇ ਤਰ੍ਹਾਂ ਇਸ ਦੀ ਸਰਪ੍ਰਸਤੀ ਸਾਨ ਫਰਾਂਸਿਸਕੋ ਦੀ ਰੂਸੀ ਇਨਕਲਾਬੀ ਸੁਸਾਇਟੀ ਵਲੋਂ ਹੀ ਕੀਤੀ ਗਈ ਸੀ। ਹਰਦਿਆਲ ਨੇ ਮੰਚ ਉੱਪਰ ਅਮਰੀਕੀ ਝੰਡੇ ਦੀ ਮੌਜੂਦਗੀ ਲਈ ਮਾਫ਼ੀ ਮੰਗਣ ਤੋਂ ਤਕਰੀਰ ਸ਼ੁਰੂ ਕੀਤੀ, ਜਿਸ ਬਾਰੇ ਉਸ ਨੇ ਸਪਸ਼ਟ ਕੀਤਾ ਕਿ ਇਸ ਦਾ ਜ਼ਿੰਮੇਵਾਰ ਉਹ ਨਹੀਂ, ਕਿਉਂਕਿ ਉਸ ਦਾ ਕਿਸੇ ਹਕੂਮਤ ਵਿਚ ਭਰੋਸਾ ਨਹੀਂ ਹੈ, ਅਤੇ ਕੁਲ ਝੰਡੇ "ਗ਼ੁਲਾਮੀ ਦਾ ਚਿੰਨ੍ਹ" ਹਨ। ਫਿਰ ਉਸ ਨੇ ਆਪਣਾ "ਫਰਾਂਸ ਵਿਚ ਇਨਕਲਾਬੀ ਮਜ਼ਦੂਰ ਲਹਿਰ" ਸਿਰਲੇਖ ਵਾਲਾ ਸਿਲਸਿਲੇਵਾਰ ਤਬਸਰਾ ਸ਼ੁਰੂ ਕਰ ਦਿੱਤਾ। ਉਸ ਵਕਤ ਇਸ ਦਾ ਜ਼ਿਕਰ ਸਿੰਡੀਕਲਵਾਦੀ ਕਾਨਫੈੱਡਰੇਸ਼ਨ ਜਨਰਲ ਡੂ

ਟਰੈਵੇਲ (ਸੀ ਜੀ ਟੀ) ਵਜੋਂ ਕੀਤਾ ਗਿਆ ਹੋਵੇਗਾ। "ਭਾਵੇਂ ਉਹ ਅਮਰੀਕਾ ਵਿਚ ਲੰਮੇ ਚਿਰ ਤੋਂ ਰਹਿ ਰਿਹਾ ਸੀ," ਫਿਰ ਵੀ, "ਉਸ ਨੇ ਸੋਸ਼ਲਿਸਟ ਸਰਗਰਮੀਆਂ ਅਤੇ ਆਈ ਡਬਲਯੂ ਡਬਲਯੂ ਨੂੰ ਸ਼ਾਮਲ ਕਰਕੇ ਅਮਰੀਕਾ ਦੀ ਇਨਕਲਾਬੀ ਲਹਿਰ ਦਾ ਨੀਝ ਨਾਲ ਅਧਿਐਨ ਕੀਤਾ ਸੀ। ਇਸ ਮਗਰਲੀ (ਇਨਕਲਾਬੀ ਲਹਿਰ) ਦੀ ਖ਼ਾਸਾ ਬਿਆਨੀ ਉਸ ਨੇ ਫਰਾਂਸ ਦੀ ਅਰਾਜਕਤਾਵਾਦੀ ਸੋਸਾਇਟੀ ਨਾਲ ਸਭ ਤੋਂ ਵੱਧ ਮਿਲਦੀ-ਜੁਲਦੀ ਜਥੇਬੰਦੀ ਵਜੋਂ ਕੀਤੀ ਜਿਸ ਦਾ ਮੈਂਬਰ ਹੋਣ 'ਤੇ ਉਸ ਨੂੰ ਮਾਣ ਸੀ। ਇਹ ਉਸ ਨੇ ਕਿਹਾ।"[180]

ਹਰਦਿਆਲ ਅਤੇ ਉਸ ਦੇ ਸਮੁੰਦਰੋਂ ਪਾਰ ਦੇ ਸਾਥੀਆਂ ਦੇ ਯੂਰਪੀ ਸੋਸ਼ਲਿਸਟਾਂ ਨਾਲ ਰਿਸ਼ਤੇ, ਅਤੇ ਕੁਝ ਵਿਅਕਤੀਵਾਦੀ ਅਰਾਜਕਤਾਵਾਦੀਆਂ ਬਾਰੇ ਜਾਗਰੂਕ ਹੋਣ ਦੇ ਬਾਵਜੂਦ, ਉਨ੍ਹਾਂ ਦੀ ਫਰਾਂਸੀਸੀ ਰੈਡੀਕਲਵਾਦ ਦੇ ਇਸ ਹਿੱਸੇ ਵਿਚ ਰੁਚੀ ਨਹੀਂ ਸੀ। ਆਖ਼ਿਰ, ਸਿਰਫ਼ ਉਤਰੀ ਅਮਰੀਕਾ ਵਿਚ ਹੀ ਹੋਇਆ ਕਿ ਮਜ਼ਦੂਰ ਜਮਾਤ 'ਤੇ ਅਧਾਰਤ ਹਰਮਨਪਿਆਰੀ ਲਹਿਰ ਵਿਚ ਹਿੰਦੁਸਤਾਨੀ ਇਸ ਦੇ ਗਿਣਨਯੋਗ ਰੈਡੀਕਲ ਹਿੱਸੇਦਾਰ ਬਣੇ। ਫਰਾਂਸ ਅਤੇ ਇੰਗਲੈਂਡ ਵਿਚ ਇੰਞ ਨਹੀਂ ਹੋਇਆ। ਯੂਰਪ ਵਿਚ ਸਿਆਸੀ ਤੌਰ 'ਤੇ ਸਰਗਰਮ ਹਿੰਦੁਸਤਾਨੀ ਪ੍ਰਮੁੱਖ ਤੌਰ 'ਤੇ ਕੁਲੀਨ ਵਰਗੀ ਪਿਛੋਕੜ ਵਾਲੇ ਬੁੱਧੀਜੀਵੀ ਤੇ ਵਿਦਿਆਰਥੀ ਸਨ; ਉਹ ਜ਼ਿਆਦਾਤਰ ਹੋਰ ਬੁੱਧੀਜੀਵੀਆਂ ਤੇ ਜਲਾਵਤਨ ਕੀਤੇ ਪੇਸ਼ੇਵਰ ਇਨਕਲਾਬੀਆਂ ਦੇ ਇਕਾਦੁੱਕਾ ਘੇਰੇ ਨਾਲ ਹੀ ਜੁੜੇ ਹੋਏ ਸਨ, ਨਾ ਕਿ ਸਥਾਨਕ ਟਰੇਡ ਯੂਨੀਅਨ ਵਾਲਿਆਂ ਨਾਲ। ਫਿਰ ਵੀ ਗ਼ਦਰ ਲਹਿਰ ਦੀਆਂ ਖ਼ੂਬੀਆਂ ਨਾਲ ਮਿਲਦੇ-ਜੁਲਦੇ ਪਹਿਲੂ ਮੂੰਹੋਂ ਬੋਲਦੇ ਹਨ।

ਬਰਨਾਰਡ ਮੌਸ ਫਰਾਂਸੀਸੀ ਸਿੰਡੀਕਲਵਾਦ ਦੀ ਖ਼ਾਸਾ ਬਿਆਨੀ ਆਜ਼ਾਦ ਹੁਨਰਮੰਦ ਦਸਤਕਾਰਾਂ ਦੇ ਘੇਰੇ ਵਜੋਂ ਕਰਦਾ ਹੈ, ਜੋ ਅਜੇ ਆਪਣੀ ਕਿਰਤ ਦੇ ਅਮਲ ਤੇ ਉਪਜ ਨਾਲੋਂ ਟੁੱਟੇ ਨਹੀਂ ਸਨ ਅਤੇ ਉਨ੍ਹਾਂ ਨੇ ਉਸ ਪ੍ਰੋਲੇਤਾਰੀਕਰਨ ਹੋ ਚੁੱਕੀ ਤੇ ਅਲੱਗ-ਥਲੱਗ ਹੋ ਚੁੱਕੀ ਫੈਕਟਰੀ ਵਾਲੀ ਕਿਰਤ ਸ਼ਕਤੀ ਤੋਂ ਉਲਟ ਗਣਰਾਜੀ ਰੈਡੀਕਲ ਜਮਹੂਰੀਅਤ ਦੀ ਕੌਮੀ ਰਵਾਇਤ ਸਾਂਭੀ ਹੋਈ ਸੀ ਜਿਸ ਦੇ ਕੰਮ ਦੇ ਹਾਲਾਤ ਉੱਪਰ ਮਾਰਕਸ ਦਾ ਕੇਂਦਰੀਕ੍ਰਿਤ ਅਤੇ ਏਕਤਾਬਧ ਜਥੇਬੰਦੀ ਵਾਲਾ ਮਾਡਲ ਸਭ ਤੋਂ ਵੱਧ ਲਾਗੂ ਹੁੰਦਾ ਸੀ। ਮੁਕਤੀ ਦੇ ਹਾਮੀ ਅਤੇ ਸਮਾਨਤਾਵਾਦੀ ਸਿਧਾਂਤਾਂ ਦੇ ਇਸ ਸਿੰਡੀਕਲਵਾਦੀ ਸੁਮੇਲ ਤੋਂ ਮੈਨੂੰ ਗ਼ਦਰੀਆਂ ਦੀ ਸੋਚ ਪ੍ਰਵਿਰਤੀ ਦੀ ਪੈੜ ਨਜ਼ਰ ਆਉਂਦੀ ਹੈ, ਹਾਲਾਂਕਿ ਉਹ ਵੱਖੋ-ਵੱਖਰੇ ਹਾਲਾਤ ਵਿੱਚੋਂ ਉੱਭਰੇ ਸਨ। ਕੁਝ ਵੀ ਹੋਵੇ, ਮੌਸ ਇਹ ਦਰਸਾਉਂਦਾ ਹੈ ਕਿ ਰੈਡੀਕਲ ਟਰੇਡ ਯੂਨੀਅਨਵਾਦ ਪ੍ਰਤੀ ਪਹੁੰਚਾਂ ਦੇ ਵਖਰੇਵੇਂ ਕਿਰਤ ਦੇ ਖ਼ਾਸ ਸਮਾਜੀ ਹਾਲਾਤ ਦੇ ਫ਼ਰਕਾਂ ਨਾਲ ਸਬੰਧਤ ਸਨ ਅਤੇ ਇਹ ਸਰਵਵਿਆਪਕ ਤੌਰ 'ਤੇ ਲਾਗੂ ਹੋਣ ਵਾਲੇ ਵਿਚਾਰਧਾਰਕ ਸਿਧਾਂਤ ਦੇ ਸੂਚਕ ਨਹੀਂ ਸਨ। ਭਾਵੇਂ ਗ਼ਦਰੀਆਂ ਦੇ ਨਵੀਂ ਦੁਨੀਆ ਵਾਲੇ ਕਿਰਤੀ ਵਧੇਰੇ ਗ਼ੈਰਹੁਨਰਮੰਦ ਅਤੇ ਅਲੱਥ-ਥਲੱਗ ਪੈ ਚੁੱਕੀ ਵੰਨਗੀ ਦੇ ਸਨ, ਉਨ੍ਹਾਂ ਦਾ ਆਵਾਸੀ ਬਣਨ ਤੋਂ ਪਹਿਲਾ ਦਰਜ਼ਾ ਮੌਸ ਦੇ ਦਸਤਕਾਰਾਂ ਨਾਲ ਜ਼ਿਆਦਾ ਮਿਲਦਾ-ਜੁਲਦਾ ਸੀ। ਅਤੇ ਇੱਥੋਂ ਤੱਕ ਕਿ ਅਮਰੀਕਾ ਵਿਚ ਵੀ ਕਈ ਅਜੇ ਵੀ ਆਪਣੀਆਂ ਜ਼ਮੀਨੀ ਜੋਤਾਂ ਲਈ ਤਾਂਘਦੇ ਹਨ।[181]

ਚਲੋ ਹਰਦਿਆਲ ਦੀ ਤਕਰੀਰ ਵੱਲ ਮੁੜਿਆ ਜਾਵੇ: ਉਸ ਦੀ ਨਿਰਖ ਸੀ ਕਿ ਅਮਰੀਕਾ ਦੀ ਇਨਕਲਾਬੀ ਲਹਿਰ ਫਰਾਂਸ ਦੀ ਲਹਿਰ ਨਾਲੋਂ ਘੱਟ ਪ੍ਰੱਪਕ ਸੀ ਅਤੇ ਇਹ ਮਗਰਲੀ ਦੀਆਂ ਕਾਮਯਾਬੀਆਂ ਤੇ ਗ਼ਲਤੀਆਂ ਦੋਵਾਂ ਤੋਂ ਬਹੁਤ ਕੁਝ ਸਿੱਖ ਸਕਦੀ ਸੀ। ਸੰਖੇਪ 'ਚ, ਇਨ੍ਹਾਂ ਸਬਕਾਂ ਤੋਂ ਇਹੀ ਸਿੱਖਿਆ ਮਿਲਦੀ ਸੀ, "ਕਿਰਤੀ ਜਮਾਤ ਵਾਲਿਓ ਆਪਸ ਵਿਚ ਇਕ ਦੂਜੇ ਨੂੰ ਪ੍ਰੇਮ ਕਰੋ, ਪਰ ਧਨਾਢ ਨੂੰ ਨਫ਼ਰਤ ਕਰੋ, ਨਫ਼ਰਤ ਕਰੋ।" ਉਹ ਅੱਗੇ ਕਹਿੰਦਾ ਹੈ ਕਿ ਹਾਲਾਂਕਿ

ਅਜਿਹੀ ਨਫ਼ਰਤ, ਜੇ ਇਸ ਦਾ ਇਜ਼ਹਾਰ ਡਾਈਨਾਮਾਈਟ ਰਾਹੀਂ ਕੀਤਾ ਜਾਵੇ, ਓਦੋਂ ਤੱਕ ਇਨਕਲਾਬੀ ਲਹਿਰ ਦਾ ਭਲਾ ਕਰਨ ਦੀ ਥਾਂ ਵੱਧ ਨੁਕਸਾਨ ਹੀ ਕਰੇਗੀ ਜਦੋਂ ਤੱਕ ਇਸ ਨੂੰ ਨਿਰੰਕੁਸ਼ ਜਾਬਰਾਂ ਨੂੰ ਕਤਲ ਕਰਨ ਦੇ ਸਹੀ ਨਿਸ਼ਾਨੇ ਵੱਲ ਸੇਧਤ ਨਹੀਂ ਕੀਤਾ ਜਾਂਦਾ। ਉਸ ਨੇ ਆਪਣੀ ਗੱਲ ਦੀ ਸਮਾਪਤੀ ਸਾਰੇ ਦਿਲਚਸਪੀ ਰੱਖਣ ਵਾਲੇ ਹਾਜ਼ਰੀਨ ਨੂੰ ਆਪਣੇ ਰੈਡੀਕਲ ਸਟੱਡੀ ਕਲੱਬ ਦੀਆਂ ਮੀਟਿੰਗਾਂ ਵਿਚ ਆਉਣ ਦਾ ਸੱਦਾ ਦਿੰਦਿਆਂ ਕੀਤੀ, "ਜੋ ਉਸ ਨੇ ਲੋਕਾਂ ਨੂੰ ਇਨਕਲਾਬੀ ਢੰਗ-ਤਰੀਕੇ ਸਿਖਾਉਣ ਦੇ ਉਦੇਸ਼ ਨਾਲ ਸਾਨ ਫਰਾਂਸਿਸਕੋ ਵਿਚ ਸ਼ੁਰੂ ਕੀਤਾ ਸੀ।"[182]

ਇਹ ਕਿਆਫ਼ਾ ਹੀ ਲਗਾਇਆ ਸਕਦਾ ਹੈ ਕਿ ਜੇ ਗ਼ਦਰੀ ਰੈਡੀਕਲ ਸ਼ਾਖਾ ਜੰਗ ਦੀ ਮਾਰਫ਼ਤ ਆਪਣੀ ਪੂਰੀ ਬਿਰਤੀ ਹਿੰਦੁਸਤਾਨ ਵਿਚ ਫੌਰੀ ਬਗ਼ਾਵਤ ਕਰਾਉਣ ਉੱਪਰ ਲਾਉਣ ਦੀ ਥਾਂ ਅਮਰੀਕਾ ਵਿਚਲੀਆਂ ਆਪਣੀਆਂ ਜ਼ਿੰਦਗੀਆਂ 'ਤੇ ਹੀ ਲਾਈ ਰੱਖਦੀ ਤਾਂ ਕੀ ਹੁੰਦਾ। ਜੇ ਜੰਗ ਪੰਜ ਜਾਂ ਦਸ ਸਾਲਾਂ ਨੂੰ ਜਾ ਕੇ ਸ਼ੁਰੂ ਹੁੰਦੀ, ਜਿਵੇਂ ਹਰਦਿਆਲ ਦੀ ਮੌਲਿਕ ਸੋਚ ਸੀ, ਫਿਰ ਕੀ ਹੁੰਦਾ ? ਕੀ ਪੱਛਮੀ ਸਮੁੰਦਰੀ ਕੰਢੇ ਦੀ ਰੈਡੀਕਲ ਮਜ਼ਦੂਰ ਲਹਿਰ ਅਤੇ ਨਸਲਵਾਦ ਵਿਰੋਧੀ ਲਹਿਰ ਦੀ ਤਵਾਰੀਖ਼ ਵਿਚ ਉਨ੍ਹਾਂ ਦੀ ਵਧੇਰੇ ਡੂੰਘੀ ਛਾਪ ਹੁੰਦੀ ? ਮਸਲਨ, ਕੀ ਉਹ ਮੁਕਤੀ ਦੇ ਹਾਮੀ ਮੈਕਸੀਕਣ ਸਿੰਡੀਕਲਵਾਦੀਆਂ ਦੇ ਸਰਹੱਦ ਦੇ ਆਰ-ਪਾਰ ਚਲਾਏ ਜਾ ਸੰਘਰਸ਼ਾਂ ਵਿਚ ਵਡੇਰੀ ਭੂਮਿਕਾ ਨਿਭਾਉਂਦੇ ? ਹਾਂ ਉਨ੍ਹਾਂ ਕੋਲ ਵਿਸ਼ਾਲ ਮੌਕੇ ਹੋਣੇ ਸਨ।[183] ਨਿਰਸੰਦੇਹ, ਉਨ੍ਹਾਂ ਨੂੰ ਅਜੇ ਵੀ ਲਾਲ ਖ਼ਤਰੇ ਦੀ ਆੜ ਹੇਠ ਜਬਰ ਤੇ ਆਵਾਸੀਆਂ ਨੂੰ ਆਪਣੇ ਵਿਚ ਨਾ ਰਲਾਉਣ ਦੀ ਨੀਤੀ ਦੀ ਮਾਰ ਝੱਲਣੀ ਹੀ ਪੈਂਦੀ ਅਤੇ ਇੰਞ ਅਜੇ ਵੀ ਉਨ੍ਹਾਂ ਨੂੰ ਉੱਥੋਂ ਹਿਜ਼ਰਤ ਦੀ ਸ਼ਕਲ ਅਖ਼ਤਿਆਰ ਕਰਨੀ ਪੈ ਸਕਦੀ ਸੀ। ਹਾਲਾਂਕਿ ਅਜਿਹਾ ਵੱਖਰੇ ਹਾਲਾਤ ਵਿਚ ਹੁੰਦਾ ਜੋ ਉਨ੍ਹਾਂ ਦੀ ਪਸੰਦ ਦੇ ਨਹੀਂ ਹੋਣੇ ਸਨ। ਪਰ ਜੰਗ ਲੱਗ ਗਈ; ਅਤੇ ਘਸਿਆ-ਪਿਟਿਆ ਕਥਨ ਹੀ ਦੁਹਰਾਉਣਾ ਹੋਵੇਗਾ ਕਿ ਇਸ ਨੇ ਸਭ ਕੁਝ ਉਲਟ-ਪੁਲਟ ਕਰ ਦਿੱਤਾ।

ਇਕ ਤਾਂ ਇਸ ਨੇ ਇਨਕਲਾਬੀ ਸਿੰਡੀਕਲਵਾਦ ਦੇ ਪੈਰੋਕਾਰਾਂ ਨੂੰ ਕੌਮ ਅਤੇ ਕੌਮੀ ਰਾਜ ਨਾਲ ਆਪਣਾ ਰਿਸ਼ਤਾ ਪ੍ਰੀਭਾਸ਼ਤ ਕਰਨ ਲਈ ਮਜਬੂਰ ਕਰਦਿਆਂ, ਇਸ ਦਾ ਮੁਹਾਣ ਬਦਲ ਦਿੱਤਾ। ਆਪਣੀ ਪ੍ਰਮਾਣਕ ਰਚਨਾ *ਮਨੁੱਖਾਂ ਦੇ ਮਨਾਂ ਵਿਚ ਜਵਾਲਾ* ਵਿਚ ਜੇਮਸ ਬਿਲਿੰਗਟਨ ਸਿੰਡੀਕਲਵਾਦ ਨੂੰ ਇਨਕਲਾਬੀ ਵਿਚਾਰਧਾਰਾ ਦੇ ਕੌਮੀ ਅਤੇ ਸਮਾਜੀ ਰੂਪਾਂ ਦਰਮਿਆਨ ਸ਼ਰੀਕੇਬਾਜ਼ੀ ਬਾਰੇ ਆਪਣੇ ਵਿਆਪਕ ਥੀਸਿਜ਼ ਵਿਚ ਚਿਣਦਾ ਹੈ। ਪਹਿਲੀ ਆਲਮੀ ਜੰਗ ਸ਼ੁਰੂ ਹੋਣ ਸਮੇਂ ਇਨ੍ਹਾਂ ਸੰਸਥਾਵਾਂ ਦੀ ਅਨਿਸ਼ਚਿਤ ਬਣਤਰ ਬਾਰੇ ਉਹ ਟਿੱਪਣੀ ਕਰਦਾ ਹੈ: "ਜਿਸ ਕਿਸੇ ਦਾ ਵੀ ਰਾਸ਼ਟਰਵਾਦ ਦੇ ਝੰਡੇ ਉੱਪਰ ਕੰਟਰੋਲ ਬਣਿਆ ਉਸ ਦਾ ਝੁਕਾਅ ਪਹਿਲੀ ਆਲਮੀ ਜੰਗ ਤੋਂ ਪਿੱਛੋਂ ਹਰ ਥਾਂ ਸਿੰਡੀਕਲਵਾਦੀ ਵਿਰਸੇ ਦੇ ਸੁਭਾਅ ਨੂੰ ਤੈਅ ਕਰਨ ਦਾ ਰਿਹਾ। ਅਮਰੀਕਾ ਵਿਚ, ਮਜ਼ਦੂਰ ਬੇਚੈਨੀ ਦੀ ਹੋਣੀ ਰਾਸ਼ਟਰਵਾਦੀ ਜਨੂੰਨ ਦੇ ਇਸ ਵਲੋਂ ਵਿਰੋਧ ਨਾਲ ਜੁੜੀ ਹੋਈ ਸੀ ਜਿਸ ਨੇ ਜੰਗ ਦੌਰਾਨ ਅਤੇ ਇਸ ਤੋਂ ਪਿੱਛੋਂ ਸਮੁੱਚੇ ਅਮਰੀਕਾ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ। ਆਈ ਡਬਲਯੂ ਡਬਲਯੂ ਦੀ ਸੋਸ਼ਲ ਰੈਵੋਲੂਸ਼ਨਰੀ ਸ਼ਿੱਦਤ ਅਤੇ ਕੌਮਾਂਤਰੀਵਾਦ (ਅਤੇ ਮਜ਼ਦੂਰ ਲਹਿਰ ਅੰਦਰ ਕਈ ਜਰਮਨਾਂ ਅਤੇ ਆਇਰਿਸ਼ਾਂ ਦੀਆਂ ਜੰਗ ਵਿਰੋਧੀ, ਇਤਿਹਾਦੀ ਤਾਕਤਾਂ ਵਿਰੋਧੀ ਭਾਵਨਾਵਾਂ) ਦੇਸ਼ਭਗਤੀ ਦੇ ਜਨੂੰਨੀ ਹਮਲੇ ਨੂੰ ਭੜਕਾਉਣ ਦਾ ਕਾਰਨ ਬਣੇ।"[184] ਬੇਸ਼ਕ ਇਹ ਗ਼ਦਰ ਦੇ ਮੁੱਖ ਅਮਰੀਕੀ ਸੰਗੀ-ਸਾਥੀ ਸਨ।

ਪਰ ਬਿਲਿੰਗਟਨ ਤਾਂ ਯੂਰਪੀ ਪ੍ਰਸੰਗ ਬਾਰੇ ਲਿਖ ਰਿਹਾ ਸੀ। ਬਸਤੀਵਾਦ ਵਿਰੋਧੀ ਇਕ ਏਸ਼ੀਆਈ ਲਹਿਰ ਲਈ, ਕੌਮੀ ਅਤੇ ਸਮਾਜੀ ਰੂਪਾਂ ਦਰਮਿਆਨ ਚੋਣ ਘੱਟ ਉੱਘੜਵੀਂ ਸੀ।

ਜਿਸ ਹਿੰਦੁਸਤਾਨੀ ਇਨਕਲਾਬੀ ਵੰਸ਼ ਦਾ ਸਵਦੇਸ਼ੀ ਅਤੇ ਗ਼ਦਰ ਲਹਿਰਾਂ ਹਿੱਸਾ ਸਨ ਉਹ ਵੀ ਇਸੇ ਤਰ੍ਹਾਂ ਦੋਵਾਂ 'ਤੇ ਅਧਾਰਤ ਸੀ।[185] ਕੌਮੀ ਮੁਕਤੀ ਘੋਲ ਦੀ ਅਟੱਲ ਪ੍ਰਮੁੱਖ ਹੈਸੀਅਤ ਨੂੰ ਦੇਖਦਿਆਂ, ਯੂਰਪੀ ਇਨਕਲਾਬੀ ਸਿੰਡੀਕਲਵਾਦੀਆਂ ਸਾਹਮਣੇ ਮੌਜੂਦ ਸਵਾਲ – ਰਾਸ਼ਟਰਵਾਦ ਜਾਂ ਕੌਮਾਂਤਰੀਵਾਦ – ਓਦੋਂ ਗ਼ਦਰੀਆਂ ਦੇ ਅੱਗੇ ਵੀ ਸੀ, ਸ਼ਾਇਦ ਹੋਰ ਵੀ ਤਿੱਖੇ ਰੂਪ 'ਚ। ਉਨ੍ਹਾਂ ਨੇ ਇਸ ਚੌਰਾਹੇ ਨਾਲ ਕਿਵੇਂ ਨਜਿੱਠਿਆ ਇਸ ਨਾਲ ਵਤਨ ਵਿਚ ਉਨ੍ਹਾਂ ਦਾ ਮਾਰਗ ਤੈਅ ਹੋਵੇਗਾ – ਸਾਨ ਫਰਾਂਸਿਸਕੋ ਤੋਂ ਬਰਲਿਨ, ਬਰਲਿਨ ਤੋਂ ਮਾਸਕੋ, ਅਤੇ ਮਾਸਕੋ ਤੋਂ ਲਾਹੌਰ।

3

# ਦੁਸ਼ਮਣ ਦੇ ਦੁਸ਼ਮਣ....

*ਰਾਸ਼ਟਰਵਾਦੀ ਗ਼ਦਰ*

## ਕੌਮ ਵਰਗੀ ਭਾਵਨਾ, ਰਾਜ ਵਰਗੀ ਸੋਚ

ਇਹ ਰਾਸ਼ਟਰਵਾਦ ਦੇ ਸਿਧਾਂਤਕਾਰਾਂ ਲਈ (ਇੱਥੋਂ ਤੱਕ ਕਿ ਦੁਨੀਆ ਦਾ ਆਮ ਨਿਰੀਖਣ ਕਰਨ ਵਾਲਿਆਂ ਲਈ ਵੀ) ਆਮ ਸਚਾਈ ਹੈ ਕਿ ਜੰਗ ਦੇ ਸਮਿਆਂ ਵਿਚ ਰਾਸ਼ਟਰਵਾਦ ਦੀ ਲਫ਼ਾਜ਼ੀ, ਅਤੇ ਦੇਸ਼ਭਗਤੀ ਦੀ ਭਾਵੁਕਤਾ ਵਿਚ ਤੇਜ਼ੀ ਨਾਲ ਵਾਧਾ ਹੋ ਜਾਂਦਾ ਹੈ। ਜਿਉਂ ਹੀ ਵੱਡੀਆਂ ਸਲਤਨਤਾਂ ਦਾ ਭੇੜ ਸ਼ੁਰੂ ਹੋਇਆ ਅਤੇ ਇਹ ਇਕ ਦੂਜੇ ਨੂੰ ਟੋਟੇ-ਟੋਟੇ ਕਰਨ ਲੱਗੀਆਂ ਤਾਂ ਮਹਾਂ ਜੰਗ ਨੇ ਹੁਣ ਤੱਕ ਦੀ ਸਭ ਤੋਂ ਵੱਡੀ ਲੜਾਈ ਛੇੜ ਦਿੱਤੀ ਜਿਸ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਇਸ ਅਰਸੇ 'ਚ ਕੌਮੀ ਪਛਾਣਾਂ ਦਾ ਬੋਲਬਾਲਾ ਹੋ ਗਿਆ, ਇਸ ਨਾਲ ਬਹੁਤ ਸਾਰੇ ਅਰਾਜਕਤਾਵਾਦੀਆਂ ਅਤੇ ਸੋਸ਼ਲਿਸਟਾਂ ਨੂੰ ਘੋਰ ਨਿਰਾਸ਼ਤਾ 'ਚ ਸੁੱਟਦਿਆਂ ਕੌਮਾਂਤਰੀ ਜਮਾਤੀ ਇਕਮੁੱਠਤਾ ਦਾ ਆਦਰਸ਼ ਲੀਰੋ-ਲੀਰ ਹੋ ਗਿਆ।

ਹਿੰਦੁਸਤਾਨ ਦੀ ਲਹਿਰ ਅਤੇ ਹੋਰ ਬਸਤੀਵਾਦੀ ਵਿਰੋਧੀ ਲਹਿਰਾਂ ਲਈ ਜੰਗ ਦਾ ਇਹ ਪ੍ਰਭਾਵ ਹੋਰ ਵੀ ਜ਼ਬਰਦਸਤ ਸੀ। ਹਰੇਕ ਥਾਂ ਰਾਸ਼ਟਰਵਾਦੀ ਲਫ਼ਾਜ਼ੀ ਹਰ ਸੂਰਤ ਅਜਿਹੀਆਂ ਲਹਿਰਾਂ ਦਾ ਅਧਾਰ ਸੀ; ਇਸ ਤੋਂ ਇਲਾਵਾ, ਪ੍ਰੀਭਾਸ਼ਾ ਦੇ ਲਿਹਾਜ਼ ਨਾਲ ਵੀ ਇਕ ਬਸਤੀ ਬਣਾਇਆ ਖੇਤਰ ਪਹਿਲਾਂ ਹੀ ਆਪਣੀਆਂ ਬੁਨਿਆਦਾਂ 'ਚ ਪਈ ਹਿੰਸਾ 'ਚ ਗ੍ਰਸਿਆ ਅਤੇ ਜ਼ਿਆਦਾਤਰ ਸਮਾਂ ਘੱਟ ਤੀਬਰਤਾ ਵਾਲੇ ਫ਼ੌਜੀ ਕਬਜ਼ੇ ਦੇ ਹਾਲਾਤ ਦਾ ਸ਼ਿਕਾਰ ਬਣਿਆ ਜੰਗ ਦੀ ਹਾਲਤ ਵਿਚ ਹੁੰਦਾ ਹੈ। ਐਸੇ ਰਾਜ ਦਾ ਮੂਲ ਜ਼ਾਹਰਾ ਤੌਰ 'ਤੇ ਬਾਹਰੀ ਹੋਣ ਕਾਰਨ ਤਾਕਤ ਉੱਪਰ ਇਸ ਦੀ ਅਜਾਰੇਦਾਰੀ ਅਤੇ ਇਸ ਦੇ ਨਿਜ਼ਾਮ ਦਾ ਦਮਨ ਹੋਰ ਵੀ ਉੱਘੜਵੇਂ ਅਤੇ ਤਿੱਖੇ ਹੋ ਜਾਂਦੇ ਹਨ। ਇੰਞ ਅਜਿਹੇ ਖਿੱਤੇ ਵਿਚ ਸੰਘਰਸ਼ ਦੇ ਭਾਰੂ ਵਿਸ਼ੇ ਵਜੋਂ (ਸੰਘਰਸ਼ ਦੇ ਆਰਥਕ ਤੇ ਸਭਿਆਚਾਰਕ ਪਸਾਰਾਂ ਤੋਂ ਅਲੱਗ) ਸਿਆਸੀ ਬੰਦ-ਖ਼ਲਾਸੀ ਦੀ ਲੋੜ ਅਟੱਲ ਹੋ ਜਾਂਦੀ ਹੈ।

ਇਸ ਤੋਂ ਵੀ ਅੱਗੇ, ਜੰਗ ਜਮਹੂਰੀਅਤ ਅਤੇ ਸਾਰੀਆਂ ਕੌਮੀਅਤਾਂ ਲਈ ਸਵੈਨਿਰਣਾ ਦੇ ਅਸੂਲਾਂ 'ਤੇ ਅਧਾਰਤ ਹੋਣ ਦਾ ਪ੍ਰਪੰਚ ਰਚਕੇ ਲੜੀ ਜਾ ਰਹੀ ਸੀ, ਜਾਂ ਲਫ਼ਾਜ਼ੀ ਇਸ ਤਰ੍ਹਾਂ ਦੀ ਸੀ - ਖ਼ਾਸ ਕਰਕੇ ਜਰਮਨ, ਆਸਟਰੋ-ਹੰਗਰੀਆਈ ਅਤੇ ਔਟੋਮਨ ਸਲਤਨਤਾਂ ਦੇ ਅੰਦਰ। ਇਹ ਮਿਸਰ ਮਿਸਰੀਆਂ ਦਾ, ਏਸ਼ੀਆ ਏਸ਼ੀਅਨਾਂ ਦਾ, ਹੋਮ ਰੂਲ, ਸਵਰਾਜ, ਸ਼ਿਨ ਫੀਨ, ਸਿਰਫ਼ ਅਸੀਂ ਹੀ, ਦੇ ਨਾਅਰਿਆਂ ਦੇ ਵਧਣ-ਫੁਲਣ ਲਈ ਸਾਜ਼ਗਰ ਮਾਹੌਲ ਸੀ। ਹਰ ਕਿਸੇ ਵਲੋਂ ਇਹੀ ਮੂਲ ਧਾਰਣਾ ਪ੍ਰਗਟਾਈ ਜਾ ਰਹੀ ਸੀ ਕਿ ਇਹ ਦਾਅਵਾ ਕਰਨ ਵਾਲੀਆਂ ਤਾਕਤਾਂ ਲੋਕ ਬਣਦੀਆਂ ਸਨ ਅਤੇ ਕਿ ਲੋਕਾਂ ਕੋਲ ਲਾਜ਼ਮੀ ਹੀ ਇਕ ਖ਼ੁਦਮੁਖਤਿਆਰ ਪ੍ਰਭੂਸੱਤਾ ਸੰਪਨ ਖੇਤਰ ਅਤੇ ਉਨ੍ਹਾਂ ਦੀ ਆਪਣੀ ਹਕੂਮਤ ਹੋਣੀ ਚਾਹੀਦੀ ਹੈ। ਹਾਲਾਂਕਿ ਜੰਗ ਨੇ ਅਜਿਹੀਆਂ ਉਮੰਗਾਂ ਅਤੇ ਪਛਾਣਾਂ ਪੈਦਾ ਨਹੀਂ ਕੀਤੀਆਂ, ਇਸ ਨੇ ਇਨ੍ਹਾਂ ਨੂੰ ਪ੍ਰਭਾਵ ਅਤੇ ਜਜ਼ਬਾਤੀ ਤਾਕਤ ਦੀ

ਉਸ ਸਿਖ਼ਰ 'ਤੇ ਜ਼ਰੂਰ ਪਹੁੰਚਾ ਦਿੱਤਾ ਜਿਥੇ ਇਹ ਸਮਾਜੀ ਅਤੇ ਆਰਥਕ ਬੰਦਖ਼ਲਾਸੀ ਦੀਆਂ ਹੋਰ ਕੁਲ ਸੱਧਰਾਂ ਨੂੰ ਆਪਣੇ ਵਿਚ ਸਮੋਣ ਅਤੇ ਇਨ੍ਹਾਂ ਨੂੰ ਠੁੰਮਣਾ ਦੇਣ ਦੇ ਸਮਰੱਥ ਸਨ ਜਿਨ੍ਹਾਂ ਵਿਚ ਲੰਘੀ ਅੱਧੀ ਸਦੀ ਤੋਂ ਵਾਧਾ ਹੁੰਦਾ ਰਿਹਾ ਸੀ। ਮੁੱਖ ਵਿਰੋਧੀਆਂ ਵਿੱਚੋਂ ਕਿਸੇ ਨੇ ਵੀ ਇਨ੍ਹਾਂ ਨੂੰ ਅਣਗੌਲਿਆ ਨਹੀਂ ਕੀਤਾ, ਇਹ ਤਾਂ ਸਗੋਂ ਚਾਈਂ ਚਾਈਂ ਇਕ ਦੂਜੇ ਦੇ ਸਾਮਰਾਜੀ ਕਬਜ਼ੇ ਹੇਠਲੇ ਮੁਲਕਾਂ ਅੰਦਰ ਬਗ਼ਾਵਤਾਂ ਨੂੰ ਚੁਆਤੀ ਲਾਉਂਦੀਆਂ ਸਨ: ਬਰਤਾਨੀਆ ਨੇ ਅਰਬਾਂ ਨੂੰ ਔਟੋਮਨ ਤੁਰਕਾਂ ਖ਼ਿਲਾਫ਼ ਖੜ੍ਹੇ ਕੀਤਾ ਅਤੇ ਜਰਮਨਾਂ ਨੇ ਹਿੰਦੀਆਂ ਤੇ ਆਇਰਿਸ਼ਾਂ ਨੂੰ ਬਰਤਾਨੀਆ ਖ਼ਿਲਾਫ਼, ਅਤੇ ਮੌਰੱਕੋ ਵਾਸੀਆਂ ਨੂੰ ਫਰਾਂਸ ਖ਼ਿਲਾਫ਼ ਖੜ੍ਹੇ ਕੀਤਾ। ਮਗਰੋਂ ਵਰਸੇਲਜ਼ ਵਿਖੇ, ਫਿਰ ਸਵੈਨਿਰਣੇ ਦੀ ਭਾਸ਼ਾ ਨੇ ਮਹਿਜ਼ ਉਮੀਦਾਂ ਹੀ ਨਹੀਂ ਜਗਾਈਆਂ ਸਗੋਂ ਬਾਅਦ ਵਿਚ ਬਸਤੀਵਾਦ ਵਿਰੋਧੀ ਲਹਿਰਾਂ ਦਾ ਮੋਹ-ਭੰਗ ਹੋਣ ਦਾ ਕੌੜਾ ਤਜ਼ਰਬਾ ਵੀ ਹੋਇਆ, ਜਿਸ ਦੇ ਸਿੱਧੇ ਸਿੱਟੇ ਵਜੋਂ ਜੰਗ ਤੋਂ ਪਿੱਛੋਂ ਸਿਰਫ਼ ਹਿੰਦੁਸਤਾਨ ਵਿਚ ਹੀ ਨਹੀਂ ਸਗੋਂ ਚੀਨ, ਮਿਸਰ ਅਤੇ ਆਇਰਲੈਂਡ ਵਿਚ ਰਾਸ਼ਟਰਵਾਦੀ ਸਰਗਰਮੀ ਦੇ ਉਭਾਰ ਵੀ ਸਾਹਮਣੇ ਆਏ।

ਜੰਗ ਦੇ ਅਰਸੇ ਲਈ, ਪਰਦੇਸਾਂ ਵਿਚ ਆਜ਼ਾਦੀ ਦੀ ਲਹਿਰ ਦੀ ਯੁੱਧਨੀਤੀ, ਭਾਵੇਂ ਅਜੇ ਵੀ ਹਥਿਆਰਬੰਦ ਬਗ਼ਾਵਤ ਵੱਲ ਸੇਧਤ ਸੀ, ਪਰ ਸਾਰੇ ਵਿਹਾਰਕ ਮੰਤਵਾਂ ਲਈ ਇਹ ਮਜ਼ਬੂਤੀ ਨਾਲ ਅੰਤਰਰਾਜੀ ਤਾਕਤ ਸਬੰਧਾਂ ਦੇ ਫ਼ੌਜੀ ਅਤੇ ਕੂਟਨੀਤਕ ਤਰਕ ਨਾਲ ਬੱਝੀ ਹੋਈ ਸੀ। ਦਾਅਪੇਚਕ ਵਿਹਾਰਕ ਸਿਆਸਤ ਦਾ ਬੋਲਬਾਲਾ ਸੀ। ਇਹ ਕਾਰਵਾਈ ਦਾ ਸਮਾਂ ਸੀ, ਨਾ ਕਿ ਦਾਰਸ਼ਨਿਕ ਚਿੰਤਨ ਦਾ। ਸੋਚ ਯੁੱਧਨੀਤੀ ਅਤੇ ਦਾਅਪੇਚਾਂ ਬਾਰੇ ਸੀ, ਨਾ ਕਿ ਮੁਕਤੀ ਦੇ ਫ਼ਲਸਫ਼ੇ ਜਾਂ ਦਾਬੇ ਦੇ ਵਿਸ਼ਲੇਸ਼ਣ ਬਾਰੇ। ਇਸ ਦੇ ਅਨੁਸਾਰੀ, ਪ੍ਰਚਾਰ ਦੀ ਸੇਧ ਵਿਚਾਰਧਾਰਕ ਪ੍ਰੇਰਣਾ ਨਾਲੋਂ ਕਾਰਵਾਈ ਲਈ ਟੁੰਬਣ ਵੱਲ ਸੀ, ਅਤੇ ਇਹ ਜਿਨ੍ਹਾਂ ਲੋਕਾਂ ਨੂੰ ਕਾਰਵਾਈ ਲਈ ਉਭਾਰਿਆ ਜਾਂਦਾ ਸੀ ਉਨ੍ਹਾਂ ਨੂੰ ਪ੍ਰਭਾਵਤ ਕਰਨ ਦੀਆਂ ਲੋੜਾਂ ਅਨੁਸਾਰ ਬਣਾਈ ਗਈ ਸੀ, ਘੱਟੋਘੱਟ ਫਰਜ਼ ਕੀਤੇ ਸਾਂਝੇ ਫੌਰੀ ਨਿਸ਼ਾਨੇ (ਹਾਲਾਂਕਿ ਲਾਜ਼ਮੀ ਤੌਰ 'ਤੇ ਅੰਤਮ ਨਹੀਂ) ਦੀਆਂ ਹੱਦਾਂ ਦੇ ਅੰਦਰ। ਦਰ ਅਸਲ, ਇਹ ਵਿਹਾਰਵਾਦ ਗ਼ਦਰੀ ਪਹੁੰਚ ਦੀ ਹਮੇਸ਼ਾ ਖ਼ਾਸੀਅਤ ਬਣਿਆ ਰਿਹਾ; ਉਨ੍ਹਾਂ ਦਾ ਇਨਕਲਾਬੀ ਰਵਾਇਤਾਂ ਦਾ ਫ਼ਲਸਫ਼ਾ ਆਪਣੀ ਪ੍ਰੀਭਾਸ਼ਾ ਪੱਖੋਂ ਹੀ ਵਿਹਾਰਕ ਸੀ, ਜਿਸ ਤੋਂ ਬਗ਼ੈਰ ਇਸ ਦੀ ਕੋਈ ਤੁਕ ਨਹੀਂ ਸੀ।

ਐਪਰ, ਹੁਣ ਇਨ੍ਹਾਂ ਦਾਅਪੇਚਾਂ ਵਲੋਂ ਕੌਮੀ-ਰਾਜ ਇਕਾਈਆਂ ਨੂੰ ਪਾਤਰ ਚਿਤਵ ਲਿਆ ਗਿਆ। ਕੌਮਾਂਤਰੀਵਾਦ ਇਥੇ ਅਸੂਲੀ ਆਦਰਸ਼ ਵਜੋਂ ਜਥੇਬੰਦੀ ਦੇ ਭੂਗੋਲ ਨਾਲੋਂ ਘੱਟ ਪ੍ਰਸੰਗਕ ਸੀ ਜਿਸ ਵਿਚ ਦੂਰਗਾਮੀ ਗੱਠਜੋੜ, ਜਾਂਬਾਜ਼ ਸਫ਼ਰ ਅਤੇ ਬਹੁਤ ਸਾਰੀਆਂ ਹੱਦਾਂ ਨੂੰ ਖ਼ੁਫ਼ੀਆ ਤੌਰ 'ਤੇ ਪਾਰ ਕਰਨਾ ਸ਼ਾਮਲ ਸੀ। ਇਨਕਲਾਬੀ ਜਰਮਨ ਸਫ਼ਾਰਤਖ਼ਾਨਿਆਂ ਦੇ ਤਾਣੇਬਾਣੇ ਰਾਹੀਂ ਕੰਮ ਕਰਦੇ ਸਨ ਜਿਸ ਦੀਆਂ ਸਰਹੱਦੀ ਚੌਕੀਆਂ ਪ੍ਰਸ਼ਾਂਤ ਸਾਗਰ ਵਾਲੇ ਘੇਰੇ ਦੇ ਇਰਦ-ਗਿਰਦ ਬਣਾਈਆਂ ਹੋਈਆਂ ਸਨ, ਅਤੇ ਉਹ ਖ਼ੁਦ ਨੂੰ ਰਸਮੀ ਤੌਰ 'ਤੇ ਕੂਟਨੀਤਕ ਮਾਨਤਾ ਵਾਲੇ ਖ਼ੁਦਮੁਖਤਿਆਰ ਰਾਜ ਵਜੋਂ ਸਥਾਪਤ ਕਰਨਾ ਚਾਹੁੰਦੇ ਸਨ। ਅਰਾਜਕਤਾਵਾਦ ਦੇ ਭੰਡੀ-ਪ੍ਰਚਾਰ ਦੇ ਬੇਰੋਕ ਜਾਰੀ ਰਹਿਣ ਨੂੰ ਦੇਖਦਿਆਂ, ਖ਼ੁਦ ਨੂੰ ਇਕ ਹਕੂਮਤ ਜਾਂ ਅਧਿਕਾਰਤ ਹਕੂਮਤੀ ਨੁਮਾਇੰਦਾ ਐਲਾਨਣ ਰਾਹੀਂ ਵਾਜਬੀਅਤ ਦਾ ਦਾਅਵਾ ਕਰਨਾ ਅਤਿ ਜ਼ਰੂਰੀ ਲੱਗਦਾ ਸੀ – ਚਾਹੇ ਇਸ ਦਾ ਭਾਵ ਰੰਗਦਾਰ ਲੈੱਟਰ ਹੈੱਡ ਅਤੇ ਸਰਕਾਰੀ ਮੋਹਰਾਂ ਵਰਗੀਆਂ ਮੋਹਰਾਂ ਲੈ ਕੇ ਚੱਲਣ ਵਾਲੇ ਕੁਝ ਵਿਅਕਤੀ ਹੀ ਸਨ – ਦੁਨੀਆ ਦੇ ਆਗੂਆਂ ਨਾਲ ਰਾਬਤਾ ਬਣਾਉਣ ਅਤੇ ਆਪਣਾ ਪੱਖ ਸੁਣੇ ਜਾਣ ਦੀ ਉਮੀਦ ਰੱਖਦੇ ਸਨ। 1914 'ਚ ਸਮੁੰਦਰੋਂ ਪਾਰ ਦੇ ਇਨਕਲਾਬੀਆਂ ਦੇ ਤਸੱਵਰ ਦਾ ਹਿੰਦੁਸਤਾਨ ਸਪਸ਼ਟ ਤੌਰ 'ਤੇ ਇਕ ਧਰਮਨਿਰਪੱਖ, ਸੰਘੀ ਗਣਰਾਜ ਸੀ, ਹਾਲਾਂਕਿ ਇਸ ਦੇ

ਭਵਿੱਖੀ ਸਮਾਜੀ ਤੇ ਆਰਥਕ ਖ਼ਾਸੇ ਦੀ ਚਰਚਾ ਕਿਸੇ ਸਿਰੇ ਨਹੀਂ ਲੱਗੀ।

ਪਰਦੇਸਾਂ ਦੇ ਇਨਕਲਾਬੀ ਉਨ੍ਹਾਂ ਪੇਸ਼ੀਨਗੋਈਆਂ ਤੋਂ ਭਲੀਭਾਂਤ ਜਾਣੂੰ ਸਨ ਕਿ ਜਰਮਨੀ ਤੇ ਬਰਤਾਨੀਆ (ਨਾਲ ਹੀ, ਅਮਰੀਕਾ ਤੇ ਜਪਾਨ) ਰਫ਼ਤਾ ਰਫ਼ਤਾ ਜੰਗ ਵੱਲ ਵਧ ਰਹੇ ਸਨ। ਅਸਲ ਵਿਚ ਉਨ੍ਹਾਂ ਦੀ ਟੇਕ ਇਸੇ ਗਿਣਤੀ-ਮਿਣਤੀ ਉੱਪਰ ਸੀ। ਪਰ ਉਨ੍ਹਾਂ ਨੇ ਸੋਚਿਆ ਸੀ ਕਿ ਇਹ ਕਾਫ਼ੀ ਸਮੇਂ ਬਾਅਦ ਲੱਗੇਗੀ, *ਗ਼ਦਰ* ਸ਼ੁਰੂ ਕੀਤੇ ਜਾਣ ਤੋਂ ਇਕਦਮ ਨੌਂ ਮਹੀਨੇ ਪਿੱਛੋਂ ਤਾਂ ਬਿਲਕੁਲ ਹੀ ਨਹੀਂ। ਉਨ੍ਹਾਂ ਨੇ ਉਮੀਦ ਕੀਤੀ ਸੀ ਕਿ ਉਨ੍ਹਾਂ ਨੂੰ ਵਿਉਂਤਬੰਦੀ ਕਰਨ, ਸਿਖਲਾਈ ਦੇਣ, ਚੇਤਨਾ ਦਾ ਪੱਧਰ ਉੱਚਾ ਚੁੱਕਣ, ਜ਼ਮੀਨ ਤਿਆਰ ਕਰਨ ਦੇ ਕਾਰਜਾਂ ਨੂੰ ਨੇਪਰੇ ਚਾੜ੍ਹਨ ਲਈ ਕਈ ਸਾਲ ਮਿਲ ਜਾਣਗੇ। ਪਰ ਯੂਰਪ ਵਿਚ ਭਾਂਬੜ ਮੱਚਣ ਨਾਲ, ਗ਼ਦਰੀ ਲੀਡਰਸ਼ਿਪ ਨੇ ਦੇਖਿਆ ਕਿ ਇਹ ਉਨ੍ਹਾਂ ਲਈ "ਸੁਨਹਿਰੀ" ਮੌਕਾ ਹੈ। ਚਾਹੇ ਅਜੇ ਹਾਲਤ ਪੱਕੀ ਨਹੀਂ ਸੀ ਪਰ ਇਸ ਨੂੰ ਸੰਭਵ ਤੌਰ 'ਤੇ ਨਾਂਹ ਵੀ ਨਹੀਂ ਸੀ ਕੀਤੀ ਜਾ ਸਕਦੀ।

## ਬਰਲਿਨ ਹਿੰਦ ਕਮੇਟੀ

ਜਦੋਂ ਵੱਡੀਆਂ ਤਾਕਤਾਂ ਦੀ ਸਿਆਸੀ ਮਸ਼ੀਨਰੀ ਉਸ ਟਕਰਾਅ ਵੱਲ ਵਧਣੀ ਸ਼ੁਰੂ ਹੋਈ ਤਾਂ ਜਰਮਨੀ ਨੇ ਪਹਿਲਾਂ ਹੀ ਆਪਣੇ ਸ਼ਰੀਕ ਬਰਤਾਨੀਆ ਦੇ ਰੱਥ ਨੂੰ ਡੱਕਣ ਵਾਲੇ ਅਖਾੜੇ ਵਜੋਂ "ਪੂਰਬ" ਵੱਲ ਝਾਕਣਾ ਸ਼ੁਰੂ ਕਰ ਦਿੱਤਾ ਸੀ। ਇਸ ਵਿਸ਼ਾਲ ਅਤੇ ਗੁੱਝੀ ਹਸਤੀ ਦਾ ਜ਼ਿਕਰ, ਸਹੂਲਤ ਅਨੁਸਾਰ, ਹਿੰਦ ਜਾਂ ਅਖੌਤੀ ਇਸਲਾਮਕ ਜਗਤ ਦੇ ਹਵਾਲੇ ਨਾਲ ਕੀਤਾ ਜਾਂਦਾ ਸੀ - ਇਕ ਅਹਿਮ ਅੱਖਰ-ਲੋਪ (elision) ਜੋ ਜਰਮਨ ਯੁੱਧਨੀਤੀ ਘਾੜਿਆਂ ਤੋਂ ਇਲਾਵਾ ਬਾਲਸ਼ਵਿਕ ਰੂਸ, ਜਾਂ ਖ਼ੁਦ ਜਪਾਨੀ, ਹਿੰਦੀ, ਮਿਸਰੀ ਅਤੇ ਚੀਨੀ ਸਰਬ-ਏਸ਼ੀਆਵਾਦੀਆਂ ਵਲੋਂ ਵੀ ਅਕਸਰ ਅਪਣਾਇਆ ਜਾਂਦਾ ਰਿਹਾ। ਪਰ ਯੁੱਧਨੀਤੀ ਤੋਂ ਇਲਾਵਾ, ਜਰਮਨੀ ਦੀ ਪਹਿਲਾਂ ਤੋਂ ਹੀ ਪੂਰਬਵਾਦੀ ਅਧਿਐਨ ਦੀ ਪੁਰਾਣੀ ਰਵਾਇਤ ਅਤੇ ਸਿਆਸੀ ਹਿੱਤ ਚਲੇ ਆ ਰਹੇ ਸਨ। ਜਿਸ ਨੇ ਬੈਰੋਨ ਮੈਕਸ ਫੌਨ ਓਪਨਹੀਮ, ਜਿਸ ਦਾ ਮਿਸਰ ਤੇ ਮੱਧ ਪੂਰਬ ਵਿਚ ਪੁਰਾਤਤਵ ਅਧਿਐਨ ਅਤੇ ਕੂਟਨੀਤਕ ਸੇਵਾ ਦਾ ਲੰਮਾ ਇਤਿਹਾਸ ਸੀ, ਅਤੇ ਸੱਭਿਅਤਾ, ਇਤਿਹਾਸ ਤੇ ਸਭਿਆਚਾਰ ਦਾ ਖੋਜੀ ਡਾ. ਹਰਬਰਟ ਮਿਲਰ, ਜਿਸ ਨੇ 1912-14 ਦਰਮਿਆਨ ਚੀਨ ਵਿਚ ਅਧਿਐਨ ਕੀਤਾ ਸੀ ਵਰਗੀਆਂ ਨਿਆਰੀਆਂ ਸ਼ਖ਼ਸੀਅਤਾਂ ਪੈਦਾ ਕੀਤੀਆਂ। ਮਿਲਰ ਨੇ ਚੇਤੇ ਕੀਤਾ ਕਿ 1904 'ਚ ਹੀ ਬਰਲਿਨ ਯੂਨੀਵਰਸਿਟੀ ਵਿਖੇ ਉਸ ਦੀ "ਸਿਆਸੀ ਬੰਦ-ਖ਼ਲਾਸੀ ਦੀ ਉਸ ਲਹਿਰ ਵਿਚ ਰੁਚੀ ਪੈਦਾ ਹੋ ਗਈ ਸੀ ਜਿਸ ਨੂੰ ਅਸੀਂ ਉਸ ਵਕਤ "ਪੂਰਬ" ਕਹਿੰਦੇ ਸੀ ਅਤੇ ਛੇਤੀ ਹੀ ਮਿਸਰ, ਤੁਰਕੀ, ਕੁਰਦਿਸਤਾਨ, ਈਰਾਨ, ਹਿੰਦ, ਚੀਨ ਅਤੇ ਕੋਰੀਆ ਦੇ ਰਾਸ਼ਟਰਵਾਦੀਆਂ ਅਤੇ ਇਨਕਲਾਬੀਆਂ ਵਿੱਚੋਂ ਬਹੁਤ ਸਾਰੇ ਮੇਰੇ ਮਿੱਤਰ ਬਣ ਗਏ।"[1]

ਇਨ੍ਹਾਂ ਯੁੱਧਨੀਤੀ ਘਾੜਿਆਂ ਨੇ ਪੱਕਾ ਇਰਾਦਾ ਬਣਾ ਲਿਆ ਸੀ ਕਿ ਹਿੰਦੀ ਅਤੇ/ਜਾਂ ਸਰਬ-ਇਸਲਾਮਵਾਦੀ ਬੇਚੈਨੀ (ਇਹ ਸਮਝਿਆ ਜਾਂਦਾ ਸੀ ਕਿ ਇਨ੍ਹਾਂ ਦੀ ਆਪਸ ਵਿਚ ਅਹਿਮ ਸਾਂਝ ਹੈ, ਭਾਵੇਂ ਕਿ ਦੋਵੇਂ ਜ਼ਾਹਰਾ ਤੌਰ 'ਤੇ ਇੱਕੋ ਚੀਜ਼ ਨਹੀਂ ਸਨ) ਦੀ ਹਮਾਇਤ ਕਰਨਾ ਯੁੱਧ ਕਰਨ ਦਾ ਇਕ ਅਹਿਮ ਹਿੱਸਾ ਸੀ। ਅਕਤੂਬਰ 1911 ਨੂੰ ਛਪੀ ਲਿਖਤ *ਜਰਮਨੀ ਅਤੇ ਅਗਲੀ ਜੰਗ* ਵਿਚ ਜਰਨੈਲ ਫਰੈਡਰਿਕ ਫੌਨ ਬਰਨਾਰਡੀ ਨੇ ਜਰਮਨ ਦੀ ਇਸ ਉਮੀਦ ਦਾ ਸੰਕੇਤ ਦਿੱਤਾ ਸੀ ਕਿ ਬੰਗਾਲ ਦੀ ਹਿੰਦੂ ਵਸੋਂ, "ਜਿਸ ਦੀ ਜ਼ਾਹਰਾ ਇਨਕਲਾਬੀ ਅਤੇ ਰਾਸ਼ਟਰਵਾਦੀ ਰੁਚੀ ਸਾਹਮਣੇ ਆਈ ਸੀ, ਹਿੰਦ ਦੇ ਮੁਸਲਮਾਨਾਂ ਨਾਲ ਇਕਜੁੱਟ ਹੋ ਸਕਦੀ ਹੈ ਅਤੇ ਇਨ੍ਹਾਂ ਅਨਸਰਾਂ ਦੀ ਸਾਂਝ ਇਕ ਬਹੁਤ ਹੀ ਘੋਰ ਖ਼ਤਰਾ ਪੈਦਾ ਕਰ ਸਕਦੀ ਹੈ ਜੋ ਦੁਨੀਆ ਵਿਚ ਇੰਗਲੈਂਡ ਦੇ

ਉੱਚੇ ਰੁਤਬੇ ਦੀਆਂ ਨੀਂਹਾਂ ਹਿਲਾਉਣ ਦੇ ਸਮਰੱਥ ਹੈ।"[2] ਸਪਸ਼ਟ ਤੌਰ 'ਤੇ, ਪੂਰਬ ਨੂੰ ਇਕਹਿਰੀ ਇਕਾਈ ਵਜੋਂ ਲੈਣ ਦੀ ਰੁਚੀ ਦੇ ਬਾਵਜੂਦ ਜਰਮਨੀ ਦੇ ਪੂਰਬਵਾਦੀ ਘੱਟੋਘੱਟ ਪੂਰਬੀ ਜਗਤ ਅੰਦਰਲੇ ਕੁਜੋੜ ਮਜ਼ੂਬੀ, ਖੇਤਰੀ ਅਤੇ ਸਭਿਆਚਾਰਕ ਸਬੰਧਾਂ ਬਾਰੇ ਜਾਣਦੇ ਸਨ। ਨਹੀਂ ਤਾਂ ਉਹ ਆਪਣੀ ਇੱਛਾ ਦੇ ਅਨੁਸਾਰੀ ਨਵੇਂ ਵਿਕਾਸ ਵਜੋਂ ਉਨ੍ਹਾਂ ਦੇ ਜੁੜਨ ਦੀ ਗੱਲ ਸ਼ਾਇਦ ਹੀ ਕਰ ਸਕਦੇ, ਚਾਹੇ ਇਸ ਨਿਸ਼ਾਨੇ ਵਿਚ ਉਨ੍ਹਾਂ ਵਿਚਲੇ ਵਖਰੇਵਿਆਂ ਦੇ ਸਾਰ-ਤੱਤ ਅਤੇ ਪ੍ਰਸੰਗ ਨੂੰ ਜਾਂ ਉਨ੍ਹਾਂ ਦੀਆਂ ਤਰਜ਼ੀਹਾਂ ਨੂੰ ਪੂਰੀ ਤਰ੍ਹਾਂ ਸਮਝਣ 'ਚ ਨਾਕਾਮ ਰਹਿਣ ਕਰਕੇ ਅੜਿੱਕਾ ਵੀ ਪੈ ਗਿਆ ਸੀ। ਫਿਰ ਵੀ, ਇਨ੍ਹਾਂ ਸ਼੍ਰੇਣੀਆਂ ਦੇ ਇਧਰ ਉਧਰ ਸਰਕ ਜਾਣ ਜਾਂ ਇਕ ਦੂਜੇ ਵਿਚ ਰਲਗੱਡ ਹੋਣ (ਹਿੰਦ ਦੇ ਕੌਮੀ ਇਨਕਲਾਬੀਆਂ ਦੇ ਮਿਸਰ ਤੇ ਜਪਾਨ ਦੀਆਂ ਲਹਿਰਾਂ ਨਾਲ ਰਿਸ਼ਤੇ ਦੇ ਸੁਭਾਅ ਨਾਲ ਜੁੜ ਕੇ) ਨਾਲ ਇਕ ਦੁਆਰ ਖੁੱਲ੍ਹ ਗਿਆ ਜਿਸ ਜ਼ਰੀਏ 1920ਵਿਆਂ ਵਿਚ ਬਸਤੀਵਾਦ ਵਿਰੋਧੀ ਸਰਗਰਮੀ ਦੀਆਂ ਖੱਬੇਪੱਖੀ, ਕੌਮੀ ਮੁਕਤੀਵਾਦੀ ਅਤੇ ਸਰਬ-ਇਸਲਾਮਵਾਦੀ ਧਾਰਾਵਾਂ ਦੀ ਇਕ ਦੂਜੀ ਦੇ ਨਾਲ ਆਦਾਨ-ਪ੍ਰਦਾਨ ਸੰਭਵ ਹੋ ਗਿਆ।

1915 ਦੀ ਬਸੰਤ 'ਚ ਜਰਮਨ ਬਦੇਸ਼ ਮੰਤਰਾਲੇ (Auswertiges Amt, ਜਾਂ AA) ਨੇ ਯੂਰਪ ਵਿਚ ਸਰਗਰਮ ਜ਼ਿਆਦਾਤਰ ਅਹਿਮ ਹਿੰਦੀ ਰੈਡੀਕਲਾਂ ਨੂੰ ਇੰਡੀਅਨ ਨੈਸ਼ਨਲ ਪਾਰਟੀ ਜਾਂ ਬਰਲਿਨ ਹਿੰਦ ਕਮੇਟੀ (ਬੀ ਆਈ ਸੀ) ਬਣਾਉਣ ਲਈ ਇਕੱਠੇ ਕੀਤਾ।[3] ਦਰ ਅਸਲ ਯੁਗਾਂਤਰ ਗਰੁੱਪ ਅਤੇ ਢਾਕਾ ਅਨੁਸ਼ੀਲਨ ਸੰਮਤੀ ਦੋਹਾਂ ਨੇ ਬੰਗਾਲ ਦੀ ਲਹਿਰ ਦੀ ਤਰਫ਼ੋਂ ਜਰਮਨੀ ਤੱਕ ਪਹਿਲਾਂ ਹੀ ਪਹੁੰਚ ਕੀਤੀ ਸੀ, ਜਦਕਿ 1914 'ਚ ਵਿਰੇਂਦਰਨਾਥ ਚੱਟੋਪਾਧਿਆਏ ਕੌਮਾਂਤਰੀ ਤੌਰ 'ਤੇ ਵਿਚਰ ਰਹੇ ਇਨਕਲਾਬੀਆਂ ਦੀ ਨੁਮਾਇੰਦਗੀ ਕਰਨ ਲਈ ਫਰਾਂਸ ਤੋਂ ਬਰਲਿਨ ਆ ਗਿਆ ਸੀ।[4] ਬਰਤਾਨਵੀ ਹਿੰਦ ਦੇ ਚਾਰਾਂ ਭਾਗਾਂ ਵਿੱਚੋਂ ਹਿੱਸਾ ਲੈਣ ਵਾਲੇ ਹੋਰ ਅਹਿਮ ਵਿਅਕਤੀ ਸਨ ਚੰਪਾਕਰਮਨ ਪਿਲੇ,[5] ਭੁਪੇਂਦਰਨਾਥ ਦੱਤ,[6] ਐੱਮ.ਪੀ.ਟੀ. ਅਚਾਰੀਆ, ਅਜੀਤ ਸਿੰਘ ਅਤੇ ਰਾਜ-ਵਿਹੂਣਾ ਰਾਠ ਮਹੇਂਦਰ ਪ੍ਰਤਾਪ। ਮੁਹੰਮਦ ਬਰਕਤਉੱਲਾ, ਤਾਰਕਨਾਥ ਦਾਸ, ਭਗਵਾਨ ਸਿੰਘ ਅਤੇ ਹਰਦਿਆਲ ਉਤਰੀ ਅਮਰੀਕੀਆਂ ਦੀ ਨੁਮਾਇੰਦਗੀ ਕਰ ਰਹੇ ਸਨ।[7] ਹਰਦਿਆਲ ਬਾਰੇ ਇਹੀ ਸਮਝਿਆ ਜਾਂਦਾ ਸੀ ਕਿ ਉਸ ਦਾ ਅਜੇ ਵੀ ਐਟਲਾਂਟਿਕ ਤੋਂ ਪਾਰ ਦੀ ਲਹਿਰ ਉੱਪਰ ਅਹਿਮ ਰਸੂਖ਼ ਸੀ। ਅਤੇ ਜਰਮਨ ਬਦੇਸ਼ ਮੰਤਰਾਲਾ ਉਸ ਨੂੰ ਕਿਉਂ ਚਾਹੁੰਦਾ ਸੀ ਇਸ ਦੀ ਇਕ ਵਜ੍ਹਾ ਇਹ ਸੀ ਕਿ ਉਹ ਅਮਰੀਕੀ ਗ਼ਦਰੀਆਂ ਨੂੰ ਆਪਣੇ ਨਾਲ ਜੋੜਨ ਲਈ ਬਹੁਤ ਉਤਸੁਕ ਸਨ। ਕੈਲੀਫੋਰਨੀਆ ਧੜੇ ਨੂੰ ਇਸ ਟੋਲੀ ਵਿਚ ਕੀਮਤੀ ਵਾਧਾ ਕਰਨ ਵਾਲਿਆਂ ਵਜੋਂ ਟਿੱਕਿਆ ਗਿਆ ਸੀ, ਕਿਉਂਕਿ ਉਨ੍ਹਾਂ ਕੋਲ ਪਹਿਲਾਂ ਹੀ ਵਧੀਆ ਵਿਕਸਤ ਬੁਨਿਆਦੀ ਢਾਂਚਾ, ਲਾਮਬੰਦ ਕੀਤਾ ਹਮਾਇਤੀ ਅਧਾਰ, ਵਿਆਪਕ ਪ੍ਰਚਾਰ ਮਸ਼ੀਨਰੀ ਅਤੇ ਹਾਲਾਤ ਵਿਚ ਬਣੇ ਹੋਰ ਕਾਰਕ ਮੌਜੂਦ ਸਨ। ਮਸਲਨ ਅਮਰੀਕਾ ਵਿਚ ਜਰਮਨ ਤੇ ਆਇਰਿਸ਼ ਆਵਾਸੀਆਂ ਦੀ ਵੱਡੀ ਵਸੋਂ, ਜਿਨ੍ਹਾਂ ਵਿੱਚੋਂ ਮਗਰਲਿਆਂ ਦੀ ਬਰਤਾਨੀਆ ਵਿਰੋਧੀ ਖਾੜਕੂ ਟੁਕੜੀ ਦੀ ਇਵੇਂ ਹੀ ਹਮਾਇਤ ਕਰਨ ਵਿਚ ਵੀ ਜਰਮਨੀ ਦੀ ਦਿਲਚਸਪੀ ਸੀ। 6 ਮਾਰਚ 1914 ਨੂੰ *ਬਰਲਿਨਰ ਟੇਜਬਲੈਟ* ਵਿਚ ਛਪੇ ਇਕ ਲੇਖ "ਇੰਗਲੈਂਡ ਦੀ ਹਿੰਦ ਉਲਝਣ" ਨੇ "ਹਿੰਦ ਦੀ ਬਹੁਤ ਹੀ ਨਿਰਾਸ਼ਤਾ ਵਾਲੀ ਤਸਵੀਰ ਪੇਸ਼ ਕੀਤੀ," ਜਿਸ ਕਾਰਨ "ਖੁਫ਼ੀਆ ਸੋਸਾਇਟੀਆਂ ਉੱਭਰੀਆਂ ਤੇ ਵਧੀਆਂ-ਫੁੱਲੀਆਂ ਅਤੇ ਇਨ੍ਹਾਂ ਦੀ ਬਦੇਸ਼ਾਂ ਤੋਂ ਮਦਦ ਕੀਤੀ ਗਈ। ਇਹ ਦੱਸਿਆ ਗਿਆ ਕਿ ਖ਼ਾਸ ਕਰਕੇ ਕੈਲੀਫੋਰਨੀਆ ਵਿਚ ਹਿੰਦ ਨੂੰ ਹਥਿਆਰ ਤੇ ਵਿਸਫੋਟਕ ਮੁਹੱਈਆ ਕਰਨ ਦੇ ਮਕਸਦ ਲਈ ਇਕ ਜਥੇਬੰਦ ਸੰਸਥਾ ਉਭਰ ਆਈ ਸੀ।"[8] ਜੇ ਇਹ ਵਧਾ-ਚੜ੍ਹਾ ਕੇ ਪੇਸ਼ ਕੀਤਾ ਹੋਵੇ ਅਤੇ ਪੂਰੀ ਤਰ੍ਹਾਂ ਸਹੀ ਨਾ ਵੀ ਹੋਵੇ, ਫਿਰ ਵੀ ਇਹ ਸਰਾਸਰ

ਗ਼ਲਤ ਨਹੀਂ ਸੀ।

ਹਿੰਦ ਕਮੇਟੀ ਤੋਂ ਇਲਾਵਾ, ਬਰਲਿਨ ਇਸੇ ਤਰ੍ਹਾਂ ਈਰਾਨੀ ਅਤੇ ਤੁਰਕ ਧੜਿਆਂ ਦੀ ਮੇਜ਼ਬਾਨੀ ਕਰਦਾ ਸੀ। ਹਿੰਦੀ ਕਾਰਕੁੰਨ ਜੋਧ ਸਿੰਘ ਨੇ ਖ਼ੁਲਾਸਾ ਕੀਤਾ: "ਇਥੇ ਜ਼ਿਕਰ ਕੀਤੇ ਪਹਿਲੇ (ਧੜੇ) ਦਾ ਨਿਸ਼ਾਨਾ ਆਮ ਤੌਰ 'ਤੇ ਈਰਾਨ ਨੂੰ ਯੂਰਪੀ ਰਸੂਖ਼ ਦੀ ਜਕੜ ਵਿੱਚੋਂ ਆਜ਼ਾਦ ਕਰਾਉਣਾ, ਖ਼ਾਸ ਕਰਕੇ ਅੰਗਰੇਜ਼ਾਂ ਖ਼ਿਲਾਫ਼ ਮੰਦ-ਭਾਵਨਾਵਾਂ ਪੈਦਾ ਕਰਨਾ ਅਤੇ ਗਣਰਾਜ ਹਾਸਲ ਕਰਨ ਵਿਚ ਹਿੰਦੀਆਂ ਦੀ ਮਦਦ ਕਰਨਾ ਸੀ। ਤੁਰਕਾਂ ਦੀ ਸਭਾ ਦਾ ਉਦੇਸ਼ ਵੀ ਵਿਹਾਰਕ ਤੌਰ 'ਤੇ ਇਸ ਨਾਲ ਮਿਲਦਾ-ਜੁਲਦਾ ਹੈ।"[9] ਇਨ੍ਹਾਂ ਦੋਹਾਂ ਸਮੂਹਾਂ ਦੇ ਮੈਂਬਰ ਬੀ. ਆਈ. ਸੀ. ਦੀਆਂ ਮੀਟਿੰਗਾਂ ਵਿਚ ਵੀ ਹਿੱਸਾ ਲੈਂਦੇ ਸਨ। ਪਰ ਬੀ.ਆਈ.ਸੀ. ਦਾ ਪਹਿਲਾਂ ਪਹਿਲ ਏ.ਏ. ਨਾਲ ਸੰਪਰਕ ਬਹੁਤ ਥੋੜ੍ਹਾ ਸੀ, ਇਹ ਮੁੱਖ ਤੌਰ 'ਤੇ ਓਪਨਹੀਮ ਅਤੇ ਮਿਲਰ ਰਾਹੀਂ ਰਾਬਤਾ ਰੱਖਦੀ ਸੀ, ਹਾਲਾਂਕਿ ਚੱਟੋ ਅਤੇ ਹਰਦਿਆਲ ਨੂੰ ਬਦੇਸ਼ ਆਫਿਸ ਦੀਆਂ ਉਨ੍ਹਾਂ ਮੀਟਿੰਗਾਂ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਸੀ ਜਿਥੇ "ਹਿੰਦ ਦੇ ਮਾਮਲਿਆਂ" ਬਾਰੇ ਵਿਚਾਰ ਕੀਤੀ ਜਾਂਦੀ।[10] ਪਰ ਹਾਲਾਂਕਿ ਹਿੰਦ ਦੇ ਸਬੰਧ ਵਿਚ ਜਰਮਨੀ ਦਾ ਨਿਸ਼ਾਨਾ ਬੇਚੈਨੀ ਭੜਕਾਉਣਾ ਸੀ ਜੋ "ਅਮਰੀਕਾ ਅਤੇ ਯੂਰਪ ਦੀਆਂ ਕੁਲ ਇਨਕਲਾਬੀ ਜਥੇਬੰਦੀਆਂ ਨੂੰ ਜਰਮਨੀ ਦੀ ਅਥਾਰਟੀ ਤਹਿਤ" ਇਕਜੁੱਟ ਕਰਦੇ ਹੋਏ "ਦੂਰ-ਦੂਰ ਦੇ ਮੁਲਕਾਂ ਵਿਚ ਅਥਾਰਟੀ ਦੇ ਹੋਰ ਕੇਂਦਰਾਂ ਰਾਹੀਂ ਸਕੀਮਾਂ ਲਾਗੂ ਕਰਾਉਣ" ਅਤੇ ਅਸਰਦਾਰ ਤਾਲਮੇਲ ਬਣਾਉਣ ਦਾ ਬਿਹਤਰ ਕੰਮ ਕਰਦਿਆਂ ਬਰਤਾਨੀਆ ਨੂੰ ਅਸਥਿਰ ਕਰ ਦੇਵੇਗੀ,[11] ਬੀ.ਆਈ.ਸੀ. ਦਾ ਆਪਣਾ ਬਿਆਨ ਕੀਤਾ ਨਿਸ਼ਾਨਾ ਪਹਿਲ-ਪ੍ਰਿਥਮੇ "ਕਿਸੇ ਵੀ ਢੰਗ ਨਾਲ ਹਿੰਦ ਵਿਚ ਗਣਰਾਜੀ ਹਕੂਮਤ ਕਾਇਮ ਕਰਨਾ" ਸੀ।[12] "ਹਿੰਦੁਸਤਾਨੀ ਇਨਕਲਾਬ ਦਾ" ਆਪੇ ਬਣਿਆ "ਸੁਪਰੀਮ ਜਨਰਲ ਸਟਾਫ਼" ਇਹ ਕਮੇਟੀ ਹਿੰਦੀਆਂ ਦੇ ਇਕ ਆਜ਼ਾਦ ਅਦਾਰੇ ਵਜੋਂ ਆਪਣੇ ਫ਼ੈਸਲੇ ਖ਼ੁਦ ਲੈਣ ਦੇ ਉਦੇਸ਼ ਨੂੰ ਸਾਹਮਣੇ ਰੱਖ ਕੇ ਬਣਾਈ ਗਈ ਸੀ।[13] ਖ਼ੁਫ਼ੀਆ ਵਿਭਾਗ ਦੀ ਇਕ ਰਿਪੋਰਟ ਦੀ ਟਿੱਪਣੀ ਅਨੁਸਾਰ ਇਸ ਦੇ ਮੈਂਬਰ ਜ਼ੋਰ ਦਿੰਦੇ ਸਨ ਕਿ ਉਨ੍ਹਾਂ ਨੂੰ "ਜਰਮਨੀ ਨਾਲ ਦੁਵੱਲੇ ਹਿੱਤ ਦੇ ਅਧਾਰ 'ਤੇ ਬਰਾਬਰ ਹੈਸੀਅਤ 'ਚ ਗੱਲਬਾਤ ਕਰਦੇ ਹੋਏ ਹਿੰਦ ਦੀ ਨੁਮਾਇੰਦਗੀ ਕਰਨੀ ਚਾਹੀਦੀ ਹੈ ਨਾ ਕਿ ਮਦਦ ਦੀ ਭੀਖ ਮੰਗਣ ਵਾਲੀ ਮਤਹਿਤ ਤਾਕਤ ਦੀ ਹੈਸੀਅਤ 'ਚ।" ਅਤੇ "ਲੱਗਦਾ ਸੀ ਕਿ ਉਹ ਜਰਮਨੀ ਦੇ ਹੱਥਾਂ ਵਿਚ ਉਸ ਦੇ ਸਾਮਰਾਜੀ ਮੰਤਵਾਂ ਖ਼ਾਤਰ ਵਰਤੇ ਜਾਣ ਤੋਂ ਲਗਾਤਾਰ ਚੌਕਸ ਰਹਿੰਦੇ ਸਨ।"[14]

1915 ਵਿਚ ਏ.ਏ. ਨੇ ਯੂਰਪ ਅਤੇ ਮੱਧ ਪੂਰਬ ਵਿਚ ਫ਼ੌਜੀਆਂ ਵਿਚ ਵੰਡੇ ਜਾਣ ਦੇ ਉਦੇਸ਼ ਨਾਲ ਵੱਖੋ-ਵੱਖਰੀਆਂ ਜ਼ਬਾਨਾਂ ਵਿਚ ਖ਼ਬਰਾਂ ਅਤੇ ਪੈਂਫਲੈੱਟ ਛਾਪਣ ਲਈ ਪੂਰਬ ਲਈ ਖ਼ਬਰ ਏਜੰਸੀ (Nachrichtenstalle fur Der Orient) ਬਣਾਈ। ਜਰਮਨਾਂ ਨੂੰ ਆਸ ਸੀ ਕਿ ਬਰਲਿਨ ਹਿੰਦ ਕਮੇਟੀ ਦੇ ਮੈਂਬਰ ਇਸ ਯਤਨ ਵਿਚ ਪ੍ਰਚਾਰਕਾਂ, ਅਨੁਵਾਦਕਾਂ ਅਤੇ ਸੰਗ੍ਰਹਿ ਕਰਤਾਵਾਂ ਵਜੋਂ ਕੰਮ ਕਰਨਗੇ। 1916 ਦੇ ਅੱਧ 'ਚ, ਬਰਤਾਨਵੀ ਖ਼ੁਫ਼ੀਆ ਵਿਭਾਗ ਨੇ ਐਸੇ ਬਿਆਸੀ ਅਖ਼ਬਾਰਾਂ ਅਤੇ ਪੈਂਫਲੈਟਾਂ ਦੀ ਸੂਚੀ ਬਣਾਈ ਸੀ ਜੋ "ਜਰਮਨ ਏਜੰਸੀ ਵਲੋਂ ਜਾਂ ਜਰਮਨੀ ਦੀ ਮਦਦ ਲੈਣ ਵਾਲੀਆਂ ਸੋਸਾਇਟੀਆਂ ਵਲੋਂ ਛਾਪੇ ਗਏ", ਇਹ ਅੰਗਰੇਜ਼ੀ, ਫਰਾਂਸੀਸੀ, ਜਰਮਨ, ਡੱਚ, ਪੁਰਤਗਾਲੀ, ਸਪੇਨੀ, ਇਤਾਲਵੀ, ਟਰਕਿਸ਼, ਅਰਬੀ, ਈਰਾਨੀ, ਮਲਾਇਆ, ਤਾਰਤਰ, ਚੀਨੀ ਅਤੇ ਹਿੰਦ ਦੀਆਂ ਚਾਰ ਪੰਜ ਦੇਸੀ ਜ਼ਬਾਨਾਂ ਵਿਚ ਸਨ।[15] ਅਸਲ ਵਿਚ "ਬਰਤਾਨੀਆ ਵਿਰੋਧੀ ਸਾਹਿਤ ਦੀ ਪੈਦਾਵਾਰ" ਉਸ ਕਾਰਜ-ਸੂਚੀ ਵਿਚ ਪਹਿਲੀ ਚੀਜ਼ ਸੀ ਜੋ ਖ਼ੁਫ਼ੀਆ ਮਹਿਕਮੇ ਨੇ 1920 'ਚ ਇਸ ਵਾਕਿਆ ਤੋਂ ਬਾਅਦ ਸੰਗ੍ਰਹਿ ਕੀਤੀ ਸੀ।[16] ਨਾਲ ਹੀ

ਸੂਚੀ ਵਿਚ ਸ਼ੁਮਾਰ ਸਨ "ਇੰਗਲੈਂਡ ਅਤੇ ਇਸ ਦੇ ਇਤਿਹਾਦੀ ਮੁਲਕਾਂ, ਖ਼ਾਸ ਕਰਕੇ ਇਟਲੀ ਵਿਚ ਕਤਲਾਂ ਨੂੰ ਅੰਜਾਮ ਦੇਣ ਦੇ ਯਤਨ" ਅਤੇ "ਸਵੇਜ਼ ਨਹਿਰ ਦੇ ਜ਼ਰੀਏ ਸੰਚਾਰ ਦੀਆਂ ਲਾਈਨਾਂ ਦੀ ਭੰਨਤੋੜ ਕਰਨ ਦਾ ਯਤਨ।"[17] ਇਸੇ ਦੌਰਾਨ ਬੀ.ਆਈ.ਸੀ. ਦੇ ਕੁਝ ਮੈਂਬਰਾਂ ਨੂੰ ਵਿਸਫੋਟਕਾਂ ਅਤੇ ਭੰਨਤੋੜ ਦੀ ਵੱਖਰੀ ਸਿਖਲਾਈ ਦਿੱਤੀ ਗਈ, ਜਦਕਿ ਬਾਕੀ ਦੇ "ਹਿੰਦੀਆਂ (ਜੰਗੀ ਕੈਦੀਆਂ) ਨੂੰ ਆਪਣੇ ਨਾਲ ਜੋੜਨ" ਦੇ ਯਤਨ 'ਚ ਕੈਦੀ ਬਣਾਏ ਫ਼ੌਜੀਆਂ ਕੋਲ ਗੇੜੇ ਮਾਰਦੇ ਰਹੇ, ਇਹ ਕਾਰਜ ਬਰਕਤਉੱਲਾ ਦੇ ਨਿਰਦੇਸ਼ਨ ਹੇਠ ਕੀਤਾ ਜਾ ਰਿਹਾ ਸੀ।[18]

ਬਰਲਿਨ ਤੋਂ ਬਾਅਦ ਦੂਜਾ ਵੱਡਾ ਸਦਰ ਮੁਕਾਮ ਇਸਤਾਂਬੁਲ ਸੀ, ਪਹਿਲਾਂ ਇਸ ਦਾ ਮੁਖੀ ਹਰਦਿਆਲ ਸੀ ਅਤੇ ਪਿੱਛੋਂ ਬੀ.ਆਈ.ਸੀ. ਵਲੋਂ ਡਾ. ਮਨਸੂਰ ਅਹਿਮਦ। ਇਸਤਾਂਬੁਲ ਦਫ਼ਤਰ ਮਿਸਰ, ਈਰਾਨ ਅਤੇ ਮੈਸੋਪੋਟਾਮੀਆ ਵਿਚ ਇਨ੍ਹਾਂ ਯਤਨਾਂ ਵਿਚਕਾਰ ਤਾਲਮੇਲ ਬਣਾਈ ਰੱਖਣ ਵਾਲਾ ਧੁਰਾ ਸੀ। ਉੱਪ-ਮਹਾਂਦੀਪ ਦੇ ਤਿੰਨ ਮੁੱਖ ਲਾਂਘਿਆਂ ਰਾਹੀਂ ਹਿੰਦ ਵਿਚ ਬਗ਼ਾਵਤ ਫੈਲਾਉਣ ਲਈ ਤਾਕਤਾਂ ਤਾਇਨਾਤ ਕਰਨ ਦੀਆਂ ਵਿਉਂਤਾਂ ਇਥੇ ਬਣਦੀਆਂ ਸਨ: ਉੱਤਰ-ਪੱਛਮ ਤੋਂ ਈਰਾਨ ਦੇ ਦੂਜੇ ਪਾਸੇ ਅਫ਼ਗਾਨ ਸਰਹੱਦ ਤੱਕ, ਉੱਤਰ-ਪੂਰਬ ਤੋਂ ਸਿਆਮ ਦੇ ਦੂਜੇ ਪਾਸੇ ਬਰਮਾ ਦੀ ਸਰਹੱਦ ਤੱਕ, ਅਤੇ ਡੱਚ ਈਸਟ ਇੰਡੀਜ਼ ਤੋਂ ਸਮੁੰਦਰ ਰਾਹੀਂ।[19] ਇਨ੍ਹਾਂ ਤਿੰਨਾਂ ਵਿੱਚੋਂ ਹਰੇਕ ਯੁੱਧਨੀਤਕ ਪਹਿਲਕਦਮੀਂ ਮੁੱਖ ਤੌਰ 'ਤੇ ਪਰਦੇਸਾਂ ਵਿਚਲੇ ਹਿੰਦੀ ਇਨਕਲਾਬੀਆਂ ਦੇ ਵੱਖੋ-ਵੱਖਰੇ ਹਿੱਸੇ ਨੂੰ ਸੌਂਪੀ ਗਈ ਸੀ: ਉੱਤਰ-ਪੱਛਮੀ ਜ਼ਮੀਨੀ ਮਾਰਗ ਸਰਬ-ਇਸਲਾਮਵਾਦੀਆਂ ਅਤੇ ਯੂਰਪ ਵਿਚਲੇ ਰਾਸ਼ਟਰਵਾਦੀਆਂ ਨੂੰ, ਉੱਤਰ-ਪੂਰਬੀ ਜ਼ਮੀਨੀ ਮਾਰਗ ਕੈਲੀਫੋਰਨੀਆ ਦੇ ਗ਼ਦਰੀਆਂ ਨੂੰ, ਅਤੇ ਦੱਖਣ-ਪੂਰਬੀ ਸਮੁੰਦਰੀ ਰਸਤਾ ਮੁਲਕ ਵਿਚਲੇ ਬੰਗਾਲੀਆਂ ਨੂੰ।[20] ਜਦਕਿ, ਮੁਹਿੰਮਾਂ ਦਰਮਿਆਨ ਬਹੁ-ਪਰਤੀ ਸੰਪਰਕ ਸਨ ਅਤੇ ਕਈ ਵਿਅਕਤੀ ਇਕ ਤੋਂ ਵੱਧ ਖੇਤਰਾਂ ਵਿਚ ਵੀ ਭੂਮਿਕਾ ਨਿਭਾਉਂਦੇ ਰਹੇ।

ਪੱਛਮੀ ਲਾਂਘੇ ਵੱਲ ਅਸੀਂ ਬਾਅਦ ਵਿਚ ਆਵਾਂਗੇ, ਇਥੇ ਸਿਰਫ਼ ਈਰਾਨ ਵਿੱਚੋਂ ਦੀ ਹੋ ਕੇ ਅਫ਼ਗਾਨਿਸਤਾਨ ਦੇ ਜਰਮਨ ਮਿਸ਼ਨ ਦੇ ਇਕ ਸਿੱਟੇ ਵੱਲ ਗ਼ੌਰ ਕਰਨ ਲਈ ਰੁਕਾਂਗੇ: ਅਰਥਾਤ, ਕਾਬਲ ਵਿਚ ਖ਼ੁਦ ਹੀ ਬਣਾਈ ਆਰਜੀ ਹਕੂਮਤ-ਏ-ਹਿੰਦ ਦੀ ਸਥਾਪਨਾ। ਨਿਰੋਦੇ ਬਰੂਆ ਜਲਾਵਤਨੀ ਵਿਚ ਬਣਾਈ ਇਸ ਆਰਜੀ ਹਕੂਮਤ ਨੂੰ ਬਰਕਤਉੱਲਾ ਦੇ "ਦਿਮਾਗ ਦੀ ਕਾਢ" ਕਹਿੰਦਾ ਹੈ, ਕਿਉਂਕਿ ਇਹ ਸੁਝਾਅ ਉਸੇ ਦਾ ਸੀ ਕਿ ਇਕ ਖੇਤਰ ਉੱਪਰ ਹੱਕ ਜਤਾਉਣ ਤੇ ਕੂਟਨੀਤਕ ਮਾਨਤਾ ਹਾਸਲ ਕਰ ਲਏ ਜਾਣ ਨਾਲ – ਭਾਵ ਇਕ ਰਾਜ ਵਲੋਂ ਦੂਜੇ ਦੀ ਕੁਲਅਖ਼ਤਿਆਰ ਹੈਸੀਅਤ ਦੀ ਪ੍ਰੋੜਤਾ – ਇੰਗਲੈਂਡ ਦੀ ਖ਼ਿਲਾਫ਼ਤ ਕਰਨ ਵਾਲੀਆਂ ਹੋਰ ਹਕੂਮਤਾਂ ਤੋਂ ਜੰਗੀ ਕਰਜੇ ਲੈਣ ਦੇ ਅਮਲ ਦੇ ਹੋਰ ਸੁਖ਼ਾਲਾ ਬਣ ਜਾਵੇਗਾ, ਇਸ ਨਾਲ ਫੰਡ ਜੁਟਾਉਣ ਦਾ ਕੰਮ ਮੋਕਲਾ ਹੋ ਜਾਵੇਗਾ।[21] ਕਠੋਰ ਰਾਸ਼ਟਰਵਾਦੀ ਨਜ਼ਰੀਏ ਤੋਂ, ਅਜਿਹੀ ਮਾਨਤਾ ਦਾ ਭਾਵ ਆਜ਼ਾਦੀ ਹੀ ਹੋਵੇਗਾ। ਦਰ ਅਸਲ, ਜਿਵੇਂ ਗੋਬਿੰਦ ਬਿਹਾਰੀ ਲਾਲ ਨੇ ਇਸ ਨੂੰ ਪੇਸ਼ ਕੀਤਾ, ਬਰਲਿਨ ਗਰੁੱਪ ਦੀ "ਅਸਲ ਅਹਿਮੀਅਤ" ਇਹ ਸੀ ਕਿ "ਇਨ੍ਹਾਂ ਹਿੰਦੀ ਇਨਕਲਾਬੀਆਂ ਨੇ ਜਰਮਨੀ ਵਰਗੀਆਂ ਮਹਾਨ ਕੌਮਾਂ ਤੋਂ ਹਿੰਦ ਦੀ ਜਲਾਵਤਨ ਹਕੂਮਤ ਦੀ ਧਾਰਨਾ ਨੂੰ ਮਾਨਤਾ ਦਿਵਾਈ ਜੋ ਆਜ਼ਾਦ ਹਿੰਦ ਦੀ ਨੁਮਾਇੰਦਗੀ ਕਰਦੀ ਸੀ।"[22]

ਹਾਲ ਦੀ ਘੜੀ 1915 ਦੇ ਪਹਿਲੇ ਅੱਧ ਦੌਰਾਨ ਹਿੰਦ ਦੇ ਦੋ ਜੁੜੇ ਹੋਏ ਪ੍ਰੋਜੈਕਟਾਂ ਉੱਪਰ ਇਕਾਗਰ ਕੀਤਾ ਜਾਵੇ: ਇਕ ਬਟਾਵੀਆ ਅਤੇ ਕਲਕੱਤਾ ਦਰਮਿਆਨ ਬੰਦੂਕਾਂ ਲਿਆਉਣ ਦੀ ਮੁਹਿੰਮ; ਅਤੇ ਦੂਜਾ, ਹਿੰਦ ਦੀ ਬਰਮਾ ਨਾਲ ਲੱਗਦੀ ਸਰਹੱਦ ਤੋਂ ਹੋ ਕੇ ਸਿਆਮ ਅਧਾਰਤ ਹਮਲੇ ਦੀਆਂ ਮੁੱਢਲੀਆਂ ਤਿਆਰੀਆਂ। ਇਨ੍ਹਾਂ ਪ੍ਰੋਜੈਕਟਾਂ ਉੱਪਰ ਕੇਂਦਰਤ ਕਰਨ ਲਈ ਸਾਨੂੰ ਜ਼ਰੂਰ ਹੀ

ਕੈਲੀਫੋਰਨੀਆ ਵਾਪਸ ਪਰਤਣਾ ਹੋਵੇਗਾ, ਕਿਉਂਕਿ ਇਹ ਸਾਨ ਫਰਾਂਸਿਸਕੋ ਦੇ ਹਿੰਦੀ-ਜਰਮਨ ਸਾਜ਼ਿਸ਼ ਮੁਕੱਦਮੇ ਜ਼ਰੀਏ ਹੋਇਆ ਸੀ, ਜੋ ਨਵੰਬਰ 1917 ਤੋਂ ਅਪ੍ਰੈਲ 1918 ਤੱਕ ਚੱਲਿਆ, ਕਿ ਪੂਰਬੀ ਏਸ਼ੀਆ ਦੀਆਂ ਖੁਫ਼ੀਆ ਘਟਨਾਵਾਂ ਦਸਤਾਵੇਜ਼ੀ ਵੇਰਵਿਆਂ ਵਿਚ ਦਰਜ ਹੋਈਆਂ।

## ਪੂਰਬੀ ਮੁਹਾਜ਼

ਬੀ.ਆਈ.ਸੀ. ਦੇ ਪੂਰਬੀ ਏਸ਼ੀਆਈ ਉੱਦਮ ਪਰਦੇਸਾਂ ਵਿਚਲੀ ਲਹਿਰ ਦੀ ਕੈਲੀਫੋਰਨੀਆ ਸ਼ਾਖਾ ਨਾਲ ਸਭ ਤੋਂ ਨੇੜਿਓਂ ਜੁੜੇ ਹੋਏ ਸਨ, ਜਿਨ੍ਹਾਂ ਦੀ ਥਾਂ ਪਹਿਲੇ ਗ਼ਦਰ ਦੇ ਯਤਨਾਂ ਤੋਂ ਅਗਲੀ ਹੈ, ਜੋ ਕਿਸੇ ਜਰਮਨ ਭੂਮਿਕਾ ਤੋਂ ਬਹੁਤ ਪਹਿਲਾਂ ਦੀ ਗੱਲ ਸੀ। ਬਰਮਾ ਅਤੇ ਮਲਾਇਆ ਵਿਚ ਸਿੱਖ ਅਤੇ ਮੁਸਲਿਮ ਫ਼ੌਜਾਂ ਫ਼ੌਜੀ ਪੁਲਿਸ ਵਜੋਂ, ਜਾਂ ਸ਼ੰਘਾਈ, ਹਾਂਗਕਾਂਗ ਅਤੇ ਚੀਨ ਦੇ ਬਰਤਾਨੀਆ ਨਾਲ ਸਮਝੌਤੇ ਵਿਚਲੀਆਂ ਹੋਰ ਬੰਦਰਗਾਹਾਂ ਉੱਪਰ ਚੌਕੀਦਾਰਾਂ ਵਜੋਂ ਵੱਡੀ ਤਦਾਦ ਵਿਚ ਤਾਇਨਾਤ ਹੋਣ ਕਾਰਨ ਪੂਰਬ ਏਸ਼ੀਆ ਕੈਲੀਫੋਰਨੀਆ ਅਤੇ ਬਰਲਿਨ ਦੋਵਾਂ ਦੇ ਭਵਿੱਖ-ਨਕਸ਼ੇ ਤੋਂ ਯੁੱਧਨੀਤਕ ਪੱਖੋਂ ਅਹਿਮ ਸੀ।[23] ਫਿਲੀਪਿਨਜ਼ ਵਿਚ ਵੀ ਹਿੰਦੁਸਤਾਨੀ ਮਜ਼ਦੂਰ ਚੋਖੀ ਤਾਦਾਦ ਵਿਚ ਸਨ। ਜੰਗ ਤੋਂ ਪਹਿਲਾਂ, 1913 'ਚ, ਜੀ.ਡੀ. ਕੁਮਾਰ ਸਮੁੰਦਰੀ ਜਹਾਜ਼ ਰਾਹੀਂ ਸਾਨ ਫਰਾਂਸਿਸਕੋ ਤੋਂ ਮਨੀਲਾ ਲਈ ਰਵਾਨਾ ਹੋਇਆ, ਜਿੱਥੋਂ ਉਸ ਨੇ ਤਾਰਕਨਾਥ ਦਾਸ ਨੂੰ ਖ਼ਤ ਲਿਖ ਕੇ ਇਤਲਾਹ ਦਿੱਤੀ ਕਿ ਉਹ "ਚੀਨ, ਹਾਂਗਕਾਂਗ, ਸ਼ੰਘਾਈ ਨੇੜੇ ਕੰਮ ਦੀ ਨਜ਼ਰਸਾਨੀ ਕਰਨ ਲਈ ਇਕ ਅਧਾਰ ਕਾਇਮ ਕਰਨ ਲਈ ਜਾ ਰਿਹਾ ਸੀ। ਪ੍ਰੋਫੈਸਰ ਬਰਕਤਉੱਲਾ ਜਪਾਨ ਵਿਚ ਠੀਕ ਠਾਕ ਹੈ।"[24] "ਗ਼ਦਰੀ ਤਾਣੇਬਾਣੇ ਵਿਚ ਸਹਾਇਕ ਕੇਂਦਰਾਂ"[25] ਵਜੋਂ ਉਭਰ ਰਹੇ ਇਨ੍ਹਾਂ ਸ਼ਹਿਰਾਂ ਨੇ (ਛੇ-ਸੱਤ ਸੌ ਨਵੇਂ ਕਾਰਕੁੰਨ ਜੁਟਾਉਂਦਿਆਂ) ਭਰਤੀ,[26] ਪ੍ਰਚਾਰ ਸਮੱਗਰੀ ਦੀ ਵੰਡ-ਵੰਡਾਈ ਦੇ ਕੇਂਦਰਾਂ ਅਤੇ ਸਾਨ ਫਰਾਂਸਿਸਕੋ ਤੇ ਹਿੰਦ ਦਰਮਿਆਨ ਆਪਸੀ ਸੰਪਰਕਾਂ ਦਾ ਕੰਮ ਕਰਨਾ ਸੀ।[27] ਜਦੋਂ 1914 ਦੇ ਅਖ਼ੀਰ 'ਚ *ਸੀ* ਸਾਨ ਫਰਾਂਸਿਸਕੋ ਆਇਆ, ਬਹੁਤ ਸਾਰੇ ਮਿਸ਼ਨ ਪਹਿਲਾਂ ਹੀ ਕੰਮ ਕਰ ਰਹੇ ਸਨ: ਕੁਝ ਜਪਾਨ ਵਿੱਚੋਂ ਦੀ ਹੋ ਕੇ ਸ਼ੰਘਾਈ ਤੋਂ ਹਿੰਦੁਸਤਾਨ ਜਾਣ ਵਾਲੇ ਰੰਗਰੂਟਾਂ ਨੂੰ ਇਕੱਠੇ ਕਰਨ 'ਚ; ਬਾਕੀ ਦੇ ਹਥਿਆਰ ਅਤੇ ਗੋਲੀ-ਸਿੱਕਾ ਢੋਣ ਲਈ ਜਾਵਾ ਵਿਚ ਥਾਂਵਾਂ ਦਾ ਪਤਾ ਲਾਉਣ ਵਿਚ ਲੱਗੇ ਹੋਏ ਸਨ। ਰਾਮ ਚੰਦਰ ਨੇ ਖ਼ੁਦ ਸੀ ਨੂੰ ਸੁਮਾਟਰਾ ਜਾਣ ਦਾ ਕੰਮ ਸੌਂਪਿਆ ਸੀ, ਜਿਥੇ ਜਾ ਕੇ ਉਸ ਨੇ ਪੈਸਾ ਲੈਣ ਲਈ ਜਰਮਨ ਸਫ਼ਾਰਤਖ਼ਾਨੇ ਨਾਲ ਰਾਬਤਾ ਬਣਾਉਣਾ ਸੀ ਅਤੇ ਭਰਤੀ ਕਰਨ, ਥਾਵਾਂ ਦਾ ਪਤਾ ਲਾਉਣ ਅਤੇ ਹਿੰਦ ਨਾਲ ਸੰਪਰਕ ਕਾਇਮ ਕਰਨ ਦੇ ਉਹੀ ਕੰਮ ਕਰਨੇ ਸਨ।

ਇਸ ਦੌਰਾਨ, ਜਦੋਂ ਤੱਕ ਕੈਲੀਫੋਰਨੀਆ ਤੋਂ ਇਥੇ ਗ਼ਦਰ ਦੀ ਸ਼ਾਖਾ ਨੂੰ ਰਸਮੀ ਰੂਪ ਦੇਣ ਲਈ ਨੁਮਾਇੰਦੇ ਆਏ ਭਗਵਾਨ ਸਿੰਘ ਨੇ ਇਥੇ ਖ਼ੁਫ਼ੀਆ ਸੁਸਾਇਟੀ ਖੜ੍ਹੀ ਕਰ ਲਈ ਸੀ।[28] ਜਦੋਂ ਉਹ 1915 ਦੀ ਬਸੰਤ ਦੇ ਅਖ਼ੀਰ ਜਾਂ ਹੁਨਾਲ ਵਿਚ "ਇਕ ਨਿੱਕੀ ਕਿਸ਼ਤੀ ਰਾਹੀਂ ਨਿਸ਼ਾਨੇ ਦੀ ਮਾਰ ਦਾ ਪਤਾ ਲਾਉਣ ਵਾਲੇ ਤੇ ਹੋਰ ਫ਼ੌਜੀ ਸਾਜ਼ੋ-ਸਮਾਨ ਤੇ ਨਕਸ਼ੇ ਲੈ ਕੇ" ਸੁਲੂ ਟਾਪੂ ਵਿਚ ਪਹੁੰਚਿਆ, ਉਸ ਦਾ ਮੁਕਾਮ ਡੱਚ ਈਸਟ ਇੰਡੀਜ਼ ਸੀ।[29] ("ਇਕ ਬੰਦ ਬੰਦਰਗਾਹ ਰਾਹੀਂ ਉੱਥੋਂ ਨਿਕਲਣ ਦਾ ਯਤਨ ਕਰਦੇ ਹੋਏ")[30] ਗ੍ਰਿਫ਼ਤਾਰ ਹੋ ਜਾਣ ਤੋਂ ਬਾਅਦ ਫਿਲੀਪਿਨਜ਼ ਵਾਪਸ ਭੇਜੇ ਜਾਣ 'ਤੇ, ਉਹ ਫਿਰ ਪੂਰਬੀ ਏਸ਼ੀਆ ਵਿਚ ਉਥੇ ਗ਼ਦਰ ਨੂੰ ਜਥੇਬੰਦ ਕਰਨ ਵਾਲਾ ਇਕ ਸਭ ਤੋਂ ਤਕੜਾ ਕੇਂਦਰ ਬਣਾਉਣ ਦੇ ਉਦੇਸ਼ ਨਾਲ ਮਨੀਲਾ ਚਲਾ ਗਿਆ। ਮਈ 1915 'ਚ ਮਨੀਲਾ ਸਥਿਤ ਅੰਗਰੇਜ਼ ਸਫ਼ਾਰਤਖ਼ਾਨੇ ਨੇ ਵਾਇਸਰਾਏ ਨੂੰ ਲਿਖਿਆ ਕਿ ਭਗਵਾਨ ਸਿੰਘ ਉਥੇ ਆਪਣੇ ਸਾਥੀ ਦੋਸਤ ਮੁਹੰਮਦ ਦੇ ਨਾਲ ਆਇਆ ਸੀ, ਜੋ ਉਥੇ ਚੌਕੀਦਾਰ ਲੱਗਿਆ ਹੋਇਆ ਸੀ। ਇਸ

ਵਕਤ ਭਗਵਾਨ ਸਿੰਘ ਕੋਲ ਪ੍ਰਚਾਰ ਦੇ ਕੰਮ, ਆਪਣੇ ਵਤਨ ਵਾਸੀਆਂ ਵਿਚ ਪੈਂਫਲੈੱਟ ਵੰਡਣ, ਛੋਟੇ ਛੋਟੇ ਇਕੱਠਾਂ ਨੂੰ ਸੰਬੋਧਨ ਕਰਨ ਅਤੇ ਗ਼ਦਰੀ ਕਾਜ ਲਈ ਮਾਇਆ ਉਗਰਾਹੁਣ ਤੋਂ ਬਿਨਾ ਹੋਰ ਕੋਈ ਕੰਮ ਨਜ਼ਰ ਨਹੀਂ ਸੀ ਆਉਂਦਾ। ਮਨੀਲਾ ਤੋਂ ਹਿੰਦ ਲਈ *ਗ਼ਦਰ* ਦੇ ਕਈ ਅੰਕ "ਸਥਾਨਕ ਅਖ਼ਬਾਰਾਂ ਵਿਚ ਚੰਗੀ ਤਰ੍ਹਾਂ ਲਪੇਟ ਕੇ ਅਤੇ ਜਿਸ ਕੋਲ ਇਹ ਪਹੁੰਚਣੇ ਸਨ ਡਾਕ ਰਾਹੀਂ ਉਸ ਦੇ ਸਿਰਨਾਵੇਂ 'ਤੇ ਭੇਜਣ ਦੀ ਥਾਂ, ਕਿਉਂਕਿ ਉਸ ਦੇ ਚਿੱਠੀ-ਪੱਤਰ ਦੀ ਛਾਣਬੀਣ ਹੋਣ ਦੀ ਸੰਭਾਵਨਾ ਹੁੰਦੀ ਸੀ, ਕਿਸੇ ਐਸੇ ਗ਼ੈਰਸਰਗਰਮ ਹਮਦਰਦ ਦੇ ਪਤੇ 'ਤੇ ਭੇਜੇ ਗਏ ਸਨ ਜਿਸ ਬਾਰੇ ਕਿਸੇ ਨੂੰ ਕੋਈ ਸ਼ੱਕ ਨਹੀਂ ਸੀ, ਤੇ ਜੋ ਇਨ੍ਹਾਂ ਨੂੰ ਅੱਗੇ ਸਬੰਧਤ ਬੰਦੇ ਕੋਲ ਪਹੁੰਚਦਾ ਕਰ ਦਿੰਦਾ ਸੀ।"[31] ਉਸ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਵਾਲਿਆਂ ਨੇ ਇਤਲਾਹ ਦਿੱਤੀ ਕਿ ਉਹ ਫਿਲੀਪਿਨਜ਼ ਦੀ ਹਿੰਦੀ ਐਸੋਸੀਏਸ਼ਨ ਦੇ ਸਦਰ ਮੁਕਾਮ ਅਤੇ ਸਥਾਨਕ ਜਰਮਨ ਰਾਜਦੂਤ ਦੇ ਦਫ਼ਤਰ ਵਿਚ ਅਕਸਰ ਆਉਂਦਾ ਜਾਂਦਾ ਸੀ, ਜੋ ਉਸ ਨੂੰ ਪੈਸਾ ਮੁਹੱਈਆ ਕਰਦਾ ਸੀ।[32]

ਸ਼ੰਘਾਈ ਦਾ ਜਰਮਨ ਸਫ਼ਾਰਤਖ਼ਾਨਾ ਪੂਰੇ ਦੂਰ-ਪੂਰਬ ਵਿਚਲੀਆਂ ਕਾਰਵਾਈਆਂ ਦੇ ਸੰਚਾਲਨ ਦਾ ਧੁਰਾ ਮੰਨਿਆ ਜਾਂਦਾ ਸੀ, ਜੋ ਬੈਂਕਾਕ, ਬਟਾਵੀਆ ਅਤੇ ਈਰਾਨ ਦੇ ਰਾਜਦੂਤਾਂ ਦੀ ਨਿਗਰਾਨੀ ਕਰਦਾ ਸੀ।[33] ਗ਼ਦਰ ਦੇ 29 ਅਗਸਤ 1915 ਦੇ ਅੰਕ ਵਿਚ ਰਿਪੋਰਟ ਛਪੀ ਕਿ ਹਾਂਗਕਾਂਗ ਵਿਚ : "ਅਖ਼ਬਾਰ *ਗੈਲਕ* (ਐਨ ਇਵੇਂ ਲਿਖਿਆ ਗਿਆ ਹੈ!) ਅਮਰੀਕਨ ਲਿਖਤਾ ਹੈ ਕੇ ਹਾਂਗਕਾਂਗ ਮੇਂ ਅੰਗਰੇਜ਼ੀ ਕੀ ਹਿੰਦੀ ਫੌਜੋ ਮੇਂ ਬੌਹਤ ਹਲਜਲ ਹੋ ਰਹੀ ਹੈ ਫੌਜ ਬਗੜ ਗਈ ਹੈ ਮਗਰ ਅਸਲੀ ਹਾਲ ਅੰਗਰੇਜੋ ਨੇ ਬੰਦ ਕਰ ਰੱਖੇ ਹੈਂ। ਹਾਂਗਕਾਂਗ ਮੇਂ ਸਬ ਜਰਮਨ ਕੈਦੀਓ ਕੋ ਉਥੇ ਸੇ ਜਨੋਬੀ ਕਨਾਰੇ ਕੇ ਇਕ ਆਲੈਦਾਹ ਟਾਪੂ ਮੇਂ ਲੈ ਗਏ ਹੈ ਤਾਂਕੇ ਵੋਹ ਹਿੰਦੀਓ ਸੇ ਨਾ ਮਿਲ ਜਾਏ। ਪਛਿਲੇ ਹਫਤੇ ਚੰਗੈਈ ਸੇ ਇਕ ਤਾਰ ਆਈ ਹੈ ਕੇ ਹਾਂਗਕਾਂਗ ਕੇ ਗਵਰਨਰ ਪਰ ਕੇਸੀ ਨੇ ਬੰਬ ਮਾਰਾ ਹੈ ਔਰ ਬੰਬ ਮਾਰਨੇ ਵਾਲਾ ਦੌੜ ਗਿਆ ਹੈਂ ਔਰ ਉਸਕਾ ਪਤਾ ਨਹੀਂ ਲਗਾ ਹੈ? ਕਮਾਲ ਕੀਤਾ।"[34]

## ਬਟਾਵੀਆ-ਕਲਕੱਤਾ ਸਕੀਮ

ਰਾਸ ਬਿਹਾਰੀ ਬੋਸ, ਭਗਵਾਨ ਸਿੰਘ ਅਤੇ ਅਬਾਨੀ ਮੁਖਰਜੀ ਨੇ ਇਕ ਆਜ਼ਾਦ ਕੌਂਸਲ ਬਣਾ ਲਈ ਸੀ ਜਿਸ ਵਲੋਂ ਸਮੁੰਦਰੀ ਰਸਤਿਓਂ ਹਥਿਆਰ ਮੰਗਵਾਉਣ ਦੀ ਵਿਉਂਤ ਬਣਾਈ ਗਈ ਜੋ ਉਨ੍ਹਾਂ ਨੇ ਚੀਨ ਵਿਚ ਜਰਮਨ ਨੁਮਾਇੰਦਿਆਂ ਨੂੰ ਸੌਂਪ ਦਿੱਤੀ (ਹਾਲਾਂਕਿ ਉਨ੍ਹਾਂ ਨੇ "ਗ੍ਰਿਫ਼ਤਾਰੀ ਦੇ ਡਰੋਂ" ਪੀਕਿੰਗ ਵਿਚ ਜਰਮਨ ਸਫ਼ਾਰਤੀ ਦਫ਼ਤਰ ਵਿਖੇ ਮਿਲਣ ਦਾ ਸੱਦਾ ਕਬੂਲ ਨਹੀਂ ਕੀਤਾ)।[35] ਸਾਨ ਫਰਾਂਸਿਸਕੋ ਵਿਚ ਅੰਗਰੇਜ਼ ਸਫ਼ਾਰਤਖ਼ਾਨੇ ਵਲੋਂ ਵਾਸ਼ਿੰਗਟਨ ਡੀ.ਸੀ. ਨੂੰ ਲਿਖੇ ਇਕ ਖ਼ਤ ਵਿਚ "ਹਿੰਦੀਆਂ ਵਲੋਂ ਬਣਾਈ ਅਤੇ ਜਰਮਨਾਂ ਵਲੋਂ ਪੈਸੇ ਦੀ ਮਦਦ ਨਾਲ ਵਿਉਂਤੀ" ਇਕ ਯੋਜਨਾ ਦੀ ਰਿਪੋਰਟ ਕੀਤੀ ਗਈ ਸੀ ਜਿਸ ਨੇ "ਪ੍ਰਸ਼ਾਂਤ ਮਹਾਂਸਾਗਰ ਦੀ ਇਕ ਬੰਦਰਗਾਹ ਤੋਂ, ਜ਼ਰੂਰੀ ਨਹੀਂ ਸਾਨ ਫਰਾਂਸਿਸਕੋ ਤੋਂ," ਹਰ ਮਹੀਨੇ ਪੰਜਾਹ ਹਜ਼ਾਰ ਰਾਈਫ਼ਲਾਂ ਸਮੁੰਦਰੀ ਜਹਾਜ਼ ਰਾਹੀਂ ਫਿਲੀਪਿਨਜ਼ ਵਿਚ ਜਰਮਨਾਂ ਦੇ ਇਕ ਫਾਰਮ ਵਿਚ ਭੇਜਣੀਆਂ ਸਨ, ਜਿਥੇ ਇਨ੍ਹਾਂ ਨੂੰ ਟੀਕ ਲੱਕੜ ਦੇ ਅੰਦਰੋਂ ਖੋਖਲੇ ਕੀਤੇ ਮੋਛਿਆਂ ਜਾਂ ਬੰਦ ਬਾਇਲਰਾਂ ਵਿਚ ਲੁਕੋਕੇ ਬਰਤਾਨਵੀ ਉਤਰੀ ਬੌਰਨੀਓ ਵਿੱਚੋਂ ਦੀ ਸਿੰਗਾਪੁਰ ਭੇਜਿਆ ਜਾਣਾ ਸੀ। ਇਸ ਦਾ ਕੋਈ ਸਬੂਤ ਨਹੀਂ ਕਿ ਇਹ ਵਿਉਂਤ ਤਜਵੀਜ਼ ਦੇ ਪੜਾਅ ਤੋਂ ਅੱਗੇ ਗਈ ਜਾਂ ਨਹੀਂ।[36]

ਇਸੇ ਵਕਤ, ਬਰਕਲੇ ਦਾ ਵਿਦਿਆਰਥੀ ਜੇ.ਐੱਨ.ਲਹਿਰੀ ਮਾਰਚ 1915 'ਚ ਜਤਿਨ ਮੁਖਰਜੀ ਦੇ ਇਨਕਲਾਬੀ ਗਰੁੱਪ ਲਈ ਜਰਮਨ ਮਦੱਦ ਦੀ ਇਕ ਵੱਖਰੀ ਪੇਸ਼ਕਸ਼ ਲੈ ਕੇ ਯੂਰਪ ਤੋਂ

ਬੰਗਾਲ ਆਇਆ। ਬੰਗਾਲੀ ਯੁਗਾਂਤਰ ਧੜੇ ਨੇ ਪੈਸਿਆਂ ਦੇ ਲੈਣ-ਦੇਣ ਅਤੇ ਹਥਿਆਰ ਲਾਹੁਣ ਲਈ ਕਲਕੱਤਾ ਵਿਚ ਹੈਰੀ ਐਂਡ ਸੰਨਜ਼ ਨਾਂ ਦਾ ਇਕ ਫਰਜ਼ੀ ਦਰਾਮਦ ਕਾਰੋਬਾਰ (import business) ਖੜ੍ਹਾ ਕਰ ਲਿਆ। ਮਹਿਫੂਜ਼ ਟਿਕਾਣਾ ਲੱਭਣ ਵਾਲਿਆਂ ਨੇ ਹਥਿਆਰ ਲਾਹੁਣ ਦੀ ਜਗ੍ਹਾ ਤਿਮੋਰ ਟਾਪੂ ਉੱਪਰ ਡਿੱਲੀ ਚੁਣੀ, ਅਤੇ ਅਪ੍ਰੈਲ ਵਿਚ ਉਨ੍ਹਾਂ ਨੇ ਬੀ.ਆਈ.ਸੀ. ਦੇ ਸੁਝਾਅ 'ਤੇ ਨਰੇਂਦਰ ਨਾਥ ਭੱਟਾਚਾਰਜੀ ਨਾਂ ਦੇ ਨੌਜਵਾਨ ਏਲਚੀ ਨੂੰ ਬਟਾਵੀਆ ਵਿਚ ਸੰਪਰਕ ਵਜੋਂ ਭੇਜਿਆ - ਭਵਿੱਖ ਵਿਚ ਐੱਮ ਐੱਨ ਰਾਏ ਵਜੋਂ ਮਸ਼ਹੂਰ ਹੋਣ ਵਾਲਾ ਭੱਟਾਚਾਰਜੀ ਇਥੇ ਚਾਰਲਸ ਏ. ਮਾਰਟਿਨ ਦੇ ਨਾਂ ਹੇਠ ਜਾ ਰਿਹਾ ਸੀ। ਜਤਿਨ ਦੇ ਚਾਚੇ ਦੇ ਪੁੱਤ (ਅਤੇ ਧਨ ਗੋਪਾਲ ਦੇ ਭਾਈ) ਜਾਦੂ ਗੋਪਾਲ ਮੁਖਰਜੀ ਨੇ ਫਿਰ ਬੰਗਾਲ ਅੰਦਰ ਜਹਾਜ਼ ਤੋਂ ਹਥਿਆਰ ਲਾਹੁਣ ਦਾ ਕੰਮ ਨੇਪਰੇ ਚਾੜ੍ਹਨਾ ਸੀ। ਇਸ ਯਕੀਨ ਨਾਲ ਕਿ ਇਸ ਸੂਬੇ ਵਿਚ ਐਨੇ ਕੁ ਇਨਕਲਾਬੀ ਸੁਖਾਲਿਆਂ ਹੀ ਸਰਗਰਮ ਹਨ ਜੋ ਇਲਾਕੇ ਨੂੰ ਕਬਜ਼ੇ ਵਿਚ ਲੈ ਕੇ ਇਸ ਨੂੰ ਬਰਕਰਾਰ ਰੱਖ ਸਕਦੇ ਹਨ - ਬਸ਼ਰਤੇ ਕਿ ਅੰਗਰੇਜ਼ਾਂ ਵਲੋਂ ਫ਼ੌਜ ਦੀ ਕੁਮਕ ਨਾ ਭੇਜੀ ਜਾਵੇ - ਉਨ੍ਹਾਂ ਨੇ ਖੇਪ ਨੂੰ ਤਿੰਨ ਹਿੱਸਿਆਂ ਵਿਚ ਵੰਡਣ ਦੀ ਵਿਉਂਤ ਬਣਾਈ ਅਤੇ ਕਲਕੱਤਾ, ਹਟੀਆ ਤੇ ਬਾਲਾਸਰ ਦੇ ਗਰੁੱਪਾਂ ਨੂੰ ਇਸ ਦਾ ਜ਼ਿੰਮਾ ਸੌਂਪ ਦਿੱਤਾ। ਹਰੇਕ ਗਰੁੱਪ ਨੇ ਤਿੰਨ ਮੁੱਖ ਰੇਲ ਮਾਰਗਾਂ ਦੇ ਪ੍ਰਮੁੱਖ ਪੁਲ ਉਡਾਉਣੇ ਸਨ। ਕਲਕੱਤਾ ਗਰੁੱਪ ਨੂੰ ਸ਼ਹਿਰ ਦੇ ਨੇੜੇ-ਤੇੜੇ ਦੇ ਅਸਲਾਖ਼ਾਨਿਆਂ ਉੱਪਰ ਕਬਜ਼ਾ ਕਰਨ, ਫੋਰਟ ਵਿਲੀਅਮ ਨੂੰ ਕਬਜ਼ੇ 'ਚ ਲੈਣ ਅਤੇ ਸ਼ਹਿਰ ਨੂੰ ਲੁੱਟਣ ਦਾ ਕੰਮ ਵੀ ਸੌਂਪਿਆ ਗਿਆ ਸੀ, ਜਦਕਿ ਜਰਮਨ ਅਫ਼ਸਰ ਨੇ ਪੂਰਬੀ ਬੰਗਾਲ ਵਿਚ ਫ਼ੌਜ ਖੜ੍ਹੀ ਕਰਕੇ ਤੇ ਸਿਖਲਾਈ ਦੇ ਕੇ ਹਥਿਆਰਾਂ ਨਾਲ ਲੈਸ ਹੋ ਕੇ ਇਥੇ ਆਉਣ ਦਾ ਇੰਤਜ਼ਾਮ ਕਰਨਾ ਸੀ।

ਪਰ ਇਹ ਸਮੁੱਚਾ ਜੋਸ਼ੀਲਾ ਪ੍ਰੋਗਰਾਮ ਵਾਇਦਾ ਕੀਤੇ ਹਥਿਆਰਾਂ ਦੇ ਆਉਣ 'ਤੇ ਮੁਨੱਸਰ ਸੀ। ਖੁਫ਼ੀਆ ਵਿਭਾਗ ਕਈ ਸਮੁੰਦਰੀ ਜਹਾਜ਼ਾਂ ਦੇ ਸਫ਼ਰ ਦੀ ਸੂਹ ਰੱਖ ਰਿਹਾ ਸੀ, ਜਿਨ੍ਹਾਂ ਵਿੱਚੋਂ *ਹੈਨਰੀ ਐੱਸ, ਐਨੀ ਲਾਰਸਨ ਅਤੇ ਮਾਵਰਿਕ* ਸਭ ਤੋਂ ਅਹਿਮ ਸਨ। ਸਾਨ ਫਰਾਂਸਿਸਕੋ ਮੁਕੱਦਮੇ ਵਿਚ ਇਸਤਗਾਸੇ ਦਾ ਵੱਡਾ ਹਿੱਸਾ ਇਨ੍ਹਾਂ ਦੇ ਸਫ਼ਰ ਦੀ ਤਫ਼ਸੀਲ 'ਤੇ ਅਧਾਰਤ ਹੀ ਸੀ।[37] ਅਮਰੀਕਾ ਵਿਚ ਜਰਮਨ ਸਫ਼ੀਰ ਕਾਉਂਟ ਜੋਹਨ ਫੌਨ ਬਰਨਸਟੌਰਫ ਨੇ ਸਤੰਬਰ 1914 'ਚ ਇਹ ਐਲਾਨ ਕਰਦਿਆਂ ਬਰਲਿਨ ਨੂੰ ਲਿਖਿਆ ਕਿ ਉਸ ਨੇ ਸਾਨ ਫਰਾਂਸਿਸਕੋ ਵਿਚ ਇਕ ਜੈਬਸਨ ਐਂਡ ਕੰਪਨੀ ਨਾਂ ਦੀ ਜਰਮਨ ਫਰਮ ਭਾਲ ਲਈ ਹੈ ਜੋ ਇਕ ਨਿਰਪੱਖ ਸਮੁੰਦਰੀ ਜਹਾਜ਼ ਵਿਚ ਹਿੰਦ ਲਈ ਬੰਦੂਕਾਂ ਭੇਜਣ ਲਈ ਤਿਆਰ ਸੀ। ਫ਼ੌਜੀ ਅਟੈਚੀ (ਅਤੇ ਅਮਰੀਕਾ ਵਿਚ ਮੁੱਖ ਜਰਮਨ ਖੁਫ਼ੀਆ ਅਫ਼ਸਰ) ਫਰਾਂਜ਼ ਫੌਨ ਪਾਪੇਨ ਨੇ ਫਿਰ ਨਿਊ ਯਾਰਕ ਨੂੰ ਇਤਲਾਹ ਘੱਲੀ ਕਿ ਜਰਮਨ ਦੀ ਹਥਿਆਰ ਵਿਕ੍ਰੇਤਾ ਫਰਮ *ਕਰੁੱਪ* ਦੀ ਅਮਰੀਕੀ ਸ਼ਾਖਾ ਸਪੇਨੀ-ਅਮਰੀਕੀ ਜੰਗ ਸਮੇਂ ਦੀਆਂ ਬਾਈ ਹਜ਼ਾਰ ਅਮਰੀਕੀ ਫ਼ੌਜੀ ਰਾਈਫਲਾਂ ਤੇ ਗੋਲੀਸਿੱਕਾ ਅਤੇ ਦੋ ਸੌ ਤੋਂ ਲੈ ਕੇ ਤਿੰਨ ਸੌ ਤੱਕ ਅਮਰੀਕੀ ਪਿਸਤੌਲਾਂ ਹਾਸਲ ਕਰਨ 'ਚ ਕਾਮਯਾਬ ਹੋ ਗਈ ਹੈ; ਜਾਂ ਦੂਜੇ ਸ਼ਬਦਾਂ 'ਚ ਪਟੇ 'ਤੇ ਲਏ ਜਹਾਜ਼ *ਐਨੀ ਲਾਰਸਨ* ਉੱਪਰ ਸਾਨ ਡੀਗੋ ਤੋਂ ਲੱਦਣ ਲਈ "ਹਥਿਆਰਾਂ ਅਤੇ ਗੋਲੀ ਸਿੱਕੇ ਦੀਆਂ ਗਿਆਰਾਂ ਬੋਗੀਆਂ।"[38] ਜਿਉਂ ਹੀ *ਐਨੀ ਲਾਰਸਨ* ਮੈਕਸੀਕੋ ਦੇ ਸਮੁੰਦਰੀ ਕੰਢੇ ਦੇ ਸਕੋਰੋ ਟਾਪੂ 'ਤੇ ਜਾਵੇਗਾ ਉਥੇ ਇਹ ਸਮਾਨ ਲਾਹ ਲਿਆ ਜਾਣਾ ਸੀ, ਜਿਥੇ ਇਸ ਨੇ ਸਟੈਂਡਰਡ ਆਇਲ ਕੰਪਨੀ ਤੋਂ ਖ਼ਰੀਦੇ ਪੁਰਾਣੇ ਟੈਂਕਰ ਜਹਾਜ਼ *ਮਾਵਰਿਕ* ਨੂੰ ਜਾ ਮਿਲਣਾ ਸੀ। ਸਾਨ ਫਰਾਂਸਿਸਕੋ ਸਥਿਤ ਇਕ ਜਰਮਨ ਏਜੰਟ ਨੇ ਰਾਮ ਚੰਦਰ ਨਾਲ ਮਿਲ ਕੇ ਹਿੰਦੀਆਂ ਦੀ ਇਕ ਟੋਲੀ ਇਸ ਉਪਰ ਭੇਜਣ ਦਾ ਇੰਤਜ਼ਾਮ ਕੀਤਾ, ਜਿਸ ਕੋਲ ਵੱਡੀ ਤਦਾਦ 'ਚ ਗ਼ਦਰੀ ਸਾਹਿਤ ਅਤੇ ਫਰਜ਼ੀ ਪਛਾਣ-ਪੱਤਰ ਸਨ। ਹਥਿਆਰ ਤੇਲ ਦੇ ਟੈਂਕਾਂ ਵਿਚ ਡੁਬੋ ਕੇ ਬਟਾਵੀਆ ਨੂੰ ਲਿਜਾਏ ਜਾਣੇ

ਸਨ, ਜਿਥੇ ਭੱਟਾਚਾਰਜੀ ਨੇ ਉਨ੍ਹਾਂ ਨੂੰ ਮਿਲਣਾ ਸੀ ਅਤੇ ਜਰਮਨ ਕੌਂਸਲ ਨੇ ਅਗਲੀਆਂ ਹਦਾਇਤਾਂ ਦੇਣੀਆਂ ਸਨ। ਮੰਦੇ ਭਾਗੀਂ, ਕਈ ਹਾਦਸਿਆਂ ਕਾਰਨ ਜਹਾਜ਼ਾਂ ਦਾ ਮੇਲ ਨਾ ਹੋਇਆ। *ਮਾਵਰਿਕ* ਕਿਸੇ ਹੋਰ ਥਾਂ ਮਿਲਣ ਦੀ ਆਸ ਵਿਚ ਜਾਵਾ ਲਈ ਰਵਾਨਾ ਹੋ ਗਿਆ। ਪੰਜਾਂ ਗ਼ਦਰੀਆਂ ਨੇ ਹਥਲੀ ਪ੍ਰਚਾਰ ਸਮੱਗਰੀ ਜਲਾ ਦਿੱਤੀ ਤਾਂ ਜੋ ਬਰਤਾਨਵੀ ਕਰੂਜ਼ਰ ਵਲੋਂ ਤਲਾਸ਼ੀ ਲਏ ਜਾਣ ਸਮੇਂ ਉਨ੍ਹਾਂ ਦੇ ਹੱਥ ਨਾ ਲੱਗੇ। ਅਤੇ ਜਦੋਂ *ਐਨੀ ਲਾਰਸਨ* ਦੁਬਾਰਾ ਵਾਸ਼ਿੰਗਟਨ ਦੀ ਐਬਰਡੀਨ ਬੰਦਰਗਾਹ 'ਤੇ ਲੱਗਿਆ ਤਾਂ ਹਥਿਆਰ ਜ਼ਬਤ ਕਰ ਲਏ ਗਏ।

ਸੁਪਰਕਾਰਗੋ ਜੌਹਨ ਬੀ. ਸਟਾਰ-ਹੰਟ, ਜੋ ਬਾਅਦ ਵਿਚ ਸਾਨ ਫਰਾਂਸਿਸਕੋ ਮੁਕੱਦਮੇ ਵਿਚ ਅਹਿਮ ਗਵਾਹ ਸੀ, ਦੀ ਗਵਾਹੀ *ਮਾਵਰਿਕ* ਦੇ ਸਫ਼ਰ ਦੀ ਝਲਕ ਪੇਸ਼ ਕਰਦੀ ਹੈ।[39] ਜਹਾਜ਼ ਕਿਰਾਏ 'ਤੇ ਲੈਣ ਸਮੇਂ ਜੈਬਸਨ ਨੇ ਬਹਾਨਾ ਇਹ ਬਣਾਇਆ ਸੀ ਕਿ *ਐਨੀ ਲਾਰਸਨ* ਨੂੰ "ਮੈਕਸੀਕੋ ਵਿਚ ਕਿਸੇ ਲੜਾਈ ਲੜ ਰਹੇ ਧੜੇ ਲਈ ਜੰਗੀ ਸਮਾਨ ਦੀ ਖੇਪ" ਭੇਜਣ ਲਈ ਲਿਆ ਜਾ ਰਿਹਾ ਸੀ।[40] ਇਸ ਤੱਥ ਦੇ ਬਾਵਜੂਦ ਕਿ "ਅਮਰੀਕੀ ਅਖ਼ਬਾਰਾਂ ਨੇ ਮਾਮਲਾ ਚੁੱਕ ਲਿਆ ਸੀ" ਅਤੇ ਸਮਝਿਆ ਜਾਂਦਾ ਸੀ ਕਿ ਇਸ ਖੇਪ ਨਾਲ ਜੁੜੇ "ਕੁਝ ਅਮਰੀਕਣਾਂ ਅਤੇ ਮੈਕਸੀਕਣਾਂ ਦੀਆਂ ਕੁਝ ਸਨਸਨੀਖੇਜ਼ ਗ੍ਰਿਫ਼ਤਾਰੀਆਂ" ਵੀ ਹੋ ਚੁੱਕੀਆਂ ਸਨ ਫਿਰ ਵੀ ਸਟਾਰ-ਹੰਟ ਨੂੰ ਇਸ ਬਾਰੇ ਸ਼ੱਕ ਸੀ। ਜੈਬਸਨ ਨੇ ਇਹ ਗੋਲਮੋਲ ਇਸ਼ਾਰਾ ਵੀ ਕੀਤਾ ਸੀ ਕਿ *ਮਾਵਰਿਕ* ਨੇ "ਪੂਰਬ" ਵਿਚ ਕਿਸੇ ਥਾਂ ਪਹੁੰਚਣਾ ਸੀ। ਜੈਬਸਨ ਨੇ ਸਟਾਰ-ਹੰਟ ਨੂੰ ਦੋ ਸੀਲਬੰਦ ਚਿੱਠੀਆਂ ਵੀ ਦਿੱਤੀਆਂ ਜਿਨ੍ਹਾਂ ਬਾਰੇ ਉਹ ਪੂਰਾ "ਉਤਸੁਕ" ਸੀ, ਜਿਨ੍ਹਾਂ ਬਾਰੇ ਹਦਾਇਤ ਸੀ ਕਿ ਉਹ ਇਹ ਚਿੱਠੀਆਂ ਦੂਜੇ ਜਹਾਜ਼ ਉੱਪਰ ਇਕ ਖ਼ਾਸ ਬੰਦੇ ਨੂੰ ਹੀ ਦੇਵੇ ਅਤੇ ਹੋਰ ਕਿਸੇ ਨੂੰ ਨਹੀਂ। ਉਸ ਨੇ ਸਟਾਰ-ਹੰਟ ਨੂੰ ਇਕ ਖੁੱਲ੍ਹੀ ਚਿੱਠੀ ਵੀ ਦਿੱਤੀ ਜਿਸ ਵਿਚ ਚਿੱਤਰ ਅਤੇ ਹਦਾਇਤਾਂ ਦਿੱਤੀਆਂ ਹੋਈਆਂ ਸਨ ਕਿ "ਮਸ਼ੀਨਗੰਨ ਜਾਂ ਨਿੱਕੇ ਹੌਚਕਿਸ ਨੂੰ ਕਿਵੇਂ ਵਰਤਣਾ ਹੈ।"[41]

ਜਹਾਜ਼ ਉੱਪਰ ਸਵਾਰ ਹੋਣ ਵਾਲੀ ਬਹੁਭਾਂਤੀ ਟੋਲੀ ਵਿਚ ਪੰਜ ਅਜੀਬ "ਈਰਾਨੀ ਬਹਿਰੇ" ਸਨ ਜਿਨ੍ਹਾਂ ਬਾਰੇ ਦੱਸਿਆ ਗਿਆ ਕਿ ਇਨ੍ਹਾਂ ਦੇ ਨਾਂ ਜਹਾਂਗੀਰ, ਖਾਨ, ਦੱਤ, ਦੀਨ ਅਤੇ ਸ਼ਮਸ਼ੇਰ ਹਨ। ਲੱਗਦਾ ਸੀ ਜਹਾਂਗੀਰ ਇਨ੍ਹਾਂ ਦਾ ਮੁਖੀ ਸੀ; ਸਟਾਰ-ਹੰਟ ਨੇ ਦੱਸਿਆ ਉਸ ਦਾ ਅਸਲ ਨਾਂ ਹਰੀ ਸਿੰਘ ਸੀ, ਹਾਲਾਂਕਿ ਉਹ ਬਾਕੀਆਂ ਨੂੰ ਨਹੀਂ ਸੀ ਜਾਣਦਾ।[42] ਸਟਾਰ-ਹੰਟ ਨੇ ਹਰੀ ਸਿੰਘ ਦਾ ਹੁਲੀਆ ਇਸ ਤਰ੍ਹਾਂ ਬਿਆਨ ਕੀਤਾ, "ਉੱਚਾ ਲੰਮਾ, ਵੱਡੀਆਂ ਕਾਲੀਆਂ ਮੁੱਛਾਂ, ਸਫਾਚੱਟ ਦਾੜ੍ਹੀ.... ਬਹੁਤਾ ਚੁੱਪ ਰਹਿਣ ਵਾਲਾ ਅਤੇ ਘੱਟ ਬੋਲਣ ਵਾਲਾ; ਉਸ ਦੀ ਉਮਰ ਬਾਰੇ ਕੁਝ ਕਹਿਣਾ ਮੁਸ਼ਕਲ ਹੈ, ਪਰ ਮੇਰੇ ਅਨੁਸਾਰ ਇਹ ਚਾਲੀਆਂ ਦੇ ਕਰੀਬ ਹੋਵੇਗੀ; ਉਹ ਬਹੁਤ (ਦਸ) ਸਾਲ ਪਹਿਲਾਂ ਹਿੰਦ ਤੋਂ ਆਇਆ ਸੀ; ਉਸ ਨੂੰ ਇਕ ਪੜ੍ਹੇ-ਲਿਖੇ ਬੰਦੇ ਵਾਂਗ ਅੰਗਰੇਜ਼ੀ ਬੋਲਣੀ ਨਹੀਂ ਸੀ ਆਉਂਦੀ, ਪਰ ਉਹ ਆਪਣਾ ਸਾਹਿਤ ਬਹੁਤ ਪੜ੍ਹਦਾ ਸੀ।"[43] ਫਿਰ, ਸਟਾਰ-ਹੰਟ ਨੇ ਚੇਤੇ ਕੀਤਾ, "ਜਦੋਂ ਸਾਨੂੰ ਹਿਲੋ ਤੋਂ ਬਾਹਰ ਦੋ-ਤਿੰਨ ਦਿਨ ਹੋ ਗਏ," ਜਿਥੇ ਉਨ੍ਹਾਂ ਨੇ ਬਾਲਣ ਅਤੇ ਰਾਸ਼ਨ ਲੈਣ ਲਈ ਪੜਾਅ ਕੀਤਾ ਸੀ, "ਇਸ ਆਦਮੀ, ਹਰੀ ਸਿੰਘ ਨੇ ਗੱਲਬਾਤ ਦੌਰਾਨ ਇਕ ਵਾਰ ਫਿਰ ਉਸ ਸਾਹਿਤ ਦਾ ਜ਼ਿਕਰ ਕੀਤਾ ਜੋ ਉਸ ਨੇ ਸੋਰੱਕੋ ਵਿਖੇ ਨਸ਼ਟ ਕੀਤਾ ਸੀ ਅਤੇ ਕਿਹਾ ਕਿ ਇਹ ਅਮਰੀਕਾ ਵਿਚ ਰਹਿ ਰਹੇ ਉਸ ਦੇ ਬਹੁਤ ਸਾਰੇ ਹਮਵਤਨੀਆਂ ਦਾ ਰਚਿਆ ਹੋਇਆ ਸੀ ਅਤੇ ਉਸ ਦਾ ਵੀ ਇਸ ਵਿਚ ਯੋਗਦਾਨ ਸੀ।" ਦਰ ਅਸਲ ਫ਼ਕੀਰ ਤਖ਼ੱਲਸ ਹੇਠ, ਹਰੀ ਸਿੰਘ *ਗ਼ਦਰ-ਦੀ-ਗੂੰਜ* ਲਈ ਲਿਖਣ ਵਾਲੇ ਮੁੱਖ ਕਵੀਆਂ ਵਿੱਚੋਂ ਸੀ। ਸਟਾਰ-ਹੰਟ ਨੇ ਅੱਗੇ ਕਿਹਾ:

ਹਰੀ ਸਿੰਘ ਦਾ ਦਾਅਵਾ ਸੀ ਕਿ ਉਸ ਨੂੰ ਸਾਰਾ *[ਸਾਹਿਤ]* ਜ਼ਬਾਨੀ ਚੇਤੇ ਹੈ ਅਤੇ ਉਹ

ਬੇਅਟਕ ਇਸ ਨੂੰ ਦੂਹਰਾ ਸਕਦਾ ਸੀ।.... ਉਸ ਨੇ ਕਿਹਾ ਕਿ ਹਿੰਦ ਤੋਂ ਆਪਣੀ ਬਹੁਤ ਸਾਲਾਂ ਦੀ ਜਲਾਵਤਨੀ ਦੌਰਾਨ ਉਸ ਨੇ ਵੱਖ-ਵੱਖ ਸਮੇਂ ਹਿੰਦ ਵਿਚ ਅੰਗਰੇਜ਼ ਰਾਜ ਦੇ ਖ਼ਿਲਾਫ਼ ਵਾਹਵਾ ਲਿਖਿਆ ਸੀ।ਉਸ ਨੇ ਮੈਨੂੰ ਜਾਣਕਾਰੀ ਦਿੱਤੀ ਕਿ ਉਹ ਪਹਿਲਾਂ ਹਿੰਦ ਦੀ ਫ਼ੌਜ ਵਿਚ ਰਹਿ ਚੁੱਕਾ ਸੀ।ਉਸ ਨੇ ਕਿਹਾ ਕਿ ਉਸ ਦਾ ਘਰ ਮੁਲਕ ਦੇ ਦੂਰ-ਦਰਾਜ ਇਲਾਕੇ ਵਿਚ ਸੀ, ਜਿਥੇ ਗਿਆਨ ਤੋਂ ਕੋਰੇ ਲੋਕ ਰਹਿੰਦੇ ਸਨ, ਅਤੇ ਕਿ ਜੇ ਉਹ ਉਨ੍ਹਾਂ ਨੂੰ ਮਿਲਣ 'ਚ ਕਾਮਯਾਬ ਹੋ ਗਿਆ ਉਨ੍ਹਾਂ ਨੂੰ ਹਥਿਆਰ ਅਤੇ ਗੋਲੀਸਿੱਕਾ ਦੇਣ ਦਾ ਵਾਅਦਾ ਕਰਕੇ ਅੰਗਰੇਜ਼ ਹਕੂਮਤ ਵਿਰੁੱਧ ਸੁਖਾਲਿਆਂ ਹੀ ਬਗ਼ਾਵਤ ਲਈ ਭੜਕਾਇਆ ਜਾ ਸਕਦਾ ਸੀ।ਉਸ ਨੇ ਕਿਹਾ.... ਕਿ ਉਸ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਅਸੀਂ ਕਿਥੇ ਪਹੁੰਚਣਾ ਹੈ ਅਤੇ ਇਸੇ ਤਰ੍ਹਾਂ ਬਾਕੀ ਚਾਰ ਜਣਿਆਂ ਨੂੰ ਵੀ ਪਤਾ ਹੈ, ਅਤੇ ਉਥੇ ਜਾ ਕੇ ਉਸ ਨੂੰ ਵੱਡੀ ਸਹਾਇਤਾ ਮਿਲ ਜਾਵੇਗੀ।"[44]

ਮਿਥੇ ਸਮੇਂ 'ਤੇ ਜਦੋਂ ਜਹਾਜ਼ ਜਾਵਾ ਨੇੜੇ ਪਹੁੰਚਿਆ, ਸਟਾਰ-ਹੰਟ ਨੇ ਓੜਕ ਜੈਬਸਨ ਦੀ ਸੌਂਪੀ ਬਹੁਤ ਹੀ ਖ਼ੁਫ਼ੀਆ ਚਿੱਠੀ ਪੜ੍ਹ ਲਈ ਜੋ ਪ੍ਰਸ਼ਾਂਤ ਸਾਗਰ ਦੇ ਪੂਰੇ ਸਫ਼ਰ ਸਮੇਂ ਉਸ ਨੇ ਆਪਣੇ ਕੋਲ ਹੀ ਰੱਖੀ ਸੀ।ਇਸ ਤੋਂ ਜਹਾਜ਼ ਦੇ ਅਸਲ ਮਿਸ਼ਨ ਦਾ ਭੇਤ ਖੁੱਲ੍ਹ ਗਿਆ।ਇਸ ਵਿਚ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਅੰਗਰੇਜ਼ਾਂ ਦੇ ਜੰਗੀ ਜਹਾਜ਼ਾਂ ਜਾਂ ਵਪਾਰਕ ਜਹਾਜ਼ਾਂ ਨਾਲ ਸਾਹਮਣਾ ਹੋਣ 'ਤੇ ਅੱਗੇ ਕਿਵੇਂ ਜਾਣਾ ਹੈ: ਸਹਿਜ ਰਹਿਕੇ ਅਤੇ ਵਿਸ਼ਵਾਸ ਨਾਲ ਵਿਚਰੋ; ਛਾਣਬੀਣ ਲਈ ਖ਼ੁਦ ਬੁਲਾਓ; ਉਨ੍ਹਾਂ ਨੂੰ ਇਹੀ ਦੱਸਣਾ ਹੈ ਕਿ ਜਹਾਜ਼ ਬਟਾਵੀਆ ਵਿਚ ਵੇਚਣ ਜਾਂ ਚੀਨ ਦੇ ਸਮੁੰਦਰੀ ਕੰਢੇ ਉਤਲੇ ਤੇਲ ਦੇ ਵਪਾਰ ਲਈ ਕਿਰਾਏ 'ਤੇ ਦੇਣ ਲਈ ਲਿਜਾਇਆ ਜਾ ਰਿਹਾ ਹੈ।ਰਾਈਫ਼ਲਾਂ ਦੇ ਬਕਸੇ ਇਕ ਟੈਂਕ ਵਿਚ ਲੁਕੋਏ ਹੋਏ ਸਨ ਅਤੇ ਗੋਲੀਸਿੱਕੇ ਦੇ ਬਕਸੇ ਦੂਜੇ ਵਿਚ ਰੱਖੇ ਹੋਏ ਸਨ, ਵਾਹ ਲੱਗਦੀ ਇਨ੍ਹਾਂ ਨੂੰ ਸੁੱਕੀ ਹਾਲਤ 'ਚ ਹੀ ਰੱਖਣਾ ਸੀ।ਪਰ ਕਿਸੇਂ ਵੀ ਸੂਰਤ 'ਚ ਜਹਾਜ਼ ਜਾਂ ਇਸ ਦਾ ਮਾਲ ਅੰਗਰੇਜ਼ਾਂ ਦੇ ਹੱਥ ਨਹੀਂ ਲੱਗਣਾ ਚਾਹੀਦਾ- ਜੇ ਮਾਲ ਦਾ ਭੇਤ ਖੁੱਲ੍ਹ ਜਾਵੇ ਤਾਂ ਬਿਹਤਰ ਹੈ ਜਹਾਜ਼ ਹੀ ਡੋਬ ਦਿਓ ਅਤੇ ਫੜੇ ਜਾਣ ਤੋਂ ਬਚਣ ਦਾ ਹੋਰ ਕੋਈ ਚਾਰਾ ਨਹੀਂ ਸੀ।ਇਹ ਫਰਜ਼ ਕੀਤਾ ਗਿਆ ਸੀ ਕਿ ਇਕ ਹਿਤੈਸ਼ੀ ਸਮੁੰਦਰੀ ਕਿਸ਼ਤੀ ਉਨ੍ਹਾਂ ਨੂੰ ਅੰਜੇਰ ਵਿਖੇ ਮਿਲੇਗੀ, ਪਰ ਜੇ ਕਿਸੇ ਕਾਰਨ ਇਥੇ ਉਨ੍ਹਾਂ ਦਾ ਮੇਲ ਨਾ ਹੋਵੇ ਤਾਂ ਉਹ ਬੈਂਕਾਕ ਚਲੇ ਜਾਣ।ਜੇ ਉਥੇ ਵੀ ਮੇਲ ਨਾ ਹੋਵੇ ਫਿਰ ਉਹ "ਕਰਾਚੀ" ਜ਼ਰੂਰ ਜਾਣ।ਗੁਪਤ ਕੋਡ ਸੀ "ਕਿੰਗ ਜਾਰਜ।"[45] ਸਿੰਧੀ ਸਮੁੰਦਰੀ ਕੰਢੇ ਉੱਪਰ *ਮਾਵਰਿਕ* ਦਾ ਮੇਲ "ਕਈ ਨਿੱਕੀਆਂ ਨਿੱਕੀਆਂ ਮਛੇਰਾ ਕਿਸ਼ਤੀਆਂ ਨਾਲ ਹੋਵੇਗਾ ਜੋ ਪੰਜ ਕਾਲੇ ਸਵਾਰਾਂ (ਐਨ ਇਹੀ ਲਿਖਿਆ ਹੈ!) ਨਾਲ ਮਿਲ ਕੇ ਮਾਲ ਲਾਹੁਣ ਤੇ ਅੱਗੇ ਲੱਦਣ 'ਚ ਹੱਥ ਵਟਾਉਣਗੀਆਂ।ਪਹੁੰਚਦੇ ਸਾਰ ਦੋ ਕਾਲੇ ਆਦਮੀ ਸਮੁੰਦਰੀ ਕੰਢੇ ਉਪਰ ਜਾ ਕੇ 'ਲੋਕਾਂ' ਨੂੰ ਆਪਣੇ ਆਉਣ ਦੀ ਇਤਲਾਹ ਦੇਣਗੇ।.... ਬਾਕੀ ਤਿੰਨ ਅਤੇ ਦੋਸਤ ਦੇਸੀ ਆਦਮੀ ਮਾਲ ਨੂੰ ਟਿਕਾਣੇ ਲਾਉਣ 'ਚ ਹੱਥ ਵਟਾਉਣਗੇ।"[46] ਜਹਾਜ਼ ਉੱਪਰ ਗੈਂਤੀਆਂ ਅਤੇ ਬੇਲਚੇ ਉਹ ਨਾਲ ਲਿਆਏ ਸਨ।ਜੇ ਕਿਸੇ ਮਛੇਰਾ ਕਿਸ਼ਤੀ ਨਾਲ ਮੇਲ ਨਾ ਹੋਵੇ, ਫਿਰ ਵੀ ਦੋਵੇਂ ਗ਼ਦਰੀ ਕੰਢੇ 'ਤੇ ਜਾ ਕੇ ਕਿਸੇ ਨੂੰ ਇਤਲਾਹ ਕਰਨਗੇ, ਅਤੇ ਬਾਅਦ ਵਿਚ ਲਿਜਾਣ ਲਈ ਕਿਸੇ ਥਾਂ ਸਮਾਨ ਲੁਕੋਕੇ ਨਿਸ਼ਾਨੀ ਲਾ ਦੇਣਗੇ, ਅਤੇ ਜਹਾਜ਼ ਕਿਸੇ ਨਿਰਪੱਖ ਬੰਦਰਗਾਹ ਨੂੰ ਚਲਾ ਜਾਵੇਗਾ।

ਆਖ਼ਿਰ, ਡੱਚਾਂ ਦੇ ਜੰਗੀ ਜਹਾਜ਼ ਜੁਲਾਈ ਵਿਚ *ਮਾਵਰਿਕ* ਨੂੰ ਘੇਰ ਕੇ ਬਟਾਵੀਆ ਲੈ ਗਏ, ਉਸ ਦੀ ਤਲਾਸ਼ੀ ਲਈ ਅਤੇ ਉਨ੍ਹਾਂ ਨੂੰ ਕੁਝ ਨਹੀਂ ਮਿਲਿਆ।ਹਰੀ ਸਿੰਘ ਅਤੇ ਦੋ ਜਣੇ ਹੋਰ ਵਾਪਸ ਸਾਨ ਫਰਾਂਸਿਸਕੋ ਚਲੇ ਗਏ; ਬਾਕੀ ਦੋ ਬੈਂਕਾਕ ਚਲੇ ਗਏ, ਉਥੇ ਗ੍ਰਿਫ਼ਤਾਰ ਕਰ ਲਏ ਗਏ ਅਤੇ ਸਿੰਗਾਪੁਰ ਭੇਜ ਦਿੱਤੇ ਗਏ।[47] ਇਸ ਦੌਰਾਨ, ਦੂਜੀ ਧਿਰ ਖੇਪ ਦੀ ਇੰਤਜ਼ਾਰ ਕਰਦੀ ਰਹੀ,

ਇਕ ਇਕ ਕਰਕੇ ਸਭ ਕੁਝ ਸਾਹਮਣੇ ਆ ਗਿਆ। ਓਂਗ ਸਿਨ-ਕੀ ਨਾਂ ਦਾ ਚੀਨੀ, ਭਰੋਸੇਯੋਗ ਮਿੱਤਰ ਅਤੇ ਡੱਚ ਈਸਟ ਇੰਡੀਜ਼ ਵਿਚ ਮੁੱਖ ਜਰਮਨ ਏਜੰਟ ਐਮਿਲ ਹੈਲਫਰਿਕ ਦਾ ਸਾਬਕਾ ਸਹਾਇਕ, ਪੇਨਾਂਗ ਅਤੇ ਕਲਕੱਤਾ ਵਿਚ ਹਿੰਦੀਆਂ ਨੂੰ ਸੁਨੇਹੇ ਅਤੇ ਪੈਸਾ ਪਹੁੰਚਾਉਂਦਾ ਸੀ। ਉਹ ਬਿਲਕੁਲ "ਬਾਟੀਕ ਵੇਚਣ ਅਤੇ ਬੋਰੀਆਂ ਖ਼ਰੀਦਣ ਵਾਲਾ ਵਪਾਰੀ" ਲੱਗਦਾ ਸੀ, ਇਸ ਦੇ ਬਾਵਜੂਦ ਉਸ ਨੂੰ ਸਿੰਗਾਪੁਰ ਬੰਦਰਗਾਹ 'ਤੇ ਉਤਾਰ ਲਿਆ ਗਿਆ, ਪੁੱਛਗਿੱਛ ਕੀਤੀ ਗਈ ਤੇ ਕੈਦ ਕਰਕੇ ਗੋਲੀ ਮਾਰ ਦੇਣ ਦੀ ਧਮਕੀ ਦਿੱਤੀ ਗਈ। ਉਸ ਕੋਲ ਅਦਿੱਖ ਸਿਆਹੀ ਨਾਲ ਲਿਖੇ ਕਲਕੱਤੇ ਦੇ ਪਤੇ, ਦਸ ਹਜ਼ਾਰ ਗਿਲਡਰ ਨਗਦ ਅਤੇ ਨੱਬੇ ਹਜ਼ਾਰ ਦੇ ਚੈੱਕ ਸਨ। ਉਸ ਨੇ ਭੇਤ ਨਹੀਂ ਖੋਹਲਿਆ, ਹਾਲਾਂਕਿ ਹੈਲਫਰਿਕ ਨੇ ਇਕ ਚਿੱਠੀ ਵਿਚ ਕਿਹਾ ਕਿ ਉਸ ਦਾ ਦੋਸਤ "ਬੁਰੀ ਹਾਲਤ 'ਚ ਵਾਪਸ ਮੁੜਿਆ ਸੀ।"[48] ਉਸ ਤੋਂ ਇਹ ਵਾਅਦਾ ਲੈ ਕੇ ਬਟਾਵੀਆ ਜਾਣ ਦੀ ਇਜਾਜ਼ਤ ਦਿੱਤੀ ਗਈ ਕਿ ਉਹ ਹੋਰ ਜਰਮਨ ਪੈਸਾ ਹੱਥ ਹੇਠ ਕਰੇਗਾ।

ਫਿਰ ਅੰਗਰੇਜ਼ ਜਰਮਨਾਂ ਦੇ ਤਾਰ ਅਤੇ ਖ਼ਤੋ-ਕਿਤਾਬਤ ਦੇ ਕੋਡ ਬੁੱਝਣ 'ਚ ਕਾਮਯਾਬ ਹੋ ਗਏ ਅਤੇ ਉਨ੍ਹਾਂ ਦੇ ਸੁਨੇਹਿਆਂ ਨੂੰ ਚੋਰੀ ਪੜ੍ਹਨਾ ਸ਼ੁਰੂ ਕਰ ਦਿੱਤਾ। ਹੋਰ ਵੀ ਘਾਤਕ ਗੱਲ ਇਹ ਹੋਈ ਕਿ ਕਈ ਕਾਰਿੰਦੇ ਵਾਅਦਾ ਮੁਆਫ਼ ਬਣ ਗਏ। ਅਗਸਤ 1915 'ਚ, ਹੈਰੀ ਐਂਡ ਸਨਜ਼ ਦੀ ਤਲਾਸ਼ੀ ਲਏ ਜਾਣ ਦੇ ਸਿੱਟੇ ਵਜੋਂ ਕੁਝ ਗ੍ਰਿਫ਼ਤਾਰੀਆਂ ਹੋ ਗਈਆਂ। ਸਤੰਬਰ ਵਿਚ ਜਤਿਨ ਮੁਖਰਜੀ ਫਰਜ਼ੀ ਵਪਾਰਕ ਕੰਪਨੀ, ਯੂਨੀਵਰਸਲ ਇੰਪੋਰੀਅਮ, ਦੀ ਇਕ ਹੋਰ ਸ਼ਾਖਾ ਉੱਪਰ ਛਾਪੇਮਾਰੀ ਦੌਰਾਨ ਟੱਕਰ ਵਿਚ ਮਾਰਿਆ ਗਿਆ। ਉਸ ਦੀ ਚਮਤਕਾਰੀ ਅਗਵਾਈ ਦਾ ਨੁਕਸਾਨਿਆ ਜਾਣਾ ਬੰਗਾਲ ਦੇ ਇਨਕਲਾਬੀ ਤਾਣੇਬਾਣੇ ਲਈ ਬੱਜਰ ਸੱਟ ਸੀ। ਅਤੇ "ਮਾਰਟਿਨ" ਗ਼ਾਇਬ ਹੋ ਗਿਆ ਸੀ।[49] ਅਕਤੂਬਰ ਵਿਚ, ਦੋ ਹੋਰ ਚੀਨੀ ਸ਼ੰਘਾਈ ਵਿੱਚੋਂ ਗ੍ਰਿਫ਼ਤਾਰ ਕਰ ਲਏ ਗਏ ਜਿਨ੍ਹਾਂ ਕੋਲੋਂ ਫੱਟਿਆਂ ਦੀਆਂ ਗੰਢਾਂ ਦੇ ਐਨ ਵਿਚਾਲੇ ਲੁਕੋ ਕੇ ਲਿਜਾਏ ਜਾ ਰਹੇ 129 ਸਵੈਚਾਲਕ ਪਿਸਤੌਲ ਅਤੇ ਗੋਲੀ-ਸਿੱਕੇ ਦੇ 20,830 ਰਾਊਂਡ ਬਰਾਮਦ ਕਰ ਲਏ ਗਏ, ਜੋ ਇਕ ਜਰਮਨ ਨੀਲਸਨ ਨੇ ਉਨ੍ਹਾਂ ਨੂੰ ਕਲਕੱਤੇ ਪਹੁੰਚਾਉਣ ਲਈ ਕਿਹਾ ਸੀ।[50] ਪਰ ਇਸ ਮਾਮਲੇ ਦਾ ਅਸਲ ਭੇਤ ਸਿੰਗਾਪੁਰ ਵਿਚ ਅਬਾਨੀ ਮੁਖਰਜੀ ਦੀ ਗ੍ਰਿਫ਼ਤਾਰੀ ਵਕਤ ਉਸ ਕੋਲੋਂ ਮਿਲੀ ਡਾਇਰੀ ਤੋਂ ਖੁੱਲ੍ਹਿਆ। ਉਹ ਜਪਾਨ ਤੋਂ ਹਿੰਦ ਵਾਪਸ ਆ ਰਿਹਾ ਸੀ, ਜਿਥੇ ਉਹ ਤੇ ਰਾਸ ਬਿਹਾਰੀ ਬੋਸ ਇਕ ਹੋਰ ਜਹਾਜ਼ ਰਾਹੀਂ ਬੰਦੂਕਾਂ ਭੇਜਣ ਦਾ ਇੰਤਜ਼ਾਮ ਕਰਨ ਲਈ ਯਤਨ ਕਰ ਰਹੇ ਸਨ। ਡਾਇਰੀ ਨੀਲਸਨ ਦੇ ਸਿਰਨਾਵੇਂ ਸਮੇਤ ਜਰਮਨਾਂ ਅਤੇ ਹਿੰਦੀਆਂ ਦੇ ਨਾਂ ਤੇ ਪਤਿਆਂ ਨਾਲ ਭਰੀ ਹੋਈ ਸਨ। ਰਾਸ ਬਿਹਾਰੀ ਬੋਸ ਉਸ ਵਕਤ ਉਥੇ ਰਹਿ ਰਿਹਾ ਸੀ; ਇਹ ਟੋਕੀਓ ਤੇ ਸ਼ੰਘਾਈ ਦੇ ਕੇਂਦਰਾਂ ਤੋਂ ਜੰਗ ਛੇੜਨ ਦੀ ਵਿਉਂਤ ਵੱਲ ਇਸ਼ਾਰਾ ਸੀ, ਜੋ ਹੁਣ ਅਸੰਭਵ ਸੀ।[51]

ਹਿੰਦ-ਜਰਮਨ ਭਿਆਲੀ ਦੇ ਪੂਰਬੀ ਹਿੰਦ ਦੇ ਸਮੁੰਦਰੀ ਵਿੰਗ ਦਾ ਆਖ਼ਰੀ ਸਹਾਇਕ ਪਹਿਲੂ ਸੀ ਅੰਡੇਮਾਨ ਟਾਪੂਆਂ 'ਤੇ ਕਬਜ਼ਾ ਕਰਨ ਲਈ ਕੁਝ ਨੇੜਲੇ ਜਰਮਨ ਜਹਾਜ਼ਾਂ ਉਪਰ ਸੁਮਾਟਰਾ ਤੋਂ ਵੱਧ ਤੋਂ ਵੱਧ ਜਰਮਨਾਂ ਨੂੰ ਚੜ੍ਹਾ ਕੇ ਉਨ੍ਹਾਂ ਨੂੰ ਇਧਰ ਭੇਜਣ ਦੀ ਤਜਵੀਜ਼। ਨਿਕੋਬਾਰ ਵਿਚ ਜਮ੍ਹਾਂ ਕੀਤੀਆਂ ਮਸ਼ੀਨਗੰਨਾਂ ਅਤੇ ਗੋਲੀਸਿੱਕਾ ਲੈਣ ਦੀ ਖ਼ਾਤਰ ਇਥੇ ਥੋੜ੍ਹਾ ਜਿਹਾ ਰੁਕ ਕੇ (ਜਿਥੇ ਇਹ ਸਵੀਡਨ ਦੇ ਇਕ ਸਮੁੰਦਰੀ ਜਹਾਜ਼ ਵਲੋਂ ਪਹਿਲਾਂ ਹੀ ਜਮ੍ਹਾਂ ਕੀਤੇ ਗਏ ਸਨ ਅਤੇ ਇਹ ਵੀ ਲੱਕੜ ਵਿਚ ਲੁਕੋਕੇ ਲਿਆਂਦੇ ਗਏ ਸਨ), ਉਨ੍ਹਾਂ ਨੇ ਪੋਰਟ ਬਲੇਅਰ ਵਿਖੇ ਸਿਆਸੀ ਕੈਦੀਆਂ ਨੂੰ ਆਜ਼ਾਦ ਕਰਾਉਣਾ ਸੀ, ਜਿਨ੍ਹਾਂ ਵਿਚ ਉਸ ਵਕਤ ਵਾਹਵਾ ਤਾਦਾਦ 'ਚ ਬੰਗਾਲ ਦੀ ਸਵਦੇਸ਼ੀ ਲਹਿਰ ਦੇ ਕਾਰਕੁੰਨ ਅਤੇ ਹੁਣੇ ਜਹੇ ਵਤਨ ਪਰਤੇ ਗ਼ਦਰੀਆਂ ਦਾ ਤਾਜ਼ਾ ਕਾਫ਼ਲਾ ਸ਼ੁਮਾਰ ਸੀ। ਅਤੇ ਇਹ ਵੀ ਸੋਚਿਆ ਗਿਆ ਸੀ ਕਿ, "ਸਿੰਗਾਪੁਰ ਦੀ ਬਾਗ਼ੀ ਰੈਜੀਮੈਂਟ ਦੇ ਫ਼ੌਜੀ"

ਵੀ ਇਥੇ ਹੋਣਗੇ, ਜਿਨ੍ਹਾਂ ਬਾਰੇ ਹੋਰ ਜਾਣਕਾਰੀ ਬਾਅਦ 'ਚ ਦਿੱਤੀ ਜਾਵੇਗੀ। ਆਜ਼ਾਦ ਕੀਤੇ ਕੈਦੀਆਂ ਨੇ ਫਿਰ ਵਾਇਰਲੈੱਸ ਸਟੇਸ਼ਨ ਨੂੰ ਤਬਾਹ ਕਰਨਾ ਸੀ ਅਤੇ ਉਨ੍ਹਾਂ ਨਾਲ ਰਲ ਕੇ ਬਾਗ਼ੀ ਫ਼ੌਜ ਬਣਾ ਕੇ ਰੰਗੂਨ 'ਤੇ ਧਾਵਾ ਬੋਲਣਾ ਸੀ, ਜਿਨ੍ਹਾਂ ਬਾਰੇ ਸੋਚਿਆ ਜਾ ਰਿਹਾ ਸੀ ਕਿ ਉਹ ਬਰਮਾ ਵਿਚ ਇਕੱਠੇ ਹੋ ਰਹੇ ਹਨ। ਇਹ ਗਰੁੱਪ ਚਿਟਗਾਂਗ ਅਤੇ ਹੁਗਲੀ ਦੇ ਦਹਾਨੇ ਦਾ ਇੰਚਾਰਜ ਹੋਣਾ ਸੀ। ਜੇ ਇਹ ਕੁਝ ਵਿਉਂਤ ਅਨੁਸਾਰ ਹੋ ਰਿਹਾ ਜਾਪਦਾ, ਤਾਂ ਸਿਆਮ ਅਤੇ ਡੱਚ ਈਸਟ ਇੰਡੀਜ਼ ਦੇ ਸਾਰੇ ਜਰਮਨਾਂ ਨੂੰ ਲਿਆ ਕੇ ਇਸ ਬਾਗ਼ੀ ਤਾਕਤ ਵਿਚ ਸ਼ੁਮਾਰ ਕਰ ਦਿੱਤਾ ਜਾਣਾ ਸੀ।[52] ਇਹ ਵੀ ਕਦੇ ਸੰਭਵ ਨਾ ਹੋਇਆ।

## ਸਿਆਮ-ਬਰਮਾ ਸਕੀਮ

ਬੀ.ਆਈ.ਸੀ. ਦੀ ਆਲਮੀ ਯੁੱਧਨੀਤੀ ਦੀ ਤੀਜੀ ਵੱਡੀ ਸ਼ਾਖਾ ਵਜੋਂ ਬਰਮਾ ਦੀ ਸੰਭਾਵਨਾ ਉੱਪਰ ਵੱਡੀਆਂ ਆਸਾਂ ਲਗਾਈਆਂ ਗਈਆਂ ਸਨ, ਕਿਉਂਕਿ ਹਿੰਦ ਦੀ ਉਤਰ-ਪੂਰਬੀ ਸਰਹੱਦ ਉੱਪਰ ਸਥਿਤ ਹੋਣ ਦੇ ਨਾਲ-ਨਾਲ ਇਥੇ ਛੋਟੀ ਜਹੀ ਰੱਖਿਅਕ ਫ਼ੌਜੀ ਟੁਕੜੀ ਤੇ ਫ਼ੌਜੀ ਪੁਲਿਸ ਰੱਖੀ ਗਈ ਸੀ ਜੋ ਜ਼ਿਆਦਾਤਰ ਪੰਜਾਬੀ ਸੀ ਅਤੇ ਇਸ ਦੇ ਹਮਦਰਦ ਹੋਣ ਦੀ ਸੰਭਾਵਨਾ ਸੀ।[53] ਇਸ ਤੋਂ ਬਿਨਾ, ਸਿਆਮ-ਬਰਮਾ ਸਰਹੱਦ ਨੇੜੇ ਸਿਆਮ ਉਤਰੀ ਰੇਲਵੇ ਦੇ ਇਕ ਹਿੱਸੇ ਦੀ ਉਸਾਰੀ ਹੋ ਰਹੀ ਸੀ, ਜਿਥੇ ਪੰਜਾਬੀ ਸਿੱਖ ਠੇਕੇਦਾਰ ਤੇ ਮਜ਼ਦੂਰ ਜਰਮਨ ਸਿਵਲ ਇੰਜੀਨੀਅਰਾਂ ਨਾਲ ਮਿਲ ਕੇ ਕੰਮ ਕਰਦੇ ਸਨ। ਸਿਆਮ ਅਤੇ ਬਰਮਾ ਦਰਮਿਆਨ ਸਰਹੱਦ ਉੱਪਰ ਟਾਵੀਂ ਟਾਵੀਂ ਵਸੋਂ ਵਾਲੀ ਇਕ ਹਜ਼ਾਰ ਮੀਲ ਲੰਮੀ ਪੱਟੀ ਸੀ, ਜਿਸ ਦੀ ਸਥਾਨਕ ਅਬਾਦੀ ਜ਼ਿਆਦਾਤਰ "ਹਿੰਦੀਆਂ ਅਤੇ ਮੁਸਲਮਾਨਾਂ" ਦੀ ਸੀ ਅਤੇ ਇੰਞ ਇਹ ਚੋਰੀ-ਛਿਪੇ ਹਥਿਆਰ ਤੇ ਸਾਹਿਤ ਲਿਆਉਣ ਲਈ ਦਿਲਕਸ਼ ਖੇਤਰ ਸੀ।[54] ਜਦੋਂ ਗ਼ਦਰੀ ਕਾਰਕੁੰਨ ਅਮਰੀਕਾ ਤੋਂ ਆਏ, ਉਨ੍ਹਾਂ ਨੇ "ਅੰਗਰੇਜ਼ਾਂ ਦੀ ਸਰਹੱਦ ਦੇ ਨੇੜਲੀਆਂ ਥਾਵਾਂ" ਚੁਣੀਆਂ ਜਿਵੇਂ ਪਕਨਾਂਫੋ, "ਜਿਥੇ ਦੋ ਜਰਮਨਾਂ ਦੀ ਨਿਗਰਾਨੀ ਹੇਠ ਇਕ ਸੌ ਹਿੰਦੀਆਂ ਦਾ ਜੱਥਾ ਬੰਬ ਬਣਾਉਣ 'ਚ ਜੁਟਿਆ ਹੋਇਆ ਸੀ"; ਜਾਂ ਦੱਖਣੀ ਰੇਲਵੇ ਦੇ ਇਕ ਹਿੱਸੇ ਉੱਪਰ ਸਥਿਤ ਬਾਂਡੋ ਜਿਥੇ ਜਰਮਨ ਸਟਾਫ਼ ਸੀ, ਜਿਥੇ *ਗ਼ਦਰ* ਦੀਆਂ ਹਫ਼ਤਾਵਾਰ ਖੇਪਾਂ ਪਹੁੰਚਦੀਆਂ ਸਨ।[55] ਛੇਤੀ ਹੀ ਸਿਆਮ ਵਿਚ ਰਹਿੰਦੇ ਹਿੰਦੀਆਂ ਕੋਲ *ਗ਼ਦਰ* ਵਲੋਂ "ਸੋਧੇ ਹੋਏ" ਰੂਪ 'ਚ ਜੰਗ ਦੀਆਂ ਜਰਮਨ ਪ੍ਰਾਪਤੀਆਂ ਦੀ ਹੌਸਲਾ ਵਧਾਊ ਖ਼ੁਰਾਕ ਅਤੇ ਜਰਮਨਾਂ ਦੇ ਤਿਆਰ ਕੀਤੇ ਮੈਜਿਕ ਲਾਲਟੈਣਾਂ ਦੀ ਪ੍ਰਦਰਸ਼ਨੀ ਪਹੁੰਚ ਜਾਵੇਗੀ।

ਭਾਵੇਂ ਬੈਂਕਾਕ ਦੇ ਅੰਗਰੇਜ਼ ਕੌਂਸਲ ਨੇ ਹਿੱਕ ਥਾਪੜੀ ਸੀ ਕਿ 1914 ਤੋਂ ਪਹਿਲਾਂ ਸਿਆਮ ਵਿਚ ਬਾਗ਼ੀ ਕਾਰਵਾਈਆਂ ਦੀ ਕੋਈ ਹੋਂਦ ਨਹੀਂ ਸੀ, 1914 ਦੇ ਅਖ਼ੀਰ ਤੇ 1915 ਦੇ ਸ਼ੁਰੂ 'ਚ ਅੰਗਰੇਜ਼ ਨਿਗਰਾਨ ਅਧਿਕਾਰੀਆਂ ਨੇ ਨੋਟ ਕੀਤਾ ਕਿ ਇਸ ਮੁਲਕ ਵਿਚ ਗ਼ਦਰੀ ਸਾਹਿਤ ਦੀ ਆਮਦ ਵਿਚ ਚੋਖਾ ਵਾਧਾ ਹੋਇਆ ਸੀ ਅਤੇ ਨਾਲ ਹੀ "ਸ਼ਿਕਾਰੀ ਬੰਦੂਕਾਂ, ਰਾਈਫਲਾਂ ਤੇ ਗੋਲੀਸਿੱਕੇ ਦੀ ਬਰਾਮਦ ਵਿਚ ਖ਼ਤਰਨਾਕ ਵਾਧਾ ਹੋਇਆ ਸੀ, ਜੋ ਲਗਭਗ ਸਾਰਾ ਹੀ ਬਜ਼ਾਰ ਵਿਚ ਮਹਿਜ਼ ਗਿਆਰਾਂ ਮਲਾਏ ਡੀਲਰਾਂ ਦੇ ਹੱਥਾਂ ਵਿਚ ਪਹੁੰਚਦਾ ਸੀ।"[56] ਫਿਰ 2 ਅਗਸਤ ਨੂੰ ਬੈਂਕਾਕ ਦੇ ਮੰਤਰੀ ਦਾ ਇਕ ਗੁਪਤ ਸੁਨੇਹਾ ਸ਼ਿਮਲਾ ਵਿਚ ਬਦੇਸ਼ ਅਤੇ ਸਿਆਸੀ ਮਹਿਕਮੇ ਦੇ ਸਕੱਤਰ ਨੂੰ ਮਿਲਿਆ ਜਿਸ ਵਿਚ ਕਿਹਾ ਗਿਆ ਸੀ ਕਿ ਸਿਆਮ ਦੀ ਪੁਲਿਸ ਨੇ ਤਿੰਨ ਬਾਗ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਸੀ, ਜਿਨ੍ਹਾਂ ਕੋਲੋਂ "ਭਾਰੀ ਤਾਦਾਦ 'ਚ ਹਾਂਗਕਾਂਗ ਦੇ, ਸਿਆਮੀ ਤੇ ਅਮਰੀਕੀ ਮੁਦਰਾ ਬੌਂਡ ਅਤੇ ਬਹੁਤ ਸਾਰੇ ਕਾਗਜ਼ਾਤ, ਕਿਤਾਬਾਂ ਤੇ ਕੱਪੜੇ-ਲੀੜੇ ਬਰਾਮਦ ਹੋਏ ਸਨ।"

ਉਨ੍ਹਾਂ ਦੀ ਸ਼ਨਾਖ਼ਤ ਸ਼ਿਵ ਦਿਆਲ ਕਪੂਰ, ਠਾਕੁਰ ਸਿੰਘ ਅਤੇ ਤੀਜੇ ਦੀ ਹਸਨ ਜ਼ੈਦੀ ਵਜੋਂ ਕੀਤੀ ਗਈ ਸੀ ਜਿਸ ਕੋਲ ਈਰਾਨੀ ਪਾਸਪੋਰਟ ਤਾਂ ਨਿਊ ਯਾਰਕ ਤੋਂ ਜਾਰੀ ਕੀਤਾ ਹੋਇਆ ਸੀ ਪਰ ਉਹ "ਵਧੀਆ ਅੰਗਰੇਜ਼ੀ ਅਤੇ ਫਰਾਟੇਦਾਰ ਹਿੰਦੁਸਤਾਨੀ ਬੋਲਦਾ ਹੈ, ਅਤੇ ਉਸ ਦੇ ਸਾਰੇ ਹਾਵ-ਭਾਵ ਹਿੰਦ ਦੇ ਬਾਸ਼ਿੰਦੇ ਵਾਲੇ ਹਨ," ਅਤੇ ਉਸ ਦਾ ਹੁਲੀਆ ਇਸ ਤਰ੍ਹਾਂ ਹੈ: "ਉਮਰ 31 ਵਰ੍ਹੇ, ਐਨਕ ਲੱਗੀ ਹੋਈ, ਕੱਦ 5 ਫ਼ੁੱਟ 5 ਇੰਚ, ਘੁੰਗਰਾਲੇ ਵਾਲ, ਚੌੜਾ ਮੱਥਾ, ਅੱਖਾਂ ਤੇ ਭਰਵੱਟੇ ਕਾਲੇ, ਛੋਟੀਆਂ ਛੋਟੀਆਂ ਮੁੱਛਾਂ।"[57]

ਕੁਝ ਦਿਨ ਪਿੱਛੋਂ ਕੈਨੇਡਾ ਤੋਂ ਇਕ ਮਜ਼ਦੂਰ ਬਲਵੰਤ ਸਿੰਘ ਨੂੰ ਕੈਲੀਫੋਰਨੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਦਾਰਿਸੀ ਚੇਂਚਈਆ ਅਤੇ ਸੁਕੁਮਾਰ ਚੈਟਰਜੀ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਦੀ ਰਿਹਾਇਸ਼ ਤੋਂ ਹੋਰ "ਮੁਜਰਮਾਨਾ" ਸਬੂਤ ਮਿਲੇ, ਗੁਰਮੁਖੀ ਵਿਚ ਲਿਖਿਆ ਇਕ ਗੁਪਤ ਕੋਡ "ਖ਼ਬਰਦਾਰ, ਸਾਨੂੰ ਦੇਰੀ ਹੋ ਗਈ ਹੈ," ਅਤੇ ਅੰਗਰੇਜ਼ੀ ਵਿਚ ਲਿਖੀ ਇਕ ਚਿੱਠੀ ਜਿਸ ਵਿਚ ਢੋਆ-ਢੁਆਈ ਲਈ ਟੱਟੂਆਂ ਉੱਪਰ ਲੱਦੇ ਜਾਣ ਵਾਲੇ ਵਜ਼ਨ ਦੀ ਜਾਣਕਾਰੀ ਮੰਗੀ ਗਈ ਸੀ। ਇਸ ਤੋਂ ਇਲਾਵਾ, ਜਿਸ ਕਮਰੇ ਵਿਚ ਠਾਕੁਰ ਦਾਸ ਅਤੇ ਸ਼ਿਵ ਦਿਆਲ ਕਪੂਰ ਰਹਿੰਦੇ ਸਨ ਉੱਥੋਂ "ਪੂਰਾ ਭਰਿਆ ਬਰਾਊਨਿੰਗ ਪਿਸਤੌਲ ਅਤੇ ਬਿਸਤਰੇ ਹੇਠੋਂ ਇਕ ਲੰਮਾ ਛੁਰਾ ਬਰਾਮਦ ਹੋਏ।"[58]

ਕੇਸਾਂ ਦੀ ਜੋ ਲੜੀ ਅਦਾਲਤੀ ਰਿਕਾਰਡ ਵਿਚ ਮਾਂਡਲੇ ਸਾਜ਼ਿਸ਼ ਵਜੋਂ ਜਾਣੀ ਜਾਂਦੀ ਹੈ ਉਸ ਦੇ ਦੌਰਾਨ ਖ਼ੁਲਾਸਾ ਹੋਇਆ ਕਿ ਇਹ ਤਾਂ ਮੁਕਾਮੀ ਸਿਆਸੀ ਸਾਜ਼ਿਸ਼ ਨਾਲੋਂ ਕਿਤੇ ਵੱਡਾ ਮਾਮਲਾ ਸੀ। ਇਸ ਦੇ ਸੂਤਰਧਾਰ ਜਰਮਨ ਅਤੇ ਤੁਰਕੀ ਵਾਲੇ ਸਨ, ਅਤੇ ਉਹ ਪ੍ਰੇਸ਼ਾਨੀ ਦਾ ਕਾਰਨ ਬਣੇ ਗ਼ਦਰੀ ਵੀ ਇਸ ਵਿਚ ਸ਼ੁਮਾਰ ਸਨ – ਉਸ ਵਕਤ ਉਨ੍ਹਾਂ ਵਿੱਚੋਂ ਕੋਈ ਵੀ ਐਨਾ ਅਚੰਭਾਜਨਕ ਨਹੀਂ ਲੱਗ ਸਕਦਾ ਸੀ। *ਸੀ* ਨੇ ਸਾਨ ਫਰਾਂਸਿਸਕੋ ਵਿਚ "ਮੁਹਿੰਮਾਂ ਦਾ ਉਦੇਸ਼, ਜਥੇਬੰਦੀ ਅਤੇ ਹਸ਼ਰ" ਨਾਂ ਦਾ ਬਿਆਨ ਦਿੱਤਾ ਜਿਸ ਨੇ ਖ਼ੁਲਾਸਾ ਕੀਤਾ ਕਿ "ਪੂਰਬ ਵਿਚ ਜਰਮਨਾਂ ਦਾ ਮੁੱਖ ਉਦੇਸ਼ ਬਰਤਾਨਵੀ ਹਿੰਦ ਵਿਚ ਕਾਮਯਾਬ ਇਨਕਲਾਬ ਲਿਆਉਣਾ ਹੈ ਅਤੇ ਇੰਞ ਅੰਗਰੇਜ਼ ਸਲਤਨਤ ਦੇ ਪਤਨ ਨੂੰ ਆਪਣੀ ਇੱਛਾ ਤੇ ਉਮੀਦ ਕੀਤੇ ਅਨੁਸਾਰ ਤੇਜ਼ ਕਰਨਾ ਹੈ।"[59] ਉਸ ਵਿਆਪਕ ਉਦੇਸ਼ ਦੇ ਅੰਦਰ ਉਸ ਨੇ ਕਾਰਵਾਈਆਂ ਦੀ ਜੋਸ਼ੀਲੀ ਸੂਚੀ ਗਿਣਾਈ: 'ਇਤਹਾਦੀਆਂ ਦਾ ਧਿਆਨ ਪਾਸੇ ਲਾਉਣ ਲਈ ਚੀਨ, ਸਿਆਮ ਅਤੇ ਸ਼ਨ ਰਾਜਾਂ ਵਿਚ ਗੜਬੜ ਕਰਾਉਣਾ, ਰਾਜ ਖ਼ਿਲਾਫ਼ ਬਗਾਵਤ ਖੜ੍ਹੀ ਕਰਨ ਲਈ ਵੱਖਰੀ ਜਥੇਬੰਦੀ ਬਣਾਉਣਾ, ਬਗ਼ਾਵਤ ਦੀਆਂ ਮੁੱਢਲੀਆਂ ਤਿਆਰੀਆਂ ਜਥੇਬੰਦ ਕਰਨ ਲਈ ਹਿੰਦ ਵਿਚ ਹਿੰਦੀਆਂ ਦੀ ਮਦਦ ਕਰਨਾ ਅਤੇ ਇਸ ਲਈ ਲੋੜੀਂਦੇ ਹਥਿਆਰ ਤੇ ਪੈਸਾ ਵਸੂਲਣ ਦੇ ਇੰਤਜ਼ਾਮ ਹਿੰਦ ਵਿਚ ਕਰਨਾ।" ਉਸ ਦੀ "ਮੁਹਿੰਮਾਂ ਦੇ ਪ੍ਰਮੁੱਖ ਜਥੇਬੰਦ ਕਰਤਾਵਾਂ" ਦੀ ਸੂਚੀ ਵਿਚ ਸ਼ੁਮਾਰ ਸਨ ਗ਼ਦਰ ਪ੍ਰੈੱਸ ਦੇ ਹੇਰੰਬਾ ਲਾਲ ਗੁਪਤਾ (ਜਿਸ ਨੂੰ ਓਦੋਂ ਅਮਰੀਕਾ ਲਈ ਬੀ.ਆਈ.ਸੀ. ਦਾ ਤਾਲਮੇਲ ਕਰਤਾ ਨਿਯੁਕਤ ਕੀਤਾ ਗਿਆ ਸੀ), ਰਾਮ ਚੰਦਰ ਤੇ ਗੋਧਾ ਰਾਮ, ਅਤੇ ਜਰਮਨ-ਅਮਰੀਕਣ ਅਲਬਰਟ ਵੇਹਡੀ ਅਤੇ ਜਾਰਜ ਪਾਲ ਬੋਹਿਮ। ਉਸ ਨੇ ਸਤਾਰਾਂ ਹੋਰ ਜਣਿਆਂ ਦੇ ਨਾਂ ਵੀ ਲਏ ਜੋ ਸਿਆਮ ਦੀਆਂ ਮੁਹਿੰਮਾਂ ਵਿਚ, ਇਕ ਸਿੰਗਾਪੁਰ ਅਤੇ ਤਿੰਨ ਬਰਮਾ ਵਿਚ ਸ਼ਾਮਲ ਸਨ।

ਗੁਪਤਾ ਮਾਰਚ 1915 'ਚ ਬੋਹਿਮ ਨੂੰ ਸ਼ਿਕਾਗੋ ਵਿਚ ਮਿਲਿਆ ਸੀ ਅਤੇ ਇਸ ਸੇਵਾ-ਮੁਕਤ ਫ਼ੌਜੀ ਅਫ਼ਸਰ ਨੂੰ ਪੁੱਛਿਆ ਸੀ ਕਿ ਜਦੋਂ *ਮਾਵਰਿਕ* ਉੱਪਰ ਬੰਦੂਕਾਂ ਦੀ ਖੇਪ ਆ ਗਈ ਓਦੋਂ ਜਿਨ੍ਹਾਂ ਦਸ ਹਜ਼ਾਰ ਹਿੰਦੀਆਂ ਨੂੰ ਬਰਮਾ ਵਿੱਚੋਂ ਤਿਆਰ ਕਰਕੇ ਭੇਜਿਆ ਜਾਣਾ ਹੈ ਕੀ ਉਹ ਉਨ੍ਹਾਂ ਨੂੰ ਸਿਖਲਾਈ ਦੇਣ ਤੇ ਉਨ੍ਹਾਂ ਦੀ ਕਮਾਨ ਸਾਂਭਣ ਵਿਚ ਰੁਚੀ ਲਵੇਗਾ। ਇਹ ਤਾਕਤ,

ਬਰਮਾ ਦੀ ਫ਼ੌਜੀ ਪੁਲਿਸ ਨਾਲ ਮਿਲਕੇ (ਇਸ ਨੂੰ ਇਸ ਕਾਜ ਲਈ ਗ਼ਦਰੀ ਸਾਹਿਤ ਨਾਲ ਵਰਗਲਾ ਕੇ) ਮੁਲਕ ਦਾ ਕੰਟਰੋਲ ਹੱਥ ਲਵੇਗੀ। ਇਸ ਪਿੱਛੋਂ ਵੀ, ਜੇ ਇਸ ਨਾਲ ਹਿੰਦ ਵਿਚ ਬਗ਼ਾਵਤ ਭੜਕਾਉਣ ਨੂੰ ਕਾਮਯਾਬੀ ਨਾ ਮਿਲੀ, ਬਰਮਾ ਫਿਰ ਵੀ, ਉਤਰ-ਪੱਛਮ ਵਿਚ ਅਫ਼ਗਾਨਿਸਤਾਨ ਦੀ ਤਰ੍ਹਾਂ, ਕਾਰਵਾਈਆਂ ਦੇ ਉਤਰ-ਪੂਰਬੀ ਕੇਂਦਰ ਵਜੋਂ ਕੰਮ ਕਰ ਸਕਦਾ ਸੀ। ਅਮਰੀਕਾ ਅਤੇ ਮੈਕਸੀਕੋ ਵਿੱਚੋਂ ਜਰਮਨ ਏਜੰਟ ਦੂਰ ਪੂਰਬ ਰਾਹੀਂ ਹਥਿਆਰ ਤੇ ਪੈਸਾ ਭੇਜਣਗੇ।

ਇਹ ਯੋਜਨਾ, ਸੀ ਤੋਂ ਇਲਾਵਾ, ਮੁਖ਼ਬਰਾਂ ਏ, ਜ਼ੈੱਡ ਅਤੇ ਐਕਸ ਰਾਹੀਂ ਨਸ਼ਰ ਹੋਈ।[60] ਏ. ਬੋਹਿਮ ਸੀ,[61] ਜ਼ੈੱਡ ਸ਼ਾਇਦ ਸ਼ਿਵ ਦਿਆਲ ਕਪੂਰ ਜਾਂ ਸੁਕੁਮਾਰ ਚੈਟਰਜੀ ਸੀ।[62] ਇਕ ਜਰਮਨ ਖੁਫ਼ੀਆ ਸੇਵਾ ਏਜੰਟ ਐਕਸ ਕੋਲ ਟਾਪੂ ਦੇ ਵਿਸਤਾਰਤ ਨਕਸ਼ੇ, ਜੇਲ੍ਹ ਦੀਆਂ ਤਸਵੀਰਾਂ ਅਤੇ ਅਧਿਕਾਰੀਆਂ, ਫ਼ੌਜ, ਪੁਲਿਸ ਤੇ ਉੱਘੇ ਸਿਆਸੀ ਕੈਦੀਆਂ ਦੀ ਸੂਚੀ ਸੀ, "ਜਿਸ ਬਾਰੇ ਉਸ ਨੇ ਕਿਹਾ ਇਹ ਉਸ ਨੂੰ ਬਰਲਿਨ ਵਿਚ ਬਣਾਕੇ ਦਿੱਤੀ ਗਈ ਸੀ; ਜਦਕਿ ਇਸ ਦੀ ਲਿਖਾਈ ਵਿਲੱਖਣ ਰੂਪ 'ਚ ਭੁਪਿੰਦਰ ਨਾਥ ਦੱਤ ਦੀ ਲਿਖਾਈ ਨਾਲ ਮਿਲਦੀ-ਜੁਲਦੀ ਸੀ।"[63] ਖੁਫ਼ੀਆ ਵਿਭਾਗ ਦੇ ਸਹਾਇਕ ਸ਼੍ਰੀਮਾਨ ਕੇਰ ਨੇ ਜਾਸੂਸੀ ਕਹਾਣੀ ਦੀ ਤਰਜ਼ 'ਤੇ ਹੱਥ ਲੱਗੇ ਸੁਰਾਗ਼ ਬਿਆਨ ਕੀਤੇ ਸਨ, ਜਿਨ੍ਹਾਂ ਵਿਚ ਇਹ ਚੀਜ਼ਾਂ ਸ਼ੁਮਾਰ ਸਨ: ਇਕ ਕਾਪੀ ਉੱਪਰ ਬਣਾਇਆ ਸਮੁੰਦਰੀ ਜਹਾਜ਼ ਦਾ ਸਕੈਚ ਜਿਸ ਦੇ ਲੇਟਵੇਂ ਰੁਖ਼ ਸਿਗਨਲ ਬੱਤੀਆਂ ਬਣਾਈਆਂ ਹੋਈਆਂ ਸਨ; ਕੋਡ ਵਿਚ ਬਣਾਏ ਨਿਸ਼ਾਨਾਂ ਦੀਆਂ ਰੰਗਦਾਰ ਤਸਵੀਰਾਂ; ਕਾਗਜ਼ ਦੇ ਟੁਕੜੇ ਜਿਨ੍ਹਾਂ ਉੱਪਰ ਜਹਾਜ਼ ਦੇ ਪਹੁੰਚਣ ਦੀਆਂ ਥਾਵਾਂ, ਪਹੁੰਚਣ ਦੇ ਵਕਤ, ਅਤੇ ਰਿਵਾਲਵਰਾਂ ਦੀ ਗਿਣਤੀ ਲਿਖੀ ਹੋਈ ਸੀ; ਅਗਸਤ ਵਿਚ ਬੋਹਿਮ ਅਤੇ ਕਪੂਰ ਨੂੰ ਗ੍ਰਿਫ਼ਤਾਰ ਕੀਤੇ ਜਾਣ ਵਕਤ ਉਨ੍ਹਾਂ ਕੋਲੋਂ ਬਰਾਮਦ ਹੋਈਆਂ ਸੰਕੇਤ-ਚਿੰਨ੍ਹਾਂ ਵਾਲੀਆਂ ਦੋ ਲਿਖਤਾਂ।[64]

ਪਰ ਸ਼ਾਇਦ ਇਸ ਪੇਚੀਦਾ ਕਹਾਣੀ ਨੂੰ ਉਨ੍ਹਾਂ ਚਸ਼ਮਦੀਦ ਗਵਾਹਾਂ ਦੇ ਭਵਿੱਖ-ਨਕਸ਼ੇ ਰਾਹੀਂ ਬਿਆਨ ਕਰਨਾ ਜ਼ਿਆਦਾ ਸਹਾਈ ਹੋ ਸਕਦਾ ਹੈ ਜਿਨ੍ਹਾਂ ਦੀਆਂ ਗਵਾਹੀਆਂ ਉੱਪਰ ਇਸ ਮਾਮਲੇ ਦਾ ਜ਼ਿਆਦਾ ਦਾਰੋਮਦਾਰ ਸੀ।[65] ਹਸਨ ਜ਼ੈਦੀ ਦੀ ਗ੍ਰਿਫ਼ਤਾਰੀ ਤੋਂ ਦੋ ਦਿਨ ਦੇ ਅੰਦਰ ਹੀ ਇਹ ਤਸਦੀਕ ਹੋ ਗਿਆ ਕਿ ਅਸਲ ਵਿਚ ਉਹ ਹਿੰਦੀ ਸੀ, ਅਤੇ ਉਸ ਦਾ ਨਾਂ ਜੋਧ ਸਿੰਘ ਮਹਾਜਨ ਸੀ। ਅੰਗਰੇਜ਼ ਸਫ਼ੀਰ ਨੇ ਉਸ ਅੱਗੇ ਈਰਾਨੀ ਪਿਛੋਕੜ ਵਾਲਾ ਸਥਾਨਕ ਬਾਸ਼ਿੰਦਾ ਲਿਆ ਖੜ੍ਹਾ ਕੀਤਾ, ਜਿਸ ਨਾਲ ਉਹ "ਕੋਈ ਗੱਲਬਾਤ ਕਰਨ 'ਚ ਨਾਕਾਮ ਰਿਹਾ।"[66]

1884 ਦੇ ਕਰੀਬ ਰਾਵਲਪਿੰਡੀ ਨੇੜੇ ਪੈਦਾ ਹੋਇਆ ਜੋਧ ਸਿੰਘ ਅੰਮ੍ਰਿਤਸਰ ਵਿਚ ਪੜ੍ਹਿਆ ਸੀ ਅਤੇ ਫਿਰ ਲਾਹੌਰ, ਕਲਕੱਤਾ ਤੇ ਅਸਾਮ ਵਿਚ ਰੇਲਵੇ ਠੇਕੇਦਾਰਾਂ ਕੋਲ ਮੁਲਾਜ਼ਮ ਰਿਹਾ ਸੀ। ਨੌਕਰੀ ਲਗਣ ਤੋਂ ਦੋ ਮਹੀਨੇ ਬਾਅਦ ਹੀ, ਉਹ ਪੰਜ ਸੌ ਰੁਪਏ ਦਾ ਚੈੱਕ ਲੈ ਕੇ ਭੱਜ ਗਿਆ ਜੋ ਉਸ ਦੇ ਬੌਸ ਨੇ ਅਦਾਇਗੀ ਕਰਨ ਲਈ ਦਿੱਤਾ ਸੀ। ਉਸ ਨੇ ਚੈੱਕ ਤੁੜਵਾਇਆ ਤੇ ਚਿਟਗਾਂਗ ਚਲਾ ਗਿਆ, ਫਿਰ ਸਮੁੰਦਰੀ ਜਹਾਜ਼ ਰਾਹੀਂ ਪਿਨਾਂਗ ਅਤੇ ਸਿੰਗਾਪੁਰ ਵਿੱਚੋਂ ਦੀ ਹੁੰਦਾ ਹੋਇਆ ਕੈਨੇਡਾ ਚਲਾ ਗਿਆ। 1907 ਦੇ ਸ਼ੁਰੂ 'ਚ ਉਹ ਵੈਨਕੂਵਰ ਪਹੁੰਚਿਆ ਅਤੇ ਅਗਲਾ ਸਾਲ ਉਸ ਨੇ ਪੋਰਟਲੈਂਡ ਵਿਚ ਮਜ਼ਦੂਰ ਵਜੋਂ ਕੰਮ ਕੀਤਾ। ਜਿਉਂ ਹੀ ਉਸ ਨੇ ਕੁਝ ਪੈਸੇ ਬਚਾ ਲਏ, ਉਸ ਨੇ ਆਪਣੇ ਬਾਪ ਨੂੰ ਚੈੱਕ ਭੇਜ ਕੇ ਉਸ ਆਦਮੀ ਦੇ ਪੈਸੇ ਵਾਪਸ ਮੋੜਨ ਲਈ ਕਿਹਾ ਜਿਸ ਕੋਲੋਂ ਉਸ ਨੇ ਆਪਣਾ ਸਫ਼ਰ ਖ਼ਰਚ "ਉਧਾਰ ਲਿਆ" ਸੀ। ਪਰ ਉਸ ਬੰਦੇ ਨੇ ਜ਼ਿਦ ਫੜ ਲਈ ਕਿ ਜੋਧ ਸਿੰਘ ਵੱਲ ਇਕ ਹਜ਼ਾਰ ਰੁਪਏ ਨਿਕਲਦੇ ਸਨ।

ਜੋਧ ਸਿੰਘ ਵਲੋਂ ਦੱਸੀ ਉਸ ਦੀ ਅਗਲੀ ਕਹਾਣੀ ਇੰਞ ਸੀ: "ਫਿਰ ਮੈਂ ਜਨਰਲ

ਇਲੈਕਟਰਿਕ ਕੰਪਨੀ ਵਿਚ ਨੌਕਰੀ ਲੈਣ ਦਾ ਯਤਨ ਕੀਤਾ, ਪਰ ਇਸ ਕਾਰੋਬਾਰ ਦੇ ਸਕੱਤਰ ਗੋਰੇ ਨੇ ਨਸਲਵਾਦੀ ਤੁਅੱਸਬ 'ਚੋਂ ਮੈਨੂੰ ਨੌਕਰੀ ਨਹੀਂ ਦਿੱਤੀ। ਲਿਹਾਜ਼ਾ, ਬੁਰੀ ਤਰ੍ਹਾਂ ਬਦਜ਼ਨ ਹੋ ਕੇ ਮੈਂ ਪੋਰਟਲੈਂਡ ਛੱਡ ਕੇ ਇੰਗਲੈਂਡ ਆ ਗਿਆ।" ਇਹ 1908 ਦੇ ਸਿਆਲ ਦੀ ਗੱਲ ਹੈ। ਜੋਧ ਸਿੰਘ ਤਿੰਨ ਹਫ਼ਤੇ ਲੰਦਨ 'ਚ ਨੌਕਰੀ ਦੀ ਭਾਲ 'ਚ ਮਾਰੇ ਮਾਰੇ ਫਿਰਦਾ ਰਿਹਾ ਫਿਰ ਉਹ ਇਸ ਉਮੀਦ ਨਾਲ ਇੰਡੀਆ ਹਾਊਸ ਗਿਆ ਕਿ "ਉਹ ਮੇਰਾ ਪਾਰ ਉਤਾਰਾ ਕਰ ਦੇਣਗੇ।" ਇਥੇ ਉਸ ਦੀ ਮੁਲਾਕਾਤ ਹਰਦਿਆਲ ਨਾਲ ਹੋਈ। "ਉਸ ਦੇ ਸਵਾਲਾਂ ਦੇ ਜਵਾਬ ਵਿਚ ਮੈਂ ਉਸ ਨੂੰ ਦੱਸਿਆ ਕਿ ਮੇਰਾ ਮਨ ਅਮਰੀਕਾ ਚਲੇ ਜਾਣ ਦਾ ਹੈ, ਕਿਉਂਕਿ ਨਸਲੀ ਨਫ਼ਰਤ ਕਾਰਨ ਮੈਂ ਕੋਈ ਵਧੀਆ ਨੌਕਰੀ ਨਹੀਂ ਲੈ ਸਕਿਆ। ਪਰ ਉਹ ਮੇਰੀ ਮਦਦ ਨਹੀਂ ਕਰ ਸਕਿਆ। ਉਸ ਨੇ ਕਿਹਾ ਕਿ ਉਹ ਵੀ ਪੜ੍ਹਾਈ ਲਈ ਅਮਰੀਕਾ ਜਾ ਰਿਹਾ ਹੈ, ਪਰ ਉਸ ਨੇ ਇਹ ਨਹੀਂ ਦੱਸਿਆ ਕਿ ਉਸ ਦਾ ਇਰਾਦਾ ਕਿਹੜੀ ਪੜ੍ਹਾਈ ਕਰਨ ਦਾ ਸੀ।"

ਲਿਹਾਜ਼ਾ ਜੋਧ ਸਿੰਘ ਇਕ ਵਾਰ ਫਿਰ ਅੱਗੇ ਤੁਰ ਗਿਆ, ਇਸ ਵਾਰ ਬਰਲਿਨ। ਉਥੇ ਉਸ ਨੇ ਜਿਹੜੇ ਦੋ ਸਾਲ ਬਿਤਾਏ, ਉਸ ਨੇ ਚੇਤੇ ਕੀਤਾ, "ਮੈਨੂੰ ਪੈਰਿਸ ਤੋਂ ਮੈਡਮ ਕਾਮਾ ਦੇ ਖ਼ਤ ਆਉਂਦੇ ਰਹਿੰਦੇ ਸਨ, ਜਿਨ੍ਹਾਂ ਵਿਚ ਮੈਨੂੰ ਉਥੇ ਜਾ ਕੇ ਉਨ੍ਹਾਂ ਦੇ *ਬੰਦੇ ਮਾਤਰਮ* ਦੇ ਅਮਲੇ ਦਾ ਮੈਂਬਰ ਬਣਨ, ਅਤੇ ਉਨ੍ਹਾਂ ਦੇ ਕੰਮ 'ਚ ਹੱਥ ਵਟਾਉਣ ਲਈ ਕਿਹਾ ਜਾਂਦਾ ਸੀ। ਲਹਿਰ ਦੀ ਬੇਬੇ ਉਸ ਨੂੰ ਪਰਚੇ ਲਈ ਕੁਝ ਲਿਖਣ ਲਈ ਵੀ ਕਹਿੰਦੀ ਰਹਿੰਦੀ। ਉਸ ਨੇ ਮੰਨਿਆ, "ਉਸ ਦੇ ਹਿੰਦ ਲਈ ਹੋਮ ਰੂਲ ਦੇ ਖ਼ਿਆਲ ਪਹਿਲਾਂ ਹੀ ਸਨ, ਤੇ ਮੈਡਮ ਕਾਮਾ ਦੇ ਖ਼ਤਾਂ ਨੇ ਮੇਰੇ ਤਸੱਵਰ ਨੂੰ ਹੋਰ ਜ਼ਿਆਦਾ ਪ੍ਰਭਾਵਤ ਕੀਤਾ।" ਪਰ ਅਗਲੇ ਦਿਨਾਂ ਦੀ ਖ਼ਤੋ-ਕਿਤਾਬਤ ਵਿਚ ਉਸ ਨੇ ਮਜਬੂਰੀ ਦੱਸੀ ਕਿ ਭਾਵੇਂ ਉਹ ਇਕ ਦੇਸ਼ਭਗਤ ਹੈ ਜਿਸ ਦੀ ਉਨ੍ਹਾਂ ਦੇ ਕਾਜ ਨਾਲ ਪੂਰੀ ਹਮਦਰਦੀ ਸੀ, ਪਰ ਉਹ ਕੰਮ ਵਿਚ ਐਨਾ ਖੁੱਭਿਆ ਹੋਇਆ ਸੀ ਕਿ ਹਾਲ ਦੀ ਘੜੀ ਕੁਝ ਲਿਖਣਾ ਉਸ ਦੇ ਵੱਸ ਦੀ ਗੱਲ ਨਹੀਂ।

ਅਕਤੂਬਰ 1910 'ਚ ਉਹ ਸਮੁੰਦਰੀ ਜਹਾਜ਼ ਰਾਹੀਂ ਰੀਓ ਡੀ ਜਨੇਰੋ ਲਈ ਰਵਾਨਾ ਹੋਇਆ, ਜਿਥੇ ਉਸ ਦਾ ਇਰਾਦਾ ਬਰਾਜ਼ੀਲ ਵਿਚ ਹਿੰਦੀ ਪਰਦੇਸੀਆਂ ਦੀ ਵੱਡੀ ਤਾਦਾਦ ਦੀ ਸੇਵਾ ਲਈ ਕਾਰੋਬਾਰ ਸਥਾਪਤ ਕਰਨ ਦਾ ਸੀ; "ਬਾਅਦ ਵਿਚ ਮੈਂ ਸੋਚਣਾ ਸ਼ੁਰੂ ਕਰ ਦਿੱਤਾ ਕਿ ਇਹ ਵਧੀਆ ਰਹੇਗਾ ਜੇ ਮੈਂ ਸਿਰਫ਼ ਉਨ੍ਹਾਂ ਨੂੰ ਇਕਜੁੱਟ ਕਰਕੇ ਉਨ੍ਹਾਂ ਨੂੰ ਆਮ ਤਾਲੀਮ ਦੇ ਸਕਾਂ, ਤਾਂ ਕਿ ਹੋਰ ਲੋਕ ਹਿੰਦੀਆਂ ਨੂੰ ਅਗਿਆਨੀ ਤੇ ਅਨਪੜ੍ਹ ਕਹਿ ਕੇ ਲਾਹਣਤ ਨਾ ਪਾ ਸਕਣ।" ਉਸ ਨੇ ਮੈਡੀਕਲ ਦੇ ਵਿਦਿਆਰਥੀ ਨਿਰੰਜਣ ਸਿੰਘ ਨਾਲ ਮਿਲਕੇ ਜੋ ਹਿੰਦੀਆਂ ਦੀ ਹਾਲਤ ਸੁਧਾਰਨ ਦੇ ਇਸੇ ਤਰ੍ਹਾਂ ਦੇ ਉਦੇਸ਼ ਨਾਲ ਕਲਕੱਤਾ ਤੋਂ ਇਥੇ ਨਵਾਂ ਆਇਆ ਸੀ, ਇਮੀਗਰੇਸ਼ਨ ਨੂੰ ਸੁਖਾਲਾ ਬਣਾਉਣ ਲਈ ਬਰਾਜ਼ੀਲ ਹਕੂਮਤ ਤੱਕ ਪਹੁੰਚ ਕੀਤੀ। ਪਰ ਤਸੱਲੀਬਖ਼ਸ਼ ਹੁੰਗਾਰਾ ਨਹੀਂ ਮਿਲਿਆ। ਲਿਹਾਜ਼ਾ ਜੋਧ ਸਿੰਘ ਆਪਣੀ ਜਰਮਨ ਰੋਜ਼ਗਾਰਦਾਤਾ, ਸੀਮਨਜ਼ ਐਂਡ ਹਾਲਸਕੇ, ਦੀ ਬਦੇਸ਼ ਸ਼ਾਖਾ ਵਿਚ ਕੰਮ ਕਰਦਾ ਰਿਹਾ, ਅਤੇ ਫਿਰ ਅਗਲੇ ਚਾਰਾਂ ਸਾਲਾਂ ਤੱਕ ਹੋਰ ਕੰਪਨੀਆਂ ਲਈ ਕੰਮ ਕਰਦਾ ਰਿਹਾ।

ਫਿਰ ਫਰਵਰੀ 1915 'ਚ, ਉਸ ਨੂੰ ਇਕ ਐਸੇ ਬੰਦੇ ਦੀ ਅਭਾਗੀ ਚਿੱਠੀ ਮਿਲੀ ਜਿਸ ਨੇ ਆਪਣਾ ਨਾਂ "ਮਿਰਜ਼ਾ ਹਸਨ ਖਾਨ" ਦੱਸਿਆ ਸੀ ਜੋ ਉਸ ਨੂੰ ਮਿਲਣਾ ਚਾਹੁੰਦਾ ਸੀ। ਉਹ ਖਾਨ ਦੇ ਹੋਟਲ 'ਚ ਉਸ ਨੂੰ ਮਿਲਣ ਲਈ ਸਹਿਮਤ ਹੋ ਗਿਆ। ਅਜਨਬੀ ਈਰਾਨੀ ਨੇ ਦਾਅਵਾ ਕੀਤਾ ਕਿ ਉਸ ਨੂੰ ਜੋਧ ਸਿੰਘ ਦਾ ਨਾਂ ਮੈਡਮ ਕਾਮਾ ਤੋਂ ਮਿਲਿਆ ਸੀ। ਉਹ ਨੌਕਰੀ ਦੀ ਤਲਾਸ਼ 'ਚ ਸੀ; ਕੀ ਜੋਧ ਸਿੰਘ ਮਦਦ ਕਰ ਸਕਦਾ ਸੀ ? ਜੋਧ ਸਿੰਘ ਪੂਰੀ ਵਾਹ ਲਾਉਣੀ ਮੰਨ ਗਿਆ।

ਜਦੋਂ ਕੁਝ ਦਿਨ ਬਾਅਦ ਉਹ ਦੁਬਾਰਾ ਮਿਲੇ ਤਾਂ ਖਾਨ ਨੇ ਪੁੱਛਿਆ ਕੀ ਉਸ ਨੇ ਅਜੀਤ ਸਿੰਘ ਬਾਰੇ ਸੁਣਿਆ ਹੋਇਆ ਹੈ। "ਮੈਂ ਕਿਹਾ ਮੈਂ *ਗ਼ਦਰ* ਪਰਚਿਆਂ ਵਿਚ ਕਿਸੇ ਅਜੀਤ ਸਿੰਘ ਬਾਰੇ ਪੜ੍ਹਿਆ ਸੀ ਜੋ ਈਰਾਨ ਤੋਂ ਪੈਰਿਸ ਆਇਆ ਸੀ।" ਫਿਰ ਅਜਨਬੀ ਨੇ ਭੇਤ ਖੋਲ੍ਹਿਆ ਕਿ ਉਹ ਮਸ਼ਹੂਰ ਜਲਾਵਤਨ ਹੋਰ ਕੋਈ ਨਹੀਂ ਉਹ ਖ਼ੁਦ ਸੀ।

ਇਸ ਸਮੇਂ ਜੋਧ ਸਿੰਘ ਲਗਭਗ ਦੋ ਮਹੀਨੇ ਤੋਂ *ਗ਼ਦਰ* ਪੜ੍ਹਦਾ ਆ ਰਿਹਾ ਸੀ। ਰੀਓ ਡੀ ਜਨੇਰੋ ਦੇ ਸਿੱਖਾਂ ਕੋਲ ਇਹ ਪਰਚਾ ਦੇਖ ਕੇ ਉਸ ਦੀ ਸਾਨ ਫਰਾਂਸਿਸਕੋ ਨੂੰ ਚਿੱਠੀ ਲਿਖ ਕੇ ਬਾਕਾਇਦਾ ਪਾਠਕਾਂ ਦੀ ਸੂਚੀ ਵਿਚ ਆਪਣਾ ਨਾਂ ਦਰਜ਼ ਕਰਾਉਣ ਦੀ ਚੋਖੀ ਰੁਚੀ ਪੈਦਾ ਹੋ ਗਈ ਸੀ। ਉਸ ਨੇ ਯੁਗਾਂਤਰ ਆਸ਼ਰਮ ਨੂੰ ਆਪਣੇ ਹਿੰਦੀ ਮਿੱਤਰਾਂ ਤੋਂ ਇਕੱਠੇ ਕਰਕੇ 25 ਡਾਲਰ ਫੰਡ ਵੀ ਭੇਜਿਆ। ਜ਼ਾਹਰਾ ਤੌਰ 'ਤੇ ਅਜੀਤ ਸਿੰਘ ਜੋਧ ਸਿੰਘ ਦੀ ਹਮਦਰਦੀ ਅਤੇ ਕਾਬਲੀਅਤ ਤੋਂ ਕਾਫ਼ੀ ਸੰਤੁਸ਼ਟ ਸੀ। ਛੇਤੀ ਬਾਅਦ ਉਸ ਨੇ ਇਕ ਤਜਵੀਜ਼ ਉਸ ਅੱਗੇ ਰੱਖੀ। ਕੀ ਜੋਧ ਸਿੰਘ ਇਕ ਬਹੁਤ ਹੀ ਅਹਿਮ ਕਾਰਜ ਦੀ ਜ਼ਿੰਮੇਵਾਰੀ ਲੈਣੀ ਚਾਹੇਗਾ ? ਕੰਮ ਬਹੁਤ ਜ਼ਰੂਰੀ ਸੀ; ਉਸ ਨੂੰ ਨੌਕਰੀ ਤੋਂ ਅਸਤੀਫ਼ਾ ਦੇ ਕੇ ਤੁਰੰਤ ਰਵਾਨਾ ਹੋਣਾ ਪਵੇਗਾ। ਜੋਧ ਸਿੰਘ ਝਿਜਕਿਆ, ਉਸ ਨੂੰ ਡਰ ਸੀ ਕਿ ਜੇ ਉਸ ਨੇ ਇਕ ਮਹੀਨਾ ਅਗਾਊਂ ਨੋਟਿਸ ਨਾ ਦੇ ਕੇ ਨੌਕਰੀ ਛੱਡੀ ਉਸ ਦੀ ਬਕਾਇਆ ਤਨਖ਼ਾਹ ਜ਼ਬਤ ਹੋ ਜਾਵੇਗੀ। ਪਰ ਅਜੀਤ ਸਿੰਘ ਨੇ ਉਸ ਨੂੰ ਭਰੋਸਾ ਦਿਵਾਇਆ ਕਿ ਵਿਤੀ ਪੱਖੋਂ ਉਸ ਦਾ ਧਿਆਨ ਰੱਖਿਆ ਜਾਵੇਗਾ। ਉਹ ਅਜੇ ਕੰਮ ਦੀ ਤਫ਼ਸੀਲ ਨਹੀਂ ਸੀ ਦੱਸ ਸਕਦਾ, ਪਰ ਜੇ ਉਹ ਬਰਲਿਨ ਵਿਚ ਮਿਲ ਸਕਣ ਤਾਂ ਸਭ ਕੁਝ ਦੱਸ ਦਿੱਤਾ ਜਾਵੇਗਾ।

ਪੰਦਰਾਂ ਦਿਨ ਪਿੱਛੋਂ ਜੋਧ ਸਿੰਘ "ਮਿਰਜ਼ਾ ਹਸਨ ਖਾਨ ਦੇ ਪਾਸਪੋਰਟ" ਉੱਪਰ ਐਟਲਾਂਟਿਕ ਪਾਰ ਕਰ ਰਿਹਾ ਸੀ।[67] ਬਰਲਿਨ ਵਿਚ ਚੱਟੋ ਅਤੇ ਹਰਦਿਆਲ ਉਸ ਨੂੰ ਆ ਕੇ ਲੈ ਗਏ। ਭਾਵੇਂ ਅਜੀਤ ਸਿੰਘ ਉਥੇ ਨਹੀਂ ਪਹੁੰਚ ਸਕਿਆ ਜਿਵੇਂ ਉਸ ਨੇ ਕਿਹਾ ਸੀ, ਅਗਲੇ ਮਹੀਨੇ ਜੋਧ ਸਿੰਘ "ਉਸ ਸੋਸਾਇਟੀ ਦੇ ਪ੍ਰਮੁੱਖ ਆਗੂਆਂ", ਡਾ. ਹਾਫ਼ਿਜ਼, ਡਾ. ਪ੍ਰਭਾਕਰ, ਡਾ. ਮਨਸੂਰ, ਅਤੇ ਡਾ. ਬਰਕਤਉੱਲਾ ਨੂੰ ਮਿਲਿਆ "ਜੋ ਇੰਡੀਅਨ ਰੈਵੋਲੂਸ਼ਨਰੀ ਸੋਸਾਇਟੀ ਵਜੋਂ ਜਾਣੀ ਜਾਂਦੀ ਸੀ।" ਉਹ ਕੁਝ ਮੀਟਿੰਗਾਂ ਵਿਚ ਵੀ ਸ਼ਾਮਲ ਹੋਇਆ: "ਖ਼ਾਸ ਕਰਕੇ ਇਕ ਮੀਟਿੰਗ ਮੈਨੂੰ ਚੇਤੇ ਹੈ.... ਜਿਸ ਵਿਚ ਬਹੁਤ ਸਾਰੇ ਜਰਮਨ, ਈਰਾਨੀ, ਤੁਰਕ, ਅਤੇ ਹਿੰਦੀ ਸ਼ਾਮਲ ਸਨ।" ਓਪੇਨਹੇਮ ਦੀ ਪ੍ਰਧਾਨਗੀ ਹੇਠ "ਹਰਦਿਆਲ ਕਾਫ਼ੀ ਲੰਮਾ ਵਕਤ ਬੋਲਿਆ। ਉਸ ਦੀ ਤਕਰੀਰ ਦਾ ਨਿਚੋੜ ਇਹ ਸੀ ਕਿ ਹਿੰਦੀਆਂ ਨੂੰ ਜਰਮਨਾਂ ਦੀ ਮਦਦ ਨਾਲ ਹਿੰਦ ਵਿਚ ਗਣਰਾਜ ਕਾਇਮ ਕਰਨ ਦਾ ਯਤਨ ਲਾਜ਼ਮੀ ਕਰਨਾ ਚਾਹੀਦਾ ਹੈ।" ਹਰਦਿਆਲ ਨੇ ਬਾਅਦ 'ਚ ਪੁੱਛਿਆ, ਕੀ ਇਸ ਕਾਜ ਵਿਚ ਜੋਧ ਸਿੰਘ ਰਾਮ ਚੰਦਰ ਦਾ ਹੱਥ ਵਟਾਉਣ ਲਈ ਸਾਨ ਫਰਾਂਸਿਸਕੋ ਜਾਣ ਦਾ ਇੱਛਕ ਹੈ ? "ਮੈਂ *[ਉਸ ਨੂੰ]* ਇਤਲਾਹ ਦੇਣੀ ਸੀ ਕਿ ਜਰਮਨ ਹਕੂਮਤ ਵਿਤੀ ਮਦਦ ਦੇਣ ਲਈ ਤਿਆਰ ਸੀ ਅਤੇ ਗ਼ਦਰ ਪਾਰਟੀ ਦੇ ਨਿਸ਼ਾਨੇ ਨੂੰ ਅੱਗੇ ਵਧਾਉਣ ਲਈ ਸਭ ਕੁਝ ਕੀਤਾ ਜਾਣਾ ਚਾਹੀਦਾ ਹੈ, ਕਿ ਹਿੰਦੀਆਂ ਨੂੰ ਇਕਜੁੱਟ ਕਰਨ ਅਤੇ ਉਨ੍ਹਾਂ ਦੇ ਦਿਮਾਗਾਂ ਵਿਚ ਆਜ਼ਾਦੀ ਤੇ ਗਣਰਾਜੀ ਹਕੂਮਤ ਦੇ ਵਿਚਾਰ ਭਰਨ ਲਈ ਭਰੋਸੇਯੋਗ ਬੰਦਿਆਂ ਨੂੰ ਵੱਖੋ-ਵੱਖਰੀਆਂ ਥਾਂਵਾਂ 'ਤੇ ਭੇਜਣਾ ਹੋਵੇਗਾ।"

ਸਮੁੰਦਰ ਅਤੇ ਮਹਾਂਦੀਪ ਪਾਰ ਕਰਨ ਲਈ ਜੋਧ ਸਿੰਘ ਨੂੰ ਇਕ ਹੋਰ ਪਾਸਪੋਰਟ (ਇਸ ਵਕਤ ਅਲੀ ਹਸਨ ਦੇ ਨਾਂ 'ਤੇ, ਇਹ ਨਾਂ ਪਹਿਲਾਂ ਤੁਰਕੀ ਵਿਚ ਹੇਰੰਬਾ ਲਾਲ ਗੁਪਤਾ ਦੀ ਥਾਂ ਲੈਣ ਵਾਲੇ ਚੰਦਰ ਕਾਂਤ ਚਕਰਵਰਤੀ ਦਾ ਰੱਖਿਆ ਗਿਆ ਸੀ) ਅਤੇ ਜਹਾਜ਼ ਤੇ ਰੇਲ ਦਾ ਕਿਰਾਇਆ ਦਿੱਤਾ ਗਿਆ। ਰਸਤੇ ਵਿਚ ਉਸ ਨੂੰ ਨਿਊ ਯਾਰਕ ਵਿਚ ਗੁਪਤਾ ਨੂੰ ਮਿਲਣ ਦੀ

ਹਦਾਇਤ ਕੀਤੀ ਗਈ। ਸਬੱਬ ਨਾਲ, ਅਪ੍ਰੈਲ ਦੇ ਅਖ਼ੀਰ 'ਚ ਜਦੋਂ ਉਹ ਉਥੇ ਉਤਰਿਆ, ਜਰਮਨ ਕੌਂਸਲੇਟ ਨੇ ਪਹਿਲਾਂ ਉਸ ਨੂੰ *ਗੈਲਿਕ ਅਮੈਰੀਕਨ* ਅਖ਼ਬਾਰ ਦਾ ਸਿਰਨਾਵਾਂ ਦਿੱਤਾ, ਅਤੇ ਉੱਥੋਂ ਉਸ ਨੇ ਗੁਪਤਾ ਨੂੰ ਫ਼ੋਨ ਕਰਕੇ ਪ੍ਰੈੱਸ ਵਿਖੇ ਆ ਕੇ ਮਿਲਣ ਲਈ ਕਿਹਾ। ਪਰ ਜਦੋਂ ਜੋਧ ਸਿੰਘ ਨੇ ਉਸ ਦੇ ਸੁਨੇਹੇ ਦਿੱਤੇ, ਤਾਂ ਗੁਪਤਾ ਨੇ ਉਸ ਨੂੰ ਪ੍ਰੇਰਤ ਕੀਤਾ ਕਿ ਆਸ਼ਰਮ ਨਾਲੋਂ ਉਸ ਦੀ ਲੋੜ ਸਿਆਮ ਵਿਚ ਵੱਧ ਸੀ। ਇਸ ਕਰਕੇ ਜੋਧ ਸਿੰਘ ਕੁਝ ਹੋਰ ਦਿਨ ਨਿਊ ਯਾਰਕ ਵਿਚ ਰਹਿ ਕੇ ਇੰਤਜ਼ਾਰ ਕਰਨ ਲਈ ਰਜ਼ਾਮੰਦ ਹੋ ਗਿਆ ਤਾਂ ਜੋ ਮਿਸ਼ਨ ਦਾ ਵਿਤੀ ਇੰਤਜ਼ਾਮ ਕਰਨ ਵਾਲੇ ਵੇਹਡੀ ਨਾਲ ਮੁਲਾਕਾਤ ਹੋ ਸਕੇ। ਉਹ ਇਕ ਜਰਮਨ ਰੈਸਤਰਾਂ ਵਿਚ ਰਾਤ ਦਾ ਖਾਣਾ ਖਾਣ ਵਕਤ ਉਸੇ ਜ਼ਬਾਨ 'ਚ ਚਰਚਾ ਕਰਨ ਲਈ ਮਿਲੇ – ਜੋ ਜੋਧ ਸਿੰਘ ਨੇ ਰਸਤੇ ਵਿਚ ਅੰਗਰੇਜ਼ੀ ਅਤੇ ਪੁਰਤਗਾਲੀ ਜ਼ਬਾਨਾਂ ਦੇ ਨਾਲ ਸਿੱਖ ਲਈ ਸੀ। ਫਿਰ ਉਹ ਵੇਹਡੀ ਨੂੰ ਸ਼ਿਕਾਗੋ ਵਿਚ ਮਿਲਿਆ, ਜਿਥੇ ਉਸ ਨੂੰ ਬੋਹਿਮ, ਸਟਰਨੈਕ, ਅਤੇ ਵੇਹਡੀ ਦੇ ਮਿੱਤਰ ਜੈਕੋਬਸਨ ਨਾਲ ਮਿਲਾਇਆ ਗਿਆ, "ਲੱਗਦਾ ਸੀ ਉਹ ਡਾ. ਹਾਫਿਜ਼ ਦਾ ਜਿਗਰੀ ਯਾਰ ਸੀ", ਜਿਸ ਨੂੰ ਜੋਧ ਸਿੰਘ ਬਰਲਿਨ ਸਮੇਂ ਤੋਂ ਜਾਣਦਾ ਸੀ। ਪਰ ਜੈਕੋਬਸਨ ਨੇ ਇਸ ਮਾਮਲੇ 'ਚ ਆਪਣੇ ਮੁਲਕ ਦੀ ਰੁਚੀ ਬਾਰੇ ਕੋਈ ਲੁਕ ਲੁਕੋ ਨਾ ਰੱਖਿਆ, ਅਤੇ ਇਹ ਸਾਮਰਾਜਵਾਦ ਦੇ ਵਿਰੋਧ ਦੀ ਵਚਨਬੱਧਤਾ ਨਹੀਂ ਸੀ: "ਉਸ ਨੇ ਕਿਹਾ ਕਿ ਜੇ ਹਿੰਦੀ ਕਾਮਯਾਬ ਹੋ ਗਏ ਤਾਂ ਹਿੰਦ ਦੇ ਵਪਾਰ ਵਿਚ ਜਰਮਨੀ ਨੂੰ ਖੁੱਲ੍ਹ ਖੇਡ ਦੇਣੀ ਹੋਵੇਗੀ।"

ਇਕ ਵਾਰ ਸਾਨ ਫਰਾਂਸਿਸਕੋ ਵਿਚ ਜਾ ਕੇ ਜੋਧ ਸਿੰਘ "ਰਾਮ ਚੰਦਰ ਨੂੰ ਆਸ਼ਰਮ ਵਿਚ ਮਿਲਿਆ, ਉਸ ਨੂੰ ਹਰਦਿਆਲ ਦਾ ਸੁਨੇਹਾ ਦਿੱਤਾ ਅਤੇ ਉਸ ਨੂੰ ਆਪਣੀਆਂ ਬਦਲ ਗਈਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ।" ਉਸ ਨੇ ਇਸ ਦੇ ਹੱਕ 'ਚ ਉਸ ਨੂੰ ਗੁਪਤਾ ਦੀ ਚਿੱਠੀ ਵੀ ਦਿੱਤੀ। ਨਵੇਂ ਆਉਣ ਵਾਲੇ ਦੀਆਂ ਨਜ਼ਰਾਂ ਵਿਚ ਅਸੀਂ ਕਾਰਵਾਈ ਦੇ ਦੂਜੇ ਪੜਾਅ ਦੀ ਝਲਕ ਦੇਖਦੇ ਹਾਂ: ਰਾਮ ਚੰਦਰ "ਉਸ ਨੂੰ ਹੇਠਾਂ ਵਲੈਂਸੀਆ ਸਟਰੀਟ ਵਾਲੇ ਆਪਣੇ ਟਿਕਾਣੇ 'ਤੇ ਲੈ ਗਿਆ, ਤੇ ਗ਼ਦਰ ਪ੍ਰੈੱਸ ਦਿਖਾਈ ਜਿਥੇ ਉਹ ਭੜਕਾਊ ਸਾਹਿਤ ਛਾਪਦੇ ਸਨ। ਕਦੇ ਕਦੇ ਉਹ ਉਸ ਨੂੰ ਕੰਮ ਕਰਦੇ ਹਿੰਦੀ ਮਜ਼ਦੂਰਾਂ ਨੂੰ ਮਿਲਾਉਣ ਲਈ ਵੀ ਲੈ ਜਾਂਦਾ ਤੇ ਉਨ੍ਹਾਂ ਕੋਲ ਵੀ ਜਿਨ੍ਹਾਂ ਨੂੰ ਰਾਮ ਚੰਦਰ ਇਨਕਲਾਬੀ ਲਹਿਰ ਵਿਚ ਸ਼ਾਮਲ ਹੋਣ ਲਈ ਪ੍ਰੇਰ ਰਿਹਾ ਸੀ।" ਮਹਿਮਾਨ ਨੇ ਦੇਖਿਆ "ਕਿ ਆਸ਼ਰਮ ਦੇ ਮਾਮਲਿਆਂ ਦਾ ਸੰਚਾਲਨ ਰਾਮ ਚੰਦਰ ਤੋਂ ਇਲਾਵਾ, ਚਾਰ ਹਿੰਦੀ ਕਰਦੇ ਸਨ, ਨਿਸ਼ਚੇ ਹੀ ਉਹ ਆਗੂ ਹਸਤੀ ਸੀ.... *[ਬਾਕੀ ਦੇ]* ਸਾਰੇ ਗੱਭਰੂ ਹਨ ਜੋ ਵਿਦਿਆਰਥੀਆਂ ਦੀ ਬਜਾਏ ਮਜ਼ਦੂਰ ਲੱਗਦੇ ਹਨ।"

ਰਾਮ ਚੰਦਰ ਜੋਧ ਸਿੰਘ ਨੂੰ ਨਾਲ ਲੈ ਕੇ ਜਾਣ ਲਈ ਕੁਝ ਗ਼ਦਰੀ ਸਾਹਿਤ ਵੀ ਦੇਣਾ ਚਾਹੁੰਦਾ ਸੀ, ਪਰ ਉਸ ਨੇ ਨਾਂਹ ਕਰ ਦਿੱਤੀ; ਜੇ ਤਲਾਸ਼ੀ ਹੋ ਗਈ ਫਿਰ ਕੀ ਬਣੇਗਾ ? ਫਿਰ ਸੰਪਾਦਕ ਨੇ ਉਸ ਨੂੰ ਇਕ 'ਖੁੱਲ੍ਹੀ ਚਿੱਠੀ ਦਿੱਤੀ ਜੋ ਮਨੀਲਾ ਵਿਚ ਭਗਵਾਨ ਸਿੰਘ ਨੂੰ ਲਿਖੀ ਗਈ ਸੀ," ਉਸ ਨੂੰ ਸਿਆਮ ਅਤੇ ਬਟਾਵੀਆ ਵਿਚ ਪ੍ਰੈੱਸ ਲਾਉਣ ਲਈ ਕਿਹਾ ਗਿਆ ਸੀ, ਅਤੇ ਨਾਲ ਹੀ ਇਹ ਕਿਹਾ ਗਿਆ ਸੀ ਕਿ ਹਿੰਦੁਸਤਾਨ ਲਈ ਕੁਝ ਪੈਸਾ ਅਤੇ ਨਾਲ ਹੀ ਸ਼ੰਘਾਈ ਤੇ ਨਾਨਕਿੰਗ ਲਈ ਪ੍ਰਚਾਰਕ ਭੇਜੇ ਗਏ ਸਨ, "ਕਿਉਂਕਿ ਉਥੇ ਉਨ੍ਹਾਂ ਦੀ ਵੱਡੀ ਮੰਗ ਹੈ।" ਜੋਧ ਸਿੰਘ ਨੇ ਦੱਸਿਆ ਕਿ ਬਦਕਿਸਮਤੀ ਨਾਲ ਇਹ ਚਿੱਠੀ ਵੀ ਫੜੀ ਗਈ। ਉਸ ਨੇ ਇਹ ਤੱਥ ਨੋਟ ਕੀਤਾ ਕਿ ਰਾਮ ਚੰਦਰ ਪਹਿਲਾਂ ਹੀ ਦਰਜਨ ਦੇ ਕਰੀਬ ਚਿੱਠੀਆਂ ਭੇਜ ਚੁੱਕਾ ਸੀ, ਜਿਨ੍ਹਾਂ ਵਿੱਚੋਂ ਕੋਈ ਵੀ ਨਹੀਂ ਸੀ ਪਹੁੰਚੀ, ਜੋ ਸ਼ਾਇਦ "ਦਰਸਾਉਂਦਾ ਸੀ ਕਿ ਦੁਸ਼ਮਣ ਚੁਕੰਨਾ ਸੀ।"

ਇਸੇ ਦੌਰਾਨ, ਬਰਮਾ ਵਿਚ ਬੰਦੋਬਸਤ ਕਰਨ ਲਈ ਗ਼ਦਰੀ ਮੈਂਬਰ ਸੋਹਣ ਲਾਲ ਪਾਠਕ

ਅਤੇ ਹਰਨਾਮ ਸਿੰਘ ਸਾਹਰੀ ਸਾਨ ਫਰਾਂਸਿਸਕੋ ਤੋਂ ਕੁਝ ਹੋਰ ਚਿੱਠੀਆਂ ਲੈ ਕੇ ਜਨਵਰੀ 1915 'ਚ ਬੈਂਕਾਕ ਆ ਗਏ ਸਨ। ਪਾਠਕ ਕਈ ਸਾਲ ਸਿਆਮ ਵਿਚ ਫੇਰੀ ਲਾਉਣ ਦਾ ਕੰਮ ਕਰਦਾ ਰਿਹਾ ਸੀ, ਫਿਰ ਐਨ ਗ਼ਦਰ ਲਹਿਰ ਦੀ ਬਗ਼ਾਵਤ ਸਮੇਂ, ਹਾਂਗਕਾਂਗ ਤੇ ਮਨੀਲਾ ਵਿੱਚੋਂ ਦੀ ਹੋ ਕੇ ਓਰੇਗਨ ਵਿਚ ਕਾਰਵਾਲਿਸ ਯੂਨੀਵਰਸਿਟੀ ਵਿਚ ਫਾਰਮੇਸੀ ਦਾ ਕੋਰਸ ਕਰਨ ਲਈ ਚਲ ਪਿਆ ਸੀ।[68] ਸਾਹਰੀ ਨੂੰ *ਕਾਮਾਗਾਟਾ ਮਾਰੂ* ਦੇ ਮੁਸਾਫ਼ਰਾਂ ਲਈ ਹਥਿਆਰ ਹਾਸਲ ਕਰਨ ਦੇ ਯਤਨ 'ਚ ਗ਼ੈਰਕਾਨੂੰਨੀ ਦਾਖ਼ਲ ਹੋਣ 'ਤੇ ਸਾਨ ਫਰਾਂਸਿਸਕੋ ਤੋਂ ਵਾਪਸ ਭੇਜ ਦਿੱਤਾ ਗਿਆ ਸੀ। ਓਦੋਂ ਤੋਂ ਹੀ ਉਹ ਕਿਸੇ ਅੰਗਰੇਜ਼ ਬੰਦਰਗਾਹ ਉੱਪਰ ਉਤਰਨ ਤੋਂ ਡਰਦਾ ਯੋਕੋਹਾਮਾ ਵਿਚ ਇੰਤਜ਼ਾਰ ਕਰ ਰਿਹਾ ਸੀ, ਕਿ ਕਿਤੇ ਉਸ ਨੂੰ ਗ੍ਰਿਫ਼ਤਾਰ ਨਾ ਕਰ ਲਿਆ ਜਾਵੇ। ਪੰਜ ਹੋਰ ਜਣਿਆਂ ਨਾਲ ਮਿਲ ਕੇ ਉਨ੍ਹਾਂ ਨੇ ਫਰਵਰੀ ਦੇ ਅਖ਼ੀਰ ਜਾਂ ਮਾਰਚ ਦੇ ਸ਼ੁਰੂ 'ਚ ਬਰਮਾ ਦੀ ਸਰਹੱਦ ਪਾਰ ਕੀਤੀ ਅਤੇ ਰੰਗੂਨ ਵਿਚ "ਗ਼ਦਰ ਪਾਰਟੀ ਦੀ ਰਿਹਾਇਸ਼ ਅਤੇ ਮੀਟਿੰਗਾਂ ਕਰਨ ਦੇ ਟਿਕਾਣੇ ਦੇ ਰੂਪ 'ਚ ਇਕ ਕੇਂਦਰ ਬਣਾ ਲਿਆ ਜਿਸ ਰਾਹੀਂ ਉਨ੍ਹਾਂ ਨੂੰ ਸਿਆਮ ਤੇ ਹਿੰਦ ਦਰਮਿਆਨ ਚੋਰੀ-ਛੁਪੇ ਹਥਿਆਰ, ਸਾਹਿਤ ਅਤੇ ਲੜਾਕੂ ਭੇਜਣ ਦੀ ਆਸ ਸੀ। ਫਿਰ ਉਨ੍ਹਾਂ ਨੇ ਆਪਣੇ ਕਾਜ ਦੀ ਵਕਾਲਤ ਕਰਦਿਆਂ ਬਰਮਾ ਦੇ ਸਿੱਖ ਗੁਰਦੁਆਰਿਆਂ ਵਿਚ ਗੇੜਾ ਮਾਰਿਆ। ਉਨ੍ਹਾਂ ਨੇ ਗ਼ਦਰ ਦੀਆਂ ਡੁਪਲੀਕੇਟ ਕਾਪੀਆਂ ਤਿਆਰ ਕਰਨ ਲਈ ਪਾਖੋ ਵਿਚ ਇੰਤਜ਼ਾਮ ਕੀਤਾ, ਜੋ ਅੱਗੇ ਚਾਲੀਆ ਰਾਮ ਉਰਫ਼ ਪ੍ਰਿੰਸ ਚਾਰਲੀ ਨਾਂ ਦੇ ਇਕ ਮੈਂਬਰ ਰਾਹੀਂ ਬਰਮਾ ਭੇਜੇ ਜਾਂਦੇ ਸਨ। ਉਸ ਬਸੰਤ 'ਚ ਤਿੰਨ ਨਵੇਂ ਸਾਜ਼ਿਸ਼ੀ ਸ਼ੰਘਾਈ ਦੇ ਜਰਮਨ ਸੰਪਰਕਾਂ ਦੇ ਸੁਨੇਹੇ ਤੇ ਪੈਸਾ ਲੈ ਕੇ ਉਥੇ ਆਏ।[69] ਜੂਨ ਵਿਚ ਬਰਮਾ-ਸਿਆਮ ਸਰਹੱਦ ਉੱਪਰ ਮੀਆਵਾੜੀ ਵਿਚ "ਬਾਗ਼ੀ ਸਾਹਿਤ ਦਾ ਵੱਡਾ ਪਾਰਸਲ" ਜ਼ਬਤ ਕੀਤਾ ਗਿਆ, ਜਿਸ ਵਿਚ ਗ਼ਦਰ ਦੀਆਂ ਦੋ ਸੌ ਉਰਦੂ, ਗੁਰਮੁਖੀ ਤੇ ਹਿੰਦੀ ਕਾਪੀਆਂ ਅਤੇ ਇਕ ਹਜ਼ਾਰ ਉਥੇ ਛਾਪੇ ਗਏ ਲੀਫਲੈੱਟ ਦੀਆਂ ਕਾਪੀਆਂ ਸ਼ਾਮਲ ਸਨ। "ਇਕ ਸੀ ਗ਼ਦਰ ਵਿੱਚੋਂ ਕਵਿਤਾ, ਜਿਸ ਤੋਂ ਅੱਗੇ ਇਕ ਨਿੱਕੀ ਜਹੀ ਮੌਲਿਕ ਨਜ਼ਮ ਸੀ, ਅਤੇ ਦੂਜਾ, ਅੰਗਰੇਜ਼ ਹਕੂਮਤ ਤੇ ਅੰਗਰੇਜ਼ੀ ਉੱਪਰ ਬੋਲ-ਕੁਬੋਲਾਂ ਦੇ ਰੂਪ 'ਚ ਹਮਲਾ ਸੀ ਜਿਸ ਦਾ ਸਿਰਲੇਖ ਸੀ 'ਫ਼ੌਜੀ ਭਰਾਵਾਂ ਦੇ ਨਾਂ ਸੁਨੇਹਾ'।"[70]

ਪਰ ਇਹ ਤਾਂ ਇਕ ਛੋਟਾ ਮਸਲਾ ਸੀ; ਹੋਰ ਕੁਮਕ ਕੈਲੀਫੋਰਨੀਆ ਤੋਂ ਆ ਰਹੀ ਸੀ। ਜਦੋਂ ਜੋਧ ਸਿੰਘ ਨੇ ਮੀਟਿੰਗਾਂ ਅਤੇ ਪੈਸੇ ਦੇ ਲੈਣ-ਦੇਣ ਦੇ ਘੜਮੱਸ ਦੌਰਾਨ ਉੱਥੋਂ ਰਵਾਨਾ ਹੋਣ ਦੀ ਤਿਆਰੀ ਕੀਤੀ, ਓਦੋਂ ਚਿੱਠੀਆਂ ਤੇ ਸੰਪਰਕਾਂ ਦਾ ਆਦਾਨ-ਪ੍ਰਦਾਨ ਹੋਇਆ, ਅਤੇ ਕੌਂਸਲੇਟ ਵਿਚ ਹਥਿਆਰ ਤੇ ਪੈਸਾ ਲੁਕੋ ਕੇ ਭੇਜਣ ਦੇ ਇੰਤਜ਼ਾਮ ਕੀਤੇ ਗਏ ਜਾਂ ਇਹ ਹਾਸਲ ਕੀਤੇ ਗਏ। ਕੁਝ ਘਚੋਲਾ ਪਹਿਲਾਂ ਹੀ ਦਿਖਾਈ ਦੇ ਰਿਹਾ ਸੀ; ਇਹ ਘਾਤਕ ਨਾਕਾਬਲੀਅਤ ਕਾਰਨ ਸੀ ਜਾਂ ਸ਼ਾਤਰ ਟਾਲਮਟੋਲ ਕਾਰਨ ਇਹ ਸਪਸ਼ਟ ਨਹੀਂ ਹੈ।[71] ਨਾ ਹੀ ਜੋਧ ਸਿੰਘ ਨੂੰ ਓਦੋਂ ਤੱਕ, ਜਦੋਂ ਤੱਕ ਉਹ *ਟੈਨੀਓ ਮਾਰੋ* ਉੱਪਰ ਸਵਾਰ ਨਹੀਂ ਗਏ, ਇਹ ਦੱਸਿਆ ਗਿਆ ਕਿ ਉਹ ਆਸ਼ਰਮ ਵਿਚ ਜਿਸ ਬੇਪਛਾਣ ਬੰਗਾਲੀ ਨੂੰ ਮਿਲਿਆ ਸੀ ਉਹ ਸੁਕੁਮਾਰ ਚੈਟਰਜੀ ਸੀ ਜਿਸ ਨੇ ਉਸ ਦੇ ਨਾਲ ਮਿਲਕੇ ਕੰਮ ਕਰਨਾ ਸੀ। ਹਾਲਾਂਕਿ ਚੈਟਰਜੀ "ਸਪਸ਼ਟ ਤੌਰ 'ਤੇ ਮੈਨੂੰ ਲੱਭ ਰਿਹਾ ਸੀ।" ਚੈਟਰਜੀ ਨੇ ਦੱਸਿਆ ਕਿ ਉਹ ਤੇ ਉਸ ਦਾ ਸਾਥੀ ਚੇਂਚਈਆ ਵੀ ਮਨੀਲਾ ਜਾ ਰਹੇ ਸਨ, ਅਤੇ ਜੋਧ ਸਿੰਘ ਨੇ "ਉਨ੍ਹਾਂ ਦੀ ਪੈਸੇ ਦੇ ਕੇ ਮਦਦ ਕਰਨੀ ਸੀ।" ਜੋਧ ਸਿੰਘ ਨੇ ਪੂਰੀ ਸਿਆਣਪ ਨਾਲ ਜਵਾਬ ਦਿੱਤਾ ਕਿ ਉਹ "ਚੇਂਚਈਆ ਬਾਰੇ ਕੁਝ ਨਹੀਂ ਜਾਣਦਾ ਸੀ ਅਤੇ, ਕਿਉਂਕਿ ਮੈਨੂੰ ਕੋਈ ਹਦਾਇਤ ਨਹੀਂ ਸੀ, ਮੈਂ ਉਸ ਖ਼ਾਤਰ ਕੁਝ ਨਹੀਂ ਸੀ ਕਰ ਸਕਦਾ। ਬਾਅਦ 'ਚ, ਉਹ ਆਪ ਆ ਕੇ ਮੈਨੂੰ ਮਿਲਿਆ, ਪਰ ਉਸ ਨੇ ਮੈਨੂੰ ਆਪਣੀ ਮਨਸ਼ਾ ਨਹੀਂ ਦੱਸੀ, ਨਾ ਹੀ ਮੈਂ ਉਸ ਨੂੰ ਆਪਣੀ ਦੱਸੀ।"

ਜ਼ੈੱਡ ਅਨੁਸਾਰ, ਉਨ੍ਹਾਂ ਨੂੰ ਸੌਂਪੇ ਗਏ ਕੰਮ ਦਾ ਉਦੇਸ਼ "ਰੇਲ ਪਟੜੀ ਬਣਾ ਰਹੇ ਜਰਮਨ ਅਫ਼ਸਰਾਂ ਅਤੇ ਉਨ੍ਹਾਂ ਦੇ ਪੰਜਾਬੀ ਓਵਰਸੀਅਰਾਂ ਤੇ ਸਰਵੇਅਰਾਂ" ਤੋਂ ਚੁਣਵੀਂ ਜਾਣਕਾਰੀ ਲੈ ਕੇ "ਮੁੱਢਲੀ ਤਿਆਰੀ ਕਰਨਾ ਅਤੇ ਇਨ੍ਹਾਂ ਸਾਰੀਆਂ ਕਾਰਵਾਈਆਂ ਦਾ ਸੰਚਾਲਨ ਕਰਨ ਲਈ ਥਾਂਵਾਂ ਤੇ ਜੰਗਲਾਂ ਦੀ ਸਿਫ਼ਾਰਸ਼ ਕਰਨਾ.... ਥਾਂਵਾਂ ਦਾ ਸਰਵੇਖਣ ਕਰਨਾ ਅਤੇ ਮਨਜ਼ੂਰੀ ਲਈ ਤਸਵੀਰਾਂ ਭੇਜਣਾ ਸੀ।"[72] ਜੋਧ ਸਿੰਘ ਦੇ ਦੱਸਣ ਅਨੁਸਾਰ, ਦਰ ਅਸਲ ਜਦੋਂ ਜਹਾਜ਼ ਮਨੀਲਾ ਦੀ ਬੰਦਰਗਾਹ 'ਤੇ ਲੱਗਿਆ ਓਦੋਂ ਹੀ ਇਹ ਸਾਫ਼ ਹੋਇਆ ਕਿ ਉਹ ਤੇ ਚੈਟਰਜੀ ਇੱਕੋ ਹੀ ਸਾਂਝੇ ਮਿਸ਼ਨ 'ਤੇ ਭੇਜੇ ਗਏ ਸਨ ਤੇ ਉਹ ਇਕ ਦੂਜੇ ਦੀ ਭੂਮਿਕਾ ਜਾਣਦੇ ਸਨ। ਉਹ ਵੀ ਓਦੋਂ ਜਦੋਂ ਮਨੀਲਾ ਦੇ ਜਰਮਨ ਕੌਂਸਲ (ਉਸ ਨੂੰ ਵੀ ਚੇਂਚਈਆ ਬਾਰੇ ਕੁਝ ਨਹੀਂ ਸੀ ਪਤਾ) ਨੇ ਸਾਨ ਫਰਾਂਸਿਸਕੋ ਵਿਚ ਬੋਹਿਮ ਨੂੰ ਤਾਰ ਦੇ ਕੇ ਇਹ ਤਸਦੀਕ ਕਰ ਲਈ ਕਿ ਚੇਂਚਈਆ ਸੱਚੀਓਂ ਹੀ ਇਸ ਯੋਜਨਾ ਦਾ ਹਿੱਸਾ ਸੀ ਅਤੇ ਉਸ ਨੂੰ ਪੈਸਾ ਦੇ ਦਿੱਤਾ ਜਾਵੇ। (ਜੋਧ ਸਿੰਘ ਨੇ ਉਸ ਨੂੰ 100 ਡਾਲਰ ਦੇ ਦਿੱਤੇ।)

ਤੇ ਘਚੋਲਾ ਹੋਰ ਵਧਦਾ ਗਿਆ; ਜੋਧ ਸਿੰਘ ਨੂੰ ਇਥੇ ਬਦਸ਼ਗਨ ਅਫਰਾ-ਤਫਰੀ ਦੀ ਝਲਕ ਨਜ਼ਰ ਆਈ। ਬੋਹਿਮ ਨੇ "ਸ਼ਿਕਾਇਤ ਕੀਤੀ ਕਿ ਜਦੋਂ ਉਹ ਆਇਆ ਸੀ ਓਦੋਂ ਤੱਕ ਸਿਆਮ ਦੀ ਮੁਹਿੰਮ ਬਾਰੇ ਵਿਸਤਾਰ 'ਚ ਕੁਝ ਵੀ ਤੈਅ ਨਹੀਂ ਸੀ ਹੋਇਆ ਅਤੇ ਕਿ ਹਰ ਚੀਜ਼ ਉਸ ਨੇ ਖ਼ੁਦ ਹੀ ਕਰਨੀ ਸੀ।" ਜਦੋਂ ਉਹ ਜਰਮਨ ਕੌਂਸਲ ਨੂੰ ਮਿਲੇ, ਲੱਗਦਾ ਸੀ ਉਸ ਦੇ ਵੀ ਮਿਸ਼ਨ ਚਿੱਤ ਚੇਤੇ ਨਹੀਂ ਸੀ, ਉਹ ਵੀ ਬਰਲਿਨ ਵਿਚ ਰਸਦ ਦੀ ਹਾਲਤ ਅਤੇ ਉਥੇ ਉਸ ਵਕਤ ਕਿੰਨੇ ਕੈਦੀ ਸਨ ਉਸ ਦੇ ਬਾਰੇ ਪੁੱਛ ਪੜਤਾਲ ਕਰ ਰਿਹਾ ਸੀ। ਉਸ ਨੂੰ ਤੇ ਬੋਹਿਮ ਨੂੰ ਉਮੀਦ ਸੀ ਕਿ ਜੋਧ ਸਿੰਘ ਹਿੰਦ ਦੇ ਸਮੁੰਦਰੀ ਕੰਢੇ ਉੱਪਰ "ਚਿਕਾਕੋਲ" ਨਾਂ ਦੀ ਥਾਂ ਦੀ ਨਿਸ਼ਾਨਦੇਹੀ ਕਰਨ 'ਚ ਮਦਦ ਕਰ ਸਕਦਾ ਸੀ। ਇਸ 'ਤੇ ਜੋਧ ਸਿੰਘ ਬੇਯਕੀਨੀ ਨਾਲ ਨਕਸ਼ੇ ਦੀ ਫਰੋਲਾ-ਫਰੋਲੀ ਕਰਨ ਲੱਗਿਆ। ਸਾਨ ਫਰਾਂਸਿਸਕੋ ਤੋਂ ਤਾਰ ਰਾਹੀਂ ਸੁਨੇਹਾ ਘੱਲਿਆ ਗਿਆ ਸੀ ਕਿ ਮੈਕਸੀਕੋ ਤੋਂ ਭੇਜੀ ਗਈ ਖੇਪ ਇਸ "ਚਿਕਾਕੋਲ" ਵਿਚ ਲਾਹੀ ਜਾਣੀ ਸੀ ਪਰ ਸੁਨੇਹਾ ਕੋਡ ਵਿਚ ਸੀ, ਕੋਈ ਵੀ ਸਹੀ ਤਰ੍ਹਾਂ ਨਹੀਂ ਸੀ ਦੱਸ ਸਕਦਾ ਕਿ ਇਸ ਦਾ ਭਾਵ ਕੀ ਸੀ। (ਲੱਗਦਾ ਸੀ ਕਿ ਅੰਗਰੇਜ਼ ਖ਼ੁਫ਼ੀਆ ਵਿਭਾਗ ਇਨ੍ਹਾਂ ਕੋਡ ਸੁਨੇਹਿਆਂ ਬਾਰੇ ਸਾਜ਼ਿਸ਼ ਦੇ ਜਰਮਨ ਅਤੇ ਹਿੰਦੀ ਭਾਈਵਾਲਾਂ ਤੋਂ ਬਿਹਤਰ ਜਾਣਦਾ ਸੀ।) ਕੋਈ ਖੇਪ ਨਹੀਂ ਪਹੁੰਚੀ, ਅਤੇ ਉਨ੍ਹਾਂ ਨੂੰ ਸ਼ੱਕ ਪੈਣਾ ਸ਼ੁਰੂ ਹੋ ਗਿਆ – ਇਹ ਸਹੀ ਹੀ ਸੀ – ਕਿ ਇਹ ਰਾਹ ਵਿਚ ਹੀ ਕਿਤੇ ਜ਼ਬਤ ਕਰ ਲਈ ਗਈ ਸੀ। ਇਸ ਤੋਂ ਇਲਾਵਾ, ਜਦੋਂ ਜੋਧ ਸਿੰਘ ਭਗਵਾਨ ਸਿੰਘ ਨੂੰ ਚਿੱਠੀ ਦੇਣ ਲਈ ਸਥਾਨਕ ਗੁਰਦੁਆਰੇ ਗਿਆ ਤਾਂ ਮਾਲੂਮ ਹੋਇਆ ਕਿ ਉਥੇ ਕਿਸੇ ਨੂੰ ਉਸ ਦੀ ਕੋਈ ਉੱਘ-ਸੁੱਘ ਹੀ ਨਹੀਂ ਸੀ। (ਇਹ ਪਤਾ ਲੱਗਿਆ ਕਿ ਉਹ ਤਾਂ ਕੁਝ ਦਿਨ ਪਹਿਲਾਂ ਜਪਾਨ ਚਲਾ ਗਿਆ ਸੀ।)

ਬੋਹਿਮ ਦੀ ਭਰੋਸੇਯੋਗਤਾ ਬਾਰੇ ਆਪਣੇ ਅੰਦਰ ਵਧ ਰਹੀ ਬੇਚੈਨੀ ਤੇ ਸ਼ੱਕ ਦੇ ਬਾਵਜੂਦ, ਜੋਧ ਸਿੰਘ 26 ਜੂਨ ਨੂੰ ਚੈਟਰਜੀ ਤੇ ਚੇਂਚਈਆ ਨੂੰ ਨਾਲ ਲੈ ਕੇ ਮਨੀਲਾ ਤੋਂ ਰਵਾਨਾ ਹੋ ਗਿਆ। ਉਨ੍ਹਾਂ ਤਿੰਨਾਂ ਕੋਲ ਅਮੋਏ ਦੇ ਜਰਮਨ ਕੌਂਸਲ ਦੇ ਨਾਂ ਬੰਦ ਚਿੱਠੀ ਸੀ। ਚਿੱਠੀ ਦੇਣ 'ਤੇ, ਉਨ੍ਹਾਂ ਨੂੰ ਬੈਂਕਾਕ ਚਲੇ ਜਾਣ ਲਈ ਕਿਹਾ ਗਿਆ। ਚੇਂਚਈਆ ਦੀ ਹਾਲਤ ਫਿਰ ਖ਼ਸਤਾ ਸੀ ਅਤੇ ਉਸ ਨੂੰ ਜੋਧ ਸਿੰਘ ਤੋਂ 50 ਡਾਲਰ ਹੋਰ ਲੈਣੇ ਪਏ, ਹਾਲਾਂਕਿ ਇਸ ਵਕਤ ਉਸ ਦੇ ਹਿਚਕਚਾਉਂਦੇ ਦਾਨੀ ਦਾ "ਆਪਣਾ ਹੱਥ ਤੰਗ ਸੀ।" ਸਵਾਤੋ ਵਿਚ ਇਕ ਹਰੂੰ ਨਾਂ ਦੇ ਸ਼ੱਕੀ ਅਹਿਸਾਨ ਕਰਤਾ ਅਤੇ ਜਿਗਿਆਸੂ ਹਿੰਦੀ ਦੁਕਾਨਦਾਰ ਨੇ ਇਕ ਚੀਨੀ ਹੋਟਲ ਵਿਚ ਕਮਰਾ ਲੱਭ ਕੇ ਦੇਣ 'ਚ ਉਨ੍ਹਾਂ ਦੀ ਮਦਦ ਕੀਤੀ। ਇਸ ਵਕਤ ਵਿਆਪਕ ਸ਼ੱਕ ਦਾ ਮਾਹੌਲ ਬਣ ਗਿਆ ਸੀ ਜੋ ਕਿ ਜਾਇਜ਼ ਹੀ ਸੀ।

ਸਿਆਣਪ ਨਾਲ, ਉਨ੍ਹਾਂ ਨੇ ਉਸ ਨੂੰ ਇਸ ਤੋਂ ਵੱਧ ਕੁਝ ਨਹੀਂ ਦੱਸਿਆ ਕਿ ਉਹ ਸਿਆਮ ਜਾ ਰਹੇ ਸਨ। ਹੋਟਲ 'ਚ ਦੋ ਹੋਰ ਹਿੰਦੀ ਮਹਿਮਾਨ (ਠਾਕੁਰ ਸਿੰਘ ਤੇ ਬਲਵੰਤ ਸਿੰਘ) ਠਹਿਰੇ ਹੋਏ ਸਨ, "ਸਾਨੂੰ ਹਕੂਮਤ ਦੇ ਜਾਸੂਸ ਸਮਝ ਕੇ ਉਹ ਫਟਾਫਟ ਉੱਥੋਂ ਖਿਸਕ ਜਾਣ ਦੀ ਤਿਆਰੀ ਕਰਨ ਲੱਗੇ।" ਪਰ ਗੱਲਬਾਤ ਦੌਰਾਨ ਦੋਵਾਂ ਨੂੰ ਤਸੱਲੀ ਹੋ ਗਈ ਕਿ ਉਹ ਤਾਂ ਅਸਲ ਵਿਚ ਇੱਕੋ ਮਿਸ਼ਨ 'ਤੇ ਜਾ ਰਹੇ ਸਨ।

ਜਦੋਂ 17 ਜੁਲਾਈ ਨੂੰ ਉਹ ਬੈਂਕਾਕ ਪਹੁੰਚੇ, ਹਿੰਦੀਆਂ ਤੇ ਜਰਮਨਾਂ ਦਾ ਇਕ ਦੂਜੇ ਤੋਂ ਭਰੋਸਾ ਖ਼ਤਮ ਹੋ ਚੁੱਕਾ ਸੀ। ਕੌਂਸਲ ਦਾ ਵਤੀਰਾ ਰੁੱਖਾ ਅਤੇ ਗ਼ੈਰਸਹਿਯੋਗੀ ਸੀ; ਲੱਗਦਾ ਸੀ ਕੋਈ ਵੀ ਹਥਿਆਰ ਅਤੇ ਫ਼ੌਜਾਂ ਨਹੀਂ ਸੀ ਆ ਰਹੀਆਂ ਜਿਨ੍ਹਾਂ ਦੇ ਬਾਰੇ ਵਾਅਦਾ ਕੀਤਾ ਗਿਆ ਸੀ। ਤੇ ਬੋਹਿਮ ਕਿਥੇ ਸੀ? ਪਤਾ ਲੱਗਿਆ ਕਿ ਉਹ ਤੇ ਵੇਹਡੀ *ਹੈਨਰੀ ਐੱਸ* 'ਤੇ ਸਵਾਰ ਸਨ, ਜੋ "ਬਿਨਾ ਮਤਲਬ ਮਲਾਏ ਦੀਪ-ਸਮੂਹ ਵਿਚ ਗੇੜੇ ਮਾਰ ਰਿਹਾ ਸੀ।"[73] ਇਹ ਸੋਚਿਆ ਗਿਆ ਸੀ ਕਿ *ਹੈਨਰੀ ਐੱਸ* ਨੇ ਪੰਜ ਹਜ਼ਾਰ ਰਿਵਾਲਵਰਾਂ ਦੀ ਖੇਪ ਵਿੱਚੋਂ ਪੰਜ ਸੌ ਮਨੀਲਾ ਤੋਂ ਬੈਂਕਾਕ, ਅਤੇ ਬਾਕੀ ਚਿਟਗਾਂਗ ਲਿਜਾਣੇ ਸਨ।[74]

ਇਸ ਤੋਂ ਇਲਾਵਾ, ਭਾਵੇਂ ਉਨ੍ਹਾਂ ਨੂੰ ਅਜੇ ਇਹ ਪਤਾ ਨਹੀਂ ਸੀ, ਸੁਕੁਮਾਰ ਚੈਟਰਜੀ ਵਾਅਦਾ ਮੁਆਫ਼ ਬਣ ਚੁੱਕਾ ਸੀ।[75] ਫਿਰ ਵੀ, ਅਜੇ ਇਹ ਟੋਲੀ ਬਗ਼ਾਵਤ ਦੀ ਵਿਉਂਤ ਨੂੰ ਉਤਰ-ਪੂਰਬੀ ਸਰਹੱਦ ਤਕ ਪਹੁੰਚਾਉਣ, ਜਾਂ ਪੂਰਬੀ ਏਸ਼ੀਆ ਵਿਚ ਲਗਾਈਆਂ ਫ਼ੌਜਾਂ ਵਿਚ ਬਗ਼ਾਵਤ ਖੜ੍ਹੀ ਕਰਨ ਦੇ ਯਤਨ ਕਰਦੀ ਰਹੀ। ਇਨ੍ਹਾਂ ਵਿੱਚੋਂ ਕੁਝ ਨੇ "ਹਥਿਆਰਾਂ, ਗੋਲੀਸਿੱਕੇ, ਵਿਸਫੋਟਕ ਸਮੱਗਰੀ ਤੇ ਬੰਬ ਬਣਾਉਣ ਦੇ ਨੁਸਖ਼ੇ ਅਤੇ ਗ਼ਦਰੀ ਸਾਹਿਤ ਲੈ ਕੇ" ਬਰਮਾ ਵਿਚ ਦਾਖ਼ਲ ਹੋਣ ਲਈ ਅੱਡ ਅੱਡ ਟੋਲੀਆਂ ਬਣਾ ਲਈਆਂ। ਜਿਸ ਦੀ ਮਦਦ ਨਾਲ ਉਹ ਪਿਆਬੇ ਵਿਖੇ ਤਾਇਨਾਤ ਫ਼ੌਜੀ ਪੁਲਿਸ ਦੀ ਰਿਜ਼ਰਵ ਬਟਾਲੀਅਨ ਦੇ ਤਿੰਨ ਸਿਪਾਹੀਆਂ ਨੂੰ ਵਰਗਲਾ ਕੇ "ਬਾਦਸ਼ਾਹ ਨੂੰ ਬਰਤਾਨਵੀ ਹਿੰਦ ਦੀ ਪ੍ਰਭੂਸੱਤਾ ਤੋਂ ਵਾਂਝਾ ਕਰਨ" ਦੀ ਆਪਣੀ ਹੋੜ ਦਾ ਹਿੱਸਾ ਬਣਾਉਣ 'ਚ ਕਾਮਯਾਬ ਹੋ ਗਏ।[76] ਅਗਸਤ ਵਿਚ ਦੋ ਟੋਲੀਆਂ, ਜਿਨ੍ਹਾਂ ਵਿਚ ਕੁਲ ਬਾਈ ਹਿੰਦੀ ਅਤੇ ਇਕ ਚਾਰਲਸ ਡਬਲਯੂ. ਐਲਨ ਨਾਂ ਦਾ ਅਮਰੀਕਣ ਨਾਗਰਿਕ ਸ਼ੁਮਾਰ ਸਨ, ਅਤੇ "ਇਹ ਤਕਰੀਬਨ ਸਾਰੇ ਗ਼ਦਰ ਲਹਿਰ ਨਾਲ ਸਬੰਧਤ ਸਨ" ਨੂੰ ਸਰਹੱਦ ਉੱਪਰ ਗ੍ਰਿਫ਼ਤਾਰ ਕਰਕੇ ਨਜ਼ਰਬੰਦ ਕਰ ਲਿਆ ਗਿਆ; ਅਮਰੀਕਣ ਨੂੰ ਵਾਪਸ ਭੇਜ ਦਿੱਤਾ ਗਿਆ। ਬਾਕੀ ਦੇ ਖਿੰਡ ਗਏ ਤੇ ਸਿਆਮ ਵੱਲ ਚਲੇ ਗਏ। ਸਿਆਮ ਦੀ ਨਿਰਪੱਖਤਾ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਿੰਗਾਪੁਰ ਵਾਪਸ ਭੇਜ ਦਿੱਤਾ ਗਿਆ। ਹੁਨਾਲ ਅਤੇ ਬਰਸਾਤ ਦੌਰਾਨ ਗ੍ਰਿਫ਼ਤਾਰੀਆਂ ਅਤੇ ਜ਼ਬਤੀ ਦਾ ਚੱਕਰ ਜਾਰੀ ਰਿਹਾ। ਨਰਾਇਣ ਸਿੰਘ, ਜਿਸ ਨੇ ਸਿਆਮ ਤੋਂ ਸਰਹੱਦ ਪਾਰ ਕੀਤੀ ਸੀ, ਜਿਥੇ ਉਹ ਰੇਲ ਪੱਟੜੀ ਉੱਪਰ ਕੰਮ ਕਰ ਰਿਹਾ ਸੀ, ਨੂੰ ਪੰਜ ਦਿਨ ਬਾਦ ਮਿਆਮੀਓ ਦੀ ਇਕ ਕੌਫ਼ੀ ਦੀ ਦੁਕਾਨ ਤੋਂ ਫੜ੍ਹ ਲਿਆ ਗਿਆ। ਉਸ ਕੋਲੋਂ *ਗ਼ਦਰ* ਦੀ ਇਕ ਕਾਪੀ ਅਤੇ ਭਰਿਆ ਹੋਇਆ ਪਿਸਤੌਲ ਮਿਲਿਆ, ਜਿਸ ਨਾਲ ਉਸ ਨੇ ਪੁਲਿਸ ਉੱਪਰ ਗੋਲੀ ਚਲਾਉਣ ਦਾ ਯਤਨ ਕੀਤਾ। ਬੋਹਿਮ ਨੂੰ ਸਤੰਬਰ ਵਿਚ ਬਟਾਵੀਆ ਤੋਂ ਸ਼ੰਘਾਈ ਜਾਂਦੇ ਸਮੇਂ ਸਿੰਗਾਪੁਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਅਗਸਤ ਵਿਚ ਸੋਹਣ ਲਾਲ ਪਾਠਕ ਨੂੰ ਮਿਆਮੀਓ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਜਿਥੇ ਉਹ ਤੋਪਖਾਨੇ ਦੀ ਮਾਊਂਟੇਨ ਬੈਟਰੀ ਦੇ ਫ਼ੌਜੀਆਂ ਨੂੰ ਆਪਣੇ ਅਫ਼ਸਰਾਂ ਦਾ ਕਤਲ ਕਰਨ ਤੇ ਬਗ਼ਾਵਤ ਕਰਨ ਲਈ ਉਕਸਾ ਰਿਹਾ ਸੀ ਅਤੇ ਉਨ੍ਹਾਂ ਵਿਚ ਗ਼ਦਰੀ ਸਾਹਿਤ ਵੰਡ ਰਿਹਾ ਸੀ।" ਉਸ ਨੂੰ ਫਿਰ ਡਿਫੈਂਸ ਆਫ ਇੰਡੀਆ ਐਕਟ 'ਟੇ ਕਾਨੂੰਨ ਤਹਿਤ ਫਾਹੇ ਲਾ ਦਿੱਤਾ ਗਿਆ।[77] ਅਗਸਤ ਦੇ ਸ਼ੁਰੂ 'ਚ ਜੋਧ ਸਿੰਘ ਨੂੰ ਲਗਭਗ ਦੋ ਹਫ਼ਤੇ ਬੈਂਕਾਕ ਜੇਲ੍ਹ ਵਿਚ

ਨਜ਼ਰਬੰਦ ਰੱਖਿਆ ਗਿਆ ਅਤੇ ਫਿਰ ਸਮੁੰਦਰੀ ਜਹਾਜ਼ ਰਾਹੀਂ ਸਿੰਗਾਪੁਰ ਭੇਜ ਦਿੱਤਾ ਗਿਆ। ਅਕਤੂਬਰ ਦੇ ਅਖ਼ੀਰ 'ਚ ਬੈਂਕਾਕ ਵਜ਼ਾਰਤ ਨੇ ਇਸ ਯਕੀਨ ਦਹਾਨੀ ਨਾਲ ਸ਼ਿਮਲਾ ਨੂੰ ਤਾਰ ਭੇਜੀ, "ਉਤਰੀ ਸਿਆਮ ਵਿਚ ਹਿੰਦੀ ਇਨਕਲਾਬੀਆਂ ਖ਼ਿਲਾਫ਼ ਕਾਰਵਾਈਆਂ ਦੇ ਵਧੀਆ ਨਤੀਜੇ ਸਾਹਮਣੇ ਆ ਰਹੇ ਹਨ।" ਅੱਠ ਬਰਾਊਨਿੰਗ ਪਿਸਤੌਲ, ਤਿੰਨ ਹਜ਼ਾਰ ਰਾਊਂਡ ਗੋਲੀਸਿੱਕਾ ਜ਼ਬਤ ਕੀਤਾ ਗਿਆ ਹੈ ਅਤੇ ਚਿਆਂਗਮਾਈ ਗੁਰਦੁਆਰੇ ਦੇ ਗ੍ਰੰਥੀ ਸਮੇਤ ਬਹੁਤ ਸਾਰੇ ਸਿੱਖਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ, "ਜੋ ਇਸ ਲਹਿਰ ਦਾ ਇਕ ਅਹਿਮ ਕੇਂਦਰ ਸੀ।"[78]

ਮਾਂਡਲੇ ਸਾਜ਼ਿਸ਼ ਮੁਕੱਦਮਾ ਦਸੰਬਰ 1915 'ਚ ਸ਼ੁਰੂ ਹੋਇਆ। ਅਗਲੀ ਬਸੰਤ 'ਚ ਦੋ ਵਧੀਕ ਸਪੈਸ਼ਲ ਟ੍ਰਿਬਿਊਨਲ ਬਣਾਏ ਗਏ, ਅਤੇ 1917 ਦੇ ਹੁਨਾਲ ਵਿਚ ਇਕ ਸਪਲੀਮੈਂਟਰੀ ਮੁਕੱਦਮਾ ਚਲਾਇਆ ਗਿਆ। ਭਾਵੇਂ ਜੋਧ ਸਿੰਘ ਤੇ ਉਸ ਦੇ ਨਾਲ ਦੇ ਦੋਸ਼ੀ ਸਹਿਮਤ ਹੋ ਗਏ ਕਿ "ਜਿੱਥੋਂ ਤੱਕ ਹੋ ਸਕੇ ਅਸੀਂ ਆਪਣਾ ਪੱਖ ਆਪ ਪੇਸ਼ ਕਰਾਂਗੇ ਅਤੇ ਕੋਈ ਇਕਬਾਲੀਆ ਬਿਆਨ ਨਹੀਂ ਦੇਵਾਂਗੇ," ਆਖ਼ਿਰ ਨੌਂ ਨੂੰ ਫਾਂਸੀ ਅਤੇ ਸੱਤ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ।[79] ਜੋਧ ਸਿੰਘ ਵਾਅਦਾ ਮੁਆਫ਼ ਬਣ ਗਿਆ ਅਤੇ ਉਸ ਨੂੰ ਸਜ਼ਾ ਨਹੀਂ ਹੋਈ। ਭਾਵੇਂ ਅਸੀਂ ਉਸ ਦੀਆਂ ਕਾਰਵਾਈਆਂ ਦੇ ਅਸਲ ਹਾਲਾਤ ਬਾਰੇ ਨਹੀਂ ਜਾਣ ਸਕਦੇ, ਬਹੁਤ ਜ਼ਿਆਦਾ ਸੰਭਾਵਨਾ ਇਹ ਸੀ ਕਿ ਹੋਰ ਵਾਅਦਾ ਮੁਆਫ਼ ਗਵਾਹਾਂ ਵਾਂਗ, ਉਸ ਨੇ ਵੀ ਤਸ਼ੱਦਦ ਜਾਂ ਮਾਰਨ ਦੀ ਧਮਕੀ ਦੇ ਦਬਾਅ ਹੇਠ ਆ ਕੇ ਇੰਞ ਕੀਤਾ ਹੋਵੇਗਾ। ਕੁਝ ਵੀ ਹੋਵੇ ਉਸ ਦੇ ਅੰਤ ਬਾਰੇ ਕੁਝ ਪਤਾ ਨਹੀਂ ਲੱਗਦਾ।

## ਹਿੰਦੂ–ਜਰਮਨ ਸਾਜ਼ਿਸ਼

ਜੰਗ ਦਾ ਪ੍ਰਭਾਵ ਪ੍ਰਵਚਨ ਨੂੰ ਵਿਗਾੜਨ ਅਤੇ ਦਾਅਪੇਚਾਂ ਨੂੰ ਨਵੇਂ ਹਾਲਾਤ ਅਨੁਸਾਰ ਢਾਲਣ ਤੋਂ ਕਿਤੇ ਵਧੇਰੇ ਸੀ; ਹਾਲਾਤ 'ਤੇ ਭਾਰੂ ਹੋ ਕੇ, ਇਸ ਨੇ ਪਦਾਰਥਕ ਹਾਲਾਤ ਵੀ ਬਦਲ ਦਿੱਤੇ ਜਿਨ੍ਹਾਂ ਦੇ ਅੰਦਰ ਇਨਕਲਾਬੀ ਅੰਗਰੇਜ਼ ਤੇ ਅਮਰੀਕੀ ਨਿਜ਼ਾਮਾਂ ਹੇਠ ਕੰਮ ਕਰ ਰਹੇ ਸਨ, ਖ਼ਾਸ ਕਰਕੇ ਸਲਤਨਤ ਦੇ ਪੁਲਿਸ ਅਤੇ ਫ਼ੌਜ ਨਾਲ ਸਬੰਧਤ ਅਮਲ। ਕਰ ਦੀ ਰਿਪੋਰਟ ਦੀ ਆਦਿਕਾ ਵਿਚ, ਕ੍ਰਿਮੀਨਲ ਇੰਟੈਲੀਜੈਂਸ ਦੇ ਨਿਰਦੇਸ਼ਕ ਸੀ.ਆਰ. ਕਲੈਵਲੈਂਡ ਨੇ ਫਰਾਖ਼ਦਿਲੀ ਨਾਲ ਮੰਨਿਆ ਕਿ ਜੰਗ ਸੂਹੀਆ ਨਿਗਰਾਨੀ, ਪੁਲਿਸ ਦੇ ਕੰਟਰੋਲ ਅਤੇ ਕਿਸੇ ਵੀ ਤਰ੍ਹਾਂ ਦੀ 'ਸਿਆਸੀ–ਮੁਜਰਮਾਨਾ ਸਰਗਰਮੀ' ਦੇ ਖ਼ਿਲਾਫ਼ ਸਜ਼ਾ ਦੇਣ ਦੇ ਅਧਿਕਾਰਾਂ 'ਚ ਵਾਧਾ ਕਰਨ ਦੇ ਅਮਲ ਨੂੰ ਮੋਕਲਾ ਬਣਾਉਣ 'ਚ ਪੂਰੀ ਤਰ੍ਹਾਂ ਫ਼ਾਇਦੇਮੰਦ ਸਾਬਤ ਹੋ ਰਹੀ ਸੀ। ਉਸ ਨੇ ਟਿੱਪਣੀ ਕੀਤੀ ਕਿ ਦਰ ਅਸਲ, "ਮਹਾਂ ਯੁੱਧ ਨੇ ਇਸ ਪੱਖੋਂ ਸਾਡੀ ਬਹੁਤ ਸਹਾਇਤਾ ਕੀਤੀ ਹੈ।" ਕਲੈਵਲੈਂਡ ਨੇ ਖ਼ੁਲਾਸਾ ਕੀਤਾ: "[ਜੰਗ ਦੇ] ਸ਼ੁਰੂ 'ਚ ਅਸੀਂ ਬੰਗਾਲ ਵਿਚ ਕਾਨੂੰਨੀ ਅਦਾਲਤੀ ਪ੍ਰਬੰਧ ਦੇ ਭੰਗ ਹੋਣ ਕਾਰਨ ਬੁਰੀ ਤਰ੍ਹਾਂ ਨਾਕਾਰਾ ਹੋ ਚੁੱਕੇ ਸੀ, ਜੋ ਇਨਕਲਾਬੀ ਜੁਰਮ ਅਤੇ ਮੁਜਰਮਾਂ ਨਾਲ ਨਜਿੱਠਣ ਦੇ ਪੂਰੀ ਤਰ੍ਹਾਂ ਨਾਕਾਬਲ ਸਾਬਤ ਹੋਇਆ ਸੀ। ਸਿੱਟਾ ਇਹ ਹੋਇਆ ਕਿ ਉਨ੍ਹਾਂ ਨੂੰ ਸਜ਼ਾਵਾਂ ਦੇਣ ਦਾ ਕੋਈ ਵਿਹਾਰਕ ਇੰਤਜ਼ਾਮ ਨਹੀਂ ਸੀ, ਸੂਚਨਾ ਇਕੱਠੀ ਕਰਨਾ ਮੁਸ਼ਕਲ ਸੀ ਅਤੇ ਇਸ ਦੀ ਵਰਤੋਂ ਲਗਭਗ ਅਸੰਭਵ ਸੀ।" ਪਰ ਹੁਣ, "ਸਿਆਸੀ–ਮੁਜਰਮਾਨਾ ਸਾਜ਼ਿਸ਼ਾਂ ਅਤੇ ਦੁਸ਼ਮਣ ਦੀਆਂ ਗੋਂਦਾਂ ਤੇ ਉਦੇਸ਼ਾਂ ਦੇ ਗੰਢ–ਚਿਤਰਾਵੇ ਨੇ ਪੁਲਿਸ ਤੇ ਕਾਰਜਕਾਰੀ ਅਥਾਰਟੀ ਨੂੰ ਇਸ ਦੇ ਯੋਗ ਬਣਾ ਦਿੱਤਾ ਕਿ ਇਹ ਸਾਜ਼ਿਸ਼ੀਆਂ ਵਿਰੁੱਧ ਜੰਗ ਦੀਆਂ ਖ਼ਾਸ ਤਾਕਤਾਂ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਵਰਤੋਂ 'ਚ ਲਿਆ ਸਕੇ। ਸਾਡੇ ਖ਼ੁਫ਼ੀਆ ਮਹਿਕਮੇ, ਜੁਰਮਾਂ ਦੀ ਰੋਕਥਾਮ ਅਤੇ ਸਜ਼ਾ ਦੇ ਪ੍ਰਬੰਧ 'ਚ ਬਹੁਤ ਜ਼ਿਆਦਾ ਸੁਧਾਰ ਹੋਇਆ। ਇਸੇ ਦਾ ਇਕ ਸਿੱਟਾ

ਸੀ ਗ਼ੈਰ-ਮੁਜਰਮਾਨਾ ਸਿਆਸੀ ਅੰਦੋਲਨ ਨੂੰ ਵੱਡਾ ਹੁਲਾਰਾ ਮਿਲਣਾ ਜੋ ਹੁਣ ਸਿਖ਼ਰਾਂ ਛੂਹ ਰਿਹਾ ਹੈ।"[80]

ਇਵੇਂ ਜੰਗ ਨੇ ਹਰ ਤਰ੍ਹਾਂ ਦੀ ਰੈਡੀਕਲ ਤੇ ਹਿੰਸਕ ਸਰਗਰਮੀ ਉੱਪਰ ਹਮਲੇ ਲਈ ਬਹਾਨਾ ਮੁਹੱਈਆ ਕੀਤਾ ਅਤੇ ਇਸ ਨਾਲ ਰਾਜ ਨੂੰ ਤਾਕਤ ਤੇ ਵਿਸ਼ੇਸ਼ ਤਾਕਤਾਂ ਦੇ ਕਾਨੂੰਨੀ ਇਸਤੇਮਾਲ ਦਾ ਵਿਸਤਾਰ ਕਰਨ ਦੀ ਖੁੱਲ੍ਹ ਮਿਲ ਗਈ। ਸਤੰਬਰ 1914 'ਚ ਪਾਸ ਕੀਤੇ ਗਏ ਇੰਗਰੈੱਸ ਆਰਡੀਨੈਂਸ ਨੇ ਬੰਦਰਗਾਹਾਂ ਦੇ ਅਧਿਕਾਰੀਆਂ ਨੂੰ ਖ਼ੁਫ਼ੀਆ ਹਦਾਇਤਾਂ ਦੇ ਦਿੱਤੀਆਂ ਕਿ ਵਤਨ ਵਾਪਸ ਆਉਣ ਵਾਲੇ ਹਰ ਹਿੰਦੀ, "ਚਾਹੇ ਉਹ ਮਜ਼ਦੂਰ ਹੋਵੇ, ਦਸਤਕਾਰ ਹੋਵੇ, ਜਾਂ ਵਿਦਿਆਰਥੀ, ਨੂੰ ਪੂਰਾ ਸ਼ੱਕੀ, ਇੱਥੋਂ ਤਕ ਕਿ ਸੰਭਾਵੀ ਇਨਕਲਾਬੀ ਸਮਝਿਆ ਜਾਵੇ।" ਜਿਨ੍ਹਾਂ ਤੋਂ ਖ਼ਤਰਾ ਜਾਪਦਾ ਹੋਵੇ, ਚਾਹੇ ਉਹ ਪੁਖ਼ਤਾ ਇਨਕਲਾਬੀ ਹੋਣ ਜਾਂ "ਜਿਨ੍ਹਾਂ ਦੇ ਇਨਕਲਾਬੀ ਸਬੰਧਾਂ ਬਾਰੇ ਵਾਜਬ ਸ਼ੱਕ ਹੋਵੇ," ਉਨ੍ਹਾਂ ਦੀ ਤਲਾਸ਼ੀ ਲਈ ਜਾਵੇ ਅਤੇ ਉਨ੍ਹਾਂ ਨੂੰ ਹਿਰਾਸਤ 'ਚ ਲੈ ਲਿਆ ਜਾਵੇ ਜਾਂ ਨਜ਼ਰਬੰਦ ਕਰ ਦਿੱਤਾ ਜਾਵੇ।[81] ਤਿੰਨ ਹਜ਼ਾਰ ਤੋਂ ਵੱਧ ਭਾਵੀ ਗ਼ਦਰੀ ਬਾਗ਼ੀਆਂ ਦੀ ਇਹੀ ਹੋਣੀ ਸੀ।"[82] ਗ਼ਦਰ ਤੋਂ ਤੁਰੰਤ ਬਾਅਦ ਮਾਰਚ 1915 'ਚ ਪਾਸ ਕੀਤਾ ਗਿਆ ਡਿਫੈਂਸ ਆਫ ਇੰਡੀਆ ਐਕਟ ਤਾਂ ਹੋਰ ਵੀ ਹੂੰਝਾਫੇਰੂ ਸੀ, ਇਹ ਸਿਆਸੀ ਮਾਮਲਿਆਂ 'ਚ ਬਿਨਾ ਇਲਜ਼ਾਮ ਨਜ਼ਰਬੰਦ ਕਰਨ ਅਤੇ ਬਿਨਾ ਜਿਊਰੀ ਵਿਸ਼ੇਸ਼ ਟ੍ਰਿਬਿਊਨਲਾਂ ਦੀ ਖੁੱਲ੍ਹ ਦਿੰਦਾ ਸੀ।

ਇਸ ਤੋਂ ਅੱਗੇ 1918 ਦੀ ਸੈਡੀਸ਼ਨ ਕਮੇਟੀ ਰਿਪੋਰਟ ਨੇ, ਇਨਕਲਾਬੀਆਂ ਦੀਆਂ ਜੰਗ ਸਮੇਂ ਦੀਆਂ ਸਰਗਰਮੀਆਂ ਦੇ ਨਿਚੋੜ ਦੇ ਅਧਾਰ 'ਤੇ, ਡਿਫੈਂਸ ਆਫ ਇੰਡੀਆ ਐਕਟ ਦੀਆਂ ਧਾਰਾਵਾਂ ਨੂੰ ਜੰਗ ਤੋਂ ਪਿੱਛੋਂ ਦੇ ਅਰਸੇ ਵਿਚ ਬਰਕਰਾਰ ਰੱਖਣ ਦੀਆਂ ਸਿਫਾਰਸ਼ਾਂ ਕੀਤੀਆਂ ਹਾਲਾਂਕਿ ਇਹ ਸਰਗਰਮੀਆਂ ਜ਼ਿਆਦਾਤਰ ਬਦੇਸ਼ਾਂ ਵਿਚ ਕੀਤੀਆਂ ਗਈਆਂ ਸਨ। ਇਵੇਂ ਇਹ ਅਰਸਾ ਵੀ ਓਨਾ ਹੀ ਬੇਚੈਨੀ ਭਰਿਆ ਜਾਪਦਾ ਸੀ। ਇਹ "ਇਨਕਲਾਬੀ ਅਤੇ ਅਰਾਜਕ ਜੁਰਮ ਐਕਟ," ਦੇ ਰੂਪ ਸੀ ਜੋ ਕਮੇਟੀ ਦੇ ਮੁਖੀ ਜਸਟਿਸ ਦੇ ਨਾਂ 'ਤੇ ਘਿਣਾਉਣੇ ਰੌਲਟ ਐਕਟ ਵਜੋਂ ਮਸ਼ਹੂਰ ਹੋਇਆ। 19 ਅਪ੍ਰੈਲ 1919 ਨੂੰ ਸਥਾਨਕ ਸਰਕਾਰਾਂ ਅਤੇ ਪ੍ਰਸ਼ਾਸਨ ਨੂੰ ਲਿਖੀ ਚਿੱਠੀ ਵਿਚ, ਹਕੂਮਤ-ਏ ਹਿੰਦ ਦੇ ਸਕੱਤਰ ਨੇ ਮਸ਼ਵਰਾ ਦਿੱਤਾ ਕਿ ਅਫ਼ਵਾਹਾਂ ਅਤੇ ਕਾਨਾਫੂਸੀ ਨੂੰ ਦਬਾਉਣ ਲਈ ਕਾਨੂੰਨ ਦੇ ਉਦੇਸ਼ ਅਤੇ ਖੇਤਰ ਦੀ ਵਿਆਖਿਆ ਕਰਦਿਆਂ ਇਸ ਮਤੇ ਨੂੰ ਫ਼ੌਜਾਂ ਵਿਚ ਪੜ੍ਹ ਕੇ ਸੁਣਾਇਆ ਜਾਵੇ। ਉਨ੍ਹਾਂ ਨੂੰ ਕਿਹਾ ਗਿਆ, "ਤੁਸੀਂ ਜਿਨ੍ਹਾਂ ਨੇ ਕੁਝ ਨਾ ਕੁਝ ਦੁਨੀਆ ਦੇਖ ਲਈ ਹੈ, ਅਤੇ ਜਿਨ੍ਹਾਂ ਨੇ ਮਹਾਂ ਯੁੱਧ ਜਿੱਤਣ 'ਚ ਮਦਦ ਕੀਤੀ, ਉਸ ਅਸੂਲ ਬਾਰੇ ਜਾਣਦੇ ਹੋ ਜਿਸ ਲਈ ਸਰਕਾਰ ਨੇ ਮੁਕਤੀ ਨੂੰ ਅੱਗੇ ਵਧਾਉਣ ਅਤੇ ਨਿਤਾਣਿਆਂ ਦੇ ਦਾਬੇ ਨੂੰ ਖ਼ਤਮ ਕਰਨ ਲਈ ਲੜਾਈ ਲੜੀ। ਤੁਸੀਂ ਜਾਣਦੇ ਹੋ ਕਿ ਸਰਕਾਰ ਕਦੇ ਵੀ ਅਨਿਆਂ ਭਰਿਆ ਅਤੇ ਜਾਬਰ ਕਾਨੂੰਨ ਪਾਸ ਨਹੀਂ ਕਰੇਗੀ, ਜਿਵੇਂ ਇਸ ਨਵੇਂ ਪਾਸ ਕੀਤੇ ਕਾਨੂੰਨ ਬਾਰੇ ਝੂਠਾ ਪ੍ਰਚਾਰ ਕੀਤਾ ਜਾਂਦਾ ਹੈ।" ਲਾਜ਼ਮੀ ਹੀ ਉਨ੍ਹਾਂ ਨੇ ਜਰਮਨ ਸੋਨੇ ਨਾਲ ਭੇਜੀ ਗਈ ਉਸ ਬਦਨਾਮ ਸਾਜ਼ਿਸ਼ ਬਾਰੇ ਸੁਣਿਆ ਹੋਇਆ ਸੀ।[83] ਇਹ ਕਿਹਾ ਗਿਆ ਕਿ ਅਜਿਹੀਆਂ ਸਾਜ਼ਿਸ਼ਾਂ ਨੂੰ ਕੁਚਲਣਾ ਜ਼ਰੂਰੀ ਸੀ। ਪਰ ਵਫ਼ਾਦਾਰ ਪਰਜਾ ਨੂੰ ਡਰਨ ਦੀ ਕੋਈ ਲੋੜ ਨਹੀਂ; ਨਵਾਂ ਕਾਨੂੰਨ ਉਸ ਗ਼ੈਰਕਾਨੂੰਨੀ ਮੁਜਰਮ ਤਾਕਤ ਦੇ ਖ਼ਿਲਾਫ਼ ਸੀ ਜੋ "ਬਾਦਸ਼ਾਹ ਦੀ ਹਕੂਮਤ ਦਾ ਤਖ਼ਤਾ ਉਲਟਾਉਣ" ਦੇ ਆਪਣੇ ਨਿਸ਼ਾਨੇ ਅਨੁਸਾਰ "ਅਮਨਪਸੰਦ ਸ਼ਹਿਰੀਆਂ – ਯਾਨੀ ਬੇਕਸੂਰਾਂ ਅਤੇ ਯੂਰਪੀਨਾਂ – ਦੀ ਲੁੱਟਮਾਰ ਕਰਨ, ਉਨ੍ਹਾਂ ਦੇ ਡਾਕੇ ਮਾਰਨ ਅਤੇ ਕਤਲ ਕਰਨ 'ਤੇ ਤੁਲੀ ਹੋਈ ਸੀ। ਇਸ ਕਾਨੂੰਨ ਦੇ ਖ਼ਿਲਾਫ਼ ਰੋਸ ਮੁਜ਼ਾਹਰਿਆਂ ਦਾ ਸਿੱਟਾ ਅੰਮ੍ਰਿਤਸਰ ਕਤਲੇਆਮ 'ਚ ਨਿੱਕਲਿਆ, ਜਿਸ ਨੇ 1920ਵਿਆਂ ਵਿਚ ਆਜ਼ਾਦੀ ਦੇ ਸੰਗਰਾਮ ਨੂੰ ਪ੍ਰਚੰਡ ਕਰਨ ਦੀ ਭੂਮਿਕਾ ਨਿਭਾਈ।

ਪਰ ਨਾਲ ਹੀ ਇਸ ਉਪ-ਮਹਾਂਦੀਪ ਦੇ ਮੂਲ ਬਾਸ਼ਿੰਦਿਆਂ ਨੇ ਖ਼ੁਦ ਨੂੰ ਰਾਜ ਦੀ ਤਾਕਤ ਦੀ ਅਜਾਰੇਦਾਰੀ ਦੇ ਪ੍ਰਸ਼ਾਸਨਿਕ ਸਿਰੇ 'ਤੇ ਧੱਕੇ ਗਏ ਪਾਇਆ। ਉਸ ਤਰ੍ਹਾਂ ਦੀਆਂ ਹਿੰਦੀ ਫ਼ੌਜਾਂ ਜਿਨ੍ਹਾਂ ਨੂੰ ਉਪਰੋਕਤ ਸੁਨੇਹੇ ਵਿਚ ਮੁਖ਼ਾਤਬ ਹੋਇਆ ਗਿਆ ਸੀ, ਜੋ ਮੈਸੋਪੋਟਾਮੀਆ ਅਤੇ ਮਿਸਰ ਵਿਚ ਬਰਤਾਨੀਆ ਦੀਆਂ ਜੰਗੀ ਮੁਹਿੰਮਾਂ ਦੀ ਰੀੜ ਦੀ ਹੱਡੀ ਸਨ, ਜਦਕਿ ਫਰਾਂਸ ਵਿਚ ਪੱਛਮੀ ਮੁਹਾਜ਼ ਗ਼ੈਰ-ਫ਼ੌਜੀ ਹਿੰਦੀ ਮਿਹਨਤਕਸ਼ਾਂ ਦੀਆਂ ਮੈਲ-ਕੁਚੈਲੀਆਂ ਪਿੱਠਾਂ ਉੱਪਰ ਟਿਕਿਆ ਹੋਇਆ ਸੀ।[84] ਜੰਗ ਦੇ ਅਜਿਹੇ ਅਨੁਭਵ ਦਾ ਇਕ ਸਿੱਟਾ ਉਨ੍ਹਾਂ ਦੀ ਸੋਚ ਨੂੰ ਹਿੰਸਾ ਤੇ ਲਹੂ ਦੀ ਕੁਰਬਾਨੀ ਦੇ ਇਸ ਰੰਗ 'ਚ ਰੰਗਣਾ ਸੀ ਕਿ ਇਹ ਤਾਂ ਬਹੁਤ ਹੀ ਉੱਚਾ-ਸੁੱਚਾ ਤੇ ਪਵਿੱਤਰ ਕਰਮ ਹੈ (ਜੋ ਸਵਦੇਸ਼ੀ ਖਾੜਕੂਪਣ, ਸੋਰਲੀਅਨ ਇਨਕਲਾਬੀ ਸਿੰਡੀਕਲਵਾਦ* ਅਤੇ ਨਵੀਂ ਸਦੀ ਦੇ ਮੁੱਢ 'ਚ ਅਰਾਜਕਤਾਵਾਦ ਅਤੇ ਕਾਰਨਾਮਿਆਂ ਰਾਹੀਂ ਪ੍ਰਚਾਰ ਦੀ ਖ਼ਾਸੀਅਤ ਰਿਹਾ ਸੀ)। ਇਸ ਨੇ ਪੱਛਮ ਬਾਰੇ ਐਸੀ ਹਰ ਧਾਰਨਾ ਦੇ ਹਰ ਦਾਅਵੇ ਨੂੰ ਝੁਠਲਾ ਦਿੱਤਾ ਕਿ ਇਹ ਤਰੱਕੀ ਦਾ ਹਿਰਾਵਲ-ਦਸਤਾ ਹੈ। ਇਸ ਨਾਲ "ਵਿਕਸਤ" ਸਨਅਤੀ ਜਗਤ ਦੀ ਕਾਤਲਾਨਾ ਵਹਿਸ਼ਤ ਦਾ ਨੰਗ ਜ਼ਾਹਰ ਹੋਣ ਨਾਲ ਇਸ ਦੇ ਸੱਭਿਅਕ ਮਿਸ਼ਨ ਦੇ ਦਾਅਵਿਆਂ ਦੀ ਫੂਕ ਨਿਕਲ ਗਈ, ਨਾਲ ਹੀ ਮੁਕਤੀ ਦਾ ਪੰਘੂੜਾ ਮੰਨੇ ਜਾਂਦੇ ਅਮਰੀਕਾ ਦੇ ਦਾਅਵਿਆਂ ਦੀ ਜਿਸ ਨੇ ਫਿਰ ਪੁਰਾਣੀਆਂ ਸਲਤਨਤਾਂ ਦੇ ਖੰਡਰਾਂ ਉੱਪਰ ਦੁਨੀਆ ਦੀ ਆਰਥਕ ਅਤੇ ਫ਼ੌਜੀ ਤਾਕਤ ਬਣਨਾ ਸੀ।

ਜੰਗ ਦੌਰਾਨ ਅਮਰੀਕਾ ਦੀ ਰਾਸ਼ਟਰਵਾਦੀ ਲਫ਼ਾਜ਼ੀ ਦੀ ਸੁਰ ਵੀ ਚੋਖੀ ਵਧੀ-ਫੈਲੀ ਸੀ, ਜਿਸ ਤੋਂ ਪਿੱਛੋਂ ਬਾਹਰ ਵੱਲ ਨੂੰ ਇਸ ਦੀ ਤਾਕਤ ਦੇ ਨਵੇਂ ਝੁਕਾਅ ਦੇ ਤਨਾਸਬ 'ਚ ਹੀ ਮੁਲਕ ਦੇ ਅੰਦਰ ਵੱਖਰੇ ਵਿਚਾਰਾਂ ਵਾਲਿਆਂ ਅਤੇ ਰੈਡੀਕਲ ਸਰਗਰਮੀ ਉੱਪਰ ਹਮਲਾ ਕੀਤਾ ਗਿਆ। 1917-18 ਵਿਚ ਸਾਨ ਫਰਾਂਸਿਸਕੋ ਸਾਜ਼ਿਸ਼ ਮੁਕੱਦਮੇ ਦੇ ਵਿਹਾਰ ਵਿਚ ਅਤੇ ਪਿੱਛੋਂ ਰੈਡੀਕਲ ਆਵਾਸੀਆਂ ਨਾਲ ਇਸ ਦੇ ਸਲੂਕ 'ਚ ਇਹ ਬਦਲਾਅ ਸਾਫ਼ ਦਿਖਾਈ ਦਿੰਦਾ ਸੀ। ਇਹ ਗ਼ਦਰੀਆਂ ਦੀ ਹਮੇਸ਼ਾ ਸੁਘੜ ਨੀਤੀ ਰਹੀ ਸੀ ਕਿ ਜਿਸ ਮੁਲਕ ਵਿਚ ਉਹ ਕੰਮ ਕਰ ਰਹੇ ਸਨ ਉੱਥੋਂ ਦੇ ਕਾਨੂੰਨ ਤੋੜਨ ਤੋਂ ਗੁਰੇਜ਼ ਕੀਤਾ ਜਾਵੇ, ਅਤੇ ਉਹ ਹੁਣ ਤੱਕ ਜੋ ਕੁਝ ਕਰਦੇ ਰਹੇ ਸਨ ਅਮਰੀਕਾ ਦੇ ਮੌਜੂਦ ਕਾਨੂੰਨ ਉਸ ਉੱਪਰ ਕੋਈ ਬੰਦਸ਼ ਨਹੀਂ ਸੀ ਲਗਾਉਂਦੇ।[85] ਐਮਿਲੀ ਬਰਾਊਨ ਦੱਸਦਾ ਹੈ ਕਿ ਹਿੰਦੀਆਂ ਦੇ ਆਇਰਿਸ਼ ਭਾਈਵਾਲਾਂ, ਅਤੇ ਮੈਕਸੀਕਣ, ਰੂਸੀ ਤੇ ਪੌਲਿਸ਼ ਗਰੁੱਪਾਂ ਇਨ੍ਹਾਂ ਸਾਰਿਆਂ ਨੇ ਆਪਣੀਆਂ ਹਕੂਮਤਾਂ ਦਾ ਤਖ਼ਤਾ ਉਲਟਾਉਣ ਲਈ ਲਾਮਬੰਦੀ ਅਮਰੀਕਾ ਦੀ ਧਰਤੀ ਤੋਂ ਹੀ ਕੀਤੀ ਸੀ; ਅਤੇ ਅਸਲ ਵਿਚ ਇਸ ਦੇ ਕੌਮੀ ਸਵੈ-ਅਕਸ ਵਿਚ ਅਜਿਹੀ ਚੀਜ਼ ਨੂੰ ਦਾਅਪੇਚਕ ਪ੍ਰਵਾਨਗੀ ਅਜੇ ਵੀ ਮੌਜੂਦ ਸੀ।

ਅਮਰੀਕਾ ਦੇ ਜੰਗ ਦੇ ਐਲਾਨ ਨਾਲ ਗ਼ਦਰ ਦਾ ਕਾਨੂੰਨੀ ਰੁਤਬਾ ਇੱਕੋ ਝਟਕੇ ਨਾਲ ਖ਼ਤਮ ਹੋ ਗਿਆ। ਇੱਥੋਂ ਤਕ ਕਿ 1917 'ਚ ਜਾਸੂਸੀ ਅਤੇ ਰਾਜਧ੍ਰੋਹ ਐਕਟ ਪਾਸ ਕੀਤੇ ਜਾਣ ਪਿੱਛੋਂ ਵੀ, ਉਨ੍ਹਾਂ ਦੀ ਉਲੰਘਣਾ ਅਮਰੀਕੀ ਹਕੂਮਤ ਅਤੇ ਜੰਗ ਦੇ ਯਤਨ ਵਿਰੁੱਧ ਹੀ ਹੋਵੇਗੀ, ਇਹ ਆਪਣੇ ਆਪ 'ਚ ਅੰਗਰੇਜ਼ ਖ਼ਿਲਾਫ਼ ਨਹੀਂ ਹੋਵੇਗੀ। ਪਰ ਜੇ ਅਮਰੀਕੀ ਹਕੂਮਤ ਦੇ ਇਕ ਸੰਗੀ ਖ਼ਿਲਾਫ਼ ਲੜਾਈ ਵਿਚ ਅਮਰੀਕੀ ਸਰਜ਼ਮੀਨ ਦਾ ਇਸਤੇਮਾਲ ਕਰਕੇ ਹਥਿਆਰ ਭੇਜਣ ਦੇ ਹਿੰਦੀਆਂ ਦੇ ਯਤਨਾਂ ਵਿਚ ਜਰਮਨਾਂ ਨਾਲ ਸਾਂਝ ਸਾਬਤ ਕਰ ਦਿੱਤੀ ਜਾਵੇ ਤਾਂ ਉਨ੍ਹਾਂ ਉੱਪਰ ਨਿਰਪੱਖਤਾ ਦੀ ਉਲੰਘਣਾ – ਜਾਂ ਸਗੋਂ ਨਿਰਪੱਖਤਾ ਦੀ ਉਲੰਘਣਾ ਕਰਨ ਦੀ ਸਾਜ਼ਿਸ਼ – ਦਾ ਇਲਜ਼ਾਮ ਲਾਇਆ ਜਾ ਸਕਦਾ ਸੀ। ਇਵ ਅਮਰੀਕੀ ਬੰਦਰਗਾਹਾਂ ਤੋਂ ਜਹਾਜ਼ ਰਵਾਨਾ ਕਰਨ

---

*ਫਰਾਂਸੀਸੀ ਇਨਕਲਾਬੀ ਸਿੰਡੀਕਲਵਾਦੀ ਜਾਰਜ ਸੋਰਲ ਦੀ ਵਿਚਾਰਧਾਰਾ-ਅਨੁਵਾਦਕ।

ਵਿਚ ਜਰਮਨ ਦੀ ਭੂਮਿਕਾ, ਅਤੇ ਉਨ੍ਹਾਂ ਜਹਾਜ਼ਾਂ ਤੇ ਹੋਰ ਥਾਵਾਂ ਦੀਆਂ ਰਾਜ ਵਿਰੋਧੀ ਲਹਿਰਾਂ ਦਰਮਿਆਨ ਸਬੰਧਾਂ ਦੇ ਸਬੂਤਾਂ ਤੋਂ ਬਿਨਾ ਦਰ ਅਸਲ ਇਸ ਮੁਕੱਦਮੇ ਵਿਚ ਕੁਝ ਵੀ ਨਹੀਂ ਸੀ। ਜਦੋਂ ਮਾਂਡਲੇ ਅਤੇ ਲਾਹੌਰ ਸਾਜ਼ਿਸ਼ ਕੇਸਾਂ ਦੇ ਬਿਆਨਾਂ ਦੇ ਰਿਕਾਰਡ ਵਿਚ ਦਰਜ਼ ਹਥਿਆਰਾਂ ਦੀਆਂ ਖੇਪਾਂ ਅਤੇ ਲਾਮਬੰਦੀ ਦੇ ਵੇਰਵੇ ਨਸ਼ਰ ਹੋ ਗਏ, ਫਿਰ ਅਕੱਟ ਸਬੂਤ ਮੌਜੂਦ ਸੀ। ਅਤੇ ਇਸ ਕਰਕੇ ਇਹ ਜਰਮਨ ਸਬੰਧ ਹੀ ਸੀ ਜੋ ਉੱਤਰੀ ਅਮਰੀਕਾ ਵਿਚ ਉਨ੍ਹਾਂ ਦੇ ਪਤਨ ਦਾ ਕਾਰਨ ਬਣਿਆ ਅਤੇ ਨਾਲ ਹੀ ਇਹ ਅਮਰੀਕਾ ਦੇ ਇਤਿਹਾਸ ਦੇ ਰਿਕਾਰਡ ਵਿਚ ਉਨ੍ਹਾਂ 'ਤੇ ਮੁਕੱਦਮੇ ਦਰਜ਼ ਹੋਣ ਦਾ ਮੁੱਖ ਜ਼ਰੀਆ ਸਾਬਤ ਹੋਇਆ।[86]

ਬੀ.ਆਈ.ਸੀ. ਨੇ ਪਹਿਲਾਂ 1915 ਦੇ ਸ਼ੁਰੂ ਵਿਚ ਹੇਰੰਬਾ ਲਾਲ ਗੁਪਤਾ ਨੂੰ ਅਮਰੀਕਾ ਵਿਚ ਆਪਣੇ ਤਾਲਮੇਲ ਕਰਤਾ ਨਾਮਜ਼ਦ ਨੁਮਾਇੰਦੇ ਵਜੋਂ ਭੇਜਿਆ ਸੀ। ਗੁਪਤਾ ਸੱਤ ਅੱਠ ਸਾਲ ਪਹਿਲਾਂ ਇਥੇ "ਹਿੰਦੀ ਰਾਸ਼ਟਰਵਾਦੀ ਸਨਅਤੀ ਲਹਿਰ ਦੀ ਮਦਦ ਕਰਨ ਦੇ ਨਜ਼ਰੀਏ ਨਾਲ ਵਪਾਰ ਦੇ ਸਵਾਲ ਦਾ ਅਧਿਐਨ ਕਰਨ" ਲਈ ਗਿਆ ਹੋਣ ਕਾਰਨ ਪਹਿਲਾਂ ਹੀ ਇਸ ਮੁਲਕ ਦਾ ਭੇਤੀ ਸੀ ਅਤੇ ਉਸ ਨੇ ਨਿਊ ਯਾਰਕ ਵਿਚ ਇਕ ਤਰ੍ਹਾਂ ਦੀ ਇਨਕਲਾਬੀ ਕਮੇਟੀ ਦਾ ਤਾਲਮੇਲ ਬਣਾਉਣ 'ਚ ਸਹਾਇਤਾ ਕੀਤੀ ਸੀ। ਜੰਗ ਦੀ ਸ਼ੁਰੂਆਤ ਸਮੇਂ ਉਹ ਬਰਲਿਨ ਚਲਾ ਗਿਆ। ਹੁਣ ਹਿੰਦ ਨੂੰ ਚੋਖੀ ਤਦਾਦ 'ਚ ਬੰਦੇ ਅਤੇ ਹਥਿਆਰ ਭੇਜਣ ਦੀ ਯੋਜਨਾ ਸ਼ੁਰੂ ਕਰਨ ਲਈ ਉਸ ਕੋਲ ਚੋਖੇ ਫੰਡ ਅਤੇ ਹਦਾਇਤਾਂ ਸਨ। ਇਸ ਮਕਸਦ ਲਈ ਉਸ ਨੇ ਨਿਊ ਯਾਰਕ, ਮੈਸਾਚੂਸੈੱਟਸ, ਅਤੇ ਸ਼ਿਕਾਗੋ ਨਾਲ ਖ਼ਤੋ-ਕਿਤਾਬਤ ਜ਼ਰੀਏ ਰਾਬਤਾ ਬਣਾਇਆ ਹੋਇਆ ਸੀ, ਮਗਰਲੇ ਸ਼ਹਿਰ ਨਾਲ ਗੋਮੇਜ਼ ਦੇ ਨਾਂ ਹੇਠ ਜੈਕਬਸਨ ਦੀ ਮਾਰਫ਼ਤ ਰਾਬਤਾ ਸੀ।[87]

ਅਮਰੀਕਾ ਵਿਚਲੇ ਕੰਮ ਤੋਂ ਇਲਾਵਾ, ਗੁਪਤਾ ਨੂੰ ਵੈਸਟ ਇੰਡੀਜ਼, ਬ੍ਰਿਟਿਸ਼ ਗਿਆਨਾ, ਟ੍ਰਿਨੀਡਾਡ, ਬਰਤਾਨਵੀ ਪੂਰਬੀ ਅਫ਼ਰੀਕਾ, ਜਾਵਾ, ਅਤੇ ਸੁਮਾਟਰਾ ਵਿਚ ਭਰਤੀ ਸ਼ੁਰੂ ਕਰਨ ਦੀ ਸਲਾਹ ਦਿੱਤੀ ਗਈ ਸੀ। ਟ੍ਰਿਨੀਡਾਡ ਨੂੰ ਤਾਂ ਆਜ਼ਾਦ ਹਿੰਦੁਸਤਾਨੀ ਗਣਰਾਜ ਦੀ ਸੰਭਾਵੀ ਥਾਂ ਵੀ ਮਿਥਿਆ ਗਿਆ ਸੀ।[88] ਦਰ ਅਸਲ ਗੁਪਤਾ ਦੇ ਮਨ ਵਿਚ ਵੈਸਟ ਇੰਡੀਜ਼ ਵਿਚ ਹਿੰਦੁਸਤਾਨੀ ਮਜ਼ਦੂਰਾਂ ਨੂੰ ਉਭਾਰਨ ਦਾ ਖ਼ਿਆਲ ਘਰ ਕਰ ਗਿਆ ਸੀ, ਪਰ ਇਥੇ ਭਗਵਾਨ ਸਿੰਘ ਦੇ ਯਤਨਾਂ ਦੇ ਬਾਵਜੂਦ ਇਸ ਨੂੰ ਬਹੁਤਾ ਬੂਰ ਨਹੀਂ ਪਿਆ।[89]

ਗੁਪਤਾ ਨੂੰ ਜਪਾਨ ਉੱਪਰ ਵੀ ਕੇਂਦਰਤ ਕਰਨ ਲਈ ਕਿਹਾ ਗਿਆ ਸੀ, ਜਿਥੇ ਬਹੁਤ ਸਾਰੇ ਗ਼ਦਰੀ ਕਾਰਕੁੰਨ ਪਹਿਲਾਂ ਹੀ ਸਰਗਰਮ ਸਨ। ਜਦੋਂ 1916 'ਚ ਬੀ.ਆਈ.ਸੀ. ਨੂੰ ਮੁੜ ਜਥੇਬੰਦ ਕੀਤਾ ਗਿਆ, ਗੁਪਤਾ ਦੀ ਲੋੜ ਇਥੇ ਮੁੜ ਮਹਿਸੂਸ ਕੀਤੀ ਗਈ ਅਤੇ ਉਸ ਨੂੰ ਚੰਦਰਕਾਂਤ ਚਕਰਵਰਤੀ ਦੀ ਥਾਂ 'ਤੇ ਬਰਲਿਨ-ਅਮਰੀਕਾ 'ਚ ਤਾਲਮੇਲ ਰੱਖਣ ਲਈ ਲਗਾਇਆ ਗਿਆ, ਜੋ ਰਾਮ ਚੰਦਰ ਵਾਂਗ ਹੀ ਵਿਵਾਦਪੂਰਨ ਸ਼ਖ਼ਸ ਸਿੱਧ ਹੋਇਆ ਸੀ ਅਤੇ ਸਾਰੇ ਹਿੱਸੇ ਉਸ ਉੱਪਰ ਘੱਟ ਹੀ ਇਤਬਾਰ ਕਰਦੇ ਸਨ। ਉਹ ਜਰਮਨੀ ਤੋਂ ਸਫ਼ਰ ਖ਼ਰਚ, ਬੰਦੂਕਾਂ, ਪ੍ਰਚਾਰ ਵਗੈਰਾ ਲਈ ਲਗਾਤਾਰ ਵਾਧੂ ਫੰਡਾਂ ਦੀ ਮੰਗ ਕਰਦਾ ਰਹਿੰਦਾ ਸੀ। ਲੱਗਦਾ ਸੀ ਕਿ ਇਸ ਵਿੱਚੋਂ ਥੋੜ੍ਹਾ ਹੀ ਕੈਲੀਫੋਰਨੀਆ ਦੇ ਕਾਰਕੁੰਨਾਂ ਕੋਲ ਪਹੁੰਚਿਆ ਹੋਵੇਗਾ। ਖ਼ੁਫ਼ੀਆ ਮਹਿਕਮੇ ਦੇ ਚਿੱਠੀ-ਪੱਤਰ ਵਿਚ ਵੀ ਉਸ ਨੂੰ ਅਕਸਰ ਹੀ "ਚਾਪਲੂਸ" ਅਤੇ "ਬੇਇਤਬਾਰਾ", ਹਾਲਾਂਕਿ "ਬਹੁਤ ਹੀ ਖ਼ਤਰਨਾਕ ਬੰਦਾ" ਬਿਆਨ ਕੀਤਾ ਹੁੰਦਾ ਸੀ ਅਤੇ ਉਸ ਨੇ ਜਰਮਨ ਡਾਕਟਰ ਤੇ ਆਪਣੇ ਗੂੜ੍ਹੇ ਮਿੱਤਰ ਅਰਨੈਸਟ ਸੈਕੂਨਾ ਦੀ ਮਦਦ ਲੈ ਕੇ ਆਪਣੀ ਜਿਊਣ ਹਾਲਤ ਅਜੀਬ ਦਿਖਾਵੇ ਵਾਲੀ ਤੇ ਪੂਰਬੀ ਠਾਠ-ਬਾਠ ਵਾਲੀ ਬਣਾ ਲਈ ਸੀ।[90] ਇਸ ਜੋੜੀ ਉੱਪਰ ਕੇਂਦਰਤ ਕਰਕੇ ਸੂਹੀਏ ਉਨ੍ਹਾਂ ਦੇ ਜਰਮਨ ਅਧਿਕਾਰੀ (ਅਤੇ ਅਮਰੀਕਾ ਨੂੰ ਹਥਿਆਰ ਭੇਜਣ ਲਈ ਨਾਮਜ਼ਦ ਕੀਤੇ

ਕੋਆਰਡੀਨੇਟਰ) ਫਰਾਂਜ ਫੌਨ ਪਾਪੇਨ, ਉਸ ਦੇ ਸਕੱਤਰ ਵੌਫ ਫੌਨ ਇਜਲ; ਅਤੇ ਸਾਨ ਫਰਾਂਸਿਸਕੋ ਵਿਚ ਜਰਮਨ ਕੌਂਸਲ ਫਰਾਂਜ ਬੌਪ ਅਤੇ ਇੱਥੋਂ ਅੱਗੇ ਸਾਨ ਫਰਾਂਸਿਸਕੋ ਦੇ ਗ਼ਦਰ ਕੇਂਦਰ ਦੇ ਮੇਲ-ਜੋਲ ਦਾ ਖ਼ੁਰਾ ਨੱਪਣ 'ਚ ਕਾਮਯਾਬ ਹੋ ਗਏ ਸਨ।

ਇੱਥੋਂ ਤਕ ਕਿ ਅਮਰੀਕੀ ਰਾਸ਼ਟਰਪਤੀ ਵਿਲਸਨ ਵਲੋਂ ਜੰਗ ਦਾ ਜਨਤਕ ਐਲਾਨ ਕਰਨ ਤੋਂ ਵੀ ਪਹਿਲਾਂ, ਅਮਰੀਕੀ ਅਟਾਰਨੀ ਜੌਹਨ ਪ੍ਰੈਸਟਨ ਨੂੰ ਰਾਮ ਚੰਦਰ ਤੇ ਉਸ ਦੇ ਨਿਊ ਯਾਰਕ ਵਾਲੇ ਸੰਗੀਆਂ ਚਕਰਵਰਤੀ ਤੇ ਸੈਕੂਨਾ, ਅਤੇ ਸਾਜ਼ਿਸ਼ ਵਿਚ ਉਨ੍ਹਾਂ ਦੇ ਜਰਮਨ ਭਾਈਵਾਲਾਂ ਨੂੰ ਗ੍ਰਿਫ਼ਤਾਰ ਕਰ ਲੈਣ ਦਾ ਅਧਿਕਾਰ ਦੇ ਦਿੱਤਾ ਗਿਆ ਸੀ, ਇਨ੍ਹਾਂ ਕੁਲ 105 ਦੋਸ਼ੀਆਂ ਵਿੱਚੋਂ 35 ਹਿੰਦੁਸਤਾਨੀ ਸਨ। ਮੁਕੱਦਮਾ 12 ਨਵੰਬਰ 1917 ਨੂੰ ਸ਼ੁਰੂ ਹੋਇਆ ਅਤੇ ਓਦੋਂ ਤਕ ਅਖ਼ਬਾਰਾਂ ਵਿਚ ਮਹੀਨਿਆਂ ਬੱਧੀ ਸਨਸਨੀਖੇਜ਼ ਸੁਰਖ਼ੀਆਂ ਬਣਦਾ ਰਿਹਾ ਜਦੋਂ ਤੱਕ ਅਪ੍ਰੈਲ 1918 'ਚ ਇਹ ਖ਼ਤਮ ਨਹੀਂ ਹੋ ਗਿਆ। ਮੁਕੱਦਮਾ ਬੇਮਿਸਾਲ ਪੱਧਰ ਦਾ ਸੀ; *ਸਾਨ ਫਰਾਂਸਿਸਕੋ ਕਰੋਨੀਕਲ* ਨੇ ਰਿਪੋਰਟ ਛਾਪੀ ਕਿ ਓੜਕ ਅੰਗਰੇਜ਼ ਹਕੂਮਤ ਨੂੰ ਇਹ ਮੁਕੱਦਮਾ 25 ਲੱਖ ਡਾਲਰ 'ਚ ਪਿਆ ਤੇ ਅਮਰੀਕੀ ਹਕੂਮਤ ਨੂੰ 450,000 ਡਾਲਰ ਵਿਚ।[91] ਦੋ ਸੌ ਤੋਂ ਵੱਧ ਖੁਫ਼ੀਆ ਏਜੰਟ ਅਤੇ ਹੋਰ ਉੱਘੇ ਕੌਮਾਂਤਰੀ ਆਦਮੀ ਗਵਾਹਾਂ ਵਜੋਂ ਸੱਦੇ ਗਏ। ਇਸ ਤੋਂ ਇਲਾਵਾ, ਸੋਲਾਂ ਮੁਜਰਮ – ਦਸ ਹਿੰਦੀ ਤੇ ਛੇ ਜਰਮਨ – ਵਾਅਦਾ ਮੁਆਫ਼ ਬਣ ਗਏ। ਸੁਣੀਆਂ-ਸੁਣਾਈਆਂ ਗੱਲਾਂ ਦੀ ਗਵਾਹੀ ਦੀ ਇਜਾਜ਼ਤ ਬਾਰੇ ਸ਼ਰਤਾਂ ਵਿਚ ਢਿੱਲ ਦਿੱਤੀ ਗਈ ਤਾਂ ਜੋ ਉਨ੍ਹਾਂ ਦੀ ਗਵਾਹੀ ਨੂੰ ਇਕ ਦੂਜੇ ਵਿਰੁੱਧ ਵਰਤਿਆ ਜਾ ਸਕੇ।[92]

ਜਿਵੇਂ ਕੈਲੀਫੋਰਨੀਆ ਦੀ ਉੱਤਰੀ ਜ਼ਿਲ੍ਹਾ ਅਦਾਲਤ ਦੀ ਇਕ ਟਿੱਪਣੀ ਵਿਚ *ਅਮਰੀਕਾ ਬਨਾਮ ਰਾਮ* ਚੰਦਰ *ਤੇ ਹੋਰਾਂ* ਦੇ ਮੁਕੱਦਮੇ ਵਿਚ ਦੋਸ਼ ਸਪਸ਼ਟ ਕਰਦਿਆਂ ਪੇਸ਼ ਕੀਤਾ ਗਿਆ ਸੀ, ਇਸ ਮਾਮਲੇ ਦੇ ਪ੍ਰਮੁੱਖ ਨੁਕਤੇ ਇਹ ਸਨ:[93] ਨਿਰਪੱਖਤਾ ਦੇ ਕਾਨੂੰਨ ਦੀਆਂ ਤਿੰਨ ਉਲੰਘਣਾਵਾਂ, ਕਿਸੇ ਬਦੇਸ਼ੀ ਸ਼ਹਿਨਸ਼ਾਹ ਜਾਂ ਰਾਜ ਦੇ ਖੇਤਰ ਜਾਂ ਡੁਮੀਨੀਅਨ, ਜਾਂ ਰਾਜ, ਬਸਤੀ, ਜ਼ਿਲ੍ਹੇ ਜਾਂ ਲੋਕਾਂ, ਜਿਨ੍ਹਾਂ ਨਾਲ ਅਮਰੀਕਾ ਦਾ ਰਿਸ਼ਤਾ ਅਮਨ ਵਾਲਾ ਹੈ, ਦੇ ਵਿਰੁੱਧ ਫ਼ੌਜੀ ਮੁਹਿੰਮ ਲਈ ਸਾਧਨ ਮੁਹੱਈਆ ਕਰਾਉਣਾ ਜਾਂ ਤਿਆਰ ਕਰਕੇ ਦੇਣਾ; ਨਿਰਪੱਖਤਾ ਕਾਨੂੰਨ ਦੀ ਉਲੰਘਣਾ ਕਰਨ ਦੇ ਸਾਜ਼ਿਸ਼ ਨਾਲ ਜੁੜੇ ਅਠਾਈ ਨੁਕਤੇ, ਜਿਸ ਵਿਚ ਜਿਸ ਕੌਮ ਨਾਲ ਅਮਰੀਕਾ ਦਾ ਰਿਸ਼ਤਾ ਅਮਨ ਵਾਲਾ ਹੈ ਉਸ ਦੇ ਵਿਰੁੱਧ ਇਕ ਬਦੇਸ਼ੀ ਫ਼ੌਜ ਵਿਚ ਸ਼ਾਮਲ ਹੋ ਕੇ ਲੜਨ ਲਈ ਭਰਤੀ ਕਰਨਾ ਸ਼ਾਮਲ ਹੈ ਜਿਸ ਦੀ ਕਿ ਕਾਨੂੰਨਨ ਮਨਾਹੀ ਹੈ, ਅਤੇ ਅਜਿਹੀ ਕੌਮ ਵਿਰੁੱਧ ਅਜਿਹੀ ਫ਼ੌਜੀ ਮੁਹਿੰਮ ਜਥੇਬੰਦ ਕਰਨਾ ਜਿਸ ਦੀ ਕਾਨੂੰਨਨ ਮਨਾਹੀ ਹੈ। ਅਦਾਲਤ ਨੇ ਮੰਗ ਕੀਤੀ ਕਿ ਸਾਜ਼ਿਸ਼ ਨੂੰ ਪ੍ਰੀਭਾਸ਼ਤ ਕਰਨ ਲਈ ਦੋ ਚੀਜ਼ਾਂ ਜ਼ਰੂਰੀ ਸਨ: ਪਹਿਲੀ, ਦੋ ਜਾਂ ਵੱਧ ਬੰਦੇ ਮਿਲ ਕੇ ਅਮਰੀਕਾ ਵਿਰੁੱਧ ਕੋਈ ਜੁਰਮ ਕਰਦੇ ਹੋਣ ਜਾਂ ਕਿਸੇ ਢੰਗ ਨਾਲ ਜਾਂ ਕਿਸੇ ਮਕਸਦ ਲਈ ਅਮਰੀਕਾ ਨਾਲ ਧੋਖਾਧੜੀ ਕਰਦੇ ਹੋਣ; ਅਤੇ ਦੂਜੀ, ਇਕ ਜਾਂ ਵੱਧ ਬੰਦੇ ਵਿਉਂਤ ਦੇ ਮਕਸਦ ਨੂੰ ਅਮਲ 'ਚ ਲਿਆਉਣ ਲਈ ਕੋਈ ਕਾਰਵਾਈ ਕਰ ਰਹੇ ਹੋਣ। ਇਥੇ ਬਿਆਨ ਕੀਤੇ ਉਦੇਸ਼ ਨੂੰ ਨੇਪਰੇ ਚਾੜ੍ਹਨ ਦੀ ਗੱਲ ਗ਼ੈਰਪ੍ਰਸੰਗਿਕ ਸੀ ਅਤੇ ਸਾਜ਼ਿਸ਼ ਦੇ ਦੋਸ਼ ਵਿਰੁੱਧ ਵਾਜਬ ਦਲੀਲ ਬਣਦੀ ਹੀ ਨਹੀਂ ਸੀ। ਨਿਰਪੱਖਤਾ ਦੀਆਂ ਉਲੰਘਣਾਵਾਂ ਬਾਰੇ, ਸਭ ਤੋਂ ਨੇੜੇ ਦੀ ਮਿਸਾਲ ਮੈਕਸੀਕੋ ਸੀ। ਇਨਕਲਾਬ ਦੌਰਾਨ ਹਿਊਰਟਾ ਅਤੇ ਓਰੋਜ਼ਕੋ ਦੇ ਖ਼ਿਲਾਫ਼ ਇਹੋ ਜਹੇ ਦੋਸ਼ ਹੀ ਲਾਏ ਗਏ ਸਨ, ਪਰ ਅਸਲ ਦੋਸ਼ੀਆਂ ਦੀ ਮੌਤ ਜਾਂ ਉੱਥੋਂ ਖਿਸਕ ਜਾਣ ਕਾਰਨ ਮੁਕੱਦਮੇ ਸਿਰੇ ਨਹੀਂ ਸੀ ਲੱਗੇ। ਪਹਿਲਾਂ ਵੀ ਫ਼ੌਜੀ ਮੁਹਿੰਮਾਂ ਚਲਾਉਣ ਵਿਰੁੱਧ ਕਾਨੂੰਨ ਦਾ ਇਸਤੇਮਾਲ ਆਇਰਿਸ਼ ਫਿਨੀਅਨਾਂ ਵਿਰੁੱਧ 1866-67 ਵਿਚ ਅਤੇ ਕਿਊਬਾ ਦੇ ਰਾਜ ਪਲਟਾਊਆਂ ਵਿਰੁੱਧ

1890ਵਿਆਂ ਵਿਚ ਇਸਤੇਮਾਲ ਕੀਤਾ ਗਿਆ ਸੀ। ਪਰ ਅਮਰੀਕੀ ਅਵਾਮ ਨੇ ਉਹ ਮੁਕੱਦਮੇ ਪਸੰਦ ਨਹੀਂ ਸੀ ਕੀਤੇ, ਅਤੇ ਉਨ੍ਹਾਂ ਨੂੰ ਦੋਸ਼ੀ ਠਹਿਰਾਉਣਾ ਮੁਸ਼ਕਲ ਹੋ ਗਿਆ ਸੀ।[94]

ਅਖਾਉਤੀ ਸਾਜ਼ਿਸ਼ ਦੇ ਬੁਨਿਆਦੀ ਢਾਂਚੇ ਅਤੇ ਪ੍ਰੋਗਾਮ ਦੀ ਵਿਉਂਤਬੰਦੀ ਕਰਨ ਦੇ ਪੱਖੋਂ, ਇਸਤਗਾਸਾ ਪੱਖ ਨੇ ਅਮਰੀਕਾ ਵਿਚ ਹਿੰਦੀਆਂ ਨੂੰ ਜਥੇਬੰਦ ਕਰਨ ਵਾਲੇ ਤਿੰਨ ਕੇਂਦਰਾਂ ਦੀ ਨਿਸ਼ਾਨਦੇਹੀ ਕੀਤੀ – ਸਾਨ ਫਰਾਂਸਿਸਕੋ, ਨਿਊ ਯਾਰਕ ਅਤੇ ਸ਼ਿਕਾਗੋ। ਇਨ੍ਹਾਂ ਤਿੰਨਾਂ ਦਾ ਇਕ ਦੂਜੇ ਨਾਲ ਅਤੇ ਜਰਮਨ ਕੌਂਸਲਾਂ ਤੇ ਏਜੰਟਾਂ ਨਾਲ ਰਾਬਤਾ ਸੀ।[95] ਸਾਨ ਫਰਾਂਸਿਸਕੋ ਦਾ ਪ੍ਰਬੰਧ ਚਲਾਉਣਾ ਬਹੁਤ ਸੁਖਾਲਾ ਸੀ, "ਕਿਉਂਕਿ ਉਨ੍ਹਾਂ ਨੇ ਤਾਂ ਬਸ ਗ਼ਦਰ ਪਾਰਟੀ ਦੇ ਸੰਪਰਕ 'ਚ ਰਹਿਣਾ ਸੀ। ਮੁਲਕ ਵਿਚ ਕਿਸੇ ਵੀ ਥਾਂ ਦੇ ਜ਼ਿਆਦਾਤਰ ਕਾਰਕੁੰਨ ਹਿੰਦ ਤੋਂ ਆਉਣ ਜਾਂ ਜਾਣ ਸਮੇਂ ਇਸ ਮਜ਼ਬੂਤ ਅਤੇ ਵਧੀਆ ਜਥੇਬੰਦ ਕੇਂਦਰ ਵਿੱਚੋਂ ਦੀ ਹੋ ਕੇ ਜਾਂਦੇ ਸਨ, ਆਮ ਤੌਰ 'ਤੇ ਉਹ ਯੁਗਾਂਤਰ ਆਸ਼ਰਮ 'ਚ ਪੜਾਅ ਕਰਦੇ ਸਨ।

ਇਸ ਤਾਣੇਬਾਣੇ ਦੀਆਂ ਦੁਨੀਆ ਪੱਧਰ ਦੀਆਂ ਸਰਗਰਮੀਆਂ ਦਾ ਤਾਲਮੇਲ ਬਰਲਿਨ ਰਾਹੀਂ ਹੁੰਦਾ ਸੀ ਅਤੇ ਇਸ ਵਿਚ ਭਾਂਤ-ਸੁਭਾਂਤੀ ਵਿਆਪਕ ਤੇ ਦੂਰ ਤਕ ਮਾਰ ਕਰਨ ਵਾਲੀ ਮਸ਼ੀਨਰੀ ਸ਼ਾਮਲ ਸੀ ਜੋ ਲਾਹੌਰ ਅਤੇ ਮਾਂਡਲੇ ਮੁਕੱਦਮਿਆਂ ਵਿਚ ਦਿੱਤੀਆਂ ਸੂਚੀਆਂ ਦੀ ਇੰਨ-ਬਿੰਨ ਨਕਲ ਸੀ: (1) ਪ੍ਰਚਾਰ; (2) ਰੰਗਰੂਟ ਭੇਜਣੇ; (3) ਹਥਿਆਰ ਭੇਜਣੇ; (4) ਪੈਸਾ ਭੇਜਣਾ; (5) ਸਰਹੱਦ ਨਾਲ ਲੱਗਦੇ ਮੁਲਕਾਂ (ਬਰਮਾ, ਅਫ਼ਗਾਨਿਸਤਾਨ) ਵਿਚ ਫ਼ੌਜੀ ਮੁਹਿੰਮਾਂ ਦੀ ਤਿਆਰੀ (6) ਕੈਦੀ ਬਣਾਏ ਗਏ ਹਿੰਦੀ ਫ਼ੌਜੀਆਂ ਨੂੰ ਆਪਣੇ ਨਾਲ ਜੋੜਨਾ; (7) "ਚੀਨ ਤੇ ਜਪਾਨ ਵਿਚ ਵਿਉਂਤ ਬਣਾਉਣਾ, ਜਿਸ ਦਾ ਉਦੇਸ਼ ਸੀ ਉਨ੍ਹਾਂ ਮੁਲਕਾਂ ਦੀਆਂ ਸਿਆਸੀ ਪਾਰਟੀਆਂ ਅਤੇ, ਜੇ ਸੰਭਵ ਹੋਵੇ, ਹਕੂਮਤ ਦਾ ਸਹਿਯੋਗ ਲੈਣਾ।"[96] ਨੋਟ ਕਰੋ ਕਿ ਸਰਕਾਰੀ ਵਕੀਲ ਵਲੋਂ ਕੇਸ ਦੀ ਗਵਾਹੀ ਦੇ ਇਸ ਨਿਚੋੜ ਦੇ ਘੇਰੇ ਵਿਚ ਬਦੇਸ਼ਾਂ ਦੀ ਇਨਕਲਾਬੀ ਲਹਿਰ ਦੀਆਂ ਸਾਰੀਆਂ ਹੀ ਸ਼ਾਖਾਵਾਂ ਦੀਆਂ ਕੁਲ ਸਰਗਰਮੀਆਂ, ਖ਼ਾਸ ਕਰਕੇ ਕੈਲੀਫੋਰਨੀਆ ਗਰੁੱਪ ਦੀ ਹਿੱਸੇਦਾਰੀ ਦੀ ਕਿਸਮ ਜਾਂ ਮਾਤਰਾ ਨੂੰ ਨਜ਼ਰਅੰਦਾਜ਼ ਕਰਕੇ ਸ਼ਾਮਲ ਕੀਤੀਆਂ ਗਈਆਂ ਤੇ ਇਸ ਵਿਚ ਉਹ ਕਾਮਯਾਬ ਰਿਹਾ।[97]

ਫਿਰ ਵੀ ਜਰਮਨੀ ਨਾਲ ਉਨ੍ਹਾਂ ਦਾ ਉੱਕਾ ਹੀ ਕੋਈ ਸਬੰਧ ਨਾ ਹੋਣਾ ਵੀ ਉਸੇ ਤਰ੍ਹਾਂ ਗੁੰਮਰਾਹਕੁਨ ਹੋਵੇਗਾ ਜਿਵੇਂ ਸਾਰਾ ਦੋਸ਼ ਉਸੇ ਸਿਰ ਮੜ੍ਹਨਾ। ਅਤੇ ਖ਼ੁਦਮੁਖਤਿਆਰੀ ਦੀ ਮਾਤਰਾ ਸੰਬੰਧੀ ਇਹ ਕਹਿਣਾ ਹੋਵੇਗਾ, ਗਵਾਹੀ ਦਾ ਨਿਆਂ-ਵਿਧਾਨਕ ਸੁਭਾਅ (ਅਤੇ ਬੁਰੀ ਤਰ੍ਹਾਂ ਪੱਖਪਾਤੀ ਇਤਿਹਾਸ-ਲੇਖਣੀ) ਦਾ ਪੇਸ਼ਕਾਰੀ 'ਤੇ ਅਸਰ ਪਾਉਂਦਾ ਹੈ, ਇਸ ਨੂੰ ਦੇਖਦਿਆਂ ਕਿ ਇਸਤਗਾਸਾ ਧਿਰ ਲਈ ਇਹ ਮੁਕੱਦਮਾ ਜਰਮਨੀ ਦੀ ਸ਼ਮੂਲੀਅਤ ਦੇ ਵੱਧ ਤੋਂ ਵੱਧ ਸਬੂਤ ਜੁਟਾਉਣ ਅਤੇ ਸਫ਼ਾਈ ਪੱਖ ਨੂੰ ਆਪਣਾ ਪੱਖ ਰੱਖਣ ਦੇ ਘੱਟ ਤੋਂ ਘੱਟ ਮੌਕੇ ਦੇਣ 'ਤੇ ਅਧਾਰਤ ਸੀ। ਇਸ ਤੋਂ ਇਲਾਵਾ, ਇਸਤਗਾਸਾ ਦੇ ਭਵਿੱਖਨਕਸ਼ੇ ਤੋਂ ਸਾਜ਼ਿਸ਼ ਦੀ ਪਹੁੰਚ ਦੇ ਵੱਡੇ ਫ਼ਾਇਦਿਆਂ ਵਿੱਚੋਂ ਇਕ ਇਹ ਹੈ ਕਿ ਚਲਾਕੀ ਨਾਲ ਜਾਲ ਬੁਣ ਕੇ ਕਿਸੇ ਦਾ ਇਸ ਨਾਲ ਸਬੰਧ ਦਰਸਾਉਣਾ ਹੀ ਕਾਫ਼ੀ ਹੈ; ਕਿਸੇ ਖ਼ਾਸ ਕਾਰਵਾਈ, ਜਿਸ ਨੂੰ ਉਸ ਤਾਣੇਬਾਣੇ ਨਾਲ ਜੋੜਿਆ ਜਾ ਸਕਦਾ ਹੋਵੇ ਦੇ ਸਬੰਧ 'ਚ ਕਿਸੇ ਬੰਦੇ ਦੀ ਨਿੱਜੀ ਭੂਮਿਕਾ ਨੂੰ ਓਦੋਂ ਤਕ ਸਾਬਤ ਕਰਨ ਦੀ ਲੋੜ ਨਹੀਂ ਹੈ ਜਦੋਂ ਤਕ ਸਬੰਧਤ ਬੰਦੇ ਨੂੰ ਕਿਸੇ ਖ਼ਾਸ ਕਾਰਵਾਈ ਲਈ ਉਸੇ ਹੀ ਤਾਣੇਬਾਣੇ ਨਾਲ ਸਬੰਧਤ ਦਰਸਾ ਕੇ ਫਸਾਇਆ ਜਾ ਸਕਦਾ ਹੋਵੇ।[98] ਮੇਰਾ ਇਰਾਦਾ ਲਾਪ੍ਰਵਾਹੀ ਨਾਲ ਇਸ ਦਾਅਪੇਚ ਨੂੰ ਇੰਨ ਬਿੰਨ ਪੇਸ਼ ਕਰਨ ਦਾ ਨਹੀਂ ਹੈ। ਜਦਕਿ, ਜੇ ਇਕ ਇਤਿਹਾਸਕਾਰ, ਨਾ ਕਿ ਇਕ ਸਰਕਾਰੀ ਵਕੀਲ, ਇਕ ਲਹਿਰ ਦਾ ਮੁਲਅੰਕਣ ਕਰ ਰਿਹਾ ਹੈ ਨਾ ਕਿ ਪਾਰਟੀ ਦਾ, ਤਾਂ ਸਾਹਿਤ ਦੇ ਪ੍ਰਭਾਵ ਦੀ ਹੱਦ,

ਹਿੱਸੇਦਾਰੀ ਦੇ ਖੇਤਰ, ਅਤੇ ਇਸ ਤੱਥ ਨੂੰ ਤਸਲੀਮ ਕਰਨਾ ਜ਼ਰੂਰੀ ਹੈ ਕਿ ਜਰਮਨ ਹਮਾਇਤ ਵਾਲੇ ਪ੍ਰੋਜੈਕਟ ਵਿਚ ਹਿੱਸਾ ਲੈਣ ਵਾਲੇ ਸਾਰੇ ਮਜ਼੍ਹਬਾਂ ਅਤੇ ਖਿੱਤਿਆਂ ਦੇ ਲੋਕਾਂ ਦੀ ਗ਼ਦਰ ਵਿਚ ਸ਼ਾਮਲ ਹੋਣ ਦੇ ਜਾਂ ਜਿਨ੍ਹਾਂ ਨੇ ਇਸ ਨੂੰ ਅੰਜਾਮ ਦਿੱਤਾ ਉਨ੍ਹਾਂ ਨਾਲ ਨੇੜਲੇ ਵਿਹਾਰਕ ਸਬੰਧਾਂ ਦੇ ਵਿਅਕਤੀਗਤ ਇਤਿਹਾਸ ਰਹੇ ਹਨ। ਬਦੇਸ਼ਾਂ ਵਿਚਲੇ ਇਨਕਲਾਬੀਆਂ ਦਾ ਤਾਣਾਬਾਣਾ ਬਹੁਤ ਸਾਰੇ ਥਾਂਵਾਂ ਤੋਂ ਹੱਦਾਂ ਤੋਂ ਆਰ-ਪਾਰ ਜਾ ਕੇ ਕੰਮ ਕਰਦਾ ਰਿਹਾ ਅਤੇ ਇਹ ਵਾਰ ਵਾਰ ਆਰ-ਪਾਰ ਹੁੰਦਾ ਰਿਹਾ; ਕਿਸੇ ਵੀ ਤੰਦ ਨੂੰ ਬਾਕੀਆਂ ਤੋਂ ਪੂਰੀ ਤਰ੍ਹਾਂ ਅਲੱਗ ਨਹੀਂ ਕੀਤਾ ਜਾ ਸਕਦਾ।

ਪਹਿਲੇ ਮਾਂਡਲੇ ਮੁਕੱਦਮੇ ਤੋਂ ਤਕਰੀਬਨ ਦੋ ਸਾਲ ਪਿੱਛੋਂ, ਜੋਧ ਸਿੰਘ ਨੂੰ ਹਿੰਦੁਸਤਾਨ ਤੋਂ ਬਤੌਰ ਸਰਕਾਰੀ ਗਵਾਹ ਸਾਨ ਫਰਾਂਸਿਸਕੋ ਵਿਚ ਗਵਾਹੀ ਦੇਣ ਲਈ ਸੱਦਿਆ ਗਿਆ, ਕਿਉਂਕਿ ਉਹ "ਆਮ ਨਾਲੋਂ ਵੱਧ ਬੁੱਧੀਮਾਨ ਹਿੰਦੂ ਸੀ ਅਤੇ ਉਸ ਨੂੰ ਇਨ੍ਹਾਂ ਕਹਾਣੀਆਂ ਵਿਚ ਬਿਆਨ ਕੀਤੀਆਂ" ਘਟਨਾਵਾਂ ਦੇ ਕੇਂਦਰ ਵਿਚ ਰਹਿਣ ਕਾਰਨ "ਸਾਜ਼ਿਸ਼ ਦੀ ਕਾਫ਼ੀ ਜਾਣਕਾਰੀ ਸੀ।"[99] ਪਰ ਜਦੋਂ ਕਟਹਿਰੇ ਵਿਚ ਖੜ੍ਹਾ ਹੋਣ ਲਈ ਉਸ ਦੀ ਵਾਰੀ ਆਈ, ਉਸ ਨੇ ਹਕੂਮਤ ਅੱਗੇ ਸ਼ਰਤ ਰੱਖ ਦਿੱਤੀ ਕਿ ਗਵਾਹੀ ਦੇਣ ਤੋਂ ਪਹਿਲਾਂ ਉਹ ਦੋਸ਼ੀਆਂ ਪ੍ਰਤੀ ਨਰਮੀ ਵਰਤਣ ਦੇ ਕੁਝ ਵਾਅਦੇ ਲੈਣੇ ਚਾਹੇਗਾ। ਕੀ ਗਵਾਹੀ ਦੇਣ ਲਈ ਰਜ਼ਾਮੰਦ ਹੁੰਦੇ ਹੋਏ ਸ਼ੁਰੂ ਤੋਂ ਹੀ ਉਸ ਦਾ ਇਹ ਇਰਾਦਾ ਸੀ ? ਮੁਕੱਦਮੇ ਦੀ ਪੈਰਵੀ ਕਰ ਰਹੇ ਅਮਰੀਕੀ ਅਟਾਰਨੀ ਜੌਹਨ ਡਬਲਯੂ. ਪ੍ਰੈਸਟਨ ਨੇ ਸ਼ਰਤਾਂ ਮੰਨਣ ਤੋਂ ਨਾਂਹ ਕਰ ਦਿੱਤੀ: ਉਸ ਹਾਲਤ 'ਚ ਜੋਧ ਸਿੰਘ ਨੇ ਕੁਝ ਕਹਿਣ ਤੋਂ ਨਾਂਹ ਕਰ ਦਿੱਤੀ। ਉਸ ਨੂੰ ਕਟਹਿਰੇ ਵਿੱਚੋਂ ਹਟਾਇਆ ਗਿਆ, ਸਿਆਮ-ਬਰਮਾ ਮਿਸ਼ਨ ਵਿਚ ਉਸ ਦੀ ਭੂਮਿਕਾ ਲਈ ਉਸ ਨੂੰ ਦੋਸ਼ੀ ਧਰ ਲਿਆ ਗਿਆ ਅਤੇ ਉਸ ਪੂਰੇ ਸਮੇਂ ਲਈ ਨਜ਼ਰਬੰਦ ਰੱਖਿਆ ਗਿਆ। ਰਿਪੋਰਟ ਨੇ ਭਾਵਪੂਰਤ ਟਿੱਪਣੀ ਕੀਤੀ: "ਇਹ ਮਸ਼ਹੂਰ ਮੁਕੱਦਮੇ ਦੀ ਇਕ ਨਾਟਕੀ ਘਟਨਾ ਸੀ।"[100]

ਪਰ ਸਭ ਤੋਂ ਨਾਟਕੀ ਘਟਨਾ ਐਨ ਅਖ਼ੀਰ 'ਚ ਵਾਪਰੀ। ਜਿਉਂ ਹੀ ਮੁਕੱਦਮੇ ਦੀ ਕਾਰਵਾਈ ਅੱਗੇ ਤੁਰਦੀ ਗਈ, ਭਾਈਚਾਰੇ ਉੱਪਰ ਭਾਰੀ ਦਬਾਅ ਅਤੇ ਜਨਤਕ ਛਾਣਬੀਣ ਦੀ ਹਾਲਤ 'ਚ, ਧੜੇਬੰਦਕ ਦੁਸ਼ਮਣੀ ਤੇ ਆਪਸੀ ਤੋਹਮਤਬਾਜ਼ੀ ਵੀ ਜ਼ੋਰ ਫੜ੍ਹਦੀ ਗਈ। ਜਿਸ ਦਿਨ 23 ਅਪ੍ਰੈਲ 1918 ਨੂੰ ਫ਼ੈਸਲਾ ਸੁਣਾਇਆ ਜਾਣਾ ਸੀ, ਭਗਵਾਨ ਸਿੰਘ ਧੜੇ ਨਾਲ ਸਬੰਧਤ ਰਾਮ ਸਿੰਘ ਆਪਣੀ ਪੱਗ ਵਿਚ ਪਿਸਤੌਲ ਛੁਪਾ ਕੇ ਅਦਾਲਤ ਦੇ ਕਮਰੇ ਵਿਚ ਲਿਜਾਣ ਵਿਚ ਕਾਮਯਾਬ ਹੋ ਗਿਆ। ਜਦੋਂ ਉਹ ਪਾਣੀ ਪੀਣ ਲਈ ਗਿਆ ਤਾਂ ਉਸ ਦੇ ਇਕ ਸਾਥੀ ਨੇ ਉਸ ਨੂੰ ਹਾਲ ਦੇ ਅੰਦਰ ਇਹ ਪਿਸਤੌਲ ਪਹੁੰਚਾਈ ਸੀ। ਜਦੋਂ ਰਾਮ ਚੰਦਰ ਨੇ "ਜਥੇਬੰਦੀ ਦੀਆਂ ਤੋੜਫੋੜ ਦੀਆਂ ਸਰਗਰਮੀਆਂ ਦੀ ਤਸਦੀਕ ਕਰਨੀ ਸੀ," ਰਾਮ ਸਿੰਘ ਨੇ ਗ਼ਦਾਰ ਵਜੋਂ ਉਸ ਨੂੰ ਐਨ ਨੇੜਿਓਂ ਗੋਲੀ ਮਾਰ ਦਿੱਤੀ। ਕੁਝ ਸਕਿੰਟਾਂ ਪਿੱਛੋਂ ਹੀ ਬਦਲੇ ਲੈਣ ਵਾਲੇ ਨੂੰ ਫੁਰਤੀ ਨਾਲ ਇਕ ਅਮਰੀਕੀ ਮਾਰਸ਼ਲ ਨੇ ਉਥੇ ਹੀ ਗੋਲੀ ਮਾਰ ਕੇ ਮਾਰ ਦਿੱਤਾ ਜਿਥੇ ਉਹ ਪਿਸਤੌਲ ਹੱਥ 'ਚ ਫੜੀ ਸ਼ਾਂਤ ਖੜ੍ਹਾ ਸੀ।"[101]

ਉੱਨੀ ਸਹਿ-ਦੋਸ਼ੀਆਂ ਦੇ ਨਾਲ ਨਾਲ ਪੰਦਰਾਂ ਹੋਰ ਗ਼ਦਰੀ ਦੋਸ਼ੀ ਠਹਿਰਾਏ ਗਏ। ਉਨ੍ਹਾਂ ਨੂੰ ਕੁਝ ਮਹੀਨਿਆਂ ਤੋਂ ਲੈ ਕੇ ਦੋ ਸਾਲਾਂ ਤਕ ਕੈਦ ਦੀ ਸਜ਼ਾ ਹੋਈ। ਸਭ ਤੋਂ ਕਰੜੀ ਸਜ਼ਾ ਤਾਰਕਨਾਥ ਦਾਸ ਨੂੰ ਬਾਈ ਮਹੀਨਿਆਂ ਦੀ, ਸੰਤੋਖ ਸਿੰਘ ਨੂੰ ਇੱਕੀ ਮਹੀਨਿਆਂ ਦੀ ਅਤੇ ਭਗਵਾਨ ਸਿੰਘ ਨੂੰ ਅਠਾਰਾਂ ਮਹੀਨਿਆਂ ਦੀ ਦਿੱਤੀ ਗਈ ਸੀ।[102] ਅੰਗਰੇਜ਼ਾਂ ਅਨੁਸਾਰ ਇਹ ਸਜ਼ਾ ਹਲਕੀ ਸੀ ਜਿਸ ਦੀ ਕੋਈ ਤੁਕ ਨਹੀਂ ਸੀ। ਪਰ ਰਿਹਾਈ ਤੋਂ ਬਾਅਦ ਉਨ੍ਹਾਂ ਨੂੰ ਇਹ ਚੇਤਾਵਨੀ ਦੇ ਕੇ ਅਜ਼ਮਾਇਸ਼ੀ ਨਿਗਰਾਨੀ ਹੇਠ ਰੱਖਿਆ ਗਿਆ ਕਿ ਜੇ ਉਨ੍ਹਾਂ ਨੇ ਪ੍ਰਚਾਰ ਦਾ ਕੰਮ

ਦੁਬਾਰਾ ਵਿੱਢਿਆ ਤਾਂ ਉਨ੍ਹਾਂ ਨੂੰ ਉੱਥੋਂ ਕੱਢ ਦਿੱਤਾ ਜਾਵੇਗਾ ਅਤੇ ਉਸੇ "ਘ੍ਰਿਣਤ ਅੰਗਰੇਜ਼ ਹਕੂਮਤ" ਦੇ ਸ਼ੱਕੀ ਰਹਿਮ ਦੇ ਹਵਾਲੇ ਕਰ ਦਿੱਤਾ ਜਾਵੇਗਾ ਜਿਵੇਂ "ਤੁਸੀਂ ਉਸ ਨੂੰ ਕਹਿੰਦੇ ਹੋ।"[103] ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹ ਓਦੋਂ ਹੋਵੇਗਾ ਜਦੋਂ ਉਨ੍ਹਾਂ ਦੀ ਅਸਲ ਸਜ਼ਾ ਸ਼ੁਰੂ ਹੋਵੇਗੀ। ਦੇਸ ਨਿਕਾਲੇ ਵਿਰੁੱਧ ਮੁਹਿੰਮ *ਹਿੰਦ ਦੀ ਆਜ਼ਾਦੀ ਦੇ ਮਿੱਤਰ* ਸੰਸਥਾ ਦੀ ਪਹਿਲੀ ਤਰਜ਼ੀਹ ਸੀ, ਜੋ ਜੰਗ ਤੋਂ ਬਾਅਦ ਬਣਾਈ ਗਈ।

ਜਿੱਥੋਂ ਤਕ ਜੋਧ ਸਿੰਘ ਦਾ ਸਵਾਲ ਸੀ, ਉਸ ਨੂੰ ਸਜ਼ਾ ਦੀ ਉਡੀਕ 'ਚ ਐਲਾਮੀਡਾ ਕਾਊਂਟੀ ਜੇਲ੍ਹ ਵਿਚ ਕੈਦ ਕੀਤਾ ਗਿਆ ਸੀ, ਪਰ ਇਸ ਤੋਂ ਪਹਿਲਾਂ ਕਿ ਸਜ਼ਾ ਦਾ ਐਲਾਨ ਕੀਤਾ ਜਾਂਦਾ, "ਕੈਦੀ ਐਨਾ ਪਾਗਲ ਹੋ ਗਿਆ ਜਿਸ ਦੀ ਉਮੀਦ ਨਹੀਂ ਸੀ।" ਇਕ ਸਮੇਂ ਉਸ ਦਾ ਤੇਜ਼-ਤਰਾਰ ਦਿਮਾਗ ਤਬਾਹ ਹੋਣ ਨਾਲ, ਉਸ ਬਾਰੇ ਕਿਹਾ ਗਿਆ ਕਿ ਉਹ ਤਾਂ ਆਪਣੇ ਬੀਤੇ ਦੀ ਹਸਤੀ ਦਾ ਭੂਤ ਹੈ; ਹਰੀਸ਼ ਕੇ. ਪੁਰੀ ਦੀ ਰਾਇ ਹੈ ਕਿ ਹੋ ਸਕਦਾ ਹੈ ਕਿ ਅਮਰੀਕਾ ਵਿਚ ਗਵਾਹੀ ਦੇਣ ਲਈ ਲਿਆਉਣ ਤੋਂ ਪਹਿਲਾਂ ਉਸ ਨੂੰ ਤਸੀਹੇ ਦਿੱਤੇ ਗਏ ਹੋਣ।[104] ਅਦਾਲਤ ਦੇ ਹੁਕਮ 'ਤੇ ਮਾਰਚ 1918 'ਚ ਉਸ ਨੂੰ ਟਲਮੇਗ ਵਿਚ ਪਾਗਲਾਂ ਲਈ ਕੈਲੀਫੋਰਨੀਆ ਸਟੇਟ ਹਸਪਤਾਲ ਵਿਚ ਭੇਜ ਦਿੱਤਾ ਗਿਆ ਉਥੇ ਉਹ ਅਗਲੇ ਸਾਢੇ ਤਿੰਨ ਸਾਲ ਦਾਖ਼ਲ ਰਿਹਾ। ਹਕੂਮਤ ਹਸਪਤਾਲ ਦੇ ਅਧਿਕਾਰੀਆਂ ਰਾਹੀਂ ਉਸ ਦੀ ਨਿਗਰਾਨੀ ਕਰਦੀ ਰਹੀ। ਉਨ੍ਹਾਂ ਦੇ ਡਾਕਟਰਾਂ ਦੀ ਰਾਇ ਸੀ ਕਿ ਹਾਲਾਂਕਿ ਉਸ ਦੀ ਮਨੋ-ਦਸ਼ਾ ਐਨੀ ਖ਼ਰਾਬ ਹੋ ਗਈ ਸੀ ਕਿ ਇਸ ਨੂੰ ਮੁੜ ਤੰਦਰੁਸਤ ਹਾਲਤ 'ਚ ਨਹੀਂ ਸੀ ਲਿਆਂਦਾ ਜਾ ਸਕਦਾ, ਪਰ "ਉਸ ਦੀ ਜਿਸਮਾਨੀ ਹਾਲਤ ਅਜਿਹੀ ਸੀ ਕਿ ਸ਼ਾਇਦ ਉਹ ਬੁਢਾਪਾ ਆਉਣ ਤੱਕ ਜ਼ਿੰਦਾ ਰਹੇਗਾ।" (ਉਸ ਵਕਤ ਉਸ ਦੀ ਉਮਰ ਤੀਹਵਿਆਂ ਦੇ ਸ਼ੁਰੂ 'ਚ ਸੀ।)

ਉਧਰ ਰਾਵਲਪਿੰਡੀ ਵਿਚ ਜੋਧ ਸਿੰਘ ਦੇ ਬਾਪ ਸਰਦਾਰ ਸਿੰਘ ਨੂੰ ਆਪਣੇ ਪੁੱਤਰ ਦੇ ਹਸ਼ਰ ਬਾਰੇ ਲਾਜਪਤ ਰਾਏ ਤੋਂ ਪਤਾ ਲੱਗਿਆ ਸੀ ਅਤੇ ਉਸ ਨੇ ਉਸ ਦਾ ਥਹੁ ਪਤਾ ਲਾਉਣ ਲਈ *ਗ਼ਦਰ* ਦਫ਼ਤਰ ਨਾਲ ਖ਼ਤੋ-ਕਿਤਾਬਤ ਕਰਨੀ ਸ਼ੁਰੂ ਕਰ ਦਿੱਤੀ। ਸਰਦਾਰ ਸਿੰਘ ਨੇ ਲਿਖਿਆ, "ਪਿਆਰੇ ਵਤਨੀਓ, ਆਪਣੇ ਪਿਆਰੇ ਪੁੱਤਰ ਦਾ ਫ਼ਿਕਰ ਮੇਰੀ ਬ੍ਰਿਧ ਅਵਸਥਾ ਦੀ ਕਮਜ਼ੋਰੀ ਨੂੰ ਵਧਾ ਰਿਹਾ ਹੈ। ਜੇ ਤੁਸੀਂ ਕ੍ਰਿਪਾ ਕਰਕੇ ਉਸ ਦੇ ਥਹੁ-ਟਿਕਾਣੇ ਬਾਰੇ ਪਤਾ ਲਾਉਣ 'ਚ ਮੇਰੀ ਮਦਦ ਕਰੋ ਤਾਂ ਮੈਂ ਤਹਿ ਦਿਲੋਂ ਤੁਹਾਡਾ ਸ਼ੁਕਰਗੁਜ਼ਾਰ ਹੋਵਾਂਗਾ।"[105]

ਹਕੂਮਤ ਨੂੰ ਉਸ ਨੂੰ ਛੱਡ ਦੇਣ 'ਚ ਕੋਈ ਉਜ਼ਰ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਆਉਣ ਵਾਲੇ ਸਾਲਾਂ ਵਿਚ ਹਕੂਮਤ ਨੂੰ ਇਸ ਜਨਤਕ ਫਰਜ਼ ਦੀ ਪੂਰਤੀ ਲਈ ਹਸਪਤਾਲ ਨੂੰ 30 ਡਾਲਰ ਮਹੀਨਾ ਦੇਣੇ ਪੈਣਗੇ। ਸਾਫ਼ ਗੱਲ ਤਾਂ ਇਹ ਸੀ ਕਿ ਉਹ ਹੁਣ ਕੋਈ ਖ਼ਤਰਾ ਨਹੀਂ ਸੀ। ਅੰਗਰੇਜ਼ ਹਕੂਮਤ ਤੋਂ ਇਕ ਪਾਸਪੋਰਟ ਹਾਸਲ ਕੀਤਾ ਗਿਆ, ਅਤੇ ਜੱਜ ਵੈਨ ਫਲੀਟ, ਜੋ ਹਿੰਦ-ਜਰਮਨ ਕੇਸ ਦੀ ਪ੍ਰਧਾਨਗੀ ਕਰਦਾ ਰਿਹਾ ਸੀ, ਨੇ ਹੁਕਮ ਦਿੱਤਾ ਕਿ ਮਾਰਸ਼ਲ ਉਸ ਨੂੰ ਸਮੁੰਦਰੀ ਜਹਾਜ਼ 'ਚ ਚੜ੍ਹਾ ਕੇ ਉਸ ਦੇ ਬਾਪ ਦੇ ਹਵਾਲੇ ਕਰ ਦੇਣ। "ਸਰਦਾਰ ਸਿੰਘ ਨੇ ਇਸ ਦਫ਼ਤਰ ਨੂੰ ਸੂਚਿਤ ਕੀਤਾ ਹੈ ਕਿ ਉਹ 3 ਸਤੰਬਰ 1921 ਨੂੰ ਨਾਗਰਿਕ ਨੂੰ ਨਾਲ ਲੈ ਕੇ ਹਿੰਦੁਸਤਾਨ ਲਈ ਰਵਾਨਾ ਹੋ ਗਿਆ ਹੈ, ਅਤੇ ਇਹ ਜਾਣਕਾਰੀ ਅਮਰੀਕੀ ਮਾਰਸ਼ਲ ਨੂੰ ਭੇਜੀ ਗਈ ਹੈ।" ਉਸ ਦੀ ਮਿਸਲ ਨੇ ਤਸਦੀਕ ਕੀਤੀ, "ਮੁਕੱਦਮਾ ਬੰਦ ਹੋ ਗਿਆ।"[106] ਮੈਂ ਨਹੀਂ ਜਾਣਦੀ ਕਿ "ਨਾਗਰਿਕ" ਕਿੰਨਾ ਸਮਾਂ ਜਿਊਂਦਾ ਰਿਹਾ, ਜਾਂ ਕੀ ਉਸ ਦੀ ਯਾਦਦਾਸ਼ਤ ਦੁਬਾਰਾ ਵਾਪਸ ਆਈ ਜਾਂ ਨਹੀਂ।

# 4
# .... ਤੇ ਮਿੱਤਰ
### *ਗਣਰਾਜੀ ਗ਼ਦਰ*

## ਸਵੈ-ਨਿਰਣਾ

ਭਾਵੇਂਕਿ ਜਰਮਨ ਇਨ੍ਹਾਂ ਸਕੀਮਾਂ ਅਤੇ ਪਹਿਲਕਦਮੀਆਂ ਲਈ ਮਾਲੀ ਮਦਦ ਦੇਣ ਦੇ ਖਾਹਸ਼ਮੰਦ ਸਨ, ਪਰ ਉਨ੍ਹਾਂ ਵਿਚ ਇਨ੍ਹਾਂ ਵੱਖੋ-ਵੱਖਰੇ ਲਾਹਾ ਲੈਣ ਵਾਲਿਆਂ ਦੇ ਨਿਸ਼ਾਨਿਆਂ ਦੇ ਡੂੰਘੇ ਫ਼ਰਕਾਂ ਬਾਰੇ ਸਮਝਦਾਰੀ ਦੀ ਘਾਟ ਸੀ। ਰਾਜਵਾਦੀ ਸੋਚ ਨਾਲ ਬਣਾਏ ਗੱਠਜੋੜ ਵਿਚ, ਉਹ ਉੱਘੜਵੇਂ ਰੂਪ 'ਚ ਦੁਸ਼ਮਣਾਂ ਦੇ ਦੁਸ਼ਮਣ ਸਨ। ਪਰ ਜਿਨ੍ਹਾਂ ਦੋ ਹੋਰ ਵੱਡੇ ਕੌਮੀ ਮੁਕਤੀ ਘੋਲਾਂ, ਜੋ ਲਗਭਗ ਹਿੰਦ ਦੇ ਸਮਕਾਲੀ ਹੀ ਲੜੇ ਜਾ ਰਹੇ ਸਨ, ਦੇ ਲੜਾਕੂਆਂ ਦੀ ਮਦਦ ਜਰਮਨ ਕਰ ਰਹੇ ਸਨ ਉਨ੍ਹਾਂ ਨੂੰ ਸੱਚੇ ਮਿੱਤਰ ਸਮਝਿਆ। ਅਮਰੀਕਾ ਵਿਚ ਹਿੰਦੀਆਂ ਦਾ ਰੁਝਾਨ ਸਹਿਜੇ ਹੀ ਆਇਰਿਸ਼ ਰਿਪਬਲੀਕਨਾਂ ਅਤੇ ਫਰਾਂਸ ਵਿਚ ਮਿਸਰੀ ਕੌਮਪ੍ਰਸਤਾਂ ਨਾਲ ਮਿਲ ਕੇ ਚੱਲਣ ਦਾ ਹੋ ਗਿਆ। ਇਨ੍ਹਾਂ ਆਦਾਨ-ਪ੍ਰਦਾਨਾਂ ਬਾਰੇ ਸਭ ਤੋਂ ਟੁੰਬਵੀਂ ਹੈ ਉਨ੍ਹਾਂ ਦੀ ਇਕਮੁੱਠਤਾ ਦੀ ਇਕੋ ਜਿਹੀ ਮਜ਼ਬੂਤ ਭਾਵਨਾ, ਬਗ਼ਾਵਤ ਵਿਚ ਆਪਣੇ ਸੰਗੀਆਂ ਨੂੰ ਆਪਣੀਆਂ ਸਾਂਝੀਆਂ ਰਾਜਸੀ ਰੀਝਾਂ ਅਤੇ ਅੰਗਰੇਜ਼ ਸਲਤਨਤ ਦੇ ਵਿਰੋਧ 'ਚ ਢਾਂਚੇ ਵਿਚ ਆਪਣੇ ਸਥਾਨ ਦੇ ਅਧਾਰ 'ਤੇ ਵਿਚਾਰਧਾਰਕ ਰਿਸ਼ਤੇਦਾਰ ਸਮਝਣਾ। ਆਪਣੀ ਖ਼ੁਦ ਦੀ ਕੌਮੀ ਮੁਕਤੀ ਦੇ ਫੌਰੀ ਨਿਸ਼ਾਨੇ ਤੋਂ ਪ੍ਰੇਰਤ ਹੋਣ ਦੇ ਬਾਵਜੂਦ, ਉਹ ਖ਼ੁਦ ਨੂੰ ਉਨ੍ਹਾਂ ਹੋਰ ਕੌਮੀ ਮੁਕਤੀ ਘੋਲਾਂ ਦੇ ਸੰਗੀ, ਇੱਥੋਂ ਤਕ ਕਿ ਅਸਿੱਧੇ ਤੌਰ 'ਤੇ ਉਨ੍ਹਾਂ ਦਾ ਅਨਿੱਖੜ ਹਿੱਸਾ ਸਮਝਦੇ ਸਨ ਜਿਨ੍ਹਾਂ ਬਾਰੇ ਉਨ੍ਹਾਂ ਨੂੰ ਜਾਪਦਾ ਕਿ ਉਨ੍ਹਾਂ ਨਾਲ ਸਾਡਾ ਕਾਜ ਸਾਂਝਾ ਹੈ। ਇਕ ਤਰ੍ਹਾਂ ਨਾਲ ਉਹ ਰਾਸ਼ਟਰਵਾਦ ਦੀ ਇਕੋ ਹੀ ਬੋਲੀ ਬੋਲਦੇ ਸਨ। ਇਹ ਬੋਲੀ ਸੀ ਇਕ ਜਮਹੂਰੀ ਗਣਰਾਜ ਦੇ ਨਾਗਰਿਕ ਬਣਨ ਦਾ ਨਿਸ਼ਾਨਾ ਲੈ ਕੇ ਚੱਲਣਾ, ਜਿਸ ਦੀ ਮੁੱਢਲੀ ਸ਼ਰਤ ਸਾਂਝੀ ਸਿਆਸੀ ਬੰਦ-ਖ਼ਲਾਸੀ ਸੀ।

ਤਿੰਨੋਂ ਹੀ ਗਰੁੱਪ ਵਾਰ-ਵਾਰ ਉਨ੍ਹਾਂ ਹੀ ਪ੍ਰਸੰਗਾਂ ਵਿਚ ਉਭਰਦੇ ਰਹੇ। ਇਨ੍ਹਾਂ ਤਿੰਨਾਂ ਹੀ ਮੁਲਕਾਂ ਦੇ ਡੈਲੀਗੇਟ ਗ਼ੁਲਾਮ ਲੋਕਾਂ ਬਾਰੇ ਉਸ ਕੌਮਾਂਤਰੀ ਕਾਂਗਰਸ ਵਿਚ ਹਾਜ਼ਰ ਸਨ ਜੋ ਅਗਸਤ 1907 'ਚ ਹੇਗ ਵਿਚ ਹੋਈ ਸੀ, ਜਿਥੇ ਇਹ ਤਜਵੀਜ਼ ਲਿਆਂਦੀ ਗਈ "ਕਿ ਗ਼ੁਲਾਮ ਕੌਮਾਂ ਦੇ ਆਪਣੇ ਫ਼ੈਸਲੇ ਆਪ ਲੈਣ ਦੀਆਂ ਮੰਗਾਂ ਨੂੰ ਮਾਨਤਾ ਦਿੱਤੀ ਜਾਣੀ ਚਾਹੀਦੀ ਹੈ, ਅਤੇ ਹਿੰਦੀ ਤੇ ਮਿਸਰੀ ਨੁਮਾਇੰਦੇ .... ਇਸ ਦੇ ਹੱਕ ਵਿਚ ਬੋਲੇ।"[1] ਜੰਗ ਦੇ ਨਾਲ ਨਾਲ ਜਰਮਨ ਸਰਪ੍ਰਸਤੀ ਵੀ ਆਈ; ਆਇਰਿਸ਼ ਤੇ ਮਿਸਰੀ ਦੋਵਾਂ ਕੌਮਾਂ ਦੇ ਕਾਰਕੁੰਨ ਬਰਲਿਨ ਵਿਚ ਆਜ਼ਾਦੀ ਕਮੇਟੀ ਚਲਾਉਂਦੇ ਸਨ, ਜਿਸ ਦਾ "ਹਿੰਦੁਸਤਾਨੀ ਰਾਸ਼ਟਰਵਾਦੀਆਂ ਨਾਲ ਵਤੀਰਾ ਹਮੇਸ਼ਾ ਦੋਸਤਾਨਾ ਰਹਿੰਦਾ ਅਤੇ ਇਹ ਮਿਲ ਕੇ ਚੱਲਣ ਲਈ ਤੱਤਪਰ ਰਹਿੰਦੀ।"[2] ਦਸੰਬਰ 1918 ਦੀ ਖ਼ੁਫ਼ੀਆ ਮਹਿਕਮੇ ਦੀ ਇਕ ਰਿਪੋਰਟ ਨੇ ਨੋਟ ਕੀਤਾ ਕਿ ਬੀ.ਆਈ.ਸੀ. ਨੇ ਸਾਬਕਾ ਹਿਦਿਵ ਅਬਾਸ ਹਿਲਮੀ ਨੂੰ ਤਾਰ ਭੇਜ ਕੇ ਉਸ ਦੇ ਜਰਮਨੀ ਵਿਚ ਆਉਣ ਦੀ "ਮੁਬਾਰਕਵਾਦ ਦਿੱਤੀ

ਸੀ ਅਤੇ ਉਮੀਦ ਕੀਤੀ ਸੀ ਕਿ ਕੇਂਦਰੀ ਤਾਕਤਾਂ ਦੀ ਫ਼ਤਹਿ ਛੇਤੀ ਹੀ ਮਿਸਰ, ਹਿੰਦੂਸਤਾਨ ਅਤੇ ਆਇਰਲੈਂਡ ਦੇ ਗ਼ੁਲਾਮ ਲੋਕਾਂ ਨੂੰ ਮੁਕਤੀ ਦਿਵਾ ਦੇਵੇਗੀ।"[3] ਆਪਣੇ ਸਰਪ੍ਰਸਤਾਂ ਦੀ ਹਾਰ ਦੇ ਬਾਵਜੂਦ ਜੰਗਬੰਦੀ ਉੱਪਰ ਸਹੀ ਪਾਉਣ ਤੋਂ ਬਾਅਦ ਵੀ ਬਸਤੀਵਾਦ ਵਿਰੋਧੀ ਤਿੰਨ-ਧਿਰੀ ਗੱਠਜੋੜ ਨੂੰ ਤਿਲਾਂਜਲੀ ਨਹੀਂ ਦਿੱਤੀ ਗਈ। ਨਿਊ ਯਾਰਕ ਤੋਂ ਕੱਢਿਆ ਜਾਂਦਾ *ਇੰਡੀਪੈਂਡੈਂਟ ਹਿੰਦੁਸਤਾਨ* ਅਕਸਰ ਹੀ ਆਪਣੇ ਇਨ੍ਹਾਂ ਸੰਗੀ ਸੰਘਰਸ਼ਾਂ ਦੀਆਂ ਰਿਪੋਰਟਾਂ ਦਿੰਦਾ ਰਹਿੰਦਾ ਸੀ, ਜਦਕਿ ਸਟਾਕਹੋਮ ਤੋਂ ਹਿੰਦੀ ਕਮੇਟੀ ਦੇ ਇਕ ਗੁੰਮਨਾਮ ਮੈਂਬਰ ਨੇ ਇਕ ਸਵੀਡਿਸ਼ ਕਿਤਾਬ ਵਿਚ ਯੋਗਦਾਨ ਪਾਇਆ ਸੀ ਜੋ "ਇੰਗਲੈਂਡ ਅਤੇ ਇਸ ਦੇ ਦਬਾਏ ਹੋਏ ਲੋਕਾਂ ਬਾਰੇ ਸੀ ਜਿਸ ਵਿਚ ਹਿੰਦ, ਆਇਰਲੈਂਡ ਅਤੇ ਮਿਸਰ ਬਾਰੇ ਵਿਸ਼ੇਸ਼ ਕਾਂਡ ਦਿੱਤੇ ਗਏ ਸਨ।"[4]

ਬੇਸ਼ੱਕ, ਤਿੰਨਾਂ ਵਿੱਚੋਂ ਕੋਈ ਵੀ ਘੋਲ ਟਾਕਰੇ ਦੇ ਦਾਅਪੇਚਾਂ, ਜਾਂ ਇਕ ਆਜ਼ਾਦ ਕੌਮ ਲਈ ਤਸੱਵਰ ਕੀਤੇ ਸੰਸਥਾਗਤ ਸਰੂਪ ਬਾਬਤ ਅੰਦਰੂਨੀ ਤੌਰ 'ਤੇ ਇਕਜੁੱਟ ਨਹੀਂ ਸੀ। ਹਰੇਕ ਕੌਮੀ ਪ੍ਰਵਚਨ ਵਿਚ ਯੋਗਦਾਨ ਪਾਉਣ ਵਾਲੀਆਂ ਤਰ੍ਹਾਂ ਤਰ੍ਹਾਂ ਦੀਆਂ ਆਵਾਜ਼ਾਂ ਵਿਚ, ਅਗਲਾ ਸਵਾਲ ਇਹ ਸੀ ਕਿ ਸਾਡੇ ਇਨ੍ਹਾਂ ਖ਼ਾਸ ਇਨਕਲਾਬਪਸੰਦਾਂ ਵਿੱਚੋਂ ਕੌਣ, ਕਿਸ ਸਾਂਝੇ ਅਧਾਰ 'ਤੇ ਉਨ੍ਹਾਂ ਦਾ ਸੰਗੀ ਟਿੱਕਿਆ ਜਾਵੇਗਾ। ਪਹਿਲ-ਪ੍ਰਿਥਮੇ, ਇਨ੍ਹਾਂ ਤਿੰਨਾਂ ਦੀ ਸਾਂਝ ਇਹ ਸੀ ਕਿ ਇਹ ਉਦਾਰ ਸੰਵਿਧਾਨਵਾਦ, ਕੌਮੀ ਏਕਤਾ ਅਤੇ ਗਣਰਾਜੀ ਜਮਹੂਰੀਅਤ ਦੀ ਮੈਜ਼ਿਨੀ ਵਾਲੀ ਵਿਰਾਸਤ ਨੂੰ ਪ੍ਰਣਾਏ ਹੋਏ ਸਨ। ਮਿਸਰੀਆਂ ਦੇ ਮਾਮਲੇ ਵਿਚ, ਹਿੰਦ ਨਾਲ ਸਮਾਨਤਾ ਵਾਲਾ ਅਗਲਾ ਖੇਤਰ ਇਕ ਮਿਲਜੁਲੇ ਹੋਮਲੈਂਡ ਦੀ ਉਸਾਰੀ ਵਿਚ ਇਸਲਾਮਿਕ ਸੱਭਿਆਚਾਰਕ ਪਛਾਣ ਦੀ ਮੌਜੂਦਗੀ ਸੀ। ਹਾਲਾਂਕਿ ਮਿਸਰ ਵਿਚ ਇਹ ਭਾਰੂ ਤੱਤ ਸੀ, ਜੋ ਹਿੰਦ ਨਾਲੋਂ ਅਹਿਮ ਨਿਆਰਾਪਣ ਸੀ,[5] ਫਿਰ ਵੀ ਦੋਵਾਂ ਨੂੰ ਇਕ ਕੌਮ ਤੋਂ ਪਾਰ ਸਰਬ-ਏਸ਼ੀਆਈ ਜਾਂ ਸਰਬ-ਇਸਲਾਮਕ ਗੁੱਟ ਦੇ ਸਬੰਧ 'ਚ ਰੱਖ ਕੇ ਦੇਖਿਆ ਜਾ ਸਕਦਾ ਸੀ।[6] ਆਇਰਿਸ਼ ਮਾਮਲੇ 'ਚ, ਸਭਿਆਚਾਰਕ ਜਾਂ ਮਜ਼ਬੀ ਲਗਾਤਾਰਤਾ ਵਾਲਾ ਕੋਈ ਤੱਤ ਨਹੀਂ ਸੀ ਅਤੇ ਓਦੋਂ ਤੱਕ ਕਿਸੇ ਸਰਵ-ਸੰਸਥਾ ਦਾ ਹਿੱਸਾ ਬਣਨ ਦੀ ਕੋਈ ਸੰਭਾਵਨਾ ਨਹੀਂ ਸੀ, ਜਦੋਂ ਤੱਕ ਇਹ ਅੰਗਰੇਜ਼ ਸਲਤਨਤ ਦੇ ਗ਼ੁਲਾਮ ਲੋਕਾਂ ਦੀ ਜੱਕੋਤੱਕੀ ਵਾਲੀ ਕਾਮਨਵੈਲਥ ਸੀ।[7] ਤੇ ਫਿਰ ਵੀ ਇਹ ਸਭ ਤੋਂ ਵੱਧ ਨਿੱਗਰ ਅਤੇ ਸਾਰਿਆਂ ਨੂੰ ਬਰਦਾਸ਼ਤ ਕਰਨ ਵਾਲੀ ਹਿੱਸੇਦਾਰੀ ਸੀ, ਜੋ ਸ਼ਾਇਦ ਇਕਮੁੱਠਤਾ ਦੇ ਅਧਾਰ ਦੇ ਤੌਰ 'ਤੇ ਵਡਿਆਈ ਜਾਂਦੀ ਪਛਾਣ ਉੱਪਰ ਅਸੂਲਾਂ ਦੀ ਜਿੱਤ ਦਾ ਸੰਕੇਤ ਸੀ।[8]

## ਮਿਸਰ ਮਿਸਰੀਆਂ ਦਾ

ਗ਼ਦਰ ਦੇ ਪਹਿਲੇ ਅੰਕ (1 ਨਵੰਬਰ 1913) ਵਿਚ "ਮਿਸਰ ਵਿਚ ਤੂਫ਼ਾਨ ਦੇ ਸੰਕੇਤ, ਕਿਣ-ਮਿਣ ਪਹਿਲਾਂ ਹੀ ਸ਼ੁਰੂ ਹੋ ਗਈ" ਮਜਮੂਨ ਵਾਲੇ ਇਕ ਲੇਖ ਵਿਚ ਕਿਹਾ ਗਿਆ ਕਿ ਮਿਸਰ ਦਾ ਜਾਗਣਾ ਹਿੰਦ ਦੀ ਲਹਿਰ ਲਈ ਸ਼ੁਭ ਸੰਕੇਤ ਸੀ, ਕਿਉਂਕਿ "ਸਵੇਜ਼ ਨਹਿਰ ਦੀ ਕੁੰਜੀ ਉਨ੍ਹਾਂ ਦੇ ਹੱਥ ਵਿਚ ਹੈ।"[9] ਮਿਸਰੀਆਂ ਨੇ ਵੀ ਸੋਚਿਆ ਹੋਵੇਗਾ ਕਿ ਹਿੰਦ ਦਾ ਜਾਗਣਾ ਉਨ੍ਹਾਂ ਲਈ ਸ਼ੁਭ ਸੰਕੇਤ ਸੀ, ਇਸ ਨੂੰ ਦੇਖਦਿਆਂ ਕਿ ਇਸ ਖੇਤਰ ਨੂੰ ਆਪਣੇ ਕਬਜ਼ੇ ਹੇਠ ਰੱਖਣ ਵਿਚ ਅੰਗਰੇਜ਼ ਦੇ ਹਿੱਤ ਬਾਰੇ ਆਮ ਤੌਰ 'ਤੇ ਇਹੀ ਮੰਨਿਆ ਜਾਂਦਾ ਸੀ ਕਿ ਇਸ ਦੀ ਪ੍ਰੇਰਣਾ ਬਰਤਾਨੀਆ ਦੀ ਹਿੰਦ ਤੱਕ ਅਹਿਮ ਰਸਾਈ ਨੂੰ ਬਚਾ ਕੇ ਰੱਖਣ ਦਾ ਯੁੱਧਨੀਤਕ ਸਰੋਕਾਰ ਸੀ।

ਜਦੋਂ ਇਹ ਵਾਪਰਦਾ ਹੈ, ਹਿੰਦੀ ਅਤੇ ਮਿਸਰੀ ਰਾਸ਼ਟਰਵਾਦੀਆਂ ਦਾ ਪਹਿਲੀ ਵਾਰ ਮੇਲ ਓਦੋਂ ਹੋਇਆ ਜਦੋਂ ਇਕ ਆਇਰਿਸ਼ ਹੋਮ ਰੂਲ ਐੱਮ. ਪੀ. ਤੇ ਪੱਤਰਕਾਰ, ਅਤੇ ਅੰਗਰੇਜ਼ ਰਾਜ ਦੇ ਗ਼ੁਲਾਮ ਲੋਕਾਂ ਵਿਚ ਇਕਮੁੱਠਤਾ ਦੇ ਪਹਿਲੇ ਹਾਮੀ ਐੱਫ. ਹਗ ਓਡੋਨੈਲ ਨੇ ਜੁਲਾਈ

1906 ਵਿਚ ਆਪਣੀ ਲੰਦਨ ਫੇਰੀ ਸਮੇਂ ਇੰਡੀਆ ਹਾਊਸ ਵਾਲਿਆਂ ਨੂੰ ਮੁਸਤਫ਼ਾ ਕਾਮਿਲ ਨਾਲ ਮਿਲਾਇਆ ਜੋ ਮਿਸਰ ਦੀ ਰਾਸ਼ਟਰਵਾਦੀ ਪਾਰਟੀ ਹਿਜ਼ਬ-ਅਲ-ਵਤਨ ਦਾ ਬਾਨੀ ਸੀ।[10] ਬਾਅਦ ਵਿਚ, ਹਿੰਦੀ ਰਾਸ਼ਟਰਵਾਦੀਆਂ ਨੇ ਕਾਮਿਲ ਦੇ ਜਾਨਸ਼ੀਨ, ਮੁਹੰਮਦ ਫ਼ਰੀਦ (ਫ਼ਰੀਦ ਬੇ) ਅਤੇ ਪੱਤਰਕਾਰ ਮਨਸੂਰ ਰਿਫਾਤ ਨਾਲ ਵੀ ਨਿੱਘੇ ਸਬੰਧ ਬਣਾ ਲਏ, ਜੋ ਅਖ਼ਬਾਰਾਂ *ਅਲ ਆਲਮ* ਅਤੇ *ਏਲ ਅਕਬਰ* ਦਾ ਪੈਰਿਸ ਤੋਂ ਪੱਤਰਪ੍ਰੇਰਕ ਸੀ ਅਤੇ ਉਸ ਨੇ ਮਾਰਚ 1914 'ਚ ਜਨੇਵਾ ਵਿਚ ਮਿਸਰੀ ਬੰਦ-ਖ਼ਲਾਸੀ ਦੀ ਲਹਿਰ ਦੇ ਤਰਜ਼ਮਾਨ ਅਖ਼ਬਾਰ, *ਲਾ ਪੈਤਰੀ ਇਜਿਪਸ਼ੀਅਨ*, ਦੀ ਸਥਾਪਨਾ ਕੀਤੀ ਸੀ।[11]

ਇਥੇ ਰਾਸ਼ਟਰਵਾਦ ਦੀ ਉਰਦੂ ਸ਼ਬਦਾਵਲੀ ਦੀ ਤੁਲਨਾ ਪ੍ਰਸੰਗਕ ਹੈ ਜੋ *ਵਤਨ* (ਜਿਸ ਦੀ ਤੁਲਨਾ ਅਕਸਰ ਹੀ ਫਰਾਂਸੀਸੀ *ਪੈਟਰੀ* ਨਾਲ ਕੀਤੀ ਜਾਂਦੀ ਹੈ), ਜੋ ਇਕ ਖ਼ਾਸ ਖੇਤਰੀ/ਸਭਿਆਚਾਰਕ ਰੈਣ-ਬਸੇਰੇ ਪ੍ਰਤੀ ਲਗਾਓ 'ਤੇ ਅਧਾਰਤ ਹੈ, ਅਤੇ *ਕੌਮ* ਦਰਮਿਆਨ ਨਿਖੇੜਾ ਕਰਦੀ ਹੈ, ਜੋ ਸਮਾਜੀ ਪਛਾਣ, ਅਕੀਦੇ ਅਤੇ ਵਿਹਾਰ ਵਾਲੇ ਲੋਕਾਂ, ਇਕ ਭਾਈਚਾਰੇ ਬਾਰੇ ਹੈ, ਜਿਸ ਦਾ ਪ੍ਰੀਭਾਸ਼ਾ ਦੇ ਲਿਹਾਜ਼ ਨਾਲ ਖੇਤਰ ਨਾਲ ਸਬੰਧਤ ਹੋਣਾ ਲਾਜ਼ਮੀ ਨਹੀਂ। ਤੀਜੀ, ਸ਼੍ਰੇਣੀ ਹੈ *ਮਲਤ*, ਜੋ ਅਕੀਦੇ ਵਾਲੇ ਭਾਈਚਾਰੇ ਨਾਲ ਸਬੰਧਤ ਹੈ। ਵਫ਼ਾਦਾਰੀ, ਨਿਹਚਾ ਅਤੇ ਪਛਾਣ ਦੇ ਇਹ ਅਧਾਰ ਹਮੇਸ਼ਾ ਟਕਰਾਅ 'ਚ ਹੋਣ, ਇਹ ਜ਼ਰੂਰੀ ਨਹੀਂ ਹੈ, ਜਦਕਿ ਜ਼ੋਰ ਅਤੇ ਤਨਾਸਬ ਪੱਖੋਂ ਤਿੰਨਾਂ ਵਿਚ ਵਖਰੇਵਾਂ ਹੀ ਸੀ ਜੋ ਵੀਹਵੀਂ ਸਦੀ ਦੇ ਪਹਿਲੇ ਚੌਥਾਈ ਹਿੱਸੇ ਵਿਚ ਮਿਸਰ ਦੇ ਰਾਸ਼ਟਰਵਾਦ ਦੇ ਅੱਡ ਅੱਡ ਰੂਪਾਂ ਨੂੰ ਵਖਰਿਆਉਂਦਾ ਸੀ।[12]

1908 ਅਤੇ 1911 ਦਰਮਿਆਨ ਸੀ.ਆਈ.ਡੀ. ਦੀਆਂ ਹਫ਼ਤਾਵਾਰ ਖ਼ੁਫ਼ੀਆ ਰਿਪੋਰਟਾਂ ਤੋਂ ਬਦੇਸ਼ਾਂ ਵਿਚ ਇਨ੍ਹਾਂ ਦੋ ਲਹਿਰਾਂ ਦਰਮਿਆਨ ਵਿਗਸ ਰਹੇ ਸਹਿਯੋਗ ਦੀ ਝਲਕ ਮਿਲ ਜਾਂਦੀ ਹੈ।[13] ਦਸੰਬਰ 1908 ਵਿਚ, ਓਦੋਂ ਯੂਰਪ ਵਿਚ ਜੋ ਹਿੰਦੀ ਰਾਸ਼ਟਰਵਾਦੀ ਰਹਿ ਰਹੇ ਸਨ ਨੇ ਇਕ ਸੰਮੇਲਨ ਜਥੇਬੰਦ ਕੀਤਾ ਜਿਸ ਦਾ ਉਦੇਸ਼ ਉਸ ਵਕਤ ਮਦਰਾਸ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਇਕੱਠ ਨਾਲ ਇਕਸੁਰਤਾ ਬਣਾਉਣਾ ਸੀ, ਜੋ ਨਰਮ ਖ਼ਿਆਲ-ਗਰਮ ਖ਼ਿਆਲੀਆਂ ਦੀ ਫੁੱਟ ਤੋਂ ਬਾਅਦ ਪਹਿਲਾ ਇਕੱਠ ਸੀ।[14] ਇਸ ਸੰਮੇਲਨ ਨੇ ਮੁਕੰਮਲ ਆਜ਼ਾਦੀ ਦੀ ਮੰਗ ਕਰਦਿਆਂ, ਬਰਤਾਨਵੀ ਮਾਲ ਦੇ ਭਰਵੇਂ ਕੁਲ ਹਿੰਦ ਬਾਈਕਾਟ ਦਾ ਸੱਦਾ ਦਿੰਦਿਆਂ ਅਤੇ ਤੁਰਕੀ ਵਾਲਿਆਂ ਨੂੰ ਹੁਣੇ ਜਹੇ ਹਾਸਲ ਕੀਤੀ ਸੰਵਿਧਾਨਕ ਹਕੂਮਤ ਦੀ ਮੁਬਾਰਕਬਾਦ ਦਿੰਦਿਆਂ ਮਤੇ ਪਾਸ ਕੀਤੇ। ਇਸ ਸੰਮੇਲਨ ਵਿਚ ਕਈ ਮਿਸਰੀ ਰਾਸ਼ਟਰਵਾਦੀ ਵੀ ਮੌਜੂਦ ਸਨ, ਅਤੇ ਉਥੇ "ਸਾਂਝੇ ਦੁਸ਼ਮਣ ਵਿਰੁੱਧ ਆਪਣੇ ਸੰਘਰਸ਼ ਦਾ ਤਾਲਮੇਲ ਬਣਾਉਣ ਲਈ" ਹਿੰਦ-ਮਿਸਰੀ ਕੌਮੀ ਐਸੋਸੀਏਸ਼ਨ ਬਣਾਉਣ ਦਾ ਸਾਂਝਾ ਫ਼ੈਸਲਾ ਲਿਆ ਗਿਆ।

ਮੁਖ਼ਬਰਾਂ ਨੇ ਜਾਣਕਾਰੀ ਦਿੱਤੀ ਕਿ ਉਸੇ ਮਹੀਨੇ ਕਈ ਜਨਤਕ ਇਕੱਠ ਕੀਤੇ ਗਏ ਸਨ। ਪਹਿਲੇ ਇਕੱਠ ਵਿਚ, ਰਾਣਾ ਹਿੰਦ ਦੀ ਸਵਰਾਜ ਦੀ ਖਾਹਸ਼ ਬਾਰੇ ਬੋਲਿਆ। ਉਸ ਨੇ ਇਹ ਦਲੀਲ ਦਿੱਤੀ ਕਿ ਨਿਰੇ ਸੁਧਾਰ ਕਾਫ਼ੀ ਨਹੀਂ ਸਨ, ਅਤੇ ਕਿ "ਆਜ਼ਾਦੀ ਹਾਸਲ ਕਰਨ ਅਤੇ ਰਾਸ਼ਟਰਵਾਦੀ ਆਦਰਸ਼ਾਂ ਨੂੰ ਨੇਪਰੇ ਚਾੜ੍ਹਨ ਲਈ" ਆਪਾ-ਵਾਰਨ ਦੀ ਲੋੜ ਹੋਵੇਗੀ। ਦੂਜੇ ਇਕੱਠ ਵਿਚ, ਬਿਪਨ ਚੰਦਰ ਪਾਲ ਨੇ ਐਲਾਨ ਕੀਤਾ ਕਿ ਉਨ੍ਹਾਂ ਦਾ ਆਦਰਸ਼ ਹੈ "ਹਿੰਦ ਵਿਚ ਯੂਨਾਈਟਿਡ ਸਟੇਟਸ ਹਾਸਲ ਕਰਨਾ, ਅਤੇ ਇਸ ਤਰ੍ਹਾਂ ਦੇ ਸਰੂਪ ਵਾਲਾ ਸੰਵਿਧਾਨ ਬਣਾ ਲੈਣ ਤੋਂ ਬਾਅਦ ਰਾਜ ਨੂੰ ਸ਼ਖ਼ਸੀ ਹਕੂਮਤਾਂ 'ਚ ਤਕਸੀਮ ਕਰ ਦਿੱਤਾ ਜਾਵੇਗਾ; ਅਤੇ ਹਿੰਦ ਦੇ ਸ਼ਹਿਜ਼ਾਦਿਆਂ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਜਾਵੇਗਾ।" (ਨਰਮ-ਖ਼ਿਆਲ ਪਾਲ ਦਾ ਸੰਵਿਧਾਨਕ ਰਾਜਾਸ਼ਾਹੀਆਂ ਦੇ ਸਮੂਹ ਵਜੋਂ ਹਿੰਦ ਦੀਆਂ ਰਿਆਸਤਾਂ ਦੀ ਏਕਤਾ ਦਾ ਖ਼ਿਆਲ

ਗਣਰਾਜੀ ਜਮਹੂਰੀਅਤਾਂ ਦੇ ਸੰਘ ਦੀ ਇਨਕਲਾਬੀਆਂ ਦੀ ਸੋਚ ਨਾਲੋਂ ਥੋੜ੍ਹਾ ਵੱਖਰਾ ਸੀ ਜਿਵੇਂ ਉਨ੍ਹਾਂ ਵਲੋਂ ਇਸ ਨੂੰ ਜੰਗ ਤੋਂ ਪਿੱਛੋਂ *ਯੂਨਾਈਟਿਡ ਸਟੇਟਸ ਆਫ ਇੰਡੀਆ* ਦੇ ਰੂਪ ਵਿਚ ਬਿਆਨ ਕੀਤਾ ਜਾਵੇਗਾ।) ਤੀਜੇ ਤਿੰਨ ਸੌ ਦੇ ਇਕੱਠ ਵਿਚ, ਜਿਸ ਵਿਚ ਹਿੰਦੀ ਭਾਰੂ ਤਾਦਾਦ 'ਚ ਹਾਜ਼ਰ ਸਨ, ਇਕ "ਕਾਬਲੇ-ਗ਼ੌਰ ਵਿਸ਼ੇਸ਼ਤਾ" ਸੀ "ਹੋਰ ਦੱਬੀਆਂ-ਕੁਚਲੀਆਂ ਕੌਮੀਅਤਾਂ ਨੂੰ ਲੈ ਕੇ ਇਕ ਸਾਂਝੀ ਸੰਸਥਾ ਬਣਾਉਣ ਦਾ ਯਤਨ, ਜਿਵੇਂ ਈਰਾਨੀ, ਯੰਗ ਟਰਕ ਪਾਰਟੀ, ਨੌਜਵਾਨ ਮਿਸਰੀ ਕੌਮਪ੍ਰਸਤ ਅਤੇ ਆਇਰਿਸ਼। ਕਿਸੇ ਨੇ "ਮਿਸਰ ਦੀ ਤਰਫ਼ੋਂ" ਐਲਾਨ ਕੀਤਾ ਕਿ ਉਸ ਦਾ ਮੁਲਕ ਹਿੰਦੀਆਂ ਨਾਲ ਕਾਜ ਦੀ ਸਾਂਝ ਬਣਾਏਗਾ, ਜੇ ਲੋੜ ਪਈ ਤਾਂ ਸਵੇਜ਼ ਨਹਿਰ ਬੰਦ ਕਰ ਦਿੱਤੀ ਜਾਵੇਗੀ।[15]

ਸਾਂਝੀਆਂ ਮੀਟਿੰਗਾਂ ਦੀ ਬਹੁਤੀ ਲਫ਼ਾਜ਼ੀ ਦੀ ਵਿਸ਼ੇਸ਼ਤਾ ਬਰਤਾਨਵੀ ਕਬਜ਼ੇ ਦਾ ਖ਼ਾਤਮਾ ਕਰਨ ਦਾ ਨਾਂਹਪੱਖੀ ਤੱਤ ਸੀ। (ਹਿੰਦ ਦੇ ਅਜੰਡੇ ਵਿੱਚੋਂ ਲੈ ਕੇ ਸ਼ਾਮਲ ਕੀਤੀਆਂ ਗਈਆਂ ਫੌਰੀ ਚੀਜ਼ਾਂ ਸਨ 1857 ਦੀ ਯਾਦ 'ਚ ਸਮਾਗਮ ਕਰਨਾ ਅਤੇ ਸਾਵਰਕਰ ਮੁਕੱਦਮੇ ਦੀ ਤਾਜ਼ਾ ਜਾਣਕਾਰੀ।) ਹਾਂਦਰੂ ਪੱਖ ਤੋਂ, ਆਧੁਨਿਕੀਕਰਨ, ਸੁਧਾਰ, ਅਤੇ ਖ਼ੁਦ ਨੂੰ ਤਕੜਿਆਂ ਕਰਨਾ ਵਿਚਾਰ ਅਧੀਨ ਸੀ। ਮੁਸਤਫ਼ਾ ਕਾਮਿਲ ਅਤੇ ਹਿੰਦੁਸਤਾਨੀ ਇਨਕਲਾਬੀ ਮਜ਼੍ਹਬ ਨੂੰ ਵਿਅਕਤੀਗਤ ਸਰੋਕਾਰ ਦਾ ਮਾਮਲਾ ਬਣਾਉਂਦੇ ਹੋਏ ਇਸ ਨੂੰ ਸਿਆਸਤ ਤੋਂ ਅਲਹਿਦਾ ਰੱਖਣ ਦੇ ਹੱਕ 'ਚ ਸਨ। ਹਿਜ਼ਬ-ਅਲ-ਵਤਨ, ਜੋ ਜੰਗ ਤੋਂ ਪਹਿਲਾਂ ਮਿਸਰ ਦੀ ਕੌਮੀ ਲਹਿਰ ਅੰਦਰ ਭਾਰੂ ਸੀ, ਇਸ ਲਿਹਾਜ਼ ਨਾਲ ਔਟੋਮਨ ਪੱਖੀ ਸੀ ਕਿ ਇਸ ਨੇ ਵਿਆਪਕ ਸਰਬ-ਇਸਲਾਮਿਕ ਸੰਸਥਾ ਦੀ ਮੈਂਬਰਸ਼ਿਪ ਨੂੰ ਮਾਨਤਾ ਦਿੱਤੀ, ਜੋ ਅਜੇ ਔਟੋਮਨ ਖਲੀਫ਼ੇ ਦਾ ਅਨਿੱਖੜ ਅੰਗ ਸਮਝੀ ਜਾਂਦੀ ਸੀ (ਭਾਵੇਂ ਅਟੱਲ ਤੌਰ 'ਤੇ ਇੰਞ ਨਹੀਂ ਸੀ; ਮਿਸਰ ਨੇ 1920ਵਿਆਂ 'ਚ ਇਸ ਖ਼ਿਤਾਬ ਲਈ ਆਪਣਾ ਦਾਅਵਾ ਕੀਤਾ) ਜਦਕਿ ਨਾਲੋਂ ਨਾਲ ਸਿਰੇ ਦੇ ਗੜ੍ਹਕਵੇਂ ਹੋਮਲੈਂਡ ਦੇ ਹੱਕ 'ਚ ਪੁਰਜੋਸ਼ ਅਤੇ ਖ਼ਾਸ ਮੋਹ ਦਾ ਇਜ਼ਹਾਰ ਕੀਤਾ। ਵੱਖੋ-ਵੱਖਰੇ ਅਕੀਦਿਆਂ ਵਾਲੇ ਮੈਂਬਰਾਂ ਨੂੰ ਜੋੜਨ ਵਾਲੇ ਇਸ ਦੇ ਨਿਆਰੇ ਸਭਿਆਚਾਰ, ਇਤਿਹਾਸ ਅਤੇ ਭੂਗੋਲ ਨੂੰ ਮੁੱਖ ਰੱਖਦਿਆਂ ਇਸ ਖਿੱਤੇ 'ਤੇ ਜ਼ੋਰ ਦੇਣਾ ਸ਼ੁਰੂ ਕਰ ਦੇਣਾ ਕਾਮਿਲ ਦੀ ਨਵੀਂ ਘਾੜਤ ਸੀ।[16]

ਆਪਣੀ ਮਾਂ ਧਰਤੀ ਲਈ ਪਿਆਰ ਬਾਰੇ ਕਾਮਿਲ ਦੀਆਂ ਜੋਸ਼ੀਲੀਆਂ ਤਕਰੀਰਾਂ ਦੇ ਅੰਸ਼ਾਂ ਤੋਂ ਇਹ ਸੁਖਾਲਿਆਂ ਹੀ ਸਮਝ ਪੈ ਜਾਂਦਾ ਹੈ ਕਿ ਜੋ ਆਪਣੇ ਬੁੱਲਾਂ ਉੱਪਰ ਬੰਦੇ *ਮਾਤਰਮ* ਲੈ ਕੇ ਸਵਦੇਸ਼ੀ ਲਹਿਰ ਵਿੱਚੋਂ ਅੱਗੇ ਆਏ ਕਿਵੇਂ ਉਹ ਕਾਮਿਲ ਦੀ ਪਹੁੰਚ ਨਾਲ ਜਾ ਜੁੜੇ। ਪਰ ਇਸ ਪਹੁੰਚ ਦੇ ਅੰਦਰ *ਪੈਟਰੀ* (homeland) ਦਾ ਤਰਕਹੀਣ ਮਾਣ-ਤਾਣ ਅਜੇ ਵੀ ਉਦਾਰ ਸੰਵਿਧਾਨ ਅਤੇ ਗਣਰਾਜੀ ਜਮਹੂਰੀਅਤ ਦੇ ਹੋਕਿਆਂ ਤੇ ਵਿਸ਼ਾਲ ਸੱਭਿਆਚਾਰਕ/ਰੂਹਾਨੀ ਇਕਮੁੱਠਤਾ ਵਾਲੀ ਸੰਸਥਾ ਦੀ ਮੈਂਬਰੀ ਦੋਵਾਂ ਦੇ ਨਾਲ ਸਹਿ-ਹੋਂਦ 'ਚ ਰਹਿ ਸਕਦਾ ਸੀ, ਜਦਕਿ 1920ਵਿਆਂ ਵਿਚ ਇਹ ਤੱਤ ਕਿਤੇ ਜ਼ਿਆਦਾ ਸਫ਼ਬੰਦੀ ਹੋ ਕੇ ਵਧੇ-ਫੁੱਲੇ। ਸਿੱਟੇ ਵਜੋਂ, ਇਹ ਰਿਸ਼ਤੇ ਐਨੇ ਹੈਰਾਨੀਜਨਕ ਨਹੀਂ ਹਨ; ਇਸੇ ਤਰ੍ਹਾਂ ਹੀ ਅਲਹਿਦਗੀ, ਰਸਮੀ ਰੂਪ ਅਖ਼ਤਿਆਰ ਕਰ ਲੈਣ ਅਤੇ ਸਫ਼ਬੰਦੀ ਹੋ ਜਾਣ ਤੋਂ ਪਹਿਲਾਂ ਭਾਂਤ-ਸੁਭਾਂਤੇ ਤੱਤਾਂ ਦੀ ਸਹਿ-ਹੋਂਦ, ਜਿਸ ਦਾ ਪੂਰਾ ਵਿਸ਼ਲੇਸ਼ਣ ਨਹੀਂ ਕੀਤਾ ਗਿਆ, ਵੀ ਉਸੇ ਨੂੰ ਦਰਸਾਉਂਦੀ ਹੈ ਜੋ ਨਿਰਖ ਮੈਂ ਹਿੰਦੀਆਂ ਦੀ ਬਦੇਸਾਂ ਵਿਚਲੀ ਜੰਗ ਤੋਂ ਪਹਿਲੀ ਲਹਿਰ ਬਾਰੇ ਕੀਤੀ ਹੈ।

2 ਜਨਵਰੀ 1909 ਨੂੰ, ਲੰਦਨ ਵਿਚ ਰਹਿ ਰਹੇ ਕੁਝ ਮਿਸਰੀਆਂ ਨੇ "ਬਹੁਤ ਸਾਰੇ ਮੋਹਰੀ ਹਿੰਦੀ ਅੰਦੋਲਨਕਾਰੀਆਂ" ਨੂੰ ਇੰਪੀਰੀਅਲ ਹੋਟਲ ਵਿਖੇ ਰਾਤ ਦੇ ਖਾਣੇ 'ਤੇ ਬੁਲਾਇਆ। ਇਨ੍ਹਾਂ ਵਿਆਪਕ ਵਿਚਾਰਧਾਰਕ ਦਾਇਰੇ ਵਾਲੇ ਅੰਦੋਲਨਕਾਰੀਆਂ ਵਿਚ ਸ਼ੁਮਾਰ ਸਨ ਚੱਟੋ,

ਗਣੇਸ਼ ਖਪਰਡੇ, ਪਾਲ ਅਤੇ (ਅਤੇ ਭਵਿੱਖ ਵਿਚ ਬਰਤਾਨਵੀ ਕਮਿਊਨਿਸਟ ਐੱਮ.ਪੀ. ਬਣਨ ਵਾਲਾ) ਸ਼ਾਪੁਰਜੀ ਸਕਲਤਵਾਲਾ। ਖਪਰਡੇ ਨੇ ਦਾਅਵਤ ਤੋਂ ਬਾਅਦ ਤਕਰੀਰ ਵਿਚ ਕਿਹਾ ਕਿ "ਜਿੱਥੋਂ ਤੱਕ ਉਨ੍ਹਾਂ ਦੇ ਮੁਲਕਾਂ ਦੀਆਂ ਹਕੂਮਤਾਂ ਦਾ ਸਬੰਧ ਹੈ ਮਿਸਰੀਆਂ ਅਤੇ ਹਿੰਦੀਆਂ ਵਿਚ ਬਹੁਤ ਕੁਝ ਸਾਂਝਾ ਹੈ। ਅਤੇ ਉਸ ਨੇ ਉਨ੍ਹਾਂ ਤੋਂ ਇਹ ਸਾਬਤ ਕਰਨ ਲਈ ਇਕਮੁੱਠ ਹੋਣ ਦੀ ਉਮੀਦ ਕੀਤੀ ਕਿ ਮੁਸਲਮਾਨ ਹਿੰਦੂਆਂ ਤੋਂ ਅੱਡ ਨਹੀਂ ਹਨ।"[17] ਪਾਲ ਨੇ ਆਸ ਪ੍ਰਗਟਾਈ ਕਿ ਮਿਸਰੀ ਨੁਮਾਇੰਦਿਆਂ ਨੂੰ ਹਿੰਦ ਵਿਚ ਆ ਕੇ "ਉਸੇ ਦਾ ਪ੍ਰਚਾਰ ਕਰਨਾ ਚਾਹੀਦਾ ਹੈ ਜੋ ਮੁਸਤਫ਼ਾ ਕਾਮਿਲ ਪਾਸ਼ਾ ਪ੍ਰਚਾਰਦਾ ਸੀ।" ਉਥੇ ਹਾਜ਼ਰ ਉਨੀ ਹਿੰਦੀਆਂ ਅਤੇ ਪੰਦਰਾਂ ਮਿਸਰੀਆਂ ਨੇ ਉਸ ਦੀ ਲੰਦਨ ਵਿਚ ਨਵਾਂ ਹਿੰਦੁਸਤਾਨੀ-ਮਿਸਰੀ ਕਲੱਬ ਬਣਾਉਣ ਦੀ ਤਜਵੀਜ਼ ਨੂੰ ਸਰਵ-ਸੰਮਤੀ ਨਾਲ ਮਨਜ਼ੂਰੀ ਦੇ ਦਿੱਤੀ। ਫਿਰ, ਬਾਲ ਅਵੱਸਥਾ ਵਾਲੀ ਹਿੰਦ-ਮਿਸਰੀ ਸੋਸਾਇਟੀ ਨੇ ਗਰੈਂਡ ਹੋਟਲ ਚੇਰਿੰਗ ਕਰਾਸ ਵਿਚ 15 ਫਰਵਰੀ ਨੂੰ ਇਕ ਛੋਟੀ ਜਿਹੀ ਮੀਟਿੰਗ ਕੀਤੀ, ਜਿਸ ਵਿਚ ਬਾਈ ਬੰਦੇ ਮੁਸਤਫ਼ਾ ਕਾਮਿਲ ਦੀ ਬੇਵਕਤੀ ਮੌਤ ਦੀ ਪਹਿਲੀ ਬਰਸੀ ਮਨਾਉਣ ਲਈ ਹਾਜ਼ਰ ਹੋਏ। ਇਕ ਮਿਸਰੀ, ਡਾ. ਮਾਜ਼ ਨੇ ਸੋਸਾਇਟੀ ਦੇ ਸਕੱਤਰ ਏ.ਕੇ. ਸੀਲਿਮ ਨਾਲ ਮਿਲਕੇ ਪ੍ਰਧਾਨਗੀ ਕੀਤੀ। ਫਿਰ ਕੁਝ ਹੋਰ ਮਿਸਰੀਆਂ ਨੇ ਤਕਰੀਰਾਂ ਕੀਤੀਆਂ, ਤੇ ਇਨ੍ਹਾਂ ਤੋਂ ਪਿੱਛੋਂ ਪਾਲ ਨੇ ਤਕਰੀਰ ਕੀਤੀ ਜਿਸ ਨੇ ਫਿਰ ਜ਼ੋਰ ਦਿੱਤਾ ਕਿ ਦੋਵਾਂ ਗਰੁੱਪਾਂ ਨੂੰ "ਆਪਣਾ ਨਿਸ਼ਾਨਾ ਪੂਰਾ ਕਰਨ ਲਈ ਇਕ ਦੂਜੇ ਨਾਲ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਮਿਲ ਕੇ ਕੰਮ ਕਰਨਾ ਚਾਹੀਦਾ ਹੈ।" ਉਸ ਨੇ ਓਦੋਂ "ਕਾਲੀਆਂ ਨਸਲਾਂ" ਵਿਰੁੱਧ ਅੰਗਰੇਜ਼ ਵਲੋਂ ਅਦਾਲਤਾਂ ਵਿਚ ਕੀਤੇ ਗਏ ਅਨਿਆਂ ਦੀਆਂ ਮਿਸਾਲਾਂ ਦਿੱਤੀਆਂ ਜਦੋਂ "ਗੋਰੇ ਅਤੇ ਰੰਗਦਾਰ ਲੋਕਾਂ ਨੇ ਨਿਆਂ ਲੈਣ ਦਾ ਯਤਨ ਕੀਤਾ।"[18] ਅਖ਼ੀਰ 'ਚ ਹੈਦਰ ਰਜ਼ਾ ਨੇ ਆਪਣੇ ਮਨਪਸੰਦ ਵਿਸ਼ੇ, ਯਾਨੀ ਰਾਸ਼ਟਰਵਾਦ ਦੀ ਭਾਵਨਾ ਤਹਿਤ ਹਿੰਦੂ-ਮੁਸਲਿਮ ਏਕਤਾ ਦੀ ਚਰਚਾ ਕੀਤੀ, ਜਿਸ ਵਿਚ ਜ਼ੋਰ ਦਿੱਤਾ ਕਿ ਸਿਰਫ਼ ਮਿਲ-ਜੁਲਕੇ ਕੰਮ ਕਰਨ ਨਾਲ ਹੀ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਹੋ ਸਕਣਗੀਆਂ।[19]

ਅਗਲੇ ਕੁਝ ਸਾਲਾਂ ਵਿਚ ਦੋਵਾਂ ਪਰਵਾਸੀ ਭਾਈਚਾਰਿਆਂ ਵਲੋਂ ਮਿਲ ਕੇ ਕਾਨਫਰੰਸਾਂ ਕੀਤੀਆਂ ਗਈਆਂ, ਇਕ ਦੂਜੇ ਦੇ ਰਸਾਲਿਆਂ ਵਿਚ ਲਿਖਤਾਂ ਦਾ ਯੋਗਦਾਨ ਪਾਇਆ ਗਿਆ, ਇਕ ਦੂਜੇ ਨੂੰ ਦੋਸਤੀ ਤੇ ਮਸ਼ਵਰੇ ਦੀ ਪੇਸ਼ਕਸ਼ ਕਰਦੇ ਰਹੇ ਅਤੇ ਇਕ ਦੂਜੇ ਨੂੰ ਖਾੜਕੂ ਕਾਰਵਾਈ ਲਈ ਪ੍ਰੇਰਤ ਵੀ ਕਰਦੇ ਰਹੇ। ਮਿਸਾਲ ਵਜੋਂ, ਰਿਫਾਤ ਦੇ *ਅਲ ਆਲਮ* ਨੇ ਟਿੱਪਣੀ ਦੇ ਕੇ ਵੀ.ਵੀ.ਐੱਸ ਆਇਰ ਦੀ ਤਕਰੀਰ ਛਾਪੀ, ਅਤੇ ਰਿਫਾਤ ਖ਼ੁਦ *ਇੰਡੀਅਨ ਸੋਸ਼ਾਲੋਜਿਸਟ* ਲਈ ਅਕਸਰ ਲਿਖਦਾ ਰਹਿੰਦਾ ਸੀ।[20] ਹਰਦਿਆਲ ਅਤੇ ਹੋਰ ਹਿੰਦੀ ਅਗਸਤ 1909 'ਚ ਮਿਸਰੀ ਰਾਸ਼ਟਰਵਾਦੀਆਂ ਦੀ ਜਥੇਬੰਦ ਕੀਤੀ ਜੈਨੇਵਾ ਕਾਂਗਰਸ ਵਿਚ ਉਵੇਂ ਹੀ ਸ਼ਾਮਲ ਹੋਏ, ਜਿਵੇਂ "ਕਈ ਜਰਮਨਾਂ ਅਤੇ ਫਰਾਂਸੀਸੀਆਂ" ਸਮੇਤ ਬਹੁਤ ਸਾਰੇ ਯੂਰਪੀ ਸ਼ਾਮਲ ਹੋਏ ਸਨ।[21] ਓਦੋਂ ਮਹਿਜ਼ ਇਹ ਕਿਆਫ਼ੇ ਹੀ ਨਹੀਂ ਸੀ ਲਗਾਏ ਜਾ ਰਹੇ ਕਿ ਹਰਦਿਆਲ ਕ੍ਰਿਸ਼ਨ ਵਰਮਾ ਦੇ ਏਜੰਟ ਵਜੋਂ ਕੰਮ ਕਰ ਰਿਹਾ ਸੀ, ਸਗੋਂ ਇਹ ਵੀ ਕਿ ਇਸ ਸ਼ੁਰੂ ਦੇ ਸਮੇਂ 'ਚ ਹੀ ਉਥੇ ਜੋ ਜਰਮਨ ਮੌਜੂਦ ਸਨ ਉਨ੍ਹਾਂ ਨੇ "ਬਹੁਤ ਸਾਰੀਆਂ ਚੀਜ਼ਾਂ ਦਾ ਵਾਅਦਾ ਕੀਤਾ ਅਤੇ ਹਿੰਦੀ ਰਾਸ਼ਟਰਵਾਦੀਆਂ ਦੇ ਖ਼ਿਆਲਾਂ ਨਾਲ ਹਮਦਰਦੀ ਪ੍ਰਗਟਾਈ ਸੀ।"[22] ਇਸ ਸਮਾਗਮ ਦੇ ਮਕਸਦ ਬਾਰੇ ਕੋਈ ਜਾਣਕਾਰੀ ਨਹੀਂ, ਪਰ ਮੁਖ਼ਬਰ ਨੇ ਨੋਟ ਕੀਤਾ ਕਿ "*ਇੰਡੀਅਨ ਸੋਸ਼ਾਲੋਜਿਸਟ* ਵਿਚ ਯੂਰਪ ਵਿਚ ਇਕ ਸਰਬ-ਏਸ਼ੀਆਈ ਕਾਂਗਰਸ ਜਥੇਬੰਦ ਕਰਨ ਦੀ ਤਜਵੀਜ਼ ਪੇਸ਼ ਕੀਤੀ ਗਈ ਸੀ, ਅਤੇ ਇਹ ਉਸੇ ਨੂੰ ਨੇਪਰੇ ਚਾੜ੍ਹਨ ਦਾ ਮੁੱਢਲਾ ਯਤਨ ਹੋ ਸਕਦਾ ਹੈ।" ਇਥੇ ਅਸੀਂ ਹਿੰਦ-ਮਿਸਰੀ ਸਾਂਝ ਤੋਂ ਲੈ ਕੇ ਸਰਬ-ਏਸ਼ੀਆਈ ਕਾਂਗਰਸ ਤੱਕ ਯਤਨਾਂ ਦਾ ਪਸਾਰਾ ਦੇਖ ਸਕਦੇ ਹਾਂ। ਜਾਂ ਸ਼ਾਇਦ, ਜੇ

ਇਸ ਨੂੰ ਹੋਰ ਤਰ੍ਹਾਂ ਪੇਸ਼ ਕਰਨਾ ਹੋਵੇ, ਹਿੰਦ-ਮਿਸਰੀ ਸਾਂਝ ਇਕ ਸਰਬ-ਏਸ਼ੀਆਈ ਕਾਂਗਰਸ ਦੀ ਸੰਭਾਵਨਾ ਬਾਰੇ ਅੰਤਰੀਵ ਸੋਝੀ 'ਤੇ ਅਧਾਰਤ ਸੀ। ਏਸ਼ੀਆ ਤੋਂ ਪੂਰਬ ਵਿੱਚੋਂ ਦੀ ਹੁੰਦੇ ਹੋਏ ਇਸ ਤੋਂ ਅੱਗੇ ਇਸਲਾਮੀ ਜਗਤ ਅਤੇ ਇੱਥੋਂ *ਪੂਰਬ ਦੇ ਲੋਕ* ਤੱਕ, ਅਤੇ ਫਿਰ ਪਿਛਲਖੁਰੀ ਇਕ ਤੋਂ ਦੂਜੇ ਵੱਲ ਇਵੇਂ ਹੀ ਅੱਗੇ ਵਧਦੇ ਜਾਣ ਦਾ ਇਹੀ ਸਿਲਸਿਲਾ ਜੰਗ ਤੋਂ ਪਿੱਛੋਂ 1920ਵਿਆਂ ਵਿਚ ਬਸਤੀ ਬਣਾਏ ਮੁਲਕਾਂ ਲਈ ਕਮਿਊਨਿਸਟ ਯੁੱਧਨੀਤੀ ਦੇ ਪ੍ਰਸੰਗ 'ਚ ਵਾਰ ਵਾਰ ਵਾਪਰਦਾ ਰਿਹਾ।

ਸਮਾਗਮਾਂ ਦੀ ਇਸ ਮੁੱਢਲੀ ਲੜੀ ਤੋਂ ਇਕ ਸਾਲ ਬਾਅਦ, ਉਨ੍ਹਾਂ ਹੀ ਮਜ਼ਮੂਨਾਂ ਉੱਪਰ ਉਸਾਰੀ ਦਾ ਇਕ ਹੋਰ ਗੇੜ ਚਲਦਾ ਰਿਹਾ। 29 ਦਸੰਬਰ 1909 ਨੂੰ ਕੈਕਸਟਨ ਹਾਲ ਵਿਖੇ ਇਕ ਸਮਾਗਮ ਵਿਚ, ਜਿਥੇ ਹਿੰਦੀ ਤੇ ਮਿਸਰੀ ਦੋਵਾਂ ਨੇ ਸ਼ਮੂਲੀਅਤ ਕੀਤੀ, ਲਾਜਪਤ ਰਾਏ ਤੇ ਬਿਪਨ ਚੰਦਰ ਪਾਲ ਤੋਂ ਲੈ ਕੇ ਵੀ ਡੀ ਸਾਵਰਕਰ ਤਕ ਸਾਰੇ ਬੁਲਾਰਿਆਂ ਨੇ ਲਗਭਗ ਇਸੇ ਭਾਵਨਾ ਦਾ ਇਜ਼ਹਾਰ ਕੀਤਾ ਕਿ ਆਜ਼ਾਦੀ ਦੀ ਅਣਹੋਂਦ ਨਾਲੋਂ ਮੌਤ ਬਿਹਤਰ ਹੈ। ਅਸਲ ਵਿਚ ਸਾਵਰਕਰ ਨੇ "ਸਰੋਤਿਆਂ ਨੂੰ ਜਥੇਬੰਦ ਹੋਣ ਅਤੇ ਆਪਣੇ ਵਤਨ ਦੀ ਖ਼ਾਤਰ ਮਰ-ਮਿਟਣ ਦਾ ਸੱਦਾ ਦਿੱਤਾ।" ਪ੍ਰਤੱਖ ਤੌਰ 'ਤੇ ਹਾਜ਼ਰੀਨ ਤੁਰੰਤ ਸ਼ਹਾਦਤ ਦੇਣ ਲਈ ਤਿਆਰ ਨਹੀਂ ਹੋਏ, ਇਸ ਲਈ ਇਸ ਦੀ ਬਜਾਏ ਉਨ੍ਹਾਂ ਦੀ ਸਹਿਮਤੀ "ਸਾਂਝੀ ਲਹਿਰ ਉਸਾਰਨ" ਬਾਰੇ ਬਣੀ ਜਿਸ ਵਲੋਂ ਇਕ ਚਿੱਠੀ ਜਾਰੀ ਕਰਕੇ ਲੰਦਨ ਵਿਚ ਹਿੰਦ-ਮਿਸਰੀ ਰਾਸ਼ਟਰਵਾਦੀ ਐਸੋਸੀਏਸ਼ਨ ਵਿਚ ਭਰਤੀ ਹੋਣ ਦਾ ਸੱਦਾ ਦਿੱਤਾ ਗਿਆ।[23]

ਪਰ ਹਿੰਦੀ ਅਤੇ ਮਿਸਰੀ ਇਨਕਲਾਬੀਆਂ ਨੇ "ਯੂਰਪ ਵਿਚ ਨੌਜਵਾਨ ਅਰਬ ਰਾਸ਼ਟਰਵਾਦੀਆਂ ਦੇ ਸਭ ਤੋਂ ਅਹਿਮ ਕੇਂਦਰ" ਪੈਰਿਸ ਵਿਚ ਹੋਰ ਵੀ ਨੇੜਲੇ ਸੰਪਰਕ ਬਣਾ ਲਏ,[24] ਜਿਥੇ ਢੀਂਗਰਾ ਅਤੇ ਸਾਵਰਕਰ ਦੇ ਮੁਕੱਦਮਿਆਂ ਤੋਂ ਬਾਅਦ ਹਿੰਦੁਸਤਾਨੀ ਰੈਡੀਕਲ ਇੱਥੋਂ ਕੂਚ ਕਰਕੇ ਨਹਿਰੋਂ ਪਾਰ ਜਾ ਕੇ ਇਕੱਠੇ ਹੋ ਰਹੇ ਸਨ। ਫਰਵਰੀ 1910 'ਚ ਇਬਰਾਹਿਮ ਨਾਸਿਫ਼ ਅਲ-ਵਰਦਨੀ ਵਲੋਂ ਕੈਰੋ ਵਿਚ ਮਿਸਰੀ ਪ੍ਰਧਾਨ ਮੰਤਰੀ ਬੁਤਰਸ ਘਾਲੀ ਪਾਸ਼ਾ ਦੇ ਕਤਲ (ਇਸ ਇਲਜ਼ਾਮ ਤਹਿਤ ਕਿ ਉਸ ਦਾ ਸਵੇਜ਼ ਨਹਿਰ ਵਿਚ ਮਿਸਰ ਦਾ ਹਿੱਸਾ ਬਰਤਾਨੀਆ ਨੂੰ ਵੇਚਣ ਦਾ ਇਰਾਦਾ ਹੈ।) ਬਾਰੇ ਸਮਝਿਆ ਜਾਂਦਾ ਸੀ ਕਿ ਇਸ ਦੀ ਪ੍ਰੇਰਨਾ ਜੁਲਾਈ 1909 ਵਿਚ ਮਦਨ ਲਾਲ ਢੀਂਗਰਾ ਵਲੋਂ ਕਰਜ਼ਨ ਵਿਲੀ ਦੇ ਕਤਲ ਦਾ ਵਾਕਿਆ ਸੀ। ਮਿਸਰੀ ਕਵੀ ਅੱਲ ਗ਼ਾਇਤੀ ਨੇ ਆਪਣੇ ਇਕ ਗੀਤ ਵਿਚ ਬਦਲਾ ਲੈਣ ਵਾਲੇ ਦੋਵਾਂ ਗੱਭਰੂਆਂ ਦੀ ਵਾਰ ਪੇਸ਼ ਕੀਤੀ ਸੀ ਜਿਸ ਕਾਰਨ ਉਸ ਨੂੰ ਤੁਰੰਤ ਰਾਜਧ੍ਰੋਹ ਦੇ ਇਲਜ਼ਾਮ 'ਚ ਗ੍ਰਿਫ਼ਤਾਰ ਕਰ ਲਿਆ ਗਿਆ।[25] ਕ੍ਰਿਸ਼ਨ ਵਰਮਾ ਵਲੋਂ ਨਰਮੀ ਵਰਤਣ ਦੀ ਗੁਜ਼ਾਰਿਸ਼ ਕਰਦਿਆਂ ਜੋ ਤਾਰ *ਹਿਦਿਵ* ਨੂੰ ਭੇਜੀ ਗਈ ਉਸ ਦਾ ਕੋਈ ਫ਼ਾਇਦਾ ਨਾ ਹੋਇਆ, ਇਹ *ਐੱਲਹਿਊਮੈਨਾਈਟ* ਵਿਚ ਦੁਬਾਰਾ ਛਪੀ ਸੀ। ਢੀਂਗਰਾ ਵਾਂਗ ਹੀ, ਵਰਦਨੀ ਨੂੰ ਵੀ ਮੌਤ ਦੀ ਸਜ਼ਾ ਦਿੱਤੀ ਗਈ। ਜਿਵੇਂ ਢੀਂਗਰਾ ਨੇ ਆਪਣੀ ਆਖ਼ਰੀ ਵਸੀਅਤ ਵਿਚ ਐਲਾਨ ਕੀਤਾ ਸੀ ਕਿ ਇਕ ਹਿੰਦੂ ਵਜੋਂ ਆਪਣੇ ਮੁਲਕ ਦੀ ਆਜ਼ਾਦੀ ਲਈ ਮਦਦ ਕਰਨਾ ਉਸ ਦਾ ਫਰਜ਼ ਸੀ, ਵਰਦਨੀ ਨੇ ਵੀ ਮੌਤ ਨੂੰ ਗਲੇ ਲਾਉਂਦਿਆਂ ਐਲਾਨ ਕੀਤਾ ਕਿ "ਅੱਲਾ ਇਕ ਹੈ ਅਤੇ.... ਮੁਹੰਮਦ ਉਸ ਦਾ ਪੈਗੰਬਰ ਹੈ ਅਤੇ....ਮੁਕਤੀ ਅਤੇ ਆਜ਼ਾਦੀ ਅੱਲਾ ਦਾ ਹੁਕਮ ਹੈ।"[26]

ਮਿਸਰੀ ਰਾਸ਼ਟਰਵਾਦੀ ਪਾਰਟੀ ਨੇ ਸਤੰਬਰ 1910 ਦੇ ਅਖ਼ੀਰ 'ਚ ਪੈਰਿਸ ਵਿਚ ਆਪਣੀ ਦੂਜੀ ਕਾਂਗਰਸ ਜਥੇਬੰਦ ਕੀਤੀ। ਇਤਲਾਹ ਅਨੁਸਾਰ ਚੱਟੋ ਸਾਰਾ ਦਿਨ ਹੋਟਲ des Societes Savantes ਵਿਚ ਇਸ ਨੂੰ ਜਥੇਬੰਦ ਕਰਨ ਵਾਲਿਆਂ ਦੇ ਦਫ਼ਤਰ ਵਿਚ ਹੀ ਰਹਿੰਦਾ ਰਿਹਾ,

ਜਦਕਿ ਮੈਡਮ ਕਾਮਾ ਉਸ ਬੰਦੇ ਨੂੰ ਮੋਟਰ ਕਾਰ ਵਿਚ ਕਈ ਵਾਰ ਆਪਣੇ ਘਰ ਲੈ ਕੇ ਆਉਂਦੀ ਰਹੀ, ਜਿਸ ਦੀ ਸ਼ਨਾਖ਼ਤ "ਮਿਸਰੀ ਇਨਕਲਾਬੀ ਫ਼ਰੀਦ ਬੇ" ਵਜੋਂ ਹੋਈ। ਜ਼ਾਹਿਰ ਸੀ ਜੀਨ ਲਾਂਗੇ ਨੇ ਉਨ੍ਹਾਂ ਨੂੰ ਮਿਲਾਇਆ ਸੀ, ਅਤੇ ਸਮਝਿਆ ਜਾਂਦਾ ਸੀ ਕਿ ਇਹ ਦੋਵੇਂ ਹੋਣ ਜਾ ਰਹੇ ਆਪੋ ਆਪਣੇ ਸੰਮੇਲਨਾਂ ਦਾ ਤਾਲਮੇਲ ਕਰਵਾ ਰਹੇ ਸਨ।[27] ਕਈ ਸਾਲ ਬਾਅਦ *ਕਿਰਤੀ* ਵਿਚ ਐਗਨੀਸ ਸਮੈਡਲੀ ਨੇ ਇਸ ਸੰਮੇਲਨ ਬਾਰੇ ਲਿਖਿਆ ਕਿ ਆਇਰਿਸ਼ ਵੀ ਇਸ ਉੱਦਮ ਵਿਚ ਸਰਗਰਮੀ ਨਾਲ ਸ਼ਾਮਲ ਸਨ। ਉਸ ਨੇ ਟਿੱਪਣੀ ਕੀਤੀ: "ਇੰਗਲੈਂਡ ਅਤੇ ਫਰਾਂਸ ਵਿਚ ਕੰਮ ਕਰ ਰਹੇ ਹਿੰਦੀ ਇਨਕਲਾਬੀ ਆਇਰਲੈਂਡ ਦੇ ਇਨਕਲਾਬੀਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੇ ਸਨ ਅਤੇ ਕਈ ਆਇਰਿਸ਼ ਮਰਦ ਤੇ ਔਰਤਾਂ ਉਨ੍ਹਾਂ ਦੇ ਸਭ ਤੋਂ ਵੱਧ ਭਰੋਸੇਯੋਗ ਸਾਥੀ ਸਨ।"[28]

ਜਦੋਂ ਫਰਾਂਸ ਦੀ ਹਕੂਮਤ ਨੇ ਇਹ ਕਹਿ ਕੇ ਇਸ ਉੱਪਰ ਪਾਬੰਦੀ ਲਾ ਦਿੱਤੀ ਕਿ ਉਹ ਨਹੀਂ ਚਾਹੁੰਦੀ ਕਿ ਪੈਰਿਸ "ਅੰਗਰੇਜ਼ ਵਿਰੋਧੀ ਜਹਾਦ ਦਾ ਕੇਂਦਰ" ਬਣੇ ਤਾਂ ਸਮਾਗਮ ਦੀ ਥਾਂ ਬਦਲ ਕੇ ਬਰੁਸਲਜ਼ ਵਿਚ ਲਿਜਾਈ ਗਈ। ਪਰ ਡੈਲੀਗੇਟਾਂ ਦੇ ਬਰੁਸਲਜ਼ ਲਈ ਕੂਚ ਕਰਨ ਮੌਕੇ ਉਥੇ ਇਕ "ਹਿੰਦ-ਮਿਸਰੀ ਮਜਲਿਸ" ਕੀਤੀ ਗਈ ਜਿਸ ਵਿਚ "150 ਦੇ ਕਰੀਬ ਮਿਸਰੀ ਤੇ ਹਿੰਦੀ ਅਤੇ 25 ਯੂਰਪੀਨ ਸ਼ਾਮਲ ਹੋਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਫਰਾਂਸੀਸੀ ਅਤੇ ਜਰਮਨ ਪੱਤਰਕਾਰ ਸਨ। ਪੁਲਿਸ ਨੂੰ ਮਜਲਿਸ ਕੀਤੇ ਜਾਣ ਦੀ ਇਤਲਾਹ ਨਹੀਂ ਦਿੱਤੀ ਗਈ।"[29] ਹੋਣ ਵਾਲੀ ਕਾਂਗਰਸ ਦੇ ਦੋ ਮਿਸਰੀ ਸਕੱਤਰ, ਲਾਓਤਫ਼ੀ ਗੋਮਾਹ (*ਮਿਸਰ* ਰਸਾਲੇ ਦਾ ਸੰਪਾਦਕ) ਅਤੇ ਹਾਮਿਦ-ਅਲ-ਅਲੈਲੀ, ਵੀ ਪ੍ਰਾਹੁਣਿਆਂ ਵਿਚ ਸ਼ਾਮਲ ਸਨ। ਸੀ.ਆਈ.ਡੀ. ਵਾਲਿਆਂ ਦੀ ਸੋਚ ਸੀ ਕਿ ਉਹ ਹਿੰਦੀਆਂ ਪ੍ਰਤੀ "ਬਹੁਤ ਜ਼ਿਆਦਾ ਤਵੱਜੋ" ਦੇ ਰਹੇ ਸਨ।[30]

ਜਿਵੇਂ ਕਿ ਖ਼ਦਸ਼ਾ ਸੀ, ਬਰੁਸਲਜ਼ ਵਿਚ ਸੱਚੀਓਂ ਹੀ "ਹਿੰਸਕ ਤਕਰੀਰਾਂ ਕੀਤੀਆਂ ਗਈਆਂ" ਜਿਨ੍ਹਾਂ ਵਿਚ "ਬਰਤਾਨੀਆ ਨੂੰ ਲੰਮੇ ਹੱਥੀਂ ਲਿਆ ਗਿਆ" ਅਤੇ ਏਸ਼ੀਆ ਵਿਚ ਅੰਗਰੇਜ਼ ਬਸਤੀਵਾਦੀ ਰਾਜ ਦੀ ਮਦਦ ਕਰਨ ਲਈ "ਰੂਜ਼ਵੈਲਟ ਦੀ ਨਿਖੇਧੀ ਕੀਤੀ ਗਈ।"[31] ਇਨ੍ਹਾਂ ਖ਼ਿਲਾਫ਼ ਜੰਗ ਦਾ ਹੋਕਾ ਦਿੰਦੀ ਤਕਰੀਰ ਕਰਨ ਵਾਲਿਆਂ ਵਿਚ ਹਰਦਿਆਲ ਵੀ ਸੀ, ਜਿਸ ਵਲੋਂ "ਮਿਸਰੀਆਂ ਨੂੰ ਮਿਸਰੀ ਫ਼ੌਜ ਵਿਚ ਭਰਤੀ ਹੋਣ ਤੋਂ ਨਾਬਰ ਹੋਣ ਦਾ ਸੱਦਾ ਦਿੱਤੇ ਜਾਣ ਨਾਲ ਉਥੇ ਸਨਸਨੀ ਫੈਲ ਗਈ।"[32] ਅਲ-ਐਲੈਲੀ ਨੇ "ਮਿਸਰੀ ਰਾਜਸੀ ਲਹਿਰ ਦੇ ਇਖ਼ਲਾਕੀ ਅਤੇ ਬੌਧਿਕ ਨਕਸ਼" ਨਾਂ ਦਾ ਪਰਚਾ ਪੇਸ਼ ਕੀਤਾ, ਜਿਸ ਬਾਰੇ ਹਰਦਿਆਲ ਦਾ ਦਾਅਵਾ ਹੈ ਕਿ ਉਹ ਵੀ ਇਸ ਨੂੰ ਲਿਖਣ ਵਾਲਿਆਂ ਵਿਚ ਸ਼ਾਮਲ ਸੀ। ਰਿਫ਼ਾਤ ਨੇ "ਮਿਸਰੀ ਫ਼ੌਜ" ਨਾਂ ਦਾ ਆਪਣਾ ਪਰਚਾ ਪੜ੍ਹਿਆ, ਜਿਸ ਦੀਆਂ ਗ਼ਲਤੀਆਂ ਚੱਟੋ ਨੇ ਲਗਾਈਆਂ ਸਨ।[33] ਕੁਝ ਸਾਲ ਪਿੱਛੋਂ ਗ਼ਦਰੀ ਸਾਹਿਤ ਦਾ ਇਹੀ ਵਿਸ਼ਾ ਬਣਿਆ ਰਹੇਗਾ ਜਿਸ ਵਿਚ ਬਸਤੀਵਾਦ ਦੀਆਂ ਫ਼ੌਜਾਂ ਨੂੰ ਸਾਮਰਾਜੀ ਮਾਲਕਾਂ ਦੀ ਤਰਫ਼ੋਂ ਭਾੜੇ ਦੇ ਫ਼ੌਜੀਆਂ ਵਜੋਂ ਲੜਨ ਦੀ ਥਾਂ ਬਗ਼ਾਵਤ ਕਰਨ ਅਤੇ ਆਪਣੇ ਹਥਿਆਰ ਬੰਦ-ਖ਼ਲਾਸੀ ਲਈ ਲੜਨ ਵਾਲੀਆਂ ਤਾਕਤਾਂ ਦੇ ਹਵਾਲੇ ਕਰ ਦੇਣ ਦਾ ਸੱਦਾ ਦਿੱਤਾ ਜਾਵੇਗਾ, ਇਸ ਨੂੰ ਦੇਖਦੇ ਹੋਏ ਇਸ ਪਰਚੇ ਦਾ ਸਹੀ ਤੱਤ ਜਾਣੇ ਬਗ਼ੈਰ ਵੀ ਇਸ ਦਾ ਸਹੀ ਅੰਦਾਜ਼ਾ ਲਗਾਇਆ ਹੀ ਜਾ ਸਕਦਾ ਹੈ। ਇਸੇ ਤਰ੍ਹਾਂ ਦੇ ਹੋਕੇ ਜੰਗ ਦੌਰਾਨ ਫਰਾਂਸ, ਮੈਸੋਪੋਟਾਮੀਆ ਤੇ ਸਵੇਜ਼ ਨਹਿਰ ਖੇਤਰ ਵਿਚ ਅਤੇ 1920ਵਿਆਂ ਵਿਚ ਚੀਨ ਵਿਚ ਲੜਨ ਵਾਲੀਆਂ ਹਿੰਦੀ ਫ਼ੌਜਾਂ ਨੂੰ ਦਿੱਤੇ ਗਏ ਸਨ।

ਸੰਮੇਲਨ ਤੋਂ ਬਾਅਦ ਪੈਰਿਸ ਵਿਚਲੇ ਹਿੰਦੀਆਂ ਨੇ ਆਪਣੇ ਮਿਸਰੀ ਸੰਗੀਆਂ ਨਾਲ ਲਗਾਤਾਰ ਰਾਬਤਾ ਬਣਾਈ ਰੱਖਿਆ; ਉਨ੍ਹਾਂ ਵਿੱਚੋਂ ਕੁਝ ਰਿਫ਼ਾਤ ਨੂੰ ਲਗਾਤਾਰ ਮਿਲਦੇ ਰਹੇ।[34]

ਖ਼ਾਸ ਕਰਕੇ ਚੱਟੋ ਨੇ ਇਕ ਦੂਜੇ ਦੀਆਂ ਪੂਰਕ ਏਕਤਾਵਾਂ ਉਸਾਰਨ ਉੱਪਰ ਕੇਂਦਰਤ ਕੀਤਾ ਹੋਇਆ ਸੀ: ਹਿੰਦੂ-ਮੁਸਲਿਮ ਅਤੇ ਹਿੰਦੀ-ਮਿਸਰੀ।[35] ਅਸਲ ਵਿਚ, ਮਿਸਰੀ ਰਾਸ਼ਟਰਵਾਦ ਨਾਲ ਇਕਮੁੱਠਤਾ ਬਣਾਉਣ ਦੇ ਸਮਰੱਥ ਹੋਣ ਲਈ ਹਿੰਦੀ ਰਾਸ਼ਟਰਵਾਦ ਨੂੰ ਹਿੰਦੂ-ਮੁਸਲਿਮ ਏਕਤਾ ਦੇ ਅਸੂਲ ਉੱਪਰ ਅਧਾਰਤ ਹੋਣਾ ਹੀ ਪੈਣਾ ਸੀ। ਸਤੰਬਰ 1911 'ਚ ਉਨ੍ਹਾਂ ਨੇ ਪੈਰਿਸ ਵਿਚ ਇਕ ਹੋਰ ਸਾਂਝਾ ਸੰਮੇਲਨ ਜਥੇਬੰਦ ਕਰਨਾ ਚਾਹਿਆ, ਪਰ ਫਰਾਂਸ ਹਕੂਮਤ ਵਲੋਂ ਲਾਈ ਪਾਬੰਦੀ ਨੇ ਇਹ ਨਹੀਂ ਹੋਣ ਦਿੱਤਾ, ਅਤੇ ਇਹ ਵੀ ਬਰੁਸਲਜ਼ ਜਾ ਕੇ ਕੀਤਾ ਗਿਆ। ਫ਼ਰੀਦ ਨੇ ਇਸ ਦਾ ਉਦਘਾਟਨ ਕਰਦਿਆਂ "ਹਿੰਦੀ ਅਤੇ ਮਿਸਰੀ ਰਾਸ਼ਟਰਵਾਦੀਆਂ ਦਰਮਿਆਨ ਅੰਗਰੇਜ਼ ਵਿਰੋਧੀ ਭਾਈਚਾਰੇ ਦਾ ਸੱਚਮੁੱਚ ਬਹੁਤ ਹੀ ਜ਼ਬਰਦਸਤ ਪ੍ਰਚਾਰ ਵਾਲਾ ਪ੍ਰਦਰਸ਼ਨ" ਕਿਹਾ। ਮਿਸਰੀ ਇਨਕਲਾਬੀ ਨੇ ਹਿੰਦ ਵਿਚ ਬਗ਼ਾਵਤ ਹੋਣ ਦੀ ਹਾਲਤ 'ਚ ਬਰਤਾਨੀਆ ਦੀ ਫ਼ੌਜੀ ਕੁਮਕ ਨੂੰ ਰੋਕਣ ਲਈ ਸਵੇਜ਼ ਨਹਿਰ ਨੂੰ ਬੰਦ ਕਰਨ ਦਾ ਅਹਿਦ ਮੁੜ ਦੁਹਰਾਇਆ, ਅਤੇ ਮੋੜਵੇਂ ਰੂਪ 'ਚ ਹਿੰਦੀਆਂ ਨੇ ਮਿਸਰ ਵਿਚ ਰਾਸ਼ਟਰਵਾਦੀ ਯਤਨਾਂ ਨੂੰ ਕੁਚਲਣ ਲਈ ਹਿੰਦੀ ਫ਼ੌਜੀਆਂ ਨੂੰ ਤਾਇਨਾਤ ਕੀਤੇ ਜਾਣ ਨੂੰ ਰੋਕਣ ਦਾ ਅਹਿਦ ਲਿਆ।[36]

1911 ਦੀ ਬਸੰਤ ਵਿਚ ਸੀ.ਆਈ.ਡੀ. ਦੇ ਨਿਰਦੇਸ਼ਕ ਨੇ ਨਿਸ਼ਚਿਤ ਕਰ ਲਿਆ ਸੀ ਕਿ ਹਿੰਦੀ ਰਾਸ਼ਟਰਵਾਦੀਆਂ ਦੀਆਂ ਯੂਰਪ ਵਿਚ ਤਾਜ਼ਾ ਮੁੱਖ ਯੁੱਧਨੀਤੀਆਂ ਇਹ ਚਾਰ ਸਨ "(1) ਰਾਜਧ੍ਰੋਹੀ ਸਾਹਿਤ ਵੰਡਣਾ, (2) ਕਤਲਾਂ ਦੇ ਮਕਸਦ ਨਾਲ ਹਿੰਦ ਵਿਚ ਹਥਿਆਰ ਭੇਜਣਾ; (3) ਇੰਗਲੈਂਡ ਵਿਚ ਲੇਬਰ ਅਤੇ ਸੋਸ਼ਲਿਸਟ ਪਾਰਟੀਆਂ ਦੀ ਹਮਦਰਦੀ ਜਿੱਤਣਾ; (4) ਅੰਗਰੇਜ਼ ਵਿਰੁੱਧ ਸਾਂਝੇ ਕਾਜ ਵਿਚ ਮਿਸਰੀ ਇੰਤਹਾਪਸੰਦਾਂ ਦਾ ਸਹਿਯੋਗ ਲੈਣਾ।"[37] ਇਸ ਤੋਂ ਇਲਾਵਾ, ਸੀ.ਆਰ. ਕਲੈਵਲੈਂਡ ਨੇ ਫ਼ਿਕਰਮੰਦੀ ਨਾਲ ਨੋਟ ਕੀਤਾ: "ਇਸ ਵਕਤ, ਲੱਗਦਾ ਹੈ ਮਿਸਰੀ ਇਨਕਲਾਬੀਆਂ ਨਾਲ ਚੋਖਾ ਸਹਿਯੋਗ ਚੱਲ ਰਿਹਾ ਹੈ।"[38] ਜਦਕਿ ਘੱਟੋਘੱਟ ਪੈਰਿਸ ਵਿਚ ਹਿੰਦੁਸਤਾਨੀ ਰੈਡੀਕਲ ਘੇਰੇ ਦੇ ਖਿੰਡ-ਪੁੰਡ ਜਾਣ ਕਾਰਨ ਇਹ ਸਾਂਝ ਉਸੇ ਸ਼ਿੱਦਤ ਨਾਲ ਬਹੁਤਾ ਲੰਮਾ ਸਮਾਂ ਨਾ ਚਲ ਸਕੀ।

ਪਰ ਬਰਲਿਨ ਵਿਚ ਸਾਂਝ ਮੁੜ ਬਣਾ ਲਈ ਗਈ। ਖ਼ਾਸ ਕਰਕੇ ਬੀ.ਆਈ.ਸੀ ਨੇ ਸਵੇਜ਼ ਨਹਿਰ ਦੇ ਯੁੱਧਨੀਤਕ ਖੇਤਰ ਵਿਚ ਫ਼ੌਜੀਆਂ ਵਿਚ ਪ੍ਰਚਾਰ ਕਰਨ ਦੇ ਮਿਸ਼ਨ ਤਹਿਤ ਮਿਸਰ ਵਾਲੇ ਸਾਥੀਆਂ ਦੀ ਮਦਦ ਲੈਣ ਨੂੰ ਆਪਣੇ ਕੰਮਾਂ ਵਿਚ ਸ਼ਾਮਲ ਕੀਤਾ, ਜਿਸ ਦਾ ਤਾਲਮੇਲ ਇਸਤਾਂਬੁਲ ਤੋਂ ਕੀਤਾ ਜਾਣਾ ਸੀ ਜਿਥੇ ਉਨ੍ਹਾਂ ਦਾ ਪੁਰਾਣਾ ਮਿੱਤਰ ਫ਼ਰੀਦ ਬੇ ਜਰਮਨ ਹਮਾਇਤ ਪ੍ਰਾਪਤ ਮਿਸਰੀ ਉੱਪ-ਕਮੇਟੀ ਚਲਾਉਂਦਾ ਸੀ, ਅਤੇ ਹਰਦਿਆਲ ਵੀ ਉਥੇ ਸੀ।[39] 1915 ਦੇ ਹੁਨਾਲ ਵਿਚ, ਕਤਲ ਦੇ ਬੇਮੇਲ ਸਵਿਸ-ਇਤਾਲਵੀ ਸਾਂਝੇ ਮਨਸੂਬੇ ਤਹਿਤ ਇਨ੍ਹਾਂ ਪੁਰਾਣੀਆਂ ਸਾਂਝਾਂ ਨੂੰ ਵੀ ਮੁੜ ਸਰਗਰਮ ਕਰ ਲਿਆ ਗਿਆ, ਇਸ ਤੋਂ ਅਸੀਂ ਇਕ ਵਾਰ ਫਿਰ ਦੇਖ ਸਕਦੇ ਹਾਂ ਕਿ ਇਨਕਲਾਬੀ ਸਿਧਾਂਤਕਾਰਾਂ ਦੇ ਤਾਣੇਬਾਣੇ ਕਿਵੇਂ ਸਰਹੱਦਾਂ ਪਾਰ ਕਰਦੇ ਅਤੇ ਫਿਰ ਪਹਿਲਾਂ ਵਾਲੀ ਥਾਂ ਮੁੜਦੇ ਰਹਿੰਦੇ ਹਨ। ਇਹ ਯੋਜਨਾ ਇਤਾਲਵੀ ਸ਼ਹਿਨਸ਼ਾਹ ਤੇ ਪ੍ਰਧਾਨ ਮੰਤਰੀ, ਫਰਾਂਸ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ, ਅੰਗਰੇਜ਼ ਯੁੱਧ ਮੰਤਰੀ ਤੇ ਬਦੇਸ਼ ਸਕੱਤਰ (ਲਾਰਡ ਕਿਚਨਰ ਜਿਸ ਨੂੰ ਮਿਸਰੀ ਸਭ ਤੋਂ ਘ੍ਰਿਣਤ ਸਮਝਦੇ ਸਨ) ਸਮੇਤ "ਸਮਝੌਤੇ ਵਿਚ ਸ਼ਾਮਲ ਮੁਲਕਾਂ ਦੀਆਂ ਮੁਹਰੈਲ ਹਸਤੀਆਂ" ਨੂੰ ਇਕੋ ਸਮੇਂ ਦਸ ਟਾਈਮ ਬੰਬਾਂ ਨਾਲ ਕਤਲ ਕਰਨ ਦੀ ਸੀ।[40] ਇਟਲੀ ਦੇ ਬਣੇ ਇਨ੍ਹਾਂ ਬੰਬਾਂ ਦੀ ਅਜ਼ਮਾਇਸ਼ ਫ਼ੌਜ ਨੇ ਬਰਲਿਨ ਵਿਚ ਕਰਨੀ ਸੀ ਅਤੇ ਫਿਰ ਇਹ ਜ਼ੂਰਿਖ ਭੇਜਣੇ ਸਨ। ਇਸ ਦੇ ਮੁੱਖ ਸੂਤਰਧਾਰ ਸਨ : ਚੱਟੋ ਤੇ ਬੀ.ਆਈ.ਸੀ. ਦੇ ਅਬਦੁੱਲ ਹਾਫਿਜ਼ ਅਤੇ ਅਲੀ ਇਲੂਈ ਨਾਂ ਦਾ ਮਿਸਰੀ ਮੈਡੀਕਲ ਵਿਦਿਆਰਥੀ ਜੋ ਚੱਟੋ ਦੇ ਨੇੜੇ ਸੀ, ਅਤੇ ਲੁਇਗੀ

ਬਰਤੋਨੀ ਨਾਂ ਦਾ ਇਤਾਲਵੀ ਅਰਾਜਕਤਾਵਾਦੀ। ਪਰ ਇਸ ਦਾ ਭੇਤ ਖੁੱਲ੍ਹ ਗਿਆ, ਅਤੇ ਉਨ੍ਹਾਂ ਨੂੰ ਮੁਹਿੰਮ ਅੱਧ-ਵਿਚਾਲੇ ਛੱਡਣੀ ਪਈ।[41]

1914 ਦੀ ਪੱਤਝੜ ਰੁੱਤੇ ਰਿਫ਼ਾਤ ਇਕਦਮ ਜੈਨੇਵਾ ਛੱਡ ਗਿਆ, ਸ਼ਾਇਦ ਇਸ ਦਾ ਕਾਰਨ ਸਵਿਸ ਪੁਲਿਸ ਵਲੋਂ ਉਸ ਦੇ ਕੁਝ ਕਾਗਜ਼ਾਤ ਕਬਜ਼ੇ 'ਚ ਲੈਣਾ ਸੀ ਜਿਨ੍ਹਾਂ ਵਿਚ ਉਸ ਨੇ "ਅਧਿਕਾਰੀਆਂ ਦੇ ਕਤਲ ਤੇ ਵਿਆਪਕ ਪ੍ਰਚਾਰ ਸਣੇ ਬਰਤਾਨਵੀ ਹਿੰਦ ਵਿਰੁੱਧ ਕਿਸੇ ਕਾਰਵਾਈ ਦੀ ਗੋਲਮੋਲ ਅਤੇ ਵਹਿਸ਼ੀ ਵਿਉਂਤ" ਦਾ ਜ਼ਿਕਰ ਕੀਤਾ ਹੋਇਆ ਸੀ।[42] ਸਦਾ ਘੁੰਮਦੇ ਰਹਿਣ ਵਾਲੇ ਸੀ. ਨੇ ਬਾਅਦ 'ਚ ਖ਼ੁਲਾਸਾ ਕੀਤਾ ਕਿ ਅਕਤੂਬਰ 'ਚ ਰਿਫ਼ਾਤ "ਸਾਨ ਫਰਾਂਸਿਸਕੋ ਵਿਚ ਹਿੰਦੀਆਂ ਵਿਚ ਵੰਡਣ ਲਈ ਵੱਡੀ ਤਾਦਾਦ 'ਚ ਪਰਚੇ ਨਾਲ ਲੈ ਕੇ" ਅਮਰੀਕਾ ਆਇਆ ਸੀ। "ਉਸ ਨੂੰ ਉਮੀਦ ਸੀ ਕਿ ਉਨ੍ਹਾਂ ਜ਼ਰੀਏ ਉਹ ਹਿੰਦ ਵਿਚ ਇਨਕਲਾਬੀਆਂ ਨਾਲ ਰਾਬਤਾ ਬਣਾ ਲਵੇਗਾ।"[43] ਭਾਵੇਂ ਉਸ ਵਕਤ ਮਿਸਰ ਤੋਂ ਅਮਰੀਕਾ ਨੂੰ ਆਉਣਾ-ਜਾਣਾ ਮੁਸ਼ਕਿਲ ਨਹੀਂ ਸੀ, ਫਿਰ ਵੀ ਜਨਵਰੀ 1917 'ਚ ਸੀ.ਆਈ.ਡੀ. ਦੇ ਨਿਰਦੇਸ਼ਕ ਦੇ ਯੂਰਪ ਵਿਚ ਮੁੱਖ ਏਜੰਟ ਨੇ ਗੁਜ਼ਾਰਿਸ਼ ਕੀਤੀ ਕਿ ਮਿਸਰ ਦੀ ਪੁਲਿਸ "ਅਮਰੀਕਾ ਜਾਣ ਵਾਲੇ ਸ਼ੱਕੀ ਮਿਸਰੀਆਂ ਦੇ ਨਾਂ" ਉਸ ਦੇ ਧਿਆਨ ਵਿਚ ਲਿਆਇਆ ਕਰੇ।

ਜੰਗ ਤੋਂ ਪਿੱਛੋਂ, ਸਾਂਝ ਨਵੇਂ ਸਿਰਿਓਂ ਬਣਾ ਲਈ ਗਈ। ਜਦੋਂ ਮਿਸਰ ਵਿਚ ਵਾਹਿਦ ਅਤੇ ਹਿੰਦ ਦੇ ਨਾਮਿਲਵਰਤਣ/ਖ਼ਿਲਾਫ਼ਤ ਅਵਾਮੀ ਅੰਦੋਲਨ ਚਲ ਰਹੇ ਸਨ, *ਇੰਡੀਪੈਂਡੈਂਟ ਹਿੰਦੁਸਤਾਨ* ਦੇ ਦਸੰਬਰ 1920 ਅੰਕ ਵਿਚ "ਮਿਸਰ ਵਿਚ ਅੰਗਰੇਜ਼ਾਂ ਦੇ ਵਹਿਸ਼ੀ ਕਾਰੇ" ਮਜ਼ਮੂਨ ਵਾਲੀ ਸੰਪਾਦਕੀ ਛਪੀ, ਜਿਸ ਵਿਚ ਕੈਰੋ ਵਿਚ ਸ਼ਾਂਤਮਈ ਮੁਜ਼ਾਹਰੇ ਉੱਪਰ ਮਸ਼ੀਨਗੰਨਾਂ ਨਾਲ ਹਮਲਿਆਂ ਵਿਚ ਸੈਂਕੜੇ ਮਿਸਰੀਆਂ ਨੂੰ ਕਤਲ ਕਰਨ; ਬਹੁਤ ਸਾਰੇ ਪਿੰਡਾਂ ਵਿਚ ਜਬਰ ਜਨਾਹ ਅਤੇ ਲੁੱਟਮਾਰ ਕਰਨ; ਅਤੇ ਘਰਾਂ ਨੂੰ ਸਾੜਨ ਤੇ ਮਰਦਾਂ ਨੂੰ ਕੋਰੜੇ ਮਾਰਨ ਸਮੇਤ ਸਮੂਹਕ ਸਜ਼ਾਵਾਂ ਦਿੱਤੇ ਜਾਣ ਦੀ ਸੂਚੀ ਦਿੱਤੀ ਗਈ ਸੀ। ਅੰਗਰੇਜ਼ ਦੀ ਖ਼ਸਲਤ ਬਾਰੇ ਇਨ੍ਹਾਂ ਇਲਜ਼ਾਮਾਂ ਦੀ ਭਰੋਸੇਯੋਗਤਾ ਦੀ ਪੁਸ਼ਟੀ ਕਰਨ ਦੀ ਲੋੜ ਨੂੰ ਮੁੱਖ ਰੱਖਦਿਆਂ ਲੇਖਕ ਨੇ ਪਾਠਕਾਂ ਨੂੰ ਕੌਰਕ ਪਾਰਕ ਅਤੇ ਪੰਜਾਬ ਵਿਚ ਇਸੇ ਤਰ੍ਹਾਂ ਦੇ ਜ਼ੁਲਮਾਂ ਦਾ ਹਵਾਲਾ ਦਿੱਤਾ ਹੋਇਆ ਸੀ।[44] ਮਿਸਰੀ ਪਰਚੇ *ਅਲ ਅਕਬਰ* ਦੇ ਪੱਤਰਕਾਰ ਮੁਹੰਮਦ ਅਲੀ ਸਰਵਰ ਨੇ ਨਿਊਯਾਰਕ ਵਿਚ *ਹਿੰਦ ਦੀ ਆਜ਼ਾਦੀ ਦੇ ਮਿੱਤਰ* ਸੰਸਥਾ ਦੀ 1920 ਦੀ ਕਨਵੈਨਸ਼ਨ ਵਿਖੇ ਬੋਲਦਿਆਂ ਮਿਸਰ ਦੀ ਕੌਮੀ ਲਹਿਰ ਦੀ ਚਰਚਾ ਕੀਤੀ ਸੀ।[45] ਇਸ ਗਰੁੱਪ ਨਾਲ ਨੇੜਿਓਂ ਜੁੜੇ ਤਾਰਕਨਾਥ ਦਾਸ ਨੇ "ਹਿੰਦ ਦੇ ਸਵਾਲ ਦੇ ਕੌਮਾਂਤਰੀ ਪਹਿਲੂ" ਬਾਰੇ ਇਕ ਲੇਖ ਲਿਖਿਆ ਸੀ ਜੋ *ਇੰਡੀਪੈਂਡੈਂਟ ਹਿੰਦੁਸਤਾਨ* ਦੇ ਜਨਵਰੀ ਅਤੇ ਫਰਵਰੀ 1921 ਦੇ ਅੰਕਾਂ ਵਿਚ ਦੋ ਭਾਗਾਂ ਵਿਚ ਛਪਿਆ ਸੀ, ਇਸ ਵਿਚ ਵੀ ਕਨਵੈਨਸ਼ਨ ਦੀ ਵਿਆਪਕ ਰਿਪੋਰਟ ਦਿੱਤੀ ਗਈ ਸੀ। ਮਿਸਰ ਬਾਰੇ ਉਸ ਨੇ ਕਿਹਾ: "ਹਰ ਕੋਈ ਜਾਣਦਾ ਹੈ ਕਿ ਬਰਤਾਨੀਆ ਨੇ ਹਿੰਦ ਨੂੰ ਜਾਂਦੇ ਰਸਤੇ ਨੂੰ ਕਬਜ਼ੇ ਵਿਚ ਲੈਣ ਲਈ ਸਵੇਜ਼ ਨਹਿਰ ਉੱਪਰ ਕਬਜ਼ਾ ਕੀਤਾ।.... ਜਦੋਂ ਤਕ ਹਿੰਦ ਅੰਗਰੇਜ਼ ਦੇ ਕਬਜ਼ੇ 'ਚ ਹੈ, ਇੰਗਲੈਂਡ ਦਹਿ ਲੱਖਾਂ ਆਦਮੀਆਂ ਨੂੰ ਮਿਸਰ ਦੀਆਂ ਰੀਝਾਂ ਖ਼ਿਲਾਫ਼ ਇਸਤੇਮਾਲ ਕਰਦਾ ਰਹਿ ਸਕਦਾ ਹੈ ਜਿਵੇਂ ਇਸ ਨੇ ਤੁਰਕੀ ਅਤੇ ਈਰਾਨ ਵਿਚ ਕੀਤਾ ਹੈ।" ਦਾਸ ਨੇ ਧਿਆਨ ਦਿਵਾਇਆ ਕਿ "ਦਰ ਅਸਲ ਮਿਸਰ ਉੱਪਰ ਜਿੱਤ ਹਿੰਦੀ ਫ਼ੌਜੀਆਂ ਨੇ ਹਾਸਲ ਕੀਤੀ" ਅਤੇ ਜੰਗ ਦੌਰਾਨ ਨਹਿਰੀ ਖੇਤਰ ਦੀ ਰਾਖੀ ਕੀਤੀ, ਹਾਲਾਂਕਿ ਨਹਿਰੀ ਖੇਤਰ ਉੱਪਰ ਅੰਗਰੇਜ਼ ਦੇ ਕੰਟਰੋਲ ਨਾਲ ਸਮੁੰਦਰੀ ਫ਼ੌਜ ਹਿੰਦ ਦੀ ਕਿਸੇ ਵੀ ਬਗ਼ਾਵਤ ਨੂੰ ਕੁਚਲਣ ਲਈ ਤੇਜ਼ੀ ਨਾਲ ਪਹੁੰਚਣ ਦੇ ਕਾਬਲ ਹੋ ਗਈ ਹੈ। ਇੰਞ ਮਹਿਜ਼ ਆਦਰਸ਼ਵਾਦ ਦੇ ਅਧਾਰ 'ਤੇ ਹੀ ਨਹੀਂ ਸਗੋਂ "ਦੁਵੱਲੇ ਹਿੱਤ ਅਤੇ ਸਵੈ ਦੀ ਰਾਖੀ" ਦੇ ਅਧਾਰ 'ਤੇ "ਮਿਸਰ ਅਤੇ

ਹਿੰਦ ਦਰਮਿਆਨ ਸਾਂਝ ਦੀ ਗੰਢ ਪੀਡੀ ਹੋ ਰਹੀ ਸੀ।" ਦੋਵਾਂ ਦੇ ਆਗੂਆਂ ਦਾ ਮਿਲਾਪ ਹਿੰਦ ਵਿਚ ਹੋਵੇਗਾ; ਦਾਸ ਨੇ ਸੁਝਾਅ ਦਿੱਤਾ, ਇਹ ਮਿਲਣੀ ਕਿੰਨੀ ਮੁਕੰਮਲ ਹੋਵੇਗੀ ਜੇ ਆਇਰਿਸ਼ ਵੀ ਇਸ ਵਿਚ ਆ ਸਕਦੇ ਹੋਣ। ਉਸ ਨੇ ਅੱਗੇ ਕਿਹਾ, "ਅਸੀਂ ਆਪਣੀ ਪੂਰੀ ਤਾਕਤ ਨਾਲ ਮਿਸਰ ਦੀ ਆਜ਼ਾਦੀ ਦੇ ਕਾਜ, ਅਤੇ ਹਿੰਦ-ਮਿਸਰੀ ਗੱਠਜੋੜ ਦੀ ਹਮਾਇਤ ਕਰਦੇ ਹਾਂ।....ਅਤੇ ਹਿੰਦ-ਆਇਰਿਸ਼-ਮਿਸਰੀ ਗੱਠਜੋੜ ਅੰਗਰੇਜ਼ ਸਲਤਨਤ ਦੇ ਖ਼ਿਲਾਫ਼ ਆਲਮੀ ਗੱਠਜੋੜ ਦੀ ਚੂਲ ਹੈ।"[46]

## ਆਇਰਲੈਂਡ : ਸਿਰਫ਼ ਸਾਡਾ ਹੈ

ਜਨਵਰੀ 1909 ਵਿਚ, ਇੰਡੀਆ ਹਾਊਸ ਵਿਖੇ ਇਕ ਐਤਵਾਰੀ ਸਭਾ ਵਿਚ, ਵੀ.ਵੀ.ਐੱਸ ਆਇਰ ਨੇ ਇਕ ਤਕਰੀਰ ਕੀਤੀ "ਜਿਸ ਵਿਚ ਉਸ ਨੇ ਹਿੰਦ ਦੀ ਮੌਜੂਦਾ ਹਾਲਤ ਦਾ ਮੁਕਾਬਲਾ ਜੰਗੇ-ਆਜ਼ਾਦੀ ਤੋਂ ਪਹਿਲੇ ਇਟਲੀ ਦੇ ਹਾਲਾਤ ਨਾਲ ਕੀਤਾ।" ਆਇਰ ਨੇ ਹਿੰਦ ਬਾਰੇ ਟਿੱਪਣੀ ਕੀਤੀ: "ਬਦੇਸ਼ੀ ਜੇਤੂਆਂ ਦੇ ਦਾਬੇ ਹੇਠ, ਇਕ ਤਾਨਾਸ਼ਾਹ ਤਾਕਤ ਵਲੋਂ ਇਸ ਦੀਆਂ ਰੀਝਾਂ ਨੂੰ ਬੰਨ੍ਹ ਮਾਰਿਆ ਹੋਣ, ਤੇ ਪ੍ਰੈੱਸ ਦੀ ਆਜ਼ਾਦੀ ਖੋਹ ਲਏ ਜਾਣ ਕਾਰਨ, ਖੁਫ਼ੀਆ ਸਭਾਵਾਂ ਨੇ ਉਭਰਨਾ ਹੀ ਸੀ ਜਿਵੇਂ ਇਹ ਗੈਰੀਬਾਲਡੀ ਹੇਠ ਇਟਲੀ ਵਿਚ ਉੱਭਰੀਆਂ ਸਨ। ਇਨ੍ਹਾਂ ਖੁਫ਼ੀਆ ਸਭਾਵਾਂ ਦਾ ਸਿੱਟਾ ਮਨਾਂ ਵਿਚ ਵਸੇ ਰਾਸ਼ਟਰਵਾਦ ਦੇ ਨਿਸ਼ਾਨੇ ਭਾਵ ਆਪਣੀ ਸੰਪੂਰਨ ਹਕੂਮਤ ਬਣਾਏ ਜਾਣ 'ਚ ਨਿਕਲੇਗਾ। ਹਕੂਮਤ ਜਿੰਨਾ ਇਨ੍ਹਾਂ ਨੂੰ ਦਬਾਉਣ ਲਈ ਟਿੱਲ ਲਾਏਗੀ ਇਹ ਓਨੀਆਂ ਹੀ ਹੋਰ ਮਜ਼ਬੂਤ ਹੋਣਗੀਆਂ।"[47] ਅਸੀਂ ਪਹਿਲਾਂ ਹੀ ਦੇਖ ਲਿਆ ਹੈ ਕਿ ਕਿਵੇਂ ਹਿੰਦ ਦੇ ਕੌਮੀ ਇਨਕਲਾਬੀ ਇਟਲੀ ਦੀ ਏਕਤਾ ਅਤੇ ਇਸ ਦੇ ਨਾਇਕਾਂ ਦੇ ਨਾਂ ਅਕਸਰ ਹੀ ਧਿਆਉਂਦੇ ਸਨ। ਇੰਞ ਉਹ ਇਕੋ ਟੱਬਰ ਦੇ ਜੀਅ ਸਨ। ਯੰਗ ਆਇਰਲੈਂਡ ਅਤੇ ਆਇਰਿਸ਼ ਇਨਕਲਾਬੀ ਭਾਈਚਾਰੇ ਲਈ ਵੀ ਮੈਜ਼ਿਨੀ ਦੀ ਵਿਰਾਸਤ ਡੂੰਘੀ ਪ੍ਰੇਰਨਾ ਸੀ।[48]

ਉਨੀਵੀਂ ਸਦੀ ਦੇ ਅੱਧ ਤੋਂ ਹੀ ਹਿੰਦ ਅਤੇ ਆਇਰਲੈਂਡ ਦੀ ਤੁਲਨਾ ਕਰਨ ਦੀ ਡੂੰਘੀ ਰੁਚੀ ਇਕ ਪਾਸੇ ਅੰਗਰੇਜ਼ ਬਸਤੀਵਾਦੀ ਪ੍ਰਸ਼ਾਸਕਾਂ ਅੰਦਰ ਸੀ, ਅਤੇ ਦੂਜੇ ਪਾਸੇ ਹੋਮ ਰੂਲ ਪਾਰਲੀਮਾਨੀਆਂ ਅਤੇ ਰਾਸ਼ਟਰਵਾਦੀ ਖਾੜਕੂਆਂ ਅੰਦਰ। ਪਹਿਲਿਆਂ ਨੂੰ ਡਰ ਸਤਾਉਂਦਾ ਸੀ ਅਤੇ ਮਗਰਲਿਆਂ ਨੂੰ ਉਮੀਦ ਜਾਗਦੀ ਸੀ ਕਿ ਆਇਰਲੈਂਡ ਦੇ ਹੱਥੋਂ ਨਿਕਲ ਜਾਣ ਨਾਲ ਹਿੰਦ ਦੇ ਹੱਥੋਂ ਨਿਕਲਣ ਦੇ ਆਸਾਰ ਬਣ ਸਕਦੇ ਹਨ ਜਾਂ ਇਸੇ ਤਰ੍ਹਾਂ ਇਸ ਤੋਂ ਉਲਟ ਹੋ ਸਕਦਾ ਹੈ, ਇਸ ਨਾਲ ਸਲਤਨਤ ਲਈ ਘਾਤਕ ਅਸਥਿਰਤਾ ਪੈਦਾ ਹੋ ਜਾਵੇਗੀ; ਦੋਵੇਂ ਧਿਰਾਂ ਇਸ ਘੜੀ ਬਾਰੇ ਸੁਚੇਤ ਸਨ।[49] ਮਸਲਨ, ਆਇਰਿਸ਼ ਦੇਸ਼ਭਗਤਾਂ ਨੇ ਹਿੰਦ ਵਿਚ 1857 ਦੇ ਗ਼ਦਰ ਨੂੰ ਪ੍ਰਸ਼ੰਸਾ ਭਰੀਆਂ ਨਜ਼ਰਾਂ ਨਾਲ ਦੇਖਿਆ, ਜਦਕਿ ਹਿੰਦੀਆਂ ਦੇ ਇਕ ਖ਼ਾਸ ਵਰਗ ਨੇ ਉਸ ਜ਼ਮਾਨੇ ਦੀ ਪਰਨੈੱਲ ਹੋਮ ਰੂਮ ਲਹਿਰ ਨੂੰ ਬਹੁਤ ਨੀਝ ਨਾਲ ਦੇਖਿਆ ਜਦੋਂ ਇੰਡੀਅਨ ਨੈਸ਼ਨਲ ਕਾਂਗਰਸ (ਆਈ ਐੱਨ ਸੀ) ਸ਼ਕਲ ਅਖ਼ਤਿਆਰ ਕਰ ਰਹੀ ਸੀ। ਇਸ ਤੋਂ ਬਿਨਾ ਸਵਦੇਸ਼ੀ ਜੁਝਾਰੂਆਂ ਨੇ ਵਿਹਾਰਕ ਜੁਗਤਾਂ ਅਤੇ ਟਾਕਰੇ ਦੇ ਦਾਅਪੇਚਾਂ, ਨਾਮਿਲਵਰਤਣ, ਸੰਸਦੀ ਪਟੀਸ਼ਨਾਂ ਅਤੇ ਸਿੱਧੀ ਕਾਰਵਾਈ ਦਾ ਵੱਲ ਸਿੱਖਣ ਲਈ ਰੂਸੀਆਂ ਇਨਕਲਾਬੀਆਂ ਦੇ ਨਾਲ ਨਾਲ ਆਇਰਿਸ਼ ਬਾਗ਼ੀਆਂ ਦੇ ਢੰਗਾਂ ਦਾ ਅਧਿਐਨ ਕੀਤਾ। ਸ਼ਿਨ ਫੀਨ ਅਤੇ ਸਵਦੇਸ਼/ਸਵਰਾਜ ਦੇ ਸ਼ਬਦੀ ਅਰਥ ਅਤੇ ਅਸਲ ਮਕਸਦ ਦਾ ਮੁਕਾਬਲਾ ਵਾਰ ਵਾਰ ਕੀਤਾ ਜਾਂਦਾ ਰਿਹਾ।[50] ਰਾਮਨਾਥ ਪੁਰੀ ਨੇ 1908 'ਚ *ਸਰਕੂਲਰ-ਏ-ਆਜ਼ਾਦੀ* ਵਿਚ ਨੋਟ ਕੀਤਾ: "ਸ਼ਹਿਨਸ਼ਾਹ ਹੁਣ ਇਸ ਮੁਲਕ ਵਿਚ ਸਾਡੇ ਲਈ ਰੱਬ ਦਾ ਨੁਮਾਇੰਦਾ ਨਹੀਂ ਰਿਹਾ। ਅਸੀਂ ਜਾਣ ਲਿਆ ਹੈ ਕਿ ਸ਼ਹਿਨਸ਼ਾਹਾਂ ਨੂੰ ਤਖ਼ਤ-ਨਸ਼ੀਨ

ਕਰਨ ਅਤੇ ਲਾਹੁਣ ਦਾ ਹੱਕ ਲੋਕਾਂ ਦਾ ਹੈ।" ਉਸ ਨੇ ਅੱਗੇ ਕਿਹਾ, "ਹਿੰਦ ਲਈ ਸਵਦੇਸ਼ੀ ਦਾ ਉਹੀ ਮਤਲਬ ਹੈ ਜੋ ਆਇਰਲੈਂਡ ਲਈ ਸ਼ਿਨ ਫੀਨ ਦਾ।"[51]

ਪਰ ਅਜੇ ਦੋਵਾਂ ਮੁਲਕਾਂ ਦੇ ਅਵਾਮ ਦਰਮਿਆਨ ਵਿਚੋਲਗੀ ਕਰਨ ਵਾਲਿਆਂ ਤੋਂ ਬਿਨਾ ਕੋਈ ਸਬੰਧ ਨਹੀਂ ਸੀ; ਸਿੱਧਾ ਰਾਬਤਾ ਖ਼ਾਸ (ਹਾਲਾਂਕਿ ਖ਼ਾਸ ਤੌਰ 'ਤੇ ਬਾਰਸੂਖ਼) ਬੰਦਿਆਂ ਤੱਕ ਮਹਿਦੂਦ ਸੀ ਮਸਲਨ ਪਾਰਲੀਮੈਂਟੇਰੀਅਨ ਦਾਦਾਭਾਈ ਨਾਰੋ ਜੀ। ਇਸ ਤੋਂ ਇਲਾਵਾ, ਦੁਵੱਲੇ ਹਿੱਤਾਂ ਪਿੱਛੇ ਭਰਾਤਰੀ ਇਕਮੁੱਠਤਾ ਦੀ ਕਿਸੇ ਨਿੱਘੀ ਭਾਵਨਾ ਦੀ ਬਜਾਏ ਇਸ ਨੂੰ "ਇੰਗਲੈਂਡ ਦੀ ਮੁਸੀਬਤ ਸਾਡੇ ਲਈ ਮੌਕਾ ਹੈ," ਦੀ ਉਹੀ ਸਾਧਨ ਸਮਝਣ ਵਾਲੀ ਜ਼ਹਿਨੀਅਤ ਵਧੇਰੇ ਕੰਮ ਕਰਦੀ ਸੀ। ਘੱਟੋਘੱਟ ਸ਼ੁਰੂ 'ਚ ਤਾਂ ਇੰਞ ਹੀ ਸੀ। ਜਦਕਿ, ਅਮਰੀਕਾ ਵਿਚ ਰਹਿ ਰਹੇ ਪਰਵਾਸੀ ਲੋਕਾਂ ਅਤੇ ਦੋਵਾਂ ਮੁਲਕਾਂ ਦੇ ਵਤਨ ਪ੍ਰੇਮੀ ਪਰਦੇਸੀਆਂ ਦਰਮਿਆਨ ਸਿੱਧਾ ਅਤੇ ਵਿਅਕਤੀਗਤ ਸੰਪਰਕ ਸੀ, ਅਤੇ ਇਨ੍ਹਾਂ ਹਾਲਾਤ ਵਿਚ ਦੋਸਤੀ ਮੁਫ਼ਾਦਾਂ ਤੋਂ ਕਿਤੇ ਡੂੰਘੇਰੀ ਸੀ।

ਹਮਦਰਦ ਆਇਰਿਸ਼ਾਂ ਅਤੇ ਲੰਦਨ ਦੇ ਇੰਡੀਆ ਹਾਊਸ ਭਾਈਚਾਰੇ ਦਰਮਿਆਨ ਕੁਝ ਸੰਪਰਕ ਪਹਿਲਾਂ ਹੀ ਬਣਿਆ ਹੋਇਆ ਸੀ। ਮਿਸਾਲ ਵਜੋਂ, ਸਾਵਰਕਰ ਅੰਗਰੇਜ਼ ਸਮਾਜ ਦੇ ਹੋਰ ਵਿਰੋਧੀ ਅਤੇ/ਜਾਂ ਅੰਦਰੂਨੀ ਤੌਰ 'ਤੇ ਕਿੰਤੂ-ਪ੍ਰੰਤੂ ਕਰਨ ਵਾਲੇ ਗੁੱਟਾਂ ਵਿੱਚੋਂ ਚਤੁਰਾਈ ਨਾਲ ਸੰਗੀ ਲੱਭਣ 'ਚ ਜੁੱਟਿਆ ਰਹਿੰਦਾ ਸੀ: "ਇਹ ਮੰਨਦੇ ਹੋਏ ਕਿ *ਹਿੰਦ ਨੂੰ ਆਜ਼ਾਦੀ ਦਿਓ* ਦੇ ਕਾਜ ਦੇ ਹਮਾਇਤੀ ਬਰਤਾਨਵੀ ਸਿਆਸਤ ਦੀ ਕੰਨੀ 'ਤੇ ਸਨ ਅਤੇ ਕੌਮਾਂਤਰੀ ਲਹਿਰਾਂ ਨਾਲ ਜੁੜੇ ਹੋਏ ਸਨ.... ਉਸ ਨੇ ਆਲਮੀ ਅਧਾਰ 'ਤੇ ਰੈਡੀਕਲ ਪ੍ਰੈੱਸ ਦੇ ਹਰ ਪਹਿਲੂ ਦਾ ਲਾਹਾ ਲਿਆ।"[52] ਅੰਗਰੇਜ਼ ਰਾਜ ਵਿਰੁੱਧ ਆਇਰਿਸ਼ ਲਹਿਰ ਇਸ ਵਿਚ ਸ਼ੁਮਾਰ ਸੀ, ਜੋ ਪਹਿਲਾਂ ਹੀ ਆਪਣੇ ਕੋਲ ਹੰਢੇ-ਵਰਤੇ ਅੰਦੋਲਨਕਾਰੀ ਅਤੇ ਇਕ ਸਰਗਰਮ ਪ੍ਰੈੱਸ ਹੋਣ ਦੀ ਸ਼ਾਹਦੀ ਭਰਦੀ ਸੀ। ਪਰ ਹਿੰਦ-ਆਇਰਿਸ਼ ਸਾਂਝ ਹਕੀਕਤ 'ਚ ਅਮਰੀਕਾ ਵਿਚ ਪ੍ਰਫੁੱਲਤ ਹੋਈ, ਜਿਸ ਨੂੰ ਦਾਸ ਨੇ ਇਹ ਨਾਂ ਦਿੱਤਾ "ਸਾਡੇ ਬਣਾਏ ਸਭ ਤੋਂ ਅਹਿਮ ਤੇ ਸਰਗਰਮ ਗੱਠਜੋੜਾਂ ਵਿੱਚੋਂ ਇਕ"।[53] ਦਰ ਅਸਲ, ਆਇਰਿਸ਼ ਰਾਸ਼ਟਰਵਾਦੀਆਂ, ਜੋ "ਹਰ ਉਸ ਲਹਿਰ ਨੂੰ ਸਵੀਕਾਰ ਕਰਨ ਲਈ ਤਿਆਰ ਸਨ ਜਿਸ ਦੇ ਅੰਗਰੇਜ਼ ਹਕੂਮਤ ਲਈ ਸਿਰਦਰਦੀ ਬਣਨ ਦੀ ਸੰਭਾਵਨਾ ਸੀ,"[54] ਦੀ ਅਮਰੀਕਾ ਵਿਚ ਮੌਜੂਦਗੀ ਬਾਰੇ ਸਮਝਿਆ ਜਾਂਦਾ ਸੀ ਕਿ ਇਹ ਜਿਥੇ ਹਿੰਦੀ ਇਨਕਲਾਬੀਆਂ ਨੂੰ ਆਪਣੀਆਂ ਸਰਗਰਮੀਆਂ ਉੱਥੋਂ ਚਲਾਉਣ ਲਈ ਪ੍ਰੇਰਦੀ ਹੈ, ਇਸੇ ਕਾਰਨ ਉੱਥੇ ਇਹ ਅੰਗਰੇਜ਼ਾਂ ਲਈ ਅਜਿਹੀਆਂ ਸਰਗਰਮੀਆਂ ਨੂੰ ਰੋਕਣ ਦੀ ਖ਼ਾਹਸ਼ ਦੇ ਹੋਣ ਦਾ ਕਾਰਨ ਵੀ ਬਣਦੀ ਹੈ।[55]

ਬਰਤਾਨਵੀ ਹੋਮ ਆਫ਼ਿਸ ਨੇ ਫੀਨੀਅਨਾਂ ਦੇ ਬਗ਼ਾਵਤ ਦੇ ਪਹਿਲੇ ਯਤਨਾਂ ਦੇ ਅਰਸੇ ਦੌਰਾਨ 1860ਵਿਆਂ ਵਿਚ ਉਨ੍ਹਾਂ 'ਤੇ ਨਜ਼ਰ ਰੱਖਣ ਲਈ ਅਮਰੀਕਾ ਵਿਚ ਆਪਣਾ ਖ਼ੁਫ਼ੀਆ ਤਾਣਾਬਾਣਾ ਬਣਾ ਲਿਆ ਸੀ। ਪਰ ਹਿੰਦ ਪਹਿਲੀ ਬਸਤੀ ਸੀ ਜਿਥੇ ਅੰਗਰੇਜ਼ਾਂ ਨੇ ਸਿਆਸੀ ਜਾਸੂਸੀ ਦਾ ਵਿਆਪਕ ਢਾਂਚਾ ਲਾਗੂ ਕੀਤਾ। ਫਿਰ 1906 'ਚ, ਹਕੂਮਤ-ਏ-ਹਿੰਦ ਦੇ ਗ੍ਰਹਿ ਮਹਿਕਮੇ ਨੇ ਬਰਤਾਨਵੀ ਹੋਮ ਆਫ਼ਿਸ ਨਾਲ ਮਿਲ ਕੇ ਇਸ ਦੀ ਨਿਊਯਾਰਕ ਵਾਲੀ ਏਜੰਸੀ ਤੋਂ ਹਿੰਦੀ ਮਾਮਲਿਆਂ ਬਾਰੇ ਹਫ਼ਤਾਵਾਰ ਖ਼ੁਫ਼ੀਆ ਰਿਪੋਰਟਾਂ ਲੈਣ ਦੇ ਇੰਤਜ਼ਾਮ ਕੀਤੇ, ਇਹ ਅਕਸਰ ਹੀ ਆਇਰਿਸ਼ ਮਾਮਲਿਆਂ ਨਾਲ ਜੁੜੀਆਂ ਹੁੰਦੀਆਂ ਸਨ।[56] ਸਪਰਿੰਗ ਰਾਈਸ ਤਾਂ ਇੱਥੋਂ ਤੱਕ ਫ਼ਿਕਰਮੰਦ ਸੀ ਕਿ ਹਿੰਦੀਆਂ ਦੇ ਆਪਣੀਆਂ ਸ਼ਿਕਵੇ-ਸ਼ਿਕਾਇਤਾਂ ਦਾ ਜਨਤਕ ਇਜ਼ਹਾਰ ਕੀਤੇ ਜਾਣ ਨਾਲ ਫੀਨੀਅਨਾਂ 'ਚ ਹਿਲਜੁਲ ਪੈਦਾ ਜਾਵੇਗੀ – ਜਿਵੇਂ ਆਪਣੇ ਵਤਨ ਵਾਸੀਆਂ ਨੂੰ ਅਮਰੀਕੀ ਹਕੂਮਤ ਵਲੋਂ ਉਥੇ ਆਉਣ ਦੀ ਇਜਾਜ਼ਤ ਨਾ ਦੇਣ ਦੇ ਮਾਮਲੇ 'ਚ ਬਰਕਲੇ ਵਿਖੇ ਵਿਦਿਆਰਥੀ ਹੱਲਾਗੁੱਲਾ ਕਰ ਸਕਦੇ ਹਨ। (ਉਸ ਨੂੰ ਇਹ ਵੀ ਡਰ ਸੀ ਕਿ ਕਿਤੇ ਇੰਞ ਨਾ ਹੋਵੇ

ਕਿ ਉਨ੍ਹਾਂ ਨੂੰ ਇਥੇ ਆਉਣ ਤੋਂ ਨਾਂਹ ਕਰਨ ਦੀ ਵਜ੍ਹਾ "ਅਰਾਜਕਤਾਵਾਦੀ ਪ੍ਰਚਾਰ ਅਤੇ ਆਈ. ਡਬਲਯੂ.ਡਬਲਯੂ. ਦੀਆਂ ਕਾਰਵਾਈਆਂ ਦੇ ਪਸਾਰੇ" ਨਾਲ ਜੁੜ ਜਾਵੇ, ਅਤੇ ਇੰਞ ਵਿਦਿਆਰਥੀ ਸਿਆਸਤ, ਮਜ਼ਦੂਰ ਰੈਡੀਕਲਵਾਦ ਅਤੇ ਕੌਮਾਂਤਰੀਵਾਦੀ ਇਕਮੁੱਠਤਾ ਸਰਗਰਮੀਆਂ ਦੀ ਸਾਂਝ ਦੀ ਸੋਚ ਦਾ ਪ੍ਰਚਾਰ ਸ਼ੁਰੂ ਹੋ ਜਾਵੇ।)[57]

ਜਦੋਂ ਬਰਕਤਉਲਾ ਅਤੇ ਐੱਸ ਐੱਲ ਜੋਸ਼ੀ ਨੇ ਲੰਦਨ ਵਾਲੀ ਕ੍ਰਿਸ਼ਨ ਵਰਮਾ ਦੀ ਮਿਸਾਲ ਤੋਂ ਪ੍ਰੇਰਣਾ ਲੈ ਕੇ 1906 'ਚ ਨਿਊ ਯਾਰਕ ਵਿਚ ਸਰਬ-ਆਰੀਅਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ, ਉਨ੍ਹਾਂ ਨੇ ਜਾਰਜ ਫਰੀਮੈਨ (ਉਰਫ਼ ਫਿਟਜ਼ਗੇਰਲਡ), ਜੌਹਨ ਡਿਵੌਏ ਅਤੇ ਹੋਰਾਂ ਸਮੇਤ ਉੱਘੇ ਆਇਰਿਸ਼ ਰਾਸ਼ਟਰਵਾਦੀਆਂ ਦੀ ਮਦਦ ਲਈ। ਐਸੋਸੀਏਸ਼ਨ ਦੀ ਪਹਿਲੀ ਮੀਟਿੰਗ ਦਾ ਵੇਰਵਾ 2 ਮਾਰਚ 1907 ਦੇ *ਗੈਲਿਕ ਅਮੈਰੀਕਨ* ਵਿਚ ਵਿਸਤਾਰ 'ਚ ਦਿੱਤਾ ਗਿਆ ਸੀ।[58] ਐਸੋਸੀਏਸ਼ਨ ਦਾ ਬਿਆਨ ਕੀਤਾ ਨਿਸ਼ਾਨਾ ਵਿਦਿਆਰਥੀਆਂ ਦੀ ਇਥੇ ਆ ਕੇ, ਪੜ੍ਹ-ਲਿਖ ਕੇ ਅਤੇ ਫਿਰ ਵਤਨ ਪਰਤ ਕੇ ਆਜ਼ਾਦੀ ਅਤੇ ਜਮਹੂਰੀਅਤ ਦੇ ਉਨ੍ਹਾਂ ਖ਼ਿਆਲਾਂ ਦਾ ਪ੍ਰਚਾਰ ਕਰਨ 'ਚ ਸਹਾਇਤਾ ਕਰਦੇ ਹੋਏ, ਜਿਨ੍ਹਾਂ ਦਾ ਰੰਗ ਉਨ੍ਹਾਂ ਨੂੰ ਪਰਦੇਸ 'ਚ ਚੜ੍ਹਿਆ ਸੀ, ਹਿੰਦ ਅਤੇ ਅਮਰੀਕਾ 'ਚ ਹੋਰ ਨੇੜਤਾ ਬਣਾਉਣਾ ਸੀ।[59] ਪਰ ਜੇ ਉਸ ਨਿਸ਼ਾਨੇ ਨੂੰ ਗ਼ੈਰਨੁਕਸਾਨਦੇਹ ਵੀ ਸਮਝ ਲਿਆ ਗਿਆ ਹੋਵੇ, ਇਹ ਹੋਰ ਵੀ ਮਾੜਾ ਹੋ ਨਿੱਬੜਿਆ: "ਆਇਰਿਸ਼ ਰਾਸ਼ਟਰਵਾਦੀਆਂ ਦੀ ਸਹਾਇਤਾ ਨਾਲ, ਐਸੋਸੀਏਸ਼ਨ ਨੇ ਬਰਤਾਨੀਆ ਵਿਰੋਧੀ ਪ੍ਰਚਾਰ ਸ਼ੁਰੂ ਕਰ ਦਿੱਤਾ ਅਤੇ, ਨਿਊ ਯਾਰਕ ਵਿਚ ਕੀਤੀ ਗਈ ਮੀਟਿੰਗ ਵਿਚ, ਹਿੰਦੀਆਂ ਦਾ ਭਵਿੱਖ ਕਿਸੇ ਬਦੇਸ਼ੀ ਵਲੋਂ ਤੈਅ ਕਰਨ ਦੇ ਹੱਕ ਨੂੰ ਰੱਦ ਕਰਦੇ ਮਤੇ ਪਾਸ ਕੀਤੇ ਗਏ। ਬੁਲਾਰਿਆਂ ਨੇ ਆਪਣੇ ਵਤਨ ਵਾਸੀਆਂ ਨੂੰ ਸਿਰਫ਼ ਤੇ ਸਿਰਫ਼ ਆਪਣੇ ਉੱਪਰ ਅਤੇ ਖ਼ਾਸ ਕਰਕੇ ਬਾਈਕਾਟ ਤੇ ਸਵਦੇਸ਼ੀ ਉੱਪਰ ਟੇਕ ਰੱਖਣ ਲਈ ਕਿਹਾ।" ਅੰਗਰੇਜ਼ ਵਿਰੋਧੀ ਪ੍ਰਚਾਰ ਤੋਂ ਇਲਾਵਾ, ਐਸੋਸੀਏਸ਼ਨ ਨੇ ਅੰਗਰੇਜ਼ ਰਾਜ ਦਾ ਤਖ਼ਤਾ ਉਲਟਾਉਣ ਲਈ ਨਾ ਸਿਰਫ਼ ਹਿੰਦੂਆਂ ਅਤੇ ਮੁਸਲਮਾਨਾਂ, ਸਗੋਂ ਹਿੰਦੀਆਂ ਅਤੇ ਆਇਰਿਸ਼ਾਂ ਦਰਮਿਆਨ ਏਕਤਾ ਦੀ ਵਜਾਹਤ ਕੀਤੀ।[60] ਇਕ ਇਕੱਠ ਵਿਚ ਬੈੱਲਫਾਸਟ ਤੋਂ ਸ਼੍ਰੀਮਾਨ ਬਲਮਰ ਹਾਬਸਨ ਮੁੱਖ ਬੁਲਾਰਾ ਸੀ, ਜੋ ਸਰੋਤਿਆਂ ਨੂੰ "ਸ਼ਿਨ ਫੀਨ ਲਹਿਰ ਦੇ ਨਿਸ਼ਾਨਿਆਂ, ਢੰਗਾਂ ਅਤੇ ਕੰਮਕਾਰ ਬਾਰੇ ਮੁਖ਼ਾਤਬ ਹੋਇਆ।"[61]

ਇਕ ਹੋਰ ਮੁੱਢਲਾ ਸਬੰਧ ਇਕ ਵਕੀਲ, ਇਕ ਭੱਦਰ ਪੁਰਸ਼ ਫਾਰਮਰ, ਅਤੇ ਨਿਊਯਾਰਕ ਤੋਂ ਹਿੰਦੀਆਂ ਦੇ ਅਮਰੀਕੀ ਹਮਾਇਤੀ ਮਿਰੋਨ ਫੈਲਪਸ ਰਾਹੀਂ ਬਣਿਆ, ਜਿਸ ਨੇ ਆਪਣੀ *ਹਿੰਦ ਦੀ ਤਰੱਕੀ ਲਈ ਸੋਸਾਇਟੀ* ਜ਼ਰੀਏ ਵੱਖੋ-ਵੱਖਰੀਆਂ ਅਮਰੀਕੀ ਯੂਨੀਵਰਸਿਟੀਆਂ ਵਿਖੇ "ਬਹੁਤ ਜ਼ਿਆਦਾ ਸਿਫ਼ਾਰਸ਼ ਕਰਕੇ ਭੇਜੇ ਹਿੰਦੂ ਮੁੰਡਿਆਂ" ਨੂੰ ਵਜ਼ੀਫ਼ੇ ਦੇਣ ਦੀ ਪੇਸ਼ਕਸ਼ ਕੀਤੀ। ਫੈਲਪਸ ਨੇ (ਨਾਰੋਜੀ ਨੂੰ ਪ੍ਰਧਾਨ ਲੈ ਕੇ) ਹਿੰਦੀ-ਅਮਰੀਕੀ ਕੌਮੀ ਐਸੋਸੀਏਸ਼ਨ ਦੀ ਸਥਾਪਨਾ ਵੀ ਕੀਤੀ, ਜਿਸ ਦਾ ਨਿਸ਼ਾਨਾ ਸੀ "ਨਿਆਂ ਦੀ ਸਾਂਝੀ ਮੰਗ" ਦੀ ਅਮਰੀਕੀਆਂ, ਅੰਗਰੇਜ਼ਾਂ, ਹਿੰਦੀਆਂ ਅਤੇ ਆਇਰਿਸ਼ਾਂ ਦੀ ਸਾਂਝੀ ਹਮਾਇਤ ਨੂੰ ਉਗਾਸਾ ਦੇਣਾ," ਲੋੜ ਪੈਣ 'ਤੇ ਬਦੇਸ਼ੀ ਜੂਲਾ ਵਗਾਹ ਮਾਰਨ ਲਈ ਹਿੰਦ ਵਿਚ ਸ਼ਰੇਆਮ ਇਨਕਲਾਬ" ਦੀ ਦਿਸ਼ਾ ਅਖ਼ਤਿਆਰ ਕਰਨਾ। ਖੁਫ਼ੀਆ ਵਿਭਾਗ ਦੇ ਨਿਰਦੇਸ਼ਕ ਵਲੋਂ ਬਣਾਈ ਫੈਲਪਸ ਦੀ ਹਿਸਟਰੀ-ਸ਼ੀਟ ਅਨੁਸਾਰ ਉਸ ਦੇ ਲੜੀਵਾਰ "ਹਿੰਦੀਆਂ ਦੇ ਨਾਂ ਖ਼ਤ" ਪਹਿਲਾਂ 10 ਅਗਸਤ 1907 ਦੇ *ਗੈਲਿਕ ਅਮੈਰੀਕਨ*, ਅਤੇ ਫਿਰ ਐੱਮ.ਪੀ.ਟੀ. ਅਚਾਰੀਆ ਦੇ *ਹਿੰਦੂ* (ਮਦਰਾਸ ਤੋਂ ਛਪਦੇ ਅਖ਼ਬਾਰ) ਵਿਚ ਛਪੇ।[62]

*ਗੈਲਿਕ ਅਮੈਰੀਕਨ*, ਜੋ 1903 'ਚ ਡਿਵੌਏ ਵਲੋਂ ਸਥਾਪਤ ਕੀਤਾ ਗਿਆ ਅਤੇ ਜਿਸ ਦਾ ਸੰਪਾਦਨ ਤੇ ਇੰਤਜ਼ਾਮ ਦਾ ਕਰਤਾ-ਧਰਤਾ ਫਰੀਮੈਨ ਸੀ, ਹਿੰਦ ਦੀ ਮੁਕਤੀ ਦੇ ਪ੍ਰੋਜੈਕਟ ਦਾ

ਮੁੱਢਲਾ ਅਤੇ ਧੜੱਲੇਦਾਰ ਸਰਪ੍ਰਸਤ ਸੀ। ਤਾਰਕਨਾਥ ਦਾਸ ਦੇ *ਫਰੀ ਹਿੰਦੁਸਤਾਨ* ਰਸਾਲੇ ਦੀ ਪ੍ਰਕਾਸ਼ਨਾ ਨੂੰ ਸੰਭਵ ਬਣਾਉਣ ਤੋਂ ਇਲਾਵਾ, ਇਸ ਦਾ ਇਸ ਰਸਾਲੇ ਦੇ ਗੂੜ੍ਹੇ ਸਬੰਧੀ *ਇੰਡੀਅਨ ਸੋਸ਼ਾਲੋਜਿਸਟ* ਨਾਲ ਸੰਪਰਕ ਸੀ। ਕਿਹਾ ਜਾਂਦਾ ਹੈ ਕਿ ਕ੍ਰਿਸ਼ਨਵਰਮਾ ਸਕਾਟਲੈਂਡ ਯਾਰਡ ਦੇ ਜਸੂਸ ਵਲੋਂ ਸਤੰਬਰ 1907 'ਚ *ਗੈਲਿਕ ਅਮੈਰੀਕਨ* ਦੇ ਸਟਾਫ਼ ਮੈਂਬਰ ਦੇ ਭੇਖ 'ਚ *ਇੰਡੀਅਨ ਸੋਸ਼ਾਲੋਜਿਸਟ* ਦੇ ਲੰਦਨ ਦਫ਼ਤਰ ਗੇੜਾ ਮਾਰਨ ਤੋਂ "ਪ੍ਰੇਸ਼ਾਨ ਹੋ ਗਿਆ" ਸੀ ਜਿਸ ਨੇ ਆਪਣਾ ਨਾਂ ਓਬਰਾਇਨ ਦੱਸਿਆ ਸੀ।[63] 1907 ਦੇ ਸਮੁੰਦਰੀ ਕਸਟਮਜ਼ ਐਕਟ ਤਹਿਤ *ਇੰਡੀਅਨ ਸੋਸ਼ਾਲੋਜਿਸਟ* ਦੇ ਹਿੰਦ ਵਿਚ ਭੇਜੇ ਜਾਣ ਉੱਪਰ ਪਾਬੰਦੀ ਲਗਾਏ ਜਾਣ ਤੋਂ ਬਾਅਦ, *ਗੈਲਿਕ ਅਮੈਰੀਕਨ* ਅਤੇ *ਜਸਟਿਸ* ਨਾਂ ਦੇ ਇਕ ਹੋਰ ਪਰਚੇ ਨੇ ਇਸ ਦੇ ਅੰਸ਼ ਛਾਪਣੇ ਸ਼ੁਰੂ ਕਰ ਦਿੱਤੇ ਜਾਂ ਇਸੇ ਸੁਰ 'ਚ ਲਿਖਤਾਂ ਛਾਪੀਆਂ ਜਾਣ ਲੱਗੀਆਂ। ਸਿੱਟਾ ਇਹ ਹੋਇਆ ਕਿ ਮਈ 1908 'ਚ ਇਨ੍ਹਾਂ ਦੇ ਵੀ ਹਿੰਦ 'ਚ ਭੇਜੇ ਜਾਣ 'ਤੇ ਪਾਬੰਦੀ ਲਾ ਦਿੱਤੀ ਗਈ। *ਫਰੀ ਹਿੰਦੁਸਤਾਨ* ਦੇ ਪਹਿਲੇ ਦੋ ਅੰਕਾਂ ਵਿਚ "ਸੰਪਾਦਕ ਨੇ *ਗੈਲਿਕ ਅਮੈਰੀਕਨ* ਵਲੋਂ ਹਿੰਦੁਸਤਾਨ ਦੇ ਕਾਜ ਦੀ ਸੇਵਾ ਦਾ ਸ਼ੁਕਰੀਆ ਅਦਾ ਕੀਤਾ" ਅਤੇ ਹਲਫ਼ ਲਿਆ ਕਿ ਪਰਚਾ ਇਨ੍ਹਾਂ ਆਇਰਿਸ਼ ਰਾਸ਼ਟਰਵਾਦੀਆਂ ਦੀ ਮਦਦ ਨਾਲ "ਸਾਡੇ ਖ਼ਿਆਲਾਂ ਦਾ ਆਦਾਨ-ਪ੍ਰਦਾਨ ਕਰਨ ਦਾ ਜ਼ਰੀਆ" ਬਣਿਆ ਰਹੇਗਾ, ਜਿਨ੍ਹਾਂ ਉੱਪਰ ਪਰਚੇ ਦਾ ਭਵਿੱਖ ਨਿਰਭਰ ਕਰਦਾ ਸੀ।"[64]

ਫਰੀਮੈਨ ਕੌਣ ਸੀ ? ਸੀ. ਅਨੁਸਾਰ, ਉਹ ਪਹਿਲਾਂ ਇਕ ਆਇਰਿਸ਼ ਰੈਜੀਮੈਂਟ ਵਿਚ ਨੌਕਰੀ ਕਰਦਾ ਰਿਹਾ ਸੀ ਪਰ ਕਈ ਸਾਲਾਂ ਤੋਂ ਅਮਰੀਕਾ ਵਿਚ ਸੀ।[65] ਜਦੋਂ ਇਕ ਵਾਰ ਜੰਗ ਲੱਗ ਗਈ ਉਸ ਨੇ ਕ੍ਰਿਸ਼ਨਵਰਮਾ ਨਾਲ ਖ਼ਤੋ-ਕਿਤਾਬਤ ਸ਼ੁਰੂ ਕਰ ਦਿੱਤੀ ਅਤੇ ਇਤਲਾਹ ਇਹ ਵੀ ਸੀ ਕਿ ਉਹ ਹੇਰੰਬਾ ਲਾਲ ਗੁਪਤਾ ਨਾਲ ਵੀ "ਨੇੜਿਓਂ ਜੁੜਿਆ ਹੋਇਆ" ਸੀ। ਸੀ. ਨੇ ਬਿਆਨ ਕੀਤਾ, ਇੰਞ ਫਰੀਮੈਨ "ਗੁਪਤਾ ਦੇ ਨਾਲ ਹਿੰਦੀਆਂ ਤੇ ਜਰਮਨਾਂ ਅਤੇ ਨਾਲ ਹੀ ਆਇਰਿਸ਼ਾਂ ਤੇ ਹਿੰਦੀਆਂ ਦਰਮਿਆਨ ਵਿਚੋਲਾ ਬਣ ਗਿਆ।" ਇਸ ਤੋਂ ਇਲਾਵਾ ਸੀ. ਨੇ ਇਤਲਾਹ ਭੇਜੀ: "ਜਰਮਨ ਫਰੀਮੈਨ ਦੇ ਪਰਚੇ ਅਤੇ ਉਸ ਦੀਆਂ ਸੇਵਾਵਾਂ ਲਈ ਪੈਸਾ ਦਿੰਦੇ ਹਨ। ਜਦੋਂ ਆਇਰਿਸ਼ ਅਮਰੀਕਾ ਜਾਂਦੇ ਹਨ ਅਤੇ ਉਨ੍ਹਾਂ ਕੋਲ ਪੈਸੇ ਨਹੀਂ ਹੁੰਦੇ, ਉਹ ਫਰੀਮੈਨ ਨੂੰ ਤਾਰ ਘੱਲ ਦਿੰਦੇ ਹਨ, ਅਤੇ ਉਹ ਜਹਾਜ਼ ਕੋਲ ਪਹੁੰਚ ਜਾਂਦਾ ਹੈ ਅਤੇ ਉਨ੍ਹਾਂ ਨੂੰ ਲੈ ਜਾਂਦਾ ਹੈ। ਮੇਰੇ ਸੁਣਨ 'ਚ ਆਇਆ ਕਿ ਜਰਮਨ ਫਰੀਮੈਨ ਨੂੰ ਉਨ੍ਹਾਂ ਆਇਰਿਸ਼ਾਂ ਨੂੰ ਅਮਰੀਕਾ ਵਿਚ ਲਿਆਉਣ ਲਈ ਵਾਹਵਾ ਪੈਸਾ ਦਿੰਦੇ ਹਨ ਜੋ ਭਰਤੀ ਹੋਣ ਦੀ ਉਮਰ ਦੇ ਹਨ ਅਤੇ ਜੋ ਫ਼ੌਜ ਵਿਚ ਨਹੀਂ ਜਾਣਗੇ।"

11 ਮਈ 1914 ਨੂੰ ਫਰੀਮੈਨ ਨੇ ਜੰਗ ਦੀ ਪੇਸ਼ੀਨਗੋਈ ਕਰਦਿਆਂ ਕਾਮਾ ਨੂੰ ਲਿਖਿਆ ਸੀ: "ਹਾਲ ਹੀ ਵਿਚ ਮੇਰੇ ਸੁਣਨ 'ਚ ਆਇਆ ਹੈ ਕਿ ਜਰਮਨ ਹਕੂਮਤ ਤਿੰਨ-ਧਿਰੀ ਸਮਝੌਤੇ ਦੇ ਹੋਰ ਮੈਂਬਰਾਂ ਸਮੇਤ ਇਸ ਪੱਕੇ ਨਤੀਜੇ 'ਤੇ ਪਹੁੰਚੀ ਹੈ ਕਿ ਟਾਕਰੇ ਨੂੰ ਤਿੰਨ-ਧਿਰੀ ਸਮਝੌਤੇ ਦੇ ਨਾਵਾਜਬ ਹਮਲੇ ਕਦੋਂ ਮੰਨਿਆ ਜਾਵੇਗਾ, ਅਤੇ ਜਦੋਂ ਉਹ ਮੌਕਾ ਆਉਂਦਾ ਹੈ ਤਾਂ ਤਿੰਨ-ਧਿਰੀ ਸਮਝੌਤਾ ਤੋੜ ਦੇਣਾ ਹੋਵੇਗਾ ਜਾਂ ਫਿਰ ਇਸ ਦਾ ਨਤੀਜਾ ਜੰਗ ਹੋਵੇਗਾ। ਕੁਝ ਸਮਾਂ ਪਹਿਲਾਂ ਮੈਨੂੰ ਬਰਲਿਨ ਤੋਂ ਮਿਲੀ ਜਾਣਕਾਰੀ ਵਿੱਚੋਂ ਇਸ ਦਾ ਝਾਓਲਾ ਪੈਂਦਾ ਸੀ।"[66] ਉਹ ਕਿਵੇਂ ਨਾ ਕਿਵੇਂ ਖ਼ੁਫ਼ੀਆ ਮਿਸ਼ਨਾਂ ਦੇ ਤਾਜ਼ਾ ਵਿਕਾਸਾਂ ਦੀ ਜਾਣਕਾਰੀ ਲੈਣ 'ਚ ਕਾਮਯਾਬ ਹੋ ਗਿਆ। ਪੀ.ਐੱਨ. ਦੱਤ ਉਰਫ਼ ਦਾਵੂਦ ਅਲੀ ਖਾਨ, ਜੋ ਉਸ ਦਾ ਤੇ ਕਾਮਾ ਦਾ ਸਾਂਝਾ ਮਿੱਤਰ ਸੀ, ਨੇ 3 ਅਗਸਤ 1915 ਨੂੰ ਬਲੋਚਸਤਾਨ ਦੀ ਸਰਹੱਦ ਨੇੜੇ ਦੱਖਣ-ਪੂਰਬੀ ਈਰਾਨ ਵਿਚ ਕਹਾਨਸ਼ਾਹ ਤੋਂ ਉਸ ਨੂੰ ਜਰਮਨ ਮੁਹਿੰਮ ਤੋਂ ਆ ਰਹੀ ਇਕ ਟੋਲੀ ਦੇ ਹੱਥ ਖ਼ਤ ਲਿਖ ਕੇ ਭੇਜਿਆ, ਜਿਸ ਵਿਚ ਇਹ

ਸੁਝਾਅ ਦਿੱਤਾ ਗਿਆ ਸੀ ਕਿ ਜੇ ਜੰਗ ਕੁਝ ਸਮਾਂ ਲੱਗੀ ਰਹੀ ਤਾਂ ਹੋ ਸਕਦਾ ਹੈ ਉਨ੍ਹਾਂ ਵਿਉਂਤਾਂ ਨੂੰ ਅਮਲ 'ਚ ਲਿਆਉਣ ਲਈ ਵਕਤ ਮਿਲ ਜਾਵੇ ਜੋ ਉਸ ਨੇ ਅਤੇ ਹਰਦਿਆਲ ਨੇ "ਬੌਂਸਫਾਰਸ ਦੇ ਕੰਢੇ 'ਤੇ" ਬਣਾਈਆਂ ਸਨ – ਹਾਲਾਂਕਿ ਇਸ ਵਕਤ ਹਰਦਿਆਲ ਲਗਭਗ ਭਗੌੜਾ ਹੋ ਚੁੱਕਾ ਸੀ। ਦੱਤ/ਖਾਨ ਨੂੰ ਕਾਂਸਤਨੋਪਲ ਅਤੇ ਕਰਮਨਸ਼ਾਹ ਦਰਮਿਆਨ ਦਾ ਸਫ਼ਰ "ਬਹੁਤ ਦਿਲਚਸਪ" ਲੱਗ ਰਿਹਾ ਸੀ; ਉਸ ਨੂੰ "ਅੰਗਰੇਜ਼ ਪੱਖੀ ਖੇਤਰ" ਵਿੱਚੋਂ ਬੁਸ਼ਾਇਰ ਤੋਂ "ਅੱਧੀ ਰਾਤ ਨੂੰ ਫਰਾਰ ਹੋਣਾ ਪਿਆ ਸੀ, ਜਿਥੇ ਈਰਾਨੀ ਰਾਸ਼ਟਰਵਾਦੀਆਂ ਨੇ ਉਸ ਨੂੰ ਲੁਕੋਇਆ ਹੋਇਆ ਸੀ। ਉਹ ਛੇਤੀ ਹੀ ਚਲਾ ਲਿਆ, ਪਰ ਉਸ ਨੇ ਫਰੀਮੈਨ ਨੂੰ ਕਿਹਾ: "ਕ੍ਰਿਪਾ ਕਰਕੇ ਜੇ ਹੋ ਸਕੇ ਤਾਂ *ਗੈਲਿਕ ਅਮੈਰੀਕਨ* ਅਤੇ ਹੋਰ ਸਾਹਿਤ ਕਰਮਨਸ਼ਾਹ ਵਾਲੇ ਪਤੇ 'ਤੇ ਭੇਜਦੇ ਰਹਿਣਾ।"[67]

ਅਤੇ ਡਿਵੌਏ ਕੌਣ ਸੀ ? *ਗੈਲਿਕ ਅਮੈਰੀਕਨ* ਰਸਾਲੇ ਤੋਂ ਇਲਾਵਾ, ਉਹ ਕਲੈਨਿਨਾ ਗੈਲ ਦਾ ਬਾਨੀ ਵੀ ਸੀ, ਜੋ ਅਮਰੀਕਾ ਵਿਚ ਫੀਨੀਅਨ ਬ੍ਰਦਰਹੁੱਡ ਦੀ ਜਾਨਸ਼ੀਨ ਸੰਸਥਾ ਸੀ, ਜਿਸ ਨੇ 1860ਵਿਆਂ ਵਿਚ ਖ਼ੁਦ ਆਇਰਲੈਂਡ ਦੀ ਬਗ਼ਾਵਤ ਨਾਲ ਤਾਲਮੇਲ ਬਣਾ ਕੇ ਬਰਤਾਨਵੀ ਕਬਜ਼ੇ ਵਾਲੇ ਕੈਨੇਡਾ ਉੱਪਰ ਧਾਵਾ ਬੋਲਣ ਦੇ ਕਈ ਯਤਨ ਕੀਤੇ ਸਨ। ਅਤੇ ਅਸਲ ਵਿਚ ਤਾਂ ਇਹ ਆਇਰਿਸ਼ ਰਿਪਬਲਿਕਨ ਬ੍ਰਦਰਹੁੱਡ (ਆਈ.ਆਰ.ਬੀ.) ਦੀ ਓਵਰਸੀਜ਼ ਸ਼ਾਖਾ ਵਜੋਂ ਕੰਮ ਕਰਦੀ ਸੀ। ਆਈ ਆਰ ਬੀ ਦੇ ਮੈਂਬਰ ਵਜੋਂ ਡਿਵੌਏ ਉੱਪਰ ਅੰਗਰੇਜ਼ ਫ਼ੌਜ ਦੇ ਫੀਨੀਅਨ ਮੈਂਬਰਾਂ ਨੂੰ ਬਗ਼ਾਵਤ ਕਰਨ ਲਈ ਭੜਕਾਉਣ ਦਾ ਇਲਜ਼ਾਮ ਲਾਇਆ ਗਿਆ ਸੀ। ਇਸ ਲਈ ਉਸ ਨੂੰ ਰਾਜ ਖ਼ਿਲਾਫ਼ ਜੰਗ ਛੇੜਨ ਦਾ ਦੋਸ਼ੀ ਠਹਿਰਾ ਕੇ 1866 ਤੋਂ ਪੰਦਰਾਂ ਸਾਲ ਦੀ ਕੈਦ ਦੀ ਸਜ਼ਾ ਦਿੱਤੀ ਗਈ ਸੀ।[68] ਜੇਲ੍ਹ ਵਿਚ ਉਸ ਨੇ ਹੜਤਾਲਾਂ ਕਰਵਾ ਕੇ ਟਾਕਰਾ ਜਾਰੀ ਰੱਖਿਆ ਅਤੇ ਬਾਅਦ ਵਿਚ ਉਹ 1875 'ਚ ਆਸਟਰੇਲੀਆ ਤੋਂ ਕੈਟਾਲਪਾ ਜਹਾਜ਼ ਉੱਪਰ ਹਮਲਾ ਕਰਕੇ ਸਿਆਸੀ ਕੈਦੀਆਂ ਨੂੰ ਛੁਡਾ ਕੇ ਲੈ ਜਾਣ ਦੇ ਜਾਂਬਾਜ਼ ਕਾਰਨਾਮੇ ਵਿਚ ਸ਼ਾਮਲ ਸੀ। 1879 'ਚ ਕਲੈਨ ਵਿਚ ਫੁੱਟ ਪੈ ਜਾਣ 'ਤੇ, ਡਿਵੌਏ ਵੱਧ ਖਾੜਕੂ "ਬਾਹੂਬਲ" ਗੁੱਟ ਨਾਲ ਜੁੜ ਗਿਆ। ਸਾਰੇ ਹੀ ਅਸਲੋਂ ਗ਼ਦਰੀ ਸਨ! ਹਾਲਾਂਕਿ ਇਹ ਜਾਨਣਾ ਸੰਭਵ ਨਹੀਂ ਹੈ ਕਿ ਉਹ ਤੇ ਹਿੰਦੀ ਇਨਕਲਾਬੀ ਅਜਿਹੀਆਂ ਚੀਜ਼ਾਂ ਬਾਰੇ ਕੀ ਅਤੇ ਕਿਵੇਂ ਚਰਚਾ ਕਰਦੇ ਸਨ, ਪਰ ਇੱਕੋ ਸਮੇਂ ਇਹ ਕਾਰਵਾਈਆਂ ਬਿਲਕੁਲ ਇਤਫ਼ਾਕੀਆ ਨਹੀਂ ਹੋ ਸਕਦੀਆਂ।

ਗ਼ਦਰ ਦੇ ਇਕ ਹੋਰ ਆਇਰਿਸ਼ ਸੰਗੀ ਰੋਜਰ ਕੇਸਮੈਂਟ ਦੇ ਜਰਮਨ ਮਿਸ਼ਨ ਦੀ ਸਮਾਨਤਾ ਨਿਰਸੰਦੇਹ ਇਸ ਤਰ੍ਹਾਂ ਨਹੀਂ ਸੀ। ਨਰਮ-ਖ਼ਿਆਲੀ ਪ੍ਰੋਟੈਸਟੈਂਟ ਪਿਛੋਕੜ ਵਾਲੇ ਸਲਤਨਤ ਦੇ ਸਾਬਕਾ ਸਿਵਲ ਅਧਿਕਾਰੀ ਕੇਸਮੈਂਟ ਦੀ ਬਸਤੀਵਾਦ ਵਿਰੋਧੀ ਨਿਹਚਾ ਕਾਂਗੋ ਅਤੇ ਬੋਲੀਵੀਆ ਵਿਚ ਜ਼ੁਲਮਾਂ ਦੇ ਸਿੱਧੇ ਅਨੁਭਵ ਤੋਂ ਬਣੀ ਸੀ। ਤਾਰਕਨਾਥ ਦਾਸ ਅਤੇ ਬਰਕਤਉੱਲਾ ਵਾਂਗ ਫ਼ੌਜੀ ਮਦਦ ਹਾਸਲ ਕਰਨ ਦੇ ਆਪਣੇ ਮਿਸ਼ਨ ਤਹਿਤ ਉਹ ਵੀ ਅਮਰੀਕਾ ਤੋਂ ਬਰਲਿਨ ਆ ਗਿਆ ਸੀ। ਉਸ ਨੇ ਵੀ ਜਰਮਨੀ ਵਿਚਲੇ ਜੰਗੀ ਕੈਦੀਆਂ ਦੇ ਕੈਂਪਾਂ ਵਿਚ ਜਾ ਕੇ ਆਇਰਿਸ਼ ਫ਼ੌਜੀਆਂ ਨੂੰ ਅੰਗਰੇਜ਼ਾਂ ਵਿਰੁੱਧ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਜੋੜਨਾ ਚਾਹਿਆ ਸੀ, ਜਿਵੇਂ ਫੀਨੀਅਨਾਂ ਨੇ ਅੱਧੀ ਸਦੀ ਪਹਿਲਾਂ ਯਤਨ ਕੀਤੇ ਸਨ।[69] ਬਰਲਿਨ ਵਿਚ ਉਸ ਦਾ ਨਿਸ਼ਾਨਾ 1916 ਦੀ ਈਸਟਰ ਬਗ਼ਾਵਤ ਲਈ ਜਰਮਨ ਹਥਿਆਰਾਂ ਦੀ ਖੇਪ ਹਾਸਲ ਕਰਨਾ ਸੀ। ਹਿੰਦ ਲਈ ਆਪਣੀ ਯੋਜਨਾ ਦੇ ਨਾਲ ਦੀ ਨਾਲ, ਜਰਮਨੀ ਨੇ ਇਸੇ ਮਕਸਦ ਨਾਲ ਆਇਰਿਸ਼ ਬਾਗ਼ੀਆਂ ਨੂੰ ਹਥਿਆਰ ਅਤੇ ਫੰਡ ਦੇਣ ਦਾ ਵਾਅਦਾ ਕੀਤਾ ਸੀ। ਦਰ ਅਸਲ, ਅਮਰੀਕਾ ਵਿਚ ਫੀਨੀਅਨਾਂ ਨਾਲ ਜੁੜਿਆ ਜਰਮਨ ਕੂਟਨੀਤਕ ਅਧਿਕਾਰੀ ਫਰਾਂਜ ਫੌਨ ਪਾਪੇਨ ਗ਼ਦਰੀਆਂ ਨਾਲ ਮੇਲ-ਮਿਲਾਪ ਰੱਖਣ ਵਾਲੀ ਅਹਿਮ ਕੜੀ ਵੀ ਸੀ। ਪਰ ਇਥੇ ਵੀ ਹਿੰਦੀਆਂ ਵਾਂਗ ਹੀ,

ਇਹ (ਡਬਲਿਨ ਦੇ ਬਾਹਰਵਾਰ ਟਰੈਲੀ ਖਾੜੀ ਵਿਚ ਵਿਸ਼ੇਸ਼ ਸਮੁੰਦਰੀ ਜਹਾਜ਼ ਰਾਹੀਂ ਭੇਜੀਆਂ ਜਾਣ ਵਾਲੀਆਂ) ਖੇਪਾਂ ਮਿਥੇ ਟਿਕਾਣੇ ਉੱਪਰ ਨਹੀਂ ਪਹੁੰਚੀਆਂ। ਇਂਵ ਇਹ ਬਗ਼ਾਵਤ ਫੌਜੀ ਪੱਖੋਂ ਕਾਮਯਾਬ ਨਹੀਂ ਹੋਈ, ਅਤੇ ਇਹ ਵੀ ਇਕ ਸਾਲ ਪਹਿਲਾਂ ਗ਼ਦਰ ਦੇ ਯਤਨ ਨਾਲੋਂ ਇਨਕਲਾਬੀਆਂ ਦੀਆਂ 1920ਵਿਆਂ ਦੀਆਂ ਪੀੜ੍ਹੀਆਂ ਲਈ ਪ੍ਰਤੀਕ ਦੇ ਰੂਪ 'ਚ ਘੱਟ ਪ੍ਰੇਰਣਾਦਾਇਕ ਨਹੀਂ ਸੀ।[70] *ਹਿੰਦੁਸਤਾਨ ਗ਼ਦਰ* ਨੇ 29 ਅਪ੍ਰੈਲ 1917 ਦੇ ਅੰਕ ਵਿਚ ਇਸ ਘਟਨਾ ਬਾਰੇ ਟਿੱਪਣੀ ਕੀਤੀ: "ਪਿਛਲੀ ਅਪਰੈਲ ਨੂੰ ਆਇਰਲੈਂਡ ਵਿਚ ਅੰਗਰੇਜ਼ਾਂ ਦੇ ਵਰੁਧ ਗਦਰ ਹੋਇਆ ਸੀ। ਇਸ ਸਾਲ ਦੇ ਅਪਰੈਲ ਦੇ ਮਹੀਨੇ ਵਿਚ ਆਇਰਲੈਂਡ ਦੇ ਰਾਜ ਨਗਰ ਡਬਲਨ ਵਿਚ ਅੰਗਰੇਜ਼ ਸੁਵੇਰੇ ਉਠਕੇ ਕੀ ਦੇਖਦੇ ਹਨ ਡਾਕਖਾਨੇ ਦੀ ਉਮਾਰਤ ਤੇ ਆਇਰਸ਼ ਪਰਜਾ ਰਾਜ ਦਾ ਝੰਡਾ ਝੂਲ ਰਿਹਾ ਹੈ। ਅੰਗਰੇਜ਼ੀ ਫੌਜ ਬੁਲਾਈ ਗਈ ਜਿਸ ਨੇ ਆਇਰੇਸ਼ ਰੀਪਬਲਕ ਦਾ ਝੰਡਾ ਉਖਾੜਕੇ ਅੰਗਰੇਜ਼ੀ ਝੰਡਾ ਫੇਰ ਲਗਾਇਆ। 29 ਅਪਰੈਲ ਨੂੰ ਆਇਰਲੈਂਡ ਦੇ ਗ਼ਦਰ ਦੀ ਯਾਦਗਾਰ ਵਿਚ ਅਮਰੀਕਾ ਵਿਚ ਹਰ ਜਗਾ ਆਇਰਸ਼ਾਂ ਨੇ ਜਲਸੇ ਕੀਤੇ। ਆਜ਼ਾਦੀ ਦੇ ਰਸਤੇ ਵਿਚ ਆਇਰਸ਼ਾਂ ਦੀ ਹਿਮਤ ਸੁਲਹਿਤਾ ਯੋਗ ਹੈ।"[71] ਇਹ ਵਾਕਿਆ ਬਿਆਨ ਕਰਨ ਤੋਂ ਛੇਤੀ ਬਾਅਦ, 3 ਮਈ 1916 ਨੂੰ ਅਖ਼ਬਾਰ ਨੇ ਆਪਣੇ ਮੈਂਬਰਾਂ ਨੂੰ ਫਿਟਕਾਰਦਿਆਂ ਲਿਖਿਆ: "ਜਦੋਂ ਜਨਾਬ ਰੋਜਰ ਕੇਸਮੈਂਟ ਨੂੰ ਗ੍ਰਿਫ਼ਤਾਰ ਕੀਤਾ ਗਿਆ ਤਾਂ ਆਇਰਲੈਂਡ ਨੇ ਬਗ਼ਾਵਤ ਕੀਤੀ ਪਰ ਜਦੋਂ ਗੁਰਦਿੱਤ ਸਿੰਘ ਨੂੰ ਗੋਲੀ ਮਾਰੀ ਗਈ ਹਿੰਦ ਚੁਪ ਰਿਹਾ ਅਤੇ ਉਸ ਦੀ ਮੌਤ ਦਾ ਬਦਲਾ ਲੈਣ ਲਈ ਕਿਸੇ ਅੰਗਰੇਜ਼ ਨੂੰ ਗੋਲੀ ਨਹੀਂ ਮਾਰੀ ਗਈ। ਪਰਮਾਨੰਦ ਨੂੰ ਗ੍ਰਿਫ਼ਤਾਰ ਕਰਕੇ ਉਮਰ ਕੈਦ ਦੀ ਸਜ਼ਾ ਦਿੱਤੀ ਗਈ, ਪਰ ਕਿਸੇ ਹਿੰਦੀ ਨੇ ਨਹੀਂ ਪੁੱਛਿਆ ਕਿ ਬਿਨਾ ਮੁਕੱਦਮਾ ਚਲਾਏ ਅਜਿਹੀ ਸਜ਼ਾ ਕਿਉਂ ਦਿੱਤੀ ਗਈ।"[72]

ਦਿਲਚਸਪ ਗੱਲ ਇਹ ਹੈ ਕਿ ਆਈ ਡਬਲਯੂ ਡਬਲਯੂ ਨਾਲ ਸੰਪਰਕ ਨੂੰ ਦੇਖਦਿਆਂ ਇਹ ਨਹੀਂ ਲੱਗਦਾ ਕਿ ਗ਼ਦਰ ਦਾ ਜੇਮਜ਼ ਕੋਨੋਲੀ ਨਾਲ ਕੋਈ ਖ਼ਾਸ ਵਾਹ-ਵਾਸਤਾ ਰਿਹਾ ਹੋਵੇਗਾ, ਜਿਸ ਜ਼ਰੀਏ ਆਇਰਿਸ਼ ਗਣਰਾਜੀ ਲਹਿਰ ਵਿਚ ਸਮਾਜਵਾਦ ਸ਼ਾਮਲ ਕੀਤਾ ਗਿਆ। ਆਈ ਡਬਲਯੂ ਡਬਲਯੂ ਨਾਲ ਸੰਪਰਕ ਅਤੇ ਨਾਲ ਹੀ ਇਸ ਤੱਥ ਨੂੰ ਦੇਖਦੇ ਹੋਏ ਕਿ ਜੰਗ ਤੋਂ ਪਿੱਛੋਂ ਦੇ ਗ਼ਦਰੀ ਸਾਹਿਤ ਵਿਚ ਇੱਕੋ ਵਾਕ ਵਿਚ ਆਇਰਿਸ਼ਾਂ ਦੀ ਮੁਕਤੀ ਅਤੇ ਬਾਲਸ਼ਵਾਦ ਦੇ ਹਵਾਲੇ ਦੇਣ ਦਾ ਰੁਝਾਨ ਅਕਸਰ ਹੀ ਦੇਖਣ ਨੂੰ ਮਿਲਦਾ ਹੈ ਇਹੀ ਉਮੀਦ ਕੀਤੀ ਜਾ ਸਕਦੀ ਹੈ। ਕੋਨੋਲੀ ਨੇ ਵੀ 1903 ਅਤੇ 1910 ਦਰਮਿਆਨ ਨਿਊ ਯਾਰਕ ਵਿਚ ਸਮਾਂ ਗੁਜ਼ਾਰਿਆ ਸੀ, ਜਿਥੇ ਉਹ ਆਈ ਡਬਲਯੂ ਡਬਲਯੂ ਤੇ ਸੋਸ਼ਲਿਸਟ ਲੇਬਰ ਪਾਰਟੀ ਦਾ ਮੈਂਬਰ ਰਿਹਾ ਸੀ, ਅਤੇ ਉਸ ਨੇ ਆਇਰਿਸ਼ ਸੋਸ਼ਲਿਸਟ ਫੈਡਰੇਸ਼ਨ ਦੀ ਨੀਂਹ ਰੱਖੀ ਸੀ। ਕੀ ਇਹ ਗੁੱਟਬੰਦੀ ਤੋਂ ਵੱਧ ਕੁਝ ਨਹੀਂ ਸੀ ? ਹਿੰਦੀਆਂ ਦੀ ਨੇੜਤਾ ਆਈ.ਆਰ.ਬੀ. ਨਾਲ ਸੀ, ਜੋ ਕੋਨੋਲੀ ਦੇ ਆਇਰਿਸ਼ ਵਾਲੰਟੀਅਰਾਂ ਵਿਚ ਸਿਰਫ਼ 1916 ਦੀ ਬਗ਼ਾਵਤ ਦੀ ਦਿਸ਼ਾ ਅਖ਼ਤਿਆਰ ਕਰਨ ਸਮੇਂ ਇਸ ਡਰ ਵਿੱਚੋਂ ਸ਼ਾਮਲ ਹੋ ਗਏ ਸਨ ਕਿ ਜੇ ਉਹ ਉਨ੍ਹਾਂ ਨਾਲ ਨਹੀਂ ਰਲਦੇ ਉਹ ਆਪਣੇ ਤੌਰ 'ਤੇ ਹੀ ਕਾਹਲ ਵਿਚ ਕੁਝ ਕਰ ਬੈਠੇਗਾ ਅਤੇ ਉਨ੍ਹਾਂ ਦੀਆਂ ਯੋਜਨਾਵਾਂ ਦਾ ਭੱਠਾ ਬੈਠਾ ਦੇਵੇਗਾ। ਜਦਕਿ ਕੋਨੋਲੀ ਨੇ 1908 'ਚ, ਸਟੁਟਗਰਟ ਵਿਚ ਕਾਮਾ ਦੀ ਮਸ਼ਹੂਰ ਪੇਸ਼ਕਾਰੀ ਤੋਂ ਬਾਅਦ ਆਪਣੇ ਰਸਾਲੇ *ਦ ਹਾਰਪ* ਲਈ "ਹਿੰਦ ਵਿਚ ਹੋਣ ਜਾ ਰਹੀ ਬਗ਼ਾਵਤ" ਸਿਰਲੇਖ ਹੇਠ ਇਕ ਰਿਪੋਰਟ ਲਿਖੀ ਸੀ:

"ਸਟੁਟਗਰਟ ਵਿਖੇ ਕੌਮਾਂਤਰੀ ਸੋਸ਼ਲਿਸਟ ਕਾਂਗਰਸ ਵਿਚ ਇਕ ਹਿੰਦੀ ਡੈਲੀਗੇਟ ਦਾ ਹਾਜ਼ਰ ਹੋ ਕੇ ਹਿੰਦ ਦੇ ਅਵਾਮ ਦੀਆਂ ਆਜ਼ਾਦੀ ਦੀਆਂ ਰੀਝਾਂ ਦੀ ਆਵਾਜ਼ ਉਠਾਉਣਾ, ਅਤੇ

ਇਸ ਮੁਲਕ ਵਿਚ ਇਧਰ ਉਧਰ ਬਗ਼ਾਵਤ ਦੀਆਂ ਕਾਰਵਾਈਆਂ ਦੀਆਂ ਸਰਮਾਏਦਾਰਾ ਪ੍ਰੈੱਸ ਵਿਚ ਲਗਾਤਾਰ ਛਪ ਰਹੀਆਂ ਖ਼ਬਰਾਂ – ਜੋ ਇਸ ਵਿਸ਼ਾਲ ਸਲਤਨਤ ਵਿਚ ਉਬਲ ਰਹੀ ਮਹਾਨ ਬਗ਼ਾਵਤ ਦਾ ਹਰਕਾਰਾ ਹਨ – ਸਾਡੇ ਵਲੋਂ ਘਟਨਾਵਾਂ ਦਾ ਸੰਖੇਪ ਵੇਰਵਾ ਪੇਸ਼ ਕੀਤੇ ਜਾਣ ਨੂੰ ਜਾਇਜ਼ ਸਿੱਧ ਕਰਦੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਅੱਗੇ ਪੇਸ਼ ਕਰ ਰਹੇ ਹਾਂ....

ਆਇਰਲੈਂਡ ਵਿਚ ਅੰਗਰੇਜ਼ਾਂ ਦੇ ਰਾਜ ਦੀ ਤਰ੍ਹਾਂ ਹੀ ਹਿੰਦ ਵਿਚ ਅੰਗਰੇਜ਼ਾਂ ਦਾ ਰਾਜ ਵੀ ਇਕ ਐਸਾ ਸਿਆਸੀ ਅਤੇ ਸਮਾਜੀ ਪ੍ਰਬੰਧ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਇਹ ਜੇਤੂਆਂ ਵਲੋਂ ਉਨ੍ਹਾਂ ਲੋਕਾਂ ਦੇ ਹਿੱਤ 'ਚ ਕਾਇਮ ਕੀਤਾ ਤੇ ਚਲਾਇਆ ਜਾ ਰਿਹਾ ਹੈ ਜਿਨ੍ਹਾਂ ਨੂੰ ਜਿੱਤਿਆ ਗਿਆ.... ਲੇਖਕ, *ਜਿਸ ਨੂੰ ਉਸ ਮੁਲਕ ਦੇ ਅਸਲ ਹਾਲਾਤ ਨੂੰ ਸਮਝਣ ਲਈ ਉਥੇ ਕੁਝ ਵਕਤ ਗੁਜ਼ਾਰਨ ਦਾ ਖ਼ਾਸ [illegible] ਮਿਲਿਆ*, ਮਹਿਸੂਸ ਕਰਦਾ ਹੈ ਕਿ *ਗ਼ਦਰ* ਦੇ ਪਾਠਕਾਂ ਅੱਗੇ ਉਸ ਹੋਣ ਜਾ ਰਹੀ ਬਗ਼ਾਵਤ ਨੂੰ ਪੇਸ਼ ਕਰਨਾ ਆਜ਼ਾਦੀ ਅਤੇ ਮਨੁੱਖਤਾ ਦੀ ਸੇਵਾ ਹਿੱਤ ਹੈ ਜਿਸ ਦਾ ਖ਼ਤਰਾ ਹਿੰਦੁਸਤਾਨੀ ਪ੍ਰਾਇਦੀਪ ਉਪਰ ਮੰਡਲਾ ਰਿਹਾ ਹੈ।"[73]

ਜਦੋਂ ਪੈਸੀਫਿਕ ਕੋਸਟ ਐਸੋਸੀਏਸ਼ਨ ਬਣਾਈ ਗਈ, *ਗ਼ਦਰ* ਦੀਆਂ ਪ੍ਰਕਾਸ਼ਨਾਵਾਂ ਨੇ ਵੀ ਇਸੇ ਤਰ੍ਹਾਂ ਆਈ.ਆਰ.ਬੀ. ਨਾਲ ਇਕਮੁੱਠਤਾ ਦੀ ਮਜ਼ਬੂਤ ਭਾਵਨਾ ਪ੍ਰਗਟਾਈ। *ਗ਼ਦਰ* ਨੇ ਪੇਸ਼ੀਨਗੋਈ ਕੀਤੀ ਕਿ ਹਿੰਦੀ ਇਨਕਲਾਬੀਆਂ ਦੇ ਆਇਰਿਸ਼ ਬਾਗ਼ੀਆਂ ਦੇ ਬਰਾਬਰ ਦੇ ਹੋ ਜਾਣ 'ਤੇ ਅੰਗਰੇਜ਼ਾਂ ਦੇ ਹਮਲਿਆਂ ਦਾ ਜਵਾਬ ਦੇ ਦਿੱਤਾ ਜਾਵੇਗਾ।[74] ਅਤੇ ਰਾਮ ਚੰਦਰ ਨੇ 13 ਜੂਨ 1916 ਦੇ *ਸਾਨ ਫਰਾਂਸਿਸਕੋ ਐਗਜ਼ਾਮੀਨਰ* ਵਿਚ ਇਕ ਕਹਾਣੀ ਬਿਆਨ ਕੀਤੀ ਜਿਸ ਵਿਚ "ਸ਼੍ਰੀਮਾਨ ਗ੍ਰੀਸ਼ਮ ਸਟੂਅਰਟ ਹਾਊਸ ਆਫ ਕਾਮਨ ਨੂੰ ਦੱਸਦਾ ਹੈ.... : '[ਹਿੰਦ ਵਿਚ] ਸੜਕ ਉੱਪਰ ਜਾ ਰਹੇ ਪੰਜ ਬਾਗ਼ੀ ਫ਼ੌਜੀਆਂ ਨੇ ਇਕ ਬਸਤੀਵਾਦੀ ਨੂੰ ਪੁੱਛਿਆ : "ਕੀ ਤੂੰ ਅੰਗਰੇਜ਼ ਏਂ ?" ਅਤੇ ਉਸ ਨੇ ਕਿਹਾ "ਨਹੀਂ, ਮੈਂ ਤਾਂ ਆਇਰਿਸ਼ ਹਾਂ।" ਇਸ 'ਤੇ ਉਨ੍ਹਾਂ ਨੇ ਕਿਹਾ "ਇਸ ਨੂੰ ਜਾਣ ਦਿਓ"।'"

ਹਿੰਦ-ਜਰਮਨ ਸਾਜ਼ਿਸ਼ ਵਿਚ ਆਇਰਿਸ਼ਾਂ ਦੀ ਭੂਮਿਕਾ ਬਾਰੇ ਆਪਣੀ ਲਿਖਤ ਵਿਚ ਮੈਥਿਊ ਪਲੋਮੈਨ ਹਿੰਦ-ਆਇਰਿਸ਼ ਰਿਸ਼ਤੇ ਨੂੰ ਪੇਸ਼ ਕਰਦਾ ਹੈ ਜੋ ਜਰਮਨਾਂ ਦੀ ਭੂਮਿਕਾ ਤੋਂ ਵੀ ਪਹਿਲਾਂ ਤੋਂ ਚਲਿਆ ਆ ਰਿਹਾ ਹੈ, ਅਤੇ ਜੋ ਫਿਰ ਇਸ ਅਹਿਮ ਰਿਸ਼ਤੇ ਵਜੋਂ ਜਰਮਨ ਨਾਲ ਸਾਂਝ ਦੇ ਕਾਰਜਸ਼ੀਲ ਹੋਣ ਲਈ "ਸਾਜ਼ਿਸ਼ ਅਤੇ ਖ਼ੁਦ ਜੰਗ ਦੇ ਵਿਚ ਸਲਾਮਤ ਬਣਿਆ ਰਿਹਾ।" ਉਸ ਨੇ ਤਾਂ ਇੱਥੋਂ ਤੱਕ ਦਲੀਲ ਦਿੱਤੀ: "ਜੇ ਇਹ ਆਇਰਿਸ਼ ਤੇ ਹਿੰਦੀਆਂ ਦਾ ਰਿਸ਼ਤਾ ਪਹਿਲਾਂ ਹੀ ਮੌਜੂਦ ਨਾ ਹੁੰਦਾ..... ਇਹ ਸਾਜ਼ਿਸ਼ ਕਦੇ ਨਾ ਵਾਪਰਦੀ"; ਅਤੇ ਇਸ ਤੋਂ ਇਲਾਵਾ ਉਹ ਇਸ਼ਾਰਾ ਕਰਦਾ ਹੈ ਕਿ ਜਰਮਨ ਦੀ ਦਖ਼ਲਅੰਦਾਜ਼ੀ ਤੋਂ ਬਿਨਾ ਇਹ ਸਾਜ਼ਿਸ਼ ਉਸ ਤਰ੍ਹਾਂ ਨਹੀਂ ਸੀ ਬਣਨੀ ਜਾਣੀ ਜਿਵੇਂ ਇਹ ਬਣਾਈ ਗਈ।[75]

ਸ਼ੁਰੂ ਤੋਂ ਅਖ਼ੀਰ ਤੱਕ ਪਲੋਮੈਨ ਦੀ ਯੁੱਧਨੀਤੀ ਇਹੀ ਦਰਸਾਉਂਦੀ ਹੈ ਕਿ ਗ਼ਦਰ/ਜਰਮਨ ਮਾਮਲੇ ਵਿਚ ਜੋ ਆਇਰਿਸ਼-ਅਮਰੀਕਨ ਸ਼ਾਮਲ ਸਨ ਉਹ ਮਹਿਜ਼ ਅੰਗਰੇਜ਼ ਵਿਰੋਧੀ ਆਮ ਭਾਵਨਾਵਾਂ ਉੱਪਰ ਅਧਾਰਤ ਅਸਪਸ਼ਟ ਹਮਦਰਦੀ ਤੋਂ ਪ੍ਰੇਰਤ ਨਹੀਂ ਸਨ। ਸਗੋਂ ਉਹ ਗਣਰਾਜ ਦੇ ਜੁਝਾਰੂ ਕਾਜ ਨੂੰ ਧੁਰ ਅੰਦਰੋਂ ਪ੍ਰਣਾਏ ਕਾਰਕੁੰਨਾਂ ਵਜੋਂ ਗਿਣ-ਮਿਥਕੇ ਅਤੇ ਇਸ ਦੀਆਂ ਅਰਥ-ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਸਮਝਦੇ ਹੋਏ ਹਿੰਦੀਆਂ ਦੀ ਮਦਦ ਕਰ ਰਹੇ ਸਨ। ਉਹ ਦਾਅਵਾ ਕਰਦਾ ਹੈ ਕਿ ਸਿਰਫ਼ ਸਿਆਸੀ ਕਾਰਨਾਂ ਕਰਕੇ ਹੀ ਅਮਰੀਕੀ ਹਕੂਮਤ ਅਤੇ ਮੀਡੀਆ ਨੇ ਮੁਕੱਦਮਾ ਚਲਾਏ ਜਾਣ ਦੌਰਾਨ ਆਇਰਿਸ਼ ਗਣਰਾਜੀ ਤੱਤਾਂ ਦੀ ਭੂਮਿਕਾ ਦੀ ਅਹਿਮੀਅਤ ਨੂੰ ਜ਼ਾਹਰਾ ਤੌਰ 'ਤੇ ਘਟਾ ਕੇ ਦਿਖਾਇਆ, ਅਤੇ ਫਿਰ ਤਾਂ ਆਇਰਿਸ਼ਾਂ-ਅਮਰੀਕਨਾਂ

ਨੂੰ ਜਿਊਰੀ ਤੋਂ ਪਾਸੇ ਹੀ ਰੱਖਿਆ ਗਿਆ। ਉਹ ਹੋਰ ਦੱਸਦਾ ਹੈ ਕਿ ਭਾਵੇਂ ਫੌਜੀ ਜੰਗ ਨੂੰ ਦੇਖ ਕੇ ਹਿੰਦੀ-ਆਇਰਿਸ਼ ਸਾਂਝ ਨੂੰ ਜਾਣ-ਬੁੱਝ ਕੇ ਛੁਟਿਆਇਆ ਗਿਆ, ਇਸ ਦੀ ਵਜ੍ਹਾ ਇਹ ਸੀ ਕਿ ਆਇਰਿਸ਼ਾਂ ਨੂੰ ਸ਼ੱਕ ਸੀ ਕਿ ਅੰਗਰੇਜ਼ਾਂ ਦੇ ਸੂਹੀਏ ਉਨ੍ਹਾਂ ਦੇ ਤਾਣੇਬਾਣੇ ਵਿਚ ਘੁਸਪੈਠ ਕਰ ਗਏ ਸਨ, ਅਤੇ ਉਹ ਉਨ੍ਹਾਂ ਦੇ ਹਿੰਦੀ ਸੰਗੀਆਂ ਨੂੰ ਨਿਖੇੜਨਾ ਚਾਹੁੰਦੇ ਸਨ। ਅਸਲ ਵਿਚ, ਪਲੋਮੈਨ ਆਇਰਿਸ਼ ਤਾਣੇਬਾਣੇ ਵਿਚ ਅੰਗਰੇਜ਼ ਸੂਹੀਆਂ ਦੀ ਘੁਸਪੈਠ ਨੂੰ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਇਹ ਹਿੰਦ-ਜਰਮਨ ਪਹੇਲੀ ਵਿਚ ਪਹਿਲਾ ਪਾੜ ਸੀ। ਜੰਗ ਦੌਰਾਨ ਸਾਨ ਫਰਾਂਸਿਸਕੋ ਦੀ ਆਇਰਿਸ਼ ਜਥੇਬੰਦੀ ਅੰਦਰ ਵਾੜੇ ਅੰਗਰੇਜ਼ ਸੂਹੀਏ ਚਾਰਲਸ ਲੈਂਬ ਨੇ ਅਮਰੀਕੀ ਤਫ਼ਤੀਸ਼ੀ ਅਧਿਕਾਰੀਆਂ ਨੂੰ ਦੱਸਿਆ ਕਿ ਸਾਜ਼ਿਸ਼ ਤਿੰਨ ਦਿਮਾਗਾਂ ਵਲੋਂ ਘੜੀ ਗਈ ਸੀ: ਇਕ ਜਰਮਨ (ਕੂਨੋ ਮੇਯਰ, ਜਿਸ ਬਾਰੇ ਸਮਝਿਆ ਜਾਂਦਾ ਹੈ ਕਿ ਇਹ ਵਿਲੀਅਮ ਫੌਨ ਬ੍ਰਿਕਨ ਦਾ ਦੂਜਾ ਨਾਂ ਸੀ), ਇਕ ਹਿੰਦੀ (ਰਾਮ ਚੰਦਰ) ਅਤੇ ਇਕ ਆਇਰਿਸ਼ (ਲੈਰੀ ਡੀ ਲਾਸੇ, ਜਿਸ ਨੂੰ ਹਿੰਦ-ਜਰਮਨ ਸਾਜ਼ਿਸ਼ ਕੇਸ ਵਿਚ ਕੈਦ ਦੀ ਸਜ਼ਾ ਹੋਈ, ਅਤੇ ਜਿਸ ਦੇ ਭੋਰੇ ਵਿਚ ਕਥਿਤ ਤੌਰ 'ਤੇ ਰਾਮ ਚੰਦਰ "ਆਪਣੇ ਗ਼ਦਰ ਪਾਰਟੀ ਦੇ ਸਭ ਤੋਂ ਅਹਿਮ ਕਾਗਜ਼ਾਤ ਰੱਖਦਾ ਸੀ")।[76]

ਭਾਵੇਂ ਗੁਪਤ ਸਬੰਧ ਟੁੱਟ ਗਏ ਸਨ, ਫਿਰ ਵੀ ਅਮਰੀਕਾ ਵਿਚ ਆਇਰਿਸ਼ ਭਾਈਚਾਰਾ ਸਾਜ਼ਿਸ਼ ਦੇ ਮੁਕੱਦਮੇ ਦੀਆਂ ਔਖੀਆਂ ਘੜੀਆਂ 'ਚ ਗ਼ਦਰੀਆਂ ਦੀ ਮਦਦ ਲਈ ਬਹੁੜਿਆ, ਜਿਸ ਦੀ ਤਸਦੀਕ ਹੋਰ ਕਿਸੇ ਨੇ ਨਹੀਂ ਖ਼ੁਦ ਸ਼੍ਰੀਮਤੀ ਰਾਮ ਚੰਦਰ ਵਲੋਂ ਕੀਤੀ ਗਈ।[77] ਮਿਸਾਲ ਵਜੋਂ, ਪਲੋਮੈਨ ਹਰਦਿਆਲ ਦੀ ਜ਼ਮਾਨਤ ਦੀ ਦਰਖ਼ਾਸਤ ਤਿਆਰ ਕਰਨ ਅਤੇ ਗ਼ਦਰ ਦੀ ਕਾਨੂੰਨੀ ਪੈਰਵੀ ਕਰਨ ਦਾ ਸਿਹਰਾ ਅਮਰੀਕੀ ਫੀਨੀਅਨਾਂ ਨੂੰ ਦਿੰਦਾ ਹੈ। ਪਲੋਮੈਨ ਕਹਿੰਦਾ ਹੈ ਕਿ ਬਚਾਅ ਪੱਖ ਦੇ ਅਟਾਰਨੀ ਅਤੇ ਰਿਪਬਲਿਕਨ ਕਾਰਕੁੰਨ ਡੇਨੀਅਲ ਓਕੌਨਿਲ ਦੇ ਮੁਵਕਿਲਾਂ ਵਿਚ ਹਿੰਦ-ਜਰਮਨ ਸਾਜ਼ਿਸ਼ ਦਾ ਦੋਸ਼ੀ ਮੌਰਿਜ਼ ਸਟੈਕ ਫੌਨ ਗੌਲਜ਼ੀਮ ਸ਼ਾਮਲ ਸੀ, ਜਿਸ ਨੇ ਓਕੌਨਿਲ ਨਾਲ ਮਿਲ ਕੇ "ਅਮੈਰੀਕਨ *ਇੰਡੀਪੈਂਡੈਂਟ* ਛਾਪਣ ਖ਼ਾਤਰ ਜਰਮਨ ਅਮਰੀਕਨਾਂ ਤੋਂ ਫੰਡ ਇਕੱਠੇ ਕਰਨ ਲਈ" ਯਤਨ ਜੁਟਾਏ ਸਨ "ਜਿਸ ਦੀ ਵਰਤੋਂ ਜਰਮਨ ਪੱਖੀ ਅਤੇ ਸ਼ਿਨ ਫੀਨ ਪੱਖੀ ਪ੍ਰਚਾਰ ਲਈ ਕੀਤੀ ਜਾਂਦੀ ਸੀ।" ਇਕ ਹੋਰ ਅਟਾਰਨੀ, "ਸ਼ਿਨ ਫੀਨ ਕੱਟੜਪੰਥੀ" ਜਾਰਜ ਏ. ਮੈਕਗੋਵਨ ਰਾਮ ਚੰਦਰ ਅਤੇ ਫੌਨ ਬ੍ਰਿਕਨ ਦੇ ਸਫ਼ਾਈ ਵਕੀਲ ਵਜੋਂ ਪੇਸ਼ ਹੋਇਆ, ਜੋ ਗ਼ਦਰ ਪਾਰਟੀ ਦੇ ਮੁੱਢਲੇ ਜਰਮਨ ਸੰਪਰਕਾਂ ਦੇ ਨਾਲ ਨਾਲ ਮੈਕਗੋਵਨ ਦਾ ਜਵਾਈ ਵੀ ਸੀ।[78]

1920 'ਚ, ਜਦੋਂ ਕੌਮੀ ਮੁਕਤੀ ਘੋਲ ਉਬਾਲੇ ਖਾਣ ਲੱਗੇ ਅਤੇ ਜੰਗ ਸਮੇਂ ਦੀਆਂ ਬਗ਼ਾਵਤਾਂ ਦੇ ਘੁਲਾਟੀਏ ਜੇਲ੍ਹਾਂ ਵਿੱਚੋਂ ਬਾਹਰ ਆਉਣੇ ਸ਼ੁਰੂ ਹੋ ਗਏ, ਤਾਂ "ਡਿਵੌਏ ਦੀਆਂ ਪ੍ਰਕਾਸ਼ਨਾਵਾਂ ਰਾਹੀਂ"[79] ਚਿਰੋਕਣਾ ਗੁੱਝਾ ਗੱਠਜੋੜ ਆਖ਼ਿਰ ਹਿੰਦ ਦੀ ਆਜ਼ਾਦੀ ਦੇ ਮਿੱਤਰ (ਐੱਫ.ਐੱਫ.ਆਈ) ਅਤੇ ਆਇਰਿਸ਼ ਆਜ਼ਾਦੀ ਦੇ ਮਿੱਤਰ (Clan na Gael ਦੀ ਖੁੱਲ੍ਹੀ ਜਥੇਬੰਦੀ) ਦੇ ਜੁੜਨ ਨਾਲ ਸਾਹਮਣੇ ਆ ਗਿਆ। ਐੱਫ. ਐੱਫ. ਆਈ. ਨੇ ਪੱਤਰਕਾਰ ਐੱਡ ਗੈਮਨਜ਼ ਦਾ ਆਇਰਿਸ਼ ਲਹਿਰ ਨਾਲ ਸਹਿਚਾਰ ਹੋਣ ਕਾਰਨ ਉਸ ਨੂੰ ਸੁਰਿੰਦਰ ਨਾਥ ਕਰ ਤੇ ਉਸ ਦੀ ਇੰਡੀਅਨ ਨਿਊਜ਼ ਸਰਵਿਸ ਦੀ ਸਹਾਇਤਾ ਕਰਨ ਲਈ ਭਰਤੀ ਕੀਤਾ। ਇਸ ਨਾਲ ਸਬੰਧਤ ਇੰਡੀਅਨ ਨੈਸ਼ਨਲ ਪਾਰਟੀ ਵਿਚ ਐਗਨੀਸ ਸਮੈਡਲੀ ਦੇ ਸਾਥੀ ਸੈਲੇਂਦਰਨਾਥ ਘੋਸ਼ ਨੇ ਹਿੰਦ-ਆਇਰਿਸ਼ ਰਿਸ਼ਤੇ ਨੂੰ ਮਜ਼ਬੂਤ ਬਣਾਉਣ ਲਈ ਅਹਿਮ ਯਤਨ ਜੁਟਾਏ, "ਜਿਸ ਵਿਚ ਉਸ ਦਾ ਪੱਕਾ ਵਿਸ਼ਵਾਸ ਹੈ।"[80] ਇਸ ਦੋਸਤੀ ਦਾ ਸਿਖ਼ਰ ਓਦੋਂ ਸਾਹਮਣੇ ਆਇਆ ਜਦੋਂ ਐੱਫ.ਐੱਫ.ਆਈ. ਦੀ ਜਲਾਵਤਨੀ ਵਿਰੁੱਧ ਮੁਹਿੰਮ ਸਿਖ਼ਰਾਂ 'ਤੇ ਸੀ, ਜੋ ਜੂਨ 1919 ਤੋਂ ਦਸੰਬਰ 1920 ਤੱਕ ਐਮਨ ਡੀ ਵਲੇਰਾ ਦੇ ਵਿਵਾਦਪੂਰਨ ਅਮਰੀਕੀ ਦੌਰੇ ਦੇ ਸਮੇਂ ਹੀ ਚਲਾਈ ਗਈ

ਸੀ, ਜਿਸ ਦਾ ਉਦੇਸ਼ ਸੀ ਆਇਰਿਸ਼ ਗਣਰਾਜ ਵਾਸਤੇ ਜੱਦੋਜਹਿਦ ਲਈ ਕੌਮਾਂਤਰੀ, ਖ਼ਾਸ ਕਰਕੇ ਅਮਰੀਕਾ ਦੀ ਮਾਨਤਾ ਹਾਸਲ ਕਰਨਾ।

ਪਰ ਜੰਗ ਤੋਂ ਬਾਅਦ ਅਮਰੀਕਾ ਵਿਚ ਆਇਰਿਸ਼ ਗਣਰਾਜੀ ਹਲਕਿਆਂ ਦੇ ਅੰਦਰ ਇਕ ਦੁਫੇੜ ਸੀ। ਇਕ ਪਾਸੇ ਡਿਵੌਏ ਸੀ, ਅਤੇ ਦੂਜੇ ਪਾਸੇ ਗ਼ਦਰੀਆਂ ਨਾਲ ਮਿਲ ਕੇ ਚੱਲਣ ਵਾਲੇ ਡੀ ਲੈਸੀ ਅਤੇ ਜੋਸਫ਼ ਮੈਕਗੈਰਿਤੀ – ਜਿਸ ਨੇ 1920ਵਿਆਂ ਵਿਚ ਅਮਰੀਕਾ ਅੰਦਰ ਆਈ.ਆਰ.ਬੀ. ਦੇ ਨੁਮਾਇੰਦੇ ਵਜੋਂ ਡਿਵੌਏ ਦੀ ਥਾਂ ਲਈ। ਮਗਰਲਾ ਗੁੱਟ, ਜੋ ਡੀ ਵਲੇਰਾ ਅਤੇ ਉਸ ਦੇ ਮੁਕੰਮਲ ਆਜ਼ਾਦੀ ਬਾਰੇ *ਕੋਈ ਸਮਝੌਤਾ ਨਹੀਂ* ਦੇ ਪੈਂਤੜੇ ਦਾ ਹਾਮੀ ਸੀ, ਤਾਂ *ਗੈਲਿਕ ਅਮੈਰੀਕਨ* ਦੇ ਦਫ਼ਤਰ ਵਿਚ ਹੀ ਜਾ ਘੁਸਿਆ ਅਤੇ ਇਸ ਇਰਾਦੇ ਨਾਲ ਡਿਵੌਏ ਵਾਲੇ ਧੜੇ ਦੀ ਮੈਂਬਰਸ਼ਿਪ ਸੂਚੀ ਕਬਜ਼ੇ ਵਿਚ ਲੈ ਲਈ ਤਾਂ ਜੋ "ਆਪਣੇ ਧੜੇ ਦੇ ਨਾਂ ਹੇਠ ਜਥੇਬੰਦੀ ਦੀ ਮੁੜ ਉਸਾਰੀ ਕਰ ਸਕੇ।"[81] ਵਿਵਾਦਪੂਰਨ ਆਜ਼ਾਦ ਰਾਜ ਸਮਝੌਤੇ ਨੂੰ ਡਿਵੌਏ ਦੀ ਹਮਾਇਤ ਦੇ ਬਾਵਜੂਦ, ਜਿਸ ਨੂੰ ਕਈ ਐਸਾ ਸਮਝੌਤਾ ਮੰਨਦੇ ਸਨ ਜੋ ਮਨਜ਼ੂਰ ਕਰਨ ਦੇ ਕਾਬਲ ਨਹੀਂ ਸੀ, ਉਸ ਦੇ ਅਖ਼ਬਾਰ ਨੇ ਆਪਣੇ ਪੰਨਿਆਂ ਉੱਪਰ ਆਇਰਲੈਂਡ ਲਈ ਮੁਕੰਮਲ ਆਜ਼ਾਦੀ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਦੀ ਵਕਾਲਤ ਕਰਨੀ ਜਾਰੀ ਰੱਖੀ (*ਕੋਈ ਤਕਸੀਮ ਨਹੀਂ ਅਤੇ ਤਾਜ ਦੀ ਵਫ਼ਾਦਾਰੀ ਦੀ ਕੋਈ ਸਹੁੰ ਨਹੀਂ*), ਜਿਵੇਂ ਹਿੰਦੀਆਂ ਦੇ ਅਖ਼ਬਾਰ ਵਕਾਲਤ ਕਰਦੇ ਸਨ ਜਿਨ੍ਹਾਂ ਨਾਲ ਇਸ ਦਾ ਲੰਮੇ ਸਮੇਂ ਤੋਂ ਰਿਸ਼ਤਾ ਸੀ।[82]

ਜਦੋਂ ਜੁਲਾਈ 1919 'ਚ ਡੀ ਵਲੇਰਾ ਸਾਨ ਫਰਾਂਸਿਸਕੋ ਆਇਆ, ਗ਼ਦਰ ਪਾਰਟੀ ਦੇ ਨੁਮਾਇੰਦਿਆਂ ਗੋਪਾਲ ਸਿੰਘ ਤੇ ਜਗਤ ਸਿੰਘ ਨੇ ਉਸ ਨੂੰ ਆਇਰਿਸ਼ ਗਣਰਾਜ ਦਾ ਝੰਡਾ ਅਤੇ ਇਕ ਤਲਵਾਰ ਭੇਟ ਕੀਤੀ, ਜਿਸ ਉੱਪਰ ਇਹ ਸ਼ਬਦ ਉੱਕਰੇ ਹੋਏ ਸਨ: "ਅਮਰੀਕਾ ਦੀ ਹਿੰਦੁਸਤਾਨੀ ਗ਼ਦਰ ਪਾਰਟੀ, ਸਾਨਫਰਾਂਸਿਸਕੋ, ਯੂ.ਐੱਸ.ਏ. ਵਲੋਂ ਆਇਰਿਸ਼ ਗਣਰਾਜ ਦੇ ਰਾਸ਼ਟਰਪਤੀ ਨੂੰ ਭੇਂਟ। 21 ਜੁਲਾਈ 1919।"[83] ਫਸੇ ਹੋਏ ਪ੍ਰਧਾਨ ਨੇ ਇਹ ਸ਼ੁਕਰਾਨਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ ਕਿ ਇਹ ਤਲਵਾਰ "ਸਾਡੇ ਦੋਵਾਂ ਮੁਲਕਾਂ ਦੇ ਆਜ਼ਾਦੀ ਦੇ ਸੰਗਰਾਮ ਦੇ ਪਵਿੱਤਰ ਨਿਸ਼ਾਨੇ ਦਾ ਚਿੰਨ੍ਹ ਹੈ ਅਤੇ ਤਲਵਾਰ ਸੱਚੀਓਂ ਹੀ ਪਵਿੱਤਰ ਹਥਿਆਰ ਹੋ ਨਿੱਬੜਦੀ ਹੈ ਜਦੋਂ ਅਜਿਹੇ ਇਕ ਨੇਕ ਕਾਜ ਲਈ ਇਸਤੇਮਾਲ ਕੀਤਾ ਜਾਵੇ," ਅਤੇ ਉਸ ਨੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਆਇਰਿਸ਼ ਲੋਕਾਂ ਸਮੇਤ ਕੁਲ ਆਲਮ ਦੀਆਂ ਜਮਹੂਰੀ ਤਾਕਤਾਂ ਉਨ੍ਹਾਂ ਦੇ ਨਿਆਂ ਦੇ ਯਤਨਾਂ ਦੀ ਹਮਾਇਤ ਕਰਦੀਆਂ ਹਨ।[84]

ਜਦੋਂ ਫਰਵਰੀ 1920 'ਚ ਡੀ ਵਲੇਰਾ ਨਿਊ ਯਾਰਕ ਵਾਪਸ ਆਇਆ, ਐੱਫ.ਐੱਫ.ਆਈ. ਨੇ ਉਸ ਦੇ ਮਾਣ 'ਚ ਰਾਤ ਦੇ ਖਾਣੇ ਦੀ ਦਾਅਵਤ ਦਿੱਤੀ। 6 ਮਾਰਚ 1920 ਦੇ *ਆਇਰਿਸ਼ ਵਰਲਡ* ਅਤੇ *ਗੈਲਿਕ ਅਮੈਰੀਕਨ* ਵਿਚ ਉਸ ਦੀ "ਜ਼ਬਰਦਸਤ ਅਤੇ ਉਸਾਰੂ ਤਕਰੀਰ.... ਜ਼ਹੀਨ ਤਕਰੀਰ" ਲਿਖਤੀ ਤੌਰ 'ਤੇ ਛਾਪ ਕੇ ਸੰਭਾਲੀ ਗਈ ਸੀ। ਉਸ ਨੇ ਜਾਰਜ ਵਾਸ਼ਿੰਗਟਨ ਦਾ ਹਵਾਲਾ ਦਿੱਤਾ ਪਰ ਉਸ ਦੇ ਲਫ਼ਜ਼ "ਆਇਰਲੈਂਡ ਦੇ ਵਤਨ ਪ੍ਰੇਮੀਓ, ਤੁਹਾਡਾ ਕਾਜ ਸਾਡੇ (ਅਮਰੀਕਾ ਦੇ) ਕਾਜ ਨਾਲ ਮਿਲਦਾ-ਜੁਲਦਾ ਹੈ" ਇਸ ਤਰ੍ਹਾਂ ਬਦਲ ਦਿੱਤੇ "ਹਿੰਦ ਦੇ ਵਤਨ ਪ੍ਰੇਮੀਓ, ਤੁਹਾਡਾ ਕਾਜ ਸਾਡੇ (ਆਇਰਲੈਂਡ ਦੇ) ਕਾਜ ਨਾਲ ਮਿਲਦਾ-ਜੁਲਦਾ ਹੈ।" ਇਸ ਤਕਰੀਰ ਦੇ ਉੱਘੜਵੇਂ ਪਹਿਲੂ ਇਹ ਹਨ:

"ਇਕ ਕੌਮ ਓਦੋਂ ਹੀ ਮਾਤ ਖਾਂਦੀ ਹੈ ਜਦੋਂ ਇਹ ਆਪਣੇ ਕਾਜ ਨੂੰ ਤਿਲਾਂਜਲੀ ਦੇ ਦਿੰਦੀ ਹੈ ਅਤੇ ਢੇਰੀ ਢਾਹ ਬਹਿੰਦੀ ਹੈ....। ਕਿਤਾਬਾਂ ਸਾਨੂੰ ਦੱਸਦੀਆਂ ਹਨ ਕਿ ਬਰਤਾਨੀਆ ਨੇ ਹਿੰਦ ਨੂੰ ਲੁੱਟਿਆ ਹੈ। ਨਿਰਸੰਦੇਹ, ਉਸ ਨੇ ਹਿੰਦ ਦੀ ਲੁੱਟਮਾਰ ਕੀਤੀ ਹੈ। ਹੋਰ ਉਹ ਹਿੰਦ ਵਿਚ

ਕਾਹਦੇ ਲਈ ਗਏ ਹਨ। ਨਿਸ਼ਚੇ ਹੀ, ਜਦੋਂ ਇਕ ਸੱਤ ਬੇਗਾਨੀ ਤਾਕਤ ਦਾ ਲਾਲਚ ਕੁਲ ਦੌਲਤ ਖੋਹ ਕੇ ਲੈ ਜਾਂਦਾ ਹੈ ਅਤੇ ਇਸ ਦੀਆਂ ਤਾਕਤਾਂ ਸਾਰਾ ਦਾਣਾ-ਫੱਕਾ ਹਥਿਆ ਸਕਦੀਆਂ ਹਨ, ਫਿਰ ਕਾਲ ਤਾਂ ਪੈਣਾ ਹੀ ਹੋਇਆ।.... ਉਹ (ਅੰਗਰੇਜ਼) ਆਪਣੇ ਜਨਰਲ ਡਾਇਰਾਂ ਦੇ ਕਾਰਿਆਂ ਬਾਰੇ ਖੌਫ਼ ਨਾਲ ਤੌਬਾ ਕਰ ਲੈਣ ਦਾ ਢੌਂਗ ਰਚਣਗੇ, ਪਰ ਡਾਇਰ ਤਾਂ ਉਸ ਸਾਮਰਾਜੀ ਪ੍ਰਬੰਧ ਦੇ ਜ਼ਰੂਰੀ ਸੰਦ ਹਨ।"

ਉਸ ਨੇ ਅੱਗੇ ਕਿਹਾ, ਅਜਿਹੀ ਨੰਗੀ-ਚਿੱਟੀ ਵਹਿਸ਼ਤ ਦੇਖ ਕੇ ਹੁਣ ਦੁਨੀਆ ਅਮਨ ਸੰਮੇਲਨ ਵਿਖੇ ਉਨ੍ਹਾਂ ਦੇ ਢੌਂਗੀ ਵਤੀਰੇ ਤੋਂ ਜਾਣੂ ਹੋ ਜਾਵੇਗੀ। ਲਿਹਾਜ਼ਾ: "ਸਾਨੂੰ ਆਇਰਲੈਂਡ ਵਾਲਿਆਂ ਤੇ ਤੁਹਾਨੂੰ ਹਿੰਦ ਵਾਲਿਆਂ ਨੂੰ ਅਲਹਿਦਾ ਅਵਾਮ ਵਜੋਂ ਵੀ ਅਤੇ ਰਲ-ਮਿਲ ਕੇ ਵੀ, ਉਸ ਲਹੂ ਪੀਣੀ ਬਲਾ ਤੋਂ ਨਿਜ਼ਾਤ ਪਾਉਣ ਦੀ ਲਾਜ਼ਮੀ ਵਾਹ ਲਾਉਣੀ ਚਾਹੀਦੀ ਹੈ ਜੋ ਸਾਡਾ ਖ਼ੂਨ ਪੀ ਕੇ ਪਲ਼ ਰਹੀ ਹੈ।.... ਸਾਡਾ ਕਾਜ ਸਾਂਝਾ ਹੈ। ਅੱਜ ਅਸੀਂ ਦੋਸਤੀ ਦਾ ਹਲਫ਼ ਲੈਂਦੇ ਹਾਂ ਅਤੇ ਮਿਸਰ ਤੇ ਈਰਾਨ ਦੇ ਆਪਣੇ ਸਾਥੀਆਂ ਨੂੰ ਸਾਂਝੀਆਂ ਸ਼ੁਭ ਇਛਾਵਾਂ ਅਤੇ ਆਪਣੇ ਅਹਿਦ ਭੇਜਦੇ ਹਾਂ ਅਤੇ ਉਨ੍ਹਾਂ ਨੂੰ ਪੈਗ਼ਾਮ ਦੇ ਰਹੇ ਹਾਂ ਕਿ ਉਨ੍ਹਾਂ ਦਾ ਕਾਜ ਸਾਡਾ ਕਾਜ ਹੈ।"[85]

ਇਕ ਪੱਖੋਂ ਸਲਤਨਤ ਉਪਰ ਕੋਈ ਵੀ ਸੱਟ, ਟਾਕਰੇ ਅਤੇ ਬੇਚੈਨੀ ਦੀ ਕੋਈ ਵੀ ਥਾਂ, ਉਸੇ ਵਕਤ ਉਨ੍ਹਾਂ ਦੀ ਆਪਣੀ ਆਜ਼ਾਦੀ ਲਈ ਇਕ ਯੋਗਦਾਨ ਸੀ; ਅੰਗਰੇਜ਼ਾਂ ਦੇ ਧਾਵੇ ਦਾ ਸ਼ਿਕਾਰ ਕੁਲ ਲੋਕਾਂ ਦੀ ਮੁਕਤੀ ਨੂੰ ਆਪਣੇ ਮਿਸ਼ਨ ਦਾ ਹਿੱਸਾ ਸਮਝਿਆ ਗਿਆ ਸੀ। ਜੇ ਵਿਚਾਰਧਾਰਕ ਤੌਰ 'ਤੇ ਗੱਲ ਕਰਨੀ ਹੋਵੇ, ਅੰਗਰੇਜ਼ ਸਲਤਨਤ ਦੇ ਦਬਾਏ ਸੰਗੀ-ਸਾਥੀ ਗ਼ੁਲਾਮ ਲੋਕਾਂ ਲਈ ਇਕਮੁੱਠਤਾ ਦਾ ਇਹ ਅਧਾਰ ਓਨਾ ਮਜ਼ਬੂਤ ਸੀ ਜਿੰਨਾ ਮਰਜ਼ੀ ਦਾ ਮਾਲਕ ਪਛਾਣਾਂ ਦੀ ਸਿਆਸਤ ਦੇ ਭਵਿੱਖ-ਨਕਸ਼ੇ ਤੋਂ ਇਹ ਹੋ ਸਕਦਾ ਸੀ। ਫਿਰ ਵੀ, ਆਇਰਿਸ਼ਾਂ ਨੇ ਮਿਸਰ ਵਿਚ ਅੰਗਰੇਜ਼ਾਂ ਨਾਲ ਲੜਨ ਲਈ ਉਥੇ ਤਾਕਤ ਭੇਜਣ ਤੋਂ ਕੰਨੀ ਕਤਰਾਈ, ਜਿਵੇਂ ਜਰਮਨਾਂ ਨੇ ਕੇਸਮੈਂਟ ਨੂੰ ਸਲਾਹ ਦਿੱਤੀ ਸੀ। ਉਹ ਇਸ 'ਤੇ ਅੜੇ ਰਹੇ ਕਿ ਉਨ੍ਹਾਂ ਦਾ ਆਪਣਾ ਹਿੱਤ ਸਿਰਫ਼ ਆਪਣੀ ਸਰਜ਼ਮੀਨ ਵਿਚ ਤੇ ਉਸੇ ਲਈ ਲੜਨ ਵਿਚ ਹੈ। ਓਦੋਂ ਇਸ ਦਲੀਲ ਦਾ ਉਨ੍ਹਾਂ ਉੱਪਰ ਕੋਈ ਅਸਰ ਨਾ ਹੋਇਆ ਕਿ ਕਿਸੇ ਦੂਰ-ਦਰਾਜ ਜਗ੍ਹਾ ਉੱਪਰ ਅੰਗਰੇਜ਼ ਨੂੰ ਪੈਣ ਵਾਲੀ ਸੱਟ ਵੀ ਇਹੀ ਕੰਮ ਕਰੇਗੀ। (ਕੀ ਇਹ ਸੰਭਵ ਹੈ ਕਿ ਹਿੰਦੀਆਂ ਅਤੇ ਮਿਸਰੀਆਂ ਦਰਮਿਆਨ ਆਇਰਿਸ਼ ਅਤੇ ਮਿਸਰੀਆਂ ਨਾਲੋਂ ਰਾਬਤੇ ਅਤੇ ਲਗਾਤਾਰਤਾ ਵਾਲੇ ਨੁਕਤੇ ਵਧੇਰੇ ਸਨ ?)

ਇੰਡੀਅਨ ਨਿਊਜ਼ ਸਰਵਿਸ ਵਿਚ ਇਸ ਤਕਰੀਰ ਦੀ ਰਿਪੋਰਟ ਦੇਣ ਤੋਂ ਛੇਤੀ ਬਾਅਦ, ਕਰ ਅਤੇ ਗੈਮਨਜ਼ ਨੇ ਸੇਂਟ ਪੈਤਰਿਕ ਦਿਹਾੜੇ ਦੇ ਜਲੂਸ ਬਾਰੇ ਲਿਖਿਆ, ਜਿਸ ਵਿਚ ਨਿਊ ਯਾਰਕ ਵਿਚ ਡੀ ਵਲੇਰਾ ਨੇ ਹਿੱਸਾ ਲਿਆ ਸੀ, ਜਿਸ ਵਿਚ ਹਰੀਆਂ ਪੱਗਾਂ ਵਾਲੇ ਸਿੱਖਾਂ ਦੇ ਜਥੇ ਨੇ ਮਾਰਚ ਕੀਤਾ ਸੀ। ਕਰ ਦੇ ਸ਼ਬਦਾਂ 'ਚ, ਇਹ "ਹਿੰਦ ਤੇ ਆਇਰਲੈਂਡ ਲਈ ਸੰਪੂਰਨ ਅਤੇ ਬਿਨਾ ਸ਼ਰਤ ਆਜ਼ਾਦੀ ਦੀ ਮੰਗ ਕਰਨ ਵਾਲਾ ਇਕ ਸ਼ਾਨਦਾਰ ਜਲੂਸ ਸੀ।.... ਹਿੰਦੀ ਗਣਰਾਜੀਆਂ ਨੇ ਅਜਿਹੇ ਮਾਟੋ ਵਾਲੇ ਬੈਨਰ ਚੁੱਕੇ ਹੋਏ ਸਨ: 'ਉੱਠੋ! ਹਿੰਦ ਦੇ ਗਣਰਾਜ ਵਾਲਿਓ,' 'ਹਿੰਦ ਦੇ ਤੀਹ ਕਰੋੜ ਲੋਕ ਧੁਰ ਤੱਕ ਆਇਰਲੈਂਡ ਨਾਲ ਖੜ੍ਹਨਗੇ,' 'ਪ੍ਰਧਾਨ ਡੀ ਵਲੇਰਾ ਦਾ ਹਿੰਦ ਨੂੰ ਪੈਗ਼ਾਮ: ਸਾਡਾ ਕਾਜ ਸਾਂਝਾ ਹੈ।'"[86] ਇੰਡੀਅਨ ਨਿਊਜ਼ ਸਰਵਿਸ ਨੇ ਸਤੰਬਰ ਵਿਚ ਫਿਲਾਡੈਲਫੀਆ ਵਿਚ ਹੋਏ ਇਕ ਹੋਰ ਘੱਟ ਮਸ਼ਹੂਰ ਜਲੂਸ ਦੀ ਰਿਪੋਰਟ ਵੀ ਦਿੱਤੀ, ਜੋ "ਆਇਰਿਸ਼ ਰਿਪਬਲਿਕਨਾਂ ਵਲੋਂ ਅੰਗਰੇਜ਼ਾਂ ਦੇ ਜ਼ੁਲਮਾਂ ਵਿਰੁੱਧ ਜਥੇਬੰਦ ਕੀਤਾ ਗਿਆ ਸੀ," ਜਿਸ ਦੇ ਪੰਜ ਹਜ਼ਾਰ ਦੇ ਭਾਰੀ ਹਜੂਮ ਵਿਚ ਹਿੰਦੀ ਵੀ ਸਨ। ਤਾਰਕਨਾਥ ਦਾਸ ਨੇ ਜੋ ਮਤਾ ਪੜ੍ਹਿਆ ਉਸ ਵਿਚ "ਹਿੰਦ ਦੇ ਲੋਕਾਂ ਦੇ ਆਪਣਾ ਮੁਕਤ ਤੇ ਆਜ਼ਾਦ ਗਣਰਾਜ ਕਾਇਮ ਕਰਨ

ਦੇ ਯਤਨਾਂ ਅਤੇ ਲੜੀ ਜਾ ਰਹੀ ਜੱਦੋਜਹਿਦ" ਦੀ ਹਮਾਇਤ ਕੀਤੀ ਗਈ ਸੀ, ਜਿਸ ਦੀ ਆਇਰਿਸ਼ ਅਮਰੀਕਨਾਂ ਨੇ ਤਹਿ ਦਿਲੋਂ ਤਾਰੀਫ਼ ਕੀਤੀ।[87]

ਜਦੋਂ ਅਗਲੇ ਮਹੀਨੇ ਭੁੱਖ ਹੜਤਾਲ 'ਤੇ ਹੋਣ ਸਮੇਂ ਟੈਰੈਂਸ ਮੈਕਸਵਿਨੀ ਦੀ ਜੇਲ੍ਹ ਵਿਚ ਮੌਤ ਹੋ ਗਈ, ਜਿਸ ਨੂੰ ਇਕ ਅੰਗਰੇਜ਼ ਫ਼ੌਜੀ ਟ੍ਰਿਬਿਊਨਲ ਨੇ ਉਸ ਦੀਆਂ ਰਾਸ਼ਟਰਵਾਦੀ ਸਰਗਰਮੀਆਂ ਲਈ ਜੇਲ੍ਹ ਭੇਜਿਆ ਸੀ, ਹਿੰਦੀ ਇਨਕਲਾਬੀਆਂ ਨੇ ਉਸ ਦੇ ਪਾਏ ਪੂਰਨਿਆਂ 'ਤੇ ਚੱਲਣ ਦੀ ਸਹੁੰ ਖਾਧੀ। ਅਕਤੂਬਰ 1920 ਦੇ *ਇੰਡੀਪੈਂਡੈਂਟ ਹਿੰਦੁਸਤਾਨ* ਵਿਚ ਮੈਕਸਵਿਨੀ ਦੀ ਸ਼ਹਾਦਤ ਬਾਰੇ ਕਈ ਲੇਖ ਦਿੱਤੇ ਗਏ, ਜਿਨ੍ਹਾਂ ਵਿਚ ਉਸ ਦੇ "ਜੰਗੀ ਹੋਕੇ" ਦੀਆਂ ਅਮਰ ਸਤਰਾਂ ਦਾ ਹਵਾਲਾ ਦਿੱਤਾ ਗਿਆ ਸੀ:

ਹਾਂ, ਉਸ ਮੁੱਲ ਦਾ ਹਿਸਾਬ ਲਾਓ
ਜੋ ਸਾਨੂੰ ਚੁਕਾਉਣਾ ਪਵੇਗਾ,
ਚਾਹੇ ਇਹ ਕਿੰਨਾ ਵੀ ਵੱਡਾ ਹੋਵੇ।
ਅਸੀਂ ਆਪਣੇ ਬਿਹਤਰੀਨ ਲਹੂ ਨਾਲ
ਆਇਰਲੈਂਡ ਦੀ ਮੁਕਤੀ ਦੀ ਤਸਵੀਰ ਬਣਾਵਾਂਗੇ।

"ਅਤੇ ਅਸੀਂ ਇਸ ਵਿਚ ਜੋੜ ਸਕਦੇ ਹਾਂ: ਮਨੁੱਖੀ ਮੁਕਤੀ," *ਇੰਡੀਪੈਂਡੈਂਟ ਹਿੰਦੁਸਤਾਨ* ਨੇ ਇਸ ਨੂੰ ਸੰਪਾਦਕੀ ਰੂਪ ਦਿੰਦਿਆਂ ਲਿਖਿਆ।

*ਇੰਡੀਪੈਂਡੈਂਟ ਹਿੰਦੁਸਤਾਨ* ਦੇ ਦਸੰਬਰ ਅੰਕ ਦੇ "ਖ਼ਬਰਾਂ ਅਤੇ ਟਿੱਪਣੀਆਂ" ਵਾਲੇ ਹਿੱਸੇ ਵਿਚ ਟਿੱਪਣੀ ਦਿੱਤੀ ਗਈ ਸੀ ਕਿ "ਜਿਨ੍ਹਾਂ ਅਸੂਲਾਂ ਅਤੇ ਆਦਰਸ਼ਾਂ ਦੀ ਰਾਖੀ ਲਈ ਡੱਟੇ ਮੈਕਸਵਿਨੀ ਦਾ ਖ਼ੂਨ ਅੰਗਰੇਜ਼ ਹਕੂਮਤ ਡੀਕਦੀ ਰਹੀ, ਹਿੰਦੁਸਤਾਨ ਗ਼ਦਰ ਪਾਰਟੀ ਉਨ੍ਹਾਂ ਨੂੰ ਨੇਪਰੇ ਚਾੜ੍ਹਨ" ਦਾ ਅਹਿਦ ਲੈਂਦਿਆਂ "ਏਮਨ ਡੀ ਵਲੇਰਾ ਨੂੰ ਤਾਰ ਭੇਜਦੀ ਹੈ।"[88] ਡੀ ਵਲੇਰਾ ਨੇ ਹਿੰਦ ਦੀ ਆਜ਼ਾਦੀ ਦੇ ਮਿੱਤਰਾਂ ਨੂੰ ਇਸ ਦੇ ਜਵਾਬ 'ਚ ਤਾਰ ਭੇਜੀ: "ਸਿਰਫ਼ ਜਦੋਂ ਅਸੀਂ ਗ਼ੁਲਾਮੀ ਨਾਲੋਂ ਮੌਤ ਨੂੰ ਤਰਜ਼ੀਹ ਦੇਵਾਂਗੇ ਓਦੋਂ ਹੀ ਸਾਡੇ ਮੁਲਕ ਆਜ਼ਾਦ ਹੋ ਸਕਣਗੇ।" ਅੰਤ 'ਚ, ਆਪਣੇ ਫਰਵਰੀ ਅੰਕ ਦੇ "ਖ਼ਬਰਾਂ ਅਤੇ ਟਿੱਪਣੀਆਂ" ਵਾਲੇ ਹਿੱਸੇ ਵਿਚ *ਇੰਡੀਪੈਂਡੈਂਟ ਹਿੰਦੁਸਤਾਨ* ਨੇ ਸ਼ਿਕਾਗੋ ਦੇ ਇਕ "ਆਇਰਿਸ਼ ਰਿਪਬਲਿਕਨ" ਪੱਬ ਵਲੋਂ ਵਕਾਲਤ ਕੀਤੇ ਚਾਹ ਦੇ ਬਾਈਕਾਟ ਬਾਰੇ ਇਹ ਲਿਖਤ ਸ਼ਾਮਲ ਕੀਤੀ: ਇਸ ਨੇ ਲਿਖਿਆ, ਜਦੋਂ ਤੁਸੀਂ ਚਾਹ ਦਾ ਕੱਪ ਪੀਂਦੇ ਹੋ,

"ਤੁਸੀਂ ਉਨ੍ਹਾਂ ਹਿੰਦੂਆਂ ਅਤੇ ਸ੍ਰੀਲੰਕਾ ਵਾਸੀਆਂ ਦੀ ਵੇਦਨਾ, ਉਨ੍ਹਾਂ ਦਾ ਖ਼ੂਨ-ਪਸੀਨਾ ਡੀਕ ਰਹੇ ਹੁੰਦੇ ਹੋ ਜਿਨ੍ਹਾਂ ਨੂੰ ਪੂਰੀ ਉਜਰਤ ਨਹੀਂ ਦਿੱਤੀ ਜਾਂਦੀ। ਤੁਸੀਂ ਉਨ੍ਹਾਂ ਲਖੂਖਾ ਲੋਕਾਂ ਦੀਆਂ ਤਲਖ਼ੀਆਂ ਪੀ ਰਹੇ ਹੁੰਦੇ ਹੋ ਜਿਨ੍ਹਾਂ ਨੂੰ ਦਾਸਤਾ ਤੱਕ ਸੁੰਗੇੜ ਦਿੱਤਾ ਗਿਆ ਹੈ ਅਤੇ ਜਿਨ੍ਹਾਂ ਨੂੰ ਜਾਣ-ਬੁੱਝ ਕੇ ਘਿਣਾਉਣੀ ਅਗਿਆਨਤਾ 'ਚ ਰੱਖਿਆ ਜਾਂਦਾ ਹੈ। ਤੁਸੀਂ ਇੰਗਲੈਂਡ ਦਾ *[ਗਲੀਜ਼]* ਲਾਲਚ ਡੀਕ ਰਹੇ ਹੁੰਦੇ ਹੋ ਜੋ ਉਨ੍ਹਾਂ ਬਦਨਸੀਬਾਂ ਦੀ ਗ਼ੁਲਾਮੀ ਵਿੱਚੋਂ ਭਰਪੂਰ ਮੁਨਾਫ਼ਿਆਂ ਦੀ ਫ਼ਸਲ ਵੱਢਦਾ ਹੈ ਜਿਨ੍ਹਾਂ ਉੱਪਰ ਇਸ ਨੇ ਆਪਣੀ ਮਰਜ਼ੀ ਥੋਪ ਰੱਖੀ ਹੈ। ਤੁਸੀਂ ਉਨ੍ਹਾਂ ਦਾ ਖ਼ੂਨ ਡੀਕਦੇ ਹੋ ਜੋ ਆਇਰਲੈਂਡ ਵਿਚ ਇੰਗਲੈਂਡ ਵਿਰੁੱਧ ਲੜਦਿਆਂ ਮੌਤ ਦੇ ਮੂੰਹ ਵਿਚ ਜਾ ਪਏ ਜਾਂ ਜਾ ਪੈਣਗੇ।

ਕਾਲੀ ਚਾਹ, ਆਹਾ ਇਸ ਦਾ ਨਾਂ ਕਾਲਾ ਕਿੰਨਾ ਢੁੱਕਵਾਂ ਹੈ। *ਕੀ ਤੁਸੀਂ* ਅਜੇ ਵੀ ਇਸ ਨੂੰ ਪੀਣਾ ਚਾਹੋਗੇ ?"[89]

ਅਮਰੀਕਾ ਵਿਚ ਆਇਰਿਸ਼ਾਂ ਅਤੇ ਹਿੰਦੀਆਂ ਦੀ ਮਜ਼ਬੂਤ ਸਾਂਝ ਜੰਗ ਦੇ ਪੂਰੇ ਅਰਸੇ ਦੌਰਾਨ ਬਣੀ ਰਹੀ। ਹਿੰਦੀ ਆਪਣੇ ਇਨ੍ਹਾਂ ਮਿੱਤਰਾਂ ਨੂੰ, ਜਿਨ੍ਹਾਂ ਨੇ 1922 'ਚ ਆਜ਼ਾਦ ਹੈਸੀਅਤ ਹਾਸਲ ਕਰ ਲਈ ਸੀ – ਹਾਲਾਂਕਿ ਉਥੇ ਅਮਨ ਨਹੀਂ ਸੀ ਆਇਆ – ਆਪਣੇ ਉਨ੍ਹਾਂ ਵਤਨ ਵਾਸੀਆਂ ਲਈ ਆਸਵੰਦ ਮਿਸਾਲ ਵਜੋਂ ਦੇਖਦੇ ਸਨ ਜਿਨ੍ਹਾਂ ਨੂੰ ਨਾਮਿਲਵਰਤਣ ਲਹਿਰ ਵਾਪਸ ਲੈ ਲਏ ਜਾਣ ਨਾਲ ਨਿਰਾਸ਼ਾ ਹੋਈ ਸੀ। (ਸ਼ਾਇਦ ਇਹ ਇਕ ਗ਼ਲਤੀ ਸੀ, ਕਿਉਂਕਿ ਆਜ਼ਾਦੀ ਨੇ ਵੀ ਉਨ੍ਹਾਂ ਦੇ ਪੱਲੇ ਵੰਡ ਅਤੇ ਵਿਆਪਕ ਘਰੋਗੀ ਖ਼ੂਨੀ ਝਗੜੇ ਹੀ ਪਾਉਣੇ ਸਨ।) ਅਤੇ ਇਸੇ ਕਰਕੇ ਅੰਗਰੇਜ਼ ਖ਼ੁਫ਼ੀਆ ਪੁਲਿਸ ਉਨ੍ਹਾਂ ਦੇ ਆਦਾਨ-ਪ੍ਰਦਾਨ ਦੀ ਸੂਹ ਲਾਉਣ ਲਈ ਉਨ੍ਹਾਂ ਦੇ ਪਿੱਛੇ ਪਈ ਰਹੀ। ਮਿਸਾਲ ਵਜੋਂ ਕਲਕੱਤੇ ਤੋਂ ਸਈਅਦ ਹੁਸੈਨ ਅਤੇ ਨਵਾਬ ਸਈਅਦ ਮੁਹੰਮਦ ਦੀ ਸਾਨ ਫਰਾਂਸਿਸਕੋ ਫੇਰੀ, ਜੋ 1926 'ਚ ਕਾਮਨ ਵੈਲਥ ਕਲੱਬ ਅਤੇ ਸਿਵਿਕ ਸੈਂਟਰ ਵਿਖੇ "ਕੀ ਹਿੰਦ ਵਿਚ ਅੰਗਰੇਜ਼ ਰਾਜ 'ਸ਼ੈਤਾਨਾਂ' ਦਾ ਰਾਜ ਹੈ ? " ਵਿਸ਼ੇ ਉੱਪਰ ਬਹਿਸ ਲਈ ਪਧਾਰੇ ਸਨ। ਇਸ ਦੀ ਪ੍ਰਧਾਨਗੀ ਸ਼੍ਰੀਮਤੀ ਫਰੈਡਰਿਕ ਐੱਚ. ਕੌਲਬਰਨ ਨੇ ਕੀਤੀ, ਜਿਸ ਦੀ "ਪਿਛਲੀਆਂ ਆਇਰਿਸ਼ ਸਰਗਰਮੀਆਂ ਵਿਚ ਉੱਘੀ ਥਾਂ ਰਹੀ ਸੀ।" ਰਿਪੋਰਟ ਇਹ ਸੀ ਕਿ "200 ਹਿੰਦੀ ਵਿਦਿਆਰਥੀਆਂ.... ਬਹੁਤ ਸਾਰੇ ਆਇਰਿਸ਼ਾਂ ਅਤੇ ਜਰਮਨਾਂ ਸਮੇਤ" ਦੋ ਹਜ਼ਾਰ ਸਰੋਤੇ ਉਨ੍ਹਾਂ ਨੂੰ ਸੁਣਨ ਲਈ ਆਏ ਸਨ, "ਅਤੇ ਕੁਝ ਟਿੱਪਣੀਆਂ ਦੀ ਤਾਰੀਫ਼ ਵਿਚ ਵੱਜੀਆਂ ਤਾੜੀਆਂ ਨੂੰ ਦੇਖਦਿਆਂ ਕਿਹਾ ਜਾ ਸਕਦਾ ਸੀ ਕਿ ਉਨ੍ਹਾਂ ਵਿਚ ਕਮਿਊਨਿਸਟ ਵੀ ਸਨ।"[90]

ਅਮਰੀਕਾ ਤੋਂ ਬਾਹਰ, ਵਿਹਾਰ ਵਿਚ ਇਹ ਸਾਂਝ ਘੱਟ ਠੋਸ ਸੀ, ਹਾਲਾਂਕਿ ਆਪਸੀ ਹਮਦਰਦੀ ਕਿੰਤੂਰਹਿਤ ਸੀ। ਮੂਲ-ਆਇਰਿਸ਼ ਗਣਰਾਜੀ ਸੈਨਾ ਦੇ ਯੋਧੇ ਡੈਨ ਬਰੀਨ ਨੇ ਆਪਣੀਆਂ 1924 ਦੀਆਂ ਯਾਦਾਂ ਵਿਚ ਜ਼ਿਕਰ ਕੀਤਾ ਕਿ 1921 ਦੇ ਅਖ਼ੀਰ 'ਚ ਉਸ ਦਾ ਮੇਲ ਲੰਦਨ ਵਿਚ ਗਾਂਧੀ ਸਮੇਤ ਹਿੰਦੀ ਰਾਸ਼ਟਰਵਾਦੀਆਂ ਨਾਲ ਹੋਇਆ ਸੀ, ਜਿਸ ਬਾਰੇ ਕੱਟੜ ਖਾੜਕੂ ਬਰੀਨ ਨੇ ਲਿਖਿਆ ਕਿ "ਜਿਨ੍ਹਾਂ ਨੂੰ ਮੈਂ ਮਿਲਿਆਂ ਹਾਂ ਉਨ੍ਹਾਂ ਵਿੱਚੋਂ ਉਹ ਸਭ ਤੋਂ ਹੁਸ਼ਿਆਰ ਅਤੇ ਅੰਗਰੇਜ਼ਾਂ ਦਾ ਅਮੋੜ ਦੁਸ਼ਮਣ ਸੀ," ਕਿਉਂਕਿ ਉਹ ਇਹੀ ਜ਼ੋਰ ਦਿੰਦਾ ਰਿਹਾ ਕਿ ਹਿੰਦ ਵਿਚ ਗ਼ੈਰਹਥਿਆਰਬੰਦ ਟਾਕਰਾ ਹੀ ਇਕੋ ਇਕ ਐਸਾ ਰਾਹ ਹੈ ਜੋ ਅਸਰਕਾਰੀ ਹੋਵੇਗਾ।[91] ਪਰ ਲੰਦਨ ਵਿਚ ਬਰੀਨ ਹੋਰ ਹਿੰਦੀਆਂ ਨੂੰ ਵੀ ਮਿਲਿਆ ਸੀ, "ਜੋ ਹਥਿਆਰਬੰਦ ਬਗ਼ਾਵਤ ਦੇ ਹਾਮੀ ਸਨ।"[92] ਦਿਲਚਸਪ ਗੱਲ ਇਹ ਸੀ ਕਿ ਬਰੀਨ ਨੇ ਦੱਸਿਆ ਕਿ ਉਹ ਖਾੜਕੂ ਐਨੇ ਸ਼ੁੱਧਤਾਵਾਦੀ ਸਨ ਕਿ ਜਦੋਂ ਉਸ ਨੇ "ਆਜ਼ਾਦੀ ਦੇ ਕਾਜ ਨੂੰ ਇਕ ਹੋਰ ਧੱਕਾ ਦੇਣ ਦੀ ਆਸ ਨਾਲ ਉਨ੍ਹਾਂ ਨੂੰ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ, ਓਦੋਂ ਮੈਨੂੰ ਸਖ਼ਤ ਸਦਮਾ ਪਹੁੰਚਿਆ ਜਦੋਂ ਮੇਰੀ ਪੇਸ਼ਕਸ਼ ਠੁਕਰਾ ਦਿੱਤੀ ਗਈ। ਵਜ੍ਹਾ ਇਹ ਦੱਸੀ ਗਈ ਕਿ ਇਸ ਨੂੰ ਦੇਖਦਿਆਂ ਕਿਸੇ ਆਇਰਿਸ਼ ਉੱਪਰ ਇਤਬਾਰ ਨਹੀਂ ਕੀਤਾ ਜਾ ਸਕਦਾ ਕਿ ਉਸ ਦੇ ਵਤਨ ਵਾਸੀਆਂ ਨੇ ਤਾਂ ਆਪਣੇ ਮੁਲਕ ਦੀ ਆਜ਼ਾਦੀ ਦੀ ਲੜਾਈ ਨੂੰ ਤਿਲਾਂਜਲੀ ਦੇ ਦਿੱਤੀ ਸੀ।" ਬਰੀਨ ਇਨ੍ਹਾਂ ਖ਼ਾਸ ਹਿੰਦੀਆਂ ਦੇ ਨਾਂ ਨਹੀਂ ਦਿੰਦਾ, ਪਰ ਇਹ ਪ੍ਰਤੱਖ ਹੈ ਕਿ ਡੀ ਵਲੇਰਾ ਦੇ ਧੜੇ ਨੂੰ ਦਿੱਤੀ ਗਈ ਹਮਾਇਤ ਨੇ ਹਕੀਕਤ ਵਿਚ ਉਨ੍ਹਾਂ ਨੂੰ ਐਸੇ ਸਮਝੌਤਾਰਹਿਤ ਬਣਾ ਦਿੱਤਾ ਸੀ ਜਿਨ੍ਹਾਂ ਨੂੰ ਸਮਝੌਤਾਵਾਦ ਮਨਜ਼ੂਰ ਨਹੀਂ ਸੀ। ਅਤੇ ਸ਼ਾਇਦ ਉਹ ਪਰਦੇਸਾਂ ਵਿਚਲੇ ਆਪਣੇ ਧੜੇਬੰਦਕ ਸੰਘਰਸ਼ ਵਿੱਚੋਂ ਅੰਗਰੇਜ਼ ਸਲਤਨਤ ਦੇ ਅੰਦਰ ਖ਼ੁਦਮੁਖਤਿਆਰ ਡੁਮੀਨੀਅਨ ਦਰਜੇ ਦੀ ਵਕਾਲਤ ਦਾ ਪ੍ਰਭਾਵ ਦੇ ਰਹੇ ਸਨ, ਜਦਕਿ ਹਿੰਦ ਦੇ ਆਜ਼ਾਦੀ ਦੇ ਮਿੱਤਰ ਤੇ ਹਿੰਦੁਸਤਾਨ ਗ਼ਦਰ ਪਾਰਟੀ ਮੁਕੰਮਲ ਆਜ਼ਾਦੀ ਦਾ ਪੱਖ ਲੈਂਦਿਆਂ ਲਾਜਪਤ ਰਾਏ ਦੇ ਹੋਮ ਰੂਲ ਧੜੇ ਦੇ ਤਿੱਖੇ ਵਿਰੋਧ 'ਚ ਖੜ੍ਹੇ ਸਨ।

ਗ਼ਦਰ ਦਾ ਕੇਂਦਰੀ ਮੁੱਦਾ ਸਮਝੌਤਾ ਨਹੀਂ ਸਗੋਂ ਬਗ਼ਾਵਤ ਸੀ, ਆਪਣੇ ਕਮਾਂਡਰਾਂ ਖ਼ਿਲਾਫ਼ ਫ਼ੌਜੀਆਂ ਦੀ ਐਸੀ ਬਗ਼ਾਵਤ ਨਾਵਾਜਬ ਮੰਨੀ ਜਾਂਦੀ ਸੀ। ਅੰਗਰੇਜ਼ ਸਲਤਨਤ ਅੰਦਰਲੇ ਵੱਖੋ-ਵੱਖਰੇ ਲੋਕਾਂ ਨੂੰ ਜੋੜਨ ਵਾਲੀ ਇਕ ਅਹਿਮ ਖ਼ਾਸੀਅਤ ਸੀ ਉਨ੍ਹਾਂ ਦਾ ਫ਼ੌਜ-ਪੁਲਿਸ ਦੇ ਢਾਂਚੇ ਦਾ ਹਿੱਸਾ ਬਣਨਾ ਜਿਸ ਨਾਲ ਸਲਤਨਤ ਦੀ ਸਲਾਮਤੀ ਅਤੇ ਪਸਾਰਾ ਸੰਭਵ ਹੋਇਆ। ਬਹੁਤ ਸਾਰੇ ਆਇਰਿਸ਼ ਹਿੰਦੁਸਤਾਨ ਅੰਦਰ ਅੰਗਰੇਜ਼ਾਂ ਦੀ ਫ਼ੌਜ ਵਿਚ ਨੌਕਰੀ ਕਰਦੇ ਸਨ; ਬਹੁਤ ਸਾਰੇ ਹਿੰਦੁਸਤਾਨੀ ਮਿਸਰ ਅੰਦਰ ਅੰਗਰੇਜ਼ ਫ਼ੌਜ ਵਿਚ ਨੌਕਰੀ ਕਰਦੇ ਸਨ। ਸਾਡੇ ਨਾਇਕਾਂ ਨੇ ਮਹਿਸੂਸ ਕੀਤਾ ਕਿ ਇਹ ਕਿੰਨੀ ਵੱਡੀ ਸ਼ੈਤਾਨੀ ਸੀ ਕਿ ਸਲਤਨਤ ਦੇ ਲੋਕਾਂ ਨੂੰ ਆਪਣੇ ਵਿਚ ਰਲਾ ਲਿਆ ਜਾਵੇ ਤਾਂ ਜੋ ਉਨ੍ਹਾਂ ਨੂੰ ਆਪਣੀ ਸਾਜ਼ਿਸ਼ ਦਾ ਹਿੱਸਾ ਬਣਾ ਕੇ ਇਕ ਦੂਜੇ ਨੂੰ ਜਬਰੀ ਅਧੀਨ ਰੱਖਣ ਲਈ ਵਰਤਿਆ ਜਾ ਸਕੇ। ਇਸੇ ਕਾਰਨ ਉਨ੍ਹਾਂ ਦੇ ਲੀਫਲੈੱਟਾਂ ਵਿਚ ਫ਼ੌਜਾਂ ਨੂੰ ਵਫ਼ਾਦਾਰੀ ਛੱਡ ਕੇ ਬਾਗ਼ੀ ਹੋ ਜਾਣ ਲਈ ਉਕਸਾਉਣਾ ਮੁੱਢ ਤੋਂ ਹੀ ਕੁੰਜੀਵਤ ਮੁੱਦਾ ਸੀ: 1913 ਦੀ ਪ੍ਰਕਾਸ਼ਨਾ *ਅੰਗਰੇਜ਼ ਰਾਜ ਦਾ ਕੱਚਾ ਚਿੱਠਾ* ਦੇ ਬਾਰਵੇਂ ਨੁਕਤੇ ਵਿਚ ਇਹ ਇਲਜ਼ਾਮ ਲਾਇਆ ਗਿਆ ਸੀ ਕਿ "ਹਿੰਦੋਸਤਾਨ ਦਾ ਰੁਪੈਆ ਅਤੇ ਹਿੰਦੋਸਤਾਨੀਆਂ ਦੀਆਂ ਜਾਨਾਂ ਖੁਪਾਕੇ ਬਰਮਾ, ਮਿਸਰ, ਅਫਰੀਕਾ ਅਤੇ ਅਫਗਾਨਿਸਤਾਨ ਜਿੱਤੇ ਗਏ ਹਨ।"[93]

10 ਦਸੰਬਰ 1924 ਨੂੰ ਸੀਅਨ ਓ ਕੈਲੀ, ਜੋ ਈਸਟਰ ਬਗ਼ਾਵਤ ਦਾ ਘੁਲਾਟੀਆ ਰਿਹਾ ਸੀ ਅਤੇ ਉਸ ਵਕਤ ਅਮਰੀਕਾ ਵਿਚ ਸਰਕਾਰੀ ਦੂਤ ਸੀ, ਨੇ ਨਿਊ ਯਾਰਕ ਵਿਚ ਉਸ ਦੇ ਸਨਮਾਨ ਵਿਚ ਦਿੱਤੀ ਦਾਅਵਤ ਵਿਚ "ਹਿੰਦ ਤੇ ਆਇਰਲੈਂਡ" ਵਿਸ਼ੇ ਬਾਰੇ ਵਿਚਾਰ ਰੱਖੇ। ਆਪਣੀਆਂ ਟਿੱਪਣੀਆਂ ਵਿਚ ਉਸ ਨੇ ਆਪਣੀ ਉਸੇ ਤਕਰੀਰ ਦੇ ਮਜ਼ਮੂਨ ਨੂੰ ਦੁਹਰਾਇਆ ਜੋ ਉਸ ਨੇ 1920 'ਚ ਲੀਗ ਆਫ ਨੇਸ਼ਨਜ਼ ਦੇ ਮਹੂਰਤ ਸਮੇਂ ਆਇਰਿਸ਼ ਗਣਰਾਜ ਦੇ ਨੁਮਾਇੰਦੇ ਵਜੋਂ ਕੀਤੀ ਸੀ – ਭਾਵ, ਲੀਗ ਦਾ ਅੰਗਰੇਜ਼ ਅਤੇ ਅਮਰੀਕੀ ਸਾਮਰਾਜਵਾਦ ਦੇ ਸੰਦ ਵਜੋਂ ਕੰਮ ਕਰਨ ਦਾ ਦੰਭੀ ਕਿਰਦਾਰ। ਮਿਸਾਲਾਂ ਦੇ ਤੌਰ 'ਤੇ ਉਸ ਨੇ ਇਹ ਹਾਲਾਤ ਪੇਸ਼ ਕੀਤੇ, "ਆਇਰਲੈਂਡ, ਜਿਥੇ ਇਕ ਲੱਖ ਅੰਗਰੇਜ਼ ਧਾੜਵੀ ਫ਼ੌਜ ਨੇ ਦਹਿਸ਼ਤ ਅਤੇ ਹਿੰਸਾ ਦੀ ਮੁਹਿੰਮ ਚਲਾਈ; ਮਿਸਰ, ਜਿਥੇ ਅੰਗਰੇਜ਼ਾਂ ਵਲੋਂ ਕੀਤੇ ਕਬਜ਼ੇ ਵਿਰੁੱਧ ਇਨਕਲਾਬ ਬਹੁਤ ਮਜ਼ਬੂਤ ਹੈ; ਹਿੰਦੁਸਤਾਨ, ਜਿਥੇ ਅੰਗਰੇਜ਼ਾਂ ਦੇ ਜ਼ੁਲਮਾਂ ਦੇ ਟਾਕਰੇ ਨਾਲ ਐਨਾ ਖ਼ਤਰਾ ਪੈਦਾ ਹੋ ਗਿਆ ਸੀ ਕਿ ਅੰਗਰੇਜ਼ ਫ਼ੌਜਾਂ ਰੋਸ ਪ੍ਰਗਟਾ ਰਹੇ ਨਿਹੱਥੇ ਹਜੂਮ ਉੱਪਰ ਦਸ ਮਿੰਟ ਮਸ਼ੀਨ-ਗੰਨਾਂ ਦੀਆਂ ਗੋਲੀਆਂ ਦੀ ਬੌਛਾੜ ਕਰਦੀਆਂ ਰਹੀਆਂ।"[94] ਨਾਲ ਹੀ ਉਹ ਆਇਰਲੈਂਡ, ਹਿੰਦ, ਮਿਸਰ, ਦੱਖਣੀ ਅਫ਼ਰੀਕਾ ਅਤੇ ਹੋਰ ਥਾਵਾਂ ਦੇ ਡੈਲੀਗੇਟਾਂ ਨੂੰ ਲੈ ਕੇ "ਅੰਗਰੇਜ਼ ਸਲਤਨਤ ਦੇ ਦਬਾਏ ਲੋਕਾਂ" ਦੀ ਸਭਾ ਬਣਾਉਣ ਦਾ ਯਤਨ ਕਰ ਰਿਹਾ ਸੀ, ਅਤੇ ਉਸ ਨੇ ਹਰ ਉਸ ਆਇਰਿਸ਼ ਦੀ ਨਿਖੇਧੀ ਕੀਤੀ ਜੋ ਅੰਗਰੇਜ਼ਾਂ ਦੀ ਹਿੰਦੁਸਤਾਨ 'ਚ ਲਗਾਈ ਫ਼ੌਜ ਜਾਂ ਸਿਵਲ ਸਰਵਿਸ ਵਿਚ ਨੌਕਰੀ ਕਰਦਾ ਸੀ। "ਇੰਗਲੈਂਡ ਦੀ ਭਿਆਨਕ ਮੁਹਿੰਮ ਦੀ ਜ਼ਿੰਮੇਵਾਰੀ ਦਾ ਬੋਝ" ਕਨਾਟ ਰੇਂਜਰਜ਼, ਮਨਸਟਰ ਫੂਜ਼ੀਲੀਅਰਜ਼, ਡਬਲਿਨ ਫੂਜ਼ੀਲੀਅਰਜ਼, ਇਨਿਸਕਿਲਨ ਫੂਜ਼ੀਲੀਅਰਜ਼, ਰਾਇਲ ਆਇਰਿਸ਼ ਰੈਜੀਮੈਂਟ ਵਗੈਰਾ ਨੇ ਚੁੱਕਿਆ ਹੋਇਆ ਸੀ। ਉਸ ਨੇ ਆਪਣੀ ਨਿਊ ਯਾਰਕ ਵਾਲੀ ਤਕਰੀਰ ਇਸ ਐਲਾਨ ਨਾਲ ਖ਼ਤਮ ਕੀਤੀ:

"ਅਸੀਂ ਹਿੰਦ ਦੇ ਦੇਣਦਾਰ ਹਾਂ ਕਿਉਂਕਿ ਹਿੰਦ ਦਾ ਕਾਜ ਆਇਰਲੈਂਡ ਦਾ ਕਾਜ ਹੈ; ਇਹ ਤਾਕਤ ਵਿਰੁੱਧ ਹੱਕ ਬਜਾਨਬ ਹੋਣ ਦਾ ਕਾਜ ਹੈ; ਇਹ ਦੰਭ, ਬੁਰਾਈ ਤੇ ਜਾਬਰ ਦਾਬੇ ਦੇ ਖ਼ਿਲਾਫ਼ ਸਚਾਈ ਅਤੇ ਨਿਆਂ ਦਾ ਕਾਜ ਹੈ। ਸਾਨੂੰ ਆਇਰਿਸ਼ ਗਣਰਾਜੀਆਂ, ਆਇਰਿਸ਼ ਆਜ਼ਾਦੀ ਦੇ ਯੋਧਿਆਂ ਨੂੰ ਹਿੰਦ ਦੀ ਆਜ਼ਾਦੀ ਲਈ ਕੰਮ ਕਰਨ, ਹਿੰਦ ਲਈ ਪ੍ਰਚਾਰ ਕਰਨ, ਉਸ

ਖ਼ਾਤਰ ਅਤੇ ਮਿਸਰ ਲਈ ਲੜਨ ਦੀ ਹਾਰਦਿਕ ਜ਼ਿੰਮੇਵਾਰੀ ਓਦੋਂ ਤੱਕ ਲਾਜ਼ਮੀ ਸਮਝਣੀ ਹੋਵੇਗੀ ਜਦੋਂ ਤੱਕ ਦੋਵੇਂ ਜ਼ਾਲਮ ਜਕੜ ਵਿੱਚੋਂ ਪੂਰੀ ਤਰ੍ਹਾਂ ਅਤੇ ਹਮੇਸ਼ਾ ਲਈ ਆਜ਼ਾਦ ਨਹੀਂ ਹੋ ਜਾਂਦੇ। ਅਸੀਂ ਇਨ੍ਹਾਂ ਦੋਵਾਂ ਮੁਲਕਾਂ ਦੇ ਦੇਣਦਾਰ ਹਾਂ, ਕਿਉਂਕਿ ਜੇ ਮੁੱਖ ਤੌਰ 'ਤੇ ਆਇਰਿਸ਼ ਦਿਮਾਗਾਂ ਅਤੇ ਆਇਰਿਸ਼ ਬਾਹੂਬਲ ਨੇ ਇਹ ਕੰਮ ਨਾ ਕੀਤਾ ਹੁੰਦਾ ਤਾਂ ਕੀ ਇਹ ਦੋ ਪੁਰਾਣੀਆਂ ਤਹਿਜ਼ੀਬਾਂ ਵਾਲੇ ਲੋਕ ਗ਼ੁਲਾਮ ਹੋ ਜਾਂਦੇ ਅਤੇ ਐਨਾ ਲੰਮਾ ਸਮਾਂ ਦਾਬੇ ਦਾ ਸ਼ਿਕਾਰ ਬਣੇ ਰਹਿੰਦੇ ? .... ਰੱਬ ਕਰੇ (ਹਿੰਦ) ਦੀਆਂ ਬੇੜੀਆਂ ਛੇਤੀ ਚਕਨਾਚੂਰ ਹੋ ਜਾਣ ਅਤੇ ਇਹ ਧਰਤੀ ਦੇ ਆਜ਼ਾਦ ਗਣਰਾਜਾਂ ਦੀਆਂ ਸਫ਼ਾਂ ਦਾ ਹਿੱਸਾ ਬਣ ਜਾਵੇ।"[95]

ਓ ਕੈਲੀ ਦੀ ਤਕਰੀਰ ਦਾ ਲਹਿਜ਼ਾ ਉਸੇ ਤਰ੍ਹਾਂ ਦਾ ਹੈ ਜਿਸ ਜ਼ਰੀਏ ਉਸ ਸਮੇਂ ਦਾ ਗ਼ਦਰੀ ਸਾਹਿਤ ਸਿੱਖਾਂ ਨੂੰ ਵੰਗਾਰਦਾ ਸੀ ਜੋ ਅੰਗਰੇਜ਼ ਸਲਤਨਤ ਦੀ ਤਰਫ਼ੋਂ ਭਾੜੇ ਦੀਆਂ ਫ਼ੌਜਾਂ ਵਜੋਂ ਲੜਦੇ ਹੋਏ ਉਨ੍ਹਾਂ ਨੂੰ ਗ਼ੁਲਾਮੀ 'ਚ ਰੱਖਣ ਦਾ ਘਿਣਾਉਣਾ ਕੰਮ ਕਰਨ ਲਈ ਅੰਗਰੇਜ਼ਾਂ ਦਾ ਸਾਥ ਦੇ ਰਹੇ ਸਨ। ਉਨ੍ਹਾਂ ਨੂੰ ਤਾਂ ਸਗੋਂ ਇਨ੍ਹਾਂ ਨਾਲ ਮਿਲ ਕੇ ਅੰਗਰੇਜ਼ਾਂ ਦੇ ਵਿਰੁੱਧ ਡੱਟਣਾ ਚਾਹੀਦਾ ਹੈ।

31 ਅਗਸਤ ਨੂੰ *ਨਿਊ ਯਾਰਕ ਕਾਲ* ਵਿਚ ਕਰ ਨੇ ਦਾਅਵਾ ਕੀਤਾ ਕਿ ਅੰਗਰੇਜ਼ ਸਲਤਨਤ ਨੇ ਵਰਸੇਲਜ਼ ਸਮਝੌਤੇ ਦੇ ਸਮੇਂ ਤੋਂ ਲੈ ਕੇ ਆਪਣੇ ਕਬਜ਼ੇ ਹੇਠਲਾ ਖੇਤਰ ਪੰਦਰਾਂ ਲੱਖ ਵਰਗ ਮੀਲ ਤੱਕ ਫੈਲਾ ਲਿਆ ਸੀ। ਅਤੇ ਉਸ ਨੇ ਅੱਗੇ ਕਿਹਾ: "ਇਨਾ ਹੀ ਨਹੀਂ। ਕੌਮਾਂਤਰੀ ਸਮਝੌਤਿਆਂ ਤੇ ਇਕਰਾਰਾਂ ਦੇ ਹਰ ਅਸੂਲ ਦੀ ਉਲੰਘਣਾ ਕਰਦਿਆਂ, ਇੰਗਲੈਂਡ ਨੇ ਈਰਾਨ ਅਤੇ ਅਫ਼ਗਾਨਿਸਤਾਨ ਦੀ ਆਜ਼ਾਦ ਹਸਤੀ ਨੂੰ ਕੁਚਲਿਆ। ਹਿੰਦ ਉੱਪਰ ਅੰਗਰੇਜ਼ ਦਾ ਬੋਲਬਾਲਾ ਬਣਾਈ ਰੱਖਣ ਅਤੇ ਇਸ ਦੀ ਹਿਫਾਜ਼ਤ ਲਈ ਤਿੱਬਤ ਤੇ ਚੀਨ ਰਾਜਾਂ ਦੀ ਬਲੀ ਦਿੱਤੀ ਗਈ ਹੈ।"[96] ਆਈ.ਐੱਨ.ਸੀ. ਦੇ ਬੁਲਾਰੇ ਵੀ.ਜੇ.ਪਟੇਲ ਨੇ ਅਕਤੂਬਰ 1920 ਦੇ *ਇੰਡੀਪੈਂਡੈਂਟ ਹਿੰਦੁਸਤਾਨ* ਵਿਚ ਕਰ ਦੀਆਂ ਟਿੱਪਣੀਆਂ ਨੂੰ ਮੁੜ ਦੁਹਰਾਇਆ:

"ਇਸ ਘੜੀ ਬਰਤਾਨੀਆ ਵੱਖੋ-ਵੱਖਰੇ ਮੁਲਕਾਂ ਵਿਚ ਫ਼ੌਜੀ ਮੁਹਿੰਮਾਂ 'ਚ ਰੁੱਝਿਆ ਹੋਇਆ ਹੈ। ਇਨ੍ਹਾਂ ਫ਼ੌਜੀ ਮਾਅਰਕਿਆਂ ਦਾ ਮੁੱਖ ਬੋਝ ਹਿੰਦੀਆਂ ਨੇ ਚੁੱਕਿਆ ਹੋਇਆ ਹੈ।.... ਹਾਲ ਹੀ ਵਿਚ ਸ਼੍ਰੀਮਾਨ ਚਰਚਿਲ ਨੇ ਪੂਰੀ ਫਰਾਖ਼ਦਿਲੀ ਨਾਲ ਕਿਹਾ ਕਿ ਹਕੂਮਤ-ਏ-ਹਿੰਦ ਨੂੰ ਹੋਰ ਤਾਕਤ ਤਿਆਰ ਰੱਖਣ ਲਈ ਚੁਕੰਨੀ ਕਰ ਦਿੱਤਾ ਗਿਆ ਹੈ ਜਿਸ ਨੂੰ ਹੰਗਾਮੀ ਹਾਲਤ 'ਚ ਮੈਸੋਪੋਟਾਮੀਆ ਭੇਜਿਆ ਜਾ ਸਕੇ। *ਹਿੰਦ ਤਾਂ ਖ਼ੁਦ ਆਪਣਾ ਆਜ਼ਾਦ ਹੋਣ ਦਾ ਜਮਾਂਦਰੂ ਹੱਕ ਹਾਸਲ ਕਰਨ ਲਈ ਲੜ ਰਿਹਾ ਹੈ* ਅਤੇ ਇਹ ਹੋਣੀ ਦਾ ਵਿਅੰਗ ਹੀ ਕਹਿ ਲਓ ਕਿ ਹਿੰਦੀ ਫ਼ੌਜੀ ਦੁਨੀਆ ਦੇ ਹੋਰ ਹਿੱਸਿਆਂ ਵਿਚ ਉਨ੍ਹਾਂ ਲੋਕਾਂ ਨੂੰ ਉਨ੍ਹਾਂ ਦੇ ਜਮਾਂਦਰੂ ਹੱਕ ਤੋਂ ਵਾਂਝਾ ਕਰਨ 'ਚ ਹੋਰਾਂ ਦਾ ਹੱਥ ਵਟਾ ਰਹੇ ਹੋਣਗੇ।"[97]

ਦਸੰਬਰ 1920 'ਚ ਸੁਰਿੰਦਰ ਨਾਥ ਕਰ ਨੇ ਹਿੰਦ ਦੀ ਆਜ਼ਾਦੀ ਦੇ ਮਿੱਤਰਾਂ ਨੂੰ ਇਤਲਾਹ ਦਿੱਤੀ ਕਿ ਦੂਰ ਪੂਰਬ ਵਿਚ ਇਸ ਵਕਤ ਅੰਗਰੇਜ਼ਾਂ ਦੀ ਫ਼ੌਜ ਵਿਚ ਸਵਾ ਲੱਖ ਹਿੰਦੁਸਤਾਨੀ ਫ਼ੌਜੀ ਹਨ, ਜਿਨ੍ਹਾਂ ਵਿੱਚੋਂ 83,500 ਮੈਸੋਪੋਟਾਮੀਆ ਤੇ ਉਤਰ-ਪੱਛਮੀ ਈਰਾਨ ਵਿਚ ਅਤੇ 8,000 ਕਾਂਸਤਨੋਪਲ ਵਿਚ, 14,000 ਮਿਸਰ ਵਿਚ ਅਤੇ 18,000 ਫ਼ਲਸਤੀਨ ਵਿਚ ਲਗਾਏ ਹੋਏ ਸਨ।[98] ਇੰਵ ਇਸ ਸਿਆਸੀ ਝੁਕਾਅ ਵਾਲੇ ਸਿੱਖ ਅਤੇ ਆਇਰਿਸ਼ ਫ਼ੌਜੀਆਂ ਵਿਚ ਫ਼ੌਜ ਤੋਂ ਬਗ਼ਾਵਤ ਕਰਨ ਦੀ ਜ਼ਿੰਮੇਵਾਰੀ ਦੀ ਭਾਵਨਾ ਅਤੇ ਫ਼ੌਜੀ ਸਹਿਯੋਗ ਵਿਚ ਆਪਣੀ ਧੁਰੇ ਵਾਲੀ ਅਹਿਮੀਅਤ ਦੀ ਸੋਝੀ ਵਿਕਸਤ ਹੋ ਗਈ।

ਅਖ਼ੀਰ, ਵਿਅੰਗ ਦੀ ਗੱਲ ਇਹ ਹੈ ਕਿ ਅੰਗਰੇਜ਼ਾਂ ਦੇ ਕਬਜ਼ੇ ਵਾਲੀ ਹਿੰਦ ਦੀ ਸਰਜ਼ਮੀਨ

ਉੱਪਰ ਇਸ ਅਰਸੇ ਦੀ ਆਖ਼ਰੀ ਵੱਡੀ ਫ਼ੌਜੀ ਬਗ਼ਾਵਤ ਪੰਜਾਬੀ ਸਿੱਖ ਫ਼ੌਜੀਆਂ ਵਲੋਂ ਨਹੀਂ ਸਗੋਂ ਆਇਰਿਸ਼ਾਂ ਵਲੋਂ ਆਪਣੇ ਵਤਨ ਦੀਆਂ ਘਟਨਾਵਾਂ ਤੋਂ ਪ੍ਰੇਰਤ ਹੋ ਕੇ ਕੀਤੀ ਗਈ ਸੀ।[99] ਕਨਾਟ ਰੇਂਜਰਾਂ ਦਾ ਬਸਤੀਵਾਦੀ ਖ਼ਿਦਮਤ ਦਾ ਮਸ਼ਹੂਰ ਇਤਿਹਾਸ ਰਿਹਾ ਸੀ: ਜਿਨ੍ਹਾਂ ਸੰਖੇਮ ਸਮਿਆਂ 'ਚ ਉਨ੍ਹਾਂ ਨੇ ਬੋਇਰ ਤੇ ਜ਼ੂਲੂ ਦੀਆਂ ਜੰਗਾਂ ਅਤੇ ਸੁਡਾਨ ਵਿਚ ਸੇਵਾ ਕੀਤੀ ਉਨ੍ਹਾਂ ਸਮਿਆਂ ਨੂੰ ਛੱਡ ਕੇ 1857 ਦੇ ਗ਼ਦਰ ਦੇ ਸਮੇਂ ਤੋਂ ਹੀ ਉਹ ਹਿੰਦ ਵਿਚ ਤਾਇਨਾਤ ਰਹੇ ਸਨ, ਜਿਸ ਨੂੰ ਦਬਾਉਣ ਵਿਚ ਉਨ੍ਹਾਂ ਨੇ ਹੱਥ ਵਟਾਇਆ ਸੀ। ਵੱਡੀ ਜੰਗ ਦੌਰਾਨ ਉਹ ਪੱਛਮੀ ਮੁਹਾਜ਼ ਉੱਪਰ, ਅਤੇ ਈਰਾਨ ਅਤੇ ਮੈਸੋਪੋਟਾਮੀਆ ਵਿਚ ਮੌਜੂਦ ਸਨ – ਸਬੱਬ ਨਾਲ ਹਿੰਦੀ ਫ਼ੌਜੀਆਂ ਨੂੰ ਵੀ ਐਨ ਇਸੇ ਨਮੂਨੇ 'ਤੇ ਤਾਇਨਾਤ ਕੀਤਾ ਗਿਆ ਸੀ। ਜਦੋਂ ਉਨ੍ਹਾਂ ਨੇ ਆਇਰਲੈਂਡ ਵਿਚ ਸੰਘਰਸ਼ਾਂ ਖ਼ਿਲਾਫ਼ ਇਮਦਾਦੀ ਫ਼ੌਜਾਂ ਅਤੇ ਆਇਰਲੈਂਡ ਦੀ ਜੰਗੇ-ਆਜ਼ਾਦੀ ਸਮੇਂ ਭਰਤੀ ਕੀਤੀ ਰਾਇਲ ਆਇਰਿਸ਼ ਕਾਂਸਟੈਬੂਲਰੀ ਵਾਲਿਆਂ ਦੀਆਂ ਵਹਿਸ਼ੀਆਨਾ ਬਦਲਾਲਊ ਕਾਰਵਾਈਆਂ ਦੀਆਂ ਖ਼ਬਰਾਂ ਸੁਣੀਆਂ, ਜਲੰਧਰ ਵਿਚ ਤਾਇਨਾਤ ਤਿੰਨ-ਚੌਥਾਈ ਬਟਾਲੀਅਨ ਨੇ 5 ਜੁਲਾਈ 1920 ਨੂੰ ਬਗ਼ਾਵਤ ਕਰ ਦਿੱਤੀ। ਪਰ ਉਨ੍ਹਾਂ ਦੇ ਭੜਕ ਉੱਠਣ ਦੀ ਇਕੋ ਇਕ ਵਜ੍ਹਾ ਉਹੀ ਘਟਨਾਵਾਂ ਨਹੀਂ ਸਨ। ਅਕਤੂਬਰ ਵਿਚ ਖ਼ੁਫ਼ੀਆ ਪੁਲਿਸ ਦੇ ਨਿਰਦੇਸ਼ਕ ਨੇ ਰਿਪੋਰਟ ਭੇਜੀ ਕਿ, ਆਇਰਿਸ਼ਾਂ ਦੇ ਪੁਰਾਣੇ ਪ੍ਰਬੰਧ ਦੀ ਹਾਮੀ ਸੰਸਥਾ ਦੇ ਸਾਬਕਾ ਪ੍ਰਧਾਨ ਮਿਕਲਫਲਿਨ ਨੇ "ਹਿੰਦ ਵਿਚ ਆਇਰਿਸ਼ ਅਤੇ ਹਿੰਦੀ ਫ਼ੌਜਾਂ ਅੰਦਰ ਰਾਜ-ਧ੍ਰੋਹ ਦੇ ਬੀਜ ਬੀਜਣ ਦੇ ਉਦੇਸ਼ ਨਾਲ" ਪੂਰਬੀ ਸੁਸਾਇਟੀ ਬਣਾਉਣ ਦੀ ਖ਼ਾਹਸ਼ ਜ਼ਾਹਿਰ ਕੀਤੀ ਸੀ। ਰਿਪੋਰਟ ਵਿਚ "ਰਾਵਲਪਿੰਡੀ ਵਿਚ ਇਕ ਬੰਦੇ ਦਾ ਜ਼ਿਕਰ ਸੀ ਜੋ ਚੁੱਪਚੁਪੀਤੇ ਸ਼ਿਨ ਫੀਨ ਅਤੇ ਬਾਲਸ਼ਵਿਕ ਲੀਹਾਂ 'ਤੇ ਕੰਮ ਕਰ ਰਿਹਾ ਸੀ।"[100] ਜੂਨ ਵਿਚ ਬੰਦ ਚਿੱਠੀਆਂ ਦਾ ਇਕ ਪੈਕਟ ਮੈਕਸੀਕੋ ਵਿਚ ਫੜ ਲਿਆ ਗਿਆ, ਜੋ ਨਿਊ ਯਾਰਕ ਤੋਂ ਭੇਜਿਆ ਗਿਆ ਸੀ ਅਤੇ ਗ਼ਦਰ ਆਸ਼ਰਮ ਵਿੱਚੋਂ ਦੀ ਅੱਗੇ ਭੇਜਿਆ ਜਾ ਰਿਹਾ ਸੀ। ਇਸ ਵਿਚ "ਸ਼ਿਨ ਫੀਨ ਦੇ ਝੰਡੇ ਵਾਲਾ ਆਇਰਿਸ਼ ਸਾਹਿਤ ਸੀ ਅਤੇ ਇਹ ਸਮਝਿਆ ਜਾਂਦਾ ਹੈ ਕਿ ਇਹ ਹਿੰਦ ਵਿਚ ਆਇਰਿਸ਼ ਫ਼ੌਜੀਆਂ ਨੂੰ ਭੇਜਿਆ ਗਿਆ ਸੀ।"[101]

ਕਨਾਟ ਰੇਂਜਰਾਂ ਦੀ ਪ੍ਰੇਰਨਾ ਕੋਈ ਵੀ ਰਹੀ ਹੋਵੇ, ਉਨ੍ਹਾਂ ਦਾ ਅੰਤ ਉਹੀ ਹੋਇਆ ਸੀ ਜੋ ਪੰਜ ਸਾਲ ਪਹਿਲਾਂ ਗ਼ਦਰੀ ਫ਼ੌਜੀਆਂ ਦਾ ਹੋਇਆ ਸੀ: *ਸਾਨ ਫਰਾਂਸਿਸਕੋ ਇਗਜ਼ਾਮੀਨਰ* ਦੀ ਰਿਪੋਰਟ ਅਨੁਸਾਰ ਕੋਰਟ ਮਾਰਸ਼ਲ ਕੀਤੇ 69 ਫ਼ੌਜੀਆਂ ਵਿੱਚੋਂ ਚੌਦਾਂ ਫਾਹੇ ਲਾ ਦਿੱਤੇ ਗਏ, ਜਿਨ੍ਹਾਂ ਸੰਤਾਲੀ ਬਾਗ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ ਉਹ ਸਜ਼ਾ ਘਟਾ ਕੇ ਉਮਰ ਕੈਦ ਜਾਂ ਘੱਟ ਕਰ ਦਿੱਤੀ ਗਈ ਅਤੇ ਅੱਠ ਨੂੰ ਬਰੀ ਕਰ ਦਿੱਤਾ ਗਿਆ। ਹਮੇਸ਼ਾ ਚੁਕੰਨੇ ਰਹਿਣ ਵਾਲੇ ਕਰ ਅਤੇ ਗੈਮਨਜ਼ ਨੇ 15 ਜਨਵਰੀ 1921 ਦੇ ਇੰਡੀਆ ਨਿਊਜ਼ ਸਰਵਿਸ ਵਿਚ ਇਸ ਫ਼ੌਜੀ ਬਗ਼ਾਵਤ ਬਾਰੇ ਤਬਸਰਾ ਕਰਦਿਆਂ ਰਿਪੋਰਟ ਦਿੱਤੀ: "ਹਿੰਦ ਵਿਚ ਆਇਰਿਸ਼ ਫ਼ੌਜੀਆਂ ਦੀ ਬਗ਼ਾਵਤ ਦਾ ਸਿੱਟਾ ਇਹ ਹੈ ਕਿ ਇਸ ਨੇ ਹਿੰਦ ਦੀ ਆਜ਼ਾਦੀ ਦੇ ਕਾਜ ਦਾ ਵੱਡਾ ਭਲਾ ਕੀਤਾ ਹੈ। ਵਕਤ ਆ ਗਿਆ ਹੈ ਕਿ ਆਜ਼ਾਦੀ ਲਈ ਸੰਘਰਸ਼ ਕਰ ਰਹੇ ਆਇਰਿਸ਼ ਲੋਕ ਚੁੜੇਰੀ ਦ੍ਰਿਸ਼ਟੀ ਅਤੇ ਨੀਤੀ ਤਹਿਤ ਕੰਮ ਕਰਨ। ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਦੁਨੀਆ ਵਿਚ ਅੰਗਰੇਜ਼ ਸਾਮਰਾਜਵਾਦ ਦੇ ਵਿਰੁੱਧ ਲੜਨ ਵਾਲੀਆਂ ਕੁਲ ਤਾਕਤਾਂ ਨੂੰ ਆਪਣਾ ਨਿਸ਼ਾਨਾ ਪੂਰਾ ਕਰਨ ਲਈ ਮਿਲ ਕੇ ਕੰਮ ਕਰਨਾ ਹੋਵੇਗਾ।"[102]

ਸਿੱਖ ਲੀਗ ਨੇ ਅੰਗਰੇਜ਼ਾਂ ਦੇ ਕਾਰਿਆਂ ਦੀ ਨਿਖੇਧੀ ਕਰਨ ਲਈ ਘਟਨਾ ਵਾਲੀ ਥਾਂ ਉੱਪਰ ਇਕ ਮੀਟਿੰਗ ਕੀਤੀ ਅਤੇ "ਆਇਰਲੈਂਡ ਦੇ ਗਣਰਾਜ ਦੀ ਕਾਮਯਾਬੀ ਲਈ ਹਾਰਦਿਕ ਸਹਿਯੋਗ ਦੀ ਪੇਸ਼ਕਸ਼ ਕੀਤੀ।" ਗ਼ਦਰ ਪਾਰਟੀ ਨੇ "ਉਨ੍ਹਾਂ ਆਇਰਿਸ਼ ਸ਼ਹੀਦਾਂ ਅਤੇ ਦੇਸ਼ਭਗਤਾਂ

ਦੀਆਂ ਅਣਮੋਲ ਸੇਵਾਵਾਂ ਦੀ ਸੁਹਿਰਦ ਤਾਰੀਫ਼" ਕਰਦਾ ਬਿਆਨ ਜਾਰੀ ਕਰਦਿਆਂ ਇਕ ਮੀਟਿੰਗ ਕੈਲੀਫੋਰਨੀਆ ਵਿਚ ਕੀਤੀ, ਜੋ ਉਹ "ਅਮਰੀਕਾ ਵਿਚਲੇ ਸਾਰੇ ਆਇਰਿਸ਼ ਅਖ਼ਬਾਰਾਂ ਅਤੇ ਆਮ ਰੂਪ 'ਚ ਪ੍ਰੈੱਸ ਤੇ ਆਇਰਿਸ਼ ਸੁਸਾਇਟੀਆਂ ਨੂੰ ਭੇਜਣਾ ਚਾਹੁੰਦੇ ਸਨ।"[103] ਬੰਬਈ ਤੇ ਕਲਕੱਤਾ ਦੇ ਗਰੁੱਪਾਂ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਦੀ ਨਾਗਪੁਰ ਵਿਚ ਚੱਲ ਰਹੀ ਮੀਟਿੰਗ ਨੇ ਵੀ ਇਹੀ ਮਤੇ ਪਾਏ। ਗ਼ਦਰ ਨੇ ਐਲਾਨ ਕੀਤਾ ਕਿ ਨਿਊ ਯਾਰਕ ਦੀ ਆਇਰਿਸ਼ ਪ੍ਰਾਗਰੈਸਿਵ ਲੀਗ ਨੇ ਨਾਗਪੁਰ ਤੋਂ ਭੇਜੇ ਮਤੇ ਦਾ ਜਵਾਬ ਦਿੰਦਿਆਂ "ਹਿੰਦ ਦੇ ਲੋਕਾਂ ਨੂੰ ਉਨ੍ਹਾਂ ਦੀ ਮੁਕਤੀ ਦੀ ਜੱਦੋਜਹਿਦ ਵਿਚ ਆਇਰਿਸ਼ ਕੌਮ ਵਲੋਂ ਨਿੱਘਾ ਅਤੇ ਯਕੀਨਨ ਸਹਿਯੋਗ ਦੇਣ ਦਾ ਯਕੀਨ ਦਿਵਾਇਆ ਹੈ" ਅਤੇ ਇਸ ਦੀਆਂ ਕਾਪੀਆਂ ਆਇਰਿਸ਼ ਤੇ ਅੰਗਰੇਜ਼ ਸਫ਼ਾਰਤਖ਼ਾਨਿਆਂ ਅਤੇ ਨਿਊ ਯਾਰਕ ਦੇ ਹਿੰਦੀ ਗਰੁੱਪਾਂ ਨੂੰ ਭੇਜੀਆਂ ਗਈਆਂ।[104] ਗ਼ਦਰ ਦੇ ਐਕਟਿੰਗ ਸਕੱਤਰ ਬਿਸ਼ਨ ਸਿੰਘ ਵਲੋਂ ਆਪਣੇ ਪੁਰਾਣੇ ਮਿੱਤਰ ਡੀ ਵਲੇਰਾ ਨੂੰ ਸੋਗ, ਹਮਦਰਦੀ ਅਤੇ ਇਕਮੁੱਠਤਾ ਦਾ ਪੈਗ਼ਾਮ ਦਿੰਦਾ ਖ਼ਤ ਲਿਖਿਆ ਗਿਆ। ਹਿੰਦ ਦੀ ਆਜ਼ਾਦੀ ਦੇ ਮਿੱਤਰ ਸੰਸਥਾ ਵਲੋਂ ਵੀ ਇਕ ਚਿੱਠੀ ਕਿੰਗ ਜਾਰਜ ਨੂੰ ਲਿਖੀ ਗਈ ਜੋ ਕਾਫ਼ੀ ਘੱਟ ਹਮਾਇਤ ਵਾਲੀ ਸੀ: "ਇਕ ਵਾਰ ਫਿਰ ਬਹੁਤ ਸਾਰੇ ਮੁਲਕਾਂ ਦੇ ਸ਼ਹੀਦਾਂ ਦੇ ਲਹੂ ਨਾਲ ਲਿੱਬੜੀ ਅੰਗਰੇਜ਼ ਹਕੂਮਤ ਦੇ ਅੰਤ ਦਾ ਸ਼ਾਨਦਾਰ ਦਿਨ ਹੋਰ ਨੇੜੇ ਹੋ ਗਿਆ ਹੈ। ਅਸੀਂ ਉਨ੍ਹਾਂ ਦਹਿ-ਲੱਖਾਂ ਲੋਕਾਂ ਨੂੰ ਸੱਦਾ ਦੇਣ ਦਾ ਆਪਣਾ ਅਹਿਦ ਮੁੜ ਦੁਹਰਾਉਂਦੇ ਹਾਂ ਜੋ ਆਇਰਲੈਂਡ, ਹਿੰਦ, ਮਿਸਰ, ਰੂਸ ਅਤੇ ਗੁਆਂਢ ਪੂਰਬ ਵਿਚ ਜ਼ਿੰਦਗੀ, ਮੁਕਤੀ ਅਤੇ ਖੁਸ਼ਹਾਲੀ ਦੀ ਭਾਲ ਵਿਚ ਲੜ ਰਹੇ ਹਨ। ਹਰ ਸ਼ਹੀਦ ਸਾਡੀ ਹੋਣ ਵਾਲੀ ਫ਼ਤਹਿ ਵੱਲ ਕੂਚ ਵਿਚ ਚਾਨਣ ਮੁਨਾਰਾ ਹੈ।"[105]

"ਹਿੰਦ ਵਿਚ ਆਇਰਿਸ਼ ਬਗ਼ਾਵਤ" ਸਿਰਲੇਖ ਵਾਲੇ ਲੇਖ ਵਿਚ *ਇੰਡੀਪੈਂਡੈਂਟ ਹਿੰਦੁਸਤਾਨ* ਨੇ ਐਲਾਨ ਕੀਤਾ: "ਅਸੀਂ ਉਨ੍ਹਾਂ ਆਇਰਿਸ਼ ਫ਼ੌਜੀਆਂ ਦੀ ਤਾਰੀਫ਼ ਕਰਦੇ ਹਾਂ ਜਿਨ੍ਹਾਂ ਨੇ ਉਨ੍ਹਾਂ ਸੂਰਬੀਰ ਸ਼ਿਨ ਫੀਨਰਾਂ ਨਾਲ ਹਮਦਰਦੀ ਦਿਖਾਉਂਦਿਆਂ ਹਥਿਆਰ ਸੁੱਟ ਦਿੱਤੇ ਜੋ ਆਇਰਿਸ਼ ਗਣਰਾਜ ਦੇ ਕਾਜ ਲਈ ਜਾਨਾਂ ਵਾਰ ਰਹੇ ਹਨ।" ਜਦਕਿ, ਸੰਪਾਦਕ ਨੇ ਇਸ ਦੇ ਨਾਲ ਇਕ ਤੌਖਲੇ ਵਾਲੀ ਟਿੱਪਣੀ ਵੀ ਕੀਤੀ:

"ਜਦਕਿ ਇਨਕਲਾਬੀ ਲਹਿਰਾਂ ਦੇ ਅੱਗੇ ਵਧਣ ਸਮੇਂ ਲੜਨ ਤੋਂ ਨਾਂਹ ਇਸ ਤੋਂ ਕਿਤੇ ਵੱਧ ਕਾਰਗਰ ਹੁੰਦੀ, ਜੇ ਆਇਰਿਸ਼ ਫ਼ੌਜੀਆਂ ਨੇ ਪੰਜਾਬ ਵਿਚ ਅਣਮਨੁੱਖੀ ਕਤਲੋਗ਼ਾਰਤ ਤੇ ਜ਼ੁਲਮਾਂ ਖ਼ਿਲਾਫ਼ ਰੋਸ ਪ੍ਰਗਟਾਉਂਦਿਆਂ ਫ਼ੈਸਲਾਕੁੰਨ ਕਾਰਵਾਈ ਕੀਤੀ ਹੁੰਦੀ। ਪੁਰਾਣੀ ਸਾਮਰਾਜਵਾਦੀ ਚਾਲ ਇਹ ਰਹੀ ਹੈ ਕਿ ਲੋਕਾਂ ਨੂੰ ਇਕ ਦੂਜੇ ਵਿਰੁੱਧ ਲੜਾਇਆ ਜਾਵੇ। ਅਤੇ ਜਿੰਨੀ ਛੇਤੀ ਸਾਮਰਾਜਵਾਦ ਦੇ ਸਤਾਏ ਲੋਕ ਇਸ ਨੂੰ ਸਮਝ ਲੈਣਗੇ, ਉਨ੍ਹਾਂ ਦੇ ਮੁਲਕਾਂ ਦਾ ਬੇਗਾਨਿਆਂ ਦੀ ਜਕੜ ਤੋਂ ਓਨੀ ਹੀ ਛੇਤੀ ਖਹਿੜਾ ਛੁੱਟ ਜਾਵੇਗਾ।.... ਅਸੀਂ ਹਿੰਦ ਦੇ ਲੋਕਾਂ ਨੂੰ ਤੁਰੰਤ ਹਰਕਤ 'ਚ ਆਉਣ ਲਈ ਜ਼ੋਰ ਦੇ ਰਹੇ ਹਾਂ ਤਾਂ ਜੋ ਇਕ ਵੀ ਹਿੰਦੀ ਅੰਗਰੇਜ਼ਾਂ ਦੇ ਹਿੱਤ ਲਈ ਲੜਨ ਵਾਸਤੇ ਆਇਰਲੈਂਡ, ਮੈਸੋਪੋਟਾਮੀਆ, ਫ਼ਲਸਤੀਨ, ਮਿਸਰ, ਅਰਮੀਨੀਆ, ਈਰਾਨ, ਅਫ਼ਗਾਨਿਸਤਾਨ, ਚੀਨ ਵਿਚ ਨਾ ਜਾਵੇ। ਹਿੰਦ-ਆਇਰਿਸ਼ ਸਮਝੌਤਾ [ਬੁਖਲਾਏ ਹੋਏ] ਅੰਗਰੇਜ਼ ਸਾਮਰਾਜਵਾਦ ਨੂੰ ਤਬਾਹ ਕਰਨ ਵਾਲਾ ਇਕ ਕਾਰਗਰ ਹਥਿਆਰ ਹੋਏਗਾ।"[106]

## ਏਸ਼ੀਆ ਏਸ਼ੀਅਨਾਂ ਦਾ

ਇਸ ਸਮੇਂ ਦੌਰਾਨ ਪਰਦੇਸਾਂ ਵਿਚ ਹਿੰਦੀ ਇਨਕਲਾਬੀਆਂ ਦੇ ਤਾਣੇਬਾਣੇ ਦੇ ਵਿੱਚੋਂ ਦੀ ਇਕ ਤੀਜੀ ਕੌਮੀ – ਜਾਂ ਦੂਜੀ ਸਾਮਰਾਜਵਾਦੀ – ਹੋਂਦ ਵੀ ਲੰਘਦੀ ਸੀ। ਇਹ ਹੋਂਦ ਜਪਾਨ ਸੀ।

ਪਰ ਕੀ ਹਿੰਦੀਆਂ ਦੇ ਜਪਾਨੀ ਸਾਲਸ ਉਨ੍ਹਾਂ ਦੇ ਸਾਮਰਾਜੀ ਸਰਪ੍ਰਸਤ ਜਰਮਨੀ ਵਾਂਗ ਦੁਸ਼ਮਣ ਦੇ ਦੁਸ਼ਮਣ ਸਨ, ਜਾਂ ਮਿੱਤਰ ? ਇਸ ਸਵਾਲ ਦਾ ਜਵਾਬ ਦੇਣ ਲਈ ਸਾਂਝ ਦੇ ਅਧਾਰ ਅਤੇ ਇਸ ਰਿਸ਼ਤੇ ਦੇ ਬਦਲਦੇ ਮੂਲ-ਤੱਤ ਦੀ ਚੀਰਫਾੜ ਲਾਜ਼ਮੀ ਕਰਨੀ ਹੋਵੇਗੀ।

1905 'ਚ ਰੂਸ ਉੱਪਰ ਜਪਾਨ ਦੀ ਜਿੱਤ ਨਾਲ, ਬੰਗਾਲ ਦੀ ਸਵਦੇਸ਼ੀ ਲਹਿਰ ਸਮੇਤ ਉਸ ਵਕਤ ਦੇ ਏਸ਼ੀਆਈ ਕੌਮੀ ਮੁਕਤੀ ਘੋਲਾਂ ਨੂੰ ਇਸ ਕਰਕੇ ਹੁਲਾਰਾ ਮਿਲਿਆ ਕਿਉਂਕਿ ਇਹ ਜਪਾਨ ਦੀ ਸਭਿਅਤਾ ਦੀ ਚੜ੍ਹੇਗੀ ਹੋਂਦ ਨਾਲ ਅਚਾਨਕ ਮੇਲ ਖਾ ਗਏ ਸਨ, ਜਿਸ ਦੀ ਥਾਂ ਹੁਣ ਸਧਾਰਨੀਕਰਨ ਹੋ ਚੁੱਕੇ ਪੂਰਬ/ਪੱਛਮ ਟਕਰਾਅ ਅੰਦਰ ਚੈਂਪੀਅਨ ਵਾਲੀ ਬਣ ਗਈ ਸੀ। ਜੀਮਿਲ ਐਦਿਨ ਦੀ "ਏਸ਼ੀਆਈ ਲੋਕਾਂ" ਦੀ ਸੂਚੀ, ਜਿਨ੍ਹਾਂ ਵਿਚ ਇਹ ਉਤਸ਼ਾਹਜਨਕ ਮੋੜਾ ਕੱਟਣ ਵਾਲੀ ਸਾਂਝੀ ਭਾਵਨਾ ਸੀ, ਵਿਚ ਯੰਗ ਟਰਕ, ਈਰਾਨੀ ਸੰਵਿਧਾਨਵਾਦੀ, ਹਿੰਦੀ ਤੇ ਚੀਨੀ ਰਾਸ਼ਟਰਵਾਦੀ, ਅਤੇ ਵੀਅਤਨਾਮੀ ਸੁਧਾਰਕ ਸ਼ੁਮਾਰ ਸਨ। ਮੁਸਤਫ਼ਾ ਕਾਮਿਲ ਨੇ ਪੂਰੇ ਏਸ਼ੀਆ ਤੇ ਅਫ਼ਰੀਕਾ ਦੇ ਅੰਗਰੇਜ਼ ਵਿਰੋਧੀ ਟਾਕਰੇ ਅਤੇ ਰਾਸ਼ਟਰਵਾਦੀ ਚੇਤਨਾ ਨੂੰ ਜਗਾਉਣ ਵਿਚ ਜਪਾਨ ਦੀ ਜਿੱਤ ਦੇ ਗੁਣਕਾਰੀ ਪ੍ਰਭਾਵ ਦੀ ਤਾਰੀਫ਼ ਕੀਤੀ। ਜਦਕਿ, ਐਦਿਨ ਇਹ ਨੁਕਤਾ ਵੀ ਉਠਾਉਂਦਾ ਹੈ ਕਿ ਇਸ ਦਾ ਸਿੱਟਾ ਡੂੰਘੇ ਜਾਂ ਚਿਰ-ਸਥਾਈ ਗੱਠਜੋੜ ਵਿਚ ਨਹੀਂ ਨਿਕਲਿਆ। ਜਪਾਨ ਜਿੰਨਾ ਔਟੋਮਨਾਂ, ਮਿਸਰੀਆਂ ਅਤੇ ਹਿੰਦੀਆਂ ਲਈ *[ਏਸ਼ੀਆ ਦੀ]* ਆਧੁਨਿਕਤਾ ਦਾ ਆਲੰਕਾਰ" ਸੀ ਓਨਾ ਏਸ਼ੀਆਈ ਲੋਕਾਂ ਦਾ ਸਾਂਝੀਦਾਰ ਨਹੀਂ ਸੀ ਜੋ ਜਪਾਨ ਦੀ ਪੱਛਮੀ ਤਾਕਤਾਂ ਨੂੰ ਲਲਕਾਰਨ ਦੀ ਤਾਕਤ ਦਾ "ਰਾਜ਼" ਜਾਨਣ ਲਈ ਉਤਸੁਕ ਸਨ। ਹਿੰਦ ਤੇ ਜਪਾਨ ਦਰਮਿਆਨ ਹਿੰਦ ਅਤੇ ਮਿਸਰ, ਜਾਂ ਹਿੰਦ ਅਤੇ ਆਇਰਲੈਂਡ ਵਿਚਲੇ ਵਧੇਰੇ ਸਾਵੇਂ ਸਬੰਧਾਂ ਨਾਲੋਂ ਇਕ ਬਹੁਤ ਹੀ ਵੱਖਰੀ ਤਰ੍ਹਾਂ ਦਾ ਰਿਸ਼ਤਾ ਵਿਕਸਤ ਹੋਇਆ। ਇਨ੍ਹਾਂ ਮੁਲਕਾਂ ਤੋਂ ਉਲਟ, ਜਪਾਨ ਬਸਤੀਵਾਦੀ ਪ੍ਰਭਾਵ ਹੇਠ ਨਹੀਂ ਸੀ; ਜਰਮਨੀ ਵਾਂਗ ਹੀ ਇਹ ਵੀ ਇਸ ਤੋਂ ਆਪਣੀ ਬੰਦ-ਖ਼ਲਾਸੀ ਨਹੀਂ ਸੀ ਕਰਾਉਣੀ ਚਾਹੁੰਦਾ, ਬਸ ਅੰਗਰੇਜ਼ ਸਲਤਨਤ ਨਾਲ ਸ਼ਰੀਕੇਬਾਜ਼ੀ ਕਰਨੀ ਚਾਹੁੰਦਾ ਸੀ।[107]

ਫਿਰ ਵੀ, ਜਦੋਂ ਰਬਿੰਦਰਨਾਥ ਟੈਗੋਰ ਅਤੇ ਓਕਾਕੁਰਾ ਤੇਨਸ਼ਿਨ ਇਕ ਸਾਂਝੇ ਏਸ਼ੀਆਈ ਸੱਭਿਆਚਾਰ ਦੀ ਅਗੰਮੀ ਰੂਹਾਨੀ ਅਤੇ ਕਲਾਤਮਕ ਉੱਤਮਤਾ ਦੀਆਂ ਸਿਫ਼ਤਾਂ ਕਰਨ 'ਚ ਲੱਗੇ ਹੋਏ ਸਨ, ਓਦੋਂ ਹੀ "ਪੂਰੇ ਏਸ਼ੀਆ ਦੇ ਵਿਦਿਆਰਥੀਆਂ, ਇਨਕਲਾਬੀਆਂ, ਬੁੱਧੀਜੀਵੀਆਂ ਅਤੇ ਸਿਰਲੱਥ ਯੋਧਿਆਂ" – ਤੁਰਕ ਅਤੇ ਅਰਬ ਵਿਦਿਆਰਥੀਆਂ ਸਮੇਤ – ਨੇ ਰੂਹਾਨੀ ਰਿਸ਼ਤੇ ਵਿੱਚੋਂ ਨਹੀਂ ਸਗੋਂ ਆਧੁਨਿਕ ਤਕਨੀਕੀ ਸਿਖਲਾਈ ਅਤੇ ਸਾਬਤ ਹੋ ਚੁੱਕੇ ਪ੍ਰਭਾਵਸ਼ਾਲੀ ਮਾਡਲਾਂ ਦੀ ਭਾਲ ਵਿਚ ਟੋਕੀਓ ਨੂੰ ਵਹੀਰਾਂ ਘੱਤਣੀਆਂ ਸ਼ੁਰੂ ਕਰ ਦਿੱਤੀਆਂ ਸਨ। ਸਿਖਲਾਈ, ਸ਼ਰਣ ਅਤੇ ਮਦਦ ਦੇ ਵਸੀਲੇ ਵਜੋਂ ਜਪਾਨ ਵਿਚ ਢੋਈ ਲੈਣ ਦੀ ਕੋਸ਼ਿਸ਼ ਕਰਨ ਵਾਲੇ ਹਿੰਦੀ ਬਾਗ਼ੀਆਂ ਦੇ ਪੱਲੇ ਨਿਰਾਸ਼ਾ ਹੀ ਪਈ ਜਿਸ ਦੀ ਵਜ੍ਹਾ ਨਾਲ ਓੜਕ ਸਾਡੇ ਬਹੁਤ ਸਾਰੇ ਭਵਿੱਖੀ ਗ਼ਦਰੀ ਵਿਦਿਆਰਥੀਆਂ ਨੇ ਅਮਰੀਕਾ ਜਾਣ ਦਾ ਤਜ਼ਰਬਾ ਕੀਤਾ। ਜਦਕਿ, ਜਿੰਨਾ ਵਕਤ ਉਹ ਜਪਾਨ ਵਿਚ ਰਹੇ, ਉਹ ਟੋਕੀਓ ਵਿਚ ਰਹਿ ਰਹੇ ਹੋਰ ਅਗਾਂਹਵਧੂ ਏਸ਼ੀਆਈ ਵਿਦਿਆਰਥੀਆਂ ਤੇ ਸਿਆਸੀ ਕਾਰਕੁੰਨਾਂ ਨਾਲ ਆਰਜੀ ਰਾਬਤਾ ਬਣਾਉਣ ਅਤੇ ਬਾਅਦ 'ਚ ਬਣਾਈਆਂ ਜਾਣ ਵਾਲੀਆਂ ਸਰਬ-ਏਸ਼ੀਆਈ ਸੰਸਥਾਵਾਂ ਅਤੇ ਪ੍ਰਵਚਨ ਦੀਆਂ ਨੀਂਹਾਂ ਰੱਖਣ ਵਿਚ ਕਾਮਯਾਬ ਹੋ ਗਏ। ਜਪਾਨ ਦੇ ਜੰਗਵਾਦ ਵਿਰੋਧੀ ਮਿਜ਼ਾਜ ਵਾਲੇ ਕੁਝ ਵੱਖਰੇ ਮੱਤ ਦੇ ਧਾਰਨੀਆਂ (ਜਿਨ੍ਹਾਂ ਨੇ ਛੇਤੀ ਹੀ ਆਪਣੇ ਹੀ ਸਮਾਜ ਵਿਚ ਹਾਸ਼ੀਏ 'ਤੇ ਧੱਕੇ ਜਾਣਾ ਸੀ) ਨੇ ਹਿੰਦੀ ਅਤੇ ਚੀਨੀ ਵਿਦਿਆਰਥੀਆਂ ਨਾਲ ਮਿਲ ਕੇ 1907 'ਚ ਟੋਕੀਓ ਵਿਚ ਏਸ਼ੀਆਈ ਇਕਮੁੱਠਤਾ ਸੋਸਾਇਟੀ

ਬਣਾਈ। *ਟਾਈਮਜ਼* ਦੇ ਵੇਲੈਂਟਾਈਨ ਚਿਰੋਲ ਨੇ ਦਾਅਵਾ ਕੀਤਾ ਕਿ ਜਪਾਨ ਦੇ ਸਮਾਜਵਾਦੀ ਪਰਚਿਆਂ ਲਈ ਹਿੰਦੁਸਤਾਨੀ ਅਕਸਰ ਸਹਾਇਤਾ ਫੰਡ ਭੇਜਦੇ ਸਨ, ਪਰ ਉਸ ਨੇ ਇਸ ਦੇ ਅਜਾਈਂ ਜਾਣ ਦਾ ਮਿਹਣਾ ਇਸ ਤਰ੍ਹਾਂ ਮਾਰਿਆ ਕਿ "ਜਦੋਂ [ਹਿੰਦੀ ਵਿਦਿਆਰਥੀ] ਆਪਣੇ ਸਿਆਸੀ ਖ਼ਿਆਲ ਜ਼ਾਹਰ ਕਰਦੇ ਹਨ ਅਤੇ ਅੰਗਰੇਜ਼ ਰਾਜ ਦੀ ਭੰਡੀ ਕਰਦੇ ਹਨ ਤਾਂ ਉਨ੍ਹਾਂ ਨੂੰ ਝੱਟ ਉਨ੍ਹਾਂ ਦੀ ਔਕਾਤ ਦਿਖਾ ਦਿੱਤੀ ਜਾਂਦੀ ਹੈ।"[108]

ਬਰਕਤਉੱਲਾ, ਤਾਰਕਨਾਥ ਦਾਸ, ਹੇਰੰਬਾ ਲਾਲ ਗੁਪਤਾ ਅਤੇ ਰਾਸ ਬਿਹਾਰੀ ਬੋਸ ਪਰਦੇਸਾਂ ਵਿਚਲੇ ਬਹੁਤ ਸਾਰੇ ਹਿੰਦੀ ਇਨਕਲਾਬੀਆਂ, ਜਿਨ੍ਹਾਂ ਨੇ ਉੱਤਰੀ ਅਮਰੀਕਾ ਵਿਚ ਗ਼ਦਰ ਨੂੰ ਅਤੇ/ਜਾਂ 1915 ਦੀ ਗ਼ਦਰੀ ਬਗ਼ਾਵਤ ਨੂੰ ਜਥੇਬੰਦ ਕਰਨ ਵਿਚ ਅਹਿਮ ਕਿਰਦਾਰ ਨਿਭਾਏ, ਦੇ ਜਪਾਨ ਨਾਲ ਵੀ ਸੰਪਰਕ ਸਨ। ਬਾਕੀ ਦੇ ਤਾਂ ਭਗੌੜੇ ਹੋਣ ਕਾਰਨ ਅਤੇ ਜੰਗ ਸਮੇਂ ਲੁਕੇ ਹੋਣ ਕਾਰਨ ਇਥੇ ਆਏ ਸਨ, ਬਰਕਤਉੱਲਾ ਪਹਿਲਾਂ 1909 'ਚ ਭਾਸ਼ਾ ਉਸਤਾਦ ਅਤੇ ਅਖ਼ਬਾਰ ਦੇ ਸੰਪਾਦਕ ਵਜੋਂ ਟੋਕੀਓ ਆਇਆ ਸੀ। ਉਸ ਦੀ ਮਾਰਫ਼ਤ ਹੀ ਗੁਪਤਾ, ਬੋਸ ਅਤੇ ਹੋਰਾਂ ਦੇ ਓਕਾਵਾ ਸ਼ੂਮੇ ਨਾਲ ਸੰਪਰਕ ਬਣੇ, ਇਸ ਤੋਂ ਅੱਗੇ ਜੋ ਹਿੰਦੀ ਰਾਸ਼ਟਰਵਾਦੀਆਂ ਦਾ ਸੰਗੀ ਅਤੇ ਸਰਬ-ਇਸਲਾਮਵਾਦ ਦਾ ਮੁਹਰੈਲ ਸਿਧਾਂਤਕਾਰ ਬਣਿਆ। ਦਾਸ, ਬੋਸ ਅਤੇ ਹੋਰਾਂ ਨੇ ਬਾਅਦ ਵਿਚ ਓਕਾਵਾ ਦੇ ਮਾਸਿਕ ਪਰਚੇ *ਨਿਹੋਂ* ਵਿਚ ਯੋਗਦਾਨ ਪਾਇਆ, ਜੋ 1925 ਤੋਂ 1932 ਤੱਕ ਛਪਦਾ ਰਿਹਾ। ਰੈਡੀਕਲ ਰਾਸ਼ਟਰਵਾਦ ਦੇ ਬਾਵਜੂਦ ਜਾਂ ਇਸ ਦੇ ਕਾਰਨ, ਇਹ ਵਿਆਪਕ ਏਸ਼ੀਆਈ ਮਾਮਲਿਆਂ ਉੱਪਰ ਵੀ ਤਬਸਰੇ ਕਰਦਾ ਸੀ – ਇਕ ਐਸਾ ਏਸ਼ੀਆ, ਜਿਵੇਂ ਓਕਾਵਾ ਦੀ 1922 'ਚ ਛਪੀ ਪ੍ਰਭਾਵਸ਼ਾਲੀ ਕਿਤਾਬ ਵਿਚ ਪ੍ਰੀਭਾਸ਼ਤ ਕੀਤਾ ਗਿਆ ਸੀ, ਜਿਸ ਵਿਚ ਹਿੰਦ, ਥਾਈਲੈਂਡ, ਅਫ਼ਗਾਨਿਸਤਾਨ, ਈਰਾਨ, ਤੁਰਕੀ, ਮਿਸਰ, ਮੈਸੋਪੋਟਾਮੀਆ, ਸਾਊਦੀ ਅਰਬ, ਤਿੱਬਤ ਅਤੇ ਸਿਆਮ ਸ਼ੁਮਾਰ ਕੀਤੇ ਗਏ ਸਨ। ਜੀਮਿਲ ਐਦਿਨ ਅਨੁਸਾਰ, ਇਸ ਪੜਾਅ 'ਤੇ ਉਸ ਦੇ ਸਰਬ-ਏਸ਼ੀਆਈ ਆਦਰਸ਼ਾਂ ਨੂੰ ਘੜਨ ਵਿਚ ਓਕਾਵਾ ਦੇ ਹਿੰਦੀ ਰਾਸ਼ਟਰਵਾਦ ਨਾਲ ਸਬੰਧਾਂ ਦੀ ਅਹਿਮੀਅਤ ਦਾ ਅੰਦਾਜ਼ਾ ਵਧਾ-ਚੜ੍ਹਾ ਕੇ ਨਹੀਂ ਲਾਇਆ ਜਾ ਸਕਦਾ।[109]

ਤੇ ਸ਼ਾਇਦ ਗੱਲ ਇਸ ਤੋਂ ਉਲਟ ਵੀ ਹੈ: ਟੋਕੀਓ ਵਿਚ ਅੰਗਰੇਜ਼ ਸਫ਼ਾਰਤਖ਼ਾਨੇ ਨੂੰ ਜੰਗ ਛਿੜਨ ਤੋਂ ਪਹਿਲਾਂ ਦੇ ਸਾਲ ਵਿਚ ਇਕ ਹੈਰਤ-ਅੰਗੇਜ਼ ਯੋਜਨਾ ਦੀ ਭਿਣਕ ਪੈ ਗਈ ਸੀ। ਇਕ ਜਪਾਨੀ ਰਿਜ਼ਰਵ ਅਫ਼ਸਰ ਸ਼ਿਮਾਦਾ ਨੇ ਦਾਅਵਾ ਕੀਤਾ ਕਿ ਹਿੰਦੀਆਂ ਨੇ ਬੜੌਦਾ ਦੇ ਗੈਕਵਾੜ ਦੀ ਅਗਵਾਈ 'ਚ ਇਨਕਲਾਬ ਸ਼ੁਰੂ ਕਰਨ ਅਤੇ ਜਪਾਨ ਤੋਂ ਹਥਿਆਰ, ਗੋਲੀ-ਸਿੱਕਾ ਤੇ ਸਾਬਕਾ ਅਫ਼ਸਰਾਂ ਦੀ ਮਦਦ ਲੈਣ ਲਈ ਉਸ ਨੂੰ ਭਰਤੀ ਕੀਤਾ ਸੀ।[110] ਪਰ ਇਸ ਸਮੇਂ ਬਰਕਤਉੱਲਾ ਦਾ ਸਹਾਇਕ ਹਤਾਨੋ (ਜਿਸ ਨੂੰ ਇਸਲਾਮ ਨੂੰ ਅਪਣਾਉਣ ਵਾਲਾ ਪਹਿਲਾ ਜਪਾਨੀ ਸਮਝਿਆ ਜਾਂਦਾ ਹੈ) ਮੁਖ਼ਬਰ ਬਣ ਗਿਆ। ਉਸ ਵਲੋਂ ਕੀਤੇ ਇੰਕਸ਼ਾਫ਼ਾਂ ਵਿਚ ਸ਼ਾਮਲ ਸੀ ਹਿੰਦ ਅਤੇ ਚੀਨ ਵਿਚ ਆਹਲਾ ਅੰਗਰੇਜ਼ ਅਧਿਕਾਰੀਆਂ ਨੂੰ ਜ਼ਹਿਰ ਦੇਣ ਦੀ ਯੋਜਨਾ, ਜਿਥੇ ਭਗਵਾਨ ਸਿੰਘ ਨੇ ਇਸ ਦੇ ਪਹਿਲਾਂ ਹੀ ਜ਼ਰੂਰੀ ਇੰਤਜ਼ਾਮ ਕਰ ਰੱਖੇ ਸਨ। ਹਤਾਨੋ ਨੇ ਤਫ਼ਤੀਸ਼ਕਰਤਾਵਾਂ ਨੂੰ "ਆਪਣੀ ਕਹਾਣੀ ਦੀ ਪੁਸ਼ਟੀ ਲਈ ਨਮੂਨੇ ਵਜੋਂ ਇਕ ਸ਼ੀਸ਼ੀ ਦਿਖਾਈ ਜਿਸ ਉੱਪਰ ਸੰਖੀਏ ਦਾ ਲੇਬਲ ਸੀ।"[111] ਇਹ ਯਤਨ ਵਕਤ ਸਿਰ ਨਾਕਾਮ ਬਣਾ ਦਿੱਤਾ ਗਿਆ ਸੀ। ਅੰਗਰੇਜ਼ ਤਫ਼ਤੀਸ਼ ਕਰਤਾਵਾਂ ਲਈ ਹੋਰ ਵੀ ਦਿਲਚਸਪ ਸਨ ਪ੍ਰਚਾਰ ਦੇ ਤਾਣੇਬਾਣੇ ਬਾਰੇ ਹਤਾਨੋ ਵਲੋਂ ਦੱਸੇ ਗੁਰ: ਉਸ ਨੇ "ਬਦੇਸਾਂ ਵਿਚ ਬਗ਼ਾਵਤ ਦੀ ਲਹਿਰ ਦੇ ਤਿੰਨ ਮੋਹਰੀ ਆਗੂਆਂ" ਦੇ ਨਾਂ ਨਸ਼ਰ ਕੀਤੇ ਅਤੇ ਲਹਿਰ ਵਿਚ ਹਿੱਸਾ ਲੈਣ ਤੇ ਬਾਗ਼ੀ ਸਾਹਿਤ ਹਾਸਲ ਕਰਨ ਵਾਲੇ ਪੰਜ

ਸੌ ਬੰਦਿਆਂ ਦੀ ਸੂਚੀ ਦਿੱਤੀ, ਜੋ ਪੂਰੇ ਉੱਤਰੀ ਅਮਰੀਕਾ, ਹਿੰਦ ਅਤੇ ਪੂਰਬੀ ਏਸ਼ੀਆ ਵਿਚ ਫੈਲੇ ਹੋਏ ਸਨ।

ਟੋਕੀਓ ਦੇ ਇਸੇ ਮਾਹੌਲ ਵਿਚ ਹਿੰਦੀ ਪਹਿਲੀ ਵਾਰ ਚੀਨੀ ਗਣਰਾਜਵਾਦ ਦੇ ਪਿਤਾਮਾ ਸੁਨ ਯਤ-ਸੇਨ ਨੂੰ ਮਿਲੇ, ਜਿਸ ਦਾ 1911 ਦਾ ਸਾਮਰਾਜਵਾਦ ਵਿਰੋਧੀ ਕਾਮਯਾਬ ਇਨਕਲਾਬ, ਜੋ ਪ੍ਰਸ਼ਾਂਤ ਸਾਗਰ ਦੇ ਖਿੱਤੇ ਵਿਚ ਰਹਿੰਦੇ ਪਰਦੇਸੀਆਂ ਦੀ ਮਦਦ ਨਾਲ ਚਲਾਇਆ ਗਿਆ, ਸਮਕਾਲੀ ਪਰਵਾਸੀ ਇਨਕਲਾਬੀਆਂ ਲਈ ਬਹੁਤ ਹੀ ਢੁੱਕਵਾਂ ਦਾਅਪੇਚਕ ਨਮੂਨਾ ਸਾਬਤ ਹੋਇਆ ਸੀ। ਸੁਨ ਦੇ ਸਿਆਸੀ ਸਿਧਾਂਤ ਵੀ ਮੁੱਖ ਤੌਰ 'ਤੇ ਉਸ ਵਕਤ ਨਰਮ-ਖ਼ਿਆਲੀ ਸਮਾਜਵਾਦ ਅਤੇ ਜਮਹੂਰੀ ਗਣਰਾਜਵਾਦ ਨੂੰ ਸੁਮੇਲਦੇ ਉਨ੍ਹਾਂ ਦੇ ਆਪਣੇ ਸਿਧਾਂਤਾਂ ਨਾਲ ਮਿਲਦੇ ਜੁਲਦੇ ਸਨ। ਇੰਞ ਸੁਨ ਗ਼ਦਰ ਲਹਿਰ ਦੀਆਂ ਇਨਕਲਾਬੀ ਸਰਗਰਮੀਆਂ ਲਈ ਅਹਿਮ ਗੁਰੂ ਅਤੇ ਨਮੂਨਾ ਸਿੱਧ ਹੋਇਆ, ਅਤੇ 1925 'ਚ ਆਪਣੀ ਮੌਤ ਤੱਕ ਉਹ ਉਨ੍ਹਾਂ ਦਾ ਮਿੱਤਰ ਅਤੇ ਸਰਬ-ਏਸ਼ੀਆਈ ਕੌਮਾਂਤਰੀਵਾਦ ਦਾ ਹਿੱਸੇਦਾਰ ਰਿਹਾ।

1915 ਦੇ ਹੁਨਾਲ ਵਿਚ ਆਪਣੀ ਸਿਆਮ ਅਤੇ ਬਰਮਾ ਦੀ ਫੇਰੀ ਸਮੇਂ ਚੇਂਚਈਆ ਦੀ ਕਿਸੇ ਮੌਕੇ ਸੁਨ ਨਾਲ ਗੱਲਬਾਤ ਹੋਈ। ਇਸ ਬਜ਼ੁਰਗ ਸਿਆਸਤਦਾਨ ਦੇ ਖ਼ਿਆਲ ਵੀ ਜੋਸ਼ੀਲੇ ਵਿਦਿਆਰਥੀ ਵਾਲੇ ਸਨ ਕਿ ਅੰਗਰੇਜ਼ ਸਾਮਰਾਜਵਾਦ ਦੁਨੀਆ ਦੇ ਹੋਰ ਮੁਲਕਾਂ ਦੀ ਆਜ਼ਾਦੀ ਦਾ ਸਭ ਤੋਂ ਵੱਡਾ ਦੁਸ਼ਮਣ ਸੀ; ਅਤੇ ਜਦੋਂ ਤੱਕ ਬਰਤਾਨੀਆ ਹਿੰਦ ਉੱਪਰ ਰਾਜ ਕਰਦਾ ਰਹੇਗਾ ਇਹ ਆਲਮੀ ਖ਼ਤਰਾ ਬਣਿਆ ਰਹੇਗਾ। ਉਸ ਨੇ ਬਰਕਲੇ ਵਿਚ ਪੜ੍ਹਦੇ ਆਪਣੇ ਪੁੱਤਰ ਦੇ ਜਮਾਤੀ ਨੂੰ ਹੱਲਾਸ਼ੇਰੀ ਦਿੱਤੀ ਕਿ ਵਧੇਰੇ ਨਿਤਾਣੀਆਂ ਕੁਲ ਕੌਮਾਂ ਦੀ ਆਜ਼ਾਦੀ ਹਿੰਦ ਦੇ "ਮਨੁੱਖਤਾ ਦੀ ਮਦਦ ਕਰਨ ਦੇ ਪਵਿੱਤਰ ਅਤੇ ਇਤਿਹਾਸਕ ਫਰਜ਼" ਉੱਪਰ ਮੁਨੱਸਰ ਕਰਦੀ ਸੀ।[112]

ਜਦੋਂ ਉਹ ਜਪਾਨ ਵਿਚ ਸੀ ਓਦੋਂ ਇਕ ਹਿੰਦੀ ਮਹਿਮਾਨ ਨਾਲ ਸੁਨ ਯਤ-ਸੇਨ ਦੀ ਗੱਲਬਾਤ ਦਾ ਵੇਰਵਾ ਖੁਫ਼ੀਆ ਪੁਲਿਸ ਦੀ ਰਿਪੋਰਟ ਵਿਚ ਇੰਞ ਦਿੱਤਾ ਗਿਆ:

"*[ਡਾ. ਸੁਨ]* ਨੇ ਹਿੰਦ ਦੀ ਇਨਕਲਾਬੀ ਲਹਿਰ ਬਾਰੇ ਮੈਨੂੰ ਸਵਾਲ ਕੀਤੇ। ਮੈਂ ਉਸ ਨੂੰ ਦੱਸਿਆ ਕਿ ਬਾਹਰ ਤਾਂ ਬਹੁਤਾ ਕੰਮ ਨਹੀਂ ਸੀ ਹੋ ਰਿਹਾ, ਪਰ ਮੁਲਕ ਦੇ ਅੰਦਰ ਲਗਭਗ ਹਰ ਪੜ੍ਹਿਆ-ਲਿਖਿਆ ਬੰਦਾ ਅਸੰਤੁਸ਼ਟ ਸੀ। ਉਸ ਨੂੰ ਹਿੰਦ ਦੇ ਇਨਕਲਾਬ ਦੀ ਕਾਮਯਾਬੀ ਤੋਂ ਵੱਡੀਆਂ ਉਮੀਦਾਂ ਹਨ ਅਤੇ ਕਹਿੰਦਾ ਹੈ ਕਿ ਹਿੰਦ ਵਿੱਚੋਂ ਮਹਾਨ ਤਾਕਤਾਂ ਕੰਮ ਕਰ ਰਹੀਆਂ ਹਨ। ਉਹ ਜਰਮਨੀ ਵਿਚ ਰਹਿੰਦੇ ਹਿੰਦੀਆਂ ਦੀ ਕਦਰ ਕਰਦਾ ਹੈ ਅਤੇ ਉਨ੍ਹਾਂ ਬਾਰੇ ਉਸ ਦੇ ਖ਼ਿਆਲ ਉੱਚੇ-ਸੁੱਚੇ ਹਨ। ਅੰਗਰੇਜ਼ ਹਕੂਮਤ ਉਸ ਨੂੰ ਆਪਣਾ ਘੋਰ ਦੁਸ਼ਮਣ ਮੰਨਦੀ ਹੈ, ਕਿਉਂਕਿ ਉਹ ਹਿੰਦ ਦੀ ਆਜ਼ਾਦੀ ਦਾ ਹਾਮੀ ਹੈ ਅਤੇ ਆਪਣੇ ਬਚਾਅ ਲਈ ਉਹ ਉਸ ਦੀ ਕਿਰਦਾਰਕੁਸ਼ੀ ਕਰਨ 'ਚ ਲੱਗੇ ਹੋਏ ਹਨ।"[113]

ਸੁਨ ਨੇ ਫਿਰ ਇਕ ਹੋਰ ਹਿੰਦੀ ਦਾ ਨਾਂ ਲੈ ਕੇ ਪ੍ਰਾਹੁਣੇ ਤੋਂ ਉਸ ਬਾਰੇ ਪੁੱਛਿਆ "ਜੋ ਜਪਾਨ ਵਿਚ ਲੁਕਿਆ ਹੋਇਆ ਸੀ, ਜਿਸ ਦਾ ਉਸ ਦੇ ਮਨ ਵਿਚ ਬਹੁਤ ਸਤਿਕਾਰ ਹੈ ਅਤੇ ਜਿਸ ਨੂੰ ਉਹ ਕਮਾਲ ਦਾ ਆਰਗੇਨਾਈਜ਼ਰ ਮੰਨਦਾ ਹੈ।" ਸੁਨ "ਲਈ ਇਹ ਵੱਡੀ ਬੁਝਾਰਤ ਸੀ ਕਿ ਉਹ ਬੰਦਾ ਜਪਾਨ ਦੇ ਅੰਦਰੋਂ ਤੇ ਬਾਹਰੋਂ ਐਨਾ ਕੰਮ ਕਿਵੇਂ ਕਰੀ ਜਾ ਰਿਹਾ ਹੈ, ਅਤੇ ਜੇ ਉਹ ਉਥੇ ਦੋ-ਤਿੰਨ ਵਰ੍ਹੇ ਰਹਿਣ 'ਚ ਕਾਮਯਾਬ ਹੋ ਜਾਂਦਾ ਹੈ, ਜਿਵੇਂ ਇਸ ਵਕਤ ਉਹ ਰਹਿ ਰਿਹਾ ਹੈ, ਉਹ ਅੰਗਰੇਜ਼ ਹਕੂਮਤ ਦੇ ਰਾਹ 'ਚ ਐਨੀਆਂ ਵੱਡੀਆਂ ਮੁਸ਼ਕਲਾਂ ਖੜ੍ਹੀਆਂ ਕਰ ਦੇਵੇਗਾ ਜਿਨ੍ਹਾਂ ਉੱਪਰ ਕਾਬੂ ਨਹੀਂ ਪਾਇਆ ਜਾ ਸਕੇਗਾ। ਜਦੋਂ ਮੈਂ ਦੱਸਿਆ ਕਿ ਮੈਂ ਉਸ ਬੰਦੇ ਦਾ ਜਾਣੂੰ ਹਾਂ ਤਾਂ

ਉਹ ਬਹੁਤ ਖੁਸ਼ ਹੋਇਆ ਅਤੇ ਹਿੰਦ ਵਿਚਲੀ ਉਸ ਦੀ ਜ਼ਿੰਦਗੀ ਬਾਰੇ ਕਾਫ਼ੀ ਗੱਲਾਂ ਕਰਦਾ ਰਿਹਾ।"[114]

ਜਿਸ ਦੂਜੇ ਹਿੰਦੀ ਬਾਰੇ ਸੁਨ ਯਤ-ਸੇਨ ਪੁੱਛ ਰਿਹਾ ਸੀ ਉਹ ਸ਼ਾਇਦ ਰਾਸ ਬਿਹਾਰੀ ਬੋਸ ਸੀ। 1915 ਦੇ ਅਸਫ਼ਲ ਗ਼ਦਰ ਪਿੱਛੋਂ ਹਿੰਦ ਤੋਂ ਫ਼ਰਾਰ ਹੋ ਕੇ, ਉਸ ਨੇ ਇਥੇ ਆ ਕੇ ਤੋਸ਼ੀਕੋ ਸੋਮਾ ਨਾਂ ਦੀ ਜਪਾਨੀ ਕੁੜੀ ਨਾਲ "ਉਸ ਨਾਲ ਦੋ ਸਾਲ ਦੇ ਗੂੜ੍ਹੇ ਰਿਸ਼ਤੇ ਪਿੱਛੋਂ" ਵਿਆਹ ਕਰਾ ਲਿਆ ਸੀ, ਜੋ ਇਕ ਸ਼ਿਨਜੂਕੂ ਤੰਦੂਰੀਏ ਦੀ ਧੀ ਸੀ ਜਿਸ ਦੇ ਘਰ ਉਹ ਫਰਾਰ ਜ਼ਿੰਦਗੀ ਸਮੇਂ ਰਹਿ ਰਿਹਾ ਸੀ।[115] ਠਾਕੁਰ ਨਾਂ ਹੇਠ ਕੌਮਾਂਤਰੀ ਇਨਕਲਾਬੀ ਹਲਕਿਆਂ ਨਾਲ ਖੁਫ਼ੀਆ ਤਾਲਮੇਲ ਰੱਖਦੇ ਹੋਏ, ਉਹ ਓਕਾਵਾ ਦੇ ਸਿਆਸੀ/ਬੌਧਿਕ ਕੰਮ ਵਿਚ ਵੀ ਚਿਰ-ਸਥਾਈ ਹਿੱਸੇਦਾਰ ਬਣ ਗਿਆ ਅਤੇ 1920ਵਿਆਂ ਤੇ 1930ਵਿਆਂ ਵਿਚ ਉਸ ਦੇ ਸਰਬ-ਏਸ਼ੀਆਈ ਰਸਾਲਿਆਂ ਲਈ ਲੇਖ ਲਿਖਦਾ ਰਿਹਾ। ਸੁਨ ਨਾਲ ਮੁਲਾਕਾਤ ਕਰਨ ਵਾਲਾ ਅੱਗੇ ਦੱਸਦਾ ਹੈ: "ਲੱਗਦਾ ਹੈ ਡਾ. ਸੁਨ ਠਾਕੁਰ ਨੂੰ ਜਪਾਨ ਵਿਚ ਮਿਲਿਆ ਸੀ ਹਾਲਾਂਕਿ ਉਸ ਨੇ ਮੇਰੇ ਕੋਲ ਇਸ ਦੀ ਧੂੰ ਨਹੀਂ ਕੱਢੀ। ਉਹ ਕਹਿੰਦਾ ਹੈ ਕਿ ਉਹ ਬੰਦਾ (ਉਥੇ) ਬੜਾ ਮਜ਼ਬੂਤ ਹੈ ਅਤੇ ਉਸ ਮੁਲਕ ਵਿਚ ਅੰਗਰੇਜ਼ ਵਿਰੋਧੀ ਜਜ਼ਬੇ ਨੂੰ ਹੱਲਾਸ਼ੇਰੀ ਦੇਣ ਪੱਖੋਂ ਉਸ ਦੇ ਰਸੂਖ਼ ਦਾ ਘੇਰਾ ਵਧਦਾ ਜਾ ਰਿਹਾ ਹੈ।"[116]

ਉਤਰੀ ਅਮਰੀਕੀ ਗ਼ਦਰ ਨਾਲ ਜੁੜੇ ਇਨਕਲਾਬੀਆਂ ਵਿੱਚੋਂ, ਤਾਰਕ ਨਾਥ ਦਾਸ ਪ੍ਰਵਚਨ ਦੇ ਢੰਗ ਤੇ ਬਸਤੀਵਾਦ ਵਿਰੋਧੀ ਸੰਘਰਸ਼ ਦੇ ਸਾਧਨ ਵਜੋਂ ਸਰਬ-ਏਸ਼ੀਆਈਵਾਦ ਦਾ ਸਭ ਤੋਂ ਉਭਰਵਾਂ ਹਮਾਇਤੀ ਸੀ। ਗੁਪਤਾ ਅਤੇ ਦਾਸ ਦੋਵੇਂ 1916 'ਚ ਟੋਕੀਓ ਆਏ। ਅਠਤਾਲੀ ਘੰਟਿਆਂ ਵਿਚ ਹੀ ਗੁਪਤਾ ਨੂੰ ਇੱਥੋਂ ਕੱਢੇ ਜਾਣ ਦੇ ਖ਼ਤਰੇ ਦਾ ਸਾਹਮਣਾ ਕਰਨਾ ਪਿਆ, ਪਰ ਅਮਰੀਕਾ ਵਾਪਸ ਚਲੇ ਜਾਣ ਤੋਂ ਪਹਿਲਾਂ ਉਹ ਤਾਕਤਵਰ ਇੰਤਹਾ ਕੌਮਪ੍ਰਸਤ ਖ਼ੁਫ਼ੀਆ ਸੰਸਥਾ *ਕੋਕੁਰਯੁਕਾਈ* ਦੀ ਸੁਰੱਖਿਆ ਹੇਠ ਮਹੀਨਿਆਂ ਬੱਧੀ ਲੁਕਿਆ ਰਹਿਣ 'ਚ ਕਾਮਯਾਬ ਹੋ ਗਿਆ।[117] ਪਰ ਦਾਸ ਜੰਗ ਦੇ ਸਮੇਂ ਉਥੇ ਹੀ ਰਿਹਾ, ਜਿਸ ਨੂੰ ਬਰਲਿਨ ਇੰਡੀਆ ਕਮੇਟੀ ਨੇ ਪ੍ਰਚਾਰ ਕਰਨ, ਹਥਿਆਰ ਖ਼ਰੀਦਣ ਅਤੇ ਹਿੰਦ ਲਈ ਬਰਾਸਤਾ ਚੀਨ ਹਥਿਆਰਾਂ ਦੀ ਖੇਪ ਅਤੇ ਪੈਸਾ ਪਹੁੰਚਾਉਣ ਦੇ ਟਿਕਾਣੇ ਤਿਆਰ ਕਰਨ ਦੇ ਕੰਮ ਦੇ ਕੇ ਭੇਜਿਆ ਹੋਇਆ ਸੀ।[118] ਇਕ ਵੇਰਵੇ ਅਨੁਸਾਰ, ਚੰਦਰ ਕਾਂਤ ਚਕਰਵਰਤੀ ਨੇ ਚੀਨੀ ਅਤੇ ਜਪਾਨੀ ਮਦਦ ਹਾਸਲ ਕਰਨ ਦੇ ਜ਼ਰੀਏ ਵਜੋਂ ਸਰਬ-ਏਸ਼ੀਆਈ ਲੀਗ ਨੂੰ ਉਤਸ਼ਾਹਤ ਕੀਤਾ ਸੀ ਪਰ ਗ੍ਰਿਫ਼ਤਾਰੀ ਦੇ ਡਰੋਂ ਉਸ ਨੇ ਖ਼ੁਦ ਜਪਾਨ ਜਾਣ ਤੋਂ ਗੁਰੇਜ਼ ਕੀਤਾ ਸੀ। ਲਿਹਾਜ਼ਾ ਆਪਣੀ ਜਗ੍ਹਾ ਉਸ ਨੇ ਦਾਸ ਨੂੰ ਭੇਜਿਆ ਸੀ। ਭਾਵੇਂ ਹਥਿਆਰਾਂ ਦੇ ਸੌਦੇ ਨੂੰ ਬੂਰ ਨਾ ਪਿਆ – ਇਕ ਖ਼ਬਰ ਸੀ ਕਿ ਦੱਖਣੀ ਚੀਨੀ ਹਕੂਮਤ ਤੋਂ ਦਸ ਲੱਖ ਰਾਈਫ਼ਲਾਂ ਖ਼ਰੀਦਣ ਦੇ ਸੌਦੇ ਨੂੰ ਇਹ ਪਤਾ ਲੱਗਣ 'ਤੇ ਰੱਦ ਕਰ ਦਿੱਤਾ ਗਿਆ ਸੀ ਕਿ ਇਹ ਬਹੁਤ ਪੁਰਾਣੇ ਜ਼ਮਾਨੇ ਦੀਆਂ ਤੋੜੇਦਾਰ ਅਤੇ ਮੂੰਹ ਵਾਲੇ ਪਾਸਿਓਂ ਭਰੀਆਂ ਜਾਣ ਵਾਲੀਆਂ ਬੰਦੂਕਾਂ ਸਨ – ਪਰ ਇਸ ਜ਼ਰੀਏ ਦਾਸ ਮੁੜ "ਏਸ਼ੀਆ ਏਸ਼ੀਆਈ ਲੋਕਾਂ ਦਾ" ਨਾਅਰਾ ਦੇ ਕੇ ਚੀਨ ਅਤੇ ਜਪਾਨ ਵਿਚ ਸਰਬ-ਏਸ਼ੀਆਈ ਲੀਗ ਦੀਆਂ ਸ਼ਾਖਾਵਾਂ ਬਣਾਉਣ 'ਚ ਕਾਮਯਾਬ ਹੋ ਗਿਆ।[119]

ਦਾਸ ਨੇ ਜਪਾਨੀ ਸਿਆਸਤਦਾਨਾਂ ਨਾਲ ਮੁਲਾਕਾਤਾਂ ਕੀਤੀਆਂ, ਭਾਸ਼ਣ ਦਿੱਤੇ ਅਤੇ ਦੋ ਕਿਤਾਬਾਂ ਛਾਪੀਆਂ, ਜਿਨ੍ਹਾਂ ਵਿੱਚੋਂ ਇਕ ਸੀ *ਏਸ਼ੀਆ ਲਈ ਇਕ ਖ਼ੌਫ਼ ਹੈ ਜਪਾਨ ?* ਜੋ ਇਸ ਦੀ ਭੂਗੋਲਿਕ-ਸਿਆਸੀ ਸਥਿਤੀ ਅਤੇ ਸੰਭਾਵਨਾਵਾਂ ਦਾ ਵਧੀਆ ਮਕਬੂਲ ਵਿਸ਼ਲੇਸ਼ਣ ਸੀ। ਜਿਸ ਵਿਚ ਉਸ ਨੇ ਦਲੀਲ ਦਿੱਤੀ ਕਿ ਮੱਧ ਪੂਰਬ ਵਿਚ ਜਪਾਨ ਵਲੋਂ ਆਪਣੇ ਕੌਮੀ ਹਿੱਤਾਂ ਦੀ ਪੈਰਵੀ ਕੀਤੇ ਜਾਣ ਨਾਲ ਇਸ ਦਾ ਬਰਤਾਨੀਆ ਅਤੇ ਫਰਾਂਸ ਨਾਲ ਟਕਰਾਅ ਖੜ੍ਹਾ ਹੋ ਗਿਆ ਸੀ। ਇੰਞ ਜਪਾਨ ਦਾ ਮੁਕੰਮਲ ਅਲਹਿਦਗੀ ਤੋਂ ਬਚਣ ਦਾ ਇਕੋ ਇਕ ਹੀਲਾ ਬਾਕੀ ਏਸ਼ੀਆ ਅਤੇ

ਇਸ ਦੀਆਂ ਰਾਸ਼ਟਰਵਾਦੀ ਲਹਿਰਾਂ ਨਾਲ ਇਕਮੁੱਠਤਾ ਹਾਸਲ ਕਰਨ ਲਈ ਯਤਨ ਜੁਟਾਉਣਾ ਸੀ।[120] ਦਾਸ ਦੀ ਦੂਜੀ ਕਿਤਾਬ *ਆਲਮੀ ਸਿਆਸਤ ਵਿਚ ਜਪਾਨ ਦੀ ਅਲਹਿਦਗੀ* ਸੀ। ਇਸ ਨੇ ਵੀ ਸਰਬ-ਇਸਲਾਮਵਾਦੀ ਪਹੁੰਚ ਦੀ ਵਕਾਲਤ ਕੀਤੀ ਅਤੇ ਤਹਿਜ਼ੀਬਾਂ ਦੇ ਵੱਡੇ ਭੇੜ ਦੀਆਂ ਮੂਲ ਇਕਾਈਆਂ ਵਜੋਂ ਨਸਲੀ ਸ਼੍ਰੇਣੀਆਂ (ਪੀਲੀ ਅਤੇ ਗੋਰੀ ਨਸਲ) ਨੂੰ ਅਹਿਮ ਮੰਨਿਆ।[121]

ਉਤਰੀ ਅਮਰੀਕਾ ਵਿਚ ਸਰਗਰਮ ਕਾਰਕੁੰਨਾਂ ਨਾਲ ਤਾਲਮੇਲ ਬਣਾਈ ਰੱਖਦੇ ਹੋਏ ਅਤੇ ਬੋਸ ਤੇ ਸੁਨ ਨਾਲ ਸਲਾਹ ਕਰਕੇ ਉਸ ਨੇ ਸਰਬ-ਏਸ਼ੀਆਈ ਸਾਂਝ ਨੂੰ ਵਿਕਸਤ ਕਰਨ ਲਈ ਬਾਅਦ ਵਿਚ ਜਪਾਨ ਅਤੇ ਚੀਨ ਦੇ ਕਈ ਹੋਰ ਗੇੜੇ ਲਾਏ। 1917 ਦੇ ਅਖ਼ੀਰ 'ਚ, ਨਿਊ ਯਾਰਕ ਵਿਚ ਸਲੇਂਦਰਨਾਥ ਘੋਸ਼ ਕੋਲੋਂ ਇਕ ਚਿੱਠੀ ਮਿਲੀ ਜੋ ਦਾਸ ਦੀ ਲਿਖੀ ਹੋਈ ਸਮਝੀ ਜਾਂਦੀ ਹੈ। ਇਸ ਵਿਚ ਦਾਸ ਨੇ ਕਿਸੇ ਹੋਰ ਨੂੰ ਨੁਮਾਇੰਦੇ ਵਜੋਂ ਜਪਾਨ ਆਉਣ ਦੀ ਗੁਜ਼ਾਰਿਸ਼ ਕੀਤੀ ਸੀ; ਆਦਰਸ਼ ਉਮੀਦਵਾਰ ਅੰਗਰੇਜ਼ੀ ਬੋਲਣ ਵਾਲਾ ਅਤੇ ਚੰਗੇ ਚਾਲ-ਚੱਲਣ ਵਾਲਾ ਹੋਵੇ। ਉਸ ਨੇ ਘੋਸ਼ ਨੂੰ ਰਾਏ ਅਤੇ ਉਸ ਦੀਆਂ ਖੁੱਲ੍ਹੀਆਂ ਪੇਸ਼ਕਸ਼ਾਂ ਤੋਂ ਚੁਕੰਨਾ ਰਹਿਣ ਦੀ ਵੀ ਚੇਤਾਵਨੀ ਦਿੱਤੀ ਸੀ ਕਿਉਂਕਿ ਦਾਸ ਨੂੰ ਰਾਏ ਦੇ ਵਸੀਲਿਆਂ, ਬਾਲਸ਼ਵਿਕਾਂ, ਬਾਰੇ ਸ਼ੱਕ ਸੀ: "ਇਹ ਲੋਕ ਕਾਲਪਨਿਕ ਖ਼ਿਆਲਾਂ ਦੇ ਸ਼ਿਕਾਰ ਹਨ, ਜੋ ਕਿਸੇ ਵੀ ਸੂਰਤ 'ਚ ਸਾਕਾਰ ਨਹੀਂ ਹੋ ਸਕਦੇ। ਸ਼ਾਇਦ ਮੈਂ ਗ਼ਲਤ ਹੋਵਾਂ ਜਾਂ ਮੇਰੇ ਲਈ ਆਪਣੇ ਖ਼ਿਆਲਾਂ ਨੂੰ ਭਰਪੂਰ ਵਿਕਸਤ ਕਰਨਾ ਜ਼ਰੂਰੀ ਹੋਵੇ। ਪਰ ਮੈਂ ਉਸ ਖ਼ਿਆਲ ਤੋਂ ਇਕ ਇੰਚ ਵੀ ਪਾਸੇ ਨਹੀਂ ਜਾ ਸਕਦਾ ਜੋ ਮੇਰੇ ਦਿਮਾਗ ਵਿਚ ਸਹਿਜ-ਗਿਆਨ ਵਿੱਚੋਂ ਆਇਆ ਹੈ।"[122] ਕੁਲ-ਮਿਲਾ ਕੇ ਲੱਗਦਾ ਇਹ ਹੈ ਕਿ ਸਰਬ-ਏਸ਼ੀਆਈਵਾਦ ਦਾਸ ਦੀ ਭਾਰੂ ਤਰਜ਼ੀਹ ਬਣ ਰਿਹਾ ਸੀ।

ਹਿੰਦੂ-ਜਰਮਨ ਸਾਜ਼ਿਸ਼ ਕੇਸ ਵਿਚ ਦੋਸ਼ੀ ਠਹਿਰਾਏ ਜਾਣ ਤੋਂ ਪਿੱਛੋਂ, ਲੀਵਨਵਰਥ ਵਿਚ ਕੈਦ ਕੱਟਣ ਸਮੇਂ ਦਾਸ ਨੇ ਪੂਰਬੀ ਏਸ਼ੀਆਈ ਸਿਆਸਤ ਬਾਰੇ ਵਿਆਪਕ ਵਿਸ਼ਲੇਸ਼ਣਾਤਮਕ ਲਿਖਤਾਂ ਲਿਖੀਆਂ। ਇੱਥੋਂ ਤੱਕ ਕਿ (ਜਦੋਂ ਉਹ ਅੱਠ ਹਜ਼ਾਰ ਜਿਲਦਾਂ ਵਾਲੀ ਜੇਲ੍ਹ ਲਾਇਬ੍ਰੇਰੀ ਦੀ ਸੂਚੀ ਤਿਆਰ ਕਰਨ 'ਚ ਰੁੱਝਾ ਹੋਇਆ ਨਹੀਂ ਸੀ) ਉਸ ਵਲੋਂ ਪ੍ਰਧਾਨ ਵਿਲਸਨ ਨੂੰ ਲਿਖੀਆਂ ਨੀਤੀ ਸਿਫ਼ਾਰਸ਼ਾਂ ਤੋਂ ਇਹ ਸਾਫ਼ ਹੈ ਕਿ ਉਸ ਦੀ ਸੋਚ ਵਿਚ ਏਸ਼ੀਆ ਸਭ ਤੋਂ ਸ੍ਰੇਸ਼ਟ ਸ਼੍ਰੇਣੀ ਬਣਿਆ ਹੋਇਆ ਸੀ। 5 ਸਤੰਬਰ 1918 ਨੂੰ ਆਪਣੇ ਵਕੀਲ ਚਾਰਲਸ ਰੈਕਸਟ ਨੂੰ ਲਿਖੀ ਚਿੱਠੀ ਵਿਚ, "ਸਮਝੌਤੇ ਦਾ ਹਿੱਸਾ ਮੁਲਕਾਂ ਅਤੇ ਅਮਰੀਕਾ ਦੀ ਸਾਇਬੇਰੀਆ ਵਿਚ ਦਖ਼ਲਅੰਦਾਜ਼ੀ" ਬਾਰੇ ਨਾਲ ਨੱਥੀ ਕੀਤੇ ਪਰਚੇ ਦੀ ਵਿਆਖਿਆ ਕਰਦਿਆਂ, ਉਸ ਨੇ ਅਜਿਹੇ ਦਖ਼ਲ ਦੇ "ਅੰਤਮ ਅਤੇ ਸੰਭਾਵੀ ਸਿਆਸੀ ਨਤੀਜਿਆਂ" ਦੇ ਆਪਣੇ ਵਿਸ਼ਲੇਸ਼ਣ ਵਿਚ ਬਾਲਸ਼ਵਾਦ ਬਾਰੇ ਪੈਂਤੜਾ ਲੈਣ ਤੋਂ ਸੋਚ-ਸਮਝ ਕੇ ਗੁਰੇਜ਼ ਕੀਤਾ ਸੀ; ਸਗੋਂ ਉਸ ਦਾ ਸਰੋਕਾਰ ਤਾਂ "ਜਾਗਰੂਕ ਹੋਏ ਨਵੇਂ ਏਸ਼ੀਆ" ਦੀ ਹੋਣੀ ਬਾਰੇ ਸੀ। ਉਸ ਨੂੰ ਉਮੀਦ ਸੀ ਕਿ ਜਿਸ ਨੂੰ ਉਹ "ਜਪਾਨੀ ਕੌਮੀ ਨਿਸ਼ਾਨੇ, ਨੀਤੀ ਅਤੇ ਮਨੋ-ਅਵਸਥਾ" ਨੂੰ ਸਮਝਣ 'ਚ ਪੱਛਮੀ "ਮਾਹਰਾਂ" ਅਤੇ ਲੋਕ ਮੱਤ ਦੀ ਜ਼ੋਖ਼ਮ ਭਰੀ ਅਸਫ਼ਲਤਾ ਮਹਿਸੂਸ ਕਰਦਾ ਸੀ ਅਤੇ ਜੋ ਹਕੂਮਤ ਦੀ ਸਹੀ ਨੀਤੀ ਬਣਾਉਣ ਦੀ ਯੋਗਤਾ ਨੂੰ ਅਪਾਹਜ ਬਣਾ ਦਿੰਦੀ ਹੈ ਉਸ ਨੂੰ ਉਹ ਆਪਣੇ ਪਰਚੇ ਜ਼ਰੀਏ ਦਰੁਸਤ ਕਰ ਸਕੇਗਾ। ਉਸ ਨੇ ਕਿਹਾ, "ਇਕ ਵਫ਼ਾਦਾਰ ਅਮਰੀਕੀ ਵਜੋਂ ਮੈਂ ਸਭ ਤੋਂ ਬਿਹਤਰੀਨ ਤਰੀਕੇ ਨਾਲ ਜਮਹੂਰੀਅਤ ਦੇ ਕਾਜ ਦੀ ਸੇਵਾ ਵਿਚ ਆਪਣਾ ਹਿੱਸਾ ਪਾਉਣਾ ਚਾਹੁੰਦਾ ਹਾਂ। ਜੇ ਮੈਂ ਅੱਜ ਆਜ਼ਾਦ ਹੁੰਦਾ, ਤਾਂ" ਪੂਰਬੀ ਏਸ਼ੀਆ ਦੇ ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ "ਆਪਣੀ ਹਕੂਮਤ ਅੱਗੇ ਆਪਣੀਆਂ ਸੇਵਾਵਾਂ ਪੇਸ਼ ਕਰਦਾ।" ਦਾਸ ਸਮਝਦਾ ਸੀ ਦੁਨੀਆ ਗੁੱਟਾਂ ਵਿਚ

ਵੰਡੀ ਜਾ ਰਹੀ ਹੈ, ਅਤੇ ਉਸ ਦਾ ਵਿਸ਼ਵਾਸ ਸੀ ਕਿ ਅਮਰੀਕਾ ਨੂੰ "ਭਵਿੱਖੀ ਸ਼ਾਂਤੀ ਅਤੇ ਆਲਮੀ ਤਰੱਕੀ ਲਈ" ਬਿਹਤਰੀਨ ਚੋਣ ਵਜੋਂ ਏਸ਼ੀਆਈ ਗੁੱਟ ਨਾਲ ਨੇੜਤਾ ਬਣਾਉਣ ਦੀ ਵਾਹ ਲਾਉਣੀ ਚਾਹੀਦੀ ਹੈ। ਉਸ ਨੇ ਐਗਨੀਸ ਸਮੈਡਲੀ ਅਤੇ ਸੈਲੇਨ ਘੋਸ਼ ਲਈ ਦਿਲੀ ਕਾਮਨਾਵਾਂ ਕਰਦਿਆਂ, ਅਤੇ ਫਿਰ ਉਨ੍ਹਾਂ ਦੇ ਆਪਣੇ ਮੁਕੱਦਮਿਆਂ ਦੇ ਵਿਚਾਰ-ਅਧੀਨ ਫ਼ੈਸਲੇ ਬਾਰੇ ਤੌਖਲੇ ਜ਼ਾਹਰ ਕਰਦਿਆਂ ਵਾਰਤਾਲਾਪੀ ਅੰਦਾਜ਼ 'ਚ ਸਮਾਪਤੀ ਕੀਤੀ ਅਤੇ ਰੈਕਸਟ ਦਾ ਮਿਠਾਈ ਅਤੇ ਰਸਾਲੇ ਭੇਜਣ ਲਈ ਸ਼ੁਕਰੀਆ ਅਦਾ ਕੀਤਾ।[123]

## ਸੋਚ ਵਤਨ ਵਾਲੀ, ਭਾਵਨਾ ਕੌਮ ਵਾਲੀ

ਪਹਿਲੀ ਆਲਮੀ ਜੰਗ ਦੌਰਾਨ ਅਤੇ ਇਸ ਤੋਂ ਪਿੱਛੋਂ, ਰਾਸ਼ਟਰਵਾਦ ਦਾ ਸਿਆਸੀ ਤਰਕ ਅਤੇ ਭਾਵਨਾਤਮਕ ਤਾਕਤ ਦੋਵੇਂ ਬਸਤੀਵਾਦ ਵਿਰੋਧੀ ਟਾਕਰੇ ਨੂੰ ਸੂਤਰਬਧ ਕਰਨ ਅਤੇ ਇਸ ਦਾ ਇਜ਼ਹਾਰ ਕਰਨ ਦੇ ਵਿਹਾਰਕ ਮੁਹਾਵਰੇ ਵਜੋਂ ਭਾਰੂ ਸਨ। ਪਹਿਲਾਂ ਅਤੇ ਪਿੱਛੋਂ, ਕੌਮੀ ਮੁਕਤੀ ਦੇ ਨਿਸ਼ਾਨੇ 'ਚ ਕਦੇ ਵੀ ਡਾਵਾਂਡੋਲਤਾ ਨਹੀਂ ਆਈ, ਇਹ ਇਕ ਤਰ੍ਹਾਂ ਦੇ ਵਿਸ਼ਾਲ ਕੌਮਾਂਤਰੀ ਪ੍ਰਸੰਗ ਅੰਦਰ ਤਿਆਰ ਕੀਤਾ ਗਿਆ ਸੀ।

ਜਿੱਥੋਂ ਤੱਕ ਗ਼ਦਰ ਦਾ ਮਾਮਲਾ ਹੈ, ਉਨ੍ਹਾਂ ਦੀ ਦੇਸ਼ਭਗਤੀ – ਮੁਸਤਫ਼ਾ ਕਾਮਿਲ ਦੀ ਮਿਸਰੀ ਰਾਸ਼ਟਰਵਾਦੀ ਪਾਰਟੀ ਵਾਂਗ, ਉਨ੍ਹਾਂ ਦੀ ਆਪਣੇ ਵਤਨ ਦੀ ਆਜ਼ਾਦੀ ਲਈ ਨਿਹਚਾ – ਕਦੇ ਵੀ ਸਵਾਲਾਂ ਦੇ ਘੇਰੇ 'ਚ ਨਹੀਂ ਰਹੀ। ਉਸ ਵਚਨਬੱਧਤਾ ਤੋਂ ਪ੍ਰਭਾਵਿਤ ਹੋਏ ਬਗ਼ੈਰ, ਅਗਲਾ ਵਿਚਾਰ ਕਰਨ ਵਾਲਾ ਸਵਾਲ ਹੈ ਉਨ੍ਹਾਂ ਦੀ *ਕੌਮ* ਦੀ ਸੀਮਾ – ਜਿਨ੍ਹਾਂ ਨਾਲ ਉਹ ਇਕਮੁੱਠਤਾ ਅਤੇ ਭਰੱਪਣ ਦੀ ਭਾਵਨਾ ਮਹਿਸੂਸ ਕਰਦੇ ਸਨ। ਨਾਲ ਹੀ ਇਹ ਵੀ ਵਿਚਾਰਨ ਵਾਲਾ ਹੈ ਕਿ ਕੀ ਇਹ ਜਜ਼ਬਾਤੀ ਤੌਰ 'ਤੇ ਇਕ ਖ਼ਾਸ ਖਿੱਤੇ ਨਾਲ ਜੁੜੀ ਪਛਾਣ ਉਪਰ ਅਧਾਰਤ ਸੀ ਜੋ ਇਸ ਦਾ ਗੁਣਗਾਣ ਕਰਦੀ ਸੀ, ਜਾਂ ਸਿਧਾਂਤਾਂ ਦੇ ਇਕ ਸਮੂਹ (ਸੰਭਵ ਤੌਰ 'ਤੇ ਸਰਵ-ਮੁਕਤੀਵਾਦੀ) ਪ੍ਰਤੀ ਉਸ ਇਖ਼ਲਾਕੀ ਵਚਨਬਧਤਾ, ਜਿਨ੍ਹਾਂ ਨੂੰ ਜੇ ਅਮਲ 'ਚ ਲਿਆਂਦਾ ਜਾਵੇ ਤਾਂ ਇਹ ਮੈਂਬਰਸ਼ਿਪ ਨੂੰ ਪ੍ਰੀਭਾਸ਼ਤ ਕਰਦੇ ਹਨ, ਅਤੇ ਇਕ ਇਨਕਲਾਬੀ ਵਿਚਾਰਧਾਰਾ ਉਪਰ ਅਧਾਰਤ ਸੀ ਜੋ ਦੁਨੀਆ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਹੋਂਦ ਵਿਚ ਆਈ।[124]

ਪਰ ਸਰਬ-ਏਸ਼ੀਆਈਵਾਦ ਦੀ ਹਰ ਸ਼ਕਲ 'ਚ ਮੂਲ ਵਿਰੋਧਤਾਈ ਨਸਲੀ ਜਾਂ ਤਹਿਜ਼ੀਬੀ ਸ਼੍ਰੇਣੀਆਂ (ਪੂਰਬ/ਪੱਛਮ) ਉੱਪਰ ਅਧਾਰਤ ਸੀ, ਨਾ ਕਿ ਆਰਥਕ ਰਿਸ਼ਤਿਆਂ (ਮਾਲਕਾਂ-ਉਤਪਾਦਕਾਂ) ਉਪਰ ਅਧਾਰਤ ਜਿਵੇਂ ਇਹ ਮਾਰਕਸਵਾਦੀਆਂ ਨੇ ਘੜੇ ਸਨ, ਜਾਂ ਸਿਆਸੀ ਸੱਤਾ ਦੇ ਰਿਸ਼ਤਿਆਂ (ਦਬਾਉਣ ਵਾਲਿਆਂ/ਦੱਬੇ-ਕੁਚਲਿਆਂ, ਬਸਤੀਵਾਦੀਆਂ/ਬਸਤੀ ਬਣਾਏ ਹੋਇਆਂ, ਮਾਲਕ/ਗ਼ੁਲਾਮ) ਉੱਪਰ ਅਧਾਰਤ ਜਿਵੇਂ ਕੌਮੀ ਮੁਕਤੀ ਲਹਿਰਾਂ ਨੇ ਇਨ੍ਹਾਂ ਨੂੰ ਘੜਿਆ। ਇਸ ਤਹਿਜ਼ੀਬੀ ਵਿਰੋਧਤਾਈ ਦੀਆਂ ਜੜ੍ਹਾਂ ਆਧੁਨਿਕ ਪਦਾਰਥਵਾਦੀ ਪੱਛਮ ਦੇ ਚੁੰਬਕੀ ਧਰੁਵਨੁਮਾ ਵਿਰੋਧ 'ਚ ਇਕ ਵਿਸ਼ਾਲ ਸਭਿਆਚਾਰਕ ਅਤੇ ਰੂਹਾਈ ਹਸਤੀ ਵਜੋਂ ਏਸ਼ੀਆ ਦੇ ਤਸੱਵਰ ਵਿਚ ਮੌਜੂਦ ਸਨ। ਜਿਸ ਦਾ ਸਭ ਤੋਂ ਡੂੰਘਾ ਲਾਜ਼ਮੀ ਲੱਛਣ ਪੱਛਮ ਦੇ ਗ਼ਲਬੇ ਵਿਰੁੱਧ ਲੜਾਈ ਸੀ, ਚਾਹੇ ਇਹ ਰੂਹਾਨੀ ਤੌਰ 'ਤੇ ਸ੍ਰੇਸ਼ਟ ਹੋਣ ਦੀ ਹੋਵੇ, ਜਾਂ ਸਿਆਸੀ ਤੌਰ 'ਤੇ ਫ਼ਤਹਿ ਹਾਸਲ ਕਰਨ ਦੀ। ਇੰਵ ਅੰਗਰੇਜ਼ ਬਸਤੀਵਾਦ ਵਿਰੁੱਧ ਸੰਘਰਸ਼ "ਨਿਰਾ" ਸਿਆਸੀ ਜਾਂ ਆਰਥਕ ਨਹੀਂ ਸੀ ਜਿਵੇਂ ਓਕਾਵਾ ਕਹਿੰਦਾ ਹੈ, ਸਗੋਂ ਇਸ ਦੀਆਂ ਜੜ੍ਹਾਂ ਇਸ ਨਾਲੋਂ ਕਿਸੇ ਵੱਧ ਡੂੰਘੀ ਅਤੇ ਵੱਧ ਮੂਲ ਮੰਨੀ ਜਾਂਦੀ ਚੀਜ਼ ਤਹਿਜ਼ੀਬੀ ਪ੍ਰਤਿਭਾ 'ਚ ਲੱਗੀਆਂ ਹੋਈਆਂ ਸਨ ਜਿਸ ਦੀ ਮਿਸਾਲ ਹੋਣ ਦਾ ਦਾਅਵਾ ਵੱਖੋ-ਵੱਖਰੇ ਪ੍ਰਸੰਗਾਂ 'ਚ ਜਪਾਨ, ਹਿੰਦ ਅਤੇ ਮਿਸਰ ਸਾਰੇ ਕਰਦੇ ਸਨ।

ਜੁਲਾਈ 1909 'ਚ, ਬਿਪਨ ਚੰਦਰ ਪਾਲ ਨੇ ਮਾਨਚੈਸਟਰ ਸਮਾਗਮ ਵਿਖੇ ਇਸ ਭਾਵਨਾ ਵਾਲੇ ਅੰਦਾਜ਼ 'ਚ ਤਕਰੀਰ ਕੀਤੀ ਸੀ ਕਿ "ਹਿੰਦ ਹਿੰਦੀਆਂ ਦਾ, *ਪੂਰਬੀ ਲੋਕਾਂ ਦਾ ਹੈ। ਪੱਛਮੀ ਲੋਕਾਂ ਨੂੰ ਹਿੰਦ ਉੱਪਰ ਰਾਜ ਕਰਨ ਦਾ ਕੋਈ ਹੱਕ ਨਹੀਂ*; ਇਸ ਉੱਪਰ ਉਹੀ ਰਾਜ ਕਰਨ ਜਿਨ੍ਹਾਂ ਨੂੰ ਲੋਕਾਈ ਦੀ ਸਮਝ ਹੈ; ਹਿੰਦ ਦੁਨੀਆ ਦੀ ਖੁਸ਼ਹਾਲੀ ਦੀ ਕੁੰਜੀ ਰਿਹਾ ਹੈ, ਇਹ ਯੂਰਪ ਲਈ ਕੁੰਜੀ ਸੀ; ਜੇ ਚਾਲੀ ਕਰੋੜ ਵਸੋਂ ਵਾਲੇ ਚੀਨ ਤੇ ਜਪਾਨ ਦੇ ਬਾਸ਼ਿੰਦੇ ਜਾਗ ਉੱਠਦੇ ਹਨ ਅਤੇ ਹਿੰਦ ਦੇ ਦਹਿ ਲੱਖਾਂ ਲੋਕਾਂ ਦੀ ਬਗ਼ਾਵਤ ਨਾਲ ਰਲ ਜਾਂਦੇ ਹਨ, ਫਿਰ ਕਿਸੇ ਜ਼ਾਰ, ਕਿਸੇ ਕੈਸਰ, ਕਿਸੇ ਪੱਛਮੀ ਕੌਮ ਤੋਂ ਐਸੀ ਅਜਿੱਤ ਤਾਕਤ ਦੀ ਸੱਟ ਨਹੀਂ ਝੱਲੀ ਜਾਣੀ।"[125] ਇਹ ਉਹੀ ਸਮਾਂ ਸੀ ਜਦੋਂ ਉਸ ਨੇ ਮਿਸਰੀਆਂ ਪੱਖੀ ਤਕਰੀਰਾਂ ਕੀਤੀਆਂ।

ਭਾਵੇਂ ਤਹਿਜ਼ੀਬਾਂ ਦਾ ਅਜਿਹਾ ਜੁੱਟ ਗ਼ਦਰੀਆਂ ਦੀ ਸਾਰਿਆਂ ਨੂੰ ਆਪਣੇ ਵਿਚ ਸਮੋਣ ਦੀ, ਆਧੁਨਿਕਵਾਦੀ, ਮੁਕਤੀਵਾਦੀ-ਸਮਾਜਵਾਦੀ ਤਰਜ਼ ਦੀ ਸੋਚ ਦੀ ਖ਼ਾਸੀਅਤ ਨਹੀਂ ਸੀ, ਇਸ ਦਾ ਤਰਕ ਉਹ ਚੌਖਟਾ ਮੁਹੱਈਆ ਕਰਦਾ ਸੀ ਜਿਸ ਦੀ ਬੁਨਿਆਦ 'ਚ ਉਨ੍ਹਾਂ ਦੀ ਕੌਮਾਂ ਤੋਂ ਪਾਰ ਇਕਮੁੱਠਤਾ ਦੀ ਕੁਝ ਸਾਂਝ ਸਮੋਈ ਹੋਈ ਸੀ। ਇਹ ਸਰਬ-ਏਸ਼ੀਆਈਵਾਦ ਅਤੇ ਸਰਬ-ਇਸਲਾਮਵਾਦ ਦੇ ਦੋਵਾਂ ਸਿਰਿਆਂ ਵਲੋਂ ਉਸ ਦੇ ਅੰਦਰੋਂ ਅਤੇ ਬਾਹਰੋਂ ਵੱਖੋ-ਵੱਖਰੇ ਲੋਕਾਂ ਰਾਹੀਂ ਆਪਸ ਵਿਚ ਵਾਰ ਵਾਰ ਜੁੜਨ ਦਾ ਮੌਕਾ ਦਿੰਦਾ ਸੀ, ਜਿਸ ਨੂੰ ਜਰਮਨ ਵਿਦਵਾਨ ਅਤੇ ਸਿਆਸਤਦਾਨ, ਜਪਾਨੀ ਵਿਦਵਾਨ ਅਤੇ ਸਿਆਸਤਦਾਨ, ਮਿਸਰੀ ਪੂਰਬਵਾਦੀ, ਬਾਲਸ਼ਵਿਕ, ਅਤੇ ਬਦੇਸ਼ਾਂ ਦੇ ਹਿੰਦੀ ਇਨਕਲਾਬੀ ਸਾਰੇ ਇਕੋ ਅੰਦਾਜ਼ 'ਚ **ਪੂਰਬ** ਕਹਿ ਕੇ ਮੁਖ਼ਾਤਿਬ ਹੁੰਦੇ ਸਨ, ਇਸ ਦੇ ਪੂਰਬੀ ਭੂਮੱਧ ਸਾਗਰੀ ਖਿੱਤੇ ਤੋਂ ਲੈ ਕੇ ਜਪਾਨ ਤੱਕ ਫੈਲੇ ਵੱਖੋ-ਵੱਖਰੇ ਵਖਰੇਵਿਆਂ ਸਹਿਤ, ਜਿਨ੍ਹਾਂ ਵਿੱਚੋਂ ਖ਼ਰੇ ਅਤੇ ਸ਼ਾਨਦਾਰ ਇਜ਼ਹਾਰ ਵਜੋਂ ਹਾਸਲ ਹਾਲਤ 'ਚ ਕਦੇ ਜਪਾਨ ਨੂੰ ਚਿਤ੍ਰਤ ਕੀਤਾ ਜਾ ਸਕਦਾ ਸੀ ਅਤੇ ਕਦੇ ਇਸਲਾਮਿਕ ਖ਼ਲੀਫ਼ਾ ਨੂੰ। ਉਨ੍ਹਾਂ ਅੰਸ਼ਾਂ ਨੂੰ ਸਹਿਜੇ ਹੀ ਨਜ਼ਰਅੰਦਾਜ਼ ਕਰਦੇ ਹੋਏ ਜੋ ਇਨ੍ਹਾਂ ਦੋਹਾਂ ਵਿੱਚੋਂ ਕਿਸੇ ਵੀ ਦਿਸ਼ਾ ਵਿਚ ਕੰਢਿਆਂ ਤੋਂ ਬਾਹਰ ਹੋ ਕੇ ਵਗਣ ਲੱਗ ਜਾਂਦੇ ਹਨ। ਚੀਨ ਦੇ ਕੁਝ ਹਿੱਸਿਆਂ, ਇੰਡੋਨੇਸ਼ੀਆ ਅਤੇ ਹਿੰਦ ਵਿਚ ਚੋਖੀ ਮੁਸਲਮਾਨ ਅਬਾਦੀ ਨੂੰ ਦੇਖਦਿਆਂ, ਓਕਾਵਾ ਅਤੇ ਉਸ ਦੇ ਹਲਕੇ ਲਈ ਆਪਣੇ ਮਹਾਂ ਏਸ਼ੀਆ ਦੇ ਹਿੱਸੇ ਵਜੋਂ ਹਿੰਦ ਅਤੇ "ਇਸਲਾਮਿਕ ਜਗਤ" ਦਾ ਖ਼ਾਸ ਮਤਲਬ ਸੀ। ਪਰ ਉਨ੍ਹਾਂ ਦੀ ਗੁਰਬੰਦੀ ਵਿਚ ਇਸ ਅਹਿਮ ਨੁਕਤੇ ਨੂੰ ਭੁਲਾ ਦਿੱਤਾ ਗਿਆ: ਜੇ ਏਸ਼ੀਆ ਅਜਿਹਾ ਸੀ, ਫਿਰ ਸ਼ਾਇਦ ਏਸ਼ੀਆ ਐਨਾ ਵਿਸ਼ਾਲ, ਗੁੰਝਲਦਾਰ ਅਤੇ ਅੰਦਰੋਂ ਐਨਾ ਵੰਨ-ਸੁਵੰਨਾ ਸੀ ਕਿ ਇਸ ਦੀ ਇਕ ਇਕਹਿਰੀ ਤਹਿਜ਼ੀਬੀ ਪਛਾਣ ਨਹੀਂ ਸੀ ਮਿਥੀ ਜਾ ਸਕਦੀ, ਇਹ ਨਿਚੋੜ ਕੱਢਣ ਦੀ ਥਾਂ ਸਰਬ-ਇਸਲਾਮਵਾਦੀ ਸ਼ਰਤ ਉੱਤਰ-ਪੱਛਮੀ ਯੂਰਪ ਦੇ ਦੱਖਣ ਅਤੇ ਪੂਰਬ ਦੀ ਹਰ ਚੀਜ਼ ਨੂੰ ਇਕਹਿਰੀ ਤਹਿਜ਼ੀਬੀ ਇਕਾਈ ਤੱਕ ਪਿਚਕਾ ਦਿੰਦੀ ਸੀ, ਚਾਹੇ ਇਹ ਕਿੰਨੇ ਵੀ ਇਕਸਾਰ ਕਿਉਂ ਨਾ ਹੋਣ।

ਇਸ ਪੂਰਬੀ/ਪੱਛਮੀ ਚੌਖਟਾਕਾਰੀ ਦੀ ਦੂਜੀ ਅਰਥ-ਸੰਭਾਵਨਾ ਸੀ ਇਸ ਦੀ ਤਰਕਸ਼ੀਲਤਾ ਅਤੇ ਰੋਮਾਂਸਵਾਦ ਦਰਮਿਆਨ ਟਕਰਾਅ ਦੀ ਅਨੁਰੂਪਤਾ, ਆਧੁਨਿਕਤਾ ਦੇ ਏਸ਼ੀਆ-ਪ੍ਰੇਮੀ ਪੱਛਮੀ ਆਲੋਚਕਾਂ ਅਤੇ ਏਸ਼ੀਆਈ ਰਾਸ਼ਟਰਵਾਦੀਆਂ ਦੀ ਤਰਫ਼ੋਂ ਇੱਕੋ ਤਰ੍ਹਾਂ ਦੀ, ਜੋ ਇਕ ਤਰ੍ਹਾਂ ਨਾਲ ਮਿਲ-ਜੁਲ ਕੇ (ਆਧੁਨਿਕਵਾਦ ਦੇ ਯੂਰਪੀ ਰੋਮਾਂਚਕ ਵਿਰੋਧ ਨੂੰ ਪੱਛਮੀਵਾਦ ਦੇ ਰੂਹਾਨੀ ਪੂਰਬਵਾਦੀ ਵਿਰੋਧ ਦੇ ਬਰਾਬਰ ਰੱਖ ਕੇ) ਇਕ ਤਹਿਜ਼ੀਬੀ ਜੁੱਟ ਦਾ ਖ਼ਿਆਲ ਪੇਸ਼ ਕਰ ਰਹੇ ਸਨ। ਮਜ਼ੇ ਦੀ ਗੱਲ ਇਹ ਸੀ ਕਿ ਇੰਞ, ਮਗਰਲਾ ਰੁਝਾਨ ਉਸ ਗਿਆਨ-ਚੇਤਨਾ ਵਾਲੀ ਤਰਕਸ਼ੀਲਤਾ ਅਤੇ ਸਨਅਤੀ ਆਧੁਨਿਕਤਾ ਦੀ ਆਲੋਚਨਾ ਨੂੰ ਅਧਾਰ ਬਣਾ ਕੇ ਆਪਣੇ ਪੱਖ ਦੀ ਪ੍ਰੋੜ੍ਹਤਾ ਕਰ ਸਕਦਾ ਸੀ ਜੋ ਪੱਛਮ ਦੀ ਅੰਤਰੀਵੀ ਖ਼ੂਬੀ ਸਨ।[126] ਪਰ ਇਸ

ਸੋਚ ਵਿਚ ਵੀ ਇਕ ਅਹਿਮ ਚੀਜ਼ ਨੂੰ ਭੁਲਾ ਦਿੱਤਾ ਗਿਆ ਸੀ: ਇਹ ਸਿੱਟਾ ਕੱਢਣ ਦੀ ਥਾਂ ਕਿ ਜੇ ਪੱਛਮੀਏ ਵੀ ਆਪਣੇ ਪਤਨ ਨੂੰ ਮੰਨ ਲੈਣ ਤਾਂ ਏਸ਼ੀਆ ਸੱਚਮੁੱਚ ਲਾਜ਼ਮੀ ਹੀ ਰੂਹਾਨੀ ਤੌਰ 'ਤੇ ਉੱਤਮ ਹੋਣਾ ਚਾਹੀਦਾ ਹੈ, ਉਨ੍ਹਾਂ ਨੇ ਸਗੋਂ ਸ਼ਾਇਦ ਇਹ ਸਿੱਟਾ ਕੱਢ ਲਿਆ ਹੋਵੇ ਕਿ ਪੱਛਮੀ ਸਭਿਆਚਾਰ ਨਾ ਤਾਂ ਇਕ-ਦੇਹ ਸੀ ਅਤੇ ਨਾ ਹੀ ਤਰਕਸ਼ੀਲਤਾ ਤੇ ਸਨਅਤੀ ਆਧੁਨਿਕਤਾ ਦਾ ਸਮਾਨਅਰਥੀ; ਅਤੇ ਕਿ ਯੂਰਪ ਅਤੇ ਏਸ਼ੀਆ ਦੇ ਤਰਕਸ਼ੀਲ ਉਵੇਂ ਹੀ ਦਰਦ ਵੰਡਾਉਣ ਵਾਲੇ ਰਿਸ਼ਤੇ ਬਣਾ ਸਕਦੇ ਸਨ ਜਿਵੇਂ ਯੂਰਪ ਅਤੇ ਏਸ਼ੀਆ ਦੇ ਤਰਕਸ਼ੀਲਤਾ ਦੇ ਵਿਰੋਧੀ ਆਪਸ ਵਿਚ ਜੁੜ ਸਕਦੇ ਸਨ। ਤਰਕਸ਼ੀਲਤਾ ਅਤੇ ਤਰਕਸ਼ੀਲਤਾ ਦੇ ਵਿਰੋਧ ਵਿੱਚੋਂ ਕਿਸੇ ਵਲੋਂ ਵੀ ਖ਼ੁਦ ਨੂੰ ਕਿਸੇ ਇਕੋ ਇਕ ਧਿਰ ਦਾ ਹਿੱਸਾ ਨਾ ਸਮਝਣ ਦੇ ਕਾਰਨ।

ਇਸ ਦਰਸ਼ਨ ਦੀ ਕੇਂਦਰੀ ਮਨੌਤ – ਕਿਸੇ ਵੀ *ਨਿਰੀ* ਸਿਆਸੀ ਜਾਂ ਆਰਥਕ ਢਾਂਚਾਗਤ ਜਾਂ ਪੂਰੇ ਢਾਂਚਾਗਤ ਵਜੂਦ ਦੀ ਬੇਇਨਸਾਫ਼ੀ ਨਾਲੋਂ ਤਹਿਜ਼ੀਬੀ ਵਿਰੋਧ ਦੇ ਵੱਧ ਬੁਨਿਆਦੀ ਹੋਣ ਦੀ ਮਨੌਤ – ਸਾਨੂੰ ਜੰਗ ਤੋਂ ਪਿੱਛੋਂ ਦੇ ਕਾਂਡਾਂ ਦੀ ਅੜਾਉਣੀ ਵੱਲ ਲੈ ਜਾਂਦੀ ਹੈ, ਜਿਥੇ ਸਾਡੇ ਗ਼ਦਰੀ ਲਹਿਰ ਦੇ "ਕੇਂਦਰੀ ਅਸੂਲਾਂ" – ਜੋ ਪਛਾਣਵਾਦੀ ਵਚਨਬੱਧਤਾਵਾਂ ਦੁਆਰਾ ਨਹੀਂ ਸਗੋਂ ਮੁਕਤੀ ਅਤੇ ਬਰਾਬਰੀ ਦੀਆਂ ਵਿਚਾਰਧਾਰਕ ਵਚਨਬੱਧਤਾਵਾਂ ਦੁਆਰਾ ਪ੍ਰੀਭਾਸ਼ਤ ਕੀਤੇ ਗਏ – ਦਾ ਕਮਿਊਨਿਜ਼ਮ, ਇਸਲਾਮਵਾਦ ਅਤੇ ਕੌਮੀ ਮੁਕਤੀ ਦੇ ਤਿੰਨੋਂ ਮੁਹਾਵਰਿਆਂ ਵਿਚ ਅਤੇ ਇਨ੍ਹਾਂ ਦੇ ਦਰਮਿਆਨ ਰੂਪਾਂਤਰਣ ਬਦੇਸ਼ਾਂ ਦੀ ਇਨਕਲਾਬੀ ਲਹਿਰ ਦੇ ਵਿਕਾਸ ਲਈ ਅਹਿਮ ਬਣ ਜਾਵੇਗਾ।

ਜਰਮਨ ਨਾਲ ਰਿਸ਼ਤਾ ਸਖ਼ਤੀ ਨਾਲ ਆਪਣੇ ਹਿੱਤਾਂ ਦੀ ਸਿਆਸਤ 'ਤੇ ਅਧਾਰਤ ਸੀ, ਅਤੇ ਜਪਾਨ ਨਾਲ ਆਪਣੇ ਹਿੱਤਾਂ ਦੀ ਸਿਆਸਤ ਤੇ ਖ਼ਿਆਲੀ ਸਰਬ-ਏਸ਼ੀਆਈਵਾਦ ਦੇ ਮੇਲ 'ਤੇ ਅਧਾਰਤ ਜਿਸ ਦੇ ਅੰਦਰ ਜਪਾਨੀ ਅਤੇ ਹਿੰਦੀ ਸਭਿਆਚਾਰਕ ਰਾਸ਼ਟਰਵਾਦ ਦੋਵੇਂ ਮੌਜੂਦ ਸਨ (ਕਈ ਵਾਰ ਇਨ੍ਹਾਂ ਵਿੱਚੋਂ ਹਰੇਕ ਨੂੰ ਇਸ ਦੇ ਬਰਾਬਰ ਰੱਖ ਲਿਆ ਜਾਂਦਾ ਸੀ)। ਇਨ੍ਹਾਂ ਦੋਵਾਂ ਮਾਮਲਿਆਂ ਵਿਚ, ਇਹ ਉਦੋਂ ਵੀ ਸਵਾਲਾਂ ਦੇ ਘੇਰੇ ਵਿਚ ਸੀ ਕਿ ਇਹ ਰਿਸ਼ਤਾ ਗ਼ਦਰ ਪਾਰਟੀ ਦੇ ਆਪਣੇ ਹਿੱਤਾਂ ਜਾਂ ਗ਼ਦਰ ਲਹਿਰ ਦੇ ਨਿਆਰੇ ਕਿਰਦਾਰ ਦੀ ਕਿੰਨੀ ਕੁ ਨੁਮਾਇੰਦਗੀ ਕਰਦਾ ਸੀ। ਜੰਗ ਸਮੇਂ ਜਰਮਨੀ ਦੇ ਸਾਮਰਾਜੀ ਹਿੱਤ ਤਾਂ ਹਿੰਦ ਦੇ ਕੌਮੀ ਹਿੱਤਾਂ ਨਾਲ ਮੇਲ ਖਾਂਦੇ ਸਨ, ਜਪਾਨ ਦੇ ਹਿੱਤ (ਅਤੇ ਲਿਹਾਜ਼ਾ ਕੌਮੀ ਹਿੱਤ) ਕਈ ਵਾਰ ਇਸ ਨਾਲ ਟਕਰਾਉਂਦੇ ਸਨ। ਸਰਬ-ਏਸ਼ੀਆਈ ਦੀ ਸੰਗੀ ਭਾਵਨਾ ਜਪਾਨੀ ਸ੍ਰੇਸ਼ਟਤਾਵਾਦ ਤੋਂ ਘੱਟ ਮਜ਼ਬੂਤ ਸਾਬਤ ਹੋਈ, ਜੋ ਅੰਗਰੇਜ਼-ਜਪਾਨੀ ਸਮਝੌਤੇ ਦੀ ਰਸਮੀ ਪਾਲਣਾ ਦੀ ਮੰਗ ਕਰਦਾ ਸੀ ਜਿਸ ਉੱਪਰ ਹਰ ਕਿਸੇ ਦੇ ਆਪਣੇ ਪ੍ਰਭਾਵ ਵਾਲੇ ਖੇਤਰ ਵਿਚ ਖੁੱਲ੍ਹ ਖੇਡ੍ਹਣ ਦੀ ਜ਼ਾਮਨੀ ਮੁਨੱਸਰ ਕਰਦੀ ਸੀ। ਜਪਾਨ ਨੇ ਹਿੰਦ ਵਿਚ ਬਰਤਾਨੀਆਂ ਦੀਆਂ ਕਾਰਵਾਈਆਂ ਵਿਚ ਦਖ਼ਲਅੰਦਾਜ਼ੀ ਕਰਨ ਤੋਂ ਗੁਰੇਜ਼ ਕੀਤਾ ਜਦਕਿ ਬਰਤਾਨੀਆ ਨੇ ਚੀਨ, ਕੋਰੀਆ ਅਤੇ ਤਾਇਵਾਨ ਵਿਚ ਜਪਾਨ ਦੀਆਂ ਕਾਰਵਾਈਆਂ ਬਾਰੇ ਇਸੇ ਤਰ੍ਹਾਂ ਕੀਤਾ। ਲੋਕਾਂ, ਇੰਤਹਾ-ਰਾਸ਼ਟਰਵਾਦੀਆਂ ਅਤੇ ਪਾਰਲੀਮੈਂਟੇਰੀਅਨਾਂ ਦੇ ਬਹੁ-ਪਾਰਟੀ ਸਿਲਸਿਲੇ ਦੀ ਤਕੜੀ ਹਮਾਇਤ ਦੇ ਬਾਵਜੂਦ, ਹਿੰਦੀ ਅਜੇ ਵੀ ਫ਼ਿਕਰਮੰਦ ਸਨ ਕਿ ਉਨ੍ਹਾਂ ਵਲੋਂ ਬਗ਼ਾਵਤ ਕੀਤੇ ਜਾਣ ਦੀ ਸੂਰਤ 'ਚ, ਜਪਾਨ ਦੀ ਹਕੂਮਤ ਬਰਤਾਨੀਆ ਦਾ ਸਾਥ ਦੇਵੇਗੀ, ਅਤੇ ਉਨ੍ਹਾਂ ਨੂੰ ਦਬਾਉਣ ਵਿਚ ਹੱਥ ਵਟਾਏਗੀ। 1915 'ਚ ਸਿੰਗਾਪੁਰ ਦੀ ਫ਼ੌਜੀ ਬਗ਼ਾਵਤ ਸਮੇਂ ਇਹ ਸੱਚ ਸਾਬਤ ਹੋਇਆ।

ਦੂਜੇ ਪਾਸੇ, ਮਿਸਰੀਆਂ ਨਾਲ ਰਿਸ਼ਤਾ ਜੰਗ ਤੋਂ ਪਹਿਲੇ ਰਾਸ਼ਟਰਵਾਦ ਦੇ ਢੁੱਕਵੇਂ ਰੂਪ 'ਤੇ ਅਧਾਰਤ ਸੀ। ਇਹ ਸਥਾਨਕ ਦੇਸ਼ਭਗਤੀ ਅਤੇ ਗਣਰਾਜੀ ਸੰਵਿਧਾਨਵਾਦ ਦਾ ਮਿਲਿਆ-

ਜੁਲਿਆ ਰੂਪ ਸੀ, ਜੋ ਅੰਗਰੇਜ਼ ਵਿਰੋਧੀ ਟਾਕਰੇ ਅਤੇ ਔਟੋਮਨ ਸਲਤਨਤ ਦੇ ਇਕ ਬੇਯਕੀਨੇ ਰਿਸ਼ਤੇ ਦੇ ਉਸ ਭੂਗੋਲਿਕ-ਸਿਆਸੀ ਪ੍ਰਸੰਗ ਦੇ ਅੰਦਰ ਮੌਜੂਦ ਸੀ ਜਿਸ ਦੀ ਅਹਿਮੀਅਤ ਵਿਆਪਕ ਸਰਬ-ਏਸ਼ੀਆਈ/ਸਰਬ-ਇਸਲਾਮਿਕ ਘੇਰੇ ਦੀ ਮੌਜੂਦਗੀ ਕਰਕੇ ਸੀ। ਗ਼ਦਰੀ ਜਥੇਬੰਦੀ ਨਾਲ ਇਸ ਦਾ ਸਿੱਧਾ ਤਾਲਮੇਲ ਨਹੀਂ ਸੀ, ਸਗੋਂ ਇਹ ਦੋਵਾਂ ਥਾਂਵਾਂ 'ਤੇ ਸਰਗਰਮ ਵਿਅਕਤੀਆਂ ਦੀ ਵਿਚੋਲਗੀ ਜ਼ਰੀਏ ਹੁੰਦਾ ਸੀ। 1920ਵਿਆਂ ਦੇ ਅੱਧ ਤੋਂ ਸ਼ੁਰੂ ਹੋ ਕੇ, ਮਿਸਰ ਦੀ ਰਾਸ਼ਟਰਵਾਦੀ ਸਿਆਸਤ ਅਤੇ ਜਿਸ ਔਟੋਮਨ/ਇਸਲਾਮਿਕ ਜਗਤ ਦੀ ਸਿਆਸਤ ਨਾਲ ਇਹ ਬੱਝੀ ਹੋਈ ਸੀ, ਵਿਚ ਬਦਲਾਅ ਆਉਣ 'ਤੇ ਹਿੰਦੀਆਂ ਨਾਲ ਰਾਸ਼ਟਰਵਾਦੀ ਅਤੇ ਖ਼ਿਲਾਫ਼ਤਵਾਦੀ ਰੂਪ 'ਚ ਇਸ ਦੇ ਆਦਾਨ-ਪ੍ਰਦਾਨ ਦੇ ਮੌਕਿਆਂ ਦਾ ਮੋਕਲਾ ਦਾਇਰਾ ਸੁੰਗੜ ਗਿਆ। ਔਟੋਮਨ ਖ਼ਲੀਫ਼ਾ ਹੁਣ ਨਹੀਂ ਸੀ ਰਿਹਾ, ਅਤੇ ਮਿਸਰ ਦੇ ਕੌਮੀ ਦ੍ਰਿਸ਼ ਉੱਪਰ ਉਸ ਥੋੜ੍ਹੇ ਸਮੇਂ ਲਈ ਜਿਨ੍ਹਾਂ ਉਦਾਰ-ਧਰਮਨਿਰਪੱਖ ਗਣਰਾਜੀ ਸੰਵਿਧਾਨਵਾਦੀਆਂ ਦਾ ਬੋਲਬਾਲਾ ਰਿਹਾ ਉਨ੍ਹਾਂ ਦਾ ਹੋਰ ਰਾਸ਼ਟਰਵਾਦੀ ਲਹਿਰਾਂ ਪ੍ਰਤੀ ਵਤੀਰਾ ਆਮ ਕਰਕੇ ਬੇਲਾਗਤਾ ਵਾਲਾ ਸੀ। ਨਾ ਹੀ ਉਨ੍ਹਾਂ ਦੀ ਉਸ ਵਕਤ ਕੌਮਾਂਤਰੀਵਾਦ ਜਾਂ ਪਰਾਕੌਮੀ ਜਥੇਬੰਦੀ ਜਿਨ੍ਹਾਂ ਸ਼ਕਲਾਂ 'ਚ ਮੌਜੂਦ ਸੀ ਉਸ ਵਿਚ ਕੋਈ ਬਹੁਤੀ ਰੁਚੀ ਸੀ।[127]

ਇਸ ਦੌਰਾਨ, ਆਇਰਿਸ਼ਾਂ ਨਾਲ ਰਿਸ਼ਤਾ – ਜੋ ਅਮਰੀਕਾ ਅਧਾਰਤ ਗ਼ਦਰ ਲਹਿਰ ਲਈ ਸਭ ਤੋਂ ਕੇਂਦਰੀ ਅਤੇ ਸ਼ਾਇਦ ਇਸ ਦਾ ਸਭ ਤੋਂ ਮਜ਼ਬੂਤ ਤੇ ਸਭ ਤੋਂ ਚਿਰ-ਸਥਾਈ ਗੱਠਜੋੜ ਸੀ – ਗਣਰਾਜੀ ਰਾਸ਼ਟਰਵਾਦ ਵਜੋਂ ਇਸ ਦੇ ਸਭ ਤੋਂ ਨੇੜਲੀ ਐਸੀ ਸਮਕਾਲੀ ਤਾਕਤ ਸੀ ਜਿਸ ਦੀ ਖ਼ਾਸੀਅਤ ਉਸੇ ਤਰ੍ਹਾਂ ਦਾ ਸਮਾਜੀਵਾਦੀ ਝੁਕਾਅ ਵਾਲਾ ਵਿੰਗ ਅਤੇ ਉਸੇ ਵਰਗੀ ਦਾਅਪੇਚਕ ਪਹੁੰਚ ਸੀ। ਪਰਾਕੌਮੀ ਸਭਿਆਚਾਰਕ ਹੋਂਦ ਵਾਲੀ ਦੁਵੱਲੀ ਸਮਾਨਤਾ ਦੀ ਅਣਹੋਂਦ 'ਚ, ਇਸ ਰਿਸ਼ਤੇ ਨੂੰ ਜੋੜ ਕੇ ਰੱਖਣ ਵਾਲਾ ਸਾਂਝਾ ਤੱਤ ਕਿਹੜਾ ਸੀ ? ਕੀ ਇਕ ਬੇਦਿਲ ਸਾਂਝੀ ਸਭਾ ਦੀ ਇਕਮੁੱਠਤਾ ਕਾਫ਼ੀ ਸੀ ? ਮੈਂ ਸਮਝਦੀ ਹਾਂ ਕਿ ਇਹ ਉਸ ਨਾਲ ਇਕ ਡੂੰਘੀ ਵਿਚਾਰਧਾਰਕ ਸਮਾਨਤਾ ਸੀ ਜਿਸ ਨੂੰ ਮੇਰੇ ਖ਼ਿਆਲ 'ਚ ਲਾਜ਼ਮੀ ਹੀ 1848 ਦਾ ਜਜ਼ਬਾ ਕਿਹਾ ਜਾਣਾ ਚਾਹੀਦਾ ਹੈ। ਕੌਮੀ ਮੁਕਤੀ ਨਾਲ ਗ਼ਦਰ ਦੀ ਇਨਕਲਾਬੀ ਵਚਨਬਧਤਾ ਇਸ ਦਾ ਸਥਾਨ ਈਮਾਨਦਾਰੀ ਨਾਲ ਅਤੇ ਸੁਚੇਤ ਤੌਰ 'ਤੇ 1776, 1789, 1848 ਅਤੇ ਸਭ ਤੋਂ ਵੱਧ 1857 ਦੀਆਂ ਮਿਸਾਲਾਂ ਦੇ ਅਧਾਰ 'ਤੇ, ਗਿਆਨ-ਚਾਨਣ (enlightenment) ਤੋਂ ਪਿੱਛੋਂ ਦੀ ਰੋਮਾਂਟਕ ਗਣਰਾਜਵਾਦੀ ਰਵਾਇਤ ਦੇ ਅੰਦਰ ਨਿਸ਼ਚਿਤ ਕਰਦੀ ਹੈ। ਸਿਆਸੀ ਉਦਾਰਵਾਦ ਦੇ ਮੂਲ ਪਵਿੱਤਰ ਕਥਨਾਂ ਅਤੇ ਸ਼ਹੀਦਾਂ ਤੇ ਸ਼ਹਾਦਤ ਦੇ ਸਤਿਕਾਰ ਦਾ ਪੁਰਾਣਾ ਮਿਲਗੋਭਾ ਗਿਆਨ-ਚਾਨਣ ਤੋਂ ਪਿੱਛੋਂ ਦੇ ਰੋਮਾਂਸਵਾਦ ਦੇ ਧੁਰ-ਅੰਦਰ ਮੌਜੂਦ ਸੀ। ਜੋ ਬਦੇਸਾਂ ਵਿਚ ਰਹਿੰਦੇ ਆਇਰਿਸ਼ਾਂ ਅਤੇ ਹਿੰਦੀਆਂ ਦੋਵਾਂ ਦੀਆਂ ਗਣਰਾਜੀ ਕੌਮੀ ਲਹਿਰਾਂ ਨੂੰ ਮੱਘਦਾ ਰੱਖਣ ਵਾਲਾ ਬਾਲਣ ਸੀ, ਲਹਿਰਾਂ ਜਿਨ੍ਹਾਂ ਵਿੱਚੋਂ ਘੱਟੋਘੱਟ ਕੁਝ ਵਤਨੋਂ ਦੂਰ, ਖ਼ਾਲਸ ਕੌਮੀ ਹੰਕਾਰਵਾਦ ਦੇ ਨਹੀਂ ਸਗੋਂ ਕੌਮਾਂਤਰੀ ਇਕਮੁੱਠਤਾ ਦੇ ਰਸਤੇ ਉੱਪਰ ਅੱਗੇ ਵਧੀਆਂ।

ਪਹਿਲੀ ਆਲਮੀ ਜੰਗ ਦੇ ਦੌਰ ਦੀ ਤਵਾਰੀਖ਼ੀ ਸ਼ਬਦਾਵਲੀ ਵਿਚ ਸਵੈ-ਨਿਰਣਾ ਰਾਸ਼ਟਰਵਾਦ ਵਾਂਗ ਹੀ ਉੱਘੜਵਾਂ ਸ਼ਬਦ ਸੀ। ਅਤੇ ਇਹੀ ਅਸੂਲ ਸੀ ਜਿਸ ਨੇ ਜੰਗ ਤੋਂ ਪਹਿਲੇ ਅਰਾਜਕਤਾਵਾਦ, ਜੰਗ ਸਮੇਂ ਦੇ ਰਾਸ਼ਟਰਵਾਦ ਅਤੇ ਜੰਗਾਂ ਦੌਰਾਨ ਦੇ ਕਮਿਊਨਿਸਟ ਕੌਮਾਂਤਰੀਵਾਦ ਦਰਮਿਆਨ ਤਰਕਪੂਰਨ ਲਗਾਤਾਰਤਾ ਬਣਾਈ ਰੱਖੀ। ਸੰਤੋਖ ਸਿੰਘ, ਜੋ ਓਦੋਂ ਜੇਲ੍ਹ ਵਿੱਚੋਂ ਰਿਹਾਅ ਹੋਣ ਤੋਂ ਬਾਅਦ ਗ਼ਦਰ ਆਸ਼ਰਮ ਵਿਚ ਰਹਿ ਰਿਹਾ ਸੀ ਅਤੇ "ਗ਼ਦਰ ਪਾਰਟੀ ਨੂੰ ਮੁੜ ਜਥੇਬੰਦ ਕਰਨ" ਵਿਚ ਜੁੱਟਿਆ ਹੋਇਆ ਸੀ, ਨੇ ਮਾਰਚ 1920 'ਚ ਹੋਮ ਰੂਲ

ਲੀਗ ਦੇ ਨਵੇਂ ਸੰਵਿਧਾਨ ਬਾਬਤ ਡਾ. ਨਰੈਣ ਸੂਬਾਰਾਓ ਹਰਦਿਕਾਰ ਨੂੰ ਲਿਖਿਆ:

"ਮੇਰੀ ਨਿਝੱਕ ਰਾਇ ਹੈ ਕਿ ਹਿੰਦ ਨੂੰ ਸਿਆਸੀ, ਸਮਾਜੀ, ਸਨਅਤੀ ਇਨਕਲਾਬ ਦੀ ਲੋੜ ਹੈ। ਜਿਥੇ ਸਮਾਜੀ ਅਤੇ ਆਰਥਕ ਮਸਲੇ ਅਣਸੁਲਝੇ ਰਹਿਣ ਐਸਾ ਆਜ਼ਾਦ ਹਿੰਦ ਮੈਨੂੰ ਨਹੀਂ ਭਾਉਂਦਾ - ਪਰ ਇਹ ਮੈਂ ਪੂਰਾ ਭਾਵੁਕ ਹੋ ਕੇ ਕਹਿ ਰਿਹਾ ਹਾਂ ਕਿ ਮੈਂ ਥੋੜ੍ਹਾ ਬਾਅਦ ਵਿਚ ਸਮਾਜੀ ਅਤੇ ਸਨਅਤੀ ਮਸਲਿਆਂ ਦੇ ਹੱਲ ਦੀ ਉਮੀਦ ਰੱਖਣ ਦੀ ਬਜਾਏ ਕਿਸੇ ਅੰਗਰੇਜ਼ ਦਾ ਹਿੰਦੁਸਤਾਨੀ ਗ਼ੁਲਾਮ-ਡਰਾਈਵਰ ਬਣ ਕੇ ਨੌਕਰੀ ਕਰਨ ਨੂੰ ਤਰਜ਼ੀਹ ਦਿਆਂਗਾ। ਜਦੋਂ ਤਕ ਹਿੰਦ ਵਿਚ ਯੂਨੀਅਨ ਜੈਕ ਝੁੱਲ ਰਿਹਾ ਹੈ, ਸਵੈ-ਨਿਰਣਾ ਅਸੰਭਵ ਹੈ।"[128]

ਜੰਗ ਤੋਂ ਪਿੱਛੋਂ, ਕੌਮੀ ਮੁਕਤੀ ਘੋਲਾਂ ਦੇ ਚੁਫ਼ੇਰੇ ਚੌਖਟੇ ਵੱਲ ਕੁਝ ਮੋੜਾ ਕੱਟਿਆ ਗਿਆ, ਮੁਲਕ ਦੇ ਸਿਆਸੀ ਦ੍ਰਿਸ਼ ਦੇ ਉਲਟ ਬਦੇਸਾਂ ਵਿਚਲੇ ਇਨਕਲਾਬੀਆਂ ਵਿਚ ਇਸ ਤਰ੍ਹਾਂ ਦੀ ਹਾਲਤ ਅਕਸਰ ਕਿਤੇ ਵਧੇਰੇ ਪਾਈ ਜਾਂਦੀ ਸੀ। ਅਜਿਹੀ ਪਰਾਕੌਮੀ ਸੋਚ ਅਜੇ ਇੱਧਰ ਵਤਨ ਦੇ ਲੋਕਾਂ ਵਿਚ ਸਰਬ-ਇਸਲਾਮਵਾਦੀਆਂ ਅਤੇ ਕੁਝ ਮਹਾਂਨਗਰੀ ਸਭਿਆਚਾਰਕ ਸਰਬ-ਏਸ਼ੀਆਈਵਾਦੀਆਂ ਨੂੰ ਛੱਡਕੇ ਓਦੋਂ ਤੱਕ ਆਮ ਨਹੀਂ ਸੀ, ਜਦੋਂ ਤੱਕ 1920ਵਿਆਂ ਵਿਚ ਵੱਖੋ-ਵੱਖਰੇ ਮੁਲਕਾਂ ਵਿੱਚੋਂ ਖੱਬੇਪੱਖੀ ਕਾਰਕੁੰਨ ਵਾਪਸ ਵਤਨ ਨਹੀਂ ਮੁੜ ਆਏ, ਜਿਨ੍ਹਾਂ ਲਈ ਕੌਮ ਦੀ ਸ਼੍ਰੇਣੀ (category) ਭੂਗੋਲਿਕ-ਸਿਆਸੀ ਪੱਧਰ ਉੱਪਰ ਜਮਾਤੀ ਵਿਸ਼ਲੇਸ਼ਣ ਦੀ ਇਕਾਈ ਤੋਂ ਛੋਟੀ ਇਕ ਮੁੱਢ-ਕਦੀਮੀਂ ਨਸਲੀ-ਸਭਿਆਚਾਰਕ ਪਛਾਣ ਸੀ। ਇੱਥੋਂ ਇਹ ਖੱਬੇ ਪਾਸੇ ਵੱਲ ਨਿੱਕੀ ਜਹੀ ਛਾਲ ਸੀ।

5

# ਪੂਰਬ ਦੇ ਮਿਹਨਤਕਸ਼

*ਕਮਿਊਨਿਸਟ ਗ਼ਦਰੀ*

## ਇਕ ਨਵਾਂ ਸੰਗੀ

ਰੂਸ ਦੀ ਉੱਥਲ-ਪੁੱਥਲ ਨਾਲ ਜੁੜ ਕੇ ਔਟੋਮਨ, ਜਰਮਨ ਅਤੇ ਆਸਟਰੀਆ-ਹੰਗਰੀ ਦੀਆਂ ਸਲਤਨਤਾਂ ਦੇ ਨਵੇਂ ਸਿਰਿਓਂ ਬਣਾਏ ਜਾਣ ਸਮੇਤ ਮਹਾਂ ਯੁੱਧ ਦੇ ਸਿੱਟਿਆਂ ਨੇ ਉਨ੍ਹਾਂ ਹਾਲਾਤ ਨੂੰ ਤਿੱਖੇ ਰੂਪ 'ਚ ਬਦਲ ਦਿੱਤਾ ਜਿਨ੍ਹਾਂ ਵਿਚ ਬਸਤੀਵਾਦ ਵਿਰੁੱਧ ਜੂਝ ਰਹੇ ਪਰਾਕੌਮੀ ਇਨਕਲਾਬੀ ਆਲਮੀ ਪੱਧਰ ਉੱਪਰ ਅਤੇ ਅਮਰੀਕਾ ਦੇ ਤੇ ਹਿੰਦ ਦੇ ਘਰੇਲੂ ਦੋਵਾਂ ਪ੍ਰਸੰਗਾਂ ਵਿਚ ਕੰਮ ਕਰ ਰਹੇ ਸਨ। ਇਹ ਉਹ ਘੜੀ ਹੈ ਜਦੋਂ ਆਮ ਤੌਰ 'ਤੇ ਇਹ ਕਿਹਾ ਜਾਂਦਾ ਹੈ ਕਿ ਇੱਥੋਂ ਗ਼ਦਰ ਨੇ ਖੱਬੀ ਸਿਆਸਤ ਵੱਲ ਤਿੱਖਾ ਮੋੜ ਕੱਟਿਆ। ਜਦਕਿ, ਸ਼ਾਇਦ ਇਹ ਕਹਿਣਾ ਵਧੇਰੇ ਸਹੀ ਹੈ ਕਿ ਇੱਥੋਂ ਇਹ ਦੋ ਹਿੱਸਿਆਂ ਵਿਚ ਵੰਡੀ ਗਈ, ਅਤੇ ਰੈਡੀਕਲ ਹਿੱਸੇ ਨੇ ਕੌਮਾਂਤਰੀ ਖੱਬੀ ਧਿਰ ਦੇ ਹੋਰ ਹਿੱਸਿਆਂ ਨਾਲ ਮਿਲ ਕੇ ਖ਼ਾਸ ਤੌਰ 'ਤੇ ਮਾਰਕਸਵਾਦੀ-ਲੈਨਿਨਵਾਦੀ ਵਿਸ਼ਲੇਸ਼ਣਾਤਮਕ ਅਤੇ ਦਾਅਪੇਚਕ ਮੋੜਾ ਕੱਟਿਆ। ਜੰਗ ਤੋਂ ਪਹਿਲਾਂ, ਇਸ ਵਿਸ਼ੇਸ਼ ਸ਼ਕਲ 'ਚ ਸੰਸਥਾਕਰਨ ਹੋ ਚੁੱਕੇ, ਤਰਕਪੂਰਨ, ਰਸਮੀ ਰੂਪ ਅਖ਼ਤਿਆਰ ਕਰ ਚੁੱਕੇ ਜਥੇਬੰਦੀ, ਪਾਰਟੀ ਅਤੇ ਰਾਜ ਦਾ ਵਜੂਦ ਨਹੀਂ ਸੀ, ਸਮੇਤ ਕੱਟੜ ਮੱਤ ਨੂੰ ਗੁਰਬੰਦ ਕਰਨ ਤੇ ਲਾਗੂ ਕਰਨ ਅਤੇ ਖ਼ੁਦ "ਖੱਬੀ ਧਿਰ" ਦੀ ਪ੍ਰੀਭਾਸ਼ਾ ਉੱਪਰ ਹਾਵੀ ਹੋਣ ਦੀ ਇਸ ਦੀ ਸਮਰੱਥਾ ਦੇ। ਫਿਰ ਵੀ ਨਵਾਂ ਰੂਪ ਲੈਂਦੇ ਹੋਏ ਵੀ, ਗ਼ਦਰ ਦੇ ਨਿਸ਼ਾਨੇ ਅਤੇ ਆਦਰਸ਼ ਜੰਗ ਤੋਂ ਪਹਿਲੀ ਪਾਰਟੀ ਵਾਲੇ ਹੀ ਬਣੇ ਰਹੇ। ਗ਼ਦਰੀਆਂ ਵਲੋਂ ਆਪਣੀ ਪ੍ਰਤੱਖ ਅਸਫ਼ਲਤਾ ਦਾ ਬਾਲਸ਼ਵਿਕਾਂ ਦੀ ਕਾਮਯਾਬੀ ਨਾਲ ਮੁਕਾਬਲਾ ਕੀਤੇ ਜਾਣ 'ਤੇ ਇਸ ਰਸਮੀ ਬਦਲਾਅ ਦਾ ਇਜ਼ਹਾਰ ਤਕਲੀਫ਼ਦੇਹ ਸਵੈ-ਪੜਚੋਲੀਆ ਸੋਝੀ 'ਚ ਹੋਇਆ। ਇਸ ਦੌਰਾਨ, ਰੈਡੀਕਲ ਹਿੱਸੇ ਨੇ ਤਾਂ ਮਾਰਕਸਵਾਦੀ-ਲੈਨਿਨਵਾਦੀ ਪਹੁੰਚ ਅਖ਼ਤਿਆਰ ਕਰ ਲਈ ਅਤੇ ਵਤਨ ਮੁੜ ਆਏ, ਦੂਜੇ ਧੜੇ ਨੇ ਹੋਰ ਵੀ ਵਧੇਰੇ ਨਰਮ-ਖ਼ਿਆਲ ਹਿੰਦੀ ਰਾਸ਼ਟਰਵਾਦ ਅਪਣਾ ਲਿਆ ਜੋ ਅਮਰੀਕਾ ਦੇ ਅੰਦਰ ਸ਼ਹਿਰੀ ਹੱਕਾਂ ਅਤੇ ਨਸਲੀ-ਸਭਿਆਚਾਰਕ ਗੌਰਵ ਦੇ ਨਿਸ਼ਾਨੇ ਪੂਰੇ ਕਰਨ ਲਈ ਲਾਹੇਵੰਦ ਸੀ।

ਵਰਸੇਲਜ਼ ਸਮਝੌਤੇ ਤੋਂ ਪਿੱਛੋਂ, ਇਸੇ ਤਰ੍ਹਾਂ ਦੇ "ਮੋੜੇ" ਹੋਰਾਂ ਵਲੋਂ ਵੀ ਕੱਟੇ ਗਏ। ਅਮਰੀਕਾ ਨੇ ਜਿਥੇ ਜ਼ਾਹਰਾ ਤੌਰ 'ਤੇ ਰੈਡੀਕਲ ਵਿਰੋਧੀ ਅਤੇ ਆਵਾਸੀਆਂ ਵਿਰੋਧੀ ਦਿਸ਼ਾ ਅਖ਼ਤਿਆਰ ਕਰ ਲਈ, ਸੋਵੀਅਤ ਰੂਸ ਅਤੇ ਕਮਿਊਨਿਸਟ ਕੌਮਾਂਤਰੀ ਨੇ ਆਪਣੇ ਸਾਮਰਾਜਵਾਦ ਦੇ ਵਿਰੋਧ ਉੱਪਰ ਜ਼ੋਰ ਦੇਣ ਦੀਆਂ ਸਿਖ਼ਰਾਂ ਛੂਹ ਲਈਆਂ। ਇਵ, ਜੰਗ ਤੋਂ ਬਾਅਦ, ਰੈਡੀਕਲਵਾਦ ਦਾ ਝੁਕਾਅ ਸਿਰਫ਼ "ਖੱਬੀ ਧਿਰ" (ਭਾਵ, ਭਾਰੂ ਤੌਰ 'ਤੇ ਮਾਰਕਸਵਾਦੀ-ਲੈਨਿਨਵਾਦੀ) ਵੱਲ ਹੀ ਨਹੀਂ ਹੋਇਆ ਸਗੋਂ ਨਵਾਂ ਰਸਮੀ ਰੂਪ ਅਖ਼ਤਿਆਰ ਕੀਤੀ ਇਹ ਖੱਬੀ ਧਿਰ ਜ਼ਬਰਦਸਤ ਬਸਤੀਵਾਦ ਵਿਰੋਧੀ ਬਣ ਗਈ।

ਕਾਮਿੰਤਰਨ ਦੀਆਂ 1919 ਅਤੇ 1920 ਦੀਆਂ ਸਥਾਪਨਾ ਕਾਂਗਰਸਾਂ ਦੀਆਂ ਬਹਿਸਾਂ ਵਿਚ ਕੌਮੀ-ਬਸਤੀਵਾਦੀ ਸਵਾਲ ਦਾ ਉਭਰਵਾਂ ਸਥਾਨ ਰਿਹਾ। 1928 ਦੀ ਛੇਵੀਂ ਕਾਂਗਰਸ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਵਰਗੀਆਂ ਬੁਰਜੂਆ ਰਾਸ਼ਟਰਵਾਦੀ ਪਾਰਟੀਆਂ[1] ਨਾਲ ਕਿਸੇ ਤਰ੍ਹਾਂ ਦੀ ਸਾਂਝ ਰੱਖਣ ਤੋਂ ਕਿਨਾਰਾ ਕਰਕੇ, ਨੀਤੀ ਵਿਚ ਤਿੱਖੀ ਤਬਦੀਲੀ ਲਿਆਂਦੀ ਗਈ। ਬਸਤੀਵਾਦੀ ਮੁਲਕਾਂ ਦੀਆਂ ਕਮਿਊਨਿਸਟ ਪਾਰਟੀਆਂ ਨੇ ਆਪਣੇ ਮੁਲਕਾਂ ਦੀਆਂ ਸਲਤਨਤਾਂ ਅੰਦਰਲੀਆਂ ਬਸਤੀਵਾਦ ਵਿਰੋਧੀ ਲਹਿਰਾਂ ਨੂੰ ਹਮਾਇਤ ਦੇਣੀ ਇਸ ਕਰਕੇ ਬਿਹਤਰ ਸਮਝੀ, ਤਾਂ ਜੋ ਕਿਤੇ ਉਨ੍ਹਾਂ ਦੀ ਆਪਣੀ ਸੰਭਾਵੀ ਇਨਕਲਾਬੀ ਤਾਕਤ ਦਾ ਮੱਚ ਨਾ ਮਰ ਜਾਵੇ ਅਤੇ ਉਨ੍ਹਾਂ ਦੀ ਪਰਾਕੌਮੀ ਜਮਾਤੀ ਇਕਮੁੱਠਤਾ ਨੂੰ ਖ਼ੋਰਾ ਨਾ ਲੱਗੇ, ਕਿਉਂਕਿ ਉਨ੍ਹਾਂ ਨੂੰ ਲੁੱਟ ਦੇ ਹਿੱਸੇਦਾਰ ਬਣਾ ਲਏ ਜਾਣ ਕਾਰਨ, ਉਹ ਬਸਤੀਵਾਦੀ ਰਾਜ ਤੋਂ ਪਦਾਰਥਕ ਤੌਰ 'ਤੇ ਫ਼ਾਇਦੇ ਲੈ ਰਹੇ ਸਨ। ਫਿਰ ਸਰਮਾਏਦਾਰੀ ਅਤੇ ਸਾਮਰਾਜਵਾਦ ਦਰਮਿਆਨ ਵਿਸ਼ਲੇਸ਼ਣਾਤਮਕ ਕੜੀ ਜੁੜਨ ਨਾਲ ਕਮਿਊਨਿਜ਼ਮ ਅਤੇ ਏਸ਼ੀਆਈ ਕੌਮੀ ਮੁਕਤੀ ਲਹਿਰਾਂ ਦਰਮਿਆਨ ਇਕ ਸੁਭਾਵਿਕ ਸਥਿਤੀ-ਮੂਲਕ ਦੁਵੱਲੇ ਹਿੱਤਾਂ ਵਾਲੀ ਸਾਂਝ ਉਭਰਕੇ ਸਾਹਮਣੇ ਆਈ।

ਫਿਰ ਵੀ, ਇਸ ਤਰ੍ਹਾਂ ਦੇ ਆਲਮੀ ਯੁੱਧਨੀਤਕ ਵਿਸ਼ਲੇਸ਼ਣ ਨੂੰ ਆਲਮੀ ਆਰਥਿਕਤਾ ਦੇ ਦੋ ਵੱਖੋ-ਵੱਖਰੇ ਖੇਤਰਾਂ ਵਿਚ ਦੋ ਵੱਖੋ-ਵੱਖਰੀਆਂ ਯੁੱਧਨੀਤੀਆਂ ਦੀ ਇਜਾਜ਼ਤ ਦੇਣੀ ਪੈਣੀ ਸੀ - ਸਨਅਤੀ ਪੱਛਮ ਅਤੇ ਜ਼ਰੱਈ ਬਸਤੀਵਾਦੀ ਪੂਰਬ; ਜਾਂ ਜਿਸ ਨੂੰ ਹੁਣ ਆਲਮੀ ਉੱਤਰ ਅਤੇ ਦੱਖਣ ਕਿਹਾ ਜਾ ਸਕਦਾ ਹੈ। ਕਮਿਊਨਿਸਟ ਵਿਸ਼ਲੇਸ਼ਣ ਅਨੁਸਾਰ, ਭਾਵੇਂ ਸਰਮਾਏਦਾਰੀ ਅਤੇ ਸਾਮਰਾਜਵਾਦ (ਇਸ ਦਾ ਉੱਚਤਮ ਪੜਾਅ) ਇਕੋ ਸਿੱਕੇ ਦੇ ਦੋ ਪਾਸੇ ਸਨ, ਆਲਮੀ ਸਰਮਾਏਦਾਰਾ-ਸਾਮਰਾਜਵਾਦੀ ਪ੍ਰਬੰਧ ਦੇ ਢਾਂਚੇ ਅੰਦਰ ਇਨ੍ਹਾਂ ਦੇ ਵੱਖਰੇ ਸਥਾਨ ਮਾਲਕ ਅਤੇ ਗ਼ੁਲਾਮ, ਦਾਬਾ ਪਾਉਣ ਵਾਲੇ ਅਤੇ ਦਬਾਏ ਹੋਏ, ਲੋਟੂ ਅਤੇ ਲੁੱਟੇ-ਪੁੱਟੇ ਦਰਮਿਆਨ ਬੁਨਿਆਦੀ ਵਿਰੋਧਤਾਈ ਨੂੰ ਇਕ ਵੱਖਰਾ ਸਭ ਤੋਂ ਨੇੜਲਾ ਰੂਪ ਬਖ਼ਸ਼ਦੇ ਸਨ। ਵਿਰੋਧਤਾਈ ਨੇ "ਪੂਰਬ ਦੇ ਲੋਕਾਂ" ਲਈ ਬੁਰਜੂਆ ਅਤੇ ਪ੍ਰੋਲੇਤਾਰੀ ਦੀ ਥਾਂ ਬਸਤੀਵਾਦੀ ਅਤੇ ਬਸਤੀ ਬਣਾਏ ਗਏ ਦਾ ਜਾਮਾ ਪਹਿਨ ਲਿਆ। ਇਸ ਨਾਲ ਦੱਬੀ-ਕੁਚਲੀ ਜਾਂ ਪ੍ਰੋਲੇਤਾਰੀ ਕੌਮ ਦੀ ਸ਼੍ਰੇਣੀ (category) ਨਵੇਂ ਸਿਰਿਓਂ ਪ੍ਰਚਲਤ ਹੋਈ, ਜੋ ਆਲਮੀ ਆਰਥਕ ਪ੍ਰਸੰਗ ਵਿਚ ਦੱਬੀ-ਕੁਚਲੀ ਜਮਾਤ ਦੇ ਸਮਾਨ ਸੀ।

ਬਾਲਸ਼ਵਿਕ ਭਵਿੱਖ-ਨਕਸ਼ੇ ਤੋਂ, ਏਸ਼ੀਆ ਵਿਚ ਕੌਮੀ ਮੁਕਤੀ ਨੂੰ ਆਲਮੀ ਇਨਕਲਾਬ ਦਾ ਲਾਜ਼ਮੀ ਹਿੱਸਾ ਹੋਣ ਕਰਕੇ, ਅਜੇ ਵੀ ਯੂਰਪੀ ਇਨਕਲਾਬ ਦੇ ਪੂਰਕ ਵਜੋਂ ਹੀ ਦੇਖਿਆ ਜਾਂਦਾ ਸੀ, ਜਦਕਿ ਚੱਟੋ ਅਤੇ ਬਰਕਤਉੱਲਾ ਵਰਗੇ ਕੌਮੀ ਇਨਕਲਾਬੀ ਕਹਾਉਣ ਵਾਲੇ ਆਲਮੀ ਕਮਿਊਨਿਜ਼ਮ ਨੂੰ ਅਜਿਹੇ ਸੰਦ ਵਜੋਂ ਦੇਖਦੇ ਸਨ ਜੋ ਏਸ਼ੀਆਈ ਅਤੇ/ਜਾਂ ਇਸਲਾਮਿਕ ਕੌਮਾਂ ਲਈ ਕੌਮੀ ਮੁਕਤੀ ਲਿਆ ਸਕਦਾ ਸੀ।[2] ਫਿਰ ਵੀ ਆਖ਼ਿਰ ਦੋਵਾਂ ਹਿੱਸਿਆਂ ਨੂੰ ਉਸ ਨਿਸ਼ਾਨੇ ਨਾਲ ਸਮਝੌਤਾ ਕਰਨ ਦੀ ਲੋੜ ਹੋਵੇਗੀ ਜਿਸ ਨੂੰ ਉਹ ਹਾਸਲ ਕਰਨਾ ਲੋਚਦੇ ਸਨ; ਹਮੇਸ਼ਾ ਦੀ ਤਰ੍ਹਾਂ, ਪਹੁੰਚਾਂ ਦਰਮਿਆਨ ਵਖਰੇਵਾਂ ਜ਼ੋਰ ਅਤੇ ਤਰਜੀਹ ਦੇਣ ਦਾ ਸੀ। ਫਿਰ ਵੀ ਸਰਮਾਏਦਾਰੀ ਦੇ ਵਿਰੁੱਧ ਅਤੇ ਸਾਮਰਾਜਵਾਦ ਦੇ ਵਿਰੁੱਧ ਸੰਘਰਸ਼ਾਂ ਦਰਮਿਆਨ ਰਿਸ਼ਤਾ (ਅਤੇ ਸਮੇਂ-ਸਮੇਂ 'ਤੇ ਆਉਣ ਵਾਲਾ ਦਾਅਪੇਚਕ ਟਕਰਾਅ) ਅਤੇ ਇੰਞ ਬਦੇਸ਼ੀ ਰਾਜ ਦਾ ਖ਼ਾਤਮਾ ਕਰਨ (ਚਾਹੇ ਇਸ ਦਾ ਮਤਲਬ ਜਮਾਤਾਂ ਨੂੰ ਇਕਜੁੱਟ ਕਰਨਾ ਸੀ) ਜਾਂ ਮੁਲਕ ਵਿਚ ਸਮਾਜੀ-ਆਰਥਕ ਕਾਇਆਪਲਟੀ ਕਰਨ (ਚਾਹੇ ਇਸ ਦਾ ਮਤਲਬ ਜਮਾਤਾਂ ਨੂੰ ਵੰਡਣਾ ਸੀ) ਦੀ ਸ਼ਿੱਦਤ 1920ਵਿਆਂ ਵਿਚ ਹਿੰਦ ਦੀ ਖੱਬੀ ਧਿਰ ਲਈ ਭਖਵੀਂ ਬਹਿਸ ਦਾ ਮੁੱਦਾ ਸੀ।

ਹਿੰਦ ਵਿਚ ਕਮਿਊਨਿਜ਼ਮ ਦੇ ਵੱਖੋ-ਵੱਖਰੇ ਰਸਤਿਆਂ ਵਿੱਚੋਂ ਦੀ ਹੋ ਕੇ ਆਉਣ (ਅਤੇ ਇਸ ਦੀ ਵਿਆਖਿਆ ਕਰਨ) ਦਾ ਸਬੰਧ ਬਦੇਸ਼ਾਂ ਵਿਚਲੇ ਇਨਕਲਾਬੀਆਂ ਦੇ ਗੁੱਟਾਂ ਦੀ ਸ਼ਰੀਕੇਬਾਜ਼ੀ ਨਾਲ ਜੁੜਿਆ ਹੋਇਆ ਸੀ, ਇਹ ਮਾਸਕੋ ਤੋਂ ਲੈ ਕੇ ਬਰਾਸਤਾ ਕਾਬਲ ਅਤੇ ਤਾਸ਼ਕੰਦ ਮਾਸਕੋ ਤੱਕ ਜਾਂਦਾ ਸੀ। ਇਕ, ਜੋ ਹਿੰਦ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਬਣਿਆ, ਜਿਸ ਵਿਚ 1927 ਤਕ ਐੱਮ.ਐੱਨ. ਰਾਇ ਦਾ ਬੋਲਬਾਲਾ ਸੀ। ਇਸ ਨੇ ਬੰਗਾਲ, ਬੰਬਈ ਅਤੇ ਯੂਨਾਈਟਿਡ ਪ੍ਰਾਵਿੰਸ ਵਿਚਲੇ ਰਾਇ ਦੇ ਸੰਪਰਕਾਂ ਜ਼ਰੀਏ ਪੈਰ-ਧਰਾ ਕੀਤਾ।[3] ਦੂਜਾ, ਜੋ ਗ਼ਦਰ ਦੇ ਪੰਜਾਬ ਵਿਚਲੇ ਕੇਂਦਰ ਦੇ ਅਧਾਰ 'ਤੇ ਕਿਰਤੀ ਅਤੇ ਹੋਰ ਸਬੰਧਤ ਧੜਿਆਂ ਰਾਹੀਂ ਸਾਹਮਣੇ ਆਇਆ।[4] ਇਹ ਅਗਵਾਈ, ਸੁਭਾਅ ਅਤੇ ਰੁਚੀ ਪੱਖੋਂ ਨਿਆਰਾ ਸੀ, ਜਿਸ ਨੇ 1942 ਦੇ ਰਲੇਵੇਂ ਤੱਕ ਸੀ. ਪੀ. ਆਈ. ਦੇ ਸਬੰਧ 'ਚ ਉਹੀ ਭੂਮਿਕਾ ਨਿਭਾਈ ਜੋ ਭੂਮਿਕਾ ਯਾਰਕਾਂ ਦੇ ਵਿਰੋਧ 'ਚ ਲੰਕਾਸਟਰਾਂ ਦੀ ਸੀ (ਇੰਗਲੈਂਡ ਦੀਆਂ ਰੋਜ਼ਿਜ਼ ਜੰਗਾਂ ਦੀਆਂ ਦੋ ਧਿਰਾਂ – ਅਨੁਵਾਦਕ)।[5] ਜੰਗ ਤੋਂ ਪਿੱਛੋਂ ਵਾਲੇ ਅਤੇ ਜੇਲ੍ਹਾਂ ਤੋਂ ਬਾਹਰ ਆਏ ਗ਼ਦਰੀਆਂ, ਜਿਨ੍ਹਾਂ ਨੇ ਨਵੇਂ ਮੱਤ ਅਪਣਾ ਲਏ ਸਨ, ਦੀ ਹੁਣ ਇਹ ਸਮਝ ਬਣ ਗਈ ਸੀ ਕਿ ਉਨ੍ਹਾਂ ਦਾ ਸਿਆਸੀ ਚੇਤਨਾ ਦਾ ਪੱਧਰ "ਵਧੇਰੇ" ਪ੍ਰੱਪਕ ਹੋ ਗਿਆ ਹੈ, ਜਿਸ ਜ਼ਰੀਏ ਉਨ੍ਹਾਂ ਨੇ ਸਮਝ ਲਿਆ ਕਿ 1915 'ਚ ਉਨ੍ਹਾਂ ਦੀ ਅਸਫ਼ਲਤਾ ਦੇ ਕਾਰਨ ਇਹ ਸਨ: (ੳ) ਗ਼ਦਾਰੀ (ਜਿਸ ਵਿਚ ਸੁਰੱਖਿਆ ਦੀ ਪ੍ਰਵਾਹ ਨਾ ਕਰਨ ਦੇ ਮਾੜੇ ਸਭਿਆਚਾਰ ਨੇ ਵਾਧਾ ਕਰ ਦਿੱਤਾ, ਜਿਸ ਦਾ ਕਾਰਨ ਰਤਨ ਸਿੰਘ ਅਨੁਸਾਰ ਤਜ਼ਰਬੇ ਦੀ ਘਾਟ ਸੀ) ਅਤੇ (ਅ) ਬਗ਼ਾਵਤ ਦੀ ਮੁਹਰੈਲ ਲਹਿਰ ਨੂੰ ਅਵਾਮ ਨਾਲ ਜੋੜਨ 'ਚ ਨਾਕਾਮਯਾਬੀ। ਫਿਰ ਵੀ, ਗ਼ਦਰੀਆਂ ਦੀ ਲਾਮਬੰਦੀ ਦਾ ਫ਼ੌਜੀਆਂ ਅਤੇ ਕਿਸਾਨਾਂ ਤੱਕ ਵਿਸਤਾਰ ਉਨ੍ਹਾਂ ਦੇ ਇਨਕਲਾਬੀ ਘੇਰੇ ਦੇ ਚੋਖਾ ਵਿਆਪਕ ਹੋਣ ਦੀ ਨੁਮਾਇੰਦਗੀ ਕਰਦਾ ਸੀ। ਇਸ ਦੇ ਉਲਟ, ਜਿਨ੍ਹਾਂ ਬੰਗਾਲੀ ਖਾੜਕੂਆਂ ਨਾਲ ਗ਼ਦਰੀਆਂ ਨੇ ਪਰਦੇਸਾਂ ਤੋਂ ਆ ਕੇ ਸੰਪਰਕ ਬਣਾਏ ਉਨ੍ਹਾਂ ਦਾ ਜ਼ਿਆਦਾ ਤਜ਼ਰਬਾ ਸਾਜ਼ਿਸ਼ੀ ਢੰਗਾਂ ਨਾਲ ਕੰਮ ਕਰਨ ਦਾ ਸੀ। ਉਹ ਆਪਣਾ ਪੈਗ਼ਾਮ ਕਦੇ ਵੀ ਮੱਧਵਰਗੀ ਵਿਦਿਆਰਥੀਆਂ ਦੇ ਸੌੜੇ ਘੇਰੇ ਤੋਂ ਬਾਹਰ ਨਹੀਂ ਸੀ ਲੈ ਕੇ ਗਏ। ਪਰ ਗ਼ਦਰੀ ਇਹ ਹਿੱਕ ਠੋਕ ਕੇ ਕਹਿ ਸਕਦੇ ਸਨ ਕਿ ਉਨ੍ਹਾਂ ਨੇ ਸਜਿੰਦ ਬੁੱਧੀਜੀਵੀ ਅਗਵਾਈ ਵਾਲੀ ਮਿਹਨਤਕਸ਼ ਅਵਾਮੀ ਲਹਿਰ ਵਿਕਸਤ ਕੀਤੀ।

1928 'ਚ ਖ਼ੁਫ਼ੀਆ ਪੁਲਿਸ ਦੇ ਡੇਵਿਡ ਪੈਟਰੀ ਦੀ ਲਿਖਤ ਵਿਚ "ਡੂੰਘਾ ਤੌਖਲਾ" ਜ਼ਾਹਿਰ ਕੀਤਾ ਗਿਆ ਕਿ ਖ਼ਤਰਨਾਕ ਹੱਦ ਤੱਕ "ਨਾਖੁਸ਼" ਪੰਜਾਬੀਆਂ ਅੰਦਰਲਾ "ਸਿੱਖ ਕਮਿਤਰਨ ਧੜਾ" ਉਸ ਵਕਤ ਹਿੰਦ ਅੰਦਰ ਰੂਸੀ ਪ੍ਰਭਾਵ ਵਾਲੇ ਸਭ ਤੋਂ ਗੰਭੀਰ ਖ਼ਤਰੇ ਦੀ ਨੁਮਾਇੰਦਗੀ ਕਰਦਾ ਸੀ।[6] ਸੀ.ਪੀ.ਆਈ. ਦਾ ਇਕ ਮੋਢੀ ਮੈਂਬਰ ਅਤੇ ਬੰਗਾਲ ਵਿਚ ਰਾਇ ਦਾ ਲਫਟੈਣ ਮੁਜ਼ੱਫ਼ਰ ਅਹਿਮਦ ਵੀ ਮੰਨਦਾ ਸੀ ਕਿ ਪੰਜਾਬ ਵਿਚ ਅਵਾਮ ਨੂੰ ਜਥੇਬੰਦ ਕਰਨ ਦਾ ਅਮਲ ਅਸਲੀਅਤ ਵਿਚ ਓਦੋਂ ਤੱਕ ਅੱਗੇ ਨਹੀਂ ਵਧਿਆ ਜਦੋਂ ਤੱਕ ਸਿੱਖ ਇਨਕਲਾਬੀ ਪਰਦੇਸਾਂ ਤੋਂ ਆਉਣੇ ਸ਼ੁਰੂ ਨਹੀਂ ਹੋਏ।[7] ਤਾਜ਼ਾ ਆਉਣ ਵਾਲਿਆਂ ਵਿਚ 1915 ਦੇ ਯੋਧਿਆਂ, ਗ਼ਦਰੀ ਬਾਬਿਆਂ ਦੀ ਪਹਿਲੀ ਪੀੜ੍ਹੀ ਵੀ ਸ਼ਾਮਲ ਹੋ ਗਈ ਜੋ ਵੱਖੋ-ਵੱਖਰੇ ਲਾਹੌਰ ਸਾਜ਼ਿਸ਼ ਮੁਕੱਦਮਿਆਂ ਦੀਆਂ ਕੈਦਾਂ ਕੱਟ ਕੇ ਜੇਲ੍ਹਾਂ ਵਿੱਚੋਂ ਆ ਕੇ ਇਕ ਵਾਰ ਫਿਰ ਪੰਜਾਬ ਵਿਚ ਕਮਿਊਨਿਸਟ ਤੇ ਕਿਸਾਨ ਲਹਿਰਾਂ ਉਸਾਰਨ 'ਚ ਜੁੱਟ ਗਏ। ਰਤਨ ਸਿੰਘ ਅਨੁਸਾਰ, "ਨੌਜਵਾਨ ਸਾਥੀ ਤਾਂ ਇਨ੍ਹਾਂ ਦੇ ਪੁੱਤਰਾਂ ਪੋਤਰਿਆਂ ਦੀ ਉਮਰ ਦੇ" ਸਨ।[8]

ਤੀਜੀ ਕੌਮਾਂਤਰੀ ਦੀ ਕੇਂਦਰੀ ਕਮੇਟੀ ਵਲੋਂ ਬਰਲਿਨ ਦੇ ਪੱਛਮੀ ਸਕੱਤਰੇਤ ਨੂੰ ਮਈ 1920 ਵਿਚ ਦਿੱਤੀਆਂ ਹਦਾਇਤਾਂ ਵਿਚ ਕਿਹਾ ਗਿਆ: "ਲੜਾਈ ਦੇ ਨਵੇਂ ਕੇਂਦਰ, ਜਿਨ੍ਹਾਂ ਨੂੰ

ਲਾਜ਼ਮੀ ਹੀ ਕੌਮੀ ਆਜ਼ਾਦੀ ਦੀ ਲਹਿਰ ਸ਼ੁਰੂ ਕਰਨੀ ਚਾਹੀਦੀ ਹੈ, ਮਿਸਰ ਅਤੇ ਹਿੰਦ ਹਨ," ਅਤੇ ਦੂਜੇ ਨੰਬਰ 'ਤੇ ਇਰਾਨ ਅਤੇ ਤੁਰਕੀ।[9] ਕਾਬਲ ਵਿਚ ਆਰਜ਼ੀ ਹਕੂਮਤ-ਏ-ਹਿੰਦ, ਜੋ ਤੁਰਕੀ-ਜਰਮਨ ਮਿਸ਼ਨ ਦਾ ਸਿੱਟਾ ਸੀ, ਨੇ ਲੈਨਿਨ ਦੇ ਨਾਂ ਇਕ ਮਤਾ ਭੇਜਿਆ ਜਿਸ ਵਿਚ ਹਿੰਦੀ ਇਨਕਲਾਬੀਆਂ ਵਲੋਂ "ਸੋਵੀਅਤ ਰੂਸ ਦੀ ਤਰਫ਼ੋਂ ਕੁਲ ਦੱਬੀਆਂ-ਕੁਚਲੀਆਂ ਜਮਾਤਾਂ ਅਤੇ ਲੋਕਾਂ ਦੀ ਬੰਦ-ਖ਼ਲਾਸੀ, ਅਤੇ ਖ਼ਾਸ ਕਰਕੇ ਹਿੰਦ ਦੀ ਬੰਦ-ਖ਼ਲਾਸੀ ਦੇ ਮਹਾਨ ਸੰਘਰਸ਼ ਲਈ ਉਨ੍ਹਾਂ ਦਾ ਅਥਾਹ ਸ਼ੁਕਰੀਆ ਅਦਾ ਕੀਤਾ ਗਿਆ ਸੀ ਅਤੇ ਉਸ ਦੀ ਤਾਰੀਫ਼ ਕੀਤੀ ਗਈ ਸੀ।"[10]

ਲੈਨਿਨ ਨੇ ਗਰਮਜੋਸ਼ੀ ਨਾਲ ਜਵਾਬ ਭੇਜਿਆ:

"ਮੈਨੂੰ ਇਹ ਸੁਣ ਕੇ ਖ਼ੁਸ਼ੀ ਹੋਈ ਹੈ ਕਿ ਮਜ਼ਦੂਰਾਂ ਤੇ ਕਿਸਾਨਾਂ ਦੇ ਗਣਰਾਜ ਵਲੋਂ ਬਦੇਸ਼ੀ ਅਤੇ ਦੇਸੀ ਸਰਮਾਏਦਾਰਾਂ ਦੀ ਲੁੱਟਖਸੁੱਟ ਤੋਂ ਦੱਬੀਆਂ-ਕੁਚਲੀਆਂ ਕੌਮਾਂ ਦੇ ਸਵੈ-ਨਿਰਣੇ ਅਤੇ ਲੁੱਟਖਸੁੱਟ ਤੋਂ ਮੁਕਤੀ ਦੇ ਜੋ ਅਸੂਲ ਐਲਾਨੇ ਗਏ ਸਨ ਉਨ੍ਹਾਂ ਨੂੰ ਅਗਾਂਹਵਧੂ ਹਿੰਦੀਆਂ ਨੇ ਐਨਾ ਤੱਤਪਰ ਹੁੰਗਾਰਾ ਦਿੱਤਾ ਹੈ ਜੋ ਖ਼ੁਦ ਆਜ਼ਾਦੀ ਲਈ ਬਹਾਦਰਾਨਾ ਲੜਾਈ ਲੜ ਰਹੇ ਹਨ।.. ਅਸੀਂ ਮੁਸਲਿਮ ਅਤੇ ਗ਼ੈਰ-ਮੁਸਲਿਮ ਤੱਤਾਂ ਦੀ ਗੂੜ੍ਹੀ ਸਾਂਝ ਦਾ ਸਵਾਗਤ ਕਰਦੇ ਹਾਂ।

ਅਸੀਂ ਤਹਿ ਦਿਲੋਂ ਇਸ ਸਾਂਝ ਨੂੰ ਪੂਰਬ ਦੇ ਸਾਰੇ ਮਿਹਨਤਕਸ਼ਾਂ ਤੱਕ ਪਸਰਦੀ ਦੇਖਣਾ ਚਾਹੁੰਦੇ ਹਾਂ। ਸਿਰਫ਼ ਜਦੋਂ ਹਿੰਦੀ, ਚੀਨੀ, ਕੋਰੀਆਈ, ਜਪਾਨੀ, ਈਰਾਨੀ ਅਤੇ ਤੁਰਕ ਮਜ਼ਦੂਰ ਅਤੇ ਕਿਸਾਨ ਜੋਟੀਆਂ ਪਾ ਕੇ ਮੁਕਤੀ ਦੇ ਸਾਂਝੇ ਕਾਜ ਵਿਚ ਮਿਲ-ਜੁਲ ਕੇ ਅੱਗੇ ਵਧਣਗੇ - ਸਿਰਫ਼ ਤਦ ਹੀ ਲੋਟੂਆਂ ਉੱਪਰ ਫ਼ੈਸਲਾਕੁੰਨ ਫ਼ਤਹਿ ਯਕੀਨੀ ਬਣੇਗੀ। ਮੁਕਤ ਏਸ਼ੀਆ ਜ਼ਿੰਦਾਬਾਦ।"[11]

ਦਲੀਲ ਇਹ ਸੀ ਕਿ ਵੱਡੀਆਂ ਸਰਮਾਏਦਾਰ ਤਾਕਤਾਂ (ਬਰਤਾਨੀਆ, ਫਰਾਂਸ ਅਤੇ ਉੱਭਰ ਰਹੇ ਅਮਰੀਕਾ) ਦੀ ਤਾਕਤ ਇਨ੍ਹਾਂ ਦੇ ਬਸਤੀਵਾਦੀ ਪ੍ਰਬੰਧਾਂ ਵਲੋਂ ਮੁਹੱਈਆ ਕੀਤੀਆਂ ਮੰਡੀਆਂ, ਕਿਰਤ ਅਤੇ ਵਸੀਲਿਆਂ ਉੱਪਰ ਮੁਨੱਸਰ ਕਰਦੀ ਸੀ। ਬਰਤਾਨੀਆ ਦੇ ਮਾਮਲੇ 'ਚ, ਇਸ ਦਾ ਹਿੰਦ ਉੱਪਰ ਕਬਜ਼ਾ ਇਸ ਦੇ ਹੜੱਪੇ ਜਾਣ ਲਈ ਵਾਫ਼ਰ ਕਦਰ ਦਾ ਬੇਥਾਹ ਖੂਹ ਹੀ ਨਹੀਂ ਸਗੋਂ ਫ਼ੌਜ ਦਾ ਐਸਾ ਵਿਸ਼ੇਸ਼ ਕਿਰਤ ਵਸੀਲਾ ਵੀ ਮੁਹੱਈਆ ਕਰਦਾ ਸੀ ਜੋ ਇਸ ਦੀ ਬਾਕੀ ਸਲਤਨਤ ਉੱਪਰ ਫ਼ੌਜੀ ਕੰਟਰੋਲ ਬਣਾਈ ਰੱਖਣ ਲਈ ਅਹਿਮ ਸੀ, ਖ਼ਾਸ ਕਰਕੇ ਦੱਖਣੀ ਅਫ਼ਰੀਕਾ, ਚੀਨ, ਈਰਾਨ ਅਤੇ ਮੈਸੋਪੋਟਾਮੀਆ ਉੱਪਰ। ਜਦੋਂ ਕਮਿੰਤਰਨ ਨੇ ਇਕ ਵਾਰ ਇਹ ਮਿਥ ਲਿਆ ਕਿ ਹਿੰਦ ਦੀ ਬੰਦ-ਖ਼ਲਾਸੀ ਬਰਤਾਨੀਆ ਦੇ ਆਲਮੀ ਗ਼ਲਬੇ ਨੂੰ ਸੱਟ ਮਾਰਨ 'ਚ ਅਹਿਮ ਭੂਮਿਕਾ ਨਿਭਾਏਗੀ, ਜਿਸ ਦੀ ਮੋੜਵੇਂ ਤੌਰ 'ਤੇ ਆਲਮੀ ਸਰਮਾਏਦਾਰੀ ਨੂੰ ਅਸਥਿਰ ਕਰਨ 'ਚ ਅਹਿਮ ਭੂਮਿਕਾ ਰਹੇਗੀ, ਫਿਰ ਉਸ ਨੇ ਮੁਕਾਮੀ ਇਨਕਲਾਬੀ ਹਿਰਾਵਲ-ਦਸਤੇ ਦੀ ਨਿਸ਼ਾਨਦੇਹੀ ਕਰਨੀ ਸੀ। ਉਹ ਕਿਸ ਤੋਂ ਝਾਕ ਰੱਖ ਸਕਦੇ ਸਨ ? "ਮਹਾਂਦੀਪ ਦੇ ਅੰਦਰ ਕੋਈ ਵੱਡੇ ਪੱਧਰ 'ਤੇ ਬਾਗ਼ੀ ਲਹਿਰ" ਨਹੀਂ ਸੀ, ਪਰ ਉਨ੍ਹਾਂ ਨੂੰ ਸੂਹ ਸੀ ਕਿ "ਦੁਨੀਆ ਭਰ 'ਚ ਖਿੰਡੇ ਖੱਪਰੇ ਮਾਯੂਸ ਪ੍ਰਦੇਸੀਆਂ ਵਿਚ ਕਈ ਸਰਗਰਮ ਬਾਗ਼ੀ" ਕੰਮ ਕਰ ਰਹੇ ਸਨ।[12] ਦੂਜੇ ਲਫ਼ਜ਼ਾਂ 'ਚ, ਜ਼ਬਰਦਸਤ ਸੰਭਾਵਨਾ ਵਾਲੀ ਹਿੰਦੀਆਂ ਦੀ ਬਾਗ਼ੀ ਲਹਿਰ ਤਾਂ ਸੀ, ਪਰ ਇਹ ਹਿੰਦ ਦੇ ਅੰਦਰ ਮੌਜੂਦ ਨਹੀਂ ਸੀ। ਅਸਲ ਵਿਚ, ਇਹ ਇਸ ਤੋਂ ਬਾਹਰ ਬਰਲਿਨ, ਕਾਬਲ, ਸਾਨ ਫਰਾਂਸਿਸਕੋ, ਮਨੀਲਾ ਅਤੇ ਸ਼ੰਘਾਈ ਦੇ ਕੇਂਦਰਾਂ ਦੇ ਆਲੇ-ਦੁਆਲੇ ਖਿੰਡਵੇਂ ਰੂਪ 'ਚ ਕੰਮ ਕਰਦੀ ਸੀ।

ਭਾਵੇਂ ਜਰਮਨਾਂ ਦੀ ਸਰਕਾਰੀ ਮਦਦ ਖ਼ਤਮ ਹੋ ਗਈ ਸੀ, ਪਰ ਜੰਗ ਸਮੇਂ ਬਣਾਏ ਜਥੇਬੰਦਕ ਤਾਣੇਬਾਣੇ ਦੀ ਬਦੌਲਤ ਜੰਗ ਤੋਂ ਪਿੱਛੋਂ ਵੀ ਬਰਲਿਨ ਕੌਮਾਂਤਰੀ ਰੈਡੀਕਲਾਂ ਲਈ ਇਕ ਅਹਿਮ

ਧੁਰਾ ਬਣਿਆ ਰਿਹਾ। ਮਾਰਚ 1919 ਤੱਕ, ਏ.ਏ. ਉਸ ਹਰ ਹਿੰਦੀ ਰਾਸ਼ਟਰਵਾਦੀ ਨੂੰ ਓਦੋਂ ਤੱਕ ਹਰ ਮਹੀਨੇ 400 ਮਾਰਕ ਦੇਣ ਲਈ ਵਚਨਬੱਧ ਰਿਹਾ, ਜੋ ਉੱਥੇ "ਸਮਝੌਤਾਰਹਿਤ ਅਨਸਰਾਂ ਦੀ ਡਗਮਗਾ ਰਹੀ ਸੰਸਥਾ ਵਜੋਂ" ਰਹਿ ਰਹੇ ਸਨ,[13] ਜਦੋਂ ਤੱਕ "ਅਮਨ ਸਮਝੌਤਾ ਨਹੀਂ ਹੋ ਜਾਂਦਾ ਜਾਂ ਹਿੰਦ ਨਾਲ ਦੁਬਾਰਾ ਆਜ਼ਾਦ ਆਦਾਨ-ਪ੍ਰਦਾਨ ਦਾ ਰਾਹ ਨਹੀਂ ਖੁੱਲ੍ਹ ਜਾਂਦਾ।"[14] 1920 ਵਿਚ ਅਜੇ ਵੀ ਬਰਲਿਨ "ਹਿੰਦੀ ਭਗੌੜਿਆਂ" ਦੀਆਂ ਬਹੁਤ ਸਾਰੀਆਂ ਸਰਗਰਮ ਜਥੇਬੰਦੀਆਂ ਦਾ ਟਿਕਾਣਾ ਸੀ, ਜਿਨ੍ਹਾਂ ਵਿੱਚੋਂ "ਹਿੰਦ-ਜਰਮਨ ਬਾਲਸ਼ਵਿਕ ਸੋਸਾਇਟੀ ਸਭ ਤੋਂ ਵੱਧ ਵਧ-ਫੁਲ ਰਹੀ ਦੱਸੀ ਜਾਂਦੀ ਸੀ, ਜੋ ਸਾਬਕਾ ਬੀ.ਆਈ.ਸੀ. ਅਹੁਦੇਦਾਰਾਂ ਨੇ ਬਣਾਈ ਸੀ ਜਿਨ੍ਹਾਂ ਵਿਚ ਦਲੀਪ ਸਿੰਘ ਗਿੱਲ ਨਾਂ ਦਾ ਨਵਾਂ ਮੈਂਬਰ ਵੀ ਆ ਰਲਿਆ ਸੀ।[15]

ਪਟਿਆਲੇ ਤੋਂ ਗਿੱਲ ਗ਼ਦਰ ਦਾ ਮੈਂਬਰ ਸੀ ਜਿਸ ਦੇ ਭਰਾ ਨੂੰ ਡਾਕੂ ਹੋਣ ਕਰਕੇ ਫਾਹੇ ਲਾ ਦਿੱਤਾ ਗਿਆ ਸੀ। ਸਗੋਂ ਓਦੋਂ ਮਜ਼ੇ ਦੀ ਗੱਲ ਇਹ ਹੋਈ ਕਿ ਜੰਗ ਦੇ ਅਖ਼ੀਰ 'ਚ ਜਰਮਨੀ ਆਉਣ 'ਤੇ ਉਸ ਨੂੰ ਅੰਗਰੇਜ਼ਾਂ ਦਾ ਜਸੂਸ ਹੋਣ ਦੇ ਸ਼ੱਕ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ।[16] ਇਸ ਪਿੱਛੋਂ ਮਹੀਨਿਆਂ ਬੱਧੀ ਕੈਦ ਦੀ ਸਜ਼ਾ ਨਾਲ ਦੇ ਕੈਦੀ ਕਾਰਲ ਲੀਪ ਕਨੈਕਤ ਨਾਲ ਉਸ ਦੀ ਦੋਸਤੀ ਦਾ ਸਬੱਬ ਬਣੀ, ਜੋ ਭਵਿੱਖ 'ਚ ਬਣਨ ਵਾਲੀ ਜਰਮਨ ਕਮਿਊਨਿਸਟ ਪਾਰਟੀ (ਕੇ.ਪੀ.ਡੀ.) ਦਾ ਕਾਰਲ ਲੀਬਕਨੈਖਤ ਦੇ ਨਾਲ ਇਕ ਮੋਢੀ ਆਗੂ ਬਣਿਆ।[17] ਭਾਵੇਂ 1918 ਦੀ ਸਪਾਰਟਕਸ ਬਗ਼ਾਵਤ ਵਿਚ ਲੀਪ ਕਨੈਕਤ ਮਾਰਿਆ ਗਿਆ, ਪਰ ਗਿੱਲ ਨੇ ਕੇ.ਪੀ.ਡੀ. ਨਾਲ ਰਾਬਤਾ ਬਣਾਈ ਰੱਖਿਆ ਜੋ ਓਦੋਂ ਅਜੇ ਮੁੱਢਲੇ ਪੜਾਅ 'ਤੇ ਸੀ। 1919 'ਚ ਉਸ ਨੇ ਇਕ ਜਹਾਜ਼ ਖ਼ਰੀਦਿਆ ਅਤੇ ਜਰਮਨੀ ਰਹਿੰਦੇ ਹਿੰਦੀਆਂ ਦੀ ਇਕ ਖੁਫ਼ੀਆ ਸੰਸਥਾ ਲਈ ਫੰਡ ਹਾਸਲ ਕਰਨ ਖ਼ਾਤਰ ਰੂਸ ਜਾ ਪੁੱਜਿਆ, ਜਿਸ ਵਿਚ ਉਸ ਨੂੰ ਅੰਸ਼ਕ ਕਾਮਯਾਬੀ ਹੀ ਮਿਲੀ। ਦੂਜੀ ਵਾਰ ਉਡਾਣ ਭਰਨ ਸਮੇਂ ਪੋਲੈਂਡ ਉੱਪਰੋਂ ਲੰਘਦਿਆਂ ਉਸ ਦੇ ਜਹਾਜ਼ ਨੂੰ ਫੁੰਡ ਕੇ ਹੇਠਾਂ ਉਤਾਰ ਲਿਆ ਗਿਆ ਅਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਰਿਹਾਅ ਹੋ ਕੇ ਉਹ ਬਰਲਿਨ ਆ ਗਿਆ।[18] ਖੁਫ਼ੀਆ ਰਿਪੋਰਟ ਅਨੁਸਾਰ, "ਉਹ ਕਹਿੰਦਾ ਹੈ ਕਿ ਕਮਿਊਨਿਸਟਾਂ ਅਤੇ ਰਾਸ਼ਟਰਵਾਦੀਆਂ ਵਲੋਂ ਉਸ ਨੂੰ ਮਦਦ ਦਿੱਤੀ ਜਾ ਰਹੀ ਹੈ," ਅਤੇ "ਕੁਝ ਲੋਕ, ਜ਼ਿਆਦਾਤਰ ਮੁਸਲਮਾਨ, ਉਸ ਦੀ ਸੰਸਥਾ ਦੇ ਮੈਂਬਰ ਬਣੇ।" ਪਰ ਲੱਗਦਾ ਸੀ ਕਿ ਉਸ ਦੀ ਸੰਸਥਾ ਨੇ "ਸਿਆਸਤ ਵਿਚ ਕੋਈ ਹਿੱਸਾ ਨਹੀਂ ਲਿਆ," ਜਿਸ ਬਾਰੇ ਉਹ ਦਾਅਵਾ ਕਰਦਾ ਸੀ ਕਿ ਸਵੀਡਨ, ਰੂਸ, ਆਸਟਰੀਆ, ਮਿਸਰ ਅਤੇ ਤੁਰਕੀ ਵਿਚ ਇਸ ਦੇ ਮੈਂਬਰ ਸਨ।[19] ਇਕ ਵਾਰ ਫਿਰ ਅੰਗਰੇਜ਼ ਦੇ ਟਾਕਰੇ ਦੀਆਂ ਸਾਰੀਆਂ ਕੜੀਆਂ ਨੂੰ ਇਸ ਵਿਚ ਗਿਣ ਲਿਆ ਗਿਆ; ਪਰ ਮੇਰੀ ਇਸ ਤੱਥ ਵਿਚ ਘੱਟ ਰੁਚੀ ਹੈ ਕਿ ਖੁਫ਼ੀਆ ਪੁਲਿਸ ਦੇ ਅਧਿਕਾਰੀਆਂ ਨੇ ਅਜਿਹੇ ਗੱਠਜੋੜ ਨੂੰ ਉਸ ਤੋਂ ਵੀ ਵੱਡਾ ਹਊਆ ਬਣਾ ਕੇ ਪੇਸ਼ ਕੀਤਾ ਜਿੰਨੀ ਸਲਤਨਤ ਦੇ ਆਲੋਚਕਾਂ ਨੇ ਇਸ ਤੋਂ ਆਸ ਕੀਤੀ ਸੀ।

ਪੂਰਬ ਦੇ ਲੋਕਾਂ ਨੂੰ ਇਨਕਲਾਬੀ ਰੰਗ 'ਚ ਰੰਗਣ ਦੇ ਤੀਜੀ ਕੌਮਾਂਤਰੀ ਦੇ ਦਾਅਪੇਚਕ ਤੌਰ 'ਤੇ ਲਾਜ਼ਮੀ ਦੋ ਵੱਡੇ ਪ੍ਰੋਜੈਕਟ ਸਨ 1920 ਦੀ ਬਾਕੂ ਕਾਂਗਰਸ, ਜਿਸ ਵਿਚ ਤਿੰਨ ਦਰਜਨ ਕੌਮੀਅਤਾਂ ਦੇ ਦੋ ਹਜ਼ਾਰ ਤੋਂ ਉੱਪਰ ਬੰਦਿਆਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਚੌਦਾਂ ਹਿੰਦੀ ਸਨ; ਅਤੇ ਤਾਸ਼ਕੰਦ ਵਿਚ ਇਸ ਦੀ ਪੂਰਬੀ ਜਥੇਬੰਦਕ ਬਿਊਰੋ, ਜੋ ਨਵੇਂ ਨਵੇਂ ਐਲਾਨੇ ਤੁਰਕਸਤਾਨ ਦੇ ਸੋਵੀਅਤ ਸਮਾਜਵਾਦੀ ਗਣਰਾਜ ਵਿਚ ਸਥਿਤ ਸੀ। ਇਨ੍ਹਾਂ ਯੁੱਧਨੀਤਕ ਉਦੇਸ਼ਾਂ ਨੂੰ ਅਮਲ 'ਚ ਲਿਆਉਣ ਲਈ ਉਨ੍ਹਾਂ ਹਿੰਦੀ ਇਨਕਲਾਬੀਆਂ ਨੂੰ ਇਕੱਠੇ ਕਰਨਾ ਜ਼ਰੂਰੀ ਸੀ ਜੋ ਯੂਰਪ, ਉੱਤਰੀ ਅਮਰੀਕਾ, ਅਤੇ ਪੱਛਮੀ ਤੇ ਕੇਂਦਰੀ ਏਸ਼ੀਆ ਵਿਚ ਸਰਗਰਮ ਸਨ। ਇਹ ਦਰ ਅਸਲ

ਉਨ੍ਹਾਂ ਹੀ ਕਿਰਦਾਰਾਂ (ਇਨ੍ਹਾਂ ਵਿਚ ਕੁਝ ਅਹਿਮ ਵਾਧੇ-ਘਾਟੇ ਸਮੇਤ) ਨੂੰ ਦੁਬਾਰਾ ਇਕੱਠੇ ਕਰਨਾ ਸੀ ਜਿਨ੍ਹਾਂ ਨੂੰ ਜੰਗ ਲੱਗਣ ਸਮੇਂ ਜਰਮਨ ਬਦੇਸ਼ ਆਫਿਸ ਨੇ ਬਰਲਿਨ ਕਮੇਟੀ ਵਿਚ ਭਰਤੀ ਕੀਤਾ ਸੀ। ਪਰ ਬੋਸ ਦਾ ਕਹਿਣਾ ਹੈ ਕਿ ਘੱਟੋਘੱਟ ਸ਼ੁਰੂ 'ਚ ਕਮਿੰਤਰਨ ਨੂੰ ਬਰਲਿਨ ਜਾਂ ਬੰਗਾਲ ਦੇ ਧੜਿਆਂ ਤੋਂ ਬਿਨਾ ਇਕ ਤੀਜਾ ਅਤੇ "ਇਕ ਵੱਧ ਸਾਰਥਕ ਸੰਪਰਕ ਹਿੰਦ ਤੋਂ ਬਾਹਰ ਗ਼ਦਰੀ ਇਨਕਲਾਬੀਆਂ" ਦਾ ਮਿਲ ਗਿਆ ਸੀ।[20] ਜਰਮਨ ਏ.ਏ. ਦੀ ਤਰ੍ਹਾਂ ਹੀ, ਬਾਲਸ਼ਵਿਕਾਂ ਨੇ ਵੀ ਕੌਮਾਂਤਰੀ ਇਨਕਲਾਬੀ ਹਲਕਿਆਂ ਵਿਚ ਇਸ ਗਰੁੱਪ ਨੂੰ ਕੱਚੇ ਮਾਲ ਤੋਂ ਵੱਧ ਅਹਿਮੀਅਤ ਦਿੱਤੀ। ਇਹ ਅਜਿਹਾ ਨਿੱਗਰ ਗਰੁੱਪ ਸੀ ਜੋ ਪਹਿਲਾਂ ਹੀ ਸਿਆਸੀ ਰੰਗ 'ਚ ਰੰਗਿਆ, ਜਥੇਬੰਦ, ਇਕ ਮਕਸਦ ਨੂੰ ਪ੍ਰਣਾਇਆ, ਮੈਦਾਨੇ-ਜੰਗ 'ਚ ਅਜ਼ਮਾਇਆ ਹੋਇਆ ਅਤੇ ਵਿਚਾਰਧਾਰਕ ਪੱਖੋਂ ਚੋਖਾ ਸਿਖਲਾਈਯਾਫ਼ਤਾ ਸੀ।

## ਹਿੰਦ ਦੀ ਆਜ਼ਾਦੀ ਦੇ ਮਿੱਤਰ

ਸਾਨ ਫਰਾਂਸਿਸਕੋ ਮੁਕੱਦਮੇ ਤੋਂ ਬਾਅਦ, ਭਾਈਚਾਰੇ ਦੇ ਘਾਤਕ ਫੁੱਟ ਦਾ ਸ਼ਿਕਾਰ ਹੋਣ ਅਤੇ ਪ੍ਰਮੁੱਖ ਆਗੂ ਜੇਲ੍ਹਾਂ ਵਿਚ ਡੱਕੇ ਹੋਣ ਜਾਂ ਬਾਹਰਲੇ ਮੁਲਕਾਂ 'ਚ ਹੋਣ ਕਾਰਨ, ਲੱਗਦਾ ਸੀ ਗ਼ਦਰ ਲਹਿਰ ਖ਼ਾਮੋਸ਼ ਹੋ ਗਈ ਸੀ। ਜਿਹੜੇ ਗ੍ਰਿਫ਼ਤਾਰ ਨਹੀਂ ਹੋਏ ਉਨ੍ਹਾਂ ਨੂੰ ਵੀ ਲੱਗਦਾ ਸੀ ਕਿ ਫਿਲਹਾਲ ਦੜ ਵੱਟ ਲੈਣ 'ਚ ਹੀ ਭਲਾਈ ਹੈ, ਕਿਉਂਕਿ ਕਿਸੇ ਵੀ ਜ਼ਾਹਰਾ ਸਿਆਸੀ ਗ਼ੈਰ-ਗੋਰੇ ਪਰਦੇਸੀ ਲਈ ਉਸ ਦੇ ਵਤਨ ਵਾਪਸ ਭੇਜ ਦੇਣ ਦਾ ਡਰ ਲਗਾਤਾਰ ਬਣਿਆ ਹੋਇਆ ਸੀ। ਇਹ ਪਾਮਰ ਛਾਪਿਆਂ ਦਾ ਤਾਜ਼ੀਰੀ ਦੌਰ ਸੀ, ਜਿਸ ਦੌਰਾਨ ਕਈ ਹਜ਼ਾਰ "ਬਾਹਰਲੇ ਰੈਡੀਕਲਾਂ" ਨੂੰ ਉੱਥੋਂ ਕੱਢ ਦਿੱਤਾ ਗਿਆ। ਏਸ਼ੀਆਈ ਆਵਾਸੀਆਂ ਉੱਪਰ ਬੰਦਸ਼ਾਂ 'ਚ ਵਾਧੇ ਦਾ ਇਰਾਦਾ ਅੰਸ਼ਕ ਤੌਰ 'ਤੇ ਪਾਮਰ ਹਮਲੇ ਦੀਆਂ ਕਮੀਆਂ ਨੂੰ ਦੂਰ ਕਰਨਾ ਸੀ। 1917 'ਚ ਏਸ਼ੀਆਈ ਲੋਕਾਂ ਲਈ ਵਰਜਿਤ ਖੇਤਰ ਦਾ ਨੇਮ ਲਾਗੂ ਹੋ ਗਿਆ ਸੀ। 1923 'ਚ ਨਿਆਂ ਮਹਿਕਮੇ ਨੇ ਸਾਰੇ ਹਿੰਦੀਆਂ ਦੇ ਖ਼ਿਲਾਫ਼ ਉਨ੍ਹਾਂ ਨੂੰ ਨਾਗਰਿਕ ਹੱਕਾਂ ਤੋਂ ਵਾਂਝੇ ਕਰਨ ਦਾ ਅਮਲ ਵਿੱਢ ਦਿੱਤਾ। ਪਿਛਲੇ ਸਾਲ ਦੇ ਇਕ ਹੋਰ ਕਾਨੂੰਨ ਅਨੁਸਾਰ, ਨਾਗਰਿਕਤਾ ਤੋਂ ਵਾਂਝੇ ਬੰਦਿਆਂ ਦੀਆਂ ਅਮਰੀਕੀ ਪਤਨੀਆਂ ਨੂੰ ਵੀ ਨਾਗਰਿਕਤਾ ਖੁਸ ਜਾਣ ਦੇ ਖ਼ਤਰੇ ਦਾ ਸਾਹਮਣਾ ਕਰਨਾ ਪਵੇਗਾ। ਨਾਗਰਿਕਤਾ ਤੋਂ ਬਗ਼ੈਰ, ਬਾਹਰਲਿਆਂ ਲਈ ਮੌਜੂਦ ਜ਼ਮੀਨ ਕਾਨੂੰਨਾਂ ਤਹਿਤ ਜ਼ਮੀਨ ਦੀ ਮਾਲਕੀ ਉੱਪਰ ਇਸ ਅਮਲ ਤੋਂ ਪਹਿਲਾਂ ਹੀ ਰੋਕ ਲਾ ਦਿੱਤੀ ਗਈ ਸੀ, ਜੋ 1920 'ਚ ਹੀ ਲਾਗੂ ਹੋ ਗਏ ਸਨ। ਇਹ ਸਿੱਖ ਕਿਸਾਨਾਂ ਨੂੰ ਵੱਡੀ ਸੱਟ ਸੀ ਜੋ ਖੇਤੀ ਕਰਕੇ ਗੁਜ਼ਾਰਾ ਕਰਨ ਦੇ ਯਤਨ ਕਰ ਰਹੇ ਸਨ ਅਤੇ ਉਹ ਦਾਅਵਾ ਕਰਦੇ ਸਨ ਕਿ ਉਨ੍ਹਾਂ ਨੇ ਖੇਤੀ ਦੇ ਪੰਜਾਬੀ ਢੰਗ ਇਸਤੇਮਾਲ ਕਰਕੇ ਕੈਲੀਫੋਰਨੀਆ ਦੀ ਬੰਜਰ ਕੇਂਦਰੀ ਘਾਟੀ ਦੀ ਕਾਇਆਪਲਟ ਕੇ ਇਸ ਨੂੰ ਜ਼ਰਖੇਜ਼ ਬਣਾਇਆ ਸੀ। ਕੁਝ ਨੇ ਆਪਣੀ ਜ਼ਮੀਨ ਦੇ ਇਕਰਾਰਨਾਮੇ ਉਨ੍ਹਾਂ ਮਿੱਤਰਾਂ ਦੇ ਨਾਂ ਕਰਵਾ ਕੇ ਜ਼ਮੀਨ ਆਪਣੇ ਹੱਥ 'ਚ ਰੱਖਣ ਦੀ ਵਾਹ ਲਾਈ ਜਿਨ੍ਹਾਂ ਕੋਲ ਨਾਗਰਿਕਤਾ ਸੀ। ਪਰ ਜੇ ਸਬੰਧਤ "ਮਿੱਤਰ" ਜ਼ਮੀਨ ਜਾਂ ਇਸ ਉਪਰ ਬੀਜੀਆਂ ਜਾਣ ਵਾਲੀਆਂ ਫ਼ਸਲਾਂ ਦੇ ਨਫ਼ੇ ਦੇ ਦਾਅਵੇਦਾਰ ਖ਼ੁਦ ਬਣ ਜਾਣ ਤਾਂ ਇਸ ਨੂੰ ਖਾਰਜ ਨਹੀਂ ਸੀ ਕਰਵਾਇਆ ਜਾ ਸਕਦਾ।

*ਅਮਰੀਕਾ ਬਨਾਮ ਭਗਤ ਸਿੰਘ ਥਿੰਦ* (1922) ਮੁਕੱਦਮੇ ਵਿਚ, ਦਾਅਵੇਦਾਰ ਅਮਰੀਕੀ ਫ਼ੌਜ ਦਾ ਸਾਬਕਾ ਫ਼ੌਜੀ ਅਤੇ ਬਰਕਲੇ ਦਾ ਵਿਦਿਆਰਥੀ ਰਹਿ ਚੁੱਕਾ ਸੀ। ਉਸ ਦਾ ਬਹੁਤ ਸਾਰੇ ਗ਼ਦਰੀ ਮੈਂਬਰਾਂ ਨਾਲ ਦੋਸਤਾਨਾ ਰਿਸ਼ਤਾ ਰਿਹਾ ਸੀ ਪਰ ਉਹ ਉਨ੍ਹਾਂ ਦੀਆਂ ਸਰਗਰਮੀਆਂ ਵਿਚ ਸਿਆਸੀ ਤੌਰ 'ਤੇ ਸ਼ੁਮਾਰ ਨਹੀਂ ਸੀ। ਉਸ ਨੇ ਨਾਗਰਿਕਤਾ ਲਈ ਨਸਲ ਅਧਾਰਤ ਯੋਗਤਾ ਦੀ

ਮਿਸਾਲ ਪੇਸ਼ ਕਰਦਿਆਂ ਇਹ ਦਲੀਲ ਦੇਣੀ ਚਾਹੀ ਕਿ ਦਰ ਅਸਲ ਦੱਖਣੀ ਏਸ਼ੀਆਈ ਲੋਕ ਕਾਕੇਸ਼ੀਅਨ ਸਨ। ਇਹ ਕਹਿੰਦੇ ਹੋਏ ਕਿ ਥਿੰਦ ਅਮਰੀਕੀ ਸੰਵਿਧਾਨ ਘਾੜਿਆਂ ਦੇ ਲਫ਼ਜ਼ਾਂ ਨੂੰ ਚਲਾਕੀ ਨਾਲ ਵਰਤ ਰਿਹਾ ਸੀ, ਜਦੋਂ ਕਿ ਇਨ੍ਹਾਂ ਦੇ ਇਸਤੇਮਾਲ ਅਤੇ ਆਮ ਸੂਝ ਤੋਂ ਇਹ ਪ੍ਰਤੱਖ ਸੀ ਕਿ ਇਨ੍ਹਾਂ ਲਫ਼ਜ਼ਾਂ ਦਾ ਮਤਲਬ ਕਦੇ ਵੀ ਕਾਲੀ-ਚਮੜੀ ਵਾਲੇ ਨਹੀਂ ਰਿਹਾ, ਜੱਜ ਨੇ ਫ਼ੈਸਲਾ ਦਿੱਤਾ ਕਿ ਸਿਰਫ਼ ਉਨ੍ਹਾਂ ਦੇ ਮਾਮਲੇ ਹੀ ਵਿਚਾਰੇ ਜਾਣਗੇ ਜਿਨ੍ਹਾਂ ਦੇ ਸਥਾਨਕ ਲੋਕਾਂ 'ਚ ਪੂਰੀ ਤਰ੍ਹਾਂ ਘੁਲ-ਮਿਲ ਜਾਣ ਦੀ ਸੰਭਾਵਨਾ ਦਿਖਾਈ ਦਿੰਦੀ ਹੋਵੇ, ਭਾਵ "ਯੂਰਪੀ ਕੁਲ ਦੇ ਗੋਰੇ।" ਇਸ ਸਬੰਧ 'ਚ 1924 ਦਾ ਇਮੀਗ੍ਰੇਸ਼ਨ ਕਾਨੂੰਨ ਆਖ਼ਰੀ ਸੱਟ ਸੀ, ਜੋ ਅਗਲੇ ਚਾਲੀ ਸਾਲਾਂ ਲਈ ਏਸ਼ੀਆਈ ਲੋਕਾਂ ਦੀ ਇਮੀਗ੍ਰੇਸ਼ਨ ਉੱਪਰ ਹਕੀਕੀ ਪਾਬੰਦੀ ਲਾਉਂਦਾ ਸੀ।[21] ਕੁਲ-ਮਿਲਾ ਕੇ ਜੰਗ ਤੋਂ ਪਿੱਛੋਂ ਅਮਰੀਕਾ ਵਿਚ ਹਿੰਦੀਆਂ ਦੀ ਹਾਲਤ ਅਮਰੀਕੀ ਸਮਾਜ ਦੀ ਵਿਚਾਰਧਾਰਕ ਅਤੇ ਸਿਆਸੀ ਬਣਤਰ ਵਿਚ ਇਕ ਅਹਿਮ ਇਤਿਹਾਸਕ ਬਦਲਾਅ ਦਾ ਸੰਕੇਤ ਸੀ, ਬਸਤੀਵਾਦ ਵਿਰੋਧੀ ਬਗ਼ਾਵਤ ਨਾਲ ਸਾਂਝ ਤੋਂ ਸਾਮਰਾਜੀ ਤਾਕਤਾਂ ਨਾਲ ਸਾਂਝ ਵੱਲ ਬਦਲਾਅ। ਅਮਰੀਕੀ ਅਟਾਰਨੀ ਜੌਹਨ ਪ੍ਰੈਸਟਨ ਦੇ ਲਫ਼ਜ਼ਾਂ 'ਚ, "ਇਹ ਮੁਲਕ ਹੁਣ ਮਹਿਸੂਸ ਕਰ ਰਿਹਾ ਹੈ ਕਿ ਸਾਡੇ ਦਰਮਿਆਨ ਜੋ ਸਾਡੇ ਵਿਚ ਸਮੋ ਨਾ ਹੋ ਸਕਣ ਵਾਲੀਆਂ ਪਰਜੀਵੀ ਜਥੇਬੰਦੀਆਂ ਹਨ ਉਨ੍ਹਾਂ ਨੂੰ ਲਾਜ਼ਮੀ ਹੀ ਇਹ ਸਬਕ ਦੇਣਾ ਚਾਹੀਦਾ ਹੈ ਕਿ ਭਾਵੇਂ ਇਹ ਮੁਕਤੀ ਦੀ ਸਰਜ਼ਮੀਨ ਹੈ, ਪਰ ਇਹ ਮਹਿਜ਼ ਲਾਇਸੰਸ ਦੇਣ ਵਾਲਾ ਮੁਲਕ ਵੀ ਨਹੀਂ ਹੈ।"[22]

ਫਿਰ ਵੀ ਗ਼ਦਰੀਆਂ ਨੇ ਆਸ ਨਹੀਂ ਛੱਡੀ ਸੀ। ਪੰਜਾਬ ਵਿਚ ਗੜਬੜ ਬਾਰੇ 1919 ਦੀ ਇਕ ਖ਼ੁਫ਼ੀਆ ਰਿਪੋਰਟ ਨੇ ਨੋਟ ਕੀਤਾ ਕਿ ਜਦੋਂ ਕੈਲੀਫੋਰਨੀਆ ਵਿਚ ਗ਼ਦਰੀਆਂ ਨੇ ਜਪਾਨੀਆਂ ਜਾਂ ਅੰਗਰੇਜ਼-ਅਮਰੀਕੀ ਸੂਤਰਾਂ ਤੋਂ ਅਜਿਹੀਆਂ ਖ਼ਬਰਾਂ ਸੁਣੀਆਂ, ਉਨ੍ਹਾਂ ਨੇ ਫ਼ਖ਼ਰ ਨਾਲ ਕਿਹਾ ਕਿ ਆਖ਼ਿਰ ਉਨ੍ਹਾਂ ਨੇ "ਹਿੰਦ ਨੂੰ ਜਗਾ ਹੀ ਦਿੱਤਾ।"[23] ਰਿਪੋਰਟ ਨੇ ਇਹ ਦਿਖਾਉਣ ਦਾ ਯਤਨ ਕੀਤਾ ਸੀ ਕਿ ਭੰਨਤੋੜ, ਹਮਲਿਆਂ ਅਤੇ "ਮਾਰੋ ਫਿਰੰਗੀ ਕੋ" ਅਤੇ "ਸਫ਼ੈਦ ਗੋਸ਼ਤ ਮਾਂਗਤਾ" ਵਰਗੇ ਨਾਅਰੇ ਲਾਉਂਦਿਆਂ ਫ਼ਸਾਦ ਕਰਨ ਦੀਆਂ ਵਾਰਦਾਤਾਂ ਮਹਿਜ਼ ਹਿੰਸਾ ਦੇ ਟਾਂਵੇਂ-ਟੱਲੇ ਫੁਟਾਰੇ ਨਹੀਂ ਸਗੋਂ ਹਕੂਮਤ ਵਿਰੋਧੀ ਵਿਆਪਕ ਭਾਵਨਾ 'ਤੇ ਅਧਾਰਤ ਜਥੇਬੰਦ ਬਗ਼ਾਵਤ ਦੇ ਸੰਕੇਤ ਸਨ। ਅੰਮ੍ਰਿਤਸਰ ਦੀ ਕਤਲੋਗ਼ਾਰਤ ਤੋਂ ਬਾਅਦ ਗ਼ਦਰੀ ਹਮਾਇਤੀ ਬਿਸ਼ਨ ਸਿੰਘ ਨੇ ਜੇਲ੍ਹ ਵਿਚ ਡੱਕੇ ਭਗਵਾਨ ਸਿੰਘ ਅਤੇ ਸੰਤੋਖ ਸਿੰਘ ਨੂੰ ਹੌਸਲਾ ਦਿੰਦਿਆਂ ਤਾਰ ਭੇਜੀ : "ਜਸ਼ਨ ਮਨਾਓ! ਹਿੰਦ ਵਿਚ ਗ਼ਦਰ ਮਚ ਗਿਆ। ਅੰਮ੍ਰਿਤਸਰ ਅਤੇ ਲਾਹੌਰ ਵਿਚ ਮਾਰਸ਼ਲ ਲਾਅ। ਬਹੁਤ ਸਾਰੇ ਜਾਬਰ ਮਾਰੇ ਗਏ। ਵਾਇਸਰਾਏ ਦਾ ਐਲਾਨ ਕਿ ਇਨ੍ਹਾਂ ਜ਼ਿਲ੍ਹਿਆਂ ਵਿਚ ਰਾਜ ਦੀ ਅਥਾਰਟੀ ਵਿਰੁੱਧ ਸ਼ਰੇਆਮ ਬਗ਼ਾਵਤ ਦੇ ਹਾਲਾਤ ਹਨ।" ਭਾਵੇਂ ਇਹ ਥੋੜ੍ਹਾ ਵਧਾ-ਚੜ੍ਹਾ ਕੇ ਪੇਸ਼ ਕੀਤੀ ਹੋਈ ਸੀ, ਪਰ ਉਲਟਾ ਇਹ ਸੋਚ ਕੇ ਦਿਲ ਗਦ ਗਦ ਹੋ ਉੱਠਦਾ ਹੈ ਕਿ ਇਸ ਨਾਲ ਕੈਦੀਆਂ ਦੇ ਹੌਸਲੇ ਕਿਵੇਂ ਬੁਲੰਦ ਹੋਏ ਹੋਣਗੇ।[24] ਦਰ ਅਸਲ, ਖ਼ੁਫ਼ੀਆ ਪੁਲਿਸ ਨੂੰ ਚਿੜ੍ਹ ਇਹ ਸੀ ਕਿ ਜੇਲ੍ਹ ਵਿੱਚੋਂ ਲਿਖੀਆਂ ਚਿੱਠੀਆਂ ਵਿਚ ਪਛਤਾਵੇ ਦਾ ਨਾਂ-ਨਿਸ਼ਾਨ ਵੀ ਨਹੀਂ ਸੀ। ਅਕਤੂਬਰ 1918 ਦੇ ਅਖ਼ੀਰ 'ਚ, ਹਿੰਦੂ-ਜਰਮਨ ਸਾਜ਼ਿਸ਼ ਮਾਮਲੇ ਦੇ ਦੋਸ਼ੀ ਗੋਪਾਲ ਸਿੰਘ ਦਾ ਦ੍ਰਿੜ ਵਿਸ਼ਵਾਸ ਸੀ ਕਿ "ਗ਼ਦਰ ਦਾ ਪੈਗ਼ਾਮ.... ਲਖੂਖਾ ਲੋਕਾਂ ਦੇ ਕੰਨਾਂ ਵਿਚ ਗੂੰਜ ਰਿਹਾ ਹੈ ਅਤੇ ਨਿਰਾ ਮੁੱਠੀ ਭਰ ਦਿਮਾਗ ਹੀ ਇੰਞ ਨਹੀਂ ਸੋਚਦੇ ਅਤੇ ਇੰਞ ਮਹਿਸੂਸ ਨਹੀਂ ਕਰਦੇ।" ਜੇਲ੍ਹ ਵਿੱਚੋਂ ਉਸ ਦੀਆਂ ਸ਼ੁਭ ਇਛਾਵਾਂ ਇੰਞ ਸਨ: "ਅਗਲੇ ਹਫ਼ਤੇ ਉਸ ਦਿਹਾੜੇ ਦੀ ਵਰ੍ਹੇਗੰਢ ਹੈ ਜਦੋਂ ਗ਼ਦਰ ਨੇ ਕੈਲੀਫੋਰਨੀਆ ਦੀ ਨਵੀਂ ਦੁਨੀਆ ਵਿਚ ਪਹਿਲੀ ਦਫ਼ਾ ਸੰਦੇਸ਼ ਦਿੱਤਾ। ਖ਼ੁਸ਼ੀਆਂ ਦੇ ਗ਼ਦਰ ਦਿਹਾੜੇ ਅਤੇ ਖ਼ੁਸ਼ੀ-ਖੇੜੇ ਲੈ ਕੇ ਆਉਣ ਵਾਲੇ ਨਵੇਂ ਵਰ੍ਹੇ ਉੱਪਰ ਸਾਡੀਆਂ

ਸ਼ੁਭ ਇਛਾਵਾਂ ਕਬੂਲ ਕਰਨਾ। ਹਿੰਦ ਦੀ ਆਜ਼ਾਦੀ ਨੂੰ ਪ੍ਰਣਾਇਆ ਤੁਹਾਡਾ ਆਪਣਾ, ਗੋਪਾਲ ਸਿੰਘ।"[25]

ਗੋਪਾਲ ਸਿੰਘ ਉਸ ਮਾਮਲੇ ਵਿਚ ਦੋਸ਼ੀ ਠਹਿਰਾਏ ਤਿੰਨ ਬੰਦਿਆਂ ਵਿੱਚੋਂ ਸੀ ਜਿਸ ਦੀ ਹਿੰਦੀਆਂ ਦੇ ਦੇਸ-ਨਿਕਾਲੇ ਖ਼ਿਲਾਫ਼ ਜੱਦੋਜਹਿਦ ਉਸ ਦੀ ਰਿਹਾਈ ਪਿੱਛੋਂ ਹਿੰਦ ਦੀ ਆਜ਼ਾਦੀ ਦੇ ਮਿੱਤਰਾਂ ਦੀ ਪਹਿਲੀ ਦਸਖ਼ਤੀ ਮੁਹਿੰਮ ਹੋ ਨਿੱਬੜੀ, ਜੋ ਪਹਿਲੀ ਆਲਮੀ ਜੰਗ ਤੋਂ ਬਾਅਦ ਅਮਰੀਕਾ ਵਿਚ ਹਿੰਦੀਆਂ ਦੀ ਸਿਆਸੀ ਸਰਗਰਮੀ ਦਾ ਮੁੱਖ ਵਾਹਨ ਸੀ। ਜੇਨਸਨ ਅਨੁਸਾਰ ਇਹ ਜਥੇਬੰਦੀ ਅਮਰੀਕੀ ਸੋਸ਼ਲਿਸਟਾਂ ਨਾਲ ਚਰਚਾ ਦੌਰਾਨ ਤਾਰਕਨਾਥ ਦਾਸ ਦੇ ਸੁਝਾਅ 'ਤੇ ਬਣਾਈ ਗਈ ਸੀ ਪਰ ਅਧਿਕਾਰਤ ਤੌਰ 'ਤੇ ਇਹ ਐਗਨੀਸ ਸਮੈਡਲੀ ਅਤੇ ਸੈਲੇਂਦਰਨਾਥ ਘੋਸ਼ ਵਲੋਂ ਮਾਰਚ 1919 'ਚ ਸ਼ੁਰੂ ਕੀਤੀ ਗਈ, ਜੋ ਖ਼ੁਦ ਪਿੱਛੇ ਜਹੇ ਤੋਂ ਜਸੂਸੀ ਕਾਨੂੰਨ ਤਹਿਤ ਜੇਲ੍ਹ ਵਿਚ ਸਨ।[26]

ਪਿੱਛੋਂ ਸਮੈਡਲੀ ਨੇ ਮਾਓ ਦੀ ਲਾਲ ਫ਼ੌਜ ਨਾਲ ਜੁੜ ਕੇ ਚੀਨ ਵਿਚ ਪੱਤਰਕਾਰ ਵਜੋਂ ਭੂਮਿਕਾ ਨਿਭਾਕੇ ਨਾਮਣਾ ਖੱਟਿਆ, ਇਹ ਕਿਹਾ ਜਾ ਸਕਦਾ ਹੈ। ਬਾਅਦ 'ਚ ਇਹ ਵੀ ਸਾਹਮਣੇ ਆਇਆ ਕਿ ਉਹ ਸ਼ੰਘਾਈ ਅਧਾਰਤ ਸੋਵੀਅਤ ਜਾਸੂਸ ਮੰਡਲੀ ਵਿਚ ਸ਼ਾਮਲ ਰਹੀ ਸੀ। ਪਰ ਉਸ ਨੇ ਇਕ ਕਾਰਕੁੰਨ ਵਜੋਂ ਪਾਹੁਲ ਨਿਊ ਯਾਰਕ ਅਤੇ ਬਰਲਿਨ ਵਿਚ ਹਿੰਦੀਆਂ ਦੇ ਸੰਘਰਸ਼ ਵਿਚ ਜੋਸ਼ੀਲਾ ਅਤੇ ਜ਼ਰੂਰੀ ਯੋਗਦਾਨ ਪਾ ਕੇ ਛਕਿਆ ਸੀ। 1912 'ਚ ਹੀ ਇਸ ਮੌਲ਼ ਰਹੀ ਵੀਰਾਂਗਣਾਂ ਦੀ ਮੁਲਾਕਾਤ ਕੈਲੀਫੋਰਨੀਆ ਵਿਚ ਹਰਦਿਆਲ ਨਾਲ ਹੋ ਗਈ ਸੀ ਅਤੇ ਉਸ ਦਾ ਮਨ ਗ਼ਦਰੀ ਕਾਜ ਦੇ ਆਦਰਸ਼ਾਂ ਨੇ ਮੋਹ ਲਿਆ ਸੀ। ਹਰਦਿਆਲ ਦੇ ਚਲੇ ਜਾਣ ਤੋਂ ਬਾਅਦ ਉਸ ਨੇ ਰਾਮ ਚੰਦਰ ਦੇ "ਧੜੇ ਦੇ ਵਿਰੋਧੀ" ਭਗਵਾਨ ਸਿੰਘ ਨਾਲ ਗੂੜ੍ਹਾ ਰਿਸ਼ਤਾ ਬਰਕਰਾਰ ਰੱਖਦੇ ਹੋਏ ਵੀ ਉਸ ਨਾਲ ਮੇਲ-ਮਿਲਾਪ ਬਣਾਈ ਰੱਖਿਆ। ਇਹ ਭਗਵਾਨ ਸਿੰਘ ਹੀ ਸੀ ਜਿਸ ਨੇ 1916 'ਚ ਉਸ ਨੂੰ ਦਸਤਾਵੇਜ਼ ਦੇ ਕੇ ਹਰਕਾਰੇ ਵਜੋਂ ਬੀ.ਆਈ.ਸੀ. ਦੇ ਤਾਲਮੇਲ ਅਧਿਕਾਰੀਆਂ ਕੋਲ ਨਿਊ ਯਾਰਕ ਘੱਲਿਆ ਸੀ, ਇਸ ਮਿਸ਼ਨ ਨੇ ਉਸ ਨੂੰ ਸਿੱਧੇ ਤੌਰ 'ਤੇ ਹਿੰਦੀ ਖਾੜਕੂਆਂ ਦੇ ਅੰਦਰਲੇ ਘੇਰੇ ਵਿਚ ਸ਼ਾਮਲ ਕਰ ਦਿੱਤਾ। ਭਾਵੇਂ ਸ਼ੁਰੂ 'ਚ ਉਹ ਲਾਜਪਤ ਰਾਏ ਦੇ ਨੇੜੇ ਸੀ, ਪਰ ਜਦੋਂ ਉਹ ਵੱਧ ਦ੍ਰਿੜਤਾ ਨਾਲ ਰੈਡੀਕਲ ਧੜੇ ਨਾਲ ਜਾ ਰਲੀ ਓਦੋਂ ਦੋਵਾਂ ਦੇ ਰਾਹ ਅੱਡ-ਅੱਡ ਹੋ ਗਏ। ਉਨ੍ਹਾਂ ਨੇ ਫਿਰ ਉਸ ਨੂੰ ਆਪਣੀ ਖ਼ਤੋ-ਕਿਤਾਬਤ, ਸਾਹਿਤ, ਸਿਰਨਾਵਿਆਂ ਦੀ ਸੂਚੀ ਅਤੇ ਇਸ ਤਰ੍ਹਾਂ ਦੇ ਹੋਰ ਸਮਾਨ ਸਾਂਭਣ ਦਾ ਮਹਿਫ਼ੂਜ਼ ਟਿਕਾਣਾ ਚਲਾਉਣ ਲਈ ਕਿਹਾ। 1920 'ਚ ਆਪਣੇ ਮੁਲਕ ਤੋਂ ਚਲੇ ਜਾਣ ਤੋਂ ਪਿੱਛੋਂ ਉਹ ਬਰਲਿਨ ਅਤੇ ਮਾਸਕੋ ਵਿਚ ਜਾ ਕੇ ਇਨ੍ਹਾਂ ਸਰਗਰਮੀਆਂ ਵਿਚ ਰੁੱਝੀ ਰਹੀ, ਜਦਕਿ 1924 ਤੱਕ ਉਸ ਨੇ ਚੱਟੋ ਨਾਲ ਬਿਨਾ ਵਿਆਹ ਕਰਾਏ ਚਰਚਿਤ ਸਬੰਧ ਬਣਾਈ ਰੱਖੇ ਜੋ ਵਿਵਾਦ ਦਾ ਕਾਰਨ ਬਣੇ।[27]

ਬੰਗਾਲ ਦੀ ਇਨਕਲਾਬੀ ਲਹਿਰ ਦਾ ਗੁੜ੍ਹਿਆ ਹੋਇਆ ਘੁਲਾਟੀਆ ਸੈਲੇਂਦਰਨਾਥ ਘੋਸ਼ ਜਨਵਰੀ 1917 'ਚ ਫਿਲਾਡੈਲਫੀਆ ਆਇਆ ਸੀ।[28] ਉਸ ਨੇ ਝੱਟ ਰਾਏ ਨੂੰ ਆਪਣੇ ਆਉਣ ਦੀ ਇਤਲਾਹ ਤਾਰ ਦੁਆਰਾ ਭੇਜੀ - ਇਸ ਰਮਤੇ ਸਾਥੀ ਨੂੰ ਉਹ ਨਰੇਂਦਰਨਾਥ ਭੱਟਾਚਾਰਜੀ ਵਜੋਂ ਜਾਣਦਾ ਸੀ - ਅਤੇ ਮਹਾਂਦੀਪ ਤੋਂ ਪਾਰ ਸਾਨ ਫਰਾਂਸਿਸਕੋ ਲਈ ਚਾਲੇ ਪਾ ਦਿੱਤੇ। ਬਰਕਲੇ ਵਿਚ ਨਾਲੰਦਾ ਹਾਊਸ ਵਿਖੇ, ਗ਼ਦਰ ਦੇ ਸੁਰਿੰਦਰਨਾਥ ਕਾਰ ਨੇ ਉਸ ਨੂੰ "ਆਪਣੇ ਖੰਭਾਂ ਹੇਠ ਲੈ ਲਿਆ।" ਘੋਸ਼ ਨੇ ਜਰਮਨ ਕੌਂਸਲੇਟ ਦੀ ਮਾਰਫ਼ਤ ਰਾਮ ਚੰਦਰ ਨਾਲ ਵੀ ਰਾਬਤਾ ਬਣਾ ਲਿਆ ਅਤੇ ਰਾਏ ਨੂੰ ਤਾਰ ਭੇਜ ਦਿੱਤੀ, ਜੋ ਨਿਊ ਯਾਰਕ ਵਿਚ ਸੀ। ਉਸ ਨੇ ਘੋਸ਼ ਦੇ ਵਾਪਸੀ ਸਮੁੰਦਰੀ ਸਫ਼ਰ ਦਾ ਖ਼ਰਚ ਅਦਾ ਕੀਤਾ ਅਤੇ ਬਰੌਂਕਸ ਅਪਾਰਟਮੈਂਟ ਵਿਚ ਉਸ ਨੂੰ

ਰਹਿਣ ਲਈ ਕਮਰੇ ਦੀ ਪੇਸ਼ਕਸ਼ ਕੀਤੀ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਮਈ ਦੇ ਅਖ਼ੀਰ 'ਚ ਰਾਏ ਅਤੇ ਘੋਸ਼ ਦੋਵੇਂ ਇਕੱਠੇ ਚੋਰੀ-ਛੁਪੇ ਮੈਕਸੀਕੋ ਚਲੇ ਗਏ ਸਨ।

ਜਦਕਿ, ਜਦੋਂ ਨਵੰਬਰ 'ਚ ਹਿੰਦੂ-ਜਰਮਨ ਸਾਜ਼ਿਸ਼ ਮੁਕੱਦਮਾ ਚੱਲ ਰਿਹਾ ਸੀ, ਘੋਸ਼ ਅਚਾਨਕ ਸਾਨ ਫਰਾਂਸਿਸਕੋ 'ਚ ਆ ਟਪਕਿਆ ਅਤੇ ਉਸੇ ਕਮਰੇ ਵਿਚ ਰਹਿਣਾ ਸ਼ੁਰੂ ਕਰ ਦਿੱਤਾ ਜੋ ਤਾਰਕਨਾਥ ਦਾਸ ਨੇ ਕਿਰਾਏ 'ਤੇ ਲਿਆ ਹੋਇਆ ਸੀ – ਜੋ ਖ਼ੁਦ ਲੀਵਨਵਰਥ ਵਿਚ ਕਮਰਾ ਲੈ ਕੇ ਰਹਿਣਾ ਸ਼ੁਰੂ ਕਰ ਦੇਵੇਗਾ। ਦਾਸ ਨੇ ਫਿਰ ਜੇਲ੍ਹ ਵਿੱਚੋਂ ਘੋਸ਼ ਨੂੰ ਚਿੱਠੀ ਲਿਖ ਕੇ ਗੁਜ਼ਾਰਿਸ਼ ਕੀਤੀ ਕਿ ਉਹ ਬ੍ਰਿਟਿਸ਼ ਲੇਬਰ ਪਾਰਟੀ ਦੇ ਨਾਂ ਨਿਊ ਯਾਰਕ ਦੇ ਬਾਲਸ਼ਵਾਦੀ ਅਖ਼ਬਾਰ ਵਿਚ ਹਿੰਦ ਦੀ ਆਜ਼ਾਦੀ ਦੀ ਹਮਾਇਤ 'ਚ ਇਕ ਅਪੀਲ ਛਪਵਾਏ। ਦਾਸ ਨੇ ਘੋਸ਼ ਨੂੰ *ਨੋਵੀ ਮੀਰ* ਦੇ ਸੰਪਾਦਕਾਂ ਵੇਨਸਟੇਨ ਅਤੇ ਹਰਵਿਖ ਤੱਕ ਪਹੁੰਚ ਕਰਨ ਦੀ ਹਦਾਇਤ ਦਿੰਦਿਆਂ ਕਿਹਾ: "ਉਹ ਤੇਰੀ ਮਦਦ ਕਰਨਗੇ। ਆਪਣੀ ਤਾਕਤ ਨੂੰ ਵਧਾ ਕੇ ਪੇਸ਼ ਨਾ ਕਰੀਂ ਪਰ ਰੂਸ ਨੂੰ [ਸਾਮਰਾਜਵਾਦ ਅਤੇ ਏਸ਼ੀਆ ਦੇ ਲੋਕਾਂ ਬਾਰੇ] ਬਾਰੇ ਸੋਚਣ ਲਈ ਪ੍ਰੇਰਤ ਕਰੀਂ ਅਤੇ ਉਨ੍ਹਾਂ ਨੂੰ ਕਾਇਲ ਕਰਨ ਦਾ ਯਤਨ ਕਰੀਂ ਕਿ ਸਾਡਾ ਕਾਜ ਆਲਮੀ ਕਾਜ ਦਾ ਹਿੱਸਾ ਹੈ।" (ਜਦਕਿ, ਦਾਸ ਨੇ ਚੇਤਾਵਨੀ ਦਿੱਤੀ ਕਿ ਘੋਸ਼ "ਲੋੜੋਂ ਵੱਧ ਜੋਸ਼ 'ਚ ਆ ਕੇ ਉਨ੍ਹਾਂ ਉੱਪਰ ਆਪਣੀ ਗੱਲ ਥੋਪਣ" ਦੇ ਲਹਿਜ਼ੇ 'ਚ ਮੁਖ਼ਾਤਬ ਹੋਣ ਤੋਂ ਸਾਵਧਾਨ ਰਹੇ।)

ਪ੍ਰਕਾਸ਼ਤ ਹੋਈ ਅਪੀਲ ਕੁਝ ਇਸ ਤਰ੍ਹਾਂ ਸੀ: "ਉਮੀਦ ਹੈ ਕਿ ਤੁਸੀਂ ਪੂਰੀ ਵਾਹ ਲਾਓਗੇ ਤਾਂ ਜੋ ਹਿੰਦ (ਨਾਲ ਹੀ ਮਿਸਰ) ਦੇ ਸਿਆਸੀ ਕੈਦੀ ਤੁਰੰਤ ਰਿਹਾਅ ਹੋ ਜਾਣ। ਸਾਡੀ ਰੀਝ ਹਿੰਦ ਦੇ ਲੋਕਾਂ ਲਈ ਸਿਆਸੀ, ਆਰਥਕ ਅਤੇ ਸਨਅਤੀ ਆਜ਼ਾਦੀ ਹਾਸਲ ਕਰਨ ਦੀ ਹੈ।.... ਸਾਰੇ ਮੁਲਕਾਂ ਅਤੇ ਸਾਰੇ ਯੁਗਾਂ ਦੀ ਸਿਆਸੀ, ਆਰਥਕ ਤੇ ਸਨਅਤੀ ਜਮਹੂਰੀਅਤ ਦਾ ਕਾਜ ਜ਼ਿੰਦਾਬਾਦ।"

ਇਸ ਉੱਪਰ ਇੰਡੀਅਨ ਨੈਸ਼ਨਲ ਪਾਰਟੀ (ਆਈ.ਐੱਨ.ਪੀ.) ਦੀ ਤਰਫ਼ੋਂ ਸੈਲੇਂਦਰਨਾਥ ਘੋਸ਼ ਦੇ ਦਸਤਖ਼ਤ ਕੀਤੇ ਹੋਏ ਸਨ।[30] ਮਗਰੋਂ ਦਾਸ ਅਤੇ ਘੋਸ਼ ਦੇ ਸਾਂਝੇ ਯਤਨਾਂ (ਖ਼ੁਫ਼ੀਆ ਪੁਲਿਸ ਦੇ ਦਸਤਾਵੇਜ਼ਾਂ ਵਿਚ ਇਨ੍ਹਾਂ ਨੂੰ ਕ੍ਰਮਵਾਰ "ਕੂਟਨੀਤਕ" ਅਤੇ "ਹਰਕਾਰਾ" ਦੱਸਿਆ ਗਿਆ) ਨੂੰ ਛੇਤੀ ਹੀ ਬੂਰ ਪੈ ਗਿਆ, ਜਦੋਂ ਉਨ੍ਹਾਂ ਨੇ ਗ਼ਦਰ ਪਾਰਟੀ ਦੇ ਭਗਵਾਨ ਸਿੰਘ ਧੜੇ ਦੀ ਸਲਾਹ ਨਾਲ "ਖ਼ੁਦ ਨੂੰ ਇੰਡੀਅਨ ਨੈਸ਼ਨਲਿਸਟ ਪਾਰਟੀ ਦੇ ਖ਼ਾਸ ਨੁਮਾਇੰਦੇ ਕਹਾਉਣਾ ਸ਼ੁਰੂ ਕਰ ਦਿੱਤਾ।" ਭਗਵਾਨ ਸਿੰਘ, ਦਾਸ ਅਤੇ ਘੋਸ਼ ਨੇ ਵੁਡਰੋ ਵਿਲਸਨ ਅਤੇ ਉਸ ਦੇ ਬਦੇਸ਼ ਸਕੱਤਰ ਨੂੰ ਲਿਖੀਆਂ ਚਿੱਠੀਆਂ ਵਿਚ ਵੀ ਆਪਣਾ ਤੁਆਰਫ਼ "ਇੰਡੀਅਨ ਨੈਸ਼ਨਲਿਸਟ ਪਾਰਟੀ ਦੇ ਖ਼ਾਸ ਕਮਿਸ਼ਨ ਦੇ ਅਧਿਕਾਰੀਆਂ ਵਜੋਂ ਕਰਾਇਆ ਜੋ ਹਿੰਦ ਦੀ ਆਜ਼ਾਦੀ ਅਤੇ ਸਾਢੇ ਇਕੱਤੀ ਕਰੋੜ ਲੋਕਾਂ ਦਾ ਜਮਹੂਰੀ ਸੰਘੀ ਗਣਰਾਜ ਕਾਇਮ ਕਰਨ ਲਈ ਕੰਮ ਕਰ ਰਹੀ ਹੈ।"[31] ਭਾਵੇਂ ਇਥੇ ਆਈ.ਐੱਨ.ਪੀ. ਨੇ ਰਾਸ ਬਿਹਾਰੀ ਬੋਸ ਨੂੰ "ਇੰਡੀਅਨ ਨੈਸ਼ਨਲ ਪਾਰਟੀ ਦੀ ਸਰਵਉੱਚ ਕੌਂਸਲ ਦਾ ਆਰਜ਼ੀ ਪ੍ਰਧਾਨ" ਅਤੇ ਜਾਦੂਗੋਪਾਲ ਮੁਖਰਜੀ ਨੂੰ "ਬਦੇਸ਼ ਸਬੰਧਾਂ ਬਾਬਤ ਕਮੇਟੀ ਦਾ ਚੇਅਰਮੈਨ" ਦੱਸਿਆ, ਇਸ ਦੀ ਹੋਂਦ ਮੁੱਖ ਤੌਰ 'ਤੇ ਇਕ ਟੁੰਬਵੇਂ ਲੈਟਰਹੈੱਡ ਤੋਂ ਵੱਧ ਨਹੀਂ ਸੀ।[32] ਮਾਰਚ 1918 'ਚ ਚਾਰ ਹੋਰਾਂ ਦੇ ਨਾਲ ਸਮੈਡਲੀ ਅਤੇ ਘੋਸ਼ ਨੂੰ ਇਕ ਬਦੇਸ਼ੀ ਹਕੂਮਤ ਦੀ ਨੁਮਾਇੰਦਗੀ ਕਰਨ ਵਾਲੇ ਕੂਟਨੀਤਕਾਂ ਵਜੋਂ ਜਾਅਲੀ ਨੁਮਾਇੰਦਗੀ ਕਰਨ ਦੇ ਦੋਸ਼ 'ਚ ਜਾਸੂਸੀ ਕਾਨੂੰਨ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ।

ਇਸ ਨਾਮਨਿਹਾਦ ਗਰੁੱਪ ਨੂੰ ਸ਼ੁਰੂ ਕਰਵਾਉਣ ਵਾਲਾ ਜੋੜਾ ਵਿਲੀਅਮ ਅਤੇ ਮੈਰੀਅਨ ਵਦਰਸਪੂਨ ਸਨ। ਖੱਬੇ-ਉਦਾਰਵਾਦੀ ਅਮਨ-ਪ੍ਰੇਮੀ ਅਤੇ ਲੰਮੇ ਸਮੇਂ ਤੋਂ ਹਿੰਦ ਦੇ ਹਮਾਇਤੀ,

ਜਿਨ੍ਹਾਂ ਨੇ ਆਪਣੇ ਸਾਨ ਫਰਾਂਸਿਸਕੋ ਵਾਲੇ ਘਰ ਨੂੰ ਪੂਰੇ ਮੁਕੱਦਮੇ ਸਮੇਂ ਖ਼ਤੋ-ਕਿਤਾਬਤ ਦੇ ਸਿਰਨਾਵੇਂ ਅਤੇ ਮੀਟਿੰਗਾਂ ਕਰਨ ਲਈ ਦੇ ਦਿੱਤਾ ਹੋਇਆ ਸੀ। ਜਸਟਿਸ ਡਿਪਾਰਟਮੈਂਟ ਦੀ ਇਕ ਰਿਪੋਰਟ ਦਾ ਮੰਨਣਾ ਸੀ ਕਿ ਇੱਥੋਂ ਹੀ ਘੋਸ਼ ਨੂੰ ਪਹਿਲੀ ਵਾਰ ਉਸ ਭਿਆਨਕ ਸਿਆਸੀ ਪਲੇਗ ਦੀ "ਲਾਗ" ਚਿੰਬੜੀ ਹੋਵੇਗੀ। ਇਸ ਘਰ ਵਿਚ ਉਸ ਤਰ੍ਹਾਂ ਦੇ ਬੰਦਿਆਂ ਕਾਰਨ ਅਜਿਹਾ "ਮਾਹੌਲ ਭਾਰੂ" ਸੀ ਜਿਨ੍ਹਾਂ ਦਾ ਇਥੇ ਅਕਸਰ ਆਉਣ-ਜਾਣ ਬਣਿਆ ਰਹਿੰਦਾ ਸੀ। ਸ਼੍ਰੀਮਤੀ ਵਦਰਸਪੂਨ ਅਤੇ ਉਸ ਦੀ ਭੈਣ ਸਾਰਾ ਬਾਰਡ ਫੀਲਡ ਦਾ "ਪੀਪਲਜ਼ ਕੌਂਸਲ ਦੀ ਸਥਾਨਕ ਸ਼ਾਖਾ" ਵਿਚ ਉੱਘਾ ਨਾਂ ਸੀ "ਇਕ ਜਥੇਬੰਦੀ ਜਿਸ ਨੂੰ ਕੁਲ ਬਾਲਸ਼ਵਿਕ ਸਿਧਾਂਤ ਕਬੂਲ ਸਨ।"[33] ਅਤੇ ਸਬੂਤ ਇਹ ਵੀ ਸੀ – ਕਿੰਨੀ ਗਜ਼ਬਨਾਕ ਚੀਜ਼ ਹੈ! – ਕਿ ਸ਼੍ਰੀਮਾਨ ਵਦਰਸਪੂਨ ਨੇ ਟ੍ਰਾਟਸਕੀ ਅਤੇ ਲੈਨਿਨ ਨੂੰ ਚਿੱਠੀਆਂ ਲਿਖੀਆਂ ਸਨ।[34]

ਇਹ ਤੈਅ ਸੀ ਕਿ ਦਾਸ ਦੇ ਘਰ ਛਾਪਾ ਮਾਰੇ ਜਾਣ ਸਮੇਂ 12 ਨਵੰਬਰ 1917 ਨੂੰ ਲਿਖੀ ਗਈ ਇਕ ਚਿੱਠੀ ਹੱਥ ਲੱਗੀ ਸੀ ਜੋ ਇੰਡੀਅਨ ਨੈਸ਼ਨਲ ਪਾਰਟੀ ਵਲੋਂ ਲਿਓਨ ਟ੍ਰਾਟਸਕੀ ਦੀ ਮਾਰਫ਼ਤ ਪੀਤਰੋਗ੍ਰਾਦ ਵਿਚ ਰੂਸ ਦੇ ਮਜ਼ਦੂਰਾਂ ਅਤੇ ਫ਼ੌਜੀਆਂ ਦੀ ਕੌਂਸਲ ਨੂੰ ਲਿਖੀ ਹੋਈ ਸੀ। ਚਿੱਠੀ ਵਿਚ, 1917 ਦੇ ਹਿੰਦ ਅਤੇ 1905 ਦੇ ਰੂਸ ਦੀਆਂ ਸਮਾਨਤਾਵਾਂ ਦੀ ਨਿਰਖ ਕਰਦਿਆਂ ਆਈ.ਐੱਨ.ਪੀ. ਨੇ ਰੂਸ ਦੀ ਇਨਕਲਾਬੀ ਹਕੂਮਤ ਦੀ ਹਮਾਇਤ ਕੀਤੀ ਸੀ ਅਤੇ ਉਨ੍ਹਾਂ ਹਿੰਦੀ ਇਨਕਲਾਬੀਆਂ ਦੀ ਹਮਾਇਤ ਕਰਨ ਦੀ ਗੁਜ਼ਾਰਿਸ਼ ਕੀਤੀ ਸੀ ਜਿਨ੍ਹਾਂ ਉੱਪਰ ਸਾਨ ਫਰਾਂਸਿਸਕੋ ਵਿਚ ਮੁਕੱਦਮਾ ਚਲ ਰਿਹਾ ਸੀ, ਕਿਉਂਕਿ ਅੰਗਰੇਜ਼ ਨਾਂਹਪੱਖੀ ਪ੍ਰਭਾਵ ਪਾ ਕੇ ਅਮਰੀਕੀ ਹਕੂਮਤ ਨੂੰ ਉਨ੍ਹਾਂ ਦੇ ਖ਼ਿਲਾਫ਼ ਕਰ ਰਹੇ ਸਨ।[35] ਸਮੈਡਲੀ ਤੇ ਘੋਸ਼ ਨੂੰ ਗ੍ਰਿਫ਼ਤਾਰ ਕਰਨ ਅਤੇ ਦਾਸ ਦੇ ਵਾਰੰਟ ਕੱਢਣ ਲਈ ਇਸੇ ਚਿੱਠੀ ਨੂੰ ਬਹਾਨਾ ਬਣਾਇਆ ਗਿਆ, ਮੁਕੱਦਮੇ ਦੌਰਾਨ ਉਹ ਜੇਲ੍ਹ ਵਿਚ ਨਜ਼ਰਬੰਦ ਰਹੇ। ਇਸ ਦੇ ਕੁਝ ਹਿੱਸੇ 19 ਮਾਰਚ 1918 ਦੇ *ਨਿਊ ਯਾਰਕ ਟਾਈਮਜ਼* ਵਿਚ ਛਪੇ ਸਨ:

"ਅੰਗਰੇਜ਼ ਸਾਮਰਾਜ ਦੇ ਹੱਥ ਐਨੇ ਲੰਮੇ ਹਨ ਕਿ ਅਮਰੀਕਾ ਵਿਚ ਬਹੁਤ ਸਾਰੇ ਹਿੰਦੀ ਇਨਕਲਾਬੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ..... ਤਾਂ ਜੋ ਅੰਗਰੇਜ਼ ਸਾਮਰਾਜੀ ਹਕੂਮਤ ਆਪਣੇ ਦੁਸ਼ਮਣਾਂ ਨੂੰ ਫਾਂਸੀ 'ਤੇ ਲਟਕਾ ਕੇ ਉਨ੍ਹਾਂ ਤੋਂ ਬਦਲਾ ਲੈ ਸਕੇ। ਅਸੀਂ ਰੂਸੀ ਅਵਾਮ ਨੂੰ ਬੇਨਤੀ ਕਰਦੇ ਹਾਂ ਕਿ ਸਾਡੇ 'ਤੇ ਪਈ ਇਸ ਭਾਰੀ ਬਿਪਤਾ ਸਮੇਂ ਸਾਨੂੰ ਮਨੋ ਨਾ ਵਿਸਾਰ ਦੇਣ। ਅਸੀਂ ਦੁਨੀਆ ਨੂੰ ਇਹ ਕਹਿਣਾ ਚਾਹੁੰਦੇ ਹਾਂ ਕਿ ਲੋਕਾਂ ਦੇ ਹੱਕਾਂ ਦੀ ਰਾਖੀ ਦੀ ਇਸ ਜੰਗ ਵਿਚ ਹਿੰਦ ਨੂੰ ਉਸ ਦੀ ਆਜ਼ਾਦੀ ਦਿੱਤੀ ਜਾਣੀ ਚਾਹੀਦੀ ਹੈ। ਰੂਸੀ ਇਨਕਲਾਬ ਜ਼ਿੰਦਾਬਾਦ।"[36]

ਫ਼ੌਜੀ ਖੁਫ਼ੀਆ ਵਿੰਗ ਚਿੱਠੀ ਨੂੰ ਇਸ ਦਾ ਸਪਸ਼ਟ ਸਬੂਤ ਮੰਨਦਾ ਸੀ ਕਿ "ਹਿੰਦ-ਜਰਮਨ ਸਾਜ਼ਿਸ਼" ਨੇ ਇਕ ਖ਼ਤਰਨਾਕ "ਹਿੰਦ-ਬਾਲਸ਼ਵਿਕ ਜੁੰਡੀ" ਦੀ ਸ਼ਕਲ ਅਖ਼ਤਿਆਰ ਕਰ ਲਈ ਸੀ।[37] ਫ਼ੌਜੀ ਖੁਫ਼ੀਆ ਵਿੰਗ ਨੇ ਸਮੈਡਲੀ ਵਲੋਂ ਸਾਨ ਫਰਾਂਸਿਸਕੋ ਵਿਚ ਡਬਲਯੂ.ਏ ਵਦਰਸਪੂਨ ਦੇ ਪਤੇ 'ਤੇ ਸ਼੍ਰੀਮਾਨ ਐੱਚ.ਮਿਤਰਾ (ਉਰਫ਼ ਘੋਸ਼) ਨੂੰ ਲਿਖੀ ਚਿੱਠੀ ਫੜ ਲਈ, ਜਿਸ ਵਿਚ ਲੇਖਕਾ ਨੇ ਕਿਹਾ ਸੀ ਕਿ ਉਸ ਨੇ ਸਿਆਸੀ ਕਾਰਟੂਨਿਸਟ ਅਤੇ ਕਮਿਊਨਿਸਟ ਪਾਰਟੀ ਦੇ ਮੈਂਬਰ ਰੋਬਰਟ ਮਾਈਨਰ ਨਾਲ ਉਨ੍ਹਾਂ ਤਰੀਕਿਆਂ ਬਾਰੇ ਗੱਲ ਕੀਤੀ ਸੀ ਜਿਨ੍ਹਾਂ ਰਾਹੀਂ ਘੋਸ਼ ਅਮਰੀਕਾ ਤੋਂ ਰੂਸ ਜਾ ਸਕਦਾ ਸੀ।[38]

ਜੂਨ 1919 ਵਿਚ ਖੁਫ਼ੀਆ ਪੁਲਿਸ ਦੇ ਨਿਰਦੇਸ਼ਕ ਦੀ ਸੋਚ ਸੀ ਕਿ ਉਸ ਨੇ "ਹਿੰਦੀਆਂ ਦੇ ਤਿੰਨ ਗਰੋਹਾਂ" ਦੀ ਸ਼ਨਾਖ਼ਤ ਕਰ ਲਈ ਸੀ ਜੋ ਅਮਰੀਕਾ ਵਿਚ ਅੰਗਰੇਜ਼ ਵਿਰੋਧੀ ਪ੍ਰਚਾਰ ਕਰਨ ਲੱਗੇ ਹੋਏ ਸਨ: ਕੈਲੀਫੋਰਨੀਆ ਵਿਚ ਭਗਵਾਨ ਸਿੰਘ ਦੀ ਗ਼ਦਰ ਪਾਰਟੀ, ਘੋਸ਼ ਅਤੇ

ਸਮੈਡਲੀ ਦੀ ਆਈ.ਐੱਨ.ਪੀ., ਅਤੇ ਨਿਊਯਾਰਕ ਵਿਚ ਲਾਜਪਤ ਰਾਏ ਦੀ ਹੋਮ ਰੂਲ ਲੀਗ। ਨਾਲ ਹੀ ਮੈਕਸੀਕੋ ਵਿਚ ਰਾਏ ਦੇ ਆਲੇ-ਦੁਆਲੇ "ਬਗ਼ਾਵਤ ਦਾ ਇਕ ਹੋਰ ਕੇਂਦਰ", ਜੋ ਆਪਣੀ ਅਮਰੀਕੀ ਪਤਨੀ ਐਵਲਿਨ ਟਰਿਟ ਸਮੇਤ ਉੱਥੇ ਚਲਾ ਗਿਆ ਸੀ, ਅਤੇ ਛੇਤੀ ਹੀ "ਬਾਕੀਆਂ ਨਾਲ ਜਾ ਮਿਲਿਆ ਜਿਨ੍ਹਾਂ ਨੇ ਅਮਰੀਕਾ ਨੂੰ ਐਨਾ ਤਪਾ ਦਿੱਤਾ ਸੀ ਕਿ ਉਨ੍ਹਾਂ ਨੂੰ ਨੱਪਣਾ ਜ਼ਰੂਰੀ ਸੀ।" ਹਰ ਧੜੇ ਦੇ ਆਪਣੇ ਹੀ ਤਰੀਕੇ ਸਨ, ਪਰ ਸਾਰਿਆਂ ਦਾ ਇਕ ਦੂਜੇ ਨਾਲ ਅਦਾਨ-ਪ੍ਰਦਾਨ ਸੀ ਅਤੇ "ਅੰਗਰੇਜ਼ ਹਕੂਮਤ ਨਾਲ ਦੁਸ਼ਮਣੀ 'ਚ ਸਾਰੇ ਇਕੱਠੇ ਸਨ।"[39]

ਹਿੰਦ ਦੀ ਆਜ਼ਾਦੀ ਦੇ ਮਿੱਤਰ ਸੰਸਥਾ ਸਮੈਡਲੀ ਅਤੇ ਘੋਸ਼ ਵਲੋਂ ਬਣਾਈ ਗਈ ਸੀ ਜਿਸ ਪਿੱਛੋਂ ਉਨ੍ਹਾਂ ਨੂੰ ਗੁੰਬਦਾਂ (ਜਿਵੇਂ ਆਮ ਬੋਲਚਾਲ ਵਿਚ ਨਿਊ ਯਾਰਕ ਦਾ ਨਿਆਂ ਭਵਨ ਅਤੇ ਬੰਦੀਖ਼ਾਨਾ ਮਸ਼ਹੂਰ ਸੀ) ਵਿਚ ਬੰਦ ਕੀਤਾ ਗਿਆ। ਛੇਤੀ ਹੀ ਇਹ ਹਿੰਦੀਆਂ ਨੂੰ ਉੱਥੋਂ ਕੱਢੇ ਜਾਣ ਖ਼ਿਲਾਫ਼ ਮੁਹਿੰਮ ਜ਼ਰੀਏ ਵੈਸਟ ਕੋਸਟ ਗਰੁੱਪ ਦੀ ਸਭ ਤੋਂ ਨਜ਼ਦੀਕੀ ਸੰਗੀ ਬਣ ਗਈ। ਇਸ ਦਾ ਪ੍ਰਭਾਵ ਕਬੂਲਣ ਵਾਲਿਆਂ ਉੱਪਰ ਆਖ਼ਿਰ ਨਿਰਪੱਖਤਾ ਦੀ ਉਲੰਘਣਾ ਦਾ ਐਸਾ ਇਲਜ਼ਾਮ ਲਗਾਇਆ ਗਿਆ ਸੀ ਜੋ ਪਹਿਲਾਂ ਕਦੇ ਵੀ ਦੇਸ-ਨਿਕਾਲੇ ਦਾ ਅਧਾਰ ਨਹੀਂ ਸੀ ਬਣਿਆ: ਇਲਜ਼ਾਮ "ਵਿਭਚਾਰ" ਦਾ ਨਹੀਂ ਸੀ, ਜਿਸ ਨੂੰ 1917 'ਚ ਇਸ ਤਰ੍ਹਾਂ ਪ੍ਰੀਭਾਸ਼ਤ ਕੀਤਾ ਗਿਆ ਸੀ "ਇਕ ਬੇਬੁਨਿਆਦ, ਨੀਚ, ਜਾਂ ਉਨ੍ਹਾਂ ਨਿੱਜੀ ਤੇ ਸਮਾਜੀ ਫਰਜ਼ਾਂ ਤੋਂ ਕੋਤਾਹੀ ਵਾਲੀ ਹਰਕਤ ਜੋ ਫਰਜ਼ ਇਕ ਇਨਸਾਨ ਦੇ ਆਪਣੇ ਨਾਲ ਦੇ ਇਨਸਾਨਾਂ ਜਾਂ ਸਮਾਜ ਪ੍ਰਤੀ ਬਣਦੇ ਹਨ" ਅਤੇ ਭੂਰੀ ਚਮੜੀ ਵਾਲੇ ਮਰਦਾਂ ਵਲੋਂ ਗੋਰੀਆਂ ਔਰਤਾਂ ਨਾਲ ਲਿੰਗਕ ਬੇਹੂਦਗੀ ਦੇ ਬੇਸਿਰ-ਪੈਰ ਇਲਜ਼ਾਮਾਂ ਅਧਾਰਤ ਹਰਕਤ ਜੋ ਵਿਸ਼ਵਾਸਯੋਗ ਨਹੀਂ ਹੁੰਦੇ।[40] ਉਨ੍ਹਾਂ ਉਪਰ ਇਲਜ਼ਾਮ ਅਰਾਜਕਤਾਵਾਦ ਦਾ ਵੀ ਨਹੀਂ ਸੀ, ਜਿਸ ਨੂੰ 1918 'ਚ ਇਸ ਤਰ੍ਹਾਂ ਪ੍ਰੀਭਾਸ਼ਤ ਕੀਤਾ ਗਿਆ ਸੀ "ਜਿਨ੍ਹਾਂ ਦਾ ਹਕੂਮਤ ਨੂੰ ਜਬਰੀ ਉਲਟਾਉਣ ਵਿਚ ਵਿਸ਼ਵਾਸ ਹੈ, ਜਾਂ ਜੋ ਬਾਕਾਇਦਾ ਜਥੇਬੰਦ ਹਕੂਮਤ ਦੇ ਵਿਰੋਧ 'ਚ ਹਨ..... ਜਿਨ੍ਹਾਂ ਦਾ ਸਰਕਾਰੀ ਅਧਿਕਾਰੀਆਂ ਉੱਪਰ ਗ਼ੈਰਕਾਨੂੰਨੀ ਹਮਲਿਆਂ ਜਾਂ ਉਨ੍ਹਾਂ ਦੇ ਕਤਲਾਂ ਜਾਂ ਜਾਇਦਾਦ ਨੂੰ ਗ਼ੈਰਕਾਨੂੰਨੀ ਤੌਰ 'ਤੇ ਤਬਾਹ ਕਰਨ 'ਚ ਵਿਸ਼ਵਾਸ ਹੈ ਜਾਂ ਜੋ ਇਸ ਦਾ ਸਬਕ ਪੜ੍ਹਾਉਂਦੇ ਹਨ.... *[ਜਾਂ]* ਜੋ ਅਮਰੀਕਾ ਵਿਚ ਆਉਣ ਤੋਂ ਬਾਅਦ ਅਜਿਹੀ ਤਬਾਹੀ ਦੀ ਵਕਾਲਤ ਕਰਨ ਵਾਲੀਆਂ ਜਥੇਬੰਦੀਆਂ ਦੇ ਮੈਂਬਰ ਬਣਦੇ ਹਨ"। ਦੋਸ਼ 1919 'ਚ ਇਥੇ ਮੌਜੂਦ ਹੋਣ ਦਾ ਸਧਾਰਨ ਜੁਰਮ ਵੀ ਨਹੀਂ ਬਣਦਾ ਸੀ, ਜਦੋਂ "ਜੰਗ ਦੌਰਾਨ ਦੋਸ਼ੀ ਠਹਿਰਾਏ ਬਾਹਰਲੇ ਬੰਦੇ ਜੋ ਐਨੇ ਲੰਮੇ ਸਮੇਂ ਤੋਂ ਇਥੇ ਸਨ ਕਿ ਪੁਰਾਣੇ ਜਬਰੀ ਦੇਸ-ਨਿਕਾਲੇ ਦੇ ਕਾਨੂੰਨ ਉਨ੍ਹਾਂ ਉੱਪਰ ਲਾਗੂ ਹੀ ਨਹੀਂ ਸੀ ਹੁੰਦੇ।" ਉਨ੍ਹਾਂ ਨੂੰ ਹੁਣ ਨਵੀਂ ਪ੍ਰੀਭਾਸ਼ਾ ਅਨੁਸਾਰ ਦੇਸ-ਨਿਕਾਲਾ ਦਿੱਤਾ ਜਾ ਸਕਦਾ ਸੀ।[41] ਸਭ ਤੋਂ ਅਹਿਮ ਮਸ਼ਹੂਰ ਮਾਮਲੇ ਭਗਵਾਨ ਸਿੰਘ, ਸੰਤੋਖ ਸਿੰਘ ਅਤੇ ਗੋਪਾਲ ਸਿੰਘ ਦੇ ਸਨ। ਪਹਿਲੇ ਦੋ ਨੂੰ ਤਾਂ ਦੇਸ-ਨਿਕਾਲੇ ਦੇ ਹੁਕਮ ਓਦੋਂ ਦੇ ਦਿੱਤੇ ਗਏ ਜਦੋਂ ਉਹ ਅਜੇ ਸਾਜ਼ਿਸ਼ ਦੀ ਸਜ਼ਾ ਕੱਟ ਰਹੇ ਸਨ; ਗੋਪਾਲ ਸਿੰਘ ਨੂੰ ਕਿਰਤ ਮਹਿਕਮੇ ਨੇ ਓਦੋਂ ਗ੍ਰਿਫ਼ਤਾਰ ਕਰ ਲਿਆ ਜਦੋਂ ਉਸ ਨੇ ਰਿਹਾਅ ਹੋ ਕੇ ਜੇਲ੍ਹ ਤੋਂ ਬਾਹਰ ਪੈਰ ਧਰਿਆ ਹੀ ਸੀ।[42]

ਇਸ ਮੁਕੱਦਮੇ ਦੀ ਪੈਰਵੀ ਤੋਂ ਇਲਾਵਾ, ਐੱਫ.ਐੱਫ.ਆਈ. ਦਾ ਇਸ ਦੇ ਲੈਟਰ-ਹੈੱਡ ਉੱਪਰ ਉਦੇਸ਼ ਇਸ ਤਰ੍ਹਾਂ ਐਲਾਨਿਆ ਗਿਆ ਸੀ "ਸ਼ਰਣ ਦੇ ਹੱਕ ਨੂੰ ਬਰਕਰਾਰ ਰੱਖਣਾ ਅਤੇ ਇਹ ਖ਼ਿਆਲ ਰੱਖਣਾ ਕਿ ਅਮਰੀਕਾ ਵਿਚ ਵਸਦੇ ਹਿੰਦੂ ਸਿਆਸੀ ਕੈਦੀਆਂ ਤੇ ਸ਼ਰਨਾਰਥੀਆਂ ਨੂੰ ਅਮਰੀਕੀ ਰਵਾਇਤਾਂ ਅਨੁਸਾਰ ਨਿਆਂ ਮਿਲੇ। ਖੁੱਲ੍ਹੀ ਤੇ ਬੇਝਿਜਕ ਜ਼ਿਰਾਹ ਵਿਚ ਉਨ੍ਹਾਂ ਦੀ ਮਦਦ ਕਰਨੀ ਤਾਂ ਕਿ ਹਿੰਦੁਸਤਾਨ ਬਾਰੇ ਸਚਾਈ ਸਾਹਮਣੇ ਆ ਸਕੇ।" ਇਸ ਤਰ੍ਹਾਂ ਕਾਰ ਨੇ ਦਾਸ

ਦੇ ਸੱਦੇ ਉੱਤੇ ਨਿਊ ਯਾਰਕ ਵਿਚ ਐੱਫ.ਐੱਫ.ਆਈ. ਦੀ ਹਿੰਦੁਸਤਾਨ ਨਿਊਜ਼ ਸਰਵਿਸ ਦੇ ਸੰਪਾਦਕ ਵਜੋਂ ਕੰਮ ਕਰਨ ਲਈ ਇਹ ਸਫ਼ਰ ਕੀਤਾ, ਜਿਸ ਦਾ ਕੰਮ ਮਜ਼ਦੂਰ ਅਖ਼ਬਾਰਾਂ ਅਤੇ ਰਸਾਲਿਆਂ ਨੂੰ ਹਫ਼ਤਾਵਾਰ ਜਾਣਕਾਰੀ ਭੇਜਣਾ ਸੀ।[43] ਕਾਰ ਨੇ ਗੋਪਾਲ ਸਿੰਘ ਨੂੰ ਲਿਖਿਆ "ਜਿਸ ਸੋਚ ਅਤੇ ਭਾਵਨਾ ਨਾਲ ਤੁਸੀਂ ਮੈਨੂੰ ਇਕ ਮਹਾਨ ਕਾਜ ਦੀਆਂ ਜ਼ਿੰਮੇਵਾਰੀਆਂ ਸੌਂਪਣ ਦੀ ਇੱਛਾ ਦਿਖਾਈ ਹੈ ਉਸ ਦੀ ਮੈਂ ਤਹਿ ਦਿਲੋਂ ਕਦਰ ਕਰਦਾ ਹਾਂ। ਜਿਸ ਵਿਚ ਅਸੀਂ ਪੂਰੀ ਵਫ਼ਾਦਾਰੀ ਤੇ ਸੂਝਬੂਝ ਨਾਲ ਆਪਣਾ ਨਿਮਾਣਾ ਜਿਹਾ ਹਿੱਸਾ ਪਾਉਣ ਦੀ ਸਹੁੰ ਖਾਧੀ ਹੈ।" ਉਸ ਨੂੰ "ਤੁਹਾਡੇ ਸਾਰਿਆਂ ਨਾਲ ਮਿਲ ਕੇ ਮਾਂ ਧਰਤੀ ਦੀ ਸੇਵਾ ਕਰਨ" ਦੀ ਪੂਰੀ ਜ਼ਿੰਮੇਵਾਰੀ ਦਾ ਅਹਿਸਾਸ ਸੀ, ਇਸ ਕਾਜ ਨੂੰ ਉਹ "ਆਪਣੀ ਪੂਰੀ ਵਾਹ ਲਾ ਕੇ ਕਰਨ ਲਈ.... ਬਹੁਤ ਖ਼ੁਸ਼ੀ ਨਾਲ" ਕਰਨਾ ਚਾਹੇਗਾ।[44] ਇਸ ਕਾਜ ਵਿਚ ਉਸ ਦਾ ਸਾਥੀ ਐੱਡ ਗੈਮਨਜ਼ ਸੀ, ਜਿਸ ਦੀ ਪਸੰਦ ਨੂੰ ਮੁੱਖ ਰੱਖ ਕੇ ਨਵੀਂ ਗ਼ਦਰ ਪਾਰਟੀ ਦੇ ਪ੍ਰਧਾਨ ਹਰਜਾਪ ਸਿੰਘ ਨੇ ਲਿਖਿਆ ਸੀ: "ਪ੍ਰਚਾਰ ਦੀ ਅਹਿਮੀਅਤ ਨੂੰ ਮੱਦੇ-ਨਜ਼ਰ ਰੱਖਦਿਆਂ ਇਹ ਤੈਅ ਕੀਤਾ ਗਿਆ ਕਿ ਇਕ ਅੰਗਰੇਜ਼ੀ ਪਰਚਾ ਕੱਢਣ ਲਈ ਆਇਰਿਸ਼ ਪਾਰਟੀ ਤੋਂ ਕੋਈ ਹੰਢਿਆ-ਵਰਤਿਆ ਸੰਪਾਦਕ ਲਿਆ ਜਾਵੇ।"[45] ਚੱਟੋ ਨੇ ਪ੍ਰਕਾਸ਼ਨਾ ਦੀ ਮਦਦ ਲਈ ਬਰਲਿਨ ਤੋਂ ਪੈਸੇ ਭੇਜੇ।[46] ਇਸ ਤੋਂ ਬਿਨਾ, ਸਮੈਡਲੀ ਨੇ ਗ਼ਦਰ ਪਾਰਟੀ ਨੂੰ ਚਿੱਠੀ ਲਿਖ ਕੇ ਗੁਜ਼ਾਰਿਸ਼ ਕੀਤੀ ਕਿ ਕੋਈ ਮੈਂਬਰ "ਤੁਹਾਡੀ ਜਥੇਬੰਦੀ ਵਲੋਂ ਮੰਗਵਾਏ ਜਾਂਦੇ ਹਿੰਦੁਸਤਾਨੀ ਅਖ਼ਬਾਰਾਂ ਦੀਆਂ ਖ਼ਬਰਾਂ ਨੂੰ" ਹਰ ਹਫ਼ਤੇ ਸਾਡੇ ਤੱਕ ਪੁੱਜਦੀਆਂ ਕਰਿਆ ਕਰੇ। ਸ਼ਾਇਦ ਕੋਈ – ਮਿਸਾਲ ਵਜੋਂ ਤਿੰਨ ਦੋਸ਼ੀਆਂ ਵਿੱਚੋਂ ਕੋਈ – ਸੰਪਾਦਕੀ ਮੰਡਲ ਵਿਚ ਸ਼ਾਮਲ ਹੋਣ 'ਚ ਵੀ ਰੁਚੀ ਲੈ ਲਵੇ। ਸਮੈਡਲੀ ਨੇ ਲਿਖਿਆ, "ਸਾਡੀ ਨਿਊਜ਼ ਸੇਵਾ ਦੀ ਨੀਤੀ ਬੇਬਾਕ ਖ਼ਬਰਾਂ ਦੇਣ ਦੀ ਹੈ, ਨਾ ਕਿ ਸੰਪਾਦਕੀ ਵਿਚਾਰ ਜਾਂ ਤਬਸਰਿਆਂ ਦੀ। ਅਸੀਂ ਹਿੰਦੁਸਤਾਨੀ ਅਖ਼ਬਾਰਾਂ ਵਿੱਚੋਂ ਉਹ ਖ਼ਬਰਾਂ ਚੁਣਦੇ ਹਾਂ ਜਿਨ੍ਹਾਂ ਵਿਚ ਅਮਰੀਕਾ ਰੁਚੀ ਲਵੇ। ਅਸੀਂ ਮਜ਼ਦੂਰਾਂ ਬਾਰੇ ਵੱਧ ਤੋਂ ਵੱਧ ਖ਼ਬਰਾਂ ਹਾਸਲ ਕਰਨਾ ਚਾਹੁੰਦੇ ਹਾਂ।"[47]

ਐਪਰ, ਸਮੈਡਲੀ ਦਾ ਸੰਪਾਦਕੀ ਪੱਖਪਾਤ ਨੂੰ ਸਵੀਕਾਰ ਨਾ ਕਰਨਾ ਇਸ ਪ੍ਰਸੰਗ 'ਚ ਵਾਜਬ ਨਹੀਂ ਲੱਗਦਾ। ਇਸ ਸਮੇਂ, ਹਿੰਦੁਸਤਾਨੀ ਅਤੇ ਪੰਜਾਬੀ ਬੋਲਣ ਵਾਲੇ ਸੰਭਾਵੀ ਇਨਕਲਾਬੀ ਰੰਗਰੂਟਾਂ ਦੇ ਦਾਇਰੇ ਤੋਂ ਇਲਾਵਾ, ਉਨ੍ਹਾਂ ਅੱਗੇ ਇਕ ਹੋਰ ਪਾਠਕ ਵੀ ਸਨ: ਸੰਭਾਵੀ ਹਮਦਰਦਾਂ ਦੇ ਰੂਪ 'ਚ ਅੰਗਰੇਜ਼ੀ ਬੋਲਣ ਵਾਲਾ ਅਮਰੀਕੀ ਅਵਾਮ। ਇਹ ਉਨ੍ਹਾਂ ਵਿੱਚੋਂ ਮਿਲਣੇ ਸਨ ਜਿਨ੍ਹਾਂ ਦੀ ਸ਼ਨਾਖ਼ਤ ਹਰੀਸ਼ ਕੇ. ਪੁਰੀ "ਉਦਾਰ-ਜਮਹੂਰੀ ਅਤੇ ਰੈਡੀਕਲ ਅਮਰੀਕਨ" ਵਜੋਂ ਕਰਦਾ ਹੈ"[48] ਅਤੇ ਅਮਨ-ਪ੍ਰੇਮੀ ਤੇ ਸਾਮਰਾਜਵਾਦ ਵਿਰੋਧੀ, ਅਤੇ ਮਜ਼ਦੂਰ ਲਹਿਰ ਵਿੱਚੋਂ ਤੇ ਨਿਸ਼ਚੇ ਹੀ ਆਇਰਿਸ਼ ਆਜ਼ਾਦੀ ਦੀ ਲਹਿਰ ਵਾਲਿਆਂ ਵਿੱਚੋਂ। ਐੱਫ.ਐੱਫ.ਆਈ. ਨਾਲ ਜੁੜੇ ਅਵਾਮੀ ਬੁੱਧੀਜੀਵੀਆਂ ਦੀ ਸੂਚੀ ਨਿਆਰੀ ਸੀ: ਏ.ਸੀ.ਐੱਲ.ਯੂ. ਦਾ ਮੋਢੀ ਰੋਜਰ ਬਾਲਡਵਿਨ, ਮਾਰਗਰਿਟ ਸਾਂਜਰ ਅਤੇ ਇਜ਼ਾਕ ਹਰਵਿਖ ਇਸ ਦੀ ਕਾਰਜਕਾਰਨੀ ਕਮੇਟੀ ਦੇ ਮੈਂਬਰ ਸਨ, ਅਤੇ *ਡਾਇਲ* ਦਾ ਸੰਪਾਦਕ ਰੋਬਰਟ ਮੌਰਸ ਲਵਿਟ ਇਸ ਦਾ ਪ੍ਰਧਾਨ ਸੀ। ਵਿਚਾਰਾਂ ਦੀ ਆਜ਼ਾਦੀ ਅਤੇ ਸ਼ਹਿਰੀ ਆਜ਼ਾਦੀਆਂ ਦੇ ਅਟਾਰਨੀ ਫਰੈਂਕ ਵਾਲਸ਼ ਤੇ ਗਿਲਬਰਟ ਰੋਅ ਇਸ ਦੇ ਕਾਨੂੰਨੀ ਸਲਾਹਕਾਰ ਸਨ। ਰੋਅ ਨੇ ਦੇਸ-ਨਿਕਾਲੇ ਵਿਰੁੱਧ ਲੜ ਰਹੇ ਹਿੰਦੁਸਤਾਨੀਆਂ ਨੂੰ ਆਪਣੀਆਂ ਨਿਸ਼ਕਾਮ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਵਾਲਸ਼ ਆਇਰਿਸ਼ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ ਦਾ ਚੇਅਰਮੈਨ ਵੀ ਸੀ। ਨਿਰਦੇਸ਼ਕਾਂ ਦੇ ਬੋਰਡ ਵਿਚ ਡਬਲਯੂ.ਈ.ਬੀ.ਡੁਬੋਇਸ, ਅਪਟੌਨ ਸਿੰਕਲੇਅਰ, ਫਰਾਂਜ ਬੋਆਜ਼, ਸਾਰਾ ਬਾਰਡ ਫੀਲਡ ਅਤੇ ਜੰਗ ਵਿਰੋਧੀ ਸੋਸ਼ਲਿਸਟ ਨਾਰਮਨ ਟਾਮਸ। "ਹਿੰਦੁਸਤਾਨੀ ਸਲਾਹਕਾਰ ਬੋਰਡ" ਵਿਚ ਗ਼ਦਰ ਨਾਲ ਸਬੰਧਤ ਅਤੇ ਕੈਲੀਫੋਰਨੀਆ ਤੇ ਨਿਊ

ਯਾਰਕ ਦੀਆਂ ਹੋਰ ਮਸ਼ਹੂਰ ਜਨਤਕ ਸ਼ਖਸੀਅਤਾਂ ਨੂੰ ਲਿਆ ਗਿਆ ਸੀ।

ਐੱਫ.ਐੱਫ.ਆਈ. ਦੇ ਹਮਾਇਤੀ ਵੱਖੋ-ਵੱਖਰੇ ਅਖ਼ਬਾਰਾਂ ਵਿਚ ਆਪਣੇ ਕਾਜ ਦੇ ਪੱਖੀ ਸੰਪਾਦਕੀਆਂ ਅਤੇ ਲੇਖਾਂ ਰਾਹੀਂ ਅਮਰੀਕੀ ਅਵਾਮ ਨੂੰ ਸੰਬੋਧਨੀ ਲਹਿਜ਼ੇ 'ਚ ਸਵਾਲ ਪੁੱਛਦੇ: ਕੀ ਜੇ ਤੁਹਾਡੇ ਆਪਣੇ ਗਣਰਾਜ ਦੇ ਬਾਨੀ ਇਹੀ ਸਰਗਰਮੀਆਂ ਕਰਦੇ ਕੀ ਤੁਸੀਂ ਉਨ੍ਹਾਂ ਨੂੰ ਵੀ ਜਲਾਵਤਨ ਕਰਦੇ ? ਕੀ ਤੁਸੀਂ ਲਾਫਾਇਤ, ਵਿਲੀਅਮ ਤੈਲ, ਗੈਰੀਬਾਲਡੀ (ਇਹ ਨਾਂ *ਗ਼ਦਰ* ਦੇ ਪਾਠਕ ਵੀ ਇਵੇਂ ਹੀ ਜਾਣਦੇ ਸਨ) ਨੂੰ ਵੀ ਜਲਾਵਤਨ ਕਰਦੇ ? *ਕਾਮਨਵੈਲਥ* ਨੇ ਟਿੱਪਣੀ ਕੀਤੀ: "[ਗੋਪਾਲ ਸਿੰਘ] ਦੇ ਖ਼ਿਲਾਫ਼ ਇਲਜ਼ਾਮ ਹੋਰ ਕੋਈ ਨਹੀਂ ਸਗੋਂ ਇਹ ਸੀ ਕਿ ਉਸ ਨੇ ਹਿੰਦੂਆਂ ਲਈ ਉਹੀ ਕੁਝ ਕਰਨ ਦਾ ਯਤਨ ਕੀਤਾ ਸੀ ਜੋ ਵਾਸ਼ਿੰਗਟਨ ਨੇ ਅਮਰੀਕਾ ਲਈ ਕੀਤਾ ਸੀ।"[49] ਓਕਲੈਂਡ ਦੇ ਇਕ ਸਮਾਜਵਾਦੀ ਰਸਾਲੇ *ਦ ਵਰਲਡ* ਨੇ ਮੰਗ ਕੀਤੀ: "ਕੀ ਇਨ੍ਹਾਂ ਆਦਮੀਆਂ ਨੂੰ ਪ੍ਰਚਾਰ ਕਰਨ ਦੀ ਸਜ਼ਾ ਦੇ ਤੌਰ 'ਤੇ ਗੋਲੀ ਮਾਰ ਕੇ ਮਾਰ ਦਿੱਤੇ ਜਾਣ ਜਾਂ ਸਾਰੀ ਉਮਰ ਜੇਲ੍ਹਾਂ ਵਿਚ ਸੁੱਟ ਦੇਣ ਲਈ ਹਿੰਦੁਸਤਾਨ ਭੇਜ ਦਿੱਤਾ ਜਾਵੇ ? ਆਜ਼ਾਦੀ ਦੇ ਪ੍ਰਚਾਰ ਕਾਰਨ ?" ਲਵਿਟ ਨੇ *ਦ ਡਾਇਲ* ਵਿਚ ਟਿੱਪਣੀ ਕੀਤੀ: "ਅਸੀਂ ਸਿਆਸੀ ਪਨਾਹ ਦੇਣ ਵਾਲੀ ਪੁਰਾਣੀ ਮਾਣਮੱਤੀ ਰਿਆਸਤ ਤੋਂ ਕਿੰਨਾ ਦੂਰ ਚਲੇ ਗਏ ਹਾਂ.... ਦਸ ਵਰ੍ਹੇ ਪਹਿਲਾਂ ਅਸੀਂ ਐਨ ਇਹੀ ਕੁਝ ਕਹਿਣ ਬਦਲੇ ਕਿਸੇ ਹਿੰਦੂ ਨੂੰ ਪਨਾਹ ਦੇਣ ਤੋਂ ਕਦੇ ਨਾਂਹ ਨਹੀਂ ਸੀ ਕਰਨੀ" – ਭਾਵ ਇਕ ਜ਼ਾਲਮ ਨਿਜ਼ਾਮ ਨੂੰ ਤਾਕਤ ਨਾਲ ਉਲਟਾ ਦੇਣ ਦੀ ਵਕਾਲਤ ਕਰਨਾ – "ਜੇ ਉਹ ਸੋਚਦਾ ਸੀ ਕਿ ਇੰਵ ਕਰਨਾ ਸਹੀ ਸੀ।"[50]

ਐੱਫ.ਐੱਫ.ਆਈ. ਨੇ ਹਿੰਦੁਸਤਾਨ ਗ਼ਦਰ ਪਾਰਟੀ ਵਲੋਂ ਜਾਰੀ ਕੀਤਾ ਇਕ ਲੀਫਲੈੱਟ ਵੀ ਵੰਡਿਆ, ਜਿਸ ਵਿਚ ਕਿਹਾ ਗਿਆ ਸੀ:

"ਰਾਸ਼ਟਰਪਤੀ ਵਿਲਸਨ ਨੇ ਬਹੁਤ ਵਾਰ ਐਲਾਨ ਕੀਤਾ ਹੈ ਕਿ ਹਕੂਮਤ ਦੀ ਕਿਸੇ ਵੀ ਵੱਡੀ ਤਾਕਤ ਵਲੋਂ ਕਿਸੇ ਵੀ ਜਨਤਾ ਦੇ ਸਵੈ-ਨਿਰਣੇ ਦੇ ਹੱਕ ਤੋਂ ਨਾਂਹ ਨਹੀਂ ਕੀਤੀ ਜਾਵੇਗੀ। ਵਾਲਟ ਵਾਈਟਮੈਨ ਨੇ ਅਮਰੀਕਾ ਬਾਰੇ ਕਿਹਾ ਸੀ, "ਮੈਂ ਹਰ ਅਡੋਲ ਬਾਗ਼ੀ ਦਾ ਮਿੱਤਰ ਹਾਂ।" ਉਸ ਨੇ ਅਮਰੀਕਾ ਨੂੰ ਜਮਹੂਰੀਅਤ ਦੀ ਜਨਣੀ ਮਿਸਾਲੀ ਸਰਜ਼ਮੀਨ ਵਜੋਂ ਲਿਆ ਸੀ। ਅਤੇ ਹੋਰ ਕਵੀਆਂ ਨਾਲ ਮਿਲ ਕੇ ਧਰਤੀ ਦੇ ਦੁਖਿਆਰਿਆਂ ਨੂੰ ਇਥੇ ਪਨਾਹ ਦਿੱਤੇ ਜਾਣ ਦਾ ਐਲਾਨ ਕੀਤਾ ਸੀ। ਗੋਪਾਲ ਸਿੰਘ, ਜੋ ਹਿੰਦੁਸਤਾਨ ਦੇ ਨੌਜਵਾਨ ਰਾਸ਼ਟਰਵਾਦੀਆਂ ਵਿੱਚੋਂ ਇਕ ਹੈ, ਨੇ ਅਮਰੀਕਾ ਦੇ ਇਨ੍ਹਾਂ ਉੱਚ ਆਦਰਸ਼ਾਂ ਦਾ ਲਾਹਾ ਲਿਆ ਅਤੇ ਬੰਦ-ਖ਼ਲਾਸੀ ਦੀਆਂ ਆਪਣੀਆਂ ਰੀਝਾਂ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਇਥੇ ਆਇਆ ਸੀ।

ਕੀ ਅਮਰੀਕਾ ਨੇ ਆਪਣੇ ਕਵੀਆਂ ਅਤੇ ਬੁਲਾਰਿਆਂ ਦੀਆਂ ਉਮੀਦਾਂ 'ਤੇ ਪੂਰਾ ਉਤਰਨਾ ਬੰਦ ਕਰ ਦਿੱਤਾ ਹੈ ? ਕੀ ਇਹ ਇਜਾਜ਼ਤ ਦਿੱਤੀ ਜਾ ਸਕਦੀ ਹੈ ਕਿ ਇਹ ਬੰਦੇ ਉਨ੍ਹਾਂ ਨਿਰੰਕੁਸ਼ ਤਾਕਤਾਂ ਦੇ ਹੱਥ ਲੱਗ ਜਾਣ ਜਿਨ੍ਹਾਂ ਨੂੰ ਅਜੇ ਖ਼ਤਮ ਨਹੀਂ ਕੀਤਾ ਗਿਆ ਅਤੇ ਬਿਨਾ ਕੋਈ ਮੁਕੱਦਮਾ ਚਲਾਏ ਜਾਂ ਨਿਆਂ ਦੇ ਢੌਂਗੀ "ਕਮਿਸ਼ਨਾਂ" ਹੱਥੋਂ ਕਤਲ ਕਰਵਾਉਣ ਲਈ ਵਾਪਸ ਘੱਲ ਦਿੱਤਾ ਜਾਵੇ ? ਸਾਨੂੰ ਉਮੀਦ ਹੈ ਨਹੀਂ।"

ਲੀਫਲੈੱਟ ਨੇ ਫਿਰ "ਅਮਰੀਕਾ ਦੇ ਆਜ਼ਾਦੀ ਪ੍ਰੇਮੀ ਲੋਕਾਂ" ਦੀ ਜ਼ਮੀਰ ਨੂੰ ਝੰਜੋੜਦੇ ਹੋਏ "ਉਨ੍ਹਾਂ ਦੇ ਨਿਰਪੱਖ ਨਿਆਂ ਦੇ ਜਜ਼ਬਾਤਾਂ" ਅਤੇ ਸਾਫ਼ ਸੁਥਰੇ ਅਮਲ ਬਾਰੇ ਲਿਖਿਆ: "ਤੁਹਾਡੀ ਆਵਾਜ਼ ਦਾ ਤੁਹਾਡੇ ਇਸ ਗਣਰਾਜ ਵਿਚ ਬਹੁਤ ਅਸਰ-ਰਸੂਖ਼ ਮੰਨਿਆ ਜਾਂਦਾ ਹੈ....। ਤੁਸੀਂ ਕੌਮ ਹੋ.... ਇਨ੍ਹਾਂ ਬੰਦਿਆਂ ਨਾਲ ਅਜਿਹੇ ਜ਼ਾਲਮ ਸਲੂਕ ਵਿਰੁੱਧ ਹਰ ਸੰਭਵ ਢੰਗ ਨਾਲ ਰੋਸ ਪ੍ਰਗਟਾਓ ਜਿਨ੍ਹਾਂ ਦਾ ਜੁਰਮ ਮਹਿਜ਼ ਇਹ ਹੈ ਕਿ ਉਨ੍ਹਾਂ ਨੂੰ ਆਜ਼ਾਦੀ ਪਿਆਰੀ ਹੈ।"[51] ਸਾਰਥਕ

ਹੁੰਗਾਰੇ ਦੀ ਆਸ ਕਰਦਿਆਂ ਐਡਵਰਡ ਗੈਮਨਜ਼ ਨੇ ਭਰੋਸਾ ਪ੍ਰਗਟਾਇਆ ਕਿ "ਲੱਗਦਾ ਹੈ ਜਿਵੇਂ ਅਮਰ ਲਿੰਕਨ ਅਤੇ ਮਹਾਨ ਜੈਫਰਸਨ ਦੀਆਂ ਰੂਹਾਂ ਕਹਿ ਰਹੀਆਂ ਹੋਣ: 'ਪੁਰਾਤਨ ਹਿੰਦੁਸਤਾਨ ਦੇ ਇਹ ਆਜ਼ਾਦੀ ਦੇ ਪ੍ਰਵਾਨੇ ਸਾਡੀ ਧਰਤੀ ਉੱਪਰ ਮਹਿਫੂਜ਼ ਹਨ।' ਅਮਰੀਕਾ ਦੀਆਂ ਰਵਾਇਤਾਂ ਉਨ੍ਹਾਂ ਨੂੰ ਆਪਣੇ ਖੰਭਾਂ ਹੇਠ ਲੁਕੋ ਲੈਣ ਦੀਆਂ ਹਨ।"[52]

ਨਵੰਬਰ 1920 ਦੇ *ਆਜ਼ਾਦ ਹਿੰਦੁਸਤਾਨ* ਦੇ ਆਖ਼ਰੀ ਸਫ਼ੇ ਉੱਪਰ ਐੱਫ.ਐੱਫ.ਆਈ. ਦਾ ਜੋ ਇਸ਼ਤਿਹਾਰ ਛਪਿਆ ਸੀ ਉਹ ਅਮਰੀਕਾ ਦੇ ਰਾਜਸੀ ਵਿਰਸੇ ਨੂੰ ਇੰਞ ਪੇਸ਼ ਕਰਦਾ ਸੀ:

*"ਸਾਡੀ ਅਮਰੀਕੀ ਪ੍ਰਭੂਸੱਤਾ ਨੂੰ ਕਿਸੇ ਵੀ ਸੂਰਤ 'ਚ ਗੋਡੇ ਨਹੀਂ ਟੇਕਣੇ ਚਾਹੀਦੇ।* ਅਤੇ ਆਜ਼ਾਦੀ ਦੇ ਐਲਾਨ ਅਤੇ ਅਮਰੀਕਾ ਦੇ ਸੰਵਿਧਾਨ ਦੀ ਭਾਵਨਾ ਅਨੁਸਾਰ ਇਹ ਦੇਖਣਾ ਸਾਡਾ ਫਰਜ਼ ਹੈ ਕਿ *ਕੋਈ ਵੀ ਦੂਜੀਆਂ ਕੌਮਾਂ ਦੀ ਪ੍ਰਭੂਸੱਤਾ ਨੂੰ ਹੜੱਪ ਨਾ ਜਾਵੇ।*

ਜਦੋਂ ਦੁਨੀਆ ਦੀ ਸਭ ਤੋਂ ਮਜ਼ਬੂਤ ਫ਼ੌਜ ਵਾਲੀ ਕੌਮ ਵਲੋਂ ਅਣਮਨੁੱਖੀ ਜ਼ੁਲਮ, ਦਾਬਾ, ਸਜ਼ਾਵਾਂ ਅਤੇ ਕਤਲੇਆਮ ਕੀਤੇ ਜਾ ਰਹੇ ਹੋਣ ਕੀ ਆਜ਼ਾਦੀ ਪ੍ਰੇਮੀ ਅਮਰੀਕਨ ਖ਼ਾਮੋਸ਼ ਰਹਿ ਸਕਦਾ ਹੈ? ਕੀ ਅਸੀਂ ਜਮਹੂਰੀਅਤ ਦੀ ਰਾਖੀ ਕਰਨ ਵਾਲੀ ਦੁਨੀਆ ਬਣਾਉਣ ਦੀ ਸਹੁੰ ਨਹੀਂ ਸੀ ਖਾਧੀ? ਕੀ ਤੁਹਾਨੂੰ ਪਤਾ ਹੈ ਕਿ ਕੁਲ ਮਨੁੱਖੀ ਨਸਲ ਦਾ ਪੰਜਵਾਂ ਹਿੱਸਾ ਆਜ਼ਾਦੀ ਲਈ ਲੜ ਰਿਹਾ ਹੈ? ਜੇ ਕਿਸੇ ਨੇ ਤੁਹਾਨੂੰ ਹਨੇਰੇ 'ਚ ਰੱਖਣ ਲਈ ਦਹਿ ਲੱਖਾਂ ਡਾਲਰ ਖ਼ਰਚੇ ਹੋਣ ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ਇਹੀ ਹੈ ਜੋ ਅੰਗਰੇਜ਼ ਦੁਨੀਆ ਦੇ ਹਰ ਹਿੱਸੇ 'ਚ ਕਰ ਰਹੇ ਹਨ। ਸਚਾਈ ਤੁਹਾਨੂੰ ਲਾਜ਼ਮੀ ਪਤਾ ਹੋਣੀ ਚਾਹੀਦੀ ਹੈ।

ਅਸੀਂ, ਅਮਰੀਕੀ ਨਾਗਰਿਕਾਂ ਨੇ ਇਨ੍ਹਾਂ ਉਦੇਸ਼ਾਂ ਨੂੰ ਮੱਦੇ-ਨਜ਼ਰ ਰੱਖ ਕੇ ਹਿੰਦੁਸਤਾਨ ਦੀ ਆਜ਼ਾਦੀ ਦੇ ਮਿੱਤਰ ਜਥੇਬੰਦੀ ਬਣਾਈ ਹੈ,

ਹਿੰਦੁਸਤਾਨ ਦੇ ਸਿਆਸੀ ਪਨਾਹਗੀਰਾਂ ਲਈ ਪਨਾਹ ਦਾ ਹੱਕ ਬਣਾਈ ਰੱਖਣ ਲਈ

ਹਿੰਦੁਸਤਾਨ ਦੀ ਆਜ਼ਾਦੀ ਦਾ ਪੱਖ ਪੇਸ਼ ਕਰਨ ਲਈ।"

ਸਮੈਡਲੀ ਨੇ 1919 ਦੀ ਪੱਤਝੜ ਵਿਚ ਖ਼ਾਸ ਕਰਕੇ ਮਜ਼ਦੂਰ ਲਹਿਰ ਵਿਚ ਵਧ ਰਹੀ ਹਮਾਇਤ ਬਿਆਨਦਿਆਂ ਗੈਮਨਜ਼ ਅਤੇ ਗੋਪਾਲ ਸਿੰਘ ਨੂੰ ਕਈ ਖ਼ਤ ਲਿਖੇ। ਨਿਊ ਯਾਰਕ ਵਿਚ ਕੂਪਰ ਯੂਨੀਅਨ ਵਿਖੇ ਇਕ ਜਨਤਕ ਇਕੱਠ ਹੋਇਆ ਸੀ, ਜਿਥੇ ਦਸ ਵੱਡੇ ਅਦਾਰਿਆਂ ਦੇ ਨੁਮਾਇੰਦਾ ਯੂਨੀਅਨ ਆਗੂਆਂ ਨੇ "ਹਿੰਦੁਸਤਾਨ ਵਿਚ ਮਜ਼ਦੂਰ" ਵਿਸ਼ੇ ਉੱਪਰ ਵਿਚਾਰ ਰੱਖੇ।[53] ਕਾਰ ਅਤੇ ਗੈਮਨਜ਼ ਦਾ ਨਿਊਜ਼ ਬੁਲਿਟਨ ਅਮਰੀਕਾ ਦੇ ਤਿੰਨ ਸੌ ਤੋਂ ਉੱਪਰ ਮਜ਼ਦੂਰ ਅਖ਼ਬਾਰਾਂ ਅਤੇ ਸੌ ਹੋਰ ਅਖ਼ਬਾਰਾਂ ਤੇ ਰਸਾਲਿਆਂ ਨੂੰ ਵੀ ਭੇਜਿਆ ਜਾਂਦਾ ਸੀ। ਵਾਸ਼ਿੰਗਟਨ ਡੀ.ਸੀ. ਵਿਚ ਔਰਤਾਂ ਦੀ ਕੌਮਾਂਤਰੀ ਮਜ਼ਦੂਰ ਕਾਨਫਰੰਸ ਅਤੇ ਇਸੇ ਤਰ੍ਹਾਂ ਕੌਮਾਂਤਰੀ ਮਜ਼ਦੂਰ ਕਾਨਫਰੰਸ ਵਿਚ ਇਕ ਮਤਾ ਲਿਆਂਦਾ ਜਾਣਾ ਸੀ, ਜਿਸ ਵਿਚ ਦਾਸ ਨੇ "ਇਨ੍ਹਾਂ ਮਾਮਲਿਆਂ ਬਾਰੇ ਸਾਰੇ ਬਦੇਸ਼ੀ ਡੈਲੀਗੇਟਾਂ ਨੂੰ ਸਾਹਿਤ ਮੁਹੱਈਆ ਕਰਾਉਣਾ ਸੀ," ਇਨ੍ਹਾਂ ਵਿਚ ਕੁਝ ਡੈਲੀਗੇਟ ਹਿੰਦੁਸਤਾਨ ਤੋਂ ਵੀ ਸ਼ਾਮਲ ਹੋਣੇ ਸਨ ਜਿਨ੍ਹਾਂ ਲਈ ਇਕ ਹੋਰ ਜਨਤਕ ਇਕੱਠ ਜਥੇਬੰਦ ਕੀਤਾ ਜਾਣਾ ਸੀ।[54]

ਸਮੈਡਲੀ ਅਤੇ ਮੌਰਸ ਲਵਿਟ ਨੇ ਆਪਣੇ ਦਸਖ਼ਤਾਂ ਹੇਠ ਮਜ਼ਦੂਰ ਯੂਨੀਅਨਾਂ ਦੇ ਨਾਂ ਇਕ ਖ਼ਤ ਲਿਖਿਆ ਜਿਸ ਵਿਚ ਇਕ ਮਤੇ ਦੀ ਇਬਾਰਤ ਦਿੱਤੀ ਗਈ ਸੀ ਜੋ ਉਨ੍ਹਾਂ ਦੀ ਮਨਜ਼ੂਰੀ ਲਈ ਸੀ: "**ਜਦਕਿ**, ਕੁਝ ਹਿੰਦੂਆਂ ਦੇ ਆਪਣੇ ਵਤਨ ਲਈ ਆਜ਼ਾਦੀ ਹਾਸਲ ਕਰਨ

ਦੇ ਯਤਨਾਂ" ਦਾ ਨਤੀਜਾ ਉਨ੍ਹਾਂ ਨੂੰ ਕੈਦ ਕੀਤੇ ਜਾਣ ਅਤੇ ਉਨ੍ਹਾਂ ਉੱਪਰ ਦੇਸ-ਨਿਕਾਲੇ ਦੀ ਤਲਵਾਰ ਲਟਕਣ 'ਚ ਨਿਕਲਿਆ, ਉਨ੍ਹਾਂ ਨੂੰ ਮਾਰ ਦਿੱਤੇ ਜਾਣ ਜਾਂ ਜੇਲ੍ਹ 'ਚ ਸੁੱਟ ਦਿੱਤੇ ਜਾਣ ਦਾ ਖ਼ਤਰਾ ਹੈ "ਜਿਸ ਦੀ ਵਜ੍ਹਾ ਸਿਰਫ਼ ਇਹ ਹੈ ਕਿ ਬਰਤਾਨੀਆ ਵਲੋਂ ਕੀਤੀ ਜਾ ਰਹੀ ਆਰਥਕ ਲੁੱਟਖਸੁੱਟ ਅਤੇ ਸਿਆਸੀ ਗ਼ਲਬਾ ਬਣਿਆ ਰਹੇ.... ਇਸ ਨੂੰ ਕੋਈ ਖ਼ਤਰਾ ਨਾ ਹੋਵੇ।" ਅਤੇ ਮਤੇ ਪਾਸ ਕੀਤੇ ਜਾਣੇ ਚਾਹੀਦੇ ਹਨ ਕਿ "ਅਸੀਂ, (ਜਿਨ੍ਹਾਂ ਦੇ ਹੇਠਾਂ ਦਸਖ਼ਤ ਹਨ), ਪਨਾਹ ਦੇਣ ਦੇ ਅਧਿਕਾਰ ਤੋਂ ਮੁਨਕਰ ਹੋ ਕੇ ਜਮਹੂਰੀਅਤ ਦੀ ਭਾਵਨਾ ਦੀ ਘੋਰ ਉਲੰਘਣਾ ਕੀਤੇ ਜਾਣ ਦੇ ਸਖ਼ਤ ਖ਼ਿਲਾਫ਼ ਹਾਂ,.... ਲੋਕਾਂ ਦੇ ਸਵੈ-ਨਿਰਣੇ ਦੇ ਅਸੂਲ ਦੇ ਮੱਦੇ-ਨਜ਼ਰ ਇਨ੍ਹਾਂ ਹਿੰਦੂਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਤੁਰੰਤ ਰੋਕੇ ਜਾਣ ਦੀ ਮੰਗ ਕਰਦੇ ਹਾਂ।" ਜਿਨ੍ਹਾਂ ਯੂਨੀਅਨਾਂ ਨੇ ਤਿੰਨ ਹਿੰਦੁਸਤਾਨੀਆਂ ਦੀ ਪਟੀਸ਼ਨ ਉੱਪਰ ਦਸਤਖ਼ਤ ਕੀਤੇ ਉਨ੍ਹਾਂ ਵਿਚ ਸ਼ਾਮਲ ਸਨ ਅਮੈਰੀਕਨ ਫੈੱਡਰੇਸ਼ਨ ਆਫ ਲੇਬਰ (ਏ.ਐੱਫ.ਐੱਲ.), ਸ਼ਿਕਾਗੋ ਫੈੱਡਰੇਸ਼ਨ ਆਫ ਲੇਬਰ, ਅਤੇ ਡੈਟਰੋਇਟ ਫੈੱਡਰੇਸ਼ਨ ਆਫ ਲੇਬਰ; ਨਿਊ ਯਾਰਕ ਤੋਂ, ਮਾਈਕ੍ਰੋਮੀਟਰ ਲੌਜ ਆਫ ਇੰਟਰਨੈਸ਼ਨਲ ਐਸੋਸੀਏਸ਼ਨ ਆਫ ਮਸ਼ੀਨਿਸਟਸ, ਲੇਡੀਜ਼ ਵੇਸਟ ਐਂਡ ਡਰੈੱਸਮੇਕਰਜ਼ ਯੂਨੀਅਨ ਲੋਕਲ #25, ਅਤੇ ਪੇਪਰ ਬਾਕਸ ਮੇਕਰਜ਼ ਯੂਨੀਅਨ ਆਫ ਗਰੇਟਰ ਨਿਊ ਯਾਰਕ; ਸਾਨਫਰਾਂਸਿਸਕੋ ਤੋਂ, ਮੋਲਡਰ ਯੂਨੀਅਨ #164, ਮਸ਼ੀਨਿਸਟਸ ਲੌਜ#68, ਮਿਲਮੈੱਨਜ਼ ਯੂਨੀਅਨ#42, ਆਫ਼ਿਸ ਇੰਪਲਾਈਜ਼ ਐਸੋਸੀਏਸ਼ਨ#13, ਅਤੇ ਸਟਰੀਟ ਰੇਲਵੇ ਇੰਪਲਾਈਜ਼ #518; ਇਨ੍ਹਾਂ ਤੋਂ ਬਿਨਾ ਆਇਰਿਸ਼ ਆਜ਼ਾਦੀ ਦੇ ਪੁੱਤਰਾਂ ਦੀ ਕੈਲੀਫੋਰਨੀਆ ਸਟੇਟ ਕਨਵੈਨਸ਼ਨ।[55]

ਇਹ ਵੀ ਸੁਝਾਅ ਦਿੱਤਾ ਗਿਆ ਸੀ ਕਿ ਹਰ ਯੂਨੀਅਨ ਐੱਫ.ਐੱਫ.ਆਈ. ਨਾਲ ਮਿਲ ਕੇ ਕੰਮ ਕਰਨ ਲਈ ਇਕ ਹਿੰਦੁਸਤਾਨ ਕਮੇਟੀ ਬਣਾਵੇ। ਜਿਸ ਨੇ ਆਪਣੀ ਪਹਿਲੀ ਕੌਮੀ ਕਨਵੈਨਸ਼ਨ 5 ਦਸੰਬਰ 1920 ਨੂੰ ਨਿਊ ਯਾਰਕ ਵਿਚ ਕੀਤੀ, ਜਿਸ ਵਿਚ ਬੋਰਡ ਦੇ ਤੇਜੱਸਵੀ ਅਤੇ ਹਿੰਦੁਸਤਾਨ ਤੋਂ ਬਹੁਤ ਸਾਰੇ ਡੈਲੀਗੇਟ ਸ਼ਾਮਲ ਹੋਏ।[56] ਕਾਰ ਨੇ ਰਾਜਸੀ ਤਕਰੀਰ ਕਰਨ ਸਮੇਂ ਗੋਲ-ਮੋਲ ਗੱਲ ਨਾ ਕਰਦਿਆਂ ਹਾਜ਼ਰੀਨ ਅੱਗੇ ਸਾਫ਼ ਲਫ਼ਜ਼ਾਂ 'ਚ ਗੱਲ ਰੱਖੀ:

"ਸਾਨੂੰ ਇਹ ਪੱਕਾ ਯਕੀਨ ਹੈ ਕਿ ਇਨਕਲਾਬ ਤੋਂ ਬਿਨਾ ਕੋਈ ਵਿਕਾਸਮਈ ਤਰੱਕੀ ਨਹੀਂ ਹੋ ਸਕਦੀ। ਵਿਚਾਰਾਂ, ਖ਼ਿਆਲਾਂ, ਆਦਰਸ਼ਾਂ ਤੇ ਵਿਹਾਰ ਵਿਚ ਇਨਕਲਾਬ – ਇਨਕਲਾਬ ਲਿਆਉਣਾ ਜ਼ਰੂਰੀ ਹੈ।.... ਹਿੰਦੁਸਤਾਨ ਅੰਗਰੇਜ਼ ਹਕੂਮਤ ਤੇ ਤਾਨਾਸ਼ਾਹ ਰਾਜ ਤੋਂ ਆਜ਼ਾਦ ਹੋ ਹੋ ਕੇ ਰਹੇਗਾ ਜਿਵੇਂ ਰੂਸੀ ਲੋਕਾਂ ਨੇ ਕੁਲ ਦੁਨੀਆ ਦੇ ਸਾਮਰਾਜੀਆਂ ਦੀ ਸਾਜ਼ਿਸ਼ ਦੇ ਬਾਵਜੂਦ ਜ਼ਾਰ ਤੋਂ ਬੰਦ-ਖ਼ਲਾਸੀ ਹਾਸਲ ਕਰ ਲਈ ਹੈ। ਹਿੰਦੁਸਤਾਨੀ ਲੋਕਾਂ ਨੂੰ ਮਹਿਜ਼ ਰਾਜਸੀ ਆਜ਼ਾਦੀ ਦੀ ਹੀ ਨਹੀਂ, ਸਗੋਂ ਅਜਿਹੀ ਆਜ਼ਾਦੀ ਦੀ ਲੋੜ ਹੈ ਜੋ ਹਮੇਸ਼ਾ ਲਈ ਹੋਵੇ, ਤੇ ਸਿਰਫ਼ ਨਿੱਗਰ ਆਰਥਕ ਤੇ ਸਮਾਜੀ ਪ੍ਰੋਗਰਾਮ 'ਤੇ ਅਧਾਰਤ ਹੋਵੇ।"[57]

ਗਮਤੇ ਰੈਡੀਕਲ ਅਮੀਰ ਹੈਦਰ ਖਾਨ ਨੇ ਇਸ ਦਾ ਸਿਹਰਾ ਸਮੈਡਲੀ ਨੂੰ ਦਿੱਤਾ ਜੋ ਇਸ ਦੀ ਅਸਲ ਚਾਲਕ ਸ਼ਕਤੀ ਸੀ। ਜਿਸ ਨੇ "ਵੱਖ-ਵੱਖ ਉਦਾਰ ਅਮਰੀਕੀ ਸਿਆਸਤਦਾਨਾਂ, ਆਇਰਿਸ਼, ਅਮਰੀਕੀ ਤੇ ਕਈ ਹੋਰ ਅੰਗਰੇਜ਼ ਵਿਰੋਧੀ ਤੱਤਾਂ ਤੇ ਵਿਅਕਤੀਆਂ" ਦੀ ਮਦਦ ਜੁਟਾ ਲਈ ਸੀ, ਅਤੇ ਕਈ ਅਮਰੀਕਨ ਮੁਟਿਆਰਾਂ ਦੀ ਹਮਾਇਤ ਵੀ ਹਾਸਲ ਕਰ ਲਈ ਸੀ (ਜੋ ਸੰਭਵ ਤੌਰ 'ਤੇ ਬੱਚੇ ਜੰਮਣ ਦੀ ਰੋਕਥਾਮ ਦੀ ਲਹਿਰ ਵਿਚ ਉਸ ਦੀਆਂ ਸਾਥਣਾਂ ਸਨ) ਜੋ ਇਕ ਤਰ੍ਹਾਂ ਦੇ "ਸਕੱਤਰੇਤ" ਦਾ ਕੰਮ ਕਰਦੀਆਂ ਸਨ, ਜੋ "ਬੇਸ਼ੁਮਾਰ ਚਿੱਠੀਆਂ", ਗਸ਼ਤੀ ਚਿੱਠੀਆਂ, ਅਤੇ ਪ੍ਰੈੱਸ ਬਿਆਨ ਆਦਿ ਟਾਈਪ ਕਰਨ, ਕਨਵੈਨਸ਼ਨ ਲਈ ਤੱਥ ਅਤੇ ਸਾਹਿਤ ਜੁਟਾਉਣ, ਫੰਡ ਇਕੱਠੇ ਕਰਨ, ਅਤੇ ਸਮਾਗਮਾਂ ਦੀ ਤਿਆਰੀ ਲਈ ਮੀਟਿੰਗਾਂ ਜਥੇਬੰਦ ਕਰਨ 'ਚ ਦਿਨ-

ਰਾਤ ਜੁੱਟੀਆਂ ਰਹੀਆਂ ਸਨ।[59] ਖਾਨ ਨੇ ਇਨ੍ਹਾਂ ਕੁੜੀਆਂ ਬਾਰੇ ਲਿਖਿਆ, ਇਨ੍ਹਾਂ ਨੇ "ਉੱਚ ਘਰਾਣੇ ਦੀਆਂ ਹਿੰਦੁਸਤਾਨੀ ਔਰਤਾਂ ਵਾਲੀਆਂ ਰੰਗ-ਬਰੰਗੀਆਂ ਸੁਹਣੀਆਂ ਸਾੜ੍ਹੀਆਂ ਪਹਿਨੀਆਂ ਹੋਈਆਂ ਸਨ।" ਜਦੋਂ ਉਹ ਕਾਨਫਰੰਸ ਵਿਚ ਹਾਜ਼ਰੀਨ ਦੀਆਂ ਕਤਾਰਾਂ ਵਿੱਚੋਂ ਦੀ ਅਤੇ ਕਾਨਫਰੰਸ ਭਵਨ ਦੇ ਲਾਂਘਿਆਂ ਵਿੱਚੋਂ ਦੀ ਹੋ ਕੇ ਲੰਘਦੀਆਂ ਤਾਂ "ਸੂਝਵਾਨ ਅਮਰੀਕੀ ਦਰਸ਼ਕਾਂ ਦਾ ਮਨ ਮੋਹ ਲੈਂਦੀਆਂ ਅਤੇ ਉਹ ਅਸ਼-ਅਸ਼ ਕਰ ਉੱਠਦੇ," ਜਿਨ੍ਹਾਂ ਨੇ ਪਹਿਲਾਂ ਕਦੇ "ਅਸਲ ਹਿੰਦੁਸਤਾਨੀ ਔਰਤਾਂ ਨੂੰ ਉਨ੍ਹਾਂ ਦੇ ਰਵਾਇਤੀ ਲਿਬਾਸ ਵਿਚ ਨਹੀਂ ਸੀ ਦੇਖਿਆ।"[60]

ਇਸੇ ਤਰ੍ਹਾਂ ਸਮੈਡਲੀ ਨੇ ਹਿੰਦੁਸਤਾਨੀ ਮਰਦਾਂ ਨੂੰ ਵੀ ਰੰਗ-ਬਰੰਗੀਆਂ ਪੱਗਾਂ ਬੰਨ੍ਹਣ ਲਈ ਪ੍ਰੇਰਤ ਕਰਕੇ ਉਨ੍ਹਾਂ ਨੂੰ ਰਵਾਇਤੀ ਸ਼ਾਨ ਨਾਲ ਓਤਪੋਤ ਕਰ ਦਿੱਤਾ ਸੀ, ਜੋ "ਆਪਣੇ ਅਮਰੀਕਾ ਅਤੇ ਅਮਰੀਕਨ ਲੋਕਾਂ ਨੂੰ ਸਮਝਦੀ ਸੀ" (ਸੰਭਵ ਤੌਰ 'ਤੇ ਉਨ੍ਹਾਂ ਦੇ ਅਜੀਬ ਚੀਜ਼ਾਂ ਨੂੰ ਝੱਟ ਅਪਣਾ ਲੈਣ ਦੇ ਸੁਭਾਅ ਨੂੰ ਵੀ)। ਖਾਨ ਕਹਿੰਦਾ ਹੈ ਉਸ ਨੇ ਵੀ ਇਕ ਲਾਲ ਪੱਗ ਚੁਣ ਲਈ ਸੀ। ਉਸ ਵਕਤ ਉਸ ਨੂੰ ਜੰਗ ਤੋਂ ਪਿੱਛੋਂ ਦੇ ਅਮਰੀਕਾ ਦੇ ਮਾਹੌਲ ਵਿਚ ਲਾਲ ਰੰਗ ਦੀ ਅਹਿਮੀਅਤ ਦਾ ਇਲਮ ਨਹੀਂ ਸੀ। ਉਸ ਨੇ ਕਿਹਾ, "ਅਮਰੀਕਾ ਵਿਚ ਸਰਮਾਏਦਾਰਾ ਪ੍ਰੈੱਸ ਅਤੇ ਉਨ੍ਹਾਂ ਦੇ ਦੱਲਿਆਂ ਲਈ" ਇਹ ਰੰਗ ਪਹਿਨਣਾ "ਸਾਨ੍ਹ ਅੱਗੇ ਲਹਿਰਾਏ ਜਾਣ ਵਾਲੇ ਕੱਪੜੇ ਦੀ ਤਰ੍ਹਾਂ" ਹੀ ਸੀ। ਉਸ ਨੇ 1918 ਦਾ ਇਕ ਵਾਕਿਆ ਵੀ ਬਿਆਨ ਕੀਤਾ, ਜਦੋਂ ਉਸ ਨੇ ਬਰੁੱਕਲਿਨ 'ਚ ਇਕ ਲਾਲ ਟਾਈ ਖ਼ਰੀਦ ਕੇ ਪਹਿਨ ਲਈ ਸੀ। ਜਦੋਂ ਉਹ ਆਪਣੇ ਸਮੁੰਦਰੀ ਜਹਾਜ਼ ਉੱਪਰ ਵਾਪਸ ਗਿਆ ਤਾਂ ਉਸ ਦੇ ਜਹਾਜ਼ ਵਾਲੇ ਸਾਥੀ ਉਸ ਨੂੰ ਚਿੜ੍ਹਾਉਣ ਲੱਗ ਪਏ: ਓਹ, ਬਾਲਸ਼ਵਿਕਾ, ਤੈਨੂੰ ਤਾਂ ਰੂਸ ਦਫ਼ਾ ਕਰ ਦੇਣਾ ਚਾਹੀਦਾ ਹੈ! ਸਾਨੂੰ ਇਥੇ ਕੋਈ ਲਾਹਣਤੀ ਬਾਲਸ਼ਵਿਕ ਨਹੀਂ ਚਾਹੀਦਾ।" ਉਸ ਨੇ ਆਪਣੇ ਮਿੱਤਰ ਜੋਅ ਨੂੰ ਪੁੱਛਿਆ ਉਹ ਕਿਸ ਦੀ ਗੱਲ ਕਰ ਰਹੇ ਹਨ। ਉਸ ਨੇ ਇੰਞ ਖ਼ੁਲਾਸਾ ਕੀਤਾ: "ਬਾਲਸ਼ਵਿਕ ਰੂਸ ਦੇ ਕੁਝ ਲੋਕ ਹਨ ਜੋ ਇਕ ਦੂਜੇ ਨੂੰ ਕਤਲ ਕਰੀ ਜਾ ਰਹੇ ਹਨ ਅਤੇ ਮਜ਼ਬ, ਸਭਿਆਚਾਰ, ਘਰ, ਪਰਿਵਾਰ ਦਰ ਅਸਲ ਕੁਲ ਮਨੁੱਖੀ ਸੰਸਥਾਵਾਂ ਨੂੰ ਤਬਾਹ ਕਰੀ ਜਾਂਦੇ ਹਨ; ਉਨ੍ਹਾਂ ਦਾ ਝੰਡਾ ਲਾਲ ਹੈ," ਇਸ ਲਈ ਲਾਜ਼ਮੀ ਸੀ ਅਮਰੀਕੀ ਲਾਲ ਝੰਡੇ ਨੂੰ ਨਫ਼ਰਤ ਕਰਦੇ।[61] ਪਰ ਸ਼ਾਇਦ ਇਹ ਇਲਮ ਹੋਣ 'ਤੇ ਵੀ ਉਸ ਨੇ ਆਪਣੀ ਰੰਗ ਦੀ ਪਸੰਦ ਨਹੀਂ ਬਦਲੀ। ਖਾਨ ਅੰਗਰੇਜ਼ ਅਤੇ ਅਮਰੀਕੀ ਵਪਾਰਕ ਜਹਾਜ਼ਾਂ ਦਾ ਸਫ਼ਰ ਕਰਕੇ ਨਿਊ ਯਾਰਕ ਪਹੁੰਚ ਗਿਆ, 1920 ਦੇ ਲਾਗੇ-ਚਾਗੇ ਗ਼ਦਰ ਮੈਂਬਰਾਂ ਨੂੰ ਮਿਲਿਆ ਅਤੇ ਇਸ ਪਿੱਛੋਂ ਉਹ ਸਫ਼ਰ ਦੌਰਾਨ ਜਿਹੜੀ ਵੀ ਬੰਦਰਗਾਹ 'ਤੇ ਮੌਕਾ ਮਿਲਦਾ ਗ਼ਦਰੀ ਸਾਹਿਤ ਵੰਡਦਾ ਰਿਹਾ। ਫਿਰ ਉਹ ਅਮਰੀਕਾ ਵਿਚ ਕਮਿਊਨਿਸਟ ਪਾਰਟੀ ਦਾ ਮੈਂਬਰ ਬਣ ਗਿਆ ਅਤੇ ਤਾਅ-ਉਮਰ ਕਮਿਊਨਿਸਟ ਸਰਗਰਮੀ ਨੂੰ ਸਮਰਪਿਤ ਕਮਿਊਨਿਸਟ ਕਾਰਿੰਦਾ ਬਣਕੇ ਹਿੰਦੁਸਤਾਨ ਪਰਤਿਆ, ਅਤੇ ਵੰਡ ਤੋਂ ਪਿੱਛੋਂ ਪਾਕਿਸਤਾਨ ਚਲਾ ਗਿਆ।

ਓੜਕ ਜਲਾਵਤਨੀ ਦੇ ਤਿੰਨ ਆਹਲਾ ਪ੍ਰਸਿੱਧੀ ਵਾਲੇ ਮਾਮਲਿਆਂ 'ਤੇ ਰੋਕ ਲੱਗ ਗਈ, ਪਰ ਮਈ 1920 'ਚ ਪਾਸ ਕੀਤੇ ਆਮ "ਬਾਹਰਲਿਆਂ ਸਬੰਧੀ ਬਿੱਲ" ਨੇ ਇਸ ਜ਼ਾਹਰਾ ਜਿੱਤ ਦੇ ਰੰਗ 'ਚ ਭੰਗ ਪਾ ਦਿੱਤਾ। ਇਸ ਦੇ ਸਿੱਟੇ ਵਜੋਂ "ਥੋਕ ਗ੍ਰਿਫ਼ਤਾਰੀਆਂ" ਕੀਤੀਆਂ ਗਈਆਂ ਜਿਨ੍ਹਾਂ ਵਿਚ ਪਝੱਤਰ ਤੋਂ ਇਕ ਸੌ ਦੇ ਦਰਮਿਆਨ ਹਿੰਦੁਸਤਾਨੀ ਜਹਾਜ਼ੀਆਂ ਅਤੇ ਲੋਹੇ ਦੇ ਕਾਰਖ਼ਾਨਿਆਂ 'ਚ ਕੰਮ ਕਰਦੇ ਮਜ਼ਦੂਰਾਂ ਨੂੰ ਜਹਾਜ਼ ਵਿਚ ਬੈਠਾ ਕੇ ਵਾਪਸ ਘੱਲ ਦਿੱਤਾ ਗਿਆ ਜੋ ਜ਼ਾਹਰਾ ਤੌਰ 'ਤੇ ਗ਼ੈਰਸਿਆਸੀ ਸਨ।[62] ਸਮੈਡਲੀ ਨੇ 5 ਅਗਸਤ ਨੂੰ ਬਿਸ਼ਨ ਸਿੰਘ ਨੂੰ ਲਿਖਿਆ ਕਿ ਉਨਤਾਲੀ ਹਿੰਦੁਸਤਾਨੀ ਕਿਰਤੀਆਂ ਨੂੰ ਵਾਪਸ ਭੇਜਣ ਲਈ ਐਲਿਸ ਟਾਪੂ ਉੱਪਰ ਰੱਖਿਆ ਗਿਆ ਸੀ। ਭਾਵੇਂ ਉਹ ਅਤੇ ਦਾਸ ਇਸ ਜਲਾਵਤਨੀ ਨੂੰ ਰੱਦ ਕਰਾਉਣ ਲਈ "ਪੂਰਾ ਹਫ਼ਤਾ

ਦਿਨ-ਰਾਤ ਭੱਜ-ਦੌੜ ਕਰਦੇ ਰਹੇ", "ਕਿਰਤ ਮਹਿਕਮੇ ਨੇ ਵਿਹਾਰਕ ਤੌਰ 'ਤੇ ਇਹ ਮਿੱਥ ਲਿਆ ਹੈ ਕਿ ਹਿੰਦੂ ਕਿਰਤੀਆਂ ਦੀ ਪੂਰੇ ਮੁਲਕ ਵਿਚ ਫੜੋ-ਫੜੀ ਦੀ ਮੁਹਿੰਮ ਚਲਾਉਣੀ ਹੈ।" ਜਦਕਿ ਉਸ ਨੇ ਨਾਲ ਹੀ ਉਸ ਨੇ ਕਿਹਾ: "ਜੇ ਇਹ ਬੰਦੇ ਵਿਦਿਆਰਥੀ ਹਨ ਤਾਂ ਉਨ੍ਹਾਂ ਨੂੰ ਜਲਾਵਤਨ ਨਹੀਂ ਕੀਤਾ ਜਾਵੇਗਾ।" ਇਸ ਜਮਾਤੀ ਵਖਰੇਵੇਂ ਅੰਦਰਲੀਆਂ ਚੋਰ ਮੋਰੀਆਂ ਬੁੱਝ ਕੇ, ਐੱਫ.ਐੱਫ.ਆਈ. ਨੇ ਕਿਰਤੀਆਂ ਨੂੰ ਪੜ੍ਹਾਉਣ ਲਈ ਜਮਾਤਾਂ ਸ਼ੁਰੂ ਕਰਨ ਦੀ ਤਜਵੀਜ਼ ਪੇਸ਼ ਕੀਤੀ। ਸਮੇਡਲੀ ਨੇ ਮੰਨਿਆ, "ਜਿਵੇਂ ਕਿਵੇਂ ਇਹ ਪਹਿਲਾਂ ਹੀ ਕਰ ਲਿਆ ਜਾਣਾ ਚਾਹੀਦਾ ਸੀ।" "ਮੇਰਾ ਵਿਸ਼ਵਾਸ ਹੈ ਕਿ ਜੋ ਕੁਝ ਅਸੀਂ ਕਰ ਰਹੇ ਹਾਂ ਪੜ੍ਹਾਉਣ-ਲਿਖਾਉਣ ਦਾ ਕੰਮ ਦੂਰ-ਅੰਦੇਸ਼ੀ ਦੇ ਲਿਹਾਜ਼ ਨਾਲ ਕਿਤੇ ਵੱਧ ਉਸਾਰੂ ਅਤੇ ਵਧੇਰੇ ਮੁੱਲਵਾਨ ਹੈ।"[63] ਅੱਗੇ ਇਕ ਵਾਰ ਫਿਰ ਉਹ ਇਕ ਫ਼ਰਾਰ ਹੋਏ ਜਹਾਜ਼ੀ ਰਾਮ ਸਰੂਪ ਸਿੰਘ ਦੇ ਮਾਮਲੇ ਵਿਚ ਜਿੱਤ ਦਾ ਜ਼ਿਕਰ ਕਰਦੀ ਹੈ। ਜਿੰਨਾ ਸਮਾਂ ਉਸ ਨੇ ਕਿਸੇ ਸੰਸਥਾ ਵਿਚ ਪੜ੍ਹਾਈ ਲਈ ਦਾਖ਼ਲਾ ਲੈ ਰੱਖਣਾ ਸੀ ਉਸ ਨੂੰ ਰਹਿਣ ਦੀ ਇਜਾਜ਼ਤ ਮਿਲ ਜਾਣੀ ਸੀ। ਲਿਹਾਜ਼ਾ, ਉਸ ਨੂੰ ਜੇਲ੍ਹ ਵਿੱਚੋਂ ਰਿਹਾਅ ਕਰਾ ਲੈਣ ਤੋਂ ਬਾਅਦ, ਵਿਉਂਤ ਇਹ ਬਣਾਈ ਗਈ ਸੀ ਕਿ ਇਕ ਮਜ਼ਦੂਰ ਆਰਗੇਨਾਈਜ਼ਰ ਵਜੋਂ ਸਿਖਲਾਈ ਦਿਵਾਉਣ ਲਈ ਉਸ ਨੂੰ ਇਕ ਸਕੂਲ ਵਿਚ ਪੜ੍ਹਨੇ ਪਾ ਦਿੱਤਾ ਜਾਵੇ। ਇੰਞ ਫਿਰ ਵੀ ਉਹ ਹਿੰਦੁਸਤਾਨ ਵਿਚ ਲਹਿਰ ਦੇ ਹਿੱਤ ਲਈ ਸਾਲ ਜਾਂ ਦੋ ਸਾਲ 'ਚ ਇੱਥੋਂ ਚਲਾ ਜਾਵੇਗਾ, ਪਰ ਜਾਵੇਗਾ ਪੂਰੀ ਤਰ੍ਹਾਂ ਵੱਖਰੇ ਹਾਲਾਤ ਵਿਚ।[64]

ਸਮੇਡਲੀ ਨੇ ਉੱਥੋਂ ਦੇ ਮਾੜੇ ਹਾਲਾਤ ਤੋਂ ਮਾਯੂਸ ਹੋ ਕੇ ਅਤੇ ਯੂਰਪ ਵਿਚ ਇਨਕਲਾਬੀ ਕੰਮ ਦੇ ਬਿਹਤਰ ਮੌਕੇ ਤਲਾਸ਼ਣ ਦੀ ਮਨਸ਼ਾ ਨਾਲ ਦਸੰਬਰ 'ਚ ਆਪਣਾ ਮੁਲਕ ਛੱਡ ਦਿੱਤਾ। ਕਾਰ ਵੀ ਬਰਲਿਨ ਅਤੇ ਮਾਸਕੋ ਚਲਾ ਗਿਆ, ਉੱਥੇ ਉਹ 1923 'ਚ ਟੀ.ਬੀ. ਨਾਲ ਮੌਤ ਹੋ ਜਾਣ ਦੇ ਸਮੇਂ ਤੱਕ ਬੀ.ਐੱਨ.ਦੱਤ ਨਾਲ ਮਿਲ ਕੇ ਹਿੰਦੁਸਤਾਨ ਆਜ਼ਾਦੀ ਪਾਰਟੀ ਦੇ ਅਖ਼ਬਾਰ ਦੇ ਸੰਪਾਦਨ ਦਾ ਕੰਮ ਕਰਦਾ ਰਿਹਾ। ਜਦੋਂ 1921 ਦੀ ਬਸੰਤ ਆਈ ਓਦੋਂ ਪੂਰਬੀ ਸਮੁੰਦਰੀ ਖੇਤਰ ਵਾਲੀ ਐੱਫ.ਐੱਫ.ਆਈ. ਅਤੇ ਪੱਛਮੀ ਸਮੁੰਦਰੀ ਖੇਤਰ ਵਾਲੀ ਹਿੰਦੁਸਤਾਨ ਗ਼ਦਰ ਪਾਰਟੀ ਦਰਮਿਆਨ ਕੋਈ ਰਾਬਤਾ ਨਹੀਂ ਰਿਹਾ ਸੀ।

## ਦੂਜਾ ਹਿੰਦੁਸਤਾਨ ਗ਼ਦਰ

ਜਿਉਂ ਹੀ ਕੈਦੀ ਰਿਹਾਅ ਹੋਏ, ਗ਼ਦਰ ਬੇਹਰਕਤੀ ਵਿੱਚੋਂ ਨਵਾਂ ਰੂਪ ਧਾਰ ਕੇ ਸਾਹਮਣੇ ਆ ਗਿਆ। ਭਾਵੇਂ ਦੋਖੀ ਮਾਹੌਲ ਕਾਰਨ ਇਸ ਦੀ ਗਿਣਤੀ ਥੋੜ੍ਹੀ ਰਹਿ ਗਈ ਸੀ ਅਤੇ ਇਸ ਦੀਆਂ ਸਰਗਰਮੀਆਂ ਸੁੰਗੜ ਗਈਆਂ ਸਨ, ਫਿਰ ਵੀ ਪਾਰਟੀ ਦੇ ਦੁਬਾਰਾ ਨਾਂਮਾਤਰ ਸਰਗਰਮ ਹੋਣ ਦਾ ਵੀ ਕੌਮਾਂਤਰੀ ਪੱਧਰ 'ਤੇ ਜ਼ਬਰਦਸਤ ਸੰਕੇਤਕ ਅਸਰ ਪਿਆ। ਨਵੇਂ ਸਿਰਿਓਂ ਉੱਭਰੇ ਗ਼ਦਰ ਦੇ ਥੰਮ ਰਤਨ ਸਿੰਘ ਅਤੇ ਸੰਤੋਖ ਸਿੰਘ ਸਨ। ਸੰਤੋਖ ਸਿੰਘ ਸਿਆਮ ਵਿੱਚੋਂ ਗ੍ਰਿਫ਼ਤਾਰੀ ਤੋਂ ਬਚ ਕੇ ਅਮਰੀਕਾ ਆ ਗਿਆ ਸੀ ਅਤੇ ਦੋ ਸਾਲ ਬਾਅਦ ਸਾਨ ਫਰਾਂਸਿਸਕੋ ਦੇ ਮੁਕੱਦਮੇ ਵਿਚ ਧਰ ਲਿਆ ਗਿਆ ਸੀ।[65] ਮੁੱਢਲੀ ਆਗੂ ਗੁਲੀ ਵਿੱਚੋਂ ਹੋਣ ਕਾਰਨ ਉਸ ਨੇ ਹਰਦਿਆਲ ਵਾਲੇ ਜਨਰਲ ਸਕੱਤਰ ਦੇ ਅਹੁਦੇ ਦੀ ਜ਼ਿੰਮੇਵਾਰੀ ਓਟ ਲਈ।[66] ਰਤਨ ਸਿੰਘ ਸਾਨ ਫਰਾਂਸਿਸਕੋ ਸਾਜ਼ਿਸ਼ ਮੁਕੱਦਮੇ ਸਮੇਂ ਨਜ਼ਰਾਂ 'ਚ ਆਉਣੋਂ ਅਤੇ ਗ੍ਰਿਫ਼ਤਾਰੀ ਤੋਂ ਬਚ ਗਿਆ ਸੀ। ਸੋਹਣ ਸਿੰਘ ਜੋਸ਼ ਅਨੁਸਾਰ, ਇਹ ਜ਼ਿਆਦਾਤਰ ਉਸ ਦੀ ਸਤਿਕਾਰਤ ਸ਼ਖਸੀਅਤ ਕਰਕੇ ਸੀ; ਉਸ ਸਮੇਂ ਦੇ ਕੁਝ ਹੋਰਨਾਂ ਦੇ ਉਲਟ, ਉਹ "ਹੰਕਾਰ ਤੋਂ ਮੁਕਤ ਅਤੇ ਸ਼ੁਹਰਤ ਮਗਰ ਭੱਜੇ ਬਗ਼ੈਰ ਚੁੱਪਚਾਪ ਕੰਮ ਕਰਦੇ ਰਹਿਣ ਵਾਲਾ ਬੰਦਾ ਸੀ।"[67] 1919 'ਚ ਸੰਤੋਖ ਸਿੰਘ ਦੀ ਰਿਹਾਈ ਤੱਕ ਪਾਰਟੀ

ਜ਼ਿਆਦਾਤਰ ਗ਼ੈਰਸਰਗਰਮੀ ਦੀ ਹਾਲਤ 'ਚ ਲੜਖੜਾਉਂਦੀ ਰਹੀ। ਹਾਲਾਂਕਿ ਅਜਿਹੇ ਕੁਝ "ਨਿਗਰਾਨ ਆਗੂਆਂ" ਦੀ ਨਿਹਚਾ ਨੇ ਇਸ ਨੂੰ ਖ਼ਤਮ ਹੋਣੋਂ ਬਚਾ ਲਿਆ ਜਿਨ੍ਹਾਂ ਨੂੰ ਮੁਕੱਦਮੇ ਲੜਨ ਵਾਲੇ ਵਕੀਲਾਂ ਦੀਆਂ ਫ਼ੀਸਾਂ, ਜ਼ਮਾਨਤਾਂ ਦੇਣ ਅਤੇ ਮੁਕੱਦਮੇ ਨਾਲ ਸਬੰਧਤ ਹੋਰ ਖ਼ਰਚਿਆਂ ਦਾ ਇੰਤਜ਼ਾਮ ਕਰਨ ਲਈ ਫੰਡ ਉਗਰਾਹੁਣ ਦੀ ਫੌਰੀ ਲੋੜ 'ਚੋਂ ਪਾਰਟੀ 'ਚ ਲੈ ਲਿਆ ਗਿਆ ਸੀ। ਹਮੇਸ਼ਾ ਵਾਂਗ, ਪੰਜਾਬੀ ਪਰਵਾਸੀ ਭਾਈਚਾਰੇ ਨੇ ਖੁੱਲ੍ਹੇ ਦਿਲ ਨਾਲ ਫੰਡ ਦਿੱਤੇ। ਹੁਣ ਮਾਰਚ 1920 'ਚ ਗ਼ਦਰੀ ਉਸ ਕੰਮ ਦੀਆਂ ਜ਼ਿੰਮੇਵਾਰੀਆਂ ਦੁਬਾਰਾ ਚੁੱਕਣ ਲਈ ਪੁਰਾਣੇ ਯੁਗਾਂਤਰ ਆਸ਼ਰਮ 'ਚ ਆ ਗਏ ਜੋ ਉਹ ਪਹਿਲਾਂ ਸਭ ਤੋਂ ਵਧੀਆ ਕਰਦੇ ਰਹੇ ਸਨ: ਇਨਕਲਾਬੀ ਸਾਹਿਤ ਛਾਪਣਾ ਤੇ ਪ੍ਰਚਾਰ।[68]

ਐੱਫ.ਐੱਫ.ਆਈ. ਵਾਂਗ, ਇਸ ਵਾਰ ਉਨ੍ਹਾਂ ਦੇ ਜ਼ਿਹਨ ਵਿਚ ਅਮਰੀਕੀ ਅੰਗਰੇਜ਼ੀ ਬੋਲਣ ਵਾਲੇ ਪਾਠਕਾਂ/ਸਰੋਤਿਆਂ ਨੂੰ ਜਾਣਕਾਰੀ ਦੇ ਕੇ ਸੰਭਾਵੀ ਹਮਾਇਤੀ ਬਣਾਉਣ ਦੀ ਲੋੜ ਵਧੇਰੇ ਸਪਸ਼ਟ ਸੀ। ਕਾਰ ਦੀ ਸੰਪਾਦਨਾ ਹੇਠ ਇਸ ਕਾਰਜ ਨੂੰ ਓਟਣ ਵਾਲਾ ਪਹਿਲਾ ਬੁਲਾਰਾ *ਇੰਡੀਪੈਂਡੈਂਟ ਹਿੰਦੁਸਤਾਨ* ਸੀ। ਇਹ 24 ਪੰਨਿਆਂ ਦਾ "ਮਾਸਿਕ ਰੀਵਿਊ ਸੀ.... ਜਿਸ ਦਾ ਨਿਸ਼ਾਨਾ ਅਮਰੀਕੀ ਅਵਾਮ ਤੇ ਈਸਟ ਕੋਸਟ ਦੇ ਪੜ੍ਹੇ-ਲਿਖੇ ਹਿੰਦੁਸਤਾਨੀਆਂ 'ਚ ਆਪਣਾ ਪੱਖ ਰੱਖਣਾ ਅਤੇ ਐੱਫ.ਐੱਫ.ਆਈ ਦੀ ਇੰਡੀਅਨ ਨਿਊਜ਼ ਸਰਵਿਸ ਦੇ ਕੰਮ ਨੂੰ ਅੱਗੇ ਲਿਜਾਣਾ ਸੀ।[69] ਪਹਿਲੇ ਅੰਕ (ਸਤੰਬਰ 1920) ਵਿਚ "ਸਾਡੇ ਨਿਸ਼ਾਨੇ" ਅਤੇ "ਸਾਡੀਆਂ ਯੋਜਨਾਵਾਂ" ਦਾ ਖ਼ਾਕਾ ਪੇਸ਼ ਕਰਦੇ ਸੰਪਾਦਕੀ ਦਿੱਤੇ ਗਏ ਸਨ ਭਾਵ ਬਸਤੀਵਾਦੀ ਰਾਜ ਹੇਠ ਹਿੰਦੁਸਤਾਨ ਦੇ ਹਾਲਾਤ ਅਤੇ ਇਸ ਦੇ ਵਿਰੋਧ ਦੇ ਤਾਜ਼ਾ ਯਤਨਾਂ ਦੀ ਜਾਣਕਾਰੀ।[70] ਜਿਵੇਂ ਪਹਿਲੇ ਸੰਪਾਦਕੀ ਵਿਚ ਕਿਹਾ ਗਿਆ, "ਇਕ ਨਿਸ਼ਚਿਤ, ਦ੍ਰਿੜ ਅਤੇ ਮਿਥੇ ਉਦੇਸ਼ ਦੀ ਪ੍ਰੇਰਨਾ ਨਾਲ, ਅਸੀਂ ਉਸ ਇਨਕਲਾਬੀ ਤੇ ਅਗਾਂਹਵਧੂ ਜਜ਼ਬੇ ਨੂੰ ਬਿਆਨ ਕਰ ਰਹੇ ਹਾਂ ਅਤੇ ਜਾਣਕਾਰੀ ਦੇ ਰਹੇ ਹਾਂ ਜੋ ਹਿੰਦੁਸਤਾਨ ਦੀ ਹੋਣੀ ਦਾ ਰਾਹ-ਦਰਸਾਵਾ ਹੈ।" ਇਥੇ ਵੀ ਕੌਮੀ ਮੁਕਤੀ ਦੇ ਕਾਜ ਨੂੰ ਇਕ ਚੁੜੇਰੇ ਸਿਧਾਂਤ ਵਿਚ ਰੱਖ ਕੇ ਪੇਸ਼ ਕੀਤਾ ਗਿਆ, ਜਿਵੇਂ ਓਦੋਂ ਸੰਪਾਦਕੀ ਵਿਚ ਬੇਨਤੀ ਕੀਤੀ ਗਈ: "ਕੀ ਇਥੇ ਕੋਈ ਐਸਾ ਪੱਥਰ ਦਿਲ ਅਤੇ ਭ੍ਰਿਸ਼ਟ ਬੁੱਧੀ ਵਾਲਾ ਆਦਮੀ ਜਾਂ ਔਰਤ ਹੈ ਜਿਸ ਦਾ ਦਿਲ ਉਸ ਸ਼ਾਨਦਾਰ ਦਿਹਾੜੇ ਦੀ ਸੰਭਾਵਨਾ ਬਾਰੇ ਸੋਚ ਕੇ ਨਹੀਂ ਝੂਮਦਾ ਜਦੋਂ ਆਜ਼ਾਦੀ ਦਾ ਪਰਚਮ ਆਇਰਲੈਂਡ, ਹਿੰਦੁਸਤਾਨ, ਈਰਾਨ, ਮਿਸਰ, ਚੀਨ, ਰੂਸ – ਕੁਲ ਦਬਾਏ ਹੋਏ ਅਤੇ ਦੱਬੇ-ਕੁਚਲੇ ਜਗਤ – ਉੱਪਰ ਲਹਿਰਾਇਆ ਜਾਵੇਗਾ ?"[71]

ਜਦੋਂ ਸੰਪਾਦਕੀ ਛਪ ਗਈ ਤਾਂ ਦਾਸ ਨੇ ਬਿਸ਼ਨ ਸਿੰਘ ਨੂੰ ਵਧਾਈ ਦਿੰਦਿਆਂ ਅਤੇ ਹਰ ਮਹੀਨੇ ਇਕ ਲੇਖ ਭੇਜਣ ਦੀ ਪੇਸ਼ਕਸ਼ ਕਰਦਿਆਂ ਖ਼ਤ ਲਿਖਿਆ। ਉਸ ਨੇ "ਇਹ ਸੁਝਾਅ ਵੀ ਦੇਣਾ ਚਾਹਿਆ ਕਿ ਪਰਚੇ ਵਿਚ ਇਕ 'ਗਰੇਟਰ ਇੰਡੀਆ' ਦਾ ਵੱਖਰਾ ਸੈਕਸ਼ਨ ਹੋਣਾ ਚਾਹੀਦਾ ਹੈ ਜਿਸ ਵਿਚ ਦੁਨੀਆ ਦੇ ਵੱਖੋ-ਵੱਖਰੇ ਹਿੱਸਿਆਂ ਦੀਆਂ ਖ਼ਬਰਾਂ ਹੋਣ," ਅਤੇ ਫਿਰ ਖ਼ਤ ਦੀ ਇਸ ਤਰ੍ਹਾਂ ਸਮਾਪਤੀ ਕੀਤੀ: "ਬੰਦੇ ਮਾਤਰਮ। ਤੁਹਾਡਾ ਆਪਣਾ, ਤਾਰਕਨਾਥ ਦਾਸ।"[72] ਪਰਚੇ ਦੀ ਸਮੱਗਰੀ ਵਿਚ ਨਾਮਿਲਵਰਤਣ ਅਤੇ ਖ਼ਿਲਾਫ਼ਤ ਲਹਿਰਾਂ ਸਮੇਤ ਹਿੰਦੁਸਤਾਨ ਦੇ ਸਿਆਸੀ ਘਟਨਾ-ਵਿਕਾਸ; ਡਾਇਸਪੋਰਾ, ਖ਼ਾਸ ਕਰਕੇ ਉੱਤਰੀ ਅਮਰੀਕਾ, ਦੱਖਣੀ ਅਤੇ ਪੂਰਬੀ ਅਫ਼ਰੀਕਾ; ਅਤੇ ਈਰਾਨ, ਫਿਲੀਪਿਨਜ਼, ਚੀਨ, ਦੱਖਣੀ ਅਫ਼ਰੀਕਾ, ਅਤੇ ਖ਼ਾਸ ਕਰਕੇ ਆਇਰਲੈਂਡ ਅਤੇ ਮਿਸਰ ਦੀਆਂ ਘਟਨਾਵਾਂ ਉੱਪਰ ਤਿੱਖੀ ਨਜ਼ਰ ਰੱਖਦਿਆਂ ਕੌਮਾਂਤਰੀ ਮਾਮਲੇ ਦਿੱਤੇ ਜਾਂਦੇ ਸਨ।[73] ਇਹ ਫਿਜੀ ਦੇ ਗੰਨੇ ਦੇ ਫਾਰਮਾਂ ਅਤੇ ਅਸਾਮ ਦੇ ਚਾਹ ਦੇ ਬਾਗ਼ਾਂ ਵਿਚ ਕੰਮ ਕਰਦੇ ਕਿਰਤੀਆਂ ਦੇ ਮਜ਼ਦੂਰ ਘੋਲਾਂ ਅਤੇ ਨਾਲ ਦੀ ਨਾਲ ਹਿੰਦੁਸਤਾਨ ਵਿਚ ਕਲਕੱਤਾ ਤੇ ਬੰਬਈ ਦੀਆਂ ਟਰੇਡ

ਯੂਨੀਅਨ ਸਰਗਰਮੀਆਂ, ਕਿਸਾਨ ਤੇ ਵਿਦਿਆਰਥੀ ਲਹਿਰਾਂ ਅਤੇ ਔਰਤਾਂ ਦੇ ਹੱਕਾਂ ਦੀ ਤਰੱਕੀ ਨੂੰ ਨੀਝ ਨਾਲ ਵਾਚਦਾ ਸੀ। ਇਹ ਅੰਗਰੇਜ਼ ਸਾਮਰਾਜੀ ਤਾਕਤਾਂ ਨੂੰ ਸਲਾਮਤ ਰੱਖਣ ਵਿਚ ਹਿੰਦੁਸਤਾਨ ਦੀ ਫ਼ੌਜੀ ਤੇ ਵਿਤੀ ਭੂਮਿਕਾ ਨੂੰ ਫਿਟਕਾਰ ਪਾਉਂਦਿਆਂ ਹਮੇਸ਼ਾ ਹਿੰਦੂ-ਮੁਸਲਿਮ ਸਦਭਾਵਨਾ ਅਤੇ ਕੌਮਾਂਤਰੀ ਇਕਮੁੱਠਤਾ 'ਤੇ ਜ਼ੋਰ ਦਿੰਦਾ ਸੀ।

ਫਰਵਰੀ 1921 ਦੇ ਅੰਕ ਵਿਚ *ਲਾਹੌਰ ਟ੍ਰਿਬਿਊਨ*, *ਅੰਮ੍ਰਿਤ ਬਾਜ਼ਾਰ ਪੱਤ੍ਰਿਕਾ* ਅਤੇ *ਗੈਲਿਕ ਅਮੈਰੀਕਨ* ਵਿੱਚੋਂ ਲਿਖਤਾਂ ਲੈ ਕੇ ਛਾਪੀਆਂ ਗਈਆਂ ਸਨ – ਮਗਰਲੇ ਅਖ਼ਬਾਰ ਨੇ "ਪੂਰੇ ਕੇਂਦਰੀ ਏਸ਼ੀਆ ਦੀ ਜਿੱਤ ਲੋੜਦੀਆਂ ਵਿਆਪਕ ਫ਼ੌਜੀ ਕਾਰਵਾਈਆਂ ਦੇ ਅਧਾਰ" ਵਜੋਂ ਹਿੰਦੁਸਤਾਨ ਵਲੋਂ ਛੇਤੀ ਹੀ ਨਿਭਾਈ ਜਾਣ ਵਾਲੀ ਸੰਭਵ ਭੂਮਿਕਾ ਬਾਰੇ ਅਤੇ ਅਲਾਹਾਬਾਦ ਵਿਖੇ ਇਕੱਤੀਵੇਂ ਰਸਾਲੇ ਦੇ ਸਿੱਖ ਫ਼ੌਜੀਆਂ ਦੀ ਭੁੱਖ ਹੜਤਾਲ, ਅੰਗਰੇਜ਼ਾਂ ਵਲੋਂ ਗ੍ਰਿਫ਼ਤਾਰ ਕੀਤੇ ਵਿਦਿਆਰਥੀਆਂ ਅਤੇ ਸੋਵੀਅਤ ਸਰਪ੍ਰਸਤੀ ਵਾਲੀ ਏਸ਼ੀਆਈ ਇਨਕਲਾਬੀਆਂ ਦੀ ਬਾਕੂ ਕਾਨਫਰੰਸ, ਅਤੇ ਲਾਹੌਰ ਵਿਚ ਸਿਆਸਤ ਦੇ ਤਿਲਕ ਸਕੂਲ ਦੀ ਸਥਾਪਨਾ ਬਾਰੇ ਸੰਖੇਪ ਰਿਪੋਰਟਾਂ ਦਿੱਤੀਆਂ ਸਨ ਜੋ ਹਿੰਦੁਸਤਾਨ ਵਿਚ ਐਸਾ ਪਹਿਲਾ ਸਕੂਲ ਸੀ। ਸਕੂਲ ਦਾ ਉਦੇਸ਼ "ਸਮਾਜਵਾਦ ਅਤੇ ਟਰੇਡਯੂਨੀਅਨਵਾਦ ਸਿਖਾਉਣਾ," ਸਿਆਸੀ ਕਾਰਕੁੰਨਾਂ ਨੂੰ ਸਿਆਸਤ, ਅਰਥਸ਼ਾਸਤਰ ਅਤੇ ਸਮਾਜ ਵਿਗਿਆਨ ਦੀ ਪੜ੍ਹਾਈ ਕਰਾਉਣਾ ਅਤੇ ਇਨ੍ਹਾਂ ਮਜ਼ਮੂਨਾਂ ਬਾਰੇ ਦੇਸੀ ਜ਼ਬਾਨਾਂ ਵਿਚ ਪ੍ਰਕਾਸ਼ਨਾ ਅਤੇ ਕਿਤਾਬਾਂ ਦੀ ਲਾਇਬ੍ਰੇਰੀ ਵਿਕਸਤ ਕਰਨਾ ਸੀ।

ਕਾਰ ਦੇ ਯੂਰਪ ਚਲੇ ਜਾਣ 'ਤੇ *ਇੰਡੀਪੈਂਡੈਂਟ ਹਿੰਦੁਸਤਾਨ* ਬੰਦ ਕਰ ਦਿੱਤਾ ਗਿਆ। ਇਸ ਦਾ ਜਾਨਸ਼ੀਨ ਸੀ ਅੱਠ ਸਫ਼ੇ ਦਾ *ਯੂਨਾਈਟਿਡ ਸਟੇਟਸ ਆਫ ਇੰਡੀਆ*; ਉਸੇ ਤਰ੍ਹਾਂ ਦੀ ਦਿੱਖ ਅਤੇ ਤੱਤ ਵਾਲਾ ਇਹ ਪਰਚਾ ਪੰਜ ਵਰ੍ਹੇ ਹੋਰ ਨਿਕਲਦਾ ਰਿਹਾ। ਇਸ ਨਾਂ ਤੇ ਇਸ ਤਰ੍ਹਾਂ ਦਾ ਤਰਜ਼ਮਾਨ ਪਰਚਾ ਕੱਢਣਾ ਅਸਲ ਵਿਚ ਹਰਦਿਆਲ ਦੀ ਸੋਚ ਸੀ, ਜਿਸ ਦੀ ਵਿਉਂਤ 1914 'ਚ ਉਸ ਦੇ ਇੱਥੋਂ ਫਰਾਰ ਹੋ ਜਾਣ ਤੋਂ ਛੇਤੀ ਪਿੱਛੋਂ ਬਣਾਈ ਗਈ ਸੀ। ਰਾਮ ਚੰਦਰ ਨੂੰ ਖ਼ਤ ਲਿਖ ਕੇ ਉਸ ਨੇ ਸਾਨ ਫਰਾਂਸਿਸਕੋ ਵਾਪਸ ਆਉਣ ਅਤੇ ਯੁਗਾਂਤਰ ਆਸ਼ਰਮ ਤੋਂ ਇਕ ਮਾਸਿਕ ਅੰਗਰੇਜ਼ੀ ਪਰਚਾ ਕੱਢਣ ਦੀ ਇੱਛਾ ਜ਼ਾਹਿਰ ਕੀਤੀ ਸੀ। ਜਿਸ ਦਾ ਨਾਂ ਧਿਆਨ ਦੇ ਕੇ ਇਸ ਤਰ੍ਹਾਂ ਦਾ ਰੱਖਿਆ ਜਾਵੇ ਜੋ ਰਜਵਾੜਾ ਰਿਆਸਤਾਂ ਦੇ ਦੇਸੀ ਹੁਕਮਰਾਨਾਂ ਅਤੇ ਅਮਰੀਕੀ ਅਵਾਮ ਵਿੱਚੋਂ ਸੰਭਾਵੀ ਸੰਗੀਆਂ ਲਈ ਖਿੱਚ ਭਰਪੂਰ ਹੋਵੇ। ਉਸ ਦੀ ਸੋਚ ਸੀ ਕਿ ਉਨ੍ਹਾਂ ਦੀ ਹਉਮੈਂ ਦੀ ਖ਼ੁਸ਼ਾਮਦ "ਸਾਡੀ ਸੁਰੱਖਿਆ ਲਈ ਮੁਨਾਸਬ" ਰਹੇਗੀ।"[74] ਪਰ ਜੰਗ ਦੇ ਹਾਲਾਤ ਨੇ ਉਸ ਦੀ ਵਾਪਸੀ ਅਤੇ ਪ੍ਰਕਾਸ਼ਨਾ ਦੋਵੇਂ ਅਸੰਭਵ ਬਣਾ ਦਿੱਤੇ। ਫਿਰ, ਵਿਉਂਤਬੰਦੀ ਲਈ ਮੈਰੀਸਵਿਲੇ ਵਿਚ ਕੀਤੀ ਮੀਟਿੰਗ ਅਤੇ ਫੰਡ ਇਕੱਠੇ ਕਰਨ ਵਾਲੇ ਟਰੱਸਟੀ ਤਾਣੇਬਾਣੇ ਨੂੰ ਮੁੜ ਸਰਗਰਮ ਕਰਨ ਲਈ ਜਾਣ ਤੋਂ ਪਿੱਛੋਂ, ਪਹਿਲਾ ਅੰਕ ਜੁਲਾਈ 1923 ਨੂੰ ਕੱਢਿਆ ਗਿਆ। ਮੁੱਖ ਸੰਪਾਦਕੀ ਨੇ ਐਲਾਨ ਕੀਤਾ ਕਿ ਹਿੰਦੁਸਤਾਨ "ਆਪਣੇ ਰਾਜਸੀ ਨਿਸ਼ਾਨੇ ਭਾਵ *ਯੂਨਾਈਟਿਡ ਸਟੇਟਸ ਆਫ ਇੰਡੀਆ*" ਨੂੰ ਹਾਸਲ ਕਰਨ ਵੱਲ ਤੇਜ਼ੀ ਨਾਲ ਵੱਧ ਰਿਹਾ ਸੀ ਜਿਸ ਦਾ ਨਮੂਨਾ ਸੀ "ਲੋਕਾਂ ਦਾ, ਲੋਕਾਂ ਲਈ ਅਤੇ ਲੋਕਾਂ ਦੁਆਰਾ ਇਕ ਮੁਕਤ ਤੇ ਆਜ਼ਾਦ ਗਣਰਾਜੀ ਕੌਮੀ ਰਾਜ ਯੂਨਾਈਟਿਡ ਸਟੇਟਸ ਆਫ ਅਮੈਰਿਕਾ।" ਇਕ ਟਿੱਪਣੀ ਵਿਚ ਇਸ ਨੂੰ ਹੋਰ ਵੀ ਸਾਫ਼ ਦੁਹਰਾਇਆ ਗਿਆ: "ਹਿੰਦੁਸਤਾਨ ਦੀ ਲੋੜ ਅਨੁਸਾਰ ਕੁਝ ਤਬਦੀਲੀ ਕਰਕੇ ਹਿੰਦੁਸਤਾਨ ਲਈ ਉਸ ਤਰ੍ਹਾਂ ਦੀ ਹਕੂਮਤ ਹਾਸਲ ਕਰਨਾ ਸਾਡਾ ਨਿਸ਼ਾਨਾ ਰਿਹਾ ਹੈ ਅਤੇ ਹੁਣ ਵੀ ਹੈ ਜਿਸ ਤਰ੍ਹਾਂ ਦੀ ਹਕੂਮਤ ਅਮਰੀਕਾ ਦੀ ਹੈ। ਅਸੀਂ ਯੂਨਾਈਟਿਡ ਸਟੇਟਸ ਆਫ ਇੰਡੀਆ ਹਾਸਲ ਕਰਨਾ ਚਾਹੁੰਦੇ ਹਾਂ।"[75]

*ਗ਼ਦਰ*, *ਯੁਗਾਂਤਰ* ਅਤੇ *ਇੰਡੀਪੈਂਡੈਂਟ ਹਿੰਦੁਸਤਾਨ* ਵਲੋਂ ਲਏ ਜਾਂਦੇ ਵਿਸ਼ਿਆਂ ਅਤੇ

ਵਿਸ਼ਾ-ਵਸਤੂ ਨੂੰ ਜਾਰੀ ਰੱਖਦਿਆਂ, ਨਵੇਂ ਰਸਾਲੇ ਵਲੋਂ ਅੰਗਰੇਜ਼ ਵਿਰੋਧੀ ਸਰਗਰਮੀਆਂ ਅਤੇ ਨਾਲ ਹੀ ਇਨ੍ਹਾਂ ਯਤਨਾਂ ਨੂੰ ਦਬਾਏ ਜਾਣ ਦੇ ਪੂਰੇ ਸਿਲਸਿਲੇ ਬਾਰੇ ਰਿਪੋਰਟਾਂ ਤੇ ਤਬਸਰੇ ਦਿੱਤੇ ਗਏ। ਲੇਬਰ ਅਤੇ ਕਾਨਜ਼ਰਵੇਟਿਵ ਹਕੂਮਤਾਂ ਦੀ ਉਨ੍ਹਾਂ ਦੀਆਂ ਬਸਤੀਵਾਦੀ ਨੀਤੀਆਂ ਲਈ ਬਰਾਬਰ ਨਿਖੇਧੀ ਕੀਤੀ ਗਈ। ਜੋ 1924 'ਚ ਬੰਬਈ ਦੀਆਂ ਕੱਪੜਾ ਮਿੱਲਾਂ ਦੀ ਵੱਡੀ ਹੜਤਾਲ ਸਮੇਂ ਸੈਂਕੜੇ ਮਜ਼ਦੂਰਾਂ ਨੂੰ ਗੋਲੀਆਂ ਨਾਲ ਭੁੰਨਣ ਅਤੇ ਕਾਨਪੁਰ ਸਾਜ਼ਿਸ਼ ਮੁਕੱਦਮੇ ਦੇ ਸਬੰਧ 'ਚ ਮਜ਼ਦੂਰ ਆਗੂਆਂ ਦੀ ਗ੍ਰਿਫ਼ਤਾਰੀ ਵਰਗੇ ਜ਼ੁਲਮ ਢਾਹੁਣ ਲਈ ਜ਼ਿੰਮੇਵਾਰ ਸਨ।[76] ਚੀਨ ਦੇ ਆਜ਼ਾਦੀ ਸੰਗਰਾਮ ਅਤੇ ਹਿੰਦੁਸਤਾਨ, ਮਿਸਰ ਤੇ ਆਇਰਲੈਂਡ ਦੇ ਸੰਘਰਸ਼ਾਂ ਲਈ ਇਸ ਸੰਗਰਾਮ ਦੀ ਪ੍ਰਸੰਗਕਤਾ ਨੂੰ ਖੁੱਲ੍ਹੀ ਥਾਂ ਦਿੱਤੀ ਜਾਂਦੀ ਸੀ। ਸੰਪਾਦਕੀਆਂ ਵਿਚ ਅਫ਼ੀਮ ਦੇ ਧੰਦੇ ਰਾਹੀਂ ਬਰਬਾਦੀ ਅਤੇ ਫਿਰਕੂ ਹਿੰਸਾ ਨੂੰ ਭੜਕਾਉਣ ਵਿਚ ਅੰਗਰੇਜ਼ਾਂ ਦੀਆਂ ਚਾਲਾਂ ਦੀ ਭੂਮਿਕਾ ਵਰਗੇ ਮੁੱਦੇ ਲਏ ਜਾਂਦੇ।[77] ਐੱਮ.ਐੱਨ.ਰਾਏ ਮਹਿਮਾਨ ਲੇਖਕ ਸੀ ਜੋ ਇਸ ਲਈ ਲਿਖਦਾ ਸੀ, ਇਸੇ ਤਰ੍ਹਾਂ ਹੈਨਰੀ ਬਾਰਬੁਜ਼ ਦੀ ਅਗਵਾਈ ਵਾਲੀ ਫਰਾਂਸੀਸੀ ਰੈਡੀਕਲਾਂ ਅਤੇ ਹਿੰਦੁਸਤਾਨ ਪੱਖੀ ਬੁੱਧੀਜੀਵੀਆਂ ਦੀ ਕਮੇਟੀ ਦੇ ਮੈਂਬਰ ਲਿਖਦੇ ਸਨ।[78]

ਅਮਰੀਕਾ ਦੇ ਰਾਜ ਢਾਂਚੇ ਦੀ ਤਾਰੀਫ਼ 'ਚ *ਯੂਨਾਈਟਿਡ ਸਟੇਟਸ ਆਫ ਇੰਡੀਆ* ਦੇ ਐਲਾਨ ਦੇ ਬਾਵਜੂਦ, ਸੋਹਣ ਸਿੰਘ ਨੇ ਇਸ ਦੀ ਸਿਆਸੀ ਸੁਰ ਦੀ ਖ਼ਾਸਾ ਬਿਆਨੀ "ਸੁਚੇਤ ਤੌਰ 'ਤੇ ਸੋਵੀਅਤ ਪੱਖੀ" ਵਜੋਂ ਕੀਤੀ। ਇਹ ਤਾਰਕਨਾਥ ਦਾਸ ਵਲੋਂ *ਇੰਡੀਪੈਂਡੈਂਟ ਹਿੰਦੁਸਤਾਨ* ਦੇ "ਹਿੰਦੁਸਤਾਨੀ ਸਵਾਲ ਦੇ ਕੌਮਾਂਤਰੀ ਨਕਸ਼" ਸਿਰਲੇਖ ਵਾਲੇ ਇਕ ਪਹਿਲੇ ਲੇਖ ਵਿਚ ਅਪਣਾਈ ਪਹੁੰਚ ਦੇ ਅਨੁਸਾਰੀ ਸੀ:

"ਸਾਮਰਾਜੀ ਰੂਸ ਨਹੀਂ ਰਿਹਾ। ਇਨਕਲਾਬੀ ਰੂਸ ਐਲਾਨੀਆ ਤੌਰ 'ਤੇ ਹਰ ਤਰ੍ਹਾਂ ਦੇ ਸਾਮਰਾਜਵਾਦ ਦਾ ਵੈਰੀ ਹੈ। ਉਸ ਨੇ ਆਪਣੇ ਪ੍ਰਭਾਵ ਖੇਤਰ ਅਤੇ ਚੀਨ ਵਿਚ ਦੂਜੇ ਦੇ ਇਲਾਕੇ ਉੱਪਰਲੇ ਦਾਅਵੇ ਛੱਡ ਦਿੱਤੇ ਹਨ। ਉਹ ਈਰਾਨ, ਮਿਸਰ, ਤੁਰਕੀ ਅਤੇ ਹਿੰਦੁਸਤਾਨ ਦੀ ਆਜ਼ਾਦੀ ਦੇ ਕਾਜ ਦਾ ਹਾਮੀ ਹੈ। ਉਸ ਨੇ ਆਇਰਿਸ਼ ਗਣਰਾਜ ਨੂੰ ਮਾਨਤਾ ਦਿੱਤੀ ਹੈ। ਉਸ ਨੇ ਅਫ਼ਗਾਨਿਸਤਾਨ ਨਾਲ ਦੋਸਤਾਨਾ ਰਿਸ਼ਤਾ ਬਣਾ ਲਿਆ ਹੈ। ਅਤੇ ਮੈਂ ਤੁਹਾਨੂੰ ਯਕੀਨ ਦਿਵਾ ਸਕਦਾ ਹਾਂ ਕਿ ਰੂਸ ਦੇ ਖ਼ਿਲਾਫ਼ ਜੰਗ ਛੇੜਨ ਦੀ ਇਕ ਪ੍ਰਮੁੱਖ ਵਜ੍ਹਾ ਬਰਤਾਨੀਆ ਦਾ ਇਹ ਡਰ ਹੈ ਕਿ ਸੋਵੀਅਤ ਰੂਸ ਅੰਗਰੇਜ਼ ਸਲਤਨਤ ਦਾ ਫਸਤਾ ਵੱਢਣ ਲਈ ਹਿੰਦੁਸਤਾਨੀ ਲੋਕਾਂ ਨੂੰ ਪ੍ਰੇਰਤ ਕਰੇਗਾ ਅਤੇ ਉਨ੍ਹਾਂ ਨਾਲ ਇਕਮੁੱਠ ਹੋਵੇਗਾ।

ਇਨ੍ਹਾਂ ਹਾਲਾਤ ਵਿਚ, ਹਿੰਦੁਸਤਾਨੀ ਲੋਕਾਂ, ਹਿੰਦੁਸਤਾਨੀ ਕੌਮਪ੍ਰਸਤਾਂ ਜਾਂ ਇਨਕਲਾਬੀਆਂ ਦੀ ਰੂਸ ਪ੍ਰਤੀ ਨੀਤੀ ਕੀ ਹੋਣੀ ਚਾਹੀਦੀ ਹੈ? ਸਾਡਾ ਜਵਾਬ ਹੈ: ਅੰਗਰੇਜ਼ ਸਲਤਨਤ ਦੇ ਖ਼ਿਲਾਫ਼ ਦੋਸਤੀ ਅਤੇ ਗੱਠਜੋੜ ਦੀ।"[79]

ਨਿਸ਼ਚੇ ਹੀ ਦਾਸ ਕਮਿਊਨਿਸਟ ਨਹੀਂ ਸੀ; ਮਾਰਕਸਵਾਦੀ ਵਿਚਾਰਧਾਰਾ ਦੀ ਵਕਾਲਤ ਕਰਨ ਦੀ ਬਜਾਏ ਉਹ ਮਹਿਜ਼ ਇਸ ਨਾਲ ਜਰਮਨੀ ਨਾਲ ਕੀਤੇ ਪਿਛਲੇ ਸਮਝੌਤੇ ਵਰਗਾ ਯੁੱਧ ਸਬੰਧੀ ਗੱਠਜੋੜ ਬਣਾਉਣ ਦਾ ਹੋਕਾ ਦੇ ਰਿਹਾ ਸੀ, ਜਿਸ ਨੇ ਇਸ ਵਕਤ "ਅੰਗਰੇਜ਼ ਸਾਮਰਾਜਵਾਦ ਅਤੇ ਅੰਗਰੇਜ਼ਾਂ ਦੀ ਏਸ਼ੀਆਈ ਸਲਤਨਤ ਦੇ ਸਭ ਤੋਂ ਵੱਡੇ ਦੁਸ਼ਮਣ ਵਜੋਂ" ਜਰਮਨੀ ਦੀ ਥਾਂ ਲੈ ਲਈ ਸੀ।[80] ਜਦਕਿ, ਕੈਲਫੋਰਨੀਆ ਦੇ ਅੰਦਰੂਨੀ ਗੁਪਤ ਘੇਰੇ ਦੇ ਮੁੱਖ ਆਰਗੇਨਾਈਜ਼ਰ ਵਿਚਾਰਧਾਰਕ ਤੌਰ 'ਤੇ ਸੱਚਮੁੱਚ ਹੀ ਕਮਿਊਨਿਸਟ ਸਨ। ਕਾਰ ਅਤੇ ਸੰਤੋਖ ਸਿੰਘ ਖ਼ਾਸ ਤੌਰ 'ਤੇ ਮਾਰਕਸਵਾਦੀ ਸਿਧਾਂਤ ਦੇ ਅਹਿਮ ਪ੍ਰਚਾਰਕਾਂ ਵਜੋਂ ਉੱਭਰੇ। ਸੰਤੋਖ ਸਿੰਘ, ਜਿਸ ਨੇ ਜੇਲ੍ਹ ਦੇ ਸਮੇਂ ਦਾ ਇਸਤੇਮਾਲ ਇਤਿਹਾਸ ਅਤੇ ਰਾਜਨੀਤਕ ਆਰਥਿਕਤਾ ਦਾ ਮੁਤਾਲਿਆ ਕਰਨ ਲਈ ਕੀਤਾ

(ਇਸੇ ਤਰ੍ਹਾਂ ਹੋਰ ਬਹੁਤ ਸਾਰੇ ਕਰਨਗੇ), ਇਸ ਸਿਧਾਂਤ ਨੂੰ ਅਪਨਾਉਣ ਅਤੇ ਨਵਾਂ ਮੱਤ ਧਾਰਨ ਕਰਨ ਵਾਲੇ ਪਹਿਲੇ ਵਿਅਕਤੀਆਂ ਵਿੱਚੋਂ ਸੀ। ਜੋਸ਼ ਖੁਫ਼ੀਆ ਪੁਲਿਸ ਦੀ ਨਵੰਬਰ 1920 ਦੀ ਇਕ ਰਿਪੋਰਟ ਦਾ ਹਵਾਲਾ ਦਿੰਦਾ ਹੈ ਜਿਸ ਵਿਚ ਦਾਅਵਾ ਕੀਤਾ ਗਿਆ "ਕਿ ਸੰਤੋਖ ਸਿੰਘ ਲੋਕਾਂ ਨੂੰ ਮਾਰਕਸਵਾਦੀ ਸਿਧਾਂਤ ਦਾ ਅਧਿਐਨ ਕਰਨ ਅਤੇ ਰੂਸੀ ਜ਼ਬਾਨ ਸਿੱਖਣ ਦੀ ਸਲਾਹ ਦਿੰਦਾ ਸੀ।"[81] ਸੰਤੋਖ ਸਿੰਘ ਦੀ ਲਾਇਬ੍ਰੇਰੀ ਦੀਆਂ ਕਿਤਾਬਾਂ ਦੀ ਸੂਚੀ ਵਿਚ *ਸਰਮਾਏ* ਦੀਆਂ ਤਿੰਨੋਂ ਜਿਲਦਾਂ, *ਰੂਸੀ ਇਤਿਹਾਸ* – ਜਿਲਦ ਦੂਜੀ, *ਰੂਸੀ ਇਨਕਲਾਬ ਦੀ ਜਿੰਦ-ਜਾਨ* ਅਤੇ *ਰੰਗ-ਭੇਦ ਦਾ ਝਗੜਾ* ਸ਼ਾਮਲ ਸਨ। ਰਤਨ ਸਿੰਘ ਨੇ ਵੀ ਮਾਰਕਸਵਾਦ ਦਾ ਮੁਤਾਲਿਆ ਕਰਨਾ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਦਾ ਗਿਆਨ ਅੱਗੇ ਵੰਡਣਾ ਸ਼ੁਰੂ ਕਰ ਦਿੱਤਾ ਸੀ। ਸਾਨ ਫਰਾਂਸਿਸਕੋ ਸਾਜ਼ਿਸ਼ ਮੁਕੱਦਮੇ ਲਈ ਸਹਾਇਤਾ ਜੁਟਾਉਣ ਤੇ ਜਲਾਵਤਨੀ ਵਿਰੁੱਧ ਲਾਮਬੰਦੀ ਕਰਨ ਸਮੇਂ ਉਸ ਨੇ "ਬਹੁਤ ਸਾਰੇ ਨਵੇਂ ਸੰਪਰਕ ਬਣਾ ਲਏ ਸਨ ਅਤੇ .... ਟਰੇਡ ਯੂਨੀਅਨ ਵਿਚ ਕੰਮ ਕਰ ਰਹੇ ਬਹੁਤ ਸਾਰੇ ਕਮਿਊਨਿਸਟ ਉਸ ਦੇ ਸੰਪਰਕ 'ਚ ਆ ਗਏ ਸਨ।"[82]

1920 ਦੇ ਕਰੀਬ, ਅਮਰੀਕਾ ਦੇ ਗ਼ਦਰੀਆਂ ਦੇ ਗਰਮ-ਖ਼ਿਆਲ ਧੜੇ ਨੇ ਮਾਸਕੋ ਨਾਲ ਸਿੱਧਾ ਸੰਪਰਕ ਬਣਾਉਣ ਲਈ ਪਹਿਲ ਕਰਨ ਦਾ ਫ਼ੈਸਲਾ ਕੀਤਾ।[83] ਜਥੇਬੰਦੀ ਅਜੇ ਮਾਲੀ ਮੁਸ਼ਕਲਾਂ ਅਤੇ ਅੰਦਰੂਨੀ ਧੜੇਬੰਦੀ ਦਾ ਸਾਹਮਣਾ ਕਰ ਰਹੀ ਹੋਣ ਕਾਰਨ, ਸੰਤੋਖ ਸਿੰਘ ਸਮੇਤ ਸਾਨ ਫਰਾਂਸਿਸਕੋ ਵਾਲੇ ਕੁਝ ਗ਼ਦਰੀ ਉਸ "ਹਥਿਆਰਬੰਦ ਬਗ਼ਾਵਤ ਵਿਚ ਸ਼ਾਮਲ ਹੋਣ ਲਈ ਖੁਫ਼ੀਆ ਤੌਰ 'ਤੇ ਹਿੰਦੁਸਤਾਨ ਵੱਲ ਚਾਲੇ ਪਾਉਣ" ਦੀ ਗੱਲ ਕਰਦੇ ਸਨ ਜਿਸ ਦੇ "ਗਾਂਧੀ ਦੀ ਵਿਰੋਧ ਦੀ ਮਰੀਅਲ ਜਹੀ ਲਹਿਰ ਤੋਂ ਪਿੱਛੋਂ" ਸ਼ੁਰੂ ਹੋਣ ਦਾ ਅੰਦਾਜ਼ਾ ਲਗਾਇਆ ਜਾ ਰਿਹਾ ਸੀ। 1921 ਦੇ ਸ਼ੁਰੂ 'ਚ ਉਥੇ ਜਾਣ ਵਾਲਾ ਪਹਿਲਾ ਨੁਮਾਇੰਦਾ ਕਾਰ ਸੀ। ਫਿਰ ਮਾਸਕੋ ਵਿਚ ਕਮਿੰਤਰਨ ਦੀ ਚੌਥੀ ਕਾਂਗਰਸ ਵਿਚ ਹਿੱਸਾ ਲੈਣ ਲਈ ਸੰਤੋਖ ਸਿੰਘ ਨੂੰ ਗ਼ਦਰ ਪਾਰਟੀ ਦੇ ਵੋਟ ਦੇ ਹੱਕ ਵਾਲੇ ਡੈਲੀਗੇਟ ਅਤੇ ਰਤਨ ਸਿੰਘ ਨੂੰ ਨੁਮਾਇੰਦੇ ਦਰਸ਼ਕ ਵਜੋਂ ਸੱਦਿਆ ਗਿਆ। ਉਹ ਹਿੰਦੁਸਤਾਨ ਤੋਂ ਸੱਦੇ ਕੇਂਦਰੀ ਏਸ਼ੀਆ ਅਧਾਰਤ ਕਮਿਊਨਿਸਟ ਪਾਰਟੀ ਦੇ ਉਨ੍ਹਾਂ ਚਾਰ ਡੈਲੀਗੇਟਾਂ ਤੋਂ ਇਲਾਵਾ ਸਨ ਜਿਸ ਦਾ ਵਜੂਦ ਅਜੇ ਭਰੂਣ ਰੂਪ 'ਚ ਹੀ ਸੀ। ਲਿਹਾਜ਼ਾ ਅਗਸਤ 1922 'ਚ ਦੋਵੇਂ ਇਹ ਕਹਿ ਕੇ ਇਕ ਰਹੱਸਮਈ ਛੁੱਟੀ 'ਤੇ ਚਲੇ ਗਏ ਕਿ ਉਹ "ਆਪਣੇ ਨਿੱਜੀ ਕੰਮਾਂ ਬਾਬਤ" ਨਿਊ ਯਾਰਕ ਵਿਚ ਤਾਰਕਨਾਥ ਦਾਸ ਨੂੰ ਮਿਲਣ ਜਾ ਰਹੇ ਹਨ।[84] ਇਹ ਸ਼ੱਕ ਕੀਤਾ ਜਾਂਦਾ ਸੀ ਕਿ ਰਾਏ ਦੇ ਸੱਦੇ 'ਤੇ ਕਾਰ ਪਹਿਲਾਂ ਹੀ ਰੂਸ ਲਈ ਰਵਾਨਾ ਹੋ ਗਿਆ ਸੀ। ਇਹ ਸਮਝਿਆ ਜਾ ਰਿਹਾ ਸੀ ਕਿ "ਉਥੇ ਉਸ ਨੂੰ ਬਰਕਤਉੱਲਾ ਤੇ ਹਿੰਦੁਸਤਾਨ ਤੋਂ ਆਏ ਵਫ਼ਦ ਨਾਲ ਮੁਲਾਕਾਤ ਹੋਣ ਅਤੇ 'ਜੰਗੀ ਸਮਾਨ' ਦੀ ਸਪਲਾਈ ਬਾਰੇ ਲੈਨਿਨ ਨਾਲ ਮੁਲਾਕਾਤ ਦੇ ਇੰਤਜ਼ਾਮ ਕੀਤੇ ਜਾਣ ਦੀ ਉਮੀਦ ਸੀ।'"[85] ਰਤਨ ਸਿੰਘ ਅਨੁਸਾਰ, ਇਹ ਓਦੋਂ ਦੀ ਗੱਲ ਹੈ ਜਦੋਂ ਪਾਰਟੀ ਸੱਚੀਮੁੱਚੀਂ ਦੀ ਸਾਮਰਾਜਵਾਦ ਵਿਰੋਧੀ ਲਹਿਰ ਵਜੋਂ ਮੁੜ-ਸੁਰਜੀਤ ਹੋ ਗਈ ਸੀ।

ਅਮਰੀਕਾ ਦੀ ਕਮਿਊਨਿਸਟ ਪਾਰਟੀ ਨੇ ਇਨ੍ਹਾਂ ਦੋਵਾਂ ਨੂੰ ਭਰੋਸੇਯੋਗ ਵਿਅਕਤੀ ਹੋਣ ਦੇ ਦਸਤਾਵੇਜ਼ ਦੇ ਕੇ ਘੱਲਿਆ, "ਇਕ ਤਰ੍ਹਾਂ ਦੀ ਰਾਹਦਾਰੀ ਜਾਂ ਜਾਣਪਛਾਣ ਕਰਾਉਂਦਾ ਰੁੱਕਾ" ਜੋ ਇਹ ਤਸਦੀਕ ਕਰਦਾ ਸੀ ਕਿ "ਜਿਹੜੇ ਬੰਦੇ ਰੁੱਕਾ ਲੈ ਕੇ ਆ ਰਹੇ ਹਨ ਉਨ੍ਹਾਂ ਦੀ ਸਾਡੀ ਪਾਰਟੀ ਨੇ ਛਾਣਬੀਣ ਕਰ ਲਈ ਹੈ ਅਤੇ ਅਸੀਂ ਪਤਾ ਲਾ ਲਿਆ ਹੈ ਕਿ ਉਹ ਹਿੰਦੁਸਤਾਨੀ ਗ਼ਦਰ ਪਾਰਟੀ ਦੇ ਭਰੋਸੇਯੋਗ ਮੈਂਬਰ ਹਨ।" ਦਸਤਾਵੇਜ਼ 'ਚ ਅੱਗੇ ਕਿਹਾ ਗਿਆ: "ਅਸੀਂ ਤੁਹਾਨੂੰ ਗੁਜ਼ਾਰਿਸ਼ ਕਰਦੇ ਹਾਂ ਕਿ ਇਨ੍ਹਾਂ ਨੂੰ ਰੂਸ ਅਤੇ ਗੁਆਂਢੀ ਮੁਲਕਾਂ ਵਿੱਚੋਂ ਦੀ ਹੋ ਕੇ ਹਿੰਦੁਸਤਾਨ ਜਾਣ ਲਈ ਹਰ ਤਰ੍ਹਾਂ ਦੀ ਇਮਦਾਦ ਦਿੱਤੀ ਜਾਵੇ।"[86] ਬਾਅਦ 'ਚ ਅਮਰੀਕੀ ਕਮਿਊਨਿਸਟ

ਗ਼ਦਰੀਆਂ ਨੂੰ ਸਮੁੰਦਰੀ ਜਹਾਜਾਂ 'ਤੇ ਸਵਾਰ ਹੋਣ 'ਚ ਖ਼ੁਫ਼ੀਆ ਢੰਗਾਂ ਰਾਹੀਂ ਤਹਿ ਦਿਲੋਂ ਮਦਦ ਕਰਦੇ ਰਹੇ ਜੋ ਸਿਖਲਾਈ ਲੈਣ ਲਈ ਮਾਸਕੋ ਗਏ। ਮੂਕ ਇਸ਼ਾਰਾ ਮਿਲਣ 'ਤੇ ਉਹ ਕੁਝ ਵਿੱਥ ਰੱਖ ਕੇ ਕਾਰਕੁੰਨ ਦੇ ਪਿੱਛੇ ਪਿੱਛੇ ਬੰਦਰਗਾਹ ਤੱਕ ਚਲੇ ਜਾਂਦੇ ਜਿਥੇ ਕਈ ਵਾਰ ਉਨ੍ਹਾਂ ਨੂੰ ਪੁਲੀਸ ਦੀ ਪੁੱਛਗਿੱਛ ਤੋਂ ਬਚਣ ਲਈ ਜਹਾਜ਼ ਦੇ ਅੰਦਰ ਪਾਣੀ ਦੀ ਸੱਤਾਹ ਤੋਂ ਹੇਠਾਂ ਘੁੱਪ ਹਨੇਰ ਮਘੋਰਿਆਂ ਵਿੱਚੋਂ ਦੀ ਕੋਡੇ ਹੋਕੇ ਜਾਣਾ" ਪੈਂਦਾ ਸੀ।[87]

ਫਿਰ ਵੀ, ਅਜਿਹੀ ਇਮਦਾਦ ਦੇ ਬਾਵਜੂਦ ਕੈਲੀਫੋਰਨੀਆ ਵਿਚ ਗ਼ੈਰ-ਅਮਰੀਕੀ ਸਰਗਰਮੀਆਂ ਬਾਰੇ ਸੈਨੇਟ ਦੀ 1953 ਵਾਲੀ ਤੱਥ ਖੋਜ ਕਮੇਟੀ ਅਮਰੀਕੀ ਗ਼ਦਰ ਲਹਿਰ ਨੂੰ ਕੌਮਾਂਤਰੀ ਕਮਿਊਨਿਜ਼ਮ ਨਾਲ ਪੱਕੀ ਜੁੜੀ ਹੋਈ ਸਾਬਤ ਕਰਨ ਦਾ ਆਪਣਾ ਮਕਸਦ ਪੂਰਾ ਕਰਨ 'ਚ ਨਾਕਾਮ ਰਹੀ।[88] ਕਮੇਟੀ ਦੀ ਸੋਚ ਸੀ ਕਿ ਇਹ ਪਾਰਟੀ "ਕਮਿਊਨਿਸਟ ਘੁਸਪੈਠ ਲਈ ਸੁਭਾਵਿਕ ਨਿਸ਼ਾਨਾ ਬਣਦੀ ਸੀ": ਆਖ਼ਿਰ, "ਇਥੇ ਇਕ ਸਾਜ਼ਿਸ਼ੀ, ਬਹੁਤ ਹੀ ਬਾਜ਼ਾਬਤਾ ਗਰੁੱਪ ਮੌਜੂਦ ਸੀ ਜੋ ਹਿੰਦੁਸਤਾਨ ਨੂੰ ਸਾਮਰਾਜਵਾਦੀ ਗ਼ਲਬੇ ਤੋਂ ਮੁਕਤ ਕਰਾਉਣ ਦੇ ਕਾਜ ਨੂੰ ਜਨੂੰਨੀ ਤੌਰ 'ਤੇ ਪ੍ਰਣਾਇਆ ਹੋਇਆ ਸੀ। ਇਸ ਦੇ ਮੈਂਬਰ ਪੂਰੇ ਕੈਨੇਡਾ, ਅਮਰੀਕਾ, ਅਫ਼ਰੀਕਾ, ਏਸ਼ੀਆ ਅਤੇ ਦੱਖਣੀ ਅਫ਼ਰੀਕਾ ਵਿਚ ਖਿੰਡੇ ਹੋਏ ਸਨ। ਪਾਰਟੀ ਦੀ ਮਾਲੀ ਹਾਲਤ ਮਜ਼ਬੂਤ ਸੀ ਅਤੇ ਇਹ ਖ਼ੁਫ਼ੀਆ ਢੰਗ ਨਾਲ ਕੰਮ ਕਰਦੀ ਸੀ। ਸਪਸ਼ਟ ਸੀ ਕਿ ਇਹ ਏਸ਼ੀਆ ਨੂੰ ਕਮਿਊਨਿਜ਼ਮ ਦੇ ਰੰਗ 'ਚ ਰੰਗਣ ਦੀਆਂ ਜੰਗ ਤੋਂ ਪਿੱਛੋਂ ਦੀਆਂ ਰੂਸ ਦੀਆਂ ਯੋਜਨਾਵਾਂ ਦੇ ਪੂਰੀ ਤਰ੍ਹਾਂ ਰਾਸ ਆਉਂਦੀ ਸੀ।"[89] ਪਰ ਭਾਵੇਂ ਗ਼ਦਰ ਦੇ ਗੁਲੀ ਕਾਰਕੁੰਨਾਂ ਵਿਚ "ਕਈ ਐਸੇ ਸਨ ਜਿਨ੍ਹਾਂ ਦੇ ਦਿਮਾਗਾਂ ਵਿਚ ਸਿਧਾਂਤ ਕੁੱਟ ਕੁੱਟ ਕੇ ਭਰਿਆ ਹੋਇਆ ਸੀ," ਜਿਨ੍ਹਾਂ ਵਿੱਚੋਂ ਕੋਈ ਨਾ ਕੋਈ "ਅਕਸਰ ਹੀ .... ਮੁਹਰੈਲ ਮੀਟਿੰਗਾਂ, ਕਮਿਊਨਿਸਟ ਸਕੂਲਾਂ ਵਿਚ ਨਜ਼ਰ ਆਉਂਦਾ ਸੀ, ਜਾਂ ਕੈਲੀਫੋਰਨੀਆ ਦੀ ਕਮਿਊਨਿਸਟ ਪ੍ਰੈੱਸ ਉਸ ਵੱਲ ਕੁਝ ਖ਼ਾਸ ਤਵੱਜੋਂ ਦਿੰਦੀ ਸੀ....ਪਰ ਇਹ ਬਹੁਤ ਹੀ ਟਾਵੀਂਆਂ ਟੱਲੀਆਂ ਘਟਨਾਵਾਂ ਹਨ।"[90] ਮਸਲਨ, ਮੁਨਸ਼ਾ ਸਿੰਘ, ਜੋ ਗ਼ਦਰ ਪਾਰਟੀ ਦੇ ਮੈਂਬਰ ਵਜੋਂ ਮਸ਼ਹੂਰ ਨਹੀਂ ਸੀ, ਉਹ ਗ਼ਦਰ ਪਾਰਟੀ ਦੇ ਸਕੱਤਰ ਦੀ ਹੈਸੀਅਤ 'ਚ ਸਾਨ ਫਰਾਂਸਿਸਕੋ ਦੇ ਕਮਿਊਨਿਸਟ ਅਖ਼ਬਾਰ *ਡੇਲੀ ਪੀਪਲਜ਼ ਵਰਲਡ* ਲਈ ਲੇਖ ਲਿਖਦਾ ਸੀ। *ਗ਼ਦਰ* ਪਾਰਟੀ ਦਾ ਇਕ ਹੋਰ ਬੇਪਛਾਣ ਕਾਰਿੰਦਾ "ਸਾਨ ਫਰਾਂਸਿਸਕੋ ਵਿਚ ਚਲਾਏ ਜਾ ਰਹੇ ਕਮਿਊਨਿਸਟ ਕੈਲੀਫੋਰਨੀਆ ਲੇਬਰ ਸਕੂਲ ਵਿਚ ਖ਼ੁਫ਼ੀਆ ਰਹਿ ਕੇ ਰਾਤ ਨੂੰ ਜਮਾਤਾਂ ਲਗਾਉਂਦਾ ਸੀ - ਅਤੇ ਨਾਲ ਹੀ ਆਪਣੇ ਗ਼ਦਰ ਪਾਰਟੀ ਵਾਲੇ ਸੰਪਰਕਾਂ ਵਿਚ ਪੂਰੇ ਉੱਦਮ ਨਾਲ ਕਮਿਊਨਿਸਟ ਪ੍ਰਚਾਰ ਸਮੱਗਰੀ ਵੰਡਦਾ ਸੀ।"[91] ਪਰ ਜ਼ਿਆਦਾਤਰ ਗ਼ਦਰੀਆਂ ਦਾ ਅਮਰੀਕਾ ਵਿਚਲੇ ਅਧਿਕਾਰਤ ਕਮਿਊਨਿਸਟ ਤਾਣੇਬਾਣੇ ਨਾਲ ਕੋਈ ਜ਼ਾਹਰਾ ਸਬੰਧ ਨਹੀਂ ਸੀ, ਨਾ ਹੀ ਹਿੰਦੁਸਤਾਨ ਦੇ ਬਹੁਤੇ ਉੱਘੇ ਕਮਿਊਨਿਸਟਾਂ ਨੂੰ ਗ਼ਦਰ ਨਾਲ ਸਬੰਧਤ ਕਿਹਾ ਜਾ ਸਕਦਾ ਸੀ। ਦਰ ਅਸਲ, ਦੋਵੇਂ ਸਕੇ ਧੜੇ *ਗ਼ਦਰ* ਅਤੇ *ਕਿਰਤੀ* ਜੋ ਦ੍ਰਿੜ ਰੂਪ 'ਚ ਆਜ਼ਾਦ ਮੁਤਬਾਦਲ ਖੱਬੀਆਂ ਜਥੇਬੰਦੀਆਂ ਸਨ, ਮੁੱਖ ਜਥੇਬੰਦੀ ਸੀ ਪੀ ਆਈ ਤੋਂ ਨਿਆਰੇ ਸਨ। ਪੰਜਾਬ ਤੋਂ ਲਗਾਤਾਰ ਆ ਰਿਹਾ *ਕਿਰਤੀ* ਗੁਰਦਵਾਰਿਆਂ ਅਤੇ ਯੁਗਾਂਤਰ ਆਸ਼ਰਮ ਵਿਚ ਮੁਫ਼ਤ ਵੰਡਿਆ ਜਾਂਦਾ ਸੀ, ਪਰ ਕਮਿੰਤਰਨ ਨਾਲ ਇਸ ਦੇ ਸਬੰਧ ਦੀ ਗੱਲ ਨਹੀਂ ਸੀ ਕੀਤੀ ਜਾਂਦੀ।[92]

1925 'ਚ, ਰਤਨ ਸਿੰਘ ਆਪਣੇ ਹਿੰਦੁਸਤਾਨ ਗ਼ਦਰ ਪਾਰਟੀ ਵਾਲੇ ਕਾਡਰ ਨੂੰ ਉਪਰਲੀ ਤਾਜ਼ਾ ਜਾਣਕਾਰੀ ਦੇਣ ਲਈ ਵਾਪਸ ਪਰਤ ਆਇਆ। ਲਗਭਗ ਓਦੋਂ ਹੀ ਦਲੀਪ ਸਿੰਘ ਮਾਸਕੋ ਵਾਪਸ ਮੁੜਨ ਤੋਂ ਪਹਿਲਾਂ ਅਮਰੀਕਾ ਵਿਚ ਆ ਪ੍ਰਗਟਿਆ, "ਸਮਝਿਆ ਜਾਂਦਾ ਸੀ ਉਥੇ ਉਸ ਨੇ ਬਾਲਸ਼ਵਿਕ ਕੇਂਦਰੀ ਕਮੇਟੀ ਨੂੰ ਮਿਲਣਾ ਸੀ।"[93] ਮਾਸਕੋ ਤੋਂ ਆ ਕੇ ਰਤਨ ਸਿੰਘ

ਨੇ ਜੋ ਸਿਫ਼ਾਰਸ਼ਾਂ ਕੀਤੀਆਂ ਉਹ ਮੁੱਖ ਤੌਰ 'ਤੇ ਪੜ੍ਹਾਈ ਅਤੇ ਸਿਖਲਾਈ ਲਈ ਅਮਰੀਕਾ ਤੋਂ ਵਿਦਿਆਰਥੀਆਂ ਨੂੰ ਮਾਸਕੋ ਭੇਜਣ ਦੀਆਂ ਸਨ। ਜਿਸ ਤੋਂ ਪਿੱਛੋਂ ਉਨ੍ਹਾਂ ਨੇ ਰੂਸ ਵਿਚ ਰਹਿਣਾ ਸੀ ਜਾਂ ਉਹ ਹਿੰਦੁਸਤਾਨ ਦੇ ਅੰਦਰ ਅਵਾਮੀ ਲਹਿਰ ਖੜ੍ਹੀ ਕਰਨ ਲਈ ਜਾ ਸਕਦੇ ਸਨ। ਲਿਹਾਜ਼ਾ 1926 ਦੀ ਬਸੰਤ 'ਚ ਗ਼ਦਰ ਪਾਰਟੀ ਨੇ ਪੂਰਬ ਦੇ ਮਿਹਨਤਕਸ਼ਾਂ ਦੀ ਯੂਨੀਵਰਸਿਟੀ ਲਈ ਵਿਦਿਆਰਥੀਆਂ ਦੀ ਪਹਿਲੀ ਟੋਲੀ ਭੇਜੀ, ਜਿਸ ਵਿਚ ਪ੍ਰੀਤਮ ਸਿੰਘ ਕਸੇਲ, ਕਰਮ ਸਿੰਘ, ਹਰਜਾਪ ਸਿੰਘ ਅਤੇ ਸੰਤਾ ਸਿੰਘ ਗੰਡੀਵਿੰਡ ਸਨ। ਹਰਜਾਪ ਸਿੰਘ ਨੇ ਦੱਸਿਆ ਕਿ ਅਗਲੇ ਸਾਲ ਜੋ ਦੂਜੀ ਟੋਲੀ ਭੇਜੀ ਗਈ ਉਸ ਵਿਚ ਸੱਤ ਹਿੰਦੁਸਤਾਨੀ ਅਤੇ ਸੱਤ ਕਾਲੇ ਵਿਦਿਆਰਥੀ ਸਨ।[94] ਚਾਰ ਹੋਰ ਵਿਦਿਆਰਥੀ 1932 'ਚ ਗਏ, ਇਸ ਪਿੱਛੋਂ ਅਗਲੇ ਦੋ ਸਾਲਾਂ ਵਿਚ ਘੱਟੋ-ਘੱਟ ਦੋ ਹੋਰ ਟੋਲੀਆਂ ਅਤੇ ਉਹ ਗ਼ਦਰੀ ਭੇਜੇ ਗਏ ਜੋ ਕੈਨੇਡਾ, ਅਰਜਨਟਾਈਨਾ, ਪੂਰਬੀ ਅਫ਼ਰੀਕਾ, ਨਿਊਜ਼ੀਲੈਂਡ, ਫਿਜ਼ੀ ਅਤੇ ਚੀਨ ਤੋਂ ਭਰਤੀ ਕੀਤੇ ਗਏ ਸਨ।[95] ਖੁਫ਼ੀਆ ਪੁਲਿਸ ਦੀ 1935 ਦੀ ਰਿਪੋਰਟ ਅਨੁਸਾਰ ਉਸ ਵਕਤ ਮਾਸਕੋ ਵਿਚ ਸੱਠ ਹਿੰਦੁਸਤਾਨੀ ਵਿਦਿਆਰਥੀ ਸਨ, ਉਨ੍ਹਾਂ ਨੂੰ ਛੱਡ ਕੇ ਜਿਨ੍ਹਾਂ ਨੇ ਪਹਿਲਾਂ ਹੀ ਸਿਖਲਾਈ ਮੁਕੰਮਲ ਕਰ ਲਈ ਸੀ ਅਤੇ ਜ਼ਿੰਮੇਵਾਰੀਆਂ ਲੈ ਕੇ ਰਵਾਨਾ ਹੋ ਗਏ ਸਨ।[96]

ਅਮੀਰ ਹੈਦਰ ਖਾਨ 1928 ਵਾਲੇ ਵਿਦਿਆਰਥੀਆਂ ਵਿੱਚੋਂ ਸੀ। ਉਸ ਦੀ ਸਮਝ ਅਨੁਸਾਰ, ਕਮਿੰਤਰਨ "ਸਾਰੇ ਬਸਤੀਵਾਦੀ ਮੁਲਕਾਂ ਵਿਚ ਉੱਥੋਂ ਦੇ ਸਨਅਤੀ ਮਜ਼ਦੂਰਾਂ ਨੂੰ ਲੈ ਕੇ ਕਮਿਊਨਿਸਟ ਪਾਰਟੀਆਂ ਬਣਾਉਣ 'ਚ ਮਦਦ ਕਰਨਾ ਚਾਹੁੰਦੀ ਸੀ। ਇਸ ਉਦੇਸ਼ ਦੇ ਮੱਦੇ-ਨਜ਼ਰ, ਕਮਿਊਨਿਸਟ ਕੌਮਾਂਤਰੀ ਕੁਝ ਇਨਕਲਾਬੀ ਕਾਰਕੁੰਨਾਂ ਦੀ ਸਿਖਲਾਈ ਲੈਣ 'ਚ ਮਦਦ ਦੇ ਰਹੀ ਸੀ ਜੋ ਆਪੋ ਆਪਣੇ ਮੁਲਕਾਂ ਵਿਚ ਪਾਰਟੀ ਆਰਗੇਨਾਈਜ਼ਰ ਬਣਨਗੇ। ਇੰਝ [ਉਨ੍ਹਾਂ ਨੇ] ਵੱਖੋ-ਵੱਖਰੇ ਬਸਤੀਵਾਦੀ ਮੁਲਕਾਂ ਵਿੱਚੋਂ ਕੁਝ ਵਿਦਿਆਰਥੀ ਸਿੱਧੇ ਤੌਰ 'ਤੇ ਅਤੇ ਬਸਤੀਆਂ ਦੇ ਕੁਝ ਵਿਦਿਆਰਥੀ ਵੱਖੋ-ਵੱਖਰੇ ਸਾਮਰਾਜੀ ਮੁਲਕਾਂ ਦੀਆਂ ਕਮਿਊਨਿਸਟ ਪਾਰਟੀਆਂ ਜ਼ਰੀਏ ਹਾਸਲ ਕਰ ਲਏ।"[97] ਮਿਸਾਲ ਵਜੋਂ, ਫਰਾਂਸ ਦੀ ਕਮਿਊਨਿਸਟ ਪਾਰਟੀ ਨੇ ਹਿੰਦ-ਚੀਨ, ਮੋਰੱਕੋ, ਸੀਰੀਆ ਅਤੇ ਵੱਖੋ-ਵੱਖਰੀਆਂ ਹੋਰ ਬਸਤੀਆਂ ਤੋਂ ਵਿਦਿਆਰਥੀ ਭੇਜੇ ਸਨ। ਪਰ ਬਰਤਾਨੀਆ ਦੀ ਕਮਿਊਨਿਸਟ ਪਾਰਟੀ (ਸੀ.ਪੀ.ਜੀ.ਬੀ.) ਅਤੇ ਹਿੰਦੁਸਤਾਨ ਵਿਚ ਰਾਏ ਤੋਂ ਕੋਈ ਖ਼ਾਸ ਕੰਮ ਨਹੀਂ ਸੀ ਹੋ ਰਿਹਾ। ਲਿਹਾਜ਼ਾ ਕਮਿੰਤਰਨ ਦਾ ਮੁਹਾਣ ਖਾੜਕੂ ਹਿੰਦੁਸਤਾਨੀ ਮਜ਼ਦੂਰਾਂ ਦੇ ਸੰਭਵ ਵਸੀਲੇ ਵਜੋਂ ਅਮਰੀਕਾ ਵੱਲ ਹੋ ਗਿਆ।[98] ਜੋਸ਼ ਮੁਤਾਬਕ, ਭਰਤੀ ਦੇ ਹੋਰ ਵਸੀਲੇ ਸਨ ਮੁਹਾਜਿਰੀਨ ਅਤੇ "ਇਰਾਨ ਤੇ ਮੱਧ ਪੂਰਬ ਵਿਚ ਅੰਗਰੇਜ਼ਾਂ ਦੀ ਹਿੰਦੁਸਤਾਨੀ ਫ਼ੌਜ ਵਿੱਚੋਂ ਨਾਂ ਕਟਾ ਕੇ ਆਉਣ ਵਾਲੇ ਅਤੇ ਜੰਗੀ ਕੈਦੀ"[99] – ਭਾਵ, ਉਹ ਲੋਕ ਜਿਨ੍ਹਾਂ ਵਿਚ ਜੰਗ ਸਮੇਂ ਗ਼ਦਰ ਦਾ ਪ੍ਰਚਾਰ ਕੀਤਾ ਜਾਂਦਾ ਸੀ।

ਪਹਿਲੀ ਟੋਲੀ 'ਚ ਜਾਣ ਵਾਲਿਆਂ ਨੇ ਮਾਂਟਰੀਅਲ ਦੇ ਸੋਵੀਅਤ ਕੌਂਸਲੇਟ ਵਿਖੇ ਖ਼ੁਦ ਨੂੰ ਖੇਤੀ ਕਾਮੇ ਦੱਸਿਆ, ਕਿਉਂਕਿ ਅਮਰੀਕਾ ਦਾ ਸੋਵੀਅਤ ਯੂਨੀਅਨ ਨਾਲ ਕੋਈ ਕੂਟਨੀਤਕ ਰਿਸ਼ਤਾ ਨਹੀਂ ਸੀ। ਉਨ੍ਹਾਂ ਵਿੱਚੋਂ ਕਈਆਂ ਲਈ ਇਹ ਅਤਿ-ਕਥਨੀ ਨਹੀਂ ਸੀ, ਪਰ ਇਹ ਸਾਰਿਆਂ ਉੱਪਰ ਲਾਗੂ ਨਹੀਂ ਸੀ ਹੁੰਦਾ। ਪ੍ਰੇਮ ਸਿੰਘ ਗਿੱਲ ਇਸ ਦੀ ਮਿਸਾਲ ਸੀ, ਜੋ ਜਾਣੇ-ਪਛਾਣੇ ਪੜ੍ਹਾਈ ਦੇ ਜ਼ਰੀਏ ਇਥੇ ਆਇਆ ਸੀ: ਪਹਿਲਾਂ ਲਾਹੌਰ ਅਤੇ ਫਿਰ ਬਰਕਲੇ ਵਿਚ ਪੜ੍ਹਾਈ ਕਰਨ ਤੋਂ ਪਿੱਛੋਂ, ਜਿਥੇ ਉਹ ਸੋਵੀਅਤ ਇਨਕਲਾਬ ਤੋਂ "ਬਹੁਤ ਜ਼ਿਆਦਾ ਪ੍ਰਭਾਵਤ ਹੋਇਆ ਸੀ", 1926 'ਚ ਉਸ ਨੇ ਛੇ ਹੋਰਾਂ ਸਮੇਤ ਮਾਸਕੋ ਜਾਣ ਲਈ ਆਪਣਾ ਨਾਂ ਪੇਸ਼ ਕੀਤਾ। ਬਾਅਦ 'ਚ ਉਹ ਮਸ਼ਹੂਰ ਵਿਗਿਆਨੀ ਬਣਿਆ।[100] ਜਸਵੰਤ ਸਿੰਘ ਦਾ ਪੈਂਡਾ ਤਾਂ ਹੋਰ

ਵੀ ਖ਼ਾਸ ਤਰ੍ਹਾਂ ਦਾ ਸੀ। ਉਹ ਵੈਸਟ ਕੋਸਟ ਵਿਚ ਖੇਤੀ ਕਾਮਾ ਨਹੀਂ ਸੀ ਸਗੋਂ ਫੋਰਡ ਮੋਟਰ ਕੰਪਨੀ ਵਿਚ ਨੌਕਰੀ ਲੱਗਿਆ ਹੋਇਆ ਸੀ। ਤਿੰਨ ਮੈਂਬਰੀ ਕਮਿਸ਼ਨ ਵਲੋਂ ਇਹ ਪੁੱਛੇ ਜਾਣ 'ਤੇ ਕਿ ਉਹ ਰੂਸ ਕਿਉਂ ਆਇਆ ਸੀ, ਉਸ ਨੇ ਜਵਾਬ ਦਿੱਤਾ ਕਿ ਫੋਰਡ ਵਿਚ ਕੰਮ ਕਰਦਿਆਂ "ਇਕ ਰੂਸੀ ਇੰਜੀਨੀਅਰ ਨਾਲ ਮੁਲਾਕਾਤ ਹੋਣ 'ਤੇ ਮੇਰੇ ਮਨ ਵਿਚ ਇਹ ਖ਼ਾਹਸ਼ ਜਾਗੀ ਕਿ ਮਜ਼ਦੂਰਾਂ ਦੇ ਰਾਜ ਨੂੰ ਅੱਖੀਂ ਦੇਖਿਆ ਜਾਵੇ ਤੇ ਉਥੇ ਪੜ੍ਹਾਈ ਕੀਤੀ ਜਾਵੇ ਅਤੇ ਫਿਰ ਮੁਲਕ ਨੂੰ ਆਜ਼ਾਦ ਕਰਾਉਣ ਲਈ ਹਿੰਦੁਸਤਾਨ ਜਾਇਆ ਜਾਵੇ। ਗ਼ਦਰ ਪਾਰਟੀ ਨੇ ਮੈਨੂੰ ਇਥੇ ਕਮਿਊਨਿਜ਼ਮ ਦੀ ਪੜ੍ਹਾਈ ਕਰਨ ਲਈ ਭੇਜਿਆ ਸੀ।" ਜਦੋਂ ਅਮਰੀਕੀ ਕਮਿਊਨਿਸਟ ਪਾਰਟੀ ਬਾਰੇ ਉਸ ਦੇ ਖ਼ਿਆਲ ਪੁੱਛੇ ਗਏ, ਉਸ ਨੇ ਜਵਾਬ ਦਿੱਤਾ: "ਮੈਂ ਬਹੁਤਾ ਕੁਝ ਨਹੀਂ ਜਾਣਦਾ। ਮੇਰਾ ਕੁਝ ਸਾਥੀਆਂ ਨਾਲ ਥੋੜ੍ਹਾ ਵਾਹ-ਵਾਸਤਾ ਰਿਹਾ ਹੈ ਜਿਨ੍ਹਾਂ ਨੇ ਮੈਨੂੰ ਪਾਰਟੀ ਹਮਦਰਦ ਬਣਾ ਲਿਆ ਸੀ। ਉਨ੍ਹਾਂ ਨੇ ਮੈਨੂੰ ਦੱਸਿਆ ਕਿ ਰੂਸੀ ਕਮਿਊਨਿਸਟ ਪਾਰਟੀ ਨੇ ਜ਼ਾਰ ਦਾ ਤਖ਼ਤ ਉਲਟਾ ਦਿੱਤਾ ਸੀ ਅਤੇ ਮਜ਼ਦੂਰਾਂ ਤੇ ਕਿਸਾਨਾਂ ਦੀ ਹਕੂਮਤ ਕਾਇਮ ਕਰ ਲਈ ਸੀ। ਜ਼ਿਆਦਾਤਰ ਮੇਰੀ ਰੁਚੀ ਇਸ ਨਾਲ ਬਣੀ।"[101] ਜਸਵੰਤ ਸਿੰਘ ਵਾਂਗ, ਸਿਖਾਂਦਰੂਆਂ ਦੀ ਇਥੇ ਆਉਣ 'ਤੇ ਅਜ਼ਮਾਇਸ਼ ਕੀਤੀ ਜਾਂਦੀ। ਉਨ੍ਹਾਂ ਨੂੰ ਸਵਾਲਨਾਮੇ ਦੇ ਲਿਖਤੀ ਜਵਾਬ ਦੇਣੇ ਪੈਂਦੇ, ਪੜ੍ਹੇ-ਲਿਖੇ ਬੰਦੇ ਆਪਣੇ ਘੱਟ ਪੜ੍ਹੇ ਸਾਥੀਆਂ ਦੀ ਇਸ ਪੱਖੋਂ ਸਹਾਇਤਾ ਕਰਦੇ। ਇਸ ਦਾ ਮਕਸਦ ਅੰਗਰੇਜ਼ਾਂ ਦੇ ਸੂਹੀਆਂ ਨੂੰ ਛਾਂਟ ਕੇ ਬਾਹਰ ਕਰਨਾ ਅਤੇ ਜਮਾਤੀ ਪਿਛੋਕੜ ਦਾ ਪਤਾ ਲਾਉਣਾ ਸੀ। ਇਕ ਚਾਹਵਾਨ ਨੂੰ ਤਾਂ ਇਸੇ ਕਰਕੇ ਵਾਪਸ ਮੋੜ ਦਿੱਤਾ ਗਿਆ ਕਿਉਂਕਿ ਪੰਜਾਬ ਵਿਚ ਉਸ ਦਾ ਟੱਬਰ ਚੋਖੀ ਜ਼ਮੀਨ ਦਾ ਮਾਲਕ ਸੀ।

ਵਿਦਿਆਰਥੀਆਂ ਨੂੰ ਪੂਰਾ ਸਾਲ ਇਨਕਲਾਬੀ ਇਤਿਹਾਸ, ਰਾਜਨੀਤਕ ਆਰਥਿਕਤਾ, ਇਤਿਹਾਸਕ ਪਦਾਰਥਵਾਦ, ਪ੍ਰੋਲੇਤਾਰੀ ਇਨਕਲਾਬ ਦੀ ਯੁੱਧਨੀਤੀ ਤੇ ਦਾਅਪੇਚ, ਅਤੇ ਪਾਰਟੀ ਉਸਾਰੀ ਬਾਰੇ ਸਬਕ ਪੜ੍ਹਾਏ ਜਾਣ ਦਾ ਪ੍ਰੋਗਰਾਮ ਸੀ।[102] ਆਮ ਤੌਰ 'ਤੇ ਯੂਨੀਵਰਸਿਟੀ ਉਨ੍ਹਾਂ "ਮਿਹਨਤਕਸ਼ਾਂ" ਨੂੰ ਤਰਜੀਹ ਦਿੰਦੀ ਸੀ ਜੋ ਮੁਕਾਬਲਤਨ ਨੌਜਵਾਨ ਹੋਣ ਅਤੇ ਘੱਟੋਘੱਟ ਥੋੜ੍ਹਾ ਪੜ੍ਹੇ ਲਿਖੇ ਹੋਣ। ਇਸ ਦੇ ਬਾਵਜੂਦ ਗ਼ਦਰ ਪਾਰਟੀ ਨੇ ਜਿਨ੍ਹਾਂ ਪੰਜਾਬੀ ਕਾਮਿਆਂ ਨੂੰ ਭੇਜਿਆ ਉਹ ਥੋੜ੍ਹਾ ਵੱਡੀ ਉਮਰ ਦੇ ਅਤੇ ਅਨਪੜ੍ਹ ਸਨ। ਫਿਰ ਵੀ, "ਕੌਮਾਂਤਰੀ ਵਿਭਾਗ 'ਪੰਜਾਬ ਦੇ ਸਾਥੀਆਂ ਨੂੰ ਉੱਤਮ ਗਿਣਦਾ ਸੀ'" ਅਤੇ ਉਨ੍ਹਾਂ ਦੀ ਅਜ਼ਮਾਈ ਹੋਈ ਸੱਚੀ-ਸੁੱਚੀ ਸ਼ਖ਼ਸੀਅਤ ਅਤੇ ਇਨਕਲਾਬੀ ਗੁਣਾਂ ਨੂੰ ਦੇਖਦਿਆਂ ਉਨ੍ਹਾਂ ਨੂੰ ਲੈ ਲੈਂਦਾ ਸੀ।[103] ਲੋੜ ਅਨੁਸਾਰ ਮੁੱਢਲੀ ਪੜ੍ਹਾਈ 'ਤੇ ਕੇਂਦਰਤ ਕਰਦਿਆਂ ਉਨ੍ਹਾਂ ਨੂੰ ਵੱਖਰੀ ਪੜ੍ਹਾਈ ਵਿਚ ਪਾਇਆ ਜਾਂਦਾ ਸੀ – ਬਹੁਤ ਸਾਰਿਆਂ ਲਈ ਤਾਂ ਇਹ ਪੜ੍ਹਾਈ ਦਾ ਪਹਿਲਾ ਮੌਕਾ ਹੁੰਦਾ ਸੀ – ਇਸ ਪਿੱਛੋਂ ਮੁੱਢਲਾ ਮਾਰਕਸਵਾਦੀ ਸਿਧਾਂਤ ਪੜ੍ਹਾਇਆ ਜਾਂਦਾ ਸੀ। ਜਵਾਲਾ ਸਿੰਘ ਦੇ ਲਫ਼ਜ਼ਾਂ 'ਚ, ਉਨ੍ਹਾਂ ਨੇ ਸਿਖਿਆ "ਕਮਿਊਨਿਜ਼ਮ ਕੀ ਹੈ; ਮਨੁੱਖ ਅਤੇ ਸਮਾਜ ਦਾ ਵਿਕਾਸ ਕਿਵੇਂ ਹੋਇਆ; ਮਾਰਕਸ ਅਤੇ ਏਂਗਲਜ਼ ਨੇ ਸਿਧਾਂਤ ਕਿਵੇਂ ਘੜਿਆ.... ਅਤੇ ਸੋਵੀਅਤ ਇਨਕਲਾਬ ਕਿਵੇਂ ਹੋਇਆ ਤੇ ਲੈਨਿਨ ਦੀ ਇਸ ਵਿਚ ਕੀ ਭੂਮਿਕਾ ਸੀ।" ਰਾਜਾ ਸਿੰਘ, ਜਿਸ ਨੇ 1932 ਤੋਂ 1936 ਤੱਕ ਪੜ੍ਹਾਈ ਕੀਤੀ, ਨੇ ਆਪਣੇ ਸਬਕਾਂ ਦਾ ਨਿਚੋੜ ਇਸ ਤਰ੍ਹਾਂ ਪੇਸ਼ ਕੀਤਾ: "ਸਰਮਾਏਦਾਰ ਮਜ਼ਦੂਰਾਂ ਨੂੰ ਕਿਵੇਂ ਲੁੱਟਦੇ ਸਨ ਅਤੇ ਸਰਮਾਏ ਦਾ ਸੰਗ੍ਰਹਿ ਕਿਵੇਂ ਹੁੰਦਾ ਹੈ ਅਤੇ ... ਕੋਈ ਚਾਰ ਯੁਗ ਨਹੀਂ ਹੁੰਦੇ ਸਗੋਂ ਸਮਾਜ ਦੇ ਵਿਕਾਸ ਦੇ ਚਾਰ ਪੜਾਅ ਹਨ" (ਹਾਲਾਂਕਿ, ਜੋਸ਼ ਨੇ ਨੋਟ ਕੀਤਾ, ਉਹ ਅਜੇ ਵੀ ਇਨ੍ਹਾਂ ਪੜਾਵਾਂ ਨੂੰ ਸਹੀ ਸਹੀ ਬਿਆਨ ਨਹੀਂ ਸੀ ਕਰ ਸਕਦਾ)।[104] ਹਦਾਇਤਾਂ ਉਰਦੂ ਜਾਂ ਪੰਜਾਬੀ ਵਿਚ ਦਿੱਤੀਆਂ ਜਾਂਦੀਆਂ ਸਨ। ਅੰਗਰੇਜ਼ੀ ਬੋਲਣ ਵਾਲਿਆਂ ਦੀ ਸਿਖਲਾਈ ਆਮ ਤੌਰ 'ਤੇ ਬਾਕੀਆਂ

ਮਹੀਨੇ ਦੀ ਹੁੰਦੀ ਸੀ, ਅਤੇ ਹੋਰ ਜ਼ਬਾਨਾਂ ਬੋਲਣ ਵਾਲਿਆਂ ਦੀ ਅਠਾਰਾਂ ਮਹੀਨੇ।[105] ਕਈ ਤਾਂ ਉਥੇ ਇਕ ਸਾਲ ਰਹੇ, ਕਈ ਚਾਰ ਸਾਲ।[106]

ਸੈਨੇਟ ਦੀ ਕੈਲੀਫੋਰਨੀਆ ਬਾਰੇ ਤੱਥ ਪੜਤਾਲੀਆ ਕਮੇਟੀ ਨੇ ਚਿੜ੍ਹ ਕੇ ਬਗ਼ਾਵਤ ਵਿਰੋਧੀ ਖ਼ਾਸ ਤਰ੍ਹਾਂ ਦੀ ਵਾਰਤਕੀ ਸੁਰ 'ਚ ਕਿਹਾ ਕਿ "ਰਾਜ-ਧ੍ਰੋਹ ਦੀ ਇਸ ਅਕਾਦਮੀ ਨੇ ਕੁਝ ਮਸ਼ਹੂਰ ਗਰੈਜੂਏਟ ਪੈਦਾ ਕੀਤੇ ਹਨ," ਉਨ੍ਹਾਂ ਦੇ ਆਪਣੇ ਮੁਲਕ ਵਿਚ ਪੈਦਾ ਹੋਏ ਗ਼ਦਰੀਆਂ ਸਮੇਤ। ਰਿਪੋਰਟ ਵਿਚ ਅੱਗੇ ਕਿਹਾ ਗਿਆ: "ਇਸ ਵੱਡੇ ਲਾਲ ਸਕੂਲ ਦੇ ਗਰੈਜੂਏਟ ਆਲਮੀ ਕਮਿਊਨਿਸਟ ਲਹਿਰ ਦੇ ਅਸਲ ਆਗੂ ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਭੰਨ-ਤੋੜ ਦੀ ਵਿਸ਼ੇਸ਼ ਕਾਬਲੀਅਤ ਕਰਕੇ ਚੁਣਿਆ ਗਿਆ, ਅਤੇ ਉਨ੍ਹਾਂ ਨੂੰ ਰੇਲਾਂ ਦੀ ਭੰਨ-ਤੋੜ ਕਰਨ, ਸੜਕਾਂ 'ਤੇ ਲੜਨ, ਛਾਪਾਮਾਰ ਦਾਅਪੇਚਾਂ, ਰੂਪੋਸ਼ ਜਥੇਬੰਦੀ, ਆਵਾਜਾਈ ਅਤੇ ਸੰਚਾਰ ਸੇਵਾਵਾਂ 'ਚ ਖ਼ਲਲ ਪਾਉਣ, ਖਾਣ-ਪੀਣ ਦੀਆਂ ਚੀਜ਼ਾਂ ਤੇ ਪੀਣ ਵਾਲੇ ਪਾਣੀ ਵਿਚ ਜ਼ਹਿਰ ਮਿਲਾਉਣ ਅਤੇ ਜਾਸੂਸੀ ਦੀ ਆਹਲਾ ਕਿਸਮ ਦੀ ਵਿਕਸਤ ਅਤੇ ਨਾਜ਼ੁਕ ਕਲਾ ਦੇ ਖ਼ਾਸ ਕੋਰਸ ਕਰਵਾਉਣ ਤੋਂ ਪਹਿਲਾਂ ਕਮਿਊਨਿਸਟ ਸਿਆਸਤ ਤੇ ਵਿਚਾਰਧਾਰਾ ਦੀ ਜ਼ਬਰਦਸਤ ਸਿਖਲਾਈ ਦਿੱਤੀ ਗਈ।"[107] ਸਿਲੇਬਸ ਦੀ ਅਜਿਹੀ ਮਨਹੂਸ ਸਨਸਨੀਖੇਜ਼ ਪੇਸ਼ਕਾਰੀ ਦੇ ਬਾਵਜੂਦ, ਅਸਲੀਅਤ ਵਿਚ ਸਿਖਲਾਈ ਦੇ ਕੋਰਸ ਦੀ ਹਦਾਇਤ ਇਹ ਸੀ ਕਿ ਸਿਰਫ਼ ਢੁੱਕਵੀਂ ਸਿਧਾਂਤਕ ਬੁਨਿਆਦ ਤਿਆਰ ਕਰਨ ਤੋਂ ਪਿੱਛੋਂ ਹੀ ਵਿਦਿਆਰਥੀਆਂ ਨੂੰ ਫ਼ੌਜੀ ਸਿਖਲਾਈ ਦਿੱਤੀ ਜਾਂਦੀ ਸੀ, ਅਤੇ ਫਿਰ ਵਿਹਾਰਕ ਤਜ਼ਰਬਾ ਹਾਸਲ ਕਰਨ ਲਈ ਫੈਕਟਰੀ ਵਿਚ ਥੋੜ੍ਹਾ ਕੰਮ ਕਰਵਾਇਆ ਜਾਂਦਾ ਸੀ। ਆਪਣੇ ਜਮਾਤੀ ਪਿਛੋਕੜ ਤੋਂ ਟੁੱਟ ਚੁੱਕੇ ਮੱਧ ਵਰਗੀ ਨੌਜਵਾਨਾਂ ਲਈ ਤਾਂ ਇਹ ਵਿਹਾਰਕ ਲੱਗਦਾ ਸੀ ਜਿਨ੍ਹਾਂ ਲਈ ਸ਼ਾਇਦ ਇਹ ਪ੍ਰੋਗਰਾਮ ਤਿਆਰ ਕੀਤਾ ਗਿਆ ਸੀ। ਹੈਰਾਨੀ ਤਾਂ ਇਹ ਹੈ ਕਿ ਕੀ ਇਹ ਪੰਜਾਬੀਆਂ ਲਈ ਵੀ ਸੱਚਮੁੱਚ ਜ਼ਰੂਰੀ ਸੀ, ਜੋ ਤਜ਼ਰਬੇਕਾਰ ਫ਼ੌਜੀਆਂ ਅਤੇ ਪੂਰੀ ਜ਼ਿੰਦਗੀ ਖੇਤੀ ਦਾ ਕੰਮ ਕਰਨ ਵਾਲਿਆਂ ਵਿੱਚੋਂ ਆਏ ਸਨ।

ਮਾਸਕੋ ਸਕੂਲ ਦਾ ਵਿਸਤਾਰੀ ਵਰਨਣ ਅਮਰੀਕੀ ਪੱਤਰਕਾਰ ਅਰਨਸਟੀਨ ਐਵਨਜ਼ ਨੇ ਕੀਤਾ ਹੈ ਜੋ 1921 ਦੀ ਪੱਤਝੜ ਸਮੇਂ ਰੂਸ ਗਈ ਸੀ ਅਤੇ ਉਸ ਨੂੰ "ਪੂਰਬ ਦੀ ਯੂਨੀਵਰਸਿਟੀ" ਬਾਰੇ ਜਾਨਣ ਦੀ ਬਹੁਤ ਜਿਗਿਆਸਾ ਸੀ।[108] ਸਕੂਲ ਸਤਾਲਿਨ ਦੇ ਸਹਾਇਕ ਬਰੋਇਦਾ, ਜੋ ਕੌਮੀਅਤਾਂ ਦਾ ਕੋਮੀਸਾਰ ਸੀ, ਦੇ ਸੁਝਾਅ ਅਨੁਸਾਰ ਇਕ ਸਾਲ ਪਹਿਲਾਂ ਬਣਾਇਆ ਗਿਆ ਸੀ, "ਜਿਸ ਦਾ ਕੰਮ ਬੜਾ ਟੇਢਾ ਹੈ ਸਾਬਕਾ ਰੂਸੀ ਸਲਤਨਤ ਦੇ ਅਧੀਨ ਰਹੇ ਲੋਕਾਂ ਦੀਆਂ ਕੌਮੀ ਭਾਵਨਾਵਾਂ ਨੂੰ ਕਮਿਊਨਿਸਟ ਹਕੂਮਤ ਦੀ ਕੌਮਾਂਤਰੀਵਾਦੀ ਪ੍ਰੋਲੇਤਾਰੀ ਵਿਚਾਰਧਾਰਾ ਨਾਲ ਇਕਸੁਰ ਕਰਨਾ ਅਤੇ ਅਜੇ ਵੀ ਉਨ੍ਹਾਂ ਨੂੰ ਰੂਸੀ ਫੈੱਡਰੇਸ਼ਨ ਦੇ ਅੰਦਰ ਰੱਖਣਾ।" ਐਵਨਜ਼ ਨੇ ਖ਼ੁਲਾਸਾ ਕੀਤਾ, ਬਰੋਇਦਾ ਨੇ ਇਹ ਸਕੂਲ ਬਣਾਉਣ ਦਾ ਸੁਝਾਅ "ਦੂਰ-ਦੂਰ ਫੈਲੀਆਂ ਕੌਮੀਅਤਾਂ ਨੂੰ ਮਾਸਕੋ ਨਾਲ ਪੱਕੀ ਤਰ੍ਹਾਂ ਜੋੜਨ ਦੇ ਸਾਧਨ ਵਜੋਂ" ਦਿੱਤਾ ਸੀ।

ਆਪਣੇ ਲੇਖ "ਮਾਸਕੋ ਤੋਂ ਪੂਰਬ ਨੂੰ ਨਿਹਾਰਦਿਆਂ" ਵਿਚ ਐਵਨਜ਼ ਨੇ ਰਿਪੋਰਟ ਕੀਤੀ ਕਿ 1921 'ਚ ਇਸ ਸਕੂਲ ਵਿਚ 731 ਵਿਦਿਆਰਥੀ ਸਨ, ਜਿਨ੍ਹਾਂ ਵਿਚ ਤਾਤਾਰ, ਕਿਰਗਿਜ, ਤਰਕੋਮਨ, ਤੁਰਕ, ਮੈਸ਼ਚੇਰੀਯਾਕ, ਉਜ਼ਬੇਕ, ਤਾਜ਼ਿਕ, ਕਾਜ਼ਿਕੁਲਿਕ, ਬੁਖਾਰਾ ਵਾਸੀ, ਹਿੰਦੂ, ਈਰਾਨੀ, ਅਰਬ, ਯਹੂਦੀ, ਕੋਰੀਆਈ, ਜਪਾਨੀ, ਚੀਨੀ, ਆਸੇਸ਼ੀਅਨ, ਅਵਾਰ, ਅਵੇਰੀਅਨ, ਲੈਜ਼ਗੀਅਨ, ਖ਼ਿਵਾਨ, ਲਿਤ, ਜਾਰਜੀਅਨ, ਕੁਝ ਬੰਦੇ ਅਜ਼ਰਵਾਈਜਾਨ ਤੋਂ, ਬਲਗਾਰੀਅਨ, "ਅਤੇ ਕਿਤਿਓਂ, ਕਿਸੇ ਵਜ੍ਹਾ ਕਾਰਨ ਇਕ ਫਰਾਂਸੀਸੀ ਵਿਦਿਆਰਥੀ" ਸ਼ਾਮਲ ਸਨ।[109] ਕਈ ਵਰ੍ਹੇ ਪਹਿਲਾਂ ਆਉਣ ਵਾਲੇ ਗ਼ਦਰੀਆਂ ਬਾਰੇ ਹਿੰਦੁਸਤਾਨੀ *ਮੁਹਾਜਿਰ* ਫ਼ਿਦਾ ਅਲੀ ਅਤੇ ਅਬਦੁਲ

ਕਾਦਰ ਦਾ ਕਹਿਣਾ ਸੀ ਕਿ "ਤਕਰੀਬਨ ਸਾਰੀਆਂ ਏਸ਼ੀਆਈ ਕੌਮਾਂ ਦੇ ਵਿਦਿਆਰਥੀ" ਇਥੇ ਸਿਖਲਾਈ ਲੈ ਰਹੇ ਸਨ। ਫ਼ਿਰੋਜ਼ਦੀਨ ਮਨਸੂਰ ਨੇ "ਕਈ ਹੋਰ ਏਸ਼ੀਆਈ ਵਿਦਿਆਰਥੀ, ਈਰਾਨੀ, ਬੁਖਾਰਾ ਵਾਸੀ ਵਗੈਰਾ ਪਰ ਇਨ੍ਹਾਂ 'ਚ ਅਫ਼ਗਾਨ ਕੋਈ ਨਹੀਂ ਸੀ" ਦਾ ਖ਼ਾਸ ਜ਼ਿਕਰ ਕੀਤਾ। ਮਨਸੂਰ ਨੇ ਰਿਪੋਰਟ ਵਿਚ ਇਹ ਵੀ ਲਿਖਿਆ ਕਿ ਉਨ੍ਹਾਂ ਦੀਆਂ ਜਮਾਤਾਂ ਅੰਗਰੇਜ਼ੀ ਵਿਚ ਲਗਾਈਆਂ ਜਾਂਦੀਆਂ ਸਨ, ਜਦਕਿ ਐਵਨਜ਼ ਦਸ ਵੱਖੋ-ਵੱਖਰੀਆਂ ਜ਼ਬਾਨਾਂ ਇਸਤੇਮਾਲ ਕਰਨ ਦਾ ਜ਼ਿਕਰ ਕਰਦੀ ਹੈ।[110] ਉਸ ਨੇ ਸਾਇਬੇਰੀਆ ਤੋਂ ਚਾਲੀ ਚੀਨੀ ਮੁੰਡਿਆਂ ਦਾ ਜ਼ਿਕਰ ਵੀ ਕੀਤਾ ਜੋ ਰੂਸੀ ਸਿੱਖ ਰਹੇ ਸਨ। *ਮੁਹਾਜਿਰ* ਰਫ਼ੀਕ ਅਹਿਮਦ ਨੇ ਅੰਦਾਜ਼ਾ ਲਗਾਇਆ ਕਿ ਵਿਦਿਆਰਥੀਆਂ ਦਾ ਦਸ ਫ਼ੀ ਸਦੀ ਕੁੜੀਆਂ ਸਨ। ਸਵੀਕਾਰ ਕੀਤੇ ਜਾਣ ਲਈ, ਵਿਦਿਆਰਥੀਆਂ ਦਾ "ਸਹੀ ਸਮਾਜੀ ਅਤੇ ਵਿਚਾਰਧਾਰਕ ਪਿਛੋਕੜ" ਭਾਵ ਮਜ਼ਦੂਰ ਜਾਂ ਕਿਸਾਨ ਟੱਬਰਾਂ ਵਿੱਚੋਂ ਹੋਣਾ ਜ਼ਰੂਰੀ ਸੀ – ਹਿੰਦੁਸਤਾਨ ਦੇ ਮਾਮਲੇ ਵਿਚ ਮੁਣਸ਼ੀ ਕਿੱਤੇ ਵਾਲੇ ਵੀ ਇਸ ਵਿਚ ਸ਼ੁਮਾਰ ਸਨ – ਅਤੇ ਉਨ੍ਹਾਂ ਕੋਲ ਮਜ਼ਦੂਰ ਜਮਾਤ ਦੀ ਜਾਂ ਕਿਸੇ ਕਮਿਊਨਿਸਟ ਜਥੇਬੰਦੀ ਦੀ ਮਨਜ਼ੂਰੀ ਹੋਣੀ ਜ਼ਰੂਰੀ ਸੀ। ਜਦਕਿ, ਪੜ੍ਹਾਈ ਦੇ ਲਿਹਾਜ਼ ਨਾਲ ਕੋਰੇ ਅਨਪੜ੍ਹ ਤੋਂ ਲੈ ਕੇ ਯੂਰਪ ਦੀਆਂ ਆਹਲਾ ਯੂਨੀਵਰਸਿਟੀਆਂ ਦੇ ਵਿਦਿਆਰਥੀ ਤੱਕ ਹਰ ਕਿਸੇ ਨੂੰ ਲਿਆ ਜਾਂਦਾ ਸੀ।

ਐਵਨਜ਼ ਨੇ ਐਵਲਿਨ ਰਾਏ ਵਲੋਂ ਪੜ੍ਹਾਈ ਜਾਂਦੀ ਜਮਾਤ ਬਾਰੇ ਲਿਖਿਆ "ਜੋ ਅਠਾਰਾਂ ਹਿੰਦੁਸਤਾਨੀ ਮੁੰਡਿਆਂ ਨੂੰ ਰੇਮੰਡ ਵਿਲੀਅਮ ਪੋਸਟਗੇਟ ਦੀ ਕਿਤਾਬ *1789 ਤੋਂ 1906 ਦੇ ਇਨਕਲਾਬ* ਦੇ ਕਾਂਡ ਅੰਗਰੇਜ਼ੀ ਵਿਚ ਉੱਚੀ ਉੱਚੀ ਬੋਲ ਕੇ ਪੜ੍ਹਾ ਰਹੀ ਸੀ।"[111] ਐਵਨਜ਼ ਨੇ ਅੱਗੇ ਟਿੱਪਣੀ ਕੀਤੀ: "ਜਮਾਤ ਵਿਚ ਸ਼ਾਮਲ ਇਕ ਕੋਰੀਆਈ ਵਿਚ ਵਿਚ ਨੀਂਦ ਦਾ ਝੌਂਕਾ ਲਾਈ ਜਾਂਦਾ ਸੀ। ਕੁੜੀ ਨੇ ਤਾਜ਼ਾ ਦਮ, ਜੋਸ਼ੀਲੀ ਆਵਾਜ਼ 'ਚ ਪੜ੍ਹ ਕੇ ਸੁਣਾਇਆ। ਮੁੰਡਿਆਂ ਨੇ ਲਾਇਬ੍ਰੇਰੀ ਕਾਰਡਾਂ ਬਾਰੇ ਕੁਝ ਸਵਾਲ ਪੁੱਛੇ। ਜਮਾਤ ਖ਼ਤਮ ਹੋ ਗਈ।"

ਐਵਨਜ਼ ਨੇ ਦੋ ਅਰਮੀਨੀਆਈ ਮੁੰਡਿਆਂ ਨਾਲ ਹੋਈ ਮੁਲਾਕਾਤ ਦਾ ਜ਼ਿਕਰ ਵੀ ਕੀਤਾ ਜੋ ਯੂਨੀਵਰਸਿਟੀ ਵਲੋਂ ਵੋਲਗਾ ਦੇ ਇਕ ਪਿੰਡ ਨੂੰ ਭੇਜਣ ਲਈ ਸੋਕਾ ਫੰਡ ਇਕੱਠਾ ਕਰ ਰਹੇ ਸਨ। ਉਹ ਵਿਦਿਆਰਥੀਆਂ ਨੂੰ ਮਿਲੀ ਰਸਦ ਵਿੱਚੋਂ ਹਾਸਲ ਕੀਤੀ ਕਾਲੀ ਰੋਟੀ, ਆਲੂ ਅਤੇ ਚਾਹ ਪੱਤੀ ਵੀ ਭੇਜ ਰਹੇ ਸਨ।[112] ਐਵਨਜ਼ ਨੇ ਅਰਮੀਨੀਅਨਾਂ ਨੂੰ ਸਵਾਲ ਕੀਤਾ ਕਿ ਜਿਨ੍ਹਾਂ ਕੌਮੀਅਤਾਂ ਦੇ ਨੁਮਾਇੰਦਿਆਂ ਨੂੰ ਉਹ ਮਿਲਦੇ ਰਹੇ ਹਨ, ਉਨ੍ਹਾਂ ਵਿੱਚੋਂ ਸਭ ਤੋਂ ਵੱਧ ਕਿਹੜੀ ਕੌਮੀਅਤ ਵਾਲੇ ਉਨ੍ਹਾਂ ਨੂੰ ਚੰਗੇ ਲੱਗੇ। "ਉਨ੍ਹਾਂ ਦੋਵਾਂ ਨੇ ਇਕਸੁਰ ਹੋ ਕੇ ਠੋਕਵਾਂ ਜਵਾਬ ਦਿੱਤਾ ਕਿ ਉਹ ਕੌਮਾਂਤਰੀਵਾਦੀ ਹਨ ਅਤੇ ਉਨ੍ਹਾਂ ਦੀਆਂ ਕੋਈ ਚਹੇਤੀਆਂ ਕੌਮਾਂ ਨਹੀਂ ਹਨ। ਪਰ ਉਹ ਅਜ਼ਰਬਾਈਜਾਨ ਤੋਂ ਯੰਗ ਟਰਕ, ਸੂਝਵਾਨ ਸਾਥੀਆਂ ਨਾਲ ਇਕੋ ਕਮਰੇ ਵਿਚ ਰਹਿੰਦੇ ਸਨ, ਅਤੇ ਜ਼ਿਆਦਾਤਰ ਹਿੰਦੂਆਂ ਨਾਲ ਘੁੰਮਣ-ਫਿਰਨ ਜਾਂਦੇ ਸਨ ਜੋ ਉਨ੍ਹਾਂ ਦੇ ਨਾਲ ਦੇ ਮਕਾਨ ਵਿਚ ਰਹਿ ਰਹੇ ਸਨ।" ਉਨ੍ਹਾਂ ਦੇ ਪਾਠਕ੍ਰਮ ਦਾ ਰੂਪ ਸੀ "ਰਾਜਨੀਤਕ ਆਰਥਿਕਤਾ, ਕਮਿਊਨਿਜ਼ਮ ਦਾ ਇਤਿਹਾਸ, ਯੂਰਪ ਦਾ ਇਤਿਹਾਸ, ਮਨੁੱਖੀ ਸਮਾਜ ਦਾ ਇਤਿਹਾਸ, ਜੀਵ ਵਿਗਿਆਨ, ਭੂਗੋਲ, ਸਹਿਕਾਰੀ ਲਹਿਰ ਦਾ ਇਤਿਹਾਸ, ਬਸਤੀਵਾਦ ਦੇ ਵਿਕਾਸ ਦਾ ਇਤਿਹਾਸ, ਰਾਸ਼ਟਰਵਾਦ ਦੇ ਮਸਲੇ – ਅਤੇ ਗਣਿਤ।" ਉਨ੍ਹਾਂ ਦੀਆਂ ਜਮਾਤਾਂ ਚੀਨੀ, ਜਪਾਨੀ, ਬਲਗਾਰੀਅਨ, ਅਤੇ ਦਸ ਨਵੇਂ ਆਏ ਅਰਬ ਵਿਦਿਆਰਥੀਆਂ ਨਾਲ ਸਾਂਝੀਆਂ ਲਗਾਈਆਂ ਜਾਂਦੀਆਂ ਸਨ। ਐਵਨਜ਼ ਲਿਖਦੀ ਹੈ ਕਿ "ਐਨੇ ਵਿਸ਼ਾਲ ਪਾਠਕ੍ਰਮ ਵਿਚ ਗਣਿਤ ਸ਼ਾਮਲ ਕੀਤਾ ਦੇਖ ਕੇ ਉਸ ਨੂੰ ਹਾਸਾ ਆ ਗਿਆ ਸੀ, ਇਹ ਤਾਂ ਇੰਵ ਸੀ ਜਿਵੇਂ ਰਥ ਨਾਲ ਬੰਨ੍ਹਿਆ ਕੁੱਤਾ ਦੌੜ ਰਿਹਾ ਹੋਵੇ। ਮੇਰੇ ਜਾਇਜ਼ੇ ਨੇ ਮੇਰੇ ਮੁਲਾਕਾਤੀ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਈ, ਅਤੇ

ਉਸ ਨੇ ਦ੍ਰਿੜਤਾ ਨਾਲ ਕਿਹਾ, 'ਅਸੀਂ ਉਹੀ ਪੜ੍ਹਦੇ ਹਾਂ ਜਿਸ ਦੀ ਸਾਨੂੰ ਜ਼ਿੰਦਗੀ 'ਚ ਲੋੜ ਹੈ।'" ਕੋਰਸ ਮੁਕੰਮਲ ਕਰਨ ਤੋਂ ਪਿੱਛੋਂ, ਉਨ੍ਹਾਂ ਦੀ ਯੋਜਨਾ ਅਧਿਆਪਕ ਬਣਨ ਦੀ ਅਤੇ ਉਥੇ ਜਾਣ ਦੀ ਸੀ "ਜਿਥੇ ਕਿਤੇ ਵੀ ਅਰਮੀਨੀਅਨ ਕਾਮਿਆਂ ਦੇ ਗਰੁੱਪ ਰਹਿ ਰਹੇ ਹਨ।"[113] ਉਨ੍ਹਾਂ ਨੇ ਐਵਨਜ਼ ਨੂੰ ਦੱਸਿਆ, ਇਸ ਵਕਤ ਉਹ ਮਾਸਕੋ ਵਿਚ ਰਹਿ ਕੇ ਖੁਸ਼ ਸਨ ਅਤੇ ਅਕਸਰ ਥੀਏਟਰ ਜਾਂਦੇ ਰਹਿੰਦੇ ਸਨ। ਪਰ ਉਨ੍ਹਾਂ ਦੀ ਪਾਠਕ੍ਰਮ ਤੋਂ ਬਾਹਰੀ ਮਨ-ਭਾਉਂਦੀ ਸਰਗਰਮੀ ਹਫ਼ਤਾਵਾਰ ਪਾਰਟੀ ਕਾਨਫਰੰਸਾਂ ਅਤੇ ਰੂਸ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਜੋ ਹੋ ਰਿਹਾ ਸੀ ਉਸ ਬਾਰੇ ਵਿਚਾਰ-ਚਰਚਾਵਾਂ ਵਿਚ ਸ਼ਾਮਲ ਹੋਣਾ ਸੀ। ਇਹ ਸੋਸ਼ਲ ਕਲੱਬ ਦੇ ਹਾਲ ਵਿਚ ਹੁੰਦੀਆਂ ਸਨ, ਜਿਥੇ ਇਸ ਚਰਚਾ ਸਮੇਂ ਸੰਗੀਤ ਅਤੇ ਨਾਚ-ਗਾਣੇ ਦੇ ਬਹੁ-ਸੱਭਿਆਚਾਰੀ ਸੁਮੇਲਵੇਂ ਪ੍ਰੋਗਰਾਮ ਚਲਦੇ ਰਹਿੰਦੇ ਸਨ; ਇਸ ਪਿੱਛੋਂ ਸ਼ਤਰੰਜ, ਭਾਸ਼ਣ, ਜਾਂ ਕੋਈ ਨਾਟਕ ਹੁੰਦਾ। ਇਥੇ "ਮਾਰਕਸਵਾਦੀ ਗ੍ਰੰਥਾਂ ਵਾਲੀ ਲਾਇਬ੍ਰੇਰੀ ਦੀਆਂ ਪੌੜੀਆਂ ਨਾਲੋਂ" ਵੱਧ ਭੀੜ-ਭੜੱਕਾ ਹੁੰਦਾ ਸੀ। ਕੁਲ-ਮਿਲਾਕੇ, "ਇਥੇ ਵਿਦਿਆਰਥੀਆਂ ਦੀ ਵੰਨ-ਸੁਵੰਨਤਾ ਅਤੇ ਇਸ ਦੇ ਸੋਸ਼ਲ ਕਲੱਬ ਦੇ ਹਾਲ ਦਾ ਮਾਹੌਲ ਦੇਖ ਕੇ" ਇਹ ਥਾਂ ਐਵਨਜ਼ ਨੂੰ ਵਾਈ.ਐੱਮ.ਸੀ.ਏ. (ਜੰਗ ਦੌਰਾਨ ਲੰਦਨ ਦੇ ਟ੍ਰਾਫਲਗਰ ਸਕੇਅਰ ਵਿਚ ਨੌਜਵਾਨ ਇਸਾਈਆਂ ਦੀ ਸਭਾ ਦੇ ਹਾਲ – *ਅਨੁਵਾਦਕ*) ਦੇ ਅੰਦਰਲੇ ਹਿੱਸੇ ਵਰਗੀ ਜਾਪਦੀ ਸੀ। ਕੰਧਾਂ ਵਿਦਿਆਰਥੀਆਂ ਵਲੋਂ ਚਾਕ ਅਤੇ ਰੰਗਾਂ ਨਾਲ ਬਣਾਏ ਇਸ਼ਤਿਹਾਰਾਂ ਨਾਲ ਭਰੀਆਂ ਹੋਈਆਂ ਸਨ, ਜਿਨ੍ਹਾਂ ਵਿਚ ਸੋਸ਼ਲ ਕਲੱਬ ਵਲੋਂ ਕਰਵਾਏ ਜਾਣ ਵਾਲੇ ਨਾਟਕਾਂ ਦਾ ਐਲਾਨ ਕੀਤਾ ਹੁੰਦਾ, ਸੋਕੇ ਤੋਂ ਰਾਹਤ ਲਈ ਸਹਾਇਤਾ ਦੇਣ ਦਾ ਹੋਕਾ ਹੁੰਦਾ, ਟਰੇਡ ਯੂਨੀਅਨਾਂ ਦੇ ਇਸ਼ਤਿਹਾਰ ਲੱਗੇ ਹੁੰਦੇ, ਇਹ ਸਾਰੇ ਹੀ ਪੁਰਾਤਨ ਪੂਰਬੀ ਸ਼ੈਲੀ 'ਚ ਤਿਆਰ ਕੀਤੇ ਗਏ ਹੁੰਦੇ। ਇਹ ਕੋਈ ਬਹੁਤੀ ਸਲੀਕੇਦਾਰ ਯੂਨੀਵਰਸਿਟੀ ਨਹੀਂ ਸੀ। ਰੂਸ ਕੋਈ ਸਲੀਕੇਦਾਰ ਮੁਲਕ ਨਹੀਂ ਹੈ।"

ਫਿਰ ਵਾਇਸਰਾਏ ਚੈਮਸਫੋਰਡ ਨੇ 1934 'ਚ ਖੁਫ਼ੀਆ ਪੁਲਿਸ ਦੇ ਡਾਇਰੈਕਟਰ ਨੂੰ ਲਿਖੇ ਖ਼ਤ ਵਿਚ ਹੈਰਾਨੀ ਜ਼ਾਹਿਰ ਕੀਤੀ ਕੀ ਕਮਿੰਤਰਨ ਵਲੋਂ ਗ਼ਦਰ ਪਾਰਟੀ ਅਤੇ ਹੋਰਾਂ ਨੂੰ ਸ਼ੱਕੀ ਸਹਾਇਤਾ ਦਿੱਤੇ ਜਾਣਾ 1929 ਦੇ ਅੰਗਰੇਜ਼-ਸੋਵੀਅਤ ਪ੍ਰਚਾਰ ਸਮਝੌਤੇ ਦੀ ਉਲੰਘਣਾ ਬਣਦਾ ਸੀ ਜਿਸ ਨੂੰ ਲੈ ਕੇ ਇਸ ਦੇ ਵਿਰੁੱਧ ਰੋਸ ਪ੍ਰਗਟਾਇਆ ਜਾ ਸਕੇ। ਉਸ ਨੂੰ ਦੱਸਿਆ ਗਿਆ, ਇਹ ਮੁਸ਼ਕਲ ਹੋਵੇਗਾ। ਕਿਉਂਕਿ ਪਹਿਲੀ ਗੱਲ ਤਾਂ ਇਹ ਸਿੱਧ ਕਰਨੀ ਪਵੇਗੀ ਕਿ ਮਾਸਕੋ ਵਿਚ ਗਏ ਗ਼ਦਰੀ ਵਿਦਿਆਰਥੀ ਇਸ ਪਾਰਟੀ ਦੀ ਨੁਮਾਇੰਦਗੀ ਕਰਦੇ ਹਨ ਅਤੇ ਉਹ ਮਹਿਜ਼ "ਕਮਿਊਨਿਜ਼ਮ ਵਿਚ ਰੁਚੀ ਰੱਖਣ ਵਾਲੇ ਵਿਅਕਤੀ" ਨਹੀਂ; ਦੂਜੀ ਇਹ ਕਿ ਸੋਵੀਅਤ ਹਕੂਮਤ ਨੂੰ ਕਮਿੰਤਰਨ ਦੀਆਂ ਕਾਰਵਾਈਆਂ ਲਈ ਜ਼ਿੰਮੇਵਾਰ ਠਹਿਰਾਉਣਾ ਪੈਣਾ ਸੀ; ਅਤੇ ਤੀਜੀ ਗੱਲ ਇਹ ਕਿ ਗ਼ਦਰ ਪਾਰਟੀ ਸੱਚਮੁੱਚ ਕਮਿੰਤਰਨ ਨਾਲ ਜੁੜੀ ਹੋਈ ਸੀ:

"ਕੀ ਅਸੀਂ ਇਹ ਦਿਖਾ ਸਕਦੇ ਹਾਂ ਕਿ ਗ਼ਦਰ ਪਾਰਟੀ ਦੇ ਉਦੇਸ਼ਾਂ ਦੀ ਫ਼ਿਤਰਤ ਕਮਿਊਨਿਸਟ ਹੈ? ਮੈਂ ਨਹੀਂ ਸਮਝਦਾ ਕਿ ਅਸੀਂ ਇਸ ਨੂੰ ਸਾਬਤ ਕਰ ਸਕਦੇ ਹਾਂ। ਅਸੀਂ ਇਹ ਦਿਖਾ ਸਕਦੇ ਹਾਂ ਕਿ ਉਹ ਹਿੰਦੁਸਤਾਨ ਵਿਚ ਕਮਿਊਨਿਸਟ ਢੰਗ ਇਸਤੇਮਾਲ ਲਈ ਤਿਆਰ ਹਨ ਅਤੇ ਕਿ ਉਹ ਕਮਿਊਨਿਸਟਾਂ ਨਾਲ ਜੁੜੇ ਹੋਏ ਹਨ ਜਿਨ੍ਹਾਂ ਤੋਂ ਉਹ ਸਹਾਇਤਾ ਦੀ ਝਾਕ ਰੱਖਦੇ ਹਨ; ਪਰ ਅਸੀਂ ਇਹ ਸਾਬਤ ਨਹੀਂ ਕਰ ਸਕਦੇ ਕਿ ਗ਼ਦਰ ਪਾਰਟੀ ਦਾ ਉਦੇਸ਼ ਪ੍ਰੋਲੇਤਾਰੀ ਦੀ ਤਾਨਾਸ਼ਾਹੀ ਹੈ... ਨਾ ਹੀ ਇਹ ਕਿ ਉਹ ਅਮਰੀਕਾ ਵਿਚ ਕਮਿਊਨਿਸਟ ਪ੍ਰਚਾਰ ਕਰਨ ਵਿਚ ਜੁੱਟ ਜਾਣਗੇ।"[114]

ਸ਼ਾਇਦ 1934 ਤੱਕ ਇੰਞ ਹੀ ਸੀ, ਪਰ 1920ਵਿਆਂ ਦੇ ਸ਼ੁਰੂ ਤੋਂ ਲੈ ਕੇ ਇਸ ਦਹਾਕੇ

ਦੇ ਅੱਧ ਤੱਕ, ਭਾਵੇਂ ਵੱਖੋ-ਵੱਖਰੇ ਕਾਰਕੁੰਨ "ਅਮਰੀਕਾ, ਮਾਸਕੋ, ਇਸਤਾਂਬੁਲ ਅਤੇ ਕਾਬੁਲ ਵਿਚਕਾਰ ਊਰੀ ਵਾਂਗ ਘੁੰਮਦੇ ਰਹਿੰਦੇ ਸਨ," ਸਰਕਾਰੀ ਬਕ-ਬਕ ਇਹੀ ਦਿਖਾਉਂਦੀ ਰਹੀ ਕਿ ਕੈਲੀਫੋਰਨੀਆ ਵਿਚ ਗ਼ਦਰ ਪਾਰਟੀ ਮੁੜ ਚੋਖੀ ਰਫ਼ਤਾਰ ਫੜ੍ਹਦੀ ਜਾ ਰਹੀ ਹੈ।[115] ਸੰਤੋਖ ਸਿੰਘ ਅਤੇ ਰਤਨ ਸਿੰਘ ਦੇ ਰਵਾਨਾ ਹੋਣ ਨਾਲ ਨਿਰੰਜਣ ਸਿੰਘ ਢਿੱਲੋਂ ਨੇ ਇਨਕਲਾਬੀ ਧੜੇ ਦੇ ਤਾਲਮੇਲ ਦੀ ਜ਼ਿੰਮੇਵਾਰੀ ਓਟ ਲਈ।[116] ਉਹ ਮੁੜ ਹਥਿਆਰਬੰਦ ਹੋ ਰਹੇ ਸਨ। ਕੁਝ ਕਾਰਤੂਸ ਬਣਾਉਣੇ ਸਿੱਖ ਰਹੇ ਸਨ; ਪਹਿਲਾਂ, ਸੰਤਾ ਸਿੰਘ ਗੰਡੀਵਿੰਡ ਨੇ ਹੌਲਟਵਿਲੇ ਵਿਚ ਪਾਊਡਰ ਦੀ ਸਪਲਾਈ ਦੇ ਨਾਲ ਨਾਲ "ਇਸ ਮਕਸਦ ਲਈ ਇਕ ਮਸ਼ੀਨ" ਵੀ ਹਾਸਲ ਕਰ ਲਈ ਸੀ।[117] ਭਗਵਾਨ ਸਿੰਘ 1926 'ਚ ਵਾਪਸ ਪਰਤਿਆ। ਅਤੇ ਉਸ ਦੇ ਮੁੜ ਵਾਗ-ਡੋਰ ਸੰਭਾਲਣ ਨਾਲ ਇਹ ਗਰੁੱਪ ਇਕ ਵਾਰ ਫਿਰ "ਕਿਸਾਨਾਂ ਅਤੇ ਮਜ਼ਦੂਰਾਂ ਵਿਚ ਇਨਕਲਾਬੀ ਖ਼ਿਆਲਾਂ ਦਾ ਪੁਰਜ਼ੋਰ ਪ੍ਰਚਾਰ ਕਰਨ 'ਚ ਜੁੱਟ ਗਿਆ ਸੀ।"[118] ਇਸ ਤੋਂ ਇਲਾਵਾ, ਮਜ਼ਦੂਰਾਂ ਦੀ ਬਿਹਤਰੀ ਲਈ ਟੁੰਬਵੇਂ ਸਰੋਕਾਰ ਦਾ ਸੰਕੇਤ ਇੰਞ ਦਿੱਤਾ ਗਿਆ-

"ਜਿੱਥੋਂ ਤੱਕ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਵਿਚ ਗ਼ਦਰ ਦੇ ਪ੍ਰਚਾਰ ਦੇ ਪ੍ਰਭਾਵ ਦਾ ਸਬੰਧ ਹੈ, ਕੌਂਸਲ ਜਨਰਲ ਨੇ ਲਿਖਿਆ ਕਿ ਜੇ ਉਨ੍ਹਾਂ ਨੂੰ ਉਨ੍ਹਾਂ ਦੇ ਹਾਲ 'ਤੇ ਛੱਡ ਦਿੱਤਾ ਜਾਂਦਾ ਤਾਂ ਹਿੰਦੁਸਤਾਨ ਮੁੜਨ ਦੀ ਬਜਾਏ ਸ਼ਾਇਦ ਇਹ ਬੰਦੇ ਆਪਣਾ ਪੈਸਾ ਬਚਾ ਲੈਂਦੇ ਪਰ, ਸਥਾਨਕ ਅੰਦੋਲਨਕਾਰੀਆਂ ਦੇ ਇਨਕਲਾਬੀ ਭਬੂਕਿਆਂ ਨਾਲ ਜਨੂੰਨ ਦੀ ਸਿਰੇ ਦੀ ਨਫ਼ਰਤ ਭੜਕ ਉੱਠੀ, ਜੋ ਗ਼ਦਰ ਪਾਰਟੀ ਦੇ ਦਿਲ 'ਚ ਵਸੇ ਹੋਏ ਸਨ। ਉਨ੍ਹਾਂ ਨੇ ਉਸ ਦੀ ਖ਼ਾਤਰ ਫਟਾਫਟ ਚੋਖਾ ਪੈਸਾ ਇਕੱਠਾ ਕਰ ਲਿਆ ਜਿਸ ਨੂੰ ਉਹ "ਆਜ਼ਾਦੀ ਦਾ ਕਾਜ" ਕਹਿੰਦੇ ਸਨ, ਅਤੇ ਇਹ ਪੈਸਾ ਉਹ ਆਪਣੇ ਵਤਨ ਵਿਚ ਪਾਰਟੀ ਦੇ ਸਦਰ ਮੁਕਾਮ ਨੂੰ ਘੱਲਦੇ ਰਹੇ, ਜਾਂ ਓੜਕ ਹਿੰਦੁਸਤਾਨ ਵਿਚ ਇਸਤੇਮਾਲ ਕੀਤੇ ਜਾਣ ਲਈ ਹਥਿਆਰ ਅਤੇ ਗੋਲੀ-ਸਿੱਕਾ ਖ਼ਰੀਦਣ ਵਾਸਤੇ ਰੂਸ ਘੱਲ ਦਿੱਤਾ ਗਿਆ।"[119]

ਹੁਣ ਰੂਸ ਤੋਂ ਹਿੰਦੁਸਤਾਨ ਤੱਕ ਬਰਾਸਤਾ ਕਾਬਲ ਲਾਂਘਾ ਬਣ ਜਾਣ ਨਾਲ ਕੈਲੀਫੋਰਨੀਆ, ਮਾਸਕੋ ਤੇ ਪੰਜਾਬ ਦਰਮਿਆਨ ਤਿਕੋਣੇ ਸੰਪਰਕ ਦਾ ਗੇੜ ਸ਼ੁਰੂ ਹੋ ਗਿਆ। ਸਹਿਜੇ-ਸਹਿਜੇ "ਸਿਫ਼ਰ ਕੋਡ ਵਿਧੀ" ਵਿਚ ਕੀਤੀ ਜਾਂਦੀ ਖ਼ਤੋ-ਕਿਤਾਬਤ ਰਾਹ ਵਿਚ ਨੱਪ ਲਏ ਜਾਣ ਨਾਲ ਇਸ ਢੰਗ ਦਾ ਭੇਤ ਖੁੱਲ੍ਹ ਗਿਆ।[120] ਸਾਨ ਫਰਾਂਸਿਸਕੋ ਵਿਚ ਅੰਗਰੇਜ਼ ਕੌਂਸਲ ਜਨਰਲ ਨੇ ਵਾਸ਼ਿੰਗਟਨ ਵਿਚਲੇ ਸਫ਼ੀਰ ਨੂੰ ਲਿਖਿਆ ਕਿ ਇਹ ਸਮਝਿਆ ਜਾਂਦਾ ਹੈ ਕਿ ਗ਼ਦਰ ਪਾਰਟੀ ਦੇ ਅਹੁਦੇਦਾਰ ਸੋਵੀਅਤ ਤੇ ਅਫ਼ਗਾਨ ਹਕੂਮਤਾਂ ਅਤੇ ਨਾਲ ਹੀ ਹਿੰਦੁਸਤਾਨ ਦੇ *ਕਿਰਤੀ* ਸਟਾਫ਼ ਨਾਲ ਖ਼ਤੋ-ਕਿਤਾਬਤ ਕਰ ਰਹੇ ਹਨ। ਇਕ ਸਮੇਂ ਕੈਲੀਫੋਰਨੀਆ ਵਿਚ ਸਕੱਤਰ ਨਿਧਾਨ ਸਿੰਘ ਨੇ ਕਾਬਲ ਵਿਚ ਗੁਰਮੁਖ ਸਿੰਘ ਨੂੰ ਖ਼ਤ ਲਿਖ ਕੇ ਮਸ਼ੀਨ ਗੰਨਾਂ, ਸਵੈਚਾਲਕ ਹਥਿਆਰਾਂ ਆਦਿ ਦੀਆਂ ਕੀਮਤਾਂ ਦੀ ਇਤਲਾਹ ਭੇਜੀ ਜੋ ਕੈਲੀਫੋਰਨੀਆ ਆਰਮਜ਼ ਕੰਪਨੀ ਦੇ ਦਲਾਲ ਨੇ ਦੱਸੀਆਂ ਸਨ; ਕਾਬਲ ਦੇ ਗ਼ਦਰ ਕੇਂਦਰ ਨੇ ਤਾਰ ਭੇਜ ਕੇ ਹੱਥ ਗੋਲਿਆਂ ਅਤੇ ਮਸ਼ੀਨ ਗੰਨਾਂ ਦੇ ਨਮੂਨੇ ਬਰਾਸਤਾ ਪੈਰਿਸ ਤੇ ਅਦਨ ਜਾਂ ਈਰਾਨ ਭੇਜਣ ਦੀ ਗੁਜ਼ਾਰਿਸ਼ ਕੀਤੀ, ਜਿੱਥੋਂ ਆ ਕੇ ਉਨ੍ਹਾਂ ਨੇ ਲੈ ਜਾਣੇ ਸਨ। ਬਾਅਦ 'ਚ, ਕੈਲੀਫੋਰਨੀਆ ਪਾਰਟੀ ਨੂੰ ਕਾਬਲ ਤੋਂ "ਇਕ ਲਾਰੀ ਖ਼ਰੀਦਣ ਲਈ ਪੈਸੇ" ਭੇਜਣ ਦੀ ਬੇਨਤੀ ਪ੍ਰਾਪਤ ਹੋਈ। ਉਹ ਫੋਰਡ ਦੀ ਕੀਮਤ ਭੇਜਣੀ ਮੰਨ ਗਏ, ਜੋ ਦੋ ਮਹੀਨਿਆਂ ਵਿਚ ਪਹੁੰਚ ਜਾਵੇਗੀ। ਸਾਲ ਦੇ ਪਹਿਲੇ ਅੱਧ ਵਿਚ ਪਾਰਟੀ "ਲਹਾਅ ਦੀ ਹਾਲਤ 'ਚ" ਸੀ ਪਰ ਸਤੰਬਰ 'ਚ "ਜਦੋਂ ਫ਼ਲ ਤੋੜਨ ਦੀ ਰੁੱਤ ਪਿੱਛੋਂ ਹਿੰਦੁਸਤਾਨੀ ਕਿਸਾਨਾਂ ਅਤੇ ਕਾਮਿਆਂ ਦੀਆਂ ਜੇਬ੍ਹਾਂ ਭਰ ਗਈਆਂ," ਉਹ ਕੈਲੀਫੋਰਨੀਆ ਵਿਚ ਹਜ਼ਾਰਾਂ ਡਾਲਰ ਇਕੱਠੇ

ਕਰਨ ਜੋਗੇ ਹੋ ਗਏ, ਜਿਨ੍ਹਾਂ ਵਿੱਚੋਂ ਤੀਜਾ ਹਿੱਸਾ ਹਿੰਦੁਸਤਾਨ ਭੇਜਿਆ ਗਿਆ ਸੀ।[121] ਜਨਵਰੀ 1927 'ਚ ਉਨ੍ਹਾਂ ਨੂੰ ਅਫ਼ਗਾਨਿਸਤਾਨ ਤੋਂ ਚਿੱਠੀ ਦਾ ਜਵਾਬ ਆਇਆ ਜਿਸ ਵਿਚ ਲਾਗੀ ਦੀ ਮਦਦ ਲਈ ਧੰਨਵਾਦ ਕੀਤਾ ਗਿਆ ਸੀ ਅਤੇ ਉਸੇ ਤਰ੍ਹਾਂ ਦੀ ਕਾਰਤੂਸ ਬਣਾਉਣ ਵਾਲੀ ਮਸ਼ੀਨ ਲੈ ਕੇ ਦੇਣ ਦੀ ਗੁਜ਼ਾਰਿਸ਼ ਕੀਤੀ ਗਈ ਸੀ ਜਿਸ ਤਰ੍ਹਾਂ ਦੀ ਉਨ੍ਹਾਂ ਕੋਲ ਹੌਲਟਵਿਲੇ ਵਿਚ ਸੀ।[122]

ਇਰਾਨ ਦੀ ਖਾੜੀ ਵਿਚ ਬੰਦੂਕਾਂ ਭੇਜੇ ਜਾਣ ਦੀਆਂ ਗ਼ਦਰ ਦੀਆਂ ਸੰਭਾਵਨਾਵਾਂ ਸਬੰਧੀ ਇਕ ਯਾਦ-ਪੱਤਰ ਵਿਚ ਕਾਇਮ ਮੁਕਾਮ ਸਿਆਸੀ ਰੈਜੀਡੈਂਟ ਮੇਜਰ ਟੀ.ਸੀ.ਡਬਲਯੂ. ਫਾਓਲੇ ਨੇ ਰਿਪੋਰਟ ਭੇਜੀ ਕਿ ਬਰਾਊਨਿੰਗ ਪਿਸਤੌਲਾਂ ਨਾਲ ਲੱਦਿਆ ਰੂਸੀ ਸਮੁੰਦਰੀ ਜਹਾਜ਼ *ਕਮਿਊਨਿਸਟ* ਪਿੱਛੇ ਜਹੇ ਈਰਾਨੀ ਘਾਟ ਅਬਾਦਾਨ 'ਤੇ ਲੱਗਿਆ ਸੀ – ਜੋ ਹਿੰਦੁਸਤਾਨੀ ਇਨਕਲਾਬੀਆਂ ਦਾ ਖ਼ਾਸ ਤੌਰ 'ਤੇ ਮਨਭਾਉਂਦਾ ਹਥਿਆਰ ਸੀ ਜਦਕਿ ਰਾਈਫ਼ਲਾਂ ਜ਼ਿਆਦਾਤਰ ਦੱਖਣੀ ਈਰਾਨੀ ਕਬਾਇਲੀਆਂ ਦੀ ਪਛਾਣ ਸਨ। ਹਾਲਾਂਕਿ ਐਸੀਆਂ "ਰਾਈਫ਼ਲਾਂ ਅਤੇ ਥਾਪਸਨ ਮਸ਼ੀਨ ਗੰਨਾਂ ਦਾ ਵੀ ਜ਼ਿਕਰ ਕੀਤਾ ਗਿਆ ਸੀ....ਜਿਸ ਤਰ੍ਹਾਂ ਦੀਆਂ ਸ਼ਿਕਾਗੋ ਦੇ ਗਰੋਹ ਇਸਤੇਮਾਲ ਕਰਦੇ ਸਨ।" ਫਾਓਲੇ ਦੀ ਸੋਚ ਸੀ ਕਿ ਗ਼ਦਰ ਪਾਰਟੀ ਨੂੰ ਇਨ੍ਹਾਂ ਨੂੰ ਹੱਥ ਹੇਠ ਕਰਨ ਲਈ ਚੋਖੀ ਜਥੇਬੰਦੀ ਅਤੇ ਫੰਡਾਂ ਦੀ ਲੋੜ ਪਵੇਗੀ, ਪਰ ਉਨ੍ਹਾਂ ਵਿਚ "ਜਿੰਨਾ ਜੋਸ਼ ਅਤੇ ਤਾਕਤ" ਹੈ (ਅਤੇ ਈਰਾਨ ਦੀ ਖਾੜੀ ਦੇ ਕਸਟਮ ਅਧਿਕਾਰੀ ਜਿੰਨੇ ਬੇਈਮਾਨ ਤੇ ਭ੍ਰਿਸ਼ਟਾਚਾਰੀ ਹਨ) ਉਹ ਅਜਿਹਾ ਕਰ ਹੀ ਸਕਦੇ ਹਨ।[123]

ਪਰ ਅਫ਼ਗਾਨਿਸਤਾਨ ਦੇ ਗ਼ਦਰੀ ਅੱਡੇ ਉੱਪਰ ਕੇਂਦਰਤ ਕਰਨ ਦੀ ਸੋਵੀਅਤ ਯੁੱਧਨੀਤੀ ਵੀ ਬਦਲਦੀ ਜਾ ਰਹੀ ਸੀ। 1924 'ਚ ਖ਼ਿਲਾਫ਼ਤ ਲਹਿਰ ਦਾ ਪਤਨ ਹੋਣ ਨਾਲ, ਪੂਰਬ ਦੇ ਲੋਕਾਂ ਨੂੰ ਇਨਕਲਾਬੀ ਬਣਾਉਣ ਦਾ ਕੇਂਦਰ ਵੀ ਕੇਂਦਰੀ ਏਸ਼ੀਆ ਤੋਂ ਚੀਨ ਬਣ ਗਿਆ। ਇਥੇ ਆ ਕੇ ਹਿੰਦੁਸਤਾਨ ਵਿਚ ਚੋਰੀ ਛਿਪੇ ਹਥਿਆਰ, ਗੋਲੀਸਿੱਕਾ ਅਤੇ ਵਿਸਫੋਟਕ ਭੇਜਣ ਦੇ ਯਤਨ ਵੀ ਉਤਰ-ਪੱਛਮ ਤੋਂ ਬਦਲ ਕੇ ਉਤਰ-ਪੂਰਬੀ ਸਰਹੱਦ 'ਤੇ ਕੇਂਦਰਤ ਹੋ ਗਏ, ਜਿਨ੍ਹਾਂ ਦੀ ਵੱਧ ਨਿਰਭਰਤਾ ਰਾਏ ਅਤੇ ਉਸ ਦੇ ਬੰਗਾਲੀ ਇਨਕਲਾਬੀ ਤਾਣੇਬਾਣੇ ਉੱਪਰ ਹੋ ਗਈ। 1926 ਤੋਂ ਬਾਅਦ, ਮਾਸਕੋ ਤੋਂ ਸਿਖਲਾਈਯਾਫ਼ਤਾ ਉਤਰੀ ਅਮਰੀਕੀ ਗ਼ਦਰੀਆਂ ਦਾ ਮੁਕਾਮ ਚੀਨ ਬਣ ਗਿਆ ਸੀ,[124] ਜਿਥੇ ਸ਼ੰਘਾਈ ਅਤੇ ਹਾਂਗਕਾਂਗ ਵਿਚ ਸਿੱਖ ਪੁਲਸ ਤੇ ਫ਼ੌਜੀ ਦਸਤਿਆਂ ਦੀ ਮੌਜੂਦਗੀ ਕਾਰਨ ਇਥੇ ਲੰਮੇ ਸਮੇਂ ਤੋਂ ਠੋਸ ਹਮਾਇਤੀ ਅਧਾਰ ਬਣੇ ਹੋਏ ਸਨ।[125] ਹੁਣ ਉਨ੍ਹਾਂ ਨੇ ਕਾਮਿਨਤਾਂਗ ਪਾਰਟੀ ਅਤੇ ਚੀਨੀ ਕਮਿਊਨਿਸਟ ਪਾਰਟੀ ਨਾਲ ਸੰਪਰਕ ਬਣਾ ਲਏ ਜਿਨ੍ਹਾਂ ਨੇ ਛੇਤੀ ਹੀ ਜੁਦਾ ਹੋ ਜਾਣਾ ਸੀ। ਜਦਕਿ ਨਵੀਂ ਨਵੀਂ ਬਣਾਈ ਪੂਰਬ ਦੇ ਦੱਬੇ-ਕੁਚਲੇ ਲੋਕਾਂ ਦੀ ਕੌਮਾਂਤਰੀ ਯੂਨੀਅਨ ਵਿਚ ਕੋਰੀਆਈ ਅਤੇ ਵੀਅਤਨਾਮੀ ਕਾਰਕੁੰਨਾਂ ਨੂੰ ਮੈਂਬਰ ਲੈ ਲਿਆ ਗਿਆ। ਇਸ ਦੀ ਕਾਨਫਰੰਸ ਪਹਿਲਾਂ 1925 ਦੇ ਹੁਨਾਲ ਵਿਚ ਕੀਤੀ ਗਈ- ਜਿਸ ਦੇ ਮੁੱਖ ਆਰਗੇਨਾਈਜ਼ਰ ਹੋ ਚੀ ਮਿੰਨ ਨੂੰ ਓਦੋਂ ਜਹੇ ਹੀ ਚੀਨ ਭੇਜਿਆ ਗਿਆ ਸੀ। ਦਸੌਂਦਾ ਸਿੰਘ, ਗੇਂਦਾ ਸਿੰਘ ਅਤੇ ਸ਼ਮਸ਼ੇਰ ਸਿੰਘ ਨੇ ਕਾਨਫਰੰਸ ਵਿਚ ਗ਼ਦਰ ਪਾਰਟੀ ਦੀ ਨੁਮਾਇੰਦਗੀ ਕੀਤੀ, ਜਿਸ ਨੇ ਉਨ੍ਹਾਂ ਦੇ ਭਵਿੱਖੀ ਕੰਮ ਲਈ ਮੰਚ ਮੁਹੱਈਆ ਕਰ ਦਿੱਤਾ।[126]

ਪਰ ਨਵੇਂ ਸਿਰਿਓਂ ਜਥੇਬੰਦ ਹੋਈ ਹਿੰਦੁਸਤਾਨੀ ਗ਼ਦਰ ਪਾਰਟੀ ਸਬੰਧੀ ਅਸਫ਼ਲਤਾ ਦੁਆਰਾ ਆਪਣੀ ਚੀਨ ਵਿਚਲੀ ਸ਼ਾਖਾ ਨੂੰ ਦੁਬਾਰਾ ਚਲਾਉਣ ਵਿਚ ਕਾਮਯਾਬ ਹੋ ਗਈ। 1925 'ਚ, ਗੱਦੀਓਂ ਲਾਹਿਆ ਆਡੰਬਰੀ ਰਈਸ ਮਹਿੰਦਰ ਪ੍ਰਤਾਪ, ਜੋ 1915 'ਚ ਬੀ.ਆਈ.ਸੀ. ਦੇ ਕਾਬਲ ਮਿਸ਼ਨ ਨਾਲ ਜੁੜਿਆ ਰਿਹਾ ਸੀ ਅਤੇ ਜਿਸ ਨੂੰ ਆਰਜੀ ਹਕੂਮਤ-ਏ-ਹਿੰਦ ਦਾ ਰਾਸ਼ਟਰਪਤੀ ਥਾਪਿਆ ਗਿਆ ਸੀ, ਨਿਊ ਯਾਰਕ ਵਿਚ ਆ ਕੇ ਆਪਣੇ ਹਮ-

ਵਤਨੀਆਂ ਨੂੰ ਮੁਖ਼ਾਤਬ ਹੋਇਆ। ਭਾਵੇਂ ਇਕ ਵਿਰੋਧੀ ਧੜੇ ਨੇ ਉਸ ਨੂੰ "ਗ਼ਦਰ ਗਰੋਹ" ਤੋਂ ਬਚ ਕੇ ਰਹਿਣ ਲਈ ਚੁਕੰਨਾ ਕੀਤਾ ਸੀ,[127] ਪਰ ਉਸ ਨੇ ਕਿਸੇ ਧਿਰ ਨਾਲ ਖੜ੍ਹਨ ਤੋਂ ਇਨਕਾਰ ਕਰ ਦਿੱਤਾ ਅਤੇ ਸਾਨ ਫਰਾਂਸਿਸਕੋ ਜਾ ਕੇ ਦੋ ਮਹੀਨੇ ਗ਼ਦਰੀਆਂ ਕੋਲ ਰਿਹਾ। (ਬਰਕਤਉੱਲਾ ਈਰਾਨ ਪਾਰ ਕਰਨ ਸਮੇਂ ਉਸ ਦਾ ਹਮ-ਸਫ਼ਰ ਅਤੇ ਕਾਬਲ ਵਿਚ ਉਸ ਦਾ ਸਾਥੀ ਰਹਿ ਚੁੱਕਾ ਸੀ)। ਉਥੇ ਪ੍ਰਤਾਪ ਦਾ ਨਿੱਘਾ ਸਵਾਗਤ ਹੋਇਆ; ਲੱਗਦਾ ਸੀ ਕੈਲੀਫੋਰਨੀਆ ਵਾਲੇ ਆਪਣੀ ਤਿੱਖੀ ਜਮਾਤੀ ਚੇਤਨਾ ਦੇ ਬਾਵਜੂਦ, ਉਸ ਦੇ ਸ਼ਾਹੀ ਠਾਠ-ਬਾਠ ਦੇ ਪ੍ਰਭਾਵ ਹੇਠ ਆ ਗਏ ਸਨ। ਜੋਸ਼ ਅਨੁਸਾਰ ਉਹ ਇਸ ਤੱਥ ਤੋਂ ਪ੍ਰਭਾਵਤ ਸਨ ਕਿ ਇਕ ਸੱਚਾ ਰਈਸ ਉਨ੍ਹਾਂ ਦੇ ਨਾਲ ਸੀ, ਅਤੇ ਕਿ ਉਸ ਨੇ ਆਜ਼ਾਦੀ ਦੇ ਕਾਜ ਲਈ ਵਾਹਵਾ ਕੁਰਬਾਨੀ ਕੀਤੀ ਸੀ ਕਿਉਂਕਿ ਅੰਗਰੇਜ਼ ਹਕੂਮਤ ਨੇ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਸੀ। ਕੁਰਬਾਨੀਆਂ ਸਦਾ ਆਪਣੀ ਇਨਕਲਾਬੀ ਵਾਜਬੀਅਤ ਨੂੰ ਦਰਸਾਉਣ ਲਈ ਵਾਧੂ ਲਾਹਾ ਰਹੀਆਂ ਹਨ। ਦਸ ਵਰ੍ਹੇ ਦੇ ਖੱਪੇ ਤੋਂ ਬਾਅਦ, ਉਹ ਇਕ ਵਾਰ ਫਿਰ ਆਰ-ਪਾਰ ਦੀ ਕਾਰਵਾਈ ਕਰਨ ਲਈ ਤਰਲੋਮੱਛੀ ਹੋ ਰਹੇ ਸਨ। ਲਿਹਾਜ਼ਾ ਜਦੋਂ ਪ੍ਰਤਾਪ ਨੇ ਤਿੱਬਤ ਅਤੇ ਨੇਪਾਲ ਲਈ ਮਿਸ਼ਨ ਭੇਜਣ ਦੀ ਯੋਜਨਾ ਦੀ ਤਜਵੀਜ਼ ਪੇਸ਼ ਕੀਤੀ ਤਾਂ ਉਨ੍ਹਾਂ ਨੇ ਤੱਤਪਰ ਹੋ ਕੇ ਹੁੰਗਾਰਾ ਭਰਿਆ, ਜਿਸ ਵਿਚ ਉਨ੍ਹਾਂ ਨੇ ਹਿੰਦੁਸਤਾਨ ਵਿਚ ਹਥਿਆਰ ਭੇਜਣ ਦਾ ਰਸਤਾ ਲੱਭਣਾ ਸੀ ਜਦਕਿ ਉਸ ਨੇ ਨੇਪਾਲ ਦੇ ਰਾਜੇ ਨੂੰ ਉਨ੍ਹਾਂ ਨਾਲ ਮਿਲ ਕੇ ਲੜਨ ਲਈ ਸਹਿਮਤ ਕਰਨਾ ਸੀ। ਰੂਸ ਅਤੇ ਅਫ਼ਗਾਨਿਸਤਾਨ ਨੇ ਇਸ ਦੀ ਮਦਦ ਕਰਨੀ ਸੀ। ਉਹ ਚਾਹੁੰਦਾ ਸੀ ਕਿ ਗ਼ਦਰ ਪਾਰਟੀ ਉਸ ਨੂੰ 30,000 ਡਾਲਰ ਅਤੇ "ਛੇ ਐਸੇ ਹੌਸਲੇ ਵਾਲੇ ਬੰਦੇ" ਦੇਵੇ ਜੋ ਉਸ ਦੇ ਨਾਲ ਰਹਿਣ। ਐਵਲਿਨ ਰਾਏ ਨੇ ਕੈਲੀਫੋਰਨੀਆ ਦੇ ਸਿੱਖਾਂ ਨੂੰ ਜੋੜਨ ਲਈ ਵੱਖਰਾ ਗੇੜਾ ਮਾਰਿਆ ਸੀ ਤਾਂ ਜੋ ਉਨ੍ਹਾਂ ਨੂੰ ਸ਼ੰਘਾਈ ਅਤੇ ਹਾਂਗਕਾਂਗ ਵਿਚ ਪੁਲਿਸ ਤੇ ਫ਼ੌਜ ਦੀ ਨੌਕਰੀ ਕਰ ਰਹੇ ਆਪਣੇ ਹਮ-ਵਤਨੀਆਂ ਵਿਚ ਕੰਮ ਕਰਨ ਲਈ ਪ੍ਰੇਰਿਆ ਜਾ ਸਕੇ।[128]

ਜੇ ਸਾਨ ਫਰਾਂਸਿਸਕੋ ਵਾਲੇ ਮਹਿੰਦਰ ਪ੍ਰਤਾਪ ਦੇ ਰਿਕਾਰਡ ਅਤੇ ਉਸ ਦਾ ਵੱਕਾਰ ਜਾਣਦੇ ਹੁੰਦੇ, ਜਾਂ ਜੇ ਉਨ੍ਹਾਂ ਨੂੰ ਪਤਾ ਹੁੰਦਾ ਕਿ ਉਨ੍ਹਾਂ ਦੇ ਕਾਬਲ ਵਿਚਲੇ ਸਾਥੀ ਅਜਿਹੇ ਮਿਸ਼ਨ ਦੇ ਖ਼ਿਲਾਫ਼ ਸਨ, ਤਾਂ ਉਨ੍ਹਾਂ ਨੇ ਨਾਂਹ ਕਰ ਦੇਣੀ ਸੀ। ਪਰ ਇਹ ਕਾਰਕੁੰਨਾਂ ਦਾ ਨਵਾਂ ਲੌਅ ਸੀ, ਜੋ ਆਪਣੇ ਬਜ਼ੁਰਗਾਂ ਦੀ ਕੀਰਤੀ ਆਪਣੇ ਨਾਲ ਜੋੜਨੀ ਚਾਹੁੰਦਾ ਸੀ – ਜਿਨ੍ਹਾਂ ਸ਼ਹੀਦਾਂ ਦੇ ਕਾਰਨਾਮੇ ਲਾਹੌਰ ਅਤੇ ਸਾਨ ਫਰਾਂਸਿਸਕੋ ਸਾਜ਼ਿਸ਼ ਮੁਕੱਦਮਿਆਂ ਨਾਲ ਅਮਰ ਹੋ ਗਏ ਸਨ – ਪਰ ਜੋ ਉਨ੍ਹਾਂ ਦੇ ਤਜ਼ਰਬੇ ਤੋਂ ਸਿੱਧਾ ਲਾਹਾ ਲੈਣ ਤੋਂ ਅਸਮਰੱਥ ਸਨ। ਇਸ ਨੇ ਉਨ੍ਹਾਂ ਨੂੰ ਇਕ ਦਹਾਕੇ ਪਹਿਲਾਂ ਵਾਲੀ ਕਾਹਲ ਦੇ ਉਸੇ ਜਾਲ ਵਿਚ ਫਸ ਜਾਣ ਦੇ ਜ਼ੋਖ਼ਮ 'ਚ ਪਾ ਦਿੱਤਾ। ਫਿਰ ਵੀ ਪ੍ਰਤਾਪ ਵਲੋਂ "ਅੰਗਰੇਜ਼ ਹਕੂਮਤ ਦੀ ਜ਼ੋਰਦਾਰ ਭੰਡੀ ਯਕੀਨ ਪੈਦਾ ਕਰਦੀ ਸੀ।"[129] ਅਤੇ ਉਨ੍ਹਾਂ ਨੇ ਉਸ ਦੀ ਮੰਗ ਤੋਂ ਵੱਧ 35,000 ਡਾਲਰ ਅਤੇ ਸੱਤ ਬੰਦੇ ਉਸ ਨੂੰ ਦੇ ਦਿੱਤੇ।[130]

ਇਸ ਟੋਲੀ ਨੇ ਹਾਂਗ ਕਾਂਗ ਦੀਆਂ ਟਿਕਟਾਂ ਖ਼ਰੀਦ ਲਈਆਂ ਅਤੇ ਟੋਕੀਓ ਜਾ ਪਹੁੰਚੇ, ਜਿਥੇ ਰਾਸ ਬਿਹਾਰੀ ਬੋਸ ਉਨ੍ਹਾਂ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਅੱਗੇ ਭੇਜ ਦਿੱਤਾ। ਪਰ ਹੁਣ ਉਨ੍ਹਾਂ ਨੂੰ ਰਾਜੇ ਬਾਰੇ ਸ਼ੱਕ ਪੈਣਾ ਸ਼ੁਰੂ ਹੋ ਗਿਆ ਸੀ। ਉਹ ਆਪ ਤਾਂ ਦੂਜੇ ਦਰਜੇ ਦਾ ਸਫ਼ਰ ਕਰਦਾ ਸੀ ਜਦਕਿ ਬਾਕੀ ਦੇ ਸਭ ਤੋਂ ਸਸਤੀ ਟਿਕਟ 'ਤੇ ਸਫ਼ਰ ਕਰਦੇ ਅਤੇ ਜਿਹੜੇ ਚੈੱਕ ਉਸ ਨੇ ਉਨ੍ਹਾਂ ਨੂੰ ਦਿੱਤੇ ਉਹ ਬਾਊਂਸ ਹੋ ਗਏ, ਇਸ ਤੱਥ ਤੋਂ ਇਲਾਵਾ ਜਦੋਂ ਉਨ੍ਹਾਂ ਨੂੰ ਇਹ ਪਤਾ ਲੱਗਿਆ ਕਿ ਉਸ ਦਾ ਮਿਸ਼ਨ ਨੂੰ ਨੇਪਰੇ ਚਾੜ੍ਹਨ ਦਾ ਕੋਈ ਗੰਭੀਰ ਇਰਾਦਾ ਹੀ ਨਹੀਂ ਤਾਂ ਉਨ੍ਹਾਂ ਨੂੰ ਗੁੱਸਾ ਚੜ੍ਹ ਗਿਆ। ਉਸ ਨੇ ਮੁਹੰਮਦ ਪੀਟਰ ਪ੍ਰਤਾਪ ਸਿੰਘ ਦੇ ਫਰਜ਼ੀ ਨਾਂ ਹੇਠ ਥੋਕ ਪਰਚੇ ਛਪਵਾ ਰੱਖੇ ਸਨ ਜੋ ਸਾਰੇ ਮਜ਼੍ਹਬਾਂ ਦੀ ਏਕਤਾ ਦੇ ਪ੍ਰਤੀਕ ਸਨ। ਇਸ ਰਾਹੀਂ ਉਹ "ਪ੍ਰੇਮ ਦੇ ਸਰਵਵਿਆਪਕ ਮਜ਼੍ਹਬ"

ਦਾ ਜੋ ਉਦੇਸ਼ ਪ੍ਰਚਾਰਦਾ ਫਿਰਦਾ ਸੀ ਉਸ ਤੋਂ ਉਸ ਦਾ ਵਤੀਰਾ ਇਕ ਇਨਕਲਾਬੀ ਨਾਲੋਂ ਧਾਰਮਿਕ ਸਨਕੀ ਦਾ ਵੱਧ ਲੱਗਦਾ ਸੀ।[131] ਉਹ ਅੱਕੇ ਸਤੇ, ਵਰਤੇ ਗਏ, ਠੱਗੇ ਗਏ ਮਹਿਸੂਸ ਕਰਦੇ ਸਨ, ਅਤੇ ਉਹ ਚੀਨ ਵਿਚ ਫਸੇ ਹੋਏ ਸਨ। ਪਰ ਉਨ੍ਹਾਂ ਨੇ ਉਥੇ ਹੀ ਟਿਕੇ ਰਹਿਣ ਅਤੇ ਪੂਰਾ ਤਾਣ ਲਾਉਣ ਦਾ ਫ਼ੈਸਲਾ ਕੀਤਾ।

1926 ਦੇ ਸ਼ੁਰੂ 'ਚ ਆਏ ਇਹ ਨਵੇਂ ਬੰਦੇ "ਪੀਕਿੰਗ ਦੇ ਰਾਜ-ਧ੍ਰੋਹੀ ਅਨਸਰਾਂ ਨਾਲ ਘੁਲਮਿਲ ਗਏ ਸਨ";[132] ਉਨ੍ਹਾਂ ਨੇ ਗ਼ਦਰੀਆਂ ਦੇ ਦੋ ਸਿੱਕੇਬੰਦ ਪ੍ਰੋਜੈਕਟਾਂ ਨੂੰ ਹੱਥ ਲੈਣ 'ਚ ਪ੍ਰੀਤਮ ਸਿੰਘ ਤੋਂ ਅਗਵਾਈ ਲਈ, ਜੋ ਓਦੋਂ ਮਾਸਕੋ ਵਿਚ ਮੁੱਖ ਨੁਮਾਇੰਦਾ ਸੀ। ਪ੍ਰੋਜੈਕਟ ਸਨ ਅਖ਼ਬਾਰ ਕੱਢਣਾ, ਅਤੇ ਸ਼ੰਘਾਈ ਤੇ ਹਾਂਕਾਓ ਦੇ ਸਿੱਖ ਫ਼ੌਜੀਆਂ ਅਤੇ ਪਹਿਰੇਦਾਰ ਪੁਲਸ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਕਰਨਾ। 1927 ਦੇ ਅਖ਼ੀਰ 'ਚ ਦਸੌਂਦਾ ਸਿੰਘ ਨੂੰ ਗ੍ਰਿਫ਼ਤਾਰ ਕਰਨ ਵਕਤ ਉਸ ਤੋਂ ਜੋ ਪਰਚੇ ਫੜੇ ਗਏ ਉਨ੍ਹਾਂ ਵਿਚ ਕਈ ਖ਼ਾਸ ਉਦੇਸ਼ ਬਿਆਨ ਕੀਤੇ ਗਏ ਸਨ। ਜਿਨ੍ਹਾਂ ਵਿਚ ਸ਼ਾਮਲ ਸਨ: "ਹਾਂਗ ਕਾਂਗ ਤੇ ਸ਼ੰਘਾਈ ਵਿਚ ਅੰਗਰੇਜ਼ ਵਿਰੁੱਧ ਕਾਮਿਨਤਾਂਗ ਨਾਲ ਸਹਿਯੋਗ ਕਰਨ ਲਈ ਹਿੰਦੁਸਤਾਨੀ ਗ਼ਦਰ ਪਾਰਟੀ ਦੀ ਚੀਨੀ ਸ਼ਾਖਾ ਉਸਾਰਨਾ; ਚੀਨੀ ਫ਼ੌਜੀ ਅਧਿਕਾਰੀਆਂ ਦੇ ਮਤਹਿਤ ਕੰਮ ਕਰਨ ਲਈ ਹਿੰਦੁਸਤਾਨੀ ਇਨਕਲਾਬੀ ਇਕਾਈਆਂ ਬਣਾਉਣਾ"; ਅਤੇ ਫ਼ੌਜੀ ਟੁਕੜੀਆਂ, ਪਹਿਰੇਦਾਰਾਂ ਅਤੇ ਪੁਲਿਸ ਨੂੰ ਨੌਕਰੀ ਛੱਡ ਦੇਣ ਜਾਂ ਹਕੂਮਤ ਤੋਂ ਬਾਗ਼ੀ ਹੋ ਜਾਣ ਦੀਆਂ ਅਪੀਲਾਂ ਉਨ੍ਹਾਂ ਵਿਚ ਵੰਡਣਾ।[133] ਕ੍ਰਿਮੀਨਲ ਇਨਵੈਸਟੀਗੇਸ਼ਨ ਡਿਪਾਰਟਮੈਂਟ (ਸੀ.ਆਈ.ਡੀ.) ਉਹ ਖ਼ਤੋ-ਕਿਤਾਬਤ ਵੀ ਪੜ੍ਹਦੀ ਰਹੀ ਜੋ ਚੀਨੀ ਮਲਾਹਾਂ ਅਤੇ ਹਿੰਦੁਸਤਾਨੀ ਟਰੇਡ ਯੂਨੀਅਨਿਸਟਾਂ ਦਰਮਿਆਨ ਹੁੰਦੀ ਸੀ ਅਤੇ "ਭੜਕਾਊ ਸਾਹਿਤ" ਵੀ ਫੜਿਆ ਗਿਆ ਸੀ। ਜਦੋਂ 1927 'ਚ ਸਮੈਡਲੀ ਅਤੇ ਰਾਏ ਇਥੇ ਆਏ, ਤਾਂ ਉਨ੍ਹਾਂ ਦੇਖਿਆ ਕਿ ਸਿੱਖ ਭਾਈਚਾਰਾ ਤਾਂ ਪਹਿਲਾਂ ਹੀ ਲਾਮਬੰਦ ਸੀ, ਹਾਲਾਂਕਿ ਉਨ੍ਹਾਂ ਨੂੰ ਧਮਕੀਆਂ ਅਤੇ ਖ਼ਤਰਨਾਕ ਸਿੱਟੇ ਭੁਗਤਣ ਦੇ ਡਰਾਵੇ ਦਿੱਤੇ ਜਾ ਰਹੇ ਸਨ।[134]

1927 ਤੱਕ, ਦਸੌਂਦਾ ਸਿੰਘ ਨੇ ਕਾਮਿਨਤਾਂਗ ਨਾਲ ਤਾਲਮੇਲ ਬਣਾਈ ਰੱਖਿਆ। ਗ਼ਦਰ ਦੀ ਹਮਾਇਤ ਕੀਤੇ ਜਾਣ ਦੀਆਂ ਪੇਸ਼ਕਸ਼ਾਂ ਹੁੰਦੀਆਂ ਰਹੀਆਂ, ਜਿਸ ਤਰ੍ਹਾਂ ਓਦੋਂ ਕਮਿਤਰਨ ਚੀਨੀ ਕਮਿਊਨਿਸਟ ਪਾਰਟੀ (ਸੀ.ਸੀ.ਪੀ.) ਨੂੰ ਅਜਿਹਾ ਕਰਨ ਦੀ ਸਿਫ਼ਾਰਸ਼ ਕਰ ਰਹੀ ਸੀ।[135] ਕਤਲੇਆਮ ਤੋਂ ਥੋੜ੍ਹਾ ਪਹਿਲਾਂ ਫਰਵਰੀ 1927 'ਚ ਸਰਬ-ਸੰਮਤੀ ਨਾਲ ਇਹ ਮਤਾ ਪਾਇਆ ਗਿਆ:

"ਅਸੀਂ, ਹਿੰਦੁਸਤਾਨੀ ਗ਼ਦਰ ਪਾਰਟੀ, ਚੀਨ ਦੀ ਕਾਮਿਨਤਾਂਗ ਪਾਰਟੀ ਵਲੋਂ ਬਦੇਸ਼ੀ ਤਾਕਤਾਂ ਦਾ ਗ਼ਲਬਾ ਤੋੜ ਕੇ ਕੌਮੀ ਆਜ਼ਾਦੀ ਹਾਸਲ ਕਰਨ ਦੇ ਸੰਘਰਸ਼ ਦੇ ਕੌਮੀ ਪ੍ਰੋਗਰਾਮ ਨਾਲ ਪੂਰੀ ਹਮਦਰਦੀ ਰੱਖਦੇ ਹਾਂ ਅਤੇ ਇਸ ਦੀ ਪੂਰੀ ਤਾਈਦ ਕਰਦੇ ਹਾਂ। ਅਤੇ ਸਾਨੂੰ ਚੀਨ ਨੂੰ ਵਹਿਸ਼ੀ ਤਾਕਤ ਦੇ ਅਧੀਨ ਰੱਖਣ ਲਈ ਹਿੰਦੁਸਤਾਨੀਆਂ ਵਲੋਂ ਅੰਗਰੇਜ਼ਾਂ ਦੀ ਖ਼ਿਦਮਤ ਵਿਚ ਕੀਤੀ ਕੋਈ ਵੀ ਵਹਿਸ਼ੀ ਕਾਰਵਾਈ ਮਨਜ਼ੂਰ ਨਹੀਂ ਹੈ ਅਤੇ ਅਸੀਂ ਇਨ੍ਹਾਂ ਸਾਰੀਆਂ ਕਾਰਵਾਈਆਂ ਨਾਲੋਂ ਨਾਤਾ ਤੋੜਦੇ ਹਾਂ ਜੋ ਕਿਸੇ ਵੀ ਤਰੀਕੇ ਨਾਲ, ਕਿਸੇ ਵੀ ਸ਼ਕਲ 'ਚ ਚੀਨ ਦੀ ਕੌਮੀ ਮੁਕਤੀ ਲਹਿਰ ਵਿਚ ਰੁਕਾਵਟ ਪਾਉਣ ਲਈ ਕੀਤੀਆਂ ਗਈਆਂ।"[136]

ਬਾਅਦ ਵਿਚ ਵੀ, ਖ਼ੁਫ਼ੀਆ ਪੁਲਿਸ ਦੇ ਨਿਰਦੇਸ਼ਕ ਡੇਵਿਡ ਪੈਟਰੀ ਨੇ ਕਮਿਨਤਾਂਗ/ ਚੀਨੀ ਕਮਿਊਨਿਸਟ ਪਾਰਟੀ ਦੀ ਖ਼ੂਨੀ ਫੁੱਟ ਦਾ ਬਹੁਤ ਹੀ ਘੋਖ ਨਾਲ ਸਿੱਟਾ ਕੱਢਿਆ ਕਿ ਇਹ ਬਾਲਸ਼ਵਾਦ ਨੂੰ ਵਕਤੀ ਪਛਾੜ ਸੀ, ਪਰ ਇਸ ਤੋਂ ਅਵੇਸਲੇ ਨਹੀਂ ਹੋਣਾ ਚਾਹੀਦਾ। ਉਸ ਨੇ ਚੇਤਾਵਨੀ ਦਿੱਤੀ, "ਅਜਿਹੀ ਮਿੱਟੀ ਵਿਚ ਹਰ ਭੈੜੇ ਘਾਹ-ਫੂਸ ਨੇ ਜੰਮਣਾ ਹੀ ਹੁੰਦਾ ਹੈ। ਸੰਭਵ

ਹੈ ਕਿ ਬਾਲਸ਼ਵਾਦ ਨੇ ਵਧਦੇ-ਫੁੱਲਦੇ ਰਹਿਣਾ ਹੈ.....। ਇਸੇ ਤਰ੍ਹਾਂ, ਹਿੰਦੁਸਤਾਨੀ ਇਨਕਲਾਬੀ ਅਨਸਰ ਦਾ ਅਫ਼ਰਾ-ਤਫ਼ਰੀ ਵਾਲੇ ਚੀਨ ਵਿਚ ਪੈਰ-ਧਰਾ ਬਣੇਗਾ ਹੀ ਅਤੇ ਗ਼ਦਰੀ ਸਾਜ਼ਿਸ਼ੀ ਤੇ ਸੋਵੀਅਤ ਦੂਤ ਆਪੋ ਆਪਣੇ ਲਾਹੇ ਲਈ ਮਿਲ ਕੇ ਚੱਲਣਗੇ ਅਤੇ ਇਕ ਦੂਜੇ ਦਾ ਫ਼ਾਇਦਾ ਉਠਾਉਣਗੇ।"[137]

ਅਖ਼ਬਾਰ *ਹਿੰਦੁਸਤਾਨ ਗ਼ਦਰ ਢੰਡੋਰਾ*, ਜੋ ਪੰਦਰਵਾੜਾ ਕੱਢਿਆ ਜਾਂਦਾ ਸੀ, ਦਾ ਐਲਾਨਿਆ ਉਦੇਸ਼ ਹਿੰਦ-ਚੀਨੀ ਦੋਸਤੀ ਨੂੰ ਪੀਡੀ ਕਰਨਾ ਅਤੇ ਚੀਨ ਵਿਚ ਰਹਿ ਰਹੇ ਹਿੰਦੁਸਤਾਨੀਆਂ ਨੂੰ ਬਰਤਾਨੀਆ ਦੀ ਵਫ਼ਾਦਾਰੀ ਛੱਡ ਕੇ ਚੀਨ ਦੇ ਕਾਜ ਨਾਲ ਵਫ਼ਾ ਕਮਾਉਣ ਲਈ ਪ੍ਰੇਰਨਾ ਸੀ।[138] ਲੱਗਦਾ ਸੀ ਦਸੌਂਦਾ ਸਿੰਘ ਨੂੰ ਅਖ਼ਬਾਰ ਦਾ ਕੰਮ ਕਰਨ ਦੀ ਸਹੀ ਜਗ੍ਹਾ ਮਿਲ ਗਈ ਸੀ: ਖ਼ੁਫ਼ੀਆ ਪੁਲਿਸ ਦੀ ਰਿਪੋਰਟ ਨੇ ਇਕ ਟਿੱਪਣੀ ਕੀਤੀ ਕਿ "ਉਹ ਜਮਾਂਦਰੂ ਖ਼ੂਬੀਆਂ ਵਾਲਾ ਅਣਥੱਕ ਪ੍ਰਚਾਰਕ ਸੀ।" ਉਸ ਨੇ *ਬੰਦੇ ਮਾਤਰਮ* (ਲਾਹੌਰ) ਨੂੰ ਇਕ "ਨਿਝੱਕ ਇਨਕਲਾਬੀ ਅਪੀਲ" 'ਹਿੰਦੁਸਤਾਨੀ ਵਿਦਿਆਰਥੀਆਂ ਦੇ ਨਾਂ' ਭੇਜੀ। ਇਹ *ਅਕਾਲੀ* (ਅੰਮ੍ਰਿਤਸਰ) ਵਿਚ ਵੀ ਛਪੀ। ਉਸ ਨੇ 'ਚੀਨ ਤੇ ਹਿੰਦੁਸਤਾਨ ਆਪਣੇ ਪਵਿੱਤਰ ਕਾਜ ਲਈ ਇਕਜੁੱਟ ਹੋਣ' ਸਿਰਲੇਖ ਵਾਲਾ ਇਕ "ਬਹੁਤ ਹੀ ਇਤਰਾਜ਼ਯੋਗ ਲੇਖ" ਵੀ ਲਿਖਿਆ, ਜੋ *ਹਿੰਦੁਸਤਾਨ ਗ਼ਦਰ ਢੰਡੋਰਾ* ਅਤੇ ਇਕ ਅੰਗਰੇਜ਼ੀ-ਚੀਨੀ ਅਖ਼ਬਾਰ ਦੋਵਾਂ ਵਿਚ ਛਪਿਆ। *ਢੰਡੋਰਾ* ਦੇ ਤੀਜੇ ਅੰਕ ਵਿਚ ਐਲਾਨ ਕੀਤਾ ਗਿਆ: "ਚੀਨ ਦੇ ਫਰਜ਼ਾਂ ਨੂੰ ਪ੍ਰਣਾਏ ਪੁੱਤਰ ਆਪਣੇ ਮੁਲਕ ਦੀ ਆਜ਼ਾਦੀ ਲਈ ਜੂਝ ਰਹੇ ਹਨ। ਹਿੰਦੁਸਤਾਨ ਦੀ ਆਜ਼ਾਦੀ ਅਤੇ ਚੀਨ ਦੀ ਆਜ਼ਾਦੀ ਦਾ ਇਕ ਦੂਜੇ ਨਾਲ ਗੂੜ੍ਹਾ ਰਿਸ਼ਤਾ ਹੈ। ਚੀਨ ਨੂੰ ਆਜ਼ਾਦੀ ਮਿਲਣ ਨਾਲ ਹਿੰਦੁਸਤਾਨ ਦੀ ਆਜ਼ਾਦੀ ਦਾ ਦਿਨ ਨੇੜੇ ਆ ਜਾਵੇਗਾ।.... ਐ ਹਿੰਦੁਸਤਾਨੀ ਫ਼ੌਜ ਦੇ ਬਹਾਦਰ ਸਿਪਾਹੀਓ....ਆਮ ਗ਼ਦਰ ਮਚਾਉਣਾ *[ਤੁਹਾਡਾ]* ਫਰਜ਼ ਹੈ";[139] ਨਹੀਂ ਤਾਂ ਤੁਹਾਡੀ ਔਕਾਤ ਭਾੜੇ ਦੀਆਂ ਫ਼ੌਜਾਂ ਤੋਂ ਵੱਧ ਨਹੀਂ ਹੈ, ਜਿਨ੍ਹਾਂ ਨੂੰ ਉਨ੍ਹਾਂ ਲੋਕਾਂ ਨਾਲ ਲੜਨ ਦੀ ਤਨਖ਼ਾਹ ਦਿੱਤੀ ਜਾਂਦੀ ਹੈ ਜੋ ਉਨ੍ਹਾਂ ਦੇ ਵੈਰੀ ਨਹੀਂ ਹਨ। ਸ਼ੰਘਾਈ ਵਿਚ ਜੋ 3/14ਵੀਂ ਪੰਜਾਬੀ ਰੈਜੀਮੈਂਟ ਲਗਾਈ ਗਈ ਹੈ, ਲੱਗਦਾ ਹੈ ਉਨ੍ਹਾਂ ਨਾਲ ਗੱਲਬਾਤ ਕਰਕੇ ਅਤੇ *ਗ਼ਦਰ* ਅਖ਼ਬਾਰ ਸਮੇਤ ਹੋਰ ਸਾਹਿਤ ਰਾਹੀਂ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਨੂੰ "ਬਹਿਕਾਉਣ" 'ਤੇ ਵਿਸ਼ੇਸ਼ ਨਿਸ਼ਾਨਾ ਸੇਧਿਆ ਗਿਆ ਹੈ।[140] ਘੱਟੋਘੱਟ ਇਕ ਮਿਸਾਲ ਐਸੀ ਹੈ ਜਦੋਂ ਸ਼ਮੀਨ ਵਿਚ ਸਿੱਖ ਤੋਪਖਾਨੇ ਅਤੇ ਮੁਸਲਿਮ ਪੁਲਿਸ ਨੂੰ ਚੀਨੀਆਂ ਉੱਪਰ ਗੋਲੀਆਂ ਚਲਾਉਣ ਦਾ ਹੁਕਮ ਦਿੱਤਾ ਗਿਆ ਤਾਂ ਉਨ੍ਹਾਂ ਨੇ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਨੂੰ ਜਹਾਜ਼ ਚੜ੍ਹਾਕੇ ਵਾਪਸ ਹਿੰਦੁਸਤਾਨ ਭੇਜਣਾ ਪਿਆ।[141]

ਕੈਲੀਫੋਰਨੀਆ ਤੋਂ ਗ਼ਦਰੀ ਪ੍ਰਕਾਸ਼ਨਾ ਲਈ ਵਿਤੀ ਮਦਦ ਅਤੇ ਸਮੱਗਰੀ ਲਗਾਤਾਰ ਭੇਜਦੇ ਰਹੇ। *ਯੂਨਾਈਟਿਡ ਸਟੇਟਸ ਆਫ ਇੰਡੀਆ* ਵਲੋਂ ਬਹੁਤ ਸਾਰੇ ਸਬੰਧਤ ਲੇਖ ਛਾਪੇ ਗਏ, ਸਮੇਤ ਇਸ ਰਿਪੋਰਟ ਦੇ ਜੋ ਸਤੰਬਰ 1925 ਅੰਕ ਵਿਚ ਦਿੱਤੀ ਗਈ: "ਹਾਂਗ ਕਾਂਗ ਵਿਚ ਅੰਗਰੇਜ਼ਾਂ ਦੀ ਹਿੰਦੁਸਤਾਨੀ ਪੁਲਿਸ ਦੇ ਲਗਭਗ 70 ਬੰਦੇ ਉਨ੍ਹਾਂ ਬੇਰਹਿਮ ਢੰਗ-ਤਰੀਕਿਆਂ ਵਿਰੁੱਧ ਰੋਸ ਵਜੋਂ ਚੀਨੀ ਕਿਰਤੀਆਂ ਨਾਲ ਹਮਦਰਦੀ ਪ੍ਰਗਟਾਉਂਦੇ ਹੋਏ ਅੰਗਰੇਜ਼ ਹਕੂਮਤ ਦੀ ਨੌਕਰੀ ਛੱਡ ਗਏ ਜਿਨ੍ਹਾਂ ਦਾ ਇਸਤੇਮਾਲ ਅੰਗਰੇਜ਼ਾਂ ਵਲੋਂ ਹੜਤਾਲੀ ਕਿਰਤੀਆਂ ਅਤੇ ਮੁਜ਼ਾਹਰਾਕਾਰੀਆਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਣ ਲਈ ਕੀਤਾ ਜਾਂਦਾ ਹੈ।"[142] ਇਸੇ ਦੌਰਾਨ ਮੈਰਿਸਵਿਲੇ, ਕੈਲੀਫੋਰਨੀਆ ਵਿਚ ਗ਼ਦਰੀਆਂ ਦੇ ਇਕ ਜਨਤਕ ਇਕੱਠ ਨੇ ਅੰਗਰੇਜ਼ ਧਾੜਵੀਆਂ ਵਲੋਂ ਚੀਨੀ ਕਿਰਤੀਆਂ ਅਤੇ ਵਿਦਿਆਰਥੀਆਂ ਉੱਪਰ ਢਾਹੇ ਜਾਂਦੇ "ਜ਼ੁਲਮਾਂ ਤੇ ਜਲਾਦਪੁਣੇ" ਵਿਰੁੱਧ ਅਤੇ ਉਥੇ ਹਿੰਦੁਸਤਾਨੀ ਫ਼ੌਜੀਆਂ ਨੂੰ ਲਗਾਏ ਜਾਣ ਦੇ ਖ਼ਿਲਾਫ਼ ਰੋਸ ਵਜੋਂ

ਲਗਾਤਾਰ ਮਤੇ ਪਾਏ ਜੋ ਹਿੰਦੁਸਤਾਨੀ ਅਖ਼ਬਾਰਾਂ ਨੂੰ ਭੇਜੇ ਜਾਣ ਲਈ ਸਨ।[143] ਪਰ 1926 'ਚ ਗਰਮ ਖ਼ਿਆਲੀਆਂ ਅਤੇ ਨਰਮ ਖ਼ਿਆਲੀਆਂ ਵਿਚ ਐਸੀ ਫੁੱਟ ਪੈ ਗਈ ਜਿਸ ਦੇ ਨੁਕਸਾਨ ਦੀ ਪੂਰਤੀ ਨਹੀਂ ਹੋ ਸਕਦੀ। *ਗ਼ਦਰ* ਅਜੇ ਵੀ ਸਾਨ ਫਰਾਂਸਿਸਕੋ ਤੋਂ ਸੀਮਤ ਗਿਣਤੀ 'ਚ ਛਾਪਿਆ ਜਾ ਰਿਹਾ ਸੀ ਅਤੇ ਪੂਰੇ ਬ੍ਰਿਟਿਸ਼ ਕੋਲੰਬੀਆਂ ਵਿਚ ਵੰਡਿਆ ਜਾਂਦਾ ਸੀ; ਜੰਗ ਤੋਂ ਪਹਿਲਾਂ ਵਾਂਗ ਪੈਂਫਲੈੱਟ ਤੇ ਸਮੇਂ ਸਮੇਂ 'ਤੇ ਹੋਰ ਪ੍ਰਕਾਸ਼ਨਾਵਾਂ ਛਾਪ ਕੇ ਪਾਰਟੀ ਦੀਆਂ ਬਾਹਰਲੀਆਂ ਸ਼ਾਖਾਵਾਂ ਨੂੰ ਇਕ ਲੜੀ 'ਚ ਪਰੋਣ ਲਈ ਕੁਲ ਦੁਨੀਆ ਵਿਚ ਉਨ੍ਹਾਂ ਥਾਵਾਂ 'ਤੇ ਵੰਡੇ ਜਾਂਦੇ ਸਨ, "ਜਿਥੇ ਕਿਤੇ ਵੀ ਪੰਜਾਬੀ ਕਾਮੇ ਵੱਡੀ ਤਾਦਾਦ ਵਿਚ ਰਹਿੰਦੇ ਸਨ।"[144] ਪਰ ਕੁਲ-ਮਿਲਾ ਕੇ ਕਮਿਊਨਿਸਟ ਜਾਂ "ਦੇਸ਼ ਭਗਤ" ਧੜਾ (ਭਾਵ ਜੋ ਮੂਲ ਰੂਪ 'ਚ ਅਮਰੀਕੀ ਮੁੱਖ ਧਾਰਾ ਵਿਚ ਸ਼ਾਮਲ ਹੋਣ ਦੇ ਖ਼ਾਹਸ਼ਮੰਦ ਹਿੱਸੇ ਦੇ ਉਲਟ ਹਿੰਦੁਸਤਾਨ ਦੀ ਆਜ਼ਾਦੀ ਲਈ ਲੜਾਈ ਜਾਰੀ ਰੱਖਣ ਪ੍ਰਤੀ ਵਚਨਬਧ ਸਨ) ਭਾਈਚਾਰੇ ਵਿੱਚੋਂ ਹੋਰ ਨਿੱਖੜਦਾ ਗਿਆ ਅਤੇ ਕਾਰਿੰਦਿਆਂ ਦੀ ਇਕ ਬਹੁਤ ਹੀ ਸੀਮਤ ਗੁਲੀ ਨੂੰ ਛੱਡ ਕੇ ਬਾਕੀਆਂ ਦੀਆਂ ਨਜ਼ਰਾਂ ਤੋਂ ਓਝਲ ਰਿਹਾ।[145]

1920ਵਿਆਂ ਦੇ ਅਖ਼ੀਰ 'ਚ ਕੈਲੀਫੋਰਨੀਆ ਦੇ ਸਿੱਖ ਭਾਈਚਾਰੇ ਵਿਚ ਕਤਲਾਂ ਦਾ ਸਿਲਸਿਲਾ ਚੱਲ ਪਿਆ। ਭਾਵੇਂ ਇਹ ਮੁੱਖ ਤੌਰ 'ਤੇ ਜ਼ਮੀਨੀ ਝਗੜਿਆਂ ਤੇ ਛੋਟੇ-ਛੋਟੇ ਵੈਰ-ਵਿਰੋਧਾਂ ਨਾਲ ਸਬੰਧਤ ਸਨ ਅਤੇ ਗ਼ਦਰ ਦੀਆਂ ਸਰਗਰਮੀਆਂ ਨਾਲ ਇਨ੍ਹਾਂ ਦਾ ਕੋਈ ਸਿੱਧਾ ਸਬੰਧ ਨਹੀਂ ਸੀ, ਫਿਰ ਵੀ ਸ਼ੱਕ ਦਾ ਪ੍ਰਛਾਵਾਂ ਗ਼ਦਰੀਆਂ ਉੱਪਰ ਵੀ ਪਿਆ। ਇਹ ਸ਼ੱਕ ਵੀ ਕੀਤਾ ਜਾਂਦਾ ਸੀ ਕਿ ਉਹ ਗ਼ੈਰਕਾਨੂੰਨੀ ਆਵਾਸੀਆਂ ਨੂੰ ਇਥੇ ਲਿਆਉਣ ਦੇ ਧੰਦੇ 'ਚ ਸ਼ਾਮਲ ਸਨ, ਇਥੇ ਇਹ ਵੱਧ ਵਾਜਬੀਅਤ ਵਾਲਾ ਮਾਮਲਾ ਸੀ। ਇਹ ਭਾਰੀ ਮੁਨਾਫ਼ੇ ਦਾ ਧੰਦਾ ਸੀ ਜਿਸ ਲਈ ਪਾਰਟੀ ਦੇ ਅੰਦਰਲਾ ਗੁਪਤ ਘੇਰਾ ਪੂਰੀ ਤਰ੍ਹਾਂ ਢੁਕਵਾਂ ਸਮਝਿਆ ਜਾਂਦਾ ਸੀ ਜਿਸ ਦੀ ਆਪਣੇ ਲੋਕਾਂ ਨੂੰ ਮੁਲਕ 'ਚੋਂ ਖ਼ੁਫ਼ੀਆ ਤੌਰ 'ਤੇ ਇਥੇ ਸੱਦਣ ਅਤੇ ਉਥੇ ਭੇਜਣ ਦੀ ਮੁਹਾਰਤ ਸੀ। ਮੈਕਸੀਕੋ ਕਾਨੂੰਨ ਦੀ ਮਾਰ ਤੋਂ ਬਚਣ ਦੀ ਠਾਹਰ ਅਤੇ ਐਸੀ ਥਾਂ ਸੀ ਜਿਸ ਜ਼ਰੀਏ ਸਾਹਿਤ, ਪੈਸਾ ਜਾਂ ਹਥਿਆਰ ਇਧਰ ਉਧਰ ਲਿਜਾਏ ਜਾ ਸਕਦੇ ਸਨ। 1927 'ਚ ਉਤਰੀ ਅਮਰੀਕਾ ਦੇ ਸਿੱਖਾਂ ਦੀ ਸਰਗਰਮੀ ਬਾਰੇ ਚੌਕਸੀ ਰੱਖਣ ਵਾਲਿਆਂ ਵਲੋਂ "ਗੁਪਤੋ-ਗੁਪਤੀ ਸਰਹੱਦ ਦੇ ਆਰ-ਪਾਰ ਚੋਖੀ ਆਵਾਜਾਈ" ਨੋਟ ਕੀਤੀ ਗਈ।[146] ਜਿਵੇਂ ਜਗਤ ਸਿੰਘ ਦਾ ਆਉਣ-ਜਾਣ ਜਿਨ੍ਹਾਂ ਦੇ ਬਾਰੇ ਸਮਝਿਆ ਜਾਂਦਾ ਸੀ ਕਿ ਉਹ "ਖ਼ੁਫ਼ੀਆ ਕੰਮ" ਨੂੰ ਅਗਵਾਈ ਦੇਣ ਵਾਲਿਆਂ ਵਿੱਚੋਂ ਸੀ। ਇਨ੍ਹਾਂ ਮੈਕਸੀਕੋ, ਕਿਊਬਾ ਅਤੇ ਤੁਰਕੀ ਰਾਹੀਂ ਆਉਣ-ਜਾਣ ਵਾਲਿਆਂ ਦਾ ਸੀ.ਆਈ.ਡੀ. 1920 ਤੋਂ ਹੀ ਖ਼ੁਰਾ ਨੱਪ ਰਹੀ ਸੀ। ਖ਼ੁਦ ਰਤਨ ਸਿੰਘ ਨੂੰ "ਲਹਿਰ ਲਈ ਹੋਰ ਬੰਦੇ ਅਤੇ ਫੰਡਾਂ ਦੀ ਸਹਾਇਤਾ ਜੁਟਾਉਣ ਲਈ" ਓਦੋਂ ਤੱਕ ਚੋਰੀ-ਛੁਪੇ ਸਰਹੱਦ ਪਾਰ ਭੇਜਿਆ ਜਾਂਦਾ ਰਿਹਾ ਜਦੋਂ ਤੱਕ ਉਹ ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਅੜਿੱਕੇ ਨਹੀਂ ਚੜ੍ਹ ਗਿਆ, ਜਿਸ ਤੋਂ ਪਿੱਛੋਂ ਉਹ ਜ਼ਮਾਨਤ ਕਰਾ ਕੇ ਉੱਥੋਂ ਖਿਸਕ ਗਿਆ ਅਤੇ ਸਰਹੱਦ ਟੱਪ ਗਿਆ।[147]

ਪਰ ਜਦੋਂ 1929 'ਚ ਤੇਜਾ ਸਿੰਘ ਸੁਤੰਤਰ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਇਥੇ ਆਇਆ, ਓਦੋਂ ਮੁਕਾਮੀ ਹਾਲਤ ਬਹੁਤ ਪਤਲੀ ਸੀ। ਆਪਣੀ ਜੋਸ਼ ਭਰ ਦੇਣ ਵਾਲੀ ਕਾਰਜ-ਕੁਸ਼ਲਤਾ ਦੇ ਬਾਵਜੂਦ, ਉਹ ਆਪਣੀ ਗੱਲ ਮੰਨਵਾ ਲੈਣ ਅਤੇ ਧੱਕੜ ਰੁਚੀ ਵਾਲਾ ਸੀ। ਉਸ ਦਾ ਸਾਜ਼ਿਸ਼ੀ ਦਾਅਪੇਚਾਂ ਨਾਲ ਮੋਹ ਨਵੇਂ ਕਮਿਊਨਿਸਟ ਗ਼ਦਰੀਆਂ ਨੂੰ ਵੇਲਾ ਵਿਹਾ ਚੁੱਕਾ ਲੱਗਦਾ ਸੀ, ਜਿਸ ਨਾਲ ਜਨਤਕ ਜਥੇਬੰਦੀਆਂ ਦੇ ਪ੍ਰਵਾਨਤ ਢੰਗ ਨੂੰ ਅਪਨਾਉਣ ਦੇ ਬਦਲਾਓ 'ਚ ਅੜਚਣ ਪੈਂਦੀ ਸੀ। ਇਹ ਬਹਿਸ ਵਾਰ-ਵਾਰ ਹੋਵੇਗੀ। ਫਿਰ ਵੀ, ਜ਼ਾਹਿਰ ਹੈ ਉਸ ਵਿਚ ਜੋਸ਼ ਭਰ ਦੇਣ ਦੀ ਪ੍ਰਤਿਭਾ ਸੀ। ਸ਼ਾਇਦ ਉਸ ਦਾ ਚੰਗਾ ਪੰਜਾਬੀ ਸ਼ਾਇਰ ਹੋਣਾ ਅਤੇ ਉਸ ਦੀ ਲੜਾਈ ਦੀ

ਰੁਚੀ, ਇਹ ਕੁਦਰਤੀ ਖ਼ੂਬੀਆਂ ਉਸ ਦੇ ਹੱਕ 'ਚ ਜਾਂਦੀਆਂ ਸਨ।[148]

1923 'ਚ ਕਾਬੁਲ ਵਿਚ ਗ਼ਦਰੀ ਆਗੂਆਂ - ਅਮਰੀਕਾ ਤੋਂ ਰਤਨ ਸਿੰਘ ਤੇ ਸੰਤੋਖ ਸਿੰਘ ਅਤੇ ਹਿੰਦੁਸਤਾਨ ਤੋਂ ਗੁਰਮੁਖ ਸਿੰਘ ਅਤੇ ਊਧਮ ਸਿੰਘ ਕਸੇਲ, ਜੋ ਗ਼ਦਰ ਤੋਂ ਪਿੱਛੋਂ ਜੇਲ੍ਹਬੰਦੀ ਤੋਂ ਫਰਾਰ ਹੋ ਕੇ ਸਰਹੱਦ ਪਾਰ ਕਰ ਗਏ ਸਨ - ਨਾਲ ਮੁਲਾਕਾਤ ਹੋਣ ਤੋਂ ਪਹਿਲਾਂ, ਸੁਤੰਤਰ ਇਕ ਪ੍ਰਚਾਰਕ ਅਤੇ ਅਕਾਲੀ ਕਾਰਕੁੰਨ ਸੀ।[149] ਇਸ ਤੋਂ ਅਗਲੇ ਸਾਲ ਗਰੁੱਪ ਦੀ ਕੌਮਾਂਤਰੀ ਖ਼ੁਫ਼ੀਆ ਖ਼ਤੋ-ਕਿਤਾਬਤ ਉਸ ਦੀ ਮਾਰਫ਼ਤ ਈਸ਼ਰ ਸਿੰਘ ਦੇ ਨਾਂ ਹੇਠ ਹੁੰਦੀ ਰਹੀ ਸੀ।[150] ਪਰ 1924 'ਚ ਉਹ ਇਸਤਾਂਬੁਲ ਦੀ ਫ਼ੌਜੀ ਅਕਾਦਮੀ ਵਿਚ ਸਿਖਲਾਈ ਲੈਣ ਲਈ ਚਲਾ ਗਿਆ, ਜਿਥੇ ਉਹ ਇਕ ਆਟੋ ਮੋਬਾਈਲ ਸਕੂਲ ਵਿਚ ਇੰਸਟਰਕਟਰ ਬਣ ਗਿਆ ਅਤੇ ਓਹਲੇ ਵਜੋਂ ਇਕ ਕਾਰੋਬਾਰ ਖੋਲ੍ਹ ਲਿਆ ਜਿਸ ਜ਼ਰੀਏ ਕਾਬੁਲ ਵਿਚ ਤੁਰਕੀ ਦੇ ਦੂਤ ਰਾਹੀਂ ਸਸਤਾ ਮਾਲ ਅਤੇ ਰੂਸੀ ਪੈਸਾ ਭੇਜਿਆ ਜਾਣਾ ਸੀ। ਕਿਹਾ ਜਾਂਦਾ ਹੈ ਉਸ ਨੂੰ "ਅਮਰੀਕਾ ਤੋਂ ਖੁੱਲ੍ਹੇ ਫੰਡ ਆਉਂਦੇ ਸਨ।"[151]

1930 ਤੇ ਮੁੱਢ 'ਚ ਸੁਤੰਤਰ ਸਾਨ ਫਰਾਂਸਿਸਕੋ ਲਈ ਰਵਾਨਾ ਹੋ ਗਿਆ ਅਤੇ ਓਹਲੇ ਵਜੋਂ ਉਸ ਨੇ ਹਿੰਦੁਸਤਾਨ-ਅਮਰੀਕੀ ਟਰੇਡਿੰਗ ਕੰਪਨੀ ਸ਼ੁਰੂ ਕਰਕੇ ਪਹਿਲਾਂ ਵਾਲਾ ਦਾਅਪੇਚ ਹੀ ਖੇਡ੍ਹਿਆ ਜਿਸ ਨੇ "ਹਿੰਦੁਸਤਾਨ ਵਿਚ ਖੁਫ਼ੀਆ ਗ਼ਦਰੀ ਜਥੇਬੰਦੀ ਲਈ ਅਹਿਮ ਸਮੱਗਰੀ ਭੇਜਣ ਦਾ ਕੰਮ ਕਰਨਾ ਸੀ।" ਉਸ ਨੇ ਕੈਲੀਫੋਰਨੀਆ ਦਾ ਚੱਕਰ ਲਗਾਇਆ ਜਿਥੇ ਉਸ ਬਾਰੇ ਕਿਹਾ ਜਾਂਦਾ ਹੈ ਉਹ "ਜੋਸ਼ ਭਰੀਆਂ ਤਕਰੀਰਾਂ" ਕਰਨ ਅਤੇ ਸਟਾਕਟਨ ਦੇ ਮਜ਼ਦੂਰਾਂ ਤੋਂ ਲੈ ਕੇ ਵਾਸ਼ਿੰਗਟਨ ਤੇ ਕੈਲੀਫੋਰਨੀਆ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੱਕ, ਮਾਸਕੋ ਭੇਜਣ ਲਈ ਸਿਖਿਆਰਥੀ ਤਿਆਰ ਕਰਨ ਦੇ ਨਾਲ-ਨਾਲ ਬੰਬ ਬਣਾਉਣ ਅਤੇ ਜ਼ਹਿਰਾਂ ਦੇ ਇਸਤੇਮਾਲ ਦਾ ਗਿਆਨ ਵੀ ਵੰਡਦਾ ਰਿਹਾ।[152] ਉਸ ਨੇ ਯੁਗਾਂਤਰ ਆਸ਼ਰਮ ਵਿਚ ਇਕ ਨਵੀਂ ਪ੍ਰਿੰਟਿੰਗ ਪ੍ਰੈੱਸ ਲਗਾਈ, ਸਟਾਫ਼ ਨੂੰ ਹਵਾਈ ਜਹਾਜ਼ ਖ਼ਰੀਦਣ ਲਈ ਪ੍ਰੇਰਿਆ ਅਤੇ ਉਡਾਣ ਭਰਨ ਦੇ ਸਬਕ ਪੜ੍ਹਾਏ।[153] ਦਰ ਅਸਲ, ਅਸੰਭਾਵੀ ਤੌਰ 'ਤੇ ਉਨ੍ਹਾਂ ਦੀ ਖ਼ਿਆਲੀ ਯੋਜਨਾ ਰੂਸ ਦੇ ਬਣੇ ਦਸ ਹਵਾਈ ਜਹਾਜ਼ਾਂ ਨੂੰ ਲੈ ਕੇ ਹਵਾਈ ਫ਼ੌਜ ਬਣਾਉਣ ਦੀ ਸੀ ਜੋ ਬਰਲਿਨ-ਮਾਸਕੋ ਸਾਂਝੀ ਕਮੇਟੀ ਨੇ ਸਪਲਾਈ ਕਰਨੇ ਸਨ। ਕਾਬੁਲ ਸਥਿਤ ਆਰਜ਼ੀ ਹਕੂਮਤ-ਏ-ਹਿੰਦ ਨੇ ਘੱਟੋ-ਘੱਟ ਇਕ ਹਵਾਈ ਜਹਾਜ਼ ਹਿੰਦੁਸਤਾਨ ਭੇਜਣਾ ਸੀ। "ਬੰਬਾਂ, ਰਿਵਾਲਵਰਾਂ ਅਤੇ ਲੀਫਲੈੱਟਾਂ ਨਾਲ ਲੈਸ ਇਸ ਜਹਾਜ਼ ਦਾ ਸੰਚਾਲਕ ਇਕ ਭਰੋਸੇਯੋਗ ਕੌਮਪ੍ਰਸਤ ਨੇ ਹੋਣਾ ਸੀ, ਜਿਸ ਦਾ ਉਦੇਸ਼ ਹਕੂਮਤ ਵਿਰੁੱਧ ਪੇਂਡੂ ਲੋਕਾਂ ਨੂੰ ਭੜਕਾਉਣਾ ਸੀ।" "ਪੰਦਰਾਂ ਜਰਮਨ ਤੇ ਰੂਸੀ ਇੰਜੀਨੀਅਰਾਂ ਅਤੇ ਵਿਸਫੋਟਕ ਮਾਹਰਾਂ" ਨੂੰ ਲੈ ਕੇ ਬੀ.ਆਈ.ਸੀ. ਦਾ ਡਾ. ਹਾਫ਼ਿਜ਼ ਕਾਬੁਲ ਆਇਆ ਸੀ। ਬੀ.ਆਈ.ਸੀ. ਵਲੋਂ ਜ਼ੂਰਿਖ ਵਿਚ ਬਿਰੇਂਦਰਨਾਥ ਗੁਪਤਾ ਨੂੰ ਭੇਜੇ ਖ਼ਤ ਵਿਚ ਜ਼ਿਕਰ ਸੀ ਕਿ ਪੰਜ ਹਿੰਦੁਸਤਾਨੀ ਤਾਸ਼ਕੰਦ ਵਿਚ ਹਵਾਈ ਜਹਾਜ਼ ਚਲਾਉਣਾ ਸਿੱਖ ਰਹੇ ਸਨ, ਅਤੇ ਇਸ ਤੋਂ ਇਲਾਵਾ ਚੱਟੋ ਦੱਤ ਦੇ ਇਕ ਮਿੱਤਰ ਨੂੰ ਲਿਆਉਣਾ ਚਾਹੁੰਦਾ ਸੀ "ਜਿਸ ਨੇ ਜੰਗ ਲੱਗਣ ਤੋਂ ਪਹਿਲਾਂ ਅਮਰੀਕਾ ਵਿਚ ਹਵਾਈ ਜਹਾਜ਼ ਚਲਾਉਣ ਦੀ ਮੁਹਾਰਤ ਹਾਸਲ ਕਰ ਲਈ ਸੀ।"[154]

ਦੋ ਸਾਲ ਬਾਅਦ "ਇਮੀਗ੍ਰੇਸ਼ਨ ਅਧਿਕਾਰੀਆਂ ਦੀ ਜ਼ਰੂਰੀ ਗੁਜ਼ਾਰਿਸ਼ ਉਪਰ" ਸੁਤੰਤਰ ਸਾਨ ਫਰਾਂਸਿਸਕੋ ਚਲਾ ਗਿਆ ਅਤੇ ਫਿਰ ਪਨਾਮਾ (ਜਿਥੇ ਉਸ ਨੇ ਜਾਅਲੀ ਹਿੰਦੂ ਟਰੇਡਿੰਗ ਕੰਪਨੀ ਦੀ ਇਕ ਹੋਰ ਸ਼ਾਖਾ ਖੋਲ੍ਹੀ), ਬਰਾਜ਼ੀਲ ਅਤੇ ਅਰਜਨਟਾਈਨਾ ਦਾ ਦੌਰਾ ਕੀਤਾ। ਇਸ ਪਿੱਛੋਂ ਉਸ ਦੀ ਸਭ ਤੋਂ ਨਿਆਰੀ ਦੇਣ ਸੀ ਦੱਖਣੀ ਅਮਰੀਕਾ ਦੇ ਪੂਰਬੀ ਹਿੰਦੁਸਤਾਨੀ ਕਾਮਿਆਂ ਨੂੰ ਗ਼ਦਰੀ ਬਣਾਉਣਾ।[155] ਅਜੀਤ ਸਿੰਘ ਵਲੋਂ ਬਰਾਜ਼ੀਲ ਅਤੇ ਅਰਜਨਟਾਈਨਾ ਵਿਚ ਕੇਂਦਰ

ਕਾਇਮ ਕਰਨ ਦੇ ਯਤਨਾਂ ਦੇ ਸਮੇਂ ਤੋਂ ਹੀ ਇਸ ਖੇਤਰ ਵਿਚ ਹਿੰਦੁਸਤਾਨੀ ਇਨਕਲਾਬੀਆਂ ਦੀ ਰੁਚੀ ਸੀ। ਰਤਨ ਸਿੰਘ ਅਤੇ ਜੋਧ ਸਿੰਘ ਦੋਵੇਂ ਬਰਾਜ਼ੀਲ ਵਿਚ ਅਜੀਤ ਸਿੰਘ ਨੂੰ ਮਿਲੇ ਸਨ; ਭਗਤ ਸਿੰਘ ਬਿਲਗਾ, ਜੋ ਮੁੱਢਲੇ ਗ਼ਦਰੀਆਂ ਦੀ ਆਖ਼ਰੀ ਨਿਸ਼ਾਨੀ ਸੀ ਅਤੇ ਮਾਸਕੋ ਸਕੂਲ ਦਾ ਪੜ੍ਹਿਆ ਹੋਇਆ ਸੀ, ਜੋ 1920ਵਿਆਂ ਵਿਚ ਕਾਮੇ ਵਜੋਂ ਅਰਜਨਟਾਈਨਾ ਚਲਾ ਗਿਆ ਸੀ ਅਤੇ ਓੜਕ ਉੱਥੋਂ ਦੀ ਗ਼ਦਰ ਸ਼ਾਖਾ ਦਾ ਜਨਰਲ ਸਕੱਤਰ ਬਣ ਕੇ ਕੰਮ ਕਰਦਾ ਰਿਹਾ, ਨੇ ਲਿਖਿਆ ਕਿ ਅਜੀਤ ਸਿੰਘ ਪਹਿਲਾ ਬੰਦਾ ਸੀ ਜੋ ਉਸ ਨੂੰ ਉਥੇ ਮਿਲਿਆ ਸੀ।[156] ਬਿਲਗਾ ਦੇ ਉਥੇ ਪਹੁੰਚਣ ਸਮੇਂ ਦੱਖਣੀ ਅਮਰੀਕਾ ਵਿਚ ਹਿੰਦੁਸਤਾਨੀ ਕਾਮਿਆਂ ਦਾ ਵਧੀਆ ਮਜ਼ਬੂਤ ਘੇਰਾ ਬਣਿਆ ਹੋਇਆ ਸੀ, ਜੋ ਮੈਕਸੀਕੋ, ਪਨਾਮਾ ਅਤੇ ਅਰਜਨਟਾਈਨਾਂ ਦੀਆਂ ਰੇਲ ਪਟੜੀਆਂ, ਤੇਲ-ਸੋਧਕ ਕਾਰਖ਼ਾਨਿਆਂ, ਫਾਰਮਾਂ ਅਤੇ ਫੈਕਟਰੀਆਂ ਵਿਚ ਕੇਂਦਰਤ ਸਨ ਅਤੇ ਕਦੇ-ਕਦਾਈਂ ਉਹ ਕਿਊਬਾ ਦੇ ਗੰਨੇ ਦੇ ਫਾਰਮਾਂ ਵਿਚ ਵੀ ਚਲੇ ਜਾਂਦੇ ਸਨ। ਜੰਗ ਦੇ ਪਹਿਲੇ ਹਿੱਸੇ ਸਮੇਂ ਭਗਵਾਨ ਸਿੰਘ ਦੀਆਂ ਸਰਗਰਮੀਆਂ ਪਨਾਮਾ ਵਿਚ ਆਪਣੇ ਪਿੱਛੇ ਇਕ ਸਿਆਸੀ ਕੇਂਦਰ ਛੱਡ ਗਈਆਂ ਸਨ ਜਿਥੇ ਸਪੇਨੀ ਬੋਲਣ ਵਾਲੇ "ਹਿੰਦੂ, ਮੁਸਲਮਾਨ ਤੇ ਸਿੱਖ ਮਿਲ-ਜੁਲ ਕੇ ਰਹਿੰਦੇ ਅਤੇ ਕੰਮ ਕਰਦੇ ਸਨ" ਅਤੇ ਜਿਥੇ ਇਹ ਕਾਮੇ *ਗ਼ਦਰ* ਅਤੇ *ਗ਼ਦਰ-ਦੀ-ਗੂੰਜ* ਦੇ ਤਾਜ਼ਾ ਅੰਕ ਮਿਲ ਕੇ ਪੜ੍ਹਨ ਲਈ ਆ ਜੁੜਦੇ ਸਨ। ਅਤੇ ਅਰਜਨਟਾਈਨਾ ਦੇ ਰੋਸਾਰੀਓ, ਜਿਥੇ ਸਨਅਤੀ ਸ਼ਹਿਰ ਦਾ ਪਸਾਰਾ ਹੋ ਰਿਹਾ ਸੀ, ਦੇ ਹਿੰਦੁਸਤਾਨੀ ਕਾਮੇ ਉਨ੍ਹਾਂ ਨਵੇਂ ਆਉਣ ਵਾਲਿਆਂ ਤੋਂ ਪਿੱਛੇ ਆਪਣੇ ਵਤਨ ਦੀਆਂ ਤਾਜ਼ਾ ਘਟਨਾਵਾਂ ਅਤੇ ਸਿਆਸੀ ਘਟਨਾ-ਵਿਕਾਸਾਂ ਬਾਰੇ ਜਾਨਣ ਲਈ ਤਾਂਘਦੇ ਰਹਿੰਦੇ ਸਨ, ਜਿਨ੍ਹਾਂ ਦਾ ਇਥੇ ਲਗਾਤਾਰ ਆਉਣ-ਜਾਣ ਬਣਿਆ ਹੋਇਆ ਸੀ। ਰੋਸਾਰੀਓ ਦੀਆਂ ਫੈਕਟਰੀਆਂ ਦੀਆਂ ਗੇਟ ਮੀਟਿੰਗਾਂ ਨੂੰ "ਕਮਿਊਨਿਸਟਾਂ ਸਮੇਤ ਹਰ ਤਰ੍ਹਾਂ ਦੇ ਟਰੇਡ ਯੂਨੀਅਨ ਆਗੂ" ਸੰਬੋਧਨ ਕਰਦੇ ਸਨ।[157] ਸ਼ਾਇਦ ਇਸ ਮੁਲਕ ਤੋਂ ਭਾਰੀ ਅਨੁਪਾਤ 'ਚ ਮਾਸਕੋ ਆਉਣ ਵਾਲੇ ਸਿਖਿਆਰਥੀਆਂ ਨੂੰ ਤਿਆਰ ਕਰਨ 'ਚ ਇਨ੍ਹਾਂ ਦੀ ਦੇਣ ਸੀ – 1935 ਤੱਕ ਪੰਜਾਬੀ ਬੋਲਦੇ ਕਾਮਿਆਂ ਦੀਆਂ ਪੰਜ ਟੋਲੀਆਂ ਇਥੇ ਜਾ ਚੁੱਕੀਆਂ ਸਨ, ਸ਼ਾਇਦ ਇਹ ਰੂਸ ਗਏ ਕੁਲ ਹਿੰਦੁਸਤਾਨੀ ਸਿਖਿਆਰਥੀਆਂ ਦਾ 70 ਫ਼ੀ ਸਦੀ ਬਣਦੇ ਸਨ।[158]

ਸੁਤੰਤਰ ਅਤੇ ਰਤਨ ਸਿੰਘ ਦੋਵਾਂ ਨੇ ਦੱਖਣੀ ਹਿੱਸੇ ਵਿਚ ਗੇੜਾ ਮਾਰ ਕੇ ਆਵਾਸੀਆਂ ਨੂੰ ਕਾਇਲ ਕਰਕੇ "ਹਿੰਦੁਸਤਾਨ ਦੀ ਆਜ਼ਾਦੀ ਦੇ ਦੀਵਾਨੇ ਬਣਾਇਆ," ਅਤੇ ਉਨ੍ਹਾਂ ਵਿੱਚੋਂ ਸਰਗਰਮ ਪਾਰਟੀ ਹਮਾਇਤੀ ਭਰਤੀ ਕਰ ਲਏ। "ਪ੍ਰਭਾਵਸ਼ਾਲੀ ਬੁਲਾਰੇ ਅਤੇ ਆਲਮੀ ਸਿਆਸਤ ਦੇ ਚੰਗੇ ਜਾਣੂੰ ਤਾਂ ਦੋਵੇਂ ਹੀ ਸਨ," ਰਤਨ ਸਿੰਘ ਖ਼ਾਸ ਕਰਕੇ ਲਹਿਰ ਵਿਚ ਲੰਮਾ ਸਮੇਂ ਤੋਂ ਹੋਣ ਕਾਰਨ ਬਹੁਤ ਸਾਰੇ ਪੁਰਾਣੇ ਕਾਰਕੁੰਨਾਂ ਦਾ ਜਾਣੂ ਸੀ। ਜਦਕਿ ਸੁਤੰਤਰ ਆਪਣੀ ਭਾਸ਼ਣਬਾਜ਼ੀ ਦੇ ਪੂਰਕ ਵਜੋਂ ਬਗ਼ਾਵਤ ਦੀ ਕਲਾ ਦਾ ਇਲਮ ਇਸ ਨਾਲ ਜੋੜ ਕੇ ਪਾਰਟੀ ਲਾਈਨ ਤੋਂ ਬਾਹਰ ਚਲੇ ਜਾਣ ਦੇ ਰੁਝਾਨ ਦਾ ਸ਼ਿਕਾਰ ਜ਼ਰੂਰ ਸੀ ਪਰ ਇਸ ਅਮਲ 'ਚ ਸਰੋਤਿਆਂ ਨੂੰ ਆਪਣੀ ਸ਼ਖ਼ਸੀਅਤ ਦੇ ਪ੍ਰਭਾਵ ਅਤੇ ਸਿਆਸੀ ਤਕਰੀਰਾਂ ਦੇ ਸਾਰ-ਤੱਤ ਨਾਲ ਕੀਲ ਲੈਂਦਾ ਸੀ।[159] ਇਸ ਕਾਰਨ ਸੁਤੰਤਰ ਉੱਪਰ ਉਸ ਦੇ ਕੁਝ ਮਾਸਕੋ ਰੰਗਰੂਟ ਹੀ ਇਹ ਇਲਜ਼ਾਮ ਲਾਉਂਦੇ ਸਨ ਕਿ ਆਲਮੀ ਇਨਕਲਾਬ ਦੀ ਬਣਤਰ ਬਾਰੇ ਜਾਂ ਇਨਕਲਾਬ ਤੋਂ ਪਿੱਛੋਂ "ਮਜ਼ਦੂਰਾਂ ਅਤੇ ਕਿਸਾਨਾਂ ਦੇ ਰਾਜ" ਦੇ ਕਾਰ-ਵਿਹਾਰ ਬਾਰੇ ਉਸ ਦੀ ਸਮਝਦਾਰੀ "ਧੁੰਦਲੀ ਅਤੇ ਗੰਧਲੀ ਹੋਣ ਕਾਰਨ" ਉਹ ਅਜੇ ਵੀ "ਬੁਰਜੂਆ ਜਮਹੂਰੀ ਭਰਮਾਂ ਦਾ ਸ਼ਿਕਾਰ" ਸੀ।[160] ਰਤਨ ਸਿੰਘ ਜ਼ੋਰ ਦਿੰਦਾ ਸੀ ਕਿ ਉਸ ਦੇ ਸਾਥੀ ਨੇ "ਜੋ ਕੁਝ ਹੋਰ ਪੜ੍ਹਿਆ ਹੋਇਆ ਸੀ....ਉਸ ਨੂੰ ਭੁੱਲ ਜਾਵੇ ਅਤੇ ...." ਅਤੇ ਉਸ ਸੋਮੇ ਤੋਂ ਆਈ "ਨਵੀਂ ਇਨਕਲਾਬੀ ਵਿਗਿਆਨਕ ਵਿਚਾਰਧਾਰਾ ਨੂੰ ਪੱਲੇ ਬੰਨ੍ਹੇ।"[161]

ਲਿਹਾਜ਼ਾ 1932 'ਚ, ਹਿੰਦੁਸਤਾਨ ਮੁੜਨ ਦੀ ਉਸ ਦੀ ਖ਼ਾਹਸ਼ ਦੇ ਬਾਵਜੂਦ, ਸੁਤੰਤਰ ਨੇ ਖ਼ੁਦ ਮਾਸਕੋ ਦੀ ਜ਼ਿਆਰਤ ਕੀਤੀ, ਹਾਲਾਂਕਿ ਉਹ ਅਣਮੰਨੇ ਮਨ ਨਾਲ ਹੀ ਯੂਨੀਵਰਸਿਟੀ ਵਿਚ ਦਾਖ਼ਲ ਹੋਇਆ। ਉਹ ਸਮਝਦਾ ਸੀ ਕਿ ਉਸ ਨੂੰ ਉਹ ਗਿਆਨ ਪਹਿਲਾਂ ਹੀ ਹੈ ਜੋ ਉਸ ਨੂੰ ਚਾਹੀਦਾ ਸੀ। ਮੁੱਢਲੀ ਹਿਚਕ ਦੇ ਬਾਵਜੂਦ, ਸੁਤੰਤਰ ਨੂੰ ਮਾਸਕੋ ਵਿਚ ਰਹਿਣ ਦਾ ਲਾਹਾ ਹੀ ਹੋਇਆ, ਉਸ ਨੇ ਲੈਨਿਨ ਦੀ ਕਿਤਾਬ *ਸਾਮਰਾਜਵਾਦ: ਸਰਮਾਏਦਾਰੀ ਦਾ ਉੱਚਤਮ ਪੜਾਅ* ਪੰਜਾਬੀ ਵਿਚ ਅਨੁਵਾਦ ਕੀਤੀ ਅਤੇ ਆਪਣੀ ਜ਼ਬਾਨ ਵਿਚ ਲੈਕਚਰ ਦਿੰਦਾ ਰਿਹਾ। ਓੜਕ 1934 'ਚ ਉਹ ਜਾਅਲੀ ਪਾਸਪੋਰਟ ਉੱਪਰ ਹਿੰਦੁਸਤਾਨ ਆ ਗਿਆ, ਅਤੇ 1940ਵਿਆਂ 'ਚ ਉਸ ਨੇ ਕਿਰਤੀ ਪਾਰਟੀ ਵਿਚ ਸਿਰਕੱਢਵੀਂ ਭੂਮਿਕਾ ਨਿਭਾਈ।

ਆਪਣੇ ਪਿੱਛੇ ਸੁਤੰਤਰ ਅਮਰੀਕਾ ਵਿਚ ਨਿਧਾਨ ਸਿੰਘ ਵਰਗੇ ਸਮਰਪਿਤ ਆਰਗੇਨਾਈਜ਼ਰਾਂ ਦੀ ਗੁਲੀ ਛੱਡ ਆਇਆ ਸੀ, ਜੋ ਗ਼ਦਰ ਦਾ ਕੰਮ ਕਰਦਾ ਰਿਹਾ ਸੀ ਅਤੇ ਹਿੰਦੂ-ਜਰਮਨ ਸਾਜ਼ਿਸ਼ ਮੁਕੱਦਮੇ ਵਿਚ ਮੁਲਜ਼ਮ ਰਿਹਾ ਸੀ। ਸੁਤੰਤਰ ਦਾ ਇਹ "ਜੋਸ਼ੀਲਾ ਕਦਰਦਾਨ" ਬਾਅਦ ਵਿਚ ਐਗਨੀਸ ਸਮੈਡਲੀ ਨਾਲ ਨੇੜਿਓਂ ਜੁੜਿਆ ਰਿਹਾ। 1930 'ਚ ਉਹ ਗ਼ਦਰ ਪਾਰਟੀ ਦਾ ਪ੍ਰਧਾਨ ਬਣਿਆ ਅਤੇ ਉਸ ਨੇ ਰੂਸ, ਹਿੰਦੁਸਤਾਨ ਤੇ ਅਫ਼ਗਾਨਿਸਤਾਨ ਦੇ ਸਿੱਖਾਂ ਨਾਲ ਰਾਬਤਾ ਬਣਾਈ ਰੱਖਿਆ, ਸਿੱਟੇ ਵਜੋਂ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਸ ਉੱਪਰ "ਅਣਚਾਹੇ ਅਰਾਜਕਤਾਵਾਦੀ" ਦਾ ਠੱਪਾ ਲਾ ਦਿੱਤਾ। ਜਦੋਂ ਲੀਗ ਅਗੇਂਸਟ ਇੰਮਪੀਰੀਅਲਿਜ਼ਮ ਅਤੇ "ਇਸ ਦੇ ਅਮਰੀਕੀ ਸੰਗੀ, ਇੰਟਰਨੈਸ਼ਨਲ ਲੇਬਰ ਡਿਫੈਂਸ" ਉਸ ਦੇ ਕਾਜ ਦੀ ਹਮਾਇਤ 'ਚ ਖੜ੍ਹ ਗਈਆਂ (ਹਾਲਾਂਕਿ ਸ਼ੱਕ ਇਹ ਪੈਂਦਾ ਹੈ ਕਿ ਖ਼ਾਸ ਤੌਰ 'ਤੇ "ਉਹ ਅਰਾਜਕਤਾਵਾਦੀ ਬਿਲਕੁਲ ਨਹੀਂ ਹੈ; ਉਹ ਤਾਂ ਬਾਲਸ਼ਵਿਕ ਹੈ" ਦੀ ਵਜਾਹਤ ਉਸ ਲਈ ਕਿਵੇਂ ਸਹਾਈ ਹੋ ਸਕਦੀ ਸੀ) ਤਾਂ ਮੁਕੱਦਮਾ ਖਾਰਜ ਹੋ ਗਿਆ। ਦੋ ਸਾਲ ਬਾਅਦ ਉਹ ਉਨ੍ਹਾਂ ਸਿਖਿਆਰਥੀਆਂ ਵਿਚ ਜਾ ਸ਼ਾਮਲ ਹੋਇਆ ਜਿਨ੍ਹਾਂ ਨੂੰ ਮਾਸਕੋ ਭੇਜਣ ਲਈ ਉਹ ਐਨੇ ਜ਼ਫ਼ਰ ਜਾਲਦਾ ਰਿਹਾ ਸੀ; ਕਾਫ਼ੀ ਪਿੱਛੋਂ (1951 'ਚ) ਉਹ ਕਮਿਊਨਿਸਟ ਟਿਕਟ ਉੱਪਰ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ।[162] ਅੱਛਰ ਸਿੰਘ ਛੀਨਾ ਇਕ ਹੋਰ ਸਮਰਪਿਤ ਆਰਗੇਨਾਈਜ਼ਰ ਸੀ, ਜੋ 1927 ਜਾਂ 1928 'ਚ ਅਫ਼ਗਾਨਿਸਤਾਨ ਤੋਂ ਹੋ ਕੇ ਕੈਲੀਫੋਰਨੀਆ ਆਇਆ ਸੀ ਅਤੇ ਫਿਰ 1932 'ਚ ਸਿਖਲਾਈ ਲੈਣ ਲਈ ਮਾਸਕੋ ਚਲਾ ਗਿਆ ਸੀ। 1934 'ਚ ਉਹ ਸਾਨ ਫਰਾਂਸਿਸਕੋ ਵਾਪਸ ਮੁੜ ਆਇਆ, ਤੇ ਇਸ ਸੂਬੇ ਵਿਚ ਘੁੰਮ ਫਿਰ ਕੇ ਆਪਣੀਆਂ "ਭੜਕਾਊ ਪ੍ਰਚਾਰ ਵਾਲੀਆਂ" ਤਕਰੀਰਾਂ ਕਰਦਾ ਰਿਹਾ। 1935 'ਚ ਉਹ ਫਰਾਂਸ ਚਲਾ ਗਿਆ। ਕਿਹਾ ਜਾਂਦਾ ਹੈ ਉੱਥੇ ਉਹ ਫਰਾਂਸੀਸੀ ਕਮਿਊਨਿਸਟ ਪਾਰਟੀ ਦੇ ਨੁਮਾਇੰਦੇ ਨੂੰ ਮਿਲਣ ਗਿਆ ਸੀ। ਆਜ਼ਾਦੀ ਤੋਂ ਪਿੱਛੋਂ ਉਹ "ਰੂਪੋਸ਼ ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦਾ ਸਰਗਰਮ ਆਗੂ" ਮੰਨਿਆ ਜਾਂਦਾ ਸੀ।[163]

ਪੁਰੀ ਕਹਿੰਦਾ ਹੈ ਕਿ ਇਨ੍ਹਾਂ ਪਿੱਛੇ ਰਹਿ ਕੇ ਕੰਮ ਕਰਨ ਵਾਲਿਆਂ ਦੇ ਬਾਵਜੂਦ, 1930ਵਿਆਂ ਦੇ ਸ਼ੁਰੂ ਵਿਚ "ਸਾਰੇ ਗ਼ਦਰੀ" – ਜਿਸ ਤੋਂ ਉਸ ਦੀ ਮੁਰਾਦ *ਅਸਲ* ਗ਼ਦਰੀਆਂ ਭਾਵ ਰੈਡੀਕਲਾਂ ਤੋਂ ਹੈ, ਜੋ ਹੁਣ ਕਮਿਊਨਿਸਟ ਸਨ – ਇੱਥੋਂ ਜਾ ਚੁੱਕੇ ਸਨ।[164] ਪਿੱਛੇ ਬਚਿਆ ਸੀ ਉੱਥੋਂ ਦੀ ਨਾਗਰਿਕਤਾ ਲੈ ਕੇ ਆਪਣੀ ਆਰਥਕ ਤਰੱਕੀ ਤੇ ਸਿੱਖਾਂ ਦੇ ਅਮਰੀਕੀ ਮੁੱਖਧਾਰਾ ਵਿਚ ਸਿਆਸੀ ਤੌਰ 'ਤੇ ਘੁਲਮਿਲ ਜਾਣ ਦਾ ਵਖਿਆਨ ਕਰਨ ਵਾਲਿਆਂ ਦਾ ਮੰਚ। ਇੰਞ ਕੌਮਾਂਤਰੀ ਇਨਕਲਾਬ ਕਰਨ ਦੀ ਗ਼ਦਰ ਦੀ ਸੇਧ ਨੇ ਰੈਡੀਕਲ ਆਵਾਸੀਆਂ ਦੀ ਲਹਿਰ ਵਜੋਂ ਇਸ ਦੀ ਘਰੇਲੂ ਭੂਮਿਕਾ ਨੂੰ ਕਮਜ਼ੋਰ ਕਰਨ ਦੀ ਚੁੰਗ ਵਸੂਲ ਲਈ ਸੀ।

ਰਤਨ ਸਿੰਘ ਅਤੇ ਸੰਤੋਖ ਸਿੰਘ ਮਈ 1923 'ਚ, ਨਵੇਂ ਸਿਧਾਂਤ ਤੇ ਆਪਣੇ ਕਾਜ ਲਈ ਨਵੇਂ ਉਤਸ਼ਾਹ ਨਾਲ ਲੈਸ ਹੋ ਕੇ, ਅਤੇ ਹਿੰਦੁਸਤਾਨ ਵਿਚ ਕੰਮ ਹੱਥ ਲੈਣ ਦੀ ਤੱਤਪਰਤਾ ਨਾਲ ਮਾਸਕੋ ਤੋਂ ਚੱਲੇ। ਰਾਹ ਵਿਚ ਹੀ ਅੰਗਰੇਜ਼ ਹਕੂਮਤ ਦੇ ਅੜਿੱਕੇ ਚੜ੍ਹ ਜਾਣ ਤੋਂ ਬਚਣ ਲਈ ਉਨ੍ਹਾਂ ਨੇ ਬਰਲਿਨ ਤੋਂ ਕਾਬੁਲ ਬਰਾਸਤਾ ਈਰਾਨ ਦਾ ਬਿਖੜਾ ਰਾਹ ਫੜਿਆ, ਜਿਥੇ ਆ ਕੇ ਉਨ੍ਹਾਂ ਨੇ ਗੁਰਮੁਖ ਸਿੰਘ ਤੇ ਊਧਮ ਸਿੰਘ ਨਾਲ ਰਾਬਤਾ ਬਣਾਇਆ ਜੋ 1915 ਦੇ ਗ਼ਦਰ ਤੋਂ ਪਿੱਛੋਂ ਫਰਾਰ ਹੋ ਕੇ ਸਰਹੱਦੋਂ ਪਾਰ ਇਥੇ ਆ ਪਹੁੰਚੇ ਸਨ। ਹੁਣ ਜਦੋਂ ਇਨ੍ਹਾਂ ਨਵੇਂ ਆਉਣ ਵਾਲਿਆਂ ਨੇ ਗੁਰਮੁਖ ਸਿੰਘ ਨੂੰ ਮਾਸਕੋ ਦੀ ਤਾਜ਼ਾ ਸੇਧ ਬਾਰੇ ਦੱਸਿਆ, ਤਾਂ ਇਕ ਵਾਰ ਫਿਰ ਇਹ ਸਾਫ਼ ਹੋ ਗਿਆ ਕਿ ਅਪਣਾਈ ਜਾਣ ਵਾਲੀ ਪਹੁੰਚ ਬਾਰੇ ਉਨ੍ਹਾਂ ਦੇ ਮੱਤਭੇਦ ਸਨ। ਗੁਰਮੁਖ ਸਿੰਘ ਪਹਿਲੀ ਪੀੜ੍ਹੀ ਦੀ ਸੋਚ ਵਾਲਾ ਗ਼ਦਰੀ ਬਾਬਾ ਸੀ ਜਿਸ ਦਾ ਨਾਟਕੀ ਜੀਵਨ-ਬਿਓਰਾ ਵੀ ਇਸੇ ਦੇ ਅਨੁਸਾਰੀ ਸੀ। ਉਹ "ਕਾਮਾਗਾਟਾ ਮਾਰੂ ਅਤੇ ਅੰਡੇਮਾਨ ਘੋਲ ਦਾ ਨਾਇਕ ਰਿਹਾ ਸੀ," ਜਿਸ ਨੇ ਸਿਆਸੀ ਕੈਦੀਆਂ ਨਾਲ ਸਲੂਕ ਨੂੰ ਲੈ ਕੇ ਜੇਲ੍ਹ ਦੇ ਅੰਦਰ ਲੜਾਈ ਲੜੀ ਸੀ। 1921 'ਚ ਜਦੋਂ ਉਸ ਨੂੰ ਰੇਲ ਰਾਹੀਂ ਅੰਡੇਮਾਨ ਤੋਂ ਹਿੰਦੁਸਤਾਨ ਦੀ ਇਕ ਜੇਲ੍ਹ ਵਿਚ ਲਿਜਾਇਆ ਜਾ ਰਿਹਾ ਸੀ ਤਾਂ ਫਰਾਰ ਹੋਣ ਪਿੱਛੋਂ ਸਰਹੱਦ ਟੱਪ ਕੇ ਉਹ ਅਫ਼ਗਾਨਿਸਤਾਨ ਪਹੁੰਚ ਗਿਆ ਸੀ ਅਤੇ ਮਾਰਕਸਵਾਦ ਦਾ ਅਧਿਐਨ ਕਰਨ ਦੀ ਖ਼ਾਤਰ ਸੋਵੀਅਤ ਯੂਨੀਅਨ ਦੀ ਜ਼ਿਆਰਤ ਲਈ ਚਲਾ ਗਿਆ ਸੀ। 1920ਵਿਆਂ ਦੇ ਸ਼ੁਰੂ 'ਚ ਉਸ ਨੇ ਅਮਰੀਕਾ ਵਿਚ ਗ਼ਦਰ ਨੂੰ ਮੁੜ ਜਥੇਬੰਦ ਕਰਨ 'ਚ ਹੱਥ ਵਟਾਇਆ ਸੀ। ਫਿਰ ਉਹ ਹਿੰਦੁਸਤਾਨ ਵਿਚ ਰੂਪੋਸ਼ ਰਹਿ ਕੇ ਕੰਮ ਕਰਨ ਲਈ ਵਾਪਸ ਆ ਗਿਆ ਸੀ, ਉਸ ਨੂੰ ਗ੍ਰਿਫ਼ਤਾਰ ਕਰਕੇ 1936 'ਚ ਜੇਲ੍ਹ ਭੇਜ ਦਿੱਤਾ ਜਾਵੇਗਾ। ਆਪਣੀ ਰਹਿੰਦੀ ਸਜ਼ਾ ਕੱਟਣ ਲਈ ਉਸ ਨੂੰ ਫਿਰ ਅੰਡੇਮਾਨ ਘੱਲ ਦਿੱਤਾ ਗਿਆ, ਜਿਥੇ ਉਸ ਨੇ ਭੁੱਖ ਹੜਤਾਲ ਦੀ ਅਗਵਾਈ ਕੀਤੀ ਅਤੇ ਇਕ ਵਾਰ ਫਿਰ ਉਸ ਨੂੰ ਪੰਜਾਬ ਦੀਆਂ ਜੇਲ੍ਹਾਂ ਵਿਚ ਵਾਪਸ ਭੇਜ ਦਿੱਤਾ ਗਿਆ। ਉਸ ਦਾ ਖ਼ਿਆਲ ਸੀ ਕਿ ਸੁਤੰਤਰ ਨੂੰ ਖੁਫ਼ੀਆ ਤੌਰ 'ਤੇ ਤੁਰਕੀ ਵਿਚ ਫ਼ੌਜੀ ਸਿਖਲਾਈ ਲੈਣ ਲਈ ਭੇਜਣਾ ਚਾਹੀਦਾ ਹੈ, ਜਦਕਿ ਰਤਨ ਸਿੰਘ ਅਤੇ ਸੰਤੋਖ ਸਿੰਘ ਦੀ ਦਲੀਲ ਸੀ ਕਿ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਜਥੇਬੰਦ ਕਰਨ ਅਤੇ ਜਿਹੜਾ ਨਵਾਂ ਰਸਾਲਾ ਕੱਢਣ ਦੀ ਵਿਉਂਤ ਉਨ੍ਹਾਂ ਨੇ ਬਣਾਈ ਹੈ ਉਸ ਵਿਚ ਸੁਤੰਤਰ ਦੀਆਂ ਸੇਵਾਵਾਂ ਬਿਹਤਰ ਲਈਆਂ ਜਾ ਸਕਣਗੀਆਂ। ਪਰ ਸੁਤੰਤਰ ਵਾਂਗ ਗੁਰਮੁਖ ਸਿੰਘ ਅਜੇ ਵੀ ਹਥਿਆਰਬੰਦ ਮਨਸੂਬੇ ਦੀ ਸੋਚ 'ਤੇ ਅੜਿਆ ਹੋਇਆ ਸੀ।

ਇਸ ਦੌਰਾਨ, ਰਤਨ ਸਿੰਘ ਨੇ ਸੋਵੀਅਤ ਏਲਚੀਆਂ ਨਾਲ ਰਾਬਤਾ ਬਣਾਈ ਰੱਖਣ ਦੇ ਓਹਲੇ ਵਜੋਂ ਕਾਬੁਲ ਵਿਚ ਸਟੇਸ਼ਨਰੀ ਦੀ ਦੁਕਾਨ ਬਣਾ ਲਈ, ਜਦਕਿ ਸੰਤੋਖ ਸਿੰਘ ਉਨ੍ਹਾਂ ਦੀ ਜ਼ਬਾਨ ਵਿਚ "ਪੰਜਾਬੀ ਲੋਕਾਂ ਵਿਚ ਸੁਚੇਤ ਤੌਰ 'ਤੇ ਅਤੇ ਪੂਰੀ ਲਗਨ ਨਾਲ ਨਵੀਂ ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ" ਇਕ ਰਸਾਲਾ ਸ਼ੁਰੂ ਕਰਨ ਦੇ ਉਦੇਸ਼ ਨਾਲ ਹਿੰਦੁਸਤਾਨ ਲਈ ਚਲ ਪਿਆ। ਊਧਮ ਸਿੰਘ ਨੇ ਹਿੰਦੁਸਤਾਨ ਤੇ ਅਫ਼ਗਾਨਿਸਤਾਨ ਦਰਮਿਆਨ ਰਾਬਤਾ ਬਣਾਈ ਰੱਖਣ ਦੀ ਜ਼ਿੰਮੇਵਾਰੀ ਨਿਭਾਉਣੀ ਸੀ, ਜਦਕਿ ਰਤਨ ਸਿੰਘ ਤੇ ਸੰਤੋਖ ਸਿੰਘ ਨੇ ਕੈਲੀਫੋਰਨੀਆ ਨਾਲ ਤਾਲਮੇਲ ਰੱਖਣਾ ਸੀ। ਪਰ ਸੰਤੋਖ ਸਿੰਘ ਨੂੰ ਹਿੰਦੁਸਤਾਨ ਆਉਂਦੇ ਨੂੰ ਰਾਹ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਬਾਕੀ ਦੇ ਸਫ਼ਰ ਦੌਰਾਨ ਉਸ ਨੂੰ ਹਿਰਾਸਤ 'ਚ ਰੱਖਿਆ ਗਿਆ। ਸਾਨ ਫਰਾਂਸਿਸਕੋ ਅਤੇ ਮਾਂਡਲੇ ਸਾਜ਼ਿਸ਼ ਦੇ ਮੁਕੱਦਮਿਆਂ ਵਿਚ

ਉਸ ਦੇ ਸ਼ਾਮਲ ਰਹਿਣ ਦੀ ਬਦਨਾਮੀ ਕਾਰਨ ਉਸ ਦਾ ਨਾਂ ਹੀ ਉਸ ਨੂੰ ਫਸਾਉਣ ਲਈ ਕਾਫ਼ੀ ਸੀ। ਉਸ ਦੀ ਸ਼ੱਕੀ ਕੀਰਤੀ ਨੂੰ ਅੰਗਰੇਜ਼ ਰਾਜ ਦੀ ਸਥਿਰਤਾ ਲਈ ਚੋਖਾ ਖ਼ਤਰਾ ਸਮਝਿਆ ਜਾਂਦਾ ਸੀ ਜਿਵੇਂ ਪੈਟਰੀ ਦਾ ਮੰਨਣਾ ਸੀ: "ਮੇਰੇ ਖ਼ਿਆਲ ਅਨੁਸਾਰ, ਹਾਲ ਦੀ ਘੜੀ ਉਸ ਨੂੰ ਆਜ਼ਾਦ ਤੁਰੇ ਫਿਰਨ ਦੀ ਇਜਾਜ਼ਤ ਦੇ ਦੇਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ।"[165] "ਸਾਨ ਫਰਾਂਸਿਸਕੋ ਵਿਚ ਸਿੱਖ ਗ਼ਦਰ ਪਾਰਟੀ ਦਾ ਇਕ ਆਗੂ ਰਿਹਾ ਹੋਣ ਕਰਕੇ, ਇਸ ਹੈਸੀਅਤ ਵਿਚ ਉਸ ਦੇ ਬਦਨਾਮ ਇਤਿਹਾਸ ਅਤੇ ਨਾਲ ਦੀ ਨਾਲ 1915-17 ਵਿਚ ਅਮਰੀਕਾ ਅੰਦਰ ਹਿੰਦ-ਚੀਨੀ ਸਾਜ਼ਿਸ਼ਾਂ ਵਿਚ ਉਸ ਦੇ ਸ਼ਾਮਲ ਰਹਿਣ ਦੇ ਵੇਰਵੇ ਅਤੇ ਨਿਸ਼ਚੇ ਹੀ ਸੋਵੀਅਤ ਰੂਸ ਵਿਚਲੇ ਹਿੰਦੁਸਤਾਨੀ ਇਨਕਲਾਬੀਆਂ ਨਾਲ ਉਸ ਦੇ ਇਸ ਤੋਂ ਅਗਲੇ ਰਿਸ਼ਤੇ ਨੂੰ ਦੇਖਦਿਆਂ,"[166] ਉਸ ਨੂੰ ਅੰਮ੍ਰਿਤਸਰ ਦੀ ਉੱਪ-ਜੇਲ੍ਹ ਵਿਚ ਕੈਦ ਰੱਖਿਆ ਗਿਆ, ਫਿਰ ਇਕ ਸਾਲ ਤੱਕ ਨੇਕ-ਚਲਣੀ ਦੀ ਜ਼ਮਾਨਤ 'ਤੇ ਉਸ ਨੂੰ ਸਰਕਾਰੀ ਨਿਗਰਾਨੀ ਹੇਠ ਪਿੰਡ ਵਿਚ ਜੂਹਬੰਦ ਕਰ ਦਿੱਤਾ ਗਿਆ।[167]

ਇਸ ਦੌਰਾਨ, ਰਤਨ ਸਿੰਘ ਨਵੀਂਆਂ ਸ਼ਾਖਾਵਾਂ ਜਥੇਬੰਦ ਕਰਨ ਲਈ ਯੂਰਪ ਤੇ ਦੱਖਣੀ ਅਮਰੀਕਾ ਦਾ ਦੌਰਾ ਕਰ ਰਿਹਾ ਸੀ, ਉਹ ਖ਼ਤ ਲਿਖ ਕੇ ਆਪਣੀਆਂ ਸਰਗਰਮੀਆਂ ਬਾਰੇ ਸਾਥੀਆਂ ਨੂੰ ਤਾਜ਼ਾ ਜਾਣਕਾਰੀ ਦਿੰਦਾ ਰਹਿੰਦਾ ਸੀ – ਇਨ੍ਹਾਂ ਵਿੱਚੋਂ ਕਈ ਖ਼ਤ ਖੁਫ਼ੀਆ ਪੁਲਿਸ ਨੇ ਡਾਕ ਵਿਚ ਰੋਕ ਕੇ ਪੜ੍ਹ ਲਏ ਅਤੇ ਇਹ "ਸਾਜ਼ਿਸ਼ ਦੇ ਬਦੇਸ਼ੀ ਹਿੱਸੇ ਵਿਚਲੀ ਸਿਰਕੱਢ ਹਸਤੀ" ਵਜੋਂ ਉਸ ਦੇ ਖ਼ਿਲਾਫ਼ ਕੇਸ ਬਣਾਉਣ ਲਈ ਭੁਗਤਾਏ ਗਏ।"[168] 1925 ਅਤੇ 1926 'ਚ ਉਹ ਅਮਰੀਕਾ ਵਿਚ ਵਾਪਸ ਆ ਕੇ ਗ਼ਦਰ ਪਾਰਟੀ ਦੇ ਮੈਂਬਰਾਂ ਦੇ ਮਾਸਕੋ ਜਾਣ ਦੇ ਇੰਤਜ਼ਾਮ ਕਰ ਰਿਹਾ ਸੀ। ਫਿਰ ਉਹ ਮੁੜ ਹਿੰਦੁਸਤਾਨ ਵਿਚ ਆ ਪ੍ਰਗਟਿਆ, ਜਿਥੇ ਇਕ ਸਰਕਾਰੀ ਰਿਪੋਰਟ ਕਹਿੰਦੀ ਹੈ, ਉਸ ਦਾ "ਛੇ ਮਹੀਨੇ ਪੁਲਿਸ ਨੂੰ ਚਕਮਾ ਦੇਣ 'ਚ ਕਾਮਯਾਬ ਰਹਿਣਾ ਦਰਸਾਉਂਦਾ ਹੈ ਕਿ ਉਹ ਕੋਈ ਸਧਾਰਨ ਆਦਮੀ ਨਹੀਂ ਹੈ।"[169] ਸ਼ਾਇਦ ਉਸ ਦੀ ਹਾਜ਼ਰ-ਜਵਾਬੀ ਅਤੇ "ਬਹੁਤ ਤੇਜਸਵੀ ਹੋਣ" ਤੋਂ ਇਲਾਵਾ ਜਿਹੜੀ ਚੀਜ਼ ਉਸ ਲਈ ਸਹਾਈ ਹੋਈ ਸੀ ਜਿਵੇਂ ਜੋਸ਼ ਨੇ ਕਿਹਾ ਸੀ, ਉਹ ਸੀ "ਕਾਮਰੇਡ ਰਤਨ ਸਿੰਘ ਇਕ ਤੇਜ਼-ਤਰਾਰ, ਮੱਧਰੇ ਕੱਦ ਦਾ ਕਿਸਾਨ ਸੀ ਜੋ ਲੋਕਾਂ ਨਾਲ ਮੱਲੋਮੱਲੀ ਐਨਾ ਰਚ-ਮਿਚ ਜਾਂਦਾ ਸੀ ਕਿ ਕਿਸੇ ਨੂੰ ਵੀ ਉਸ ਉੱਪਰ ਇਨਕਲਾਬੀ ਹੋਣ ਦਾ ਸ਼ੱਕ ਨਹੀਂ ਸੀ ਪੈਂਦਾ। ਆਪਣੇ ਸਮਕਾਲੀਆਂ – ਤਪਦਿਕ ਦੇ ਮਰੀਜ਼ ਕਲਮ ਦੇ ਧਨੀ ਸੰਤੋਖ ਸਿੰਘ ਅਤੇ ਸੁਰੇਂਦਰਨਾਥ ਕਾਰ – ਦੇ ਉਲਟ ਉਹ ਬਹੁਤ ਸਾਦਾ ਕੱਪੜੇ ਪਹਿਨਦਾ ਸੀ। ਖੱਦਰ ਦਾ ਕੁੜਤਾ ਅਤੇ ਚਾਦਰਾ, ਸਿਰ 'ਤੇ ਅੱਧੋਰਾਣੀ ਜਹੀ ਪੱਗ ਅਤੇ ਪੈਰੀਂ ਸਾਦੇ ਜਹੇ ਮੌਜੇ। ਉਸ ਦੀਆਂ ਆਦਤਾਂ ਸਧਾਰਨ ਸਨ ਤੇ ਉਸ 'ਚ ਯੂਰਪੀ ਤਰਜ਼ੇ-ਜ਼ਿੰਦਗੀ ਦਾ ਕੋਈ ਨਾਂ-ਨਿਸ਼ਾਨ ਵੀ ਨਹੀਂ ਸੀ।"[170]

ਹਿੰਦੁਸਤਾਨ ਵਿਚ ਰਤਨ ਸਿੰਘ ਦਾ ਇਕ ਮਨੋਰਥ ਕਮਿੰਤਰਨ ਦੀ ਗੁਜ਼ਾਰਿਸ਼ 'ਤੇ ਅਕਾਲੀਆਂ ਨਾਲ ਗੱਠਜੋੜ ਬਣਾਉਣਾ (ਅਤੇ ਉਨ੍ਹਾਂ ਨੂੰ ਆਪਣੇ ਪ੍ਰਭਾਵ ਹੇਠ ਲਿਆਉਣਾ) ਸੀ।[171] ਗੁਰਮੁਖ ਸਿੰਘ ਅਤੇ ਊਧਮ ਸਿੰਘ ਵੀ 1923 'ਚ ਇਹੀ ਨਿਸ਼ਾਨਾ ਲੈ ਕੇ ਚੁੱਪ-ਚੁਪ ਸਰਹੱਦ ਲੰਘ ਆਏ ਸਨ। ਸੰਤੋਖ ਸਿੰਘ ਪਹਿਲਾਂ ਹੀ ਅਕਾਲੀ ਆਗੂਆਂ ਦੇ ਵਾਹ ਵਿਚ ਰਹਿ ਚੁੱਕਾ ਸੀ, ਡਾ. ਹਰਦੀਕਾਰ ਨੂੰ ਲਿਖੇ ਖ਼ਤ ਵਿਚ ਉਸ ਨੇ ਲਿਖਿਆ ਸੀ: "ਮੇਰੀ ਬੇਝਿਜਕ ਰਾਇ ਹੈ ਕਿ ਹਿੰਦੁਸਤਾਨ ਨੂੰ ਇਕ ਸਿਆਸੀ, ਸਮਾਜਿਕ ਅਤੇ ਸਨਅਤੀ ਇਨਕਲਾਬ ਦੀ ਲੋੜ ਹੈ। ਆਪਣੇ ਅਣਸੁਲਝੇ ਆਰਥਕ ਤੇ ਸਮਾਜੀ ਮਸਲਿਆਂ ਵਾਲਾ ਆਜ਼ਾਦ ਹਿੰਦੁਸਤਾਨ ਮੇਰੀ ਦਲੀਲ ਨੂੰ ਪੋਂਹਦਾ ਨਹੀਂ ਪਰ ਮੈਂ ਇਹ ਆਖਣ ਜੋਗਾ ਭਾਵੁਕ ਜ਼ਰੂਰ ਹਾਂ ਕਿ, ਸਮਾਜੀ ਤੇ ਸਨਅਤੀ

ਮਸਲਿਆਂ ਦੇ ਕਿਸੇ ਭਵਿੱਖੀ ਪੜਾਅ ਦੀ ਉਮੀਦ ਨਾਲ ਮੈਂ ਅੰਗਰੇਜ਼ ਦੀ ਥਾਂ ਕਿਸੇ ਹਿੰਦੁਸਤਾਨ ਗ਼ੁਲਾਮ-ਚਾਲਕ ਨੂੰ ਤਰਜੀਹ ਦਿੰਦਾ ਹਾਂ। ਜਿੰਨੀ ਦੇਰ ਹਿੰਦੁਸਤਾਨ ਵਿਚ ਯੂਨੀਅਨ ਜੈਕ ਝੂਲਦਾ ਹੈ, ਓਨੀ ਦੇਰ ਇਥੇ ਸਵੈ-ਨਿਰਣਾ ਅਸੰਭਵ ਹੈ।"[172]

ਜਿਉਂ ਹੀ ਉਸ ਨੂੰ ਖੁੱਲ੍ਹ ਮਿਲੀ, ਸੰਤੋਖ ਸਿੰਘ ਨੇ ਆਪਣੇ ਵਤਨ ਵਾਪਸ ਪਰਤੇ ਸਾਥੀਆਂ ਭਾਗ ਸਿੰਘ "ਕੈਨੇਡੀਅਨ," ਹਰਦਿੱਤ ਸਿੰਘ ਅਤੇ ਕਰਮ ਸਿੰਘ ਚੀਮਾ ਨਾਲ ਮਿਲ ਕੇ ਅੰਮ੍ਰਿਤਸਰ ਤੋਂ *ਕਿਰਤੀ* ਰਸਾਲਾ ਸ਼ੁਰੂ ਕਰਨ ਦਾ ਮੌਕਾ ਨਾ ਖੁੰਝਾਇਆ। ਇਸ ਮਾਸਿਕ ਰਸਾਲੇ ਨਾਲ ਗ਼ਦਰ ਪਾਰਟੀ ਦਾ ਪੰਜਾਬ ਦੇ ਅੰਦਰੋਂ ਪੰਜਾਬੀ ਤਰਜ਼ਮਾਨ ਸ਼ੁਰੂ ਕਰਨ ਦਾ ਨਿਸ਼ਾਨਾ ਪੂਰਾ ਹੋ ਗਿਆ ਜੋ ਕਰਤਾਰ ਸਿੰਘ ਸਰਾਭਾ ਨੇ ਪਹਿਲਾਂ 1915 'ਚ ਕੱਢਣਾ ਚਾਹਿਆ ਸੀ।[173] ਫਰਵਰੀ 1926 'ਚ ਇਸ ਦਾ ਪਹਿਲਾ ਅੰਕ ਛਾਪੇ ਜਾਣ ਤੋਂ ਮਹੀਨਾ ਪਹਿਲਾਂ ਹੀ ਇਸ ਦੇ ਇੰਤਜ਼ਾਮੀਆ ਸੰਪਾਦਕ ਹੋਰ ਰਸਾਲਿਆਂ ਵਿਚ ਇਸ਼ਤਿਹਾਰ ਦੇ ਕੇ ਇਸਦਾ ਮਨੋਰਥ ਅਵਾਮ ਦੀ ਨਜ਼ਰ ਕਰਦੇ ਰਹੇ ਸਨ: "ਇਹ ਰਸਾਲਾ ਅਮਰੀਕਾ ਤੇ ਕੈਨੇਡਾ ਵਿਚ ਰਹਿ ਰਹੇ ਹਿੰਦੁਸਤਾਨੀ ਕਿਰਤੀਆਂ ਦੀ ਆਵਾਜ਼ ਹੋਵੇਗਾ ਅਤੇ ਉਨ੍ਹਾਂ ਨਾਇਕਾਂ ਅਤੇ ਸੂਰਬੀਰਾਂ ਦੀ ਯਾਦ ਨੂੰ ਸਮਰਪਿਤ ਹੋਵੇਗਾ, ਜਿਨ੍ਹਾਂ ਨੇ ਸੁੱਤੇ ਪਏ ਹਿੰਦ ਨੂੰ ਜਗਾਇਆ ਸੀ....ਇਹ ਰਸਾਲਾ ਕੁਲ ਆਲਮ ਦੇ ਕਿਰਤੀਆਂ, ਗ਼ੁਲਾਮ, ਨਿਤਾਣੇ ਤੇ ਦੱਬੇ-ਕੁਚਲੇ ਅਵਾਮ ਅਤੇ ਹਿੰਦ ਦੇ ਗ਼ੁਲਾਮ ਲੋਕਾਂ ਦਾ ਹਮਦਰਦ ਹੋਵੇਗਾ।"[174]

ਸੰਤੋਖ ਸਿੰਘ ਦੀ *ਕਿਰਤੀ* ਕੱਢਣ ਦੀ ਮਨਸ਼ਾ ਤਿੰਨ-ਪੱਖੀ ਸੀ: ਅੰਗਰੇਜ਼ ਸਾਮਰਾਜਵਾਦ ਵਿਰੁੱਧ ਲੜਾਈ ਦੇਣਾ, "ਕਮਿਊਨਿਜ਼ਮ ਦੇ ਸਿਧਾਂਤਾਂ ਤੇ ਅਸੂਲਾਂ ਨੂੰ ਸਾਦਾ ਅਤੇ ਸੁਚੇਤ ਢੰਗ ਨਾਲ ਪੇਸ਼ ਕਰਨਾ" ਤਾਂ ਜੋ ਲੋਕ "ਆਪਣੇ ਕੌਮੀ ਅਤੇ ਜਮਾਤੀ ਘੋਲਾਂ ਲਈ" ਜਥੇਬੰਦ ਹੋਣ ਵਾਸਤੇ ਤਿਆਰ ਹੋਣ, ਅਤੇ ਗ਼ਦਰ ਦੇ ਵਿਰਸੇ ਨੂੰ ਮੁੜ-ਸਥਾਪਤ ਕਰਨਾ ਤੇ ਇਸ ਦੀ ਰਾਖੀ ਕਰਨਾ। ਗ਼ਦਰ ਦੇ ਬਾਰੇ ਉਹ ਮਹਿਸੂਸ ਕਰਦਾ ਸੀ ਕਿ ਉਪਰੋਕਤ ਨਿਸ਼ਾਨਿਆਂ ਵਿਚ ਯੋਗਦਾਨ ਦੇ ਬਾਵਜੂਦ ਮੁਲਕ ਵਿਚ ਇਸ ਦੀ ਓਨੀ ਕਦਰ ਨਹੀਂ ਪਾਈ ਗਈ ਜਿੰਨੀ ਪੈਣੀ ਚਾਹੀਦੀ ਸੀ।[175] ਉਤਰੀ ਅਮਰੀਕੀ ਲਹਿਰ ਬਾਰੇ ਆਪਣਾ ਅਨੁਭਵ ਬਿਆਨ ਕਰਦਿਆਂ ਸੰਤੋਖ ਸਿੰਘ ਨੇ ਲਾਹਣਤ ਪਾਈ:

"ਅਮੈਰਿਕਾ ਕਨੇਡਾ ਨਿਵਾਸੀ ਕਿਰਤੀ ਹਿੰਦੁਸਤਾਨੀਆਂ ਦੇ ਕੌਮੀ ਆਦਰਸ਼ ਨੂੰ ਨੌਕਰਸ਼ਾਹੀ ਨੇ ਤਾਂ ਝੂਠ ਤੂਫਾਨ ਗੰਡ ਕੇ ਬਦਨਾਮ ਕਰਨਾ ਸੀ, ਆਪਣੇ ਕੌਮੀ ਆਗੂਆਂ ਨੇ ਭੀ ਇਸ ਨੂੰ ਜਾਂ ਤਰਾਂ-2 ਨਾਲ ਬਦਨਾਮ ਕੀਤਾ ਹੈ, ਅਤੇ ਜਾਂ ਖ਼ਲਕਤ ਦੇ ਸਾਹਮਣੇ ਸਹਾਈ ਸ਼ਕਲ ਵਿਚ ਔਣ ਤੋਂ ਰੋਕਿਆ। ਅਮੈਰਿਕਾ ਕਨੇਡਾ ਨਿਵਾਸੀ ਭਾਈਆਂ ਦੀਆਂ ਕੁਰਬਾਨੀਆਂ ਦਾ ਕਦੀ-2 ਜ਼ਿਕਰ ਹੋਇਆ, ਪਰੰਤੂ ਇਸ ਪ੍ਰਹੇਜ ਨਾਲ ਕਿ ਕਿਤੇ ਇਸ ਜ਼ਿਕਰ ਨਾਲ ਉਨ੍ਹਾਂ ਦੇ ਆਦਰਸ਼ ਨੂੰ ਕੋਈ ਸਹੈਤਾ ਨਾ ਮਿਲ ਜਾਵੇ।

"ਕਿਰਤੀ" ਦੁਖਾਂ ਦੇ ਇਤਹਾਸ ਦੇ ਇਸ ਭੁਲੇ ਹੋਏ ਪਨੇ ਤੇ ਕੁਝ ਚਾਨਣਾ ਪਾਵੇਗਾ।"[176]

ਪਹਿਲੇ ਅੰਕ ਦੇ ਮੁੱਖ ਪੰਨੇ ਉੱਪਰ ਇਕ ਕਿਰਤੀ ਦੀ ਲਾਸ਼ ਦੀ ਤਸਵੀਰ ਇਸ ਤਰ੍ਹਾਂ ਦੇ ਰੰਗਾਂ ਵਿਚ ਦਿੱਤੀ ਗਈ ਸੀ, ਜਿਸ ਨਾਲ ਕੁਝ ਅੰਦਰੂਨੀ ਵਿਵਾਦ ਉੱਠ ਖੜ੍ਹਿਆ। ਜੋਸ਼ ਨੇ ਆਪਣੀਆਂ ਯਾਦਾਂ ਵਿਚ ਲਿਖਿਆ ਕਿ ਇਹ ਤਸਵੀਰ "ਬਹੁਤੀ ਉਤਸ਼ਾਹ ਵਧਾਊ ਨਹੀਂ" ਸੀ। ਉਹ ਇਸ ਤਰ੍ਹਾਂ ਬਿਆਨ ਕਰਦਾ ਹੈ,

"ਕਾਰਖ਼ਾਨਿਆਂ, ਖੇਤਾਂ ਦੇ ਵਿਚਾਲੇ ਇਕ ਮੋਇਆ ਹੋਇਆ ਮਜ਼ਦੂਰ ਚਿਤਾ ਉੱਤੇ ਪਿਆ ਸੀ – ਉਸ ਦੇ ਜ਼ਿੰਦਾ ਹੋਣ ਸਮੇਂ ਦਾ ਦ੍ਰਿਸ਼ – ਉਸ ਦੇ ਕੋਲ ਇਧਰ-ਉਧਰ ਖਿਲਰੇ ਪਏ ਸੰਦ ਹਥੌੜਾ, ਗੈਂਤੀ ਆਦਿ ਇਹ ਇਸ਼ਾਰਾ ਕਰਦੇ ਸਨ ਕਿ ਮਰਨ ਵਾਲਾ ਜਾਂ ਤਾਂ ਆਪਣੇ ਮਾਲਕਾਂ

ਲਈ ਜਾਨ ਤੋੜਦਾ ਹੋਇਆ ਮੋਇਆ ਸੀ ਜਾਂ ਆਪਣੇ ਜੀਵਨ-ਕਾਲ ਦੌਰਾਨ ਵੱਧ ਉਜਰਤ ਲਈ ਹੜਤਾਲ ਕਰਦਾ ਹੋਇਆ ਸਾਮਰਾਜਵਾਦੀਆਂ ਦੀਆਂ ਗੋਲੀਆਂ ਨਾਲ ਮਾਰਿਆ ਗਿਆ ਸੀ। *ਕਿਰਤੀ* ਦੇ ਹੱਥ ਉਸ ਦੀ ਚਿਤਾ ਉੱਪਰ ਫੁੱਲਾਂ ਦੀ ਮਾਲਾ ਪਾ ਰਹੇ ਸਨ।"[177]

ਗ਼ਦਰ ਪਾਰਟੀ ਦੇ ਮਾਸਕੋ ਵਾਲੇ ਸਿਖਿਆਰਥੀ ਸਮਝਦੇ ਸਨ ਕਿ ਇਸ ਦੀ ਦਿੱਖ ਨਿਰਾਸ਼ਾਜਨਕ ਸੀ। ਉਨ੍ਹਾਂ ਨੇ ਇਸ ਦੀ ਥਾਂ ਵੱਧ ਆਸ਼ਾਜਨਕ ਦਿੱਖ ਦਾ ਸੁਝਾਅ ਦਿੱਤਾ ਸੀ ਕਿ ਫੈਕਟਰੀ ਮਜ਼ਦੂਰ ਦੇ ਹੱਥ 'ਚ ਹਥੌੜਾ ਹੋਵੇ ਅਤੇ ਖੇਤੀ ਕਾਮੇ ਦੇ ਹੱਥ ਵਿਚ ਦਾਤੀ, ਪੈਰੀਂ ਜ਼ੰਜੀਰਾਂ ਹੋਣ, ਦੋਵੇਂ ਇਕ ਦੂਜੇ ਦੇ ਆਹਮਣੇ-ਸਾਹਮਣੇ ਖੜ੍ਹੇ ਅਤੇ ਇਕ ਦੂਜੇ ਦਾ ਹੱਥ ਘੁੱਟਦੇ ਦਿਖਾਏ ਹੋਣ।[178] ਮਈ 1927 ਤੋਂ ਇਹ ਤਸਵੀਰ ਮੁੱਖ ਪੰਨੇ ਉੱਪਰ ਦਿੱਤੀ ਜਾਣ ਲੱਗੀ ਜਿਸ ਦੇ ਪਿੱਛੇ ਗਲੋਬ ਦਿੱਤਾ ਗਿਆ ਸੀ ਜੋ ਅੱਧਾ ਧੂੰਏਂ ਦੇ ਬੱਦਲਾਂ ਤੇ ਖੇਤਾਂ ਦੇ ਓਹਲੇ ਸੀ ਅਤੇ ਇਸ ਦੇ ਉੱਪਰ ਸੂਹਾ ਕਮਿਊਨਿਸਟ ਪਰਚਮ ਲਹਿਰਾ ਰਿਹਾ ਸੀ। ਜੋਸ਼ ਦਾ ਵਿਸ਼ਵਾਸ ਸੀ ਕਿ ਹਿੰਦੁਸਤਾਨ ਦੀ ਕਿਰਤੀ ਲਹਿਰ ਵਿਚ ਇਹ ਚਿੰਨ੍ਹ ਪਹਿਲੀ ਦਫ਼ਾ ਵਰਤਿਆ ਗਿਆ ਸੀ।

ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਰੂਸੀ ਅਤੇ ਅੰਗਰੇਜ਼ ਹਕੂਮਤਾਂ ਦੇ ਇਸ ਨਵੀਂ ਪ੍ਰਕਾਸ਼ਨਾ ਬਾਰੇ ਪ੍ਰਤੀਕਰਮ ਐਨ ਉਲਟੇ ਸਨ। ਫਰਵਰੀ 1928 'ਚ *ਪਰਾਵਦਾ* ਨੇ ਇਸ ਦੀ ਜੈ-ਜੈਕਾਰ ਕਰਦਿਆਂ ਲਿਖਿਆ "ਪੰਜਾਬ ਤੋਂ ਖੁਸ਼ ਖ਼ਬਰੀ। ਉਨ੍ਹਾਂ ਕੋਲ ਹੁਣ ਕਿਸਾਨੀ ਨੂੰ ਜਥੇਬੰਦ ਕਰਨ ਲਈ ਆਪਣਾ ਪਰਚਾ ਹੈ।"[179] ਪਰ ਅੰਗਰੇਜ਼ ਲਈ, ਜਿਵੇਂ ਪੈਟਰੀ ਨੇ ਆਪਣੀ ਰਪਟ ਵਿਚ ਲਿਖਿਆ, "ਸਿੱਖ ਕਮਿਊਨਿਸਟ ਪਰਚੇ *ਕਿਰਤੀ* ਦੀ ਸਥਾਪਨਾ ਬਹੁਤ ਹੀ ਇਤਰਾਜ਼ਯੋਗ" ਅਤੇ "ਸਖ਼ਤੀ ਨਾਲ ਇਨਕਲਾਬੀ" ਦੋਵਾਂ ਪੱਖਾਂ ਵਾਲੀ ਸੀ।[180] ਸਭ ਤੋਂ ਨਿੰਦਣਯੋਗ ਗੱਲ, "ਇਹ ਰਸਾਲਾ ਲਗਾਤਾਰ ਕਮਿਊਨਿਸਟ ਪੱਖੀ ਅਤੇ ਹਕੂਮਤ ਵਿਰੋਧੀ ਸੀ।"[181] ਪੈਟਰੀ ਨੂੰ ਸ਼ੱਕ ਸੀ ਕਿ ਇਸ ਨੂੰ ਰੂਸੀ ਵਸੀਲਿਆਂ ਤੋਂ ਪੈਸਾ ਜ਼ਰੂਰ ਆਉਂਦਾ ਹੋਵੇਗਾ, ਜਦਕਿ ਸੀ.ਆਈ.ਡੀ. ਦਾ ਨਿਰਣਾ ਸੀ ਇਸ ਨੂੰ ਫੰਡ "ਕੈਲੀਫੋਰਨੀਆ, ਪਨਾਮਾ, ਫਿਜੀ, ਅਰਜਨਟਾਈਨਾ ਵਗੈਰਾ ਦੀਆਂ ਗ਼ਦਰ ਪਾਰਟੀਆਂ" ਭੇਜਦੀਆਂ ਸਨ। ਉਤਰੀ ਅਮਰੀਕਾ ਤੋਂ ਆਉਣ ਵਾਲਿਆਂ ਦੀ ਹਿੰਦੁਸਤਾਨ ਆਉਣ 'ਤੇ ਤਲਾਸ਼ੀ ਲਈ ਜਾਂਦੀ ਸੀ।

ਪ੍ਰਚਾਰ ਅਤੇ ਸਿਆਸੀ ਸੋਝੀ ਦੇਣ ਵਾਲੇ ਬੁਲਾਰੇ ਦੀ ਭੂਮਿਕਾ ਨਿਭਾਉਣ ਤੋਂ ਇਲਾਵਾ *ਕਿਰਤੀ*, ਅਵਾਮ ਨੂੰ ਫ਼ੌਰੀ ਮਸਲਿਆਂ ਦੁਆਲੇ ਲਾਮਬੰਦ ਕਰਨ ਵਾਲਾ ਜਥੇਬੰਦਕ ਸਾਧਨ ਵੀ ਸੀ। ਮਿਸਾਲ ਵਜੋਂ, ਸਤੰਬਰ 1927 ਅੰਕ ਵਿਚ ਅਕਤੂਬਰ ਵਿਚ ਹੁਸ਼ਿਆਰਪੁਰ ਵਿਚ ਹੋਣ ਵਾਲੇ ਦੋ-ਦਿਨਾ ਸਮਾਗਮ ਦੀ ਰਪਟ ਛਾਪੀ ਗਈ ਸੀ। ਕਾਨਫਰੰਸ ਦੇ ਮਕਸਦ ਨੂੰ ਪੇਸ਼ ਕਰਦੇ ਬਿਆਨ ਵਿਚ ਪਹਿਲ-ਪ੍ਰਿਥਮੇ ਇਕ ਮਜ਼ਬੂਤ ਮਜ਼ਦੂਰ-ਕਿਸਾਨ ਪਾਰਟੀ ਬਣਾਉਣ ਦਾ ਹੋਕਾ ਦਿੱਤਾ ਗਿਆ ਸੀ ਜਿਸ ਦੀਆਂ ਸ਼ਾਖਾਵਾਂ ਹਰ ਜ਼ਿਲ੍ਹੇ ਵਿਚ ਹੋਣ, ਜੋ ਹਿੰਦੁਸਤਾਨ ਦੀ ਕੌਮੀ ਆਜ਼ਾਦੀ ਲਈ ਕੰਮ ਕਰੇ। ਇਸ ਦੇ ਹੋਰ ਨੁਕਤਿਆਂ ਵਿਚ "ਚੀਨੀ ਮੁਕਤੀ ਸੰਘਰਸ਼ ਅਤੇ ਰੂਸੀ ਇਨਕਲਾਬ ਦੀ ਹਮਾਇਤ ਤੋਂ ਲੈ ਕੇ" ਛੋਟੀਆਂ ਜੋਤਾਂ ਵਾਲੇ ਕਿਸਾਨਾਂ ਨੂੰ ਮਾਲੀਏ ਤੋਂ ਛੋਟ ਦੇਣ ਅਤੇ ਕਾਰਖ਼ਾਨਿਆਂ ਦੇ ਮਜ਼ਦੂਰਾਂ ਲਈ ਅੱਠ ਘੰਟੇ ਦੀ ਕੰਮ ਦਿਹਾੜੀ ਤੈਅ ਕਰਨ ਦੀ ਤਾਂਘ ਦਿਖਾਈ ਗਈ ਸੀ। ਇਸ ਨੇ ਕਾਨਪੁਰ ਦੇ ਮਿੱਲ ਮਜ਼ਦੂਰਾਂ ਨਾਲ ਹਮਦਰਦੀ ਅਤੇ ਹਮਾਇਤ ਦਾ ਇਜ਼ਹਾਰ ਕਰਦਾ ਸੁਨੇਹਾ ਵੀ ਛਾਪਿਆ ਜੋ ਓਦੋਂ ਹੜਤਾਲ 'ਤੇ ਸਨ।[182] ਅਗਲੇ ਇਕੱਠਾਂ ਵਿਚ ਵੀ ਮੁਕੰਮਲ ਆਜ਼ਾਦੀ ਤੋਂ ਘੱਟ ਕੁਝ ਵੀ ਪ੍ਰਵਾਨ ਨਹੀਂ ਦੀ ਮੰਗ ਅਤੇ ਸਥਾਨਕ ਮੁੱਦੇ ਜੁੜਵੇਂ ਰੂਪ 'ਚ ਉਠਾਏ ਜਾਣਗੇ ਜਿਵੇਂ ਬੇਗਾਰ, ਸਿੰਜਾਈ ਸਹੂਲਤਾਂ ਦੀ ਘਾਟ, ਅਤੇ ਹਮੇਸ਼ਾ ਦੀ ਤਰ੍ਹਾਂ ਭਾਰੀ ਜ਼ਮੀਨੀ ਮਾਲੀਏ ਤੋਂ ਰਾਹਤ।[183]

*ਕਿਰਤੀ* ਦੇ ਪਲੇਠੇ ਅੰਕ ਵਿਚ ਜਾਣ-ਪਛਾਣ ਨੁਮਾ ਸੰਪਾਦਕੀ ਵਿਚ ਸੰਤੋਖ ਸਿੰਘ ਵਲੋਂ ਕੁਝ ਨੁਕਤੇ ਛੋਹੇ ਗਏ ਸਨ। ਤਾਕਤ ਦੇ ਇਸਤੇਮਾਲ, ਕੌਮਾਂਤਰੀਵਾਦ, ਕਮਿਊਨਿਜ਼ਮ ਦੇ ਖ਼ਾਸੇ, ਮਜ਼੍ਹਬ ਬਨਾਮ ਧਰਮ-ਨਿਰਪੱਖਤਾ, ਅਤੇ ਸਮਾਜੀ ਜਥੇਬੰਦੀ ਬਾਰੇ ਪੇਸ਼ ਕੀਤੇ ਉਸ ਦੇ ਖ਼ਿਆਲਾਂ ਤੋਂ ਗ਼ਦਰ-ਕਿਰਤੀ ਵਿਚਾਰਧਾਰਾ ਦੀ ਤਸਵੀਰ ਉਲੀਕੀ ਜਾ ਸਕਦੀ ਹੈ। ਹਥਿਆਰਬੰਦ ਟਾਕਰੇ ਦੀ ਜ਼ਰੂਰਤ ਦਰਸਾਉਂਦੇ ਹੋਏ ਅਤੇ ਗਾਂਧੀ ਦੇ ਢੰਗਾਂ ਨੂੰ ਬੇਫ਼ਾਇਦਾ ਦਰਸਾਕੇ ਨੁਕਤਾਚੀਨੀ ਕਰਦੇ ਹੋਏ ਉਸ ਵਲੋਂ ਕਮਿਊਨਿਜ਼ਮ ਸਿਰ ਥੋਪੇ ਇਨ੍ਹਾਂ ਇਲਜ਼ਾਮਾਂ ਕਿ ਇਹ ਤਾਂ ਹੈ ਹੀ ਪੱਕਾ ਹਿੰਸਕ ਨੂੰ ਖਾਰਜ ਕਰਨ ਦਾ ਯਤਨ ਕੀਤਾ ਗਿਆ: "ਕਈਆਂ ਦੇ ਦਿਲਾਂ ਵਿਚ ਇਹ ਖ਼ਿਆਲ ਬੈਠਾ ਹੋਇਆ ਹੈ ਕਿ ਕਮੀਊਨਿਸਟ ਖ਼ੂਨ ਖਰਾਬੇ ਦੇ ਹੱਕ ਵਿਚ ਹੈਨ। ਅਤੇ ਇਸ ਗਲਤ ਫੈਹਮੀ ਦੀ ਬੁਨਿਆਦ ਸਿਰਫ ਇਤਨੀ ਗਲ ਹੈ ਕਿ ਕਮੀਊਨਿਸਟ ਸ਼ਾਂਤਮਈ ਨੂੰ ਸਰਬ ਕਾਲ ਵਾਸਤੇ ਆਪਣਾ ਅਸੂਲ ਨਹੀਂ ਮੰਨਦੇ ਅਤੇ ਸਿਰਫ ਸਮੇਂ ਦੀ ਲੋੜ ਪੂਰੀ ਕਰਨ ਵਾਲਾ ਇਕ ਚੰਗਾ ਢੰਗ ਸਮਝਦੇ ਹਨ।"[184]

ਸੰਤੋਖ ਸਿੰਘ ਨੇ ਆਮ ਰੂਪ 'ਚ ਮਾਰਕਸਵਾਦੀ ਸਿਧਾਂਤ ਬਾਰੇ ਪ੍ਰਚਲਤ ਗ਼ਲਤ ਧਾਰਨਾਵਾਂ ਬਾਰੇ ਸਪਸ਼ਟ ਕਰਨ ਦੀ ਜ਼ਿੰਮੇਵਾਰੀ ਓਟੀ: "ਕਈ ਆਦਮੀ ਝੂਠ ਮੂਠ ਇਹ ਕੈਂਹਦੇ ਹਨ ਕਿ ਕਮੀਊਨਿਸਟ ਦਾ ਇਹ ਅਸੂਲ ਹੈ ਕਿ ਜੋ ਚੀਜ਼ ਤੇਰੀ ਹੈ ਉਹ ਮੇਰੀ ਹੈ। ਅਸਲੀਯਤ ਇਹ ਹੈ ਕਮੀਊਨਿਸਟ ਮਾਲਕੀਯਤ ਵਾਲੀਆਂ ਵਸਤਾਂ ਨੂੰ ਦੋ ਭਾਗਾਂ ਵਿਚ ਵੰਡਦੇ ਹਨ। ਇਕ ਜ਼ਾਤੀ (ਸ਼ਖਸੀ) ਮਾਲਕੀਅਤ ਵਾਲੀਆਂ ਵਸਤਾਂ; ਦੂਸਰਾ ਅੱਡੇਰੀ ਮਾਲਕੀਯਤ ਦੇ ਨਾਮ ਹੇਠ ਔਣ ਵਾਲੀਆਂ ਵਸਤਾਂ।.... ਕਮੀਊਨਿਸਟ ਅਸੂਲ ਸਿਰਫ਼ ਅੱਡੇਰੀ ਮਾਲਕੀਯਤ ਨਾਲ ਵਾਸਤਾ ਰੱਖਦੇ ਹਨ ਅਤੇ ਸ਼ਖਸ਼ੀ ਮਾਲਕੀਯਤ ਨਾਲ ਕੋਈ ਵਾਸਤਾ ਨਹੀਂ ਰਖਦੇ।"[185] ਅਗਲੀ ਗੱਲ, ਇਸ ਇਲਜ਼ਾਮ ਦਾ ਵਿਰੋਧ ਕਰਦਿਆਂ ਕਿ ਕਮਿਊਨਿਸਟ ਤਾਂ ਮਹਿਜ਼ ਰੂਸੀ ਅਤੇ ਹੋਰ ਅਣਚਾਹੀਆਂ ਬਾਹਰੀ ਤਾਕਤਾਂ ਦੇ ਹੱਥ-ਠੋਕੇ ਹਨ ਸੰਤੋਖ ਸਿੰਘ ਨੇ ਜ਼ੋਰ ਦਿੱਤਾ: "ਹਿੰਦੀਸਤਾਨੀ ਕਾਮੀਊਨਿਸਟਾਂ ਦੀ ਜਥੇਬੰਦੀ ਨਿਰੋਲ ਹਿੰਦੁਸਤਾਨੀ ਹੈ ਅਤੇ ਇਹ ਦਸਨਾ ਜ਼ਰੂਰੀ ਹੈ ਕਿ ਹਾਲੀ ਕਮੀਊਨਿਸਟ ਪਾਰਟੀ ਦਾ ਕੰਮ ਹਿੰਦੁਸਤਾਨ ਵਿੱਚ ਹੀ ਮਹਿਦੂਦ ਰਖਿਆ ਜਾਵੇਗਾ। ਦੂਸਰੇ ਦੇਸ਼ਾਂ ਦੀਆਂ ਐਸੀਆਂ ਪਾਰਟੀਆਂ ਨਾਲ ਆਮ ਕਰਕੇ ਅਤੇ ਤੀਸਰੀ ਇਨਟਰਨੈਸ਼ਨਲ ਸਭਾ ਨਾਲ ਖਾਸ ਕਰਕੇ ਸਾਡਾ ਵਾਸਤਾ ਸਿਰਫ ਹਮਦਰਦਾਂ ਅਤੇ ਚਿਤ ਦੁਆਰਾ ਨੇੜ ਦਾ ਹੈ। ਹਿੰਦੁਸਤਾਨੀ ਕਮੀਊਨਿਸਟ ਆਪਣੇ ਰਸਤੇ ਉਤੇ ਚਲ ਰਹੇ ਸਾਥੀ ਮੁਸਾਫਰ ਹਨ। ਉਨ੍ਹਾਂ ਦੇ ਮਤੈਹਤ ਨਹੀਂ ਹਨ। ਨਾ ਹੀ ਹਿੰਦਸਤਾਨੀ ਕਮੀਯੂਨਿਸਟ ਉਨ੍ਹਾਂ ਨੂੰ ਕੋਈ ਮਾਲੀ ਮਦਦ ਦਿੰਦੇ ਹਨ ਨਾ ਉਹ ਇਨ੍ਹਾਂ ਨੂੰ ਕੋਈ ਮਾਲੀ ਮਦਦ ਦਿੰਦੇ ਹਨ"[186]

*ਯੂਨਾਈਟਿਡ ਸਟੇਟਸ ਆਫ ਇੰਡੀਆ* ਵਿਚ ਲਿਖਦਿਆਂ, ਹਿੰਦੁਸਤਾਨੀ ਗ਼ਦਰ ਪਾਰਟੀ ਨੇ ਵੀ ਆਜ਼ਾਦੀ ਦੇ ਸੰਘਰਸ਼ ਨੂੰ ਬਦੂ ਕਰਨ ਲਈ ਲਾਏ ਜਾਂਦੇ ਇਲਜ਼ਾਮਾਂ ਦੇ ਵਿਰੋਧ 'ਚ ਇਸੇ ਤਰ੍ਹਾਂ ਡੱਟਵਾਂ ਸਟੈਂਡ ਲਿਆ ਸੀ। ਇਲਜ਼ਾਮ ਲਾਉਣ ਵਾਲਿਆਂ ਦਾ ਕਹਿਣਾ ਸੀ ਕਿ ਹਿੰਦੁਸਤਾਨੀ ਅਵਾਮ ਬਦੇਸ਼ੀ ਤਾਕਤਾਂ ਦੇ ਮੋਹਰਿਆਂ ਤੋਂ ਵੱਧ ਕੁਝ ਨਹੀਂ ਅਤੇ ਜੇ ਇਹ ਘਿਣਾਉਣੀਆਂ ਚਾਲਾਂ ਨਾ ਚੱਲੀਆਂ ਜਾਂਦੀਆਂ ਤਾਂ ਹਿੰਦੁਸਤਾਨੀਆਂ ਨੇ ਤਾਂ ਬਸਤੀਵਾਦੀ ਰਾਜ ਦੇ ਅਧੀਨ ਪੂਰੇ ਸਬਰ-ਸੰਤੋਖ ਨਾਲ ਵਸਦੇ ਹੋਣਾ ਸੀ: "ਹਾਲੀਆ ਆਲਮੀ ਜੰਗ ਦੌਰਾਨ, ਸਾਨੂੰ ਕਿਹਾ ਗਿਆ ਕਿ ਇਹ ਜਰਮਨ ਹੀ ਹਨ ਜੋ ਹਿੰਦੁਸਤਾਨੀਆਂ ਨੂੰ ਭੜਕਾ ਰਹੇ ਸਨ; ਹੁਣ ਇਹ ਇਲਜ਼ਾਮ ਰੂਸੀਆਂ ਉੱਪਰ ਲਾਇਆ ਜਾ ਰਿਹਾ ਹੈ, ਜਿਵੇਂ ਕਿਤੇ ਹਿੰਦੁਸਤਾਨੀ ਖ਼ੁਦ ਆਜ਼ਾਦੀ ਚਾਹੁੰਦੇ ਹੀ ਨਾ ਹੋਣ। ਅੰਗਰੇਜ਼ ਦੀ ਹਕੂਮਤ-ਏ-ਹਿੰਦ ਹਿੰਦੁਸਤਾਨ ਦੇ ਲੋਕਾਂ ਦੀਆਂ ਰੀਝਾਂ ਨੂੰ ਕਿਵੇਂ ਗ਼ਲਤ ਰੰਗਤ ਦੇ ਰਹੀ

ਹੈ!।"[187] ਦੂਜੇ ਪਾਸੇ, ਸੰਤੋਖ ਸਿੰਘ ਨੇ ਪਾਠਕਾਂ ਨੂੰ ਹਿੰਦੁਸਤਾਨ ਨੂੰ ਇਕ ਟੁੱਟਵੀਂ ਮਿਸਾਲ ਵਜੋਂ ਦੇਖਣ ਦੀ ਬਜਾਏ ਦੁਨੀਆ ਦੇ ਹੋਰ ਹਿੱਸਿਆਂ ਵਿਚ ਆਪਣੇ ਵਰਗੇ ਸਕੇ ਘੋਲਾਂ ਦੀ ਪਛਾਣ ਕਰਨ ਲਈ ਕਿਹਾ: " "ਕਿਰਤੀ" ਦਾ ਇਹ ਪੈਂਤੜਾ ਹੈ ਕਿ ਅਸੀਂ ਸਤੰਤ੍ਰਾ ਦੇ ਪ੍ਰਵਾਨਿਆਂ ਦੀ ਦਿਲੋਂ ਕਦਰ ਕਰੀਏ, ਭਾਵੇਂ ਉਹ ਸੰਸਾਰ ਦੀ ਕਿਸੇ ਨੁਕਰ ਦੇ ਵਸਨੀਕ ਹੋਣ, ਅਤੇ ਉਨ੍ਹਾਂ ਦੇ ਕੰਮ ਤੋਂ ਜੋ ਸਿਖਿਆ ਸਾਨੂੰ ਮਿਲੇ ਗਰੈਹਣ ਕਰੀਏ, ਅਸਾਥੋਂ ਏਹ ਨਹੀਂ ਹੋਣਾ ਚਾਹੀਦਾ ਕਿ ਅਸੀਂ ਸੰਸਾਰ ਦੀ ਦੁਖੀ ਖਲਕਤ ਨੂੰ ਉਨ੍ਹਾਂ ਹੀ ਐਨਕਾਂ ਨਾਲ ਦੇਖੀਏ ਜਿਨ੍ਹਾਂ ਨਾਲ ਖਲਕਤ ਨੂੰ ਦਖੌਣ ਵਾਲੇ ਦੇਖਿਆ ਕਰਦੇ ਹਨ।"[188]

ਇਸ ਤੋਂ ਇਲਾਵਾ, ਉਸ ਨੇ ਅੱਗੇ ਲਿਖਿਆ, "ਅਸਾਡੀ ਅਜ਼ਾਦੀ ਦਾ ਪ੍ਰੋਗਰਾਮ ਜ਼ਰੂਰ ਜਗਤ ਦੀ ਰਾਜਸੀ, ਭਾਈਚਾਰਕ ਅਤੇ ਕਿਰਤਕ ਹਾਲਾਤ ਦੇ ਅਨੁਸਾਰ ਹੋਣਾ ਚਾਹੀਦਾ ਹੈ।"[189] ਉਸ ਨੇ ਲਿਖਿਆ ਦੁਨੀਆ ਵਿਚ ਤਾਕਤ ਜਗੀਰੂ ਰਾਠਸ਼ਾਹੀ ਦੇ ਹੱਥਾਂ ਵਿੱਚੋਂ ਸਰਮਾਏਦਾਰਾ ਬੁਰਜੂਆਜ਼ੀ ਦੇ ਹੱਥਾਂ ਵਿਚ ਜਾ ਰਹੀ ਸੀ। ਪਹਿਲੇ ਪ੍ਰਸੰਗ ਵਿਚ ਆਜ਼ਾਦੀ ਦਾ ਘੋਲ ਮਜ਼ਦੂਰ ਜਮਾਤ ਦੇ ਪ੍ਰੋਗਰਾਮ ਨਾਲ ਐਨਾ ਪੀਡੇ ਤੌਰ 'ਤੇ ਨਹੀਂ ਸੀ ਬੱਝਿਆ ਹੋਇਆ; ਪਰ ਹੁਣ, ਜਦੋਂ ਆਲਮੀ ਤਾਕਤ ਦੀ ਵਾਗਡੋਰ ਸਾਂਭਣ ਦੀ ਜ਼ਿੰਮੇਵਾਰੀ ਕਿਰਤੀ ਜਮਾਤ ਦੀ ਹੈ, ਕੌਮੀ ਆਜ਼ਾਦੀ ਦੇ ਸੰਘਰਸ਼ ਦੇ ਕਿਸੇ ਵੀ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਕਿਰਤੀਆਂ ਦੀਆਂ ਮੰਗਾਂ ਨੂੰ ਮੱਦੇ-ਨਜ਼ਰ ਰੱਖਣਾ ਹੀ ਪੈਣਾ ਹੈ।

ਸੰਤੋਖ ਸਿੰਘ ਦੀਆਂ *ਕਿਰਤੀ* ਦੀਆਂ ਲਿਖਤਾਂ ਨੇ ਐਲਾਨ ਕੀਤਾ ਕਿ "ਮੁਕੰਮਲ ਆਜ਼ਾਦੀ" ਅਤੇ ਸੱਚੇ *ਸਵਰਾਜ* ਦਾ ਮਤਲਬ ਹੋਵੇਗਾ "ਸਮਾਜੀ ਢਾਂਚੇ ਦੇ ਹਰ ਪੱਧਰ 'ਤੇ ਬੰਦ-ਖ਼ਲਾਸੀ ਅਤੇ ਬਰਾਬਰੀ ਨੂੰ ਵੱਧ ਤੋਂ ਵੱਧ ਸੰਭਵ ਬਣਾਉਣਾ, "ਜਮਹੂਰੀ ਤੌਰ 'ਤੇ ਚੁਣੀ ਨਗਰ ਪੰਚਾਇਤ ਤੋਂ ਲੈ ਕੇ ਸਿਖ਼ਰ ਤਕ"; ਇਸ ਲਈ ਜ਼ਰੂਰੀ ਹੋਵੇਗਾ "ਸਮਾਜੀ ਖ਼ਿਆਲਾਂ ਵਿਚ ਇਨਕਲਾਬ" ਜਿਸ ਦਾ ਅਧਾਰ ਫਿਰਕਿਆਂ ਤੇ ਨਸਲੀ-ਸੱਭਿਆਚਾਰ ਦੇ ਤੁਅੱਸਬਾਂ ਅਤੇ ਕਾਲਦੋਸ਼ ਵਾਲੀਆਂ ਰਵਾਇਤਾਂ ਤੇ ਅੰਨ੍ਹੇ ਰੀਤੀ-ਰਿਵਾਜਾਂ ਪ੍ਰਤੀ ਮੋਹ ਨੂੰ ਖਾਰਜ ਕਰਦੇ ਹੋਏ ਪੜਚੋਲੀਆ ਸੋਚ ਹੋਵੇ। ਦਰ ਅਸਲ, ਦੋਵੇਂ ਸੰਪਾਦਕ ਕਮਿਊਨਿਜ਼ਮ ਅਤੇ ਕਿਰਤੀਆਂ ਦੇ ਰਾਜ, ਕੌਮਾਂਤਰੀਵਾਦ, ਸਰਵ-ਮੁਕਤੀਵਾਦ, ਸਮਾਨਤਾਵਾਦੀ ਦੁਵੱਲੇ ਅਧਿਕਾਰਾਂ ਅਤੇ ਕੌਮੀ ਮੁਕਤੀ ਦੀ ਆਪਸ ਵਿਚ ਜੁੜੀ ਵਿਸ਼ਾ-ਵਸਤੂ ਉੱਪਰ ਵਾਰ ਵਾਰ ਜ਼ੋਰ ਦਿੰਦੇ ਸਨ।

ਆਪਣੇ ਬਹਿਸ-ਵਿਚਾਰ ਵਾਲੇ, ਜਥੇਬੰਦਕ ਅਤੇ ਸਿਧਾਂਤਕ ਕੰਮਾਂ ਤੋਂ ਇਲਾਵਾ, *ਕਿਰਤੀ* ਵੀ ਕੈਲੀਫੋਰਨੀਆ ਵਾਲੇ ਮੌਲਿਕ *ਗ਼ਦਰ* ਤੇ ਇਸ ਦੇ ਮਕਬੂਲ ਕਾਵਿ-ਸੰਗ੍ਰਹਿਾਂ ਵਾਲੀ ਸੁਰ 'ਚ ਕਿਰਤੀ ਜਮਾਤ ਦੀ ਅਤੇ/ਜਾਂ ਸਰਮਾਏਦਾਰੀ ਵਿਰੋਧੀ ਪੰਜਾਬੀ ਸ਼ਾਇਰੀ ਦਾ ਸ਼ਿੰਗਾਰ ਹੋ ਨਿੱਬੜਿਆ। ਕੁਝ ਨਜ਼ਮਾਂ ਵਿਚ ਕੰਮ ਦੇ ਮਾੜੇ ਹਾਲਾਤ ਦੀ ਤਸਵੀਰ ਪੇਸ਼ ਕੀਤੀ ਗਈ; ਬਾਕੀ ਦੀਆਂ ਤਾਜ਼ਾ ਘਟਨਾਵਾਂ ਬਾਰੇ ਤਬਸਰਾ ਕਰਦੀਆਂ ਸਨ। *ਕਿਰਤੀ* ਦੇ ਇਕ ਲੇਖਕ ਗਿਆਨੀ ਗੁਰਮੁੱਖ ਸਿੰਘ ਮੁਸਾਫ਼ਰ ਦੀ ਇਕ ਨਜ਼ਮ ਨੇ ਬਹੁਤ ਨਾਮਣਾ ਖੱਟਿਆ ਸੀ: "ਇਕ ਦਿਨ ਆਉਣਾ ਏਥੇ ਕਾਮਿਆਂ ਦਾ ਰਾਜ।"[190] ਫਿਰ ਵੀ, ਜੋਸ਼ ਨੇ ਮੁੜ ਦੁਹਰਾਇਆ: "ਸਾਡੇ ਵਿੱਚੋਂ ਜ਼ਿਆਦਾਤਰ *[ਉਸ ਵਕਤ]* ਮਾਰਕਸਵਾਦ ਦਾ ਉ, ਅ ਹੀ ਸਿੱਖ ਰਹੇ ਸਨ! ਸਾਡੇ ਵਰਗੇ ਸ਼ਾਇਰਾਂ ਨੂੰ ਬਹੁਤ ਸਾਰੇ ਭੁਲੇਖੇ ਸਨ.... ਕੁਝ ਸ਼ਾਇਰ ਤਾਂ ਆਪਣੀਆਂ ਨਜ਼ਮਾਂ ਵਿਚ ਅਰਾਜਕਤਾਵਾਦੀ ਖ਼ਿਆਲਾਂ ਦਾ ਇਜ਼ਹਾਰ ਵੀ ਕਰਦੇ ਸਨ।"[191] ਇਹ ਸ਼ਾਇਦ *ਗ਼ਦਰ/ਕਿਰਤੀ* ਦੇ ਮੁਕਤੀਵਾਦੀ ਨਿਆਰੇ ਝੁਕਾਵਾਂ ਦਾ ਇਕ ਹੋਰ ਸੰਕੇਤ ਸੀ।

ਇਸ ਦੌਰਾਨ ਸੰਤੋਖ ਸਿੰਘ ਮਹਿਜ਼ ਸਾਮਰਾਜਵਾਦ ਅਤੇ ਸਰਮਾਏਦਾਰੀ ਵਿਰੁੱਧ ਹੀ

ਜੱਦੋਜਹਿਦ ਨਹੀਂ ਸੀ ਕਰ ਰਿਹਾ, ਸਗੋਂ ਤਪਦਿਕ ਨਾਲ ਵੀ ਜੂਝ ਰਿਹਾ ਸੀ। ਮਈ 1927 'ਚ ਆਪਣੇ ਬੇਵਕਤ ਦੇਹਾਂਤ ਤੋਂ ਕਈ ਮਹੀਨੇ ਪਹਿਲਾਂ ਉਸ ਨੇ ਸੋਹਣ ਸਿੰਘ ਜੋਸ਼ ਨੂੰ ਆਪਣਾ ਜਾਨਸ਼ੀਨ ਥਾਪ ਦਿੱਤਾ ਸੀ। ਜੋਸ਼ ਇਸ਼ਾਰਾ ਕਰਦਾ ਹੈ, ਉਸ ਦਾ ਉਤਰ-ਪੱਛਮੀ ਸਰਹੱਦੀ ਸੂਬੇ ਦੇ ਬਿਖੜੇ ਰਸਤਿਓਂ ਲੰਘ ਕੇ ਆਉਣਾ, ਜੇਲ੍ਹ ਦੇ ਮਾੜੇ ਹਾਲਾਤ ਅਤੇ ਲੋੜੀਂਦੇ ਖਾਣੇ ਤੇ ਪੂਰੀ ਨੀਂਦ ਨਾ ਲੈ ਸਕਣ ਦੇ ਬਾਵਜੂਦ ਜਾਨ ਤੋੜ ਕੇ ਲਿਖਦੇ ਪੜ੍ਹਦੇ ਰਹਿਣਾ ਇਹ ਸਭ ਕੁਝ ਐਨੀ ਛੋਟੀ ਉਮਰ 'ਚ ਉਸ ਦੀ ਮੌਤ ਦਾ ਕਾਰਨ ਬਣਿਆ। ਬੱਬਰ ਅਕਾਲੀ ਆਗੂਆਂ ਵਿਰੁੱਧ 1924-26 ਦੇ ਸਾਜ਼ਿਸ਼ ਮੁਕੱਦਮੇ ਦੀ ਕਾਰਵਾਈ ਦੌਰਾਨ ਜੋਸ਼ ਨੇ ਜੋ ਬਿਆਨ ਦਿੱਤਾ ਉਸ ਨੂੰ ਪੜ੍ਹ ਕੇ ਉਹ ਸੰਤੋਖ ਸਿੰਘ ਦੇ ਨਜ਼ਰੀਂ ਚੜ੍ਹ ਗਿਆ ਸੀ। ਉਸ ਨੇ ਜੋਸ਼ ਨੂੰ ਆਪਣੇ ਰਸਾਲੇ ਲਈ ਲੇਖ ਲਿਖਣ ਦਾ ਸੱਦਾ ਦਿੱਤਾ ਜੋ 1926 ਦੇ ਅੰਤ 'ਚ ਸ਼ੁਰੂ ਹੋਣ ਜਾ ਰਿਹਾ ਸੀ ਅਤੇ ਕੁਝ ਮਹੀਨੇ ਬਾਅਦ ਉਸ ਨੂੰ ਆਪਣੀ ਥਾਂ ਕਰਤਾ-ਧਰਤਾ ਸੰਪਾਦਕ ਬਣਾ ਦਿੱਤਾ।[192] ਜੋਸ਼ ਉਸ ਮੁਲਾਕਾਤ ਬਾਰੇ ਦੱਸਦਾ ਹੈ ਜਦੋਂ ਭਾਗ ਸਿੰਘ ਕੈਨੇਡੀਅਨ ਨੇ ਉਸ ਨੂੰ ਸਿੱਖ ਮਿਸ਼ਨਰੀ ਹਾਲ ਵਿਚ ਸੰਤੋਖ ਸਿੰਘ ਨੂੰ ਮਿਲਣ ਲਈ ਆਖਿਆ ਸੀ। ਮੌਤ ਵੱਲ ਵਧ ਰਿਹਾ ਉਹ ਬੰਦਾ "ਪੀਲਾ ਭੂਕ ਸੀ" ਅਤੇ ਉਸ ਨੇ "ਲਿੱਸੀ ਆਵਾਜ਼ ਕੰਬਦੀ ਆਵਾਜ਼ 'ਚ ਉਸ ਨੂੰ ਦੱਸਿਆ ਜਿਸ ਨੂੰ ਨਵਾਂ ਸੰਪਾਦਕ ਥਾਪਿਆ ਜਾਣਾ ਸੀ: "ਤੂੰ ਬਹੁਤ ਤਿੱਖਾ ਲਿਖਦਾ ਏਂ; ਸੰਭਲ ਕੇ ਚੱਲ।" ਪਿੱਛਲ-ਝਾਤ ਮਾਰਿਆਂ ਜੋਸ਼ ਨੇ ਇਸ ਦਾ ਮਤਲਬ ਇਹ ਲਿਆ ਕਿ ਸੰਤੋਖ ਸਿੰਘ ਜ਼ਰੂਰ ਹੀ 1915 'ਚ ਵਕਤ ਤੋਂ ਪਹਿਲਾਂ, ਲੋੜੀਂਦੀ ਤਿਆਰੀ ਕੀਤੇ ਬਗ਼ੈਰ ਹੀ, ਗ਼ਦਰ ਮਚਾ ਦੇਣ ਦੇ ਤਜ਼ਰਬੇ ਵੱਲ ਇਸ਼ਾਰਾ ਕਰ ਰਿਹਾ ਹੋਵੇਗਾ। ਇੰਞ ਜੋਸ਼ ਨੇ ਸਿੱਟਾ ਕੱਢਿਆ ਕਿ ਸੰਤੋਖ ਸਿੰਘ ਦੇ "'ਸੰਭਲ ਕੇ ਚੱਲ' ਦਾ ਭਾਵ ਇਸ ਤੋਂ ਬਿਨਾ ਹੋਰ ਕੋਈ ਨਹੀਂ ਹੋ ਸਕਦਾ ਕਿ 'ਕਿਰਤੀਆਂ ਤੇ ਕਿਸਾਨਾਂ ਨੂੰ ਉਨ੍ਹਾਂ ਦੇ ਘੋਲਾਂ 'ਚ ਤਹੱਮਲ ਨਾਲ ਜਥੇਬੰਦ ਕਰੋ, ਉਨ੍ਹਾਂ ਨੂੰ ਇਹ ਸਮਝਾਓ ਕਿ ਉਨ੍ਹਾਂ ਦੇ ਮਿੱਤਰ ਕੌਣ ਹਨ ਅਤੇ ਦੁਸ਼ਮਣ ਕੌਣ ਹਨ; ਅਤੇ ਸ਼ਾਇਦ ਭੜਕਾਊਦਾਰ ਨਾਅਰੇ ਨਾ ਦਿਓ।' "[193] (ਹਾਲਾਂਕਿ ਮੈਂ ਇਹ ਪੱਕ ਨਾਲ ਨਹੀਂ ਕਹਿ ਸਕਦੀ ਕਿ ਇਸ ਦਾ ਇਹ ਸਿੱਧਾ ਜਿਹਾ ਮਤਲਬ ਕਿਓਂ ਨਹੀਂ ਹੋ ਸਕਦਾ ਕਿ "ਪਿੱਛੇ ਧਿਆਨ ਰੱਖ ਕੇ ਚੱਲ ਅਤੇ ਬਚਾਓ ਦੇ ਸਿਆਣੇ ਢੰਗ ਵਰਤਿਆ ਕਰ, ਕਿਉਂਕਿ ਪੁਲਿਸ ਹਰ ਵਕਤ ਸਾਡੇ ਪਿੱਛੇ ਲੱਗੀ ਰਹਿੰਦੀ ਹੈ।")

ਕੁਝ ਵੀ ਹੋਵੇ ਜੋਸ਼ ਨੇ ਆਪਣੇ ਨਾਂ ਤੋਂ ਇਲਾਵਾ ਹੋਰ ਕਈ ਫਰਜ਼ੀ ਨਾਵਾਂ ਹੇਠ ਲਿਖਦਿਆਂ ਅਤੇ ਬਿਨਾ ਪ੍ਰਸਿੱਧੀ "ਮੁੱਖ ਲੇਖ ਅਤੇ ਮਾਸਿਕ ਟਿੱਪਣੀਆਂ" ਦਾ ਯੋਗਦਾਨ ਪਾਉਂਦਿਆਂ ਗੁੰਮਨਾਮ ਸੰਪਾਦਨ ਦੇ ਅਭਿਆਸ ਦੀ ਪਾਲਣਾ ਕੀਤੀ।[194] ਉਸ ਨੇ ਦੱਸਿਆ, ਤੁਰੰਤ ਜੇਲ੍ਹ ਭੇਜੇ ਜਾਣ ਤੋਂ ਬਚਣ ਲਈ ਫਰਜ਼ੀ ਸੰਪਾਦਕ ਬਣਾਉਣਾ ਆਮ ਤਰੀਕਾ ਸੀ।[195] ਜਦੋਂ ਰਤਨ ਸਿੰਘ ਸੰਪਾਦਕੀ ਅਮਲੇ ਦੀ ਇਕ ਮੀਟਿੰਗ ਵਿਚ ਸ਼ਾਮਲ ਹੋਣ ਲਈ ਇਥੇ ਆਇਆ, ਰਾਹ ਵਿਚ ਉਹ ਪੁਲਿਸ ਦੀ ਪੁੱਛਗਿੱਛ ਤੋਂ ਮਸਾਂ ਬਚਿਆ ਸੀ। ਅਗਲੇ ਦਿਨ ਉਹ ਉੱਥੋਂ ਖਿਸਕ ਗਿਆ, ਪਰ ਸੰਪਾਦਕਾਂ ਨੂੰ ਸੁਨੇਹਾ ਮਿਲ ਗਿਆ ਕਿ ਉਹ ਮਹਿਫੂਜ਼ ਕਾਬੁਲ ਪਹੁੰਚ ਗਿਆ ਸੀ ਅਤੇ ਨਾਲ ਹੀ ਉਸ ਨੇ ਇਹ ਤਾਕੀਦ ਕੀਤੀ ਸੀ ਕਿ "ਮਾਸਕੋ ਦੀ ਪੂਰਬੀ ਯੂਨੀਵਰਸਿਟੀ ਲਾਇਬ੍ਰੇਰੀ" ਸਮੇਤ ਯੂਰਪ ਤੇ ਅਮਰੀਕਾ ਦੇ ਬਹੁਤ ਸਾਰੇ ਸਿਰਨਾਵਿਆਂ ਉੱਪਰ ਕਿਰਤੀ ਭੇਜਿਆ ਜਾਵੇ।[196]

ਗੁਰਮੁੱਖ ਸਿੰਘ ਅਤੇ ਕਾਬੁਲ ਦੇ ਹੋਰ ਆਗੂਆਂ ਨੇ "ਬਹੁਤ ਹੀ ਨਿੱਘੇ ਖ਼ਤ ਲਿਖ ਕੇ" ਨਵੇਂ ਇੰਤਜ਼ਾਮੀਆਂ ਅਮਲੇ ਦੀ ਹਮਾਇਤ ਕੀਤੀ, ਜੋ 1927 ਦੇ ਸਤੰਬਰ ਅਤੇ ਅਕਤੂਬਰ ਅੰਕਾਂ ਵਿਚ ਛਪੇ। ਕਮਿਊਨਿਸਟ ਆਰਗੇਨਾਈਜ਼ਰ ਅਰਜਣ ਸਿੰਘ ਗੜਗੱਜ ਨੇ ਨੋਟ ਕੀਤਾ ਕਿ ਸੰਪਾਦਕੀ ਦੀ ਵਾਗਡੋਰ ਜੋਸ਼ ਨੂੰ ਸੰਭਾਲੇ ਜਾਣ ਨਾਲ ਵਿਗਿਆਨਕ ਸਮਾਜਵਾਦ ਬਾਰੇ *ਕਿਰਤੀ* ਦੇ ਪ੍ਰਚਾਰ

ਵਿਚ ਉੱਘੜਵਾਂ ਬਦਲਾਅ ਆਇਆ, ਨਾਲ ਹੀ ਉਰਦੂ ਐਡੀਸ਼ਨ ਸ਼ੁਰੂ ਕਰਨ ਨਾਲ ਪਹਿਲੀ ਵਾਰ ਇਸ ਦੇ ਪਾਠਕਾਂ ਦਾ ਘੇਰਾ ਹਿੰਦੂਆਂ ਅਤੇ ਮੁਸਲਮਾਨਾਂ ਤੱਕ ਵਧ ਗਿਆ।[197] ਅਪ੍ਰੈਲ 1928 'ਚ, ਭਗਤ ਸਿੰਘ ਨੂੰ ਉਰਦੂ ਸੰਪਾਦਕ ਦੀ ਜ਼ਿੰਮੇਵਾਰੀ ਨਿਭਾਉਣ ਲਈ ਸੱਦਿਆ ਗਿਆ। ਉਹ ਸਿਰਫ਼ ਤਿੰਨ ਮਹੀਨੇ ਇਸ ਹੈਸੀਅਤ 'ਚ ਕੰਮ ਕਰਨ ਤੋਂ ਪਿੱਛੋਂ ਗ਼ਾਇਬ ਹੋ ਗਿਆ ਪਰ ਉਸ ਦੇ ਲੇਖ ਅਪ੍ਰੈਲ 1927 ਤੋਂ ਲੈ ਕੇ ਸਤੰਬਰ 1928 ਤਕ ਲਗਾਤਾਰ ਛਪਦੇ ਰਹੇ। ਇਸ ਨਾਲ ਉਨ੍ਹਾਂ ਖ਼ਿਆਲਾਂ ਤੇ ਦਾਅਪੇਚਾਂ ਨੂੰ ਵੱਧ ਭਰਪੂਰਤਾ ਅਤੇ ਸਿਲਸਿਲੇਵਾਰ ਢੰਗ ਨਾਲ ਬੱਝਵਾਂ ਰੂਪ ਦੇਣ ਦੀ ਜ਼ਿੰਮੇਵਾਰੀ 1920ਵਿਆਂ ਵਾਲੀ ਇਨਕਲਾਬੀਆਂ ਦੀ ਪੀੜ੍ਹੀ ਦੇ ਚਿੰਨ੍ਹ ਅਤੇ ਗ਼ਦਰੀ ਰਵਾਇਤ ਦੇ ਇਸ ਸਿੱਧੇ ਵਾਰਿਸ ਉੱਪਰ ਆ ਪਵੇਗੀ।

## ਨੌਜਵਾਨ ਭਾਰਤ ਸਭਾ ਅਤੇ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ

ਹਰ ਸਿਆਸੀ ਵੰਨਗੀ ਦੇ ਲੋਕ ਭਗਤ ਸਿੰਘ ਦੇ ਵਾਰਿਸ ਹੋਣ ਦਾ ਦਾਅਵਾ ਕਰਦੇ ਹਨ, ਸਿੱਖ ਖਾੜਕੂ ਵੱਖਵਾਦੀਆਂ ਦੀ ਤਾਂ ਗੱਲ ਛੱਡੋ, ਕਮਿਊਨਿਸਟ ਅਤੇ ਰਾਸ਼ਟਰਵਾਦੀਆਂ ਦੇ ਸਮਾਗਮਾਂ ਵਿਚ ਵੀ ਉਸ ਨੂੰ ਚਿੰਨ੍ਹ ਵਜੋਂ ਸਾਖੀਆਂ ਵਾਲੇ ਲਹਿਜ਼ੇ 'ਚ ਪੇਸ਼ ਕੀਤਾ ਜਾਂਦਾ ਹੈ।[198] ਜਦਕਿ, ਉਸ ਨੂੰ ਸ਼ਾਇਦ ਖੇਤਰੀ ਚੌਖਟੇ ਦੇ ਹਵਾਲੇ ਨਾਲੋਂ ਕੌਮਾਂਤਰੀ ਚੌਖਟੇ ਦੇ ਹਿੱਸੇ ਵਜੋਂ ਬਦੇਸ਼ਾਂ ਵਿਚਲੀ ਲਹਿਰ ਨਾਲ ਜੋੜ ਕੇ ਸਮਝਣਾ ਵੱਧ ਮੁਨਾਸਬ ਹੋਵੇਗਾ; ਸਟੀਕ ਗੱਲ ਕਰਨੀ ਹੋਵੇ ਤਾਂ ਇਹ ਹੈ ਉਸ ਨੂੰ ਗ਼ਦਰੀ ਖ਼ਿਆਲਾਂ ਅਤੇ ਕਰਨੀ ਦੇ ਵਾਰਿਸ, ਅਤੇ ਉਸ ਸੰਸਲੇਸ਼ਣ ਦੀ ਬੁਲੰਦੀ ਵਜੋਂ ਸਮਝਣਾ ਜਿਸ ਦਾ ਗ਼ਦਰੀ ਵਿਚਾਰਧਾਰਕ ਤੱਤ ਅਤੇ ਦਾਅਪੇਚਕ ਪਹੁੰਚ ਦੋਹਾਂ ਪੱਖਾਂ ਤੋਂ ਸਾਕਾਰ ਰੂਪ ਸਨ। ਗ਼ਦਰੀਆਂ ਦੇ ਖ਼ਾਸ ਪ੍ਰਸੰਗ 'ਚ, ਜੋ ਕਿਸੇ ਨਵੀਂ ਜਾਂ ਪੁਰਾਣੀ ਪਰੰਪਰਾ ਦੀ ਬਜਾਏ ਅਭਿਆਸਵਾਦ ਤੋਂ ਵੱਧ ਪ੍ਰੇਰਤ ਸਨ, ਕਈ ਤਰ੍ਹਾਂ ਦੇ ਅੰਸ਼ਾਂ ਵਿੱਚੋਂ ਕੁਝ ਨਵਾਂ ਅਤੇ ਪ੍ਰਭਾਵਸ਼ਾਲੀ ਸਿਰਜਣਾ ਮਹਿਜ਼ ਸੰਭਵ ਹੀ ਨਹੀਂ ਸਗੋਂ ਪੂਰੀ ਤਰ੍ਹਾਂ ਜਾਇਜ਼ ਵੀ ਸੀ। ਇੰਞ, ਭਗਤ ਸਿੰਘ ਨੂੰ ਗ਼ਦਰੀ ਵਜੋਂ – ਪਹੁਲ ਛਕ ਰਹੀ ਹਸਤੀ ਦੀ ਬਜਾਏ ਬੁਲੰਦੀਆਂ ਨੂੰ ਛੂਹ ਰਹੀ ਹਸਤੀ ਵਜੋਂ – ਲਏ ਜਾਣ ਨਾਲ ਉਸ ਦੀ ਆਪਣੀ ਛੋਟੀ ਜਹੀ ਹਯਾਤੀ ਅਤੇ ਕੱਦਾਵਰ ਸਿਆਸੀ ਜੀਵਨ-ਪੰਧ ਉੱਪਰ ਵੀ ਕੁਝ ਚਾਨਣਾ ਪੈ ਸਕਦਾ ਹੈ।[199]

ਭਗਤ ਸਿੰਘ ਦਾ ਗ਼ਦਰ ਤੋਂ ਪਹਿਲਾ ਇਤਿਹਾਸ ਵੀ ਸੀ, ਉਸ ਦੇ ਬਾਪ ਕਿਸ਼ਨ ਸਿੰਘ, ਅਤੇ ਖ਼ਾਸ ਕਰਕੇ ਉਸ ਦੇ ਚਾਚਾ ਅਜੀਤ ਸਿੰਘ ਦੀ 1907 ਦੇ ਲਾਗੇ-ਚਾਗੇ ਨਹਿਰੀ ਬਸਤੀਆਂ ਬਾਰੇ ਅੰਦੋਲਨਾਂ ਵਿਚ ਅਹਿਮ ਭੂਮਿਕਾ ਰਹੀ ਸੀ। ਇਹ ਉਸ ਦੇ ਜਨਮ ਦਾ ਦੌਰ ਵੀ ਸੀ, ਜਦੋਂ ਉਸ ਦਾ ਬਾਪ ਜੇਲ੍ਹ ਵਿਚ ਸੀ ਅਤੇ ਉਸ ਦਾ ਚਾਚਾ ਮਾਂਡਲੇ ਜੇਲ੍ਹ ਵਿਚ। ਗ਼ਦਰ ਦੀਆਂ ਵਿਲੱਖਣ ਖ਼ੂਬੀਆਂ ਦੀ ਜੇ ਇਸ ਤੋਂ ਪਹਿਲੇ ਸਮੇਂ 'ਚ ਨੁਮਾਇੰਦਗੀ ਦੇਖਣੀ ਹੋਵੇ, ਤਾਂ ਅਜੀਤ ਸਿੰਘ ਦੇ ਨਾਂ ਨਾਲ ਜੁੜੇ ਇਹ ਅੰਦੋਲਨ – ਜੋ ਆਖ਼ਿਰ 1912 'ਚ ਪੈਸੀਫਿਕ ਕੋਸਟ ਦੇ ਭਾਈਚਾਰਿਆਂ ਦੀ ਲਾਮਬੰਦੀ ਨੂੰ ਅਗਵਾਈ ਦੇਣ ਲਈ ਸ਼ੁਰੂ ਕੀਤੇ ਗਏ ਸਨ – ਭਾਈਚਾਰਿਆਂ ਤੋਂ ਉੱਪਰ ਉੱਠਕੇ ਆਪਣੀ ਏਕਤਾ ਅਤੇ ਜੁਝਾਰੂਪਣ ਦੇ ਪੱਖੋਂ ਗਿਣਨਯੋਗ ਸਨ।[200] ਜਦੋਂ 1915 'ਚ ਗ਼ਦਰੀਆਂ ਨੇ ਗ਼ਦਰ ਕਰਨ ਦਾ ਯਤਨ ਕੀਤਾ ਓਦੋਂ ਭਗਤ ਸਿੰਘ ਅੱਠ ਵਰ੍ਹਿਆਂ ਦਾ ਸੀ। ਪ੍ਰਦੇਸੋਂ ਆਏ *ਬਾਗ਼ੀ* ਕਿਸ਼ਨ ਸਿੰਘ ਦੇ ਘਰ ਸਲਾਹ-ਮਸ਼ਵਰੇ ਜਾਂ ਪੈਸੇ-ਧੇਲੇ ਦੀ ਮਦਦ ਲੈਣ ਲਈ ਅਕਸਰ ਆਉਂਦੇ ਸਨ – ਉਹ ਉਨ੍ਹਾਂ ਦੀਆਂ ਸਰਗਰਮੀਆਂ ਲਈ ਖੁੱਲ੍ਹੇ ਦਿਲ ਨਾਲ ਫੰਡ ਦਿੰਦਾ ਸੀ – ਅਤੇ ਉਸ ਦਾ ਜਵਾਨ ਹੋ ਰਿਹਾ ਬੇਟਾ ਉਨ੍ਹਾਂ ਦੀਆਂ ਵਿਉਂਤਾਂ ਤੇ ਵਿਚਾਰ-ਚਰਚਾ ਨੀਝ ਨਾਲ ਸੁਣਦਾ ਰਹਿੰਦਾ। ਇੱਥੋਂ ਹੀ ਉਸ ਉੱਪਰ ਆਦਰਸ਼ ਗ਼ਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ ਨੇ

ਡੂੰਘੀ ਛਾਪ ਛੱਡੀ, ਅਤੇ ਉਸ ਨੇ ਖ਼ੁਦ ਨੂੰ ਸੁਚੇਤ ਤੌਰ 'ਤੇ ਉਸ ਸ਼ਖਸੀਅਤ ਨੂੰ ਨਮੂਨਾ ਮੰਨ ਕੇ ਵਿਚਰਨਾ ਸ਼ੁਰੂ ਕਰ ਦਿੱਤਾ ਜਿਸ ਨੂੰ ਉਹ ਆਪਣਾ "ਨਾਇਕ, ਦੋਸਤ ਅਤੇ ਸਾਥੀ" ਕਿਹਾ ਕਰਦਾ ਸੀ। ਇਸ ਤੋਂ ਪਿੱਛੋਂ ਉਹ ਹਰ ਵਕਤ ਸਰਾਭਾ ਦੀ ਤਸਵੀਰ ਆਪਣੀ ਜੇਬ ਵਿਚ ਰੱਖਦਾ ਸੀ ਅਤੇ ਉਸ ਦੀ ਇਕ ਕਵਿਤਾ ਨੂੰ ਆਪਣਾ ਆਦਰਸ਼ ਮੰਨ ਕੇ ਗੁਣਗੁਣਾਉਂਦਾ ਰਹਿੰਦਾ ਸੀ, ਜਿਸ ਦਾ ਸਾਰ-ਤੱਤ ਸੀ "ਸੇਵਾ ਦੇਸ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ, ਜਿਨ੍ਹਾਂ ਦੇਸ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।"[201]

ਭਗਤ ਸਿੰਘ ਲਾਹੌਰ ਅਧਾਰਤ ਰੈਡੀਕਲ ਵਿਦਿਆਰਥੀ ਧੜੇ ਨੌਜਵਾਨ ਭਾਰਤ ਸਭਾ (ਐੱਨ.ਬੀ.ਐੱਸ.) ਦੇ ਬਾਨੀਆਂ ਵਿੱਚੋਂ ਸੀ, ਤੇ ਉਹ ਇਸ ਨਾਲ ਨੇੜਿਓਂ ਜੁੜੀ ਹਿੰਦੁਸਤਾਨ ਰਿਪਬਲਿਕਨ ਐਸੋਸੀਏਸ਼ਨ (ਐੱਚ.ਆਰ.ਏ.) ਦੀ ਗੁਲੀ ਦਾ ਹਿੱਸਾ ਸੀ। ਇਸ ਵਿਚ 1915 ਦੇ ਬੰਗਾਲੀ ਇਨਕਲਾਬੀਆਂ ਅਤੇ ਗ਼ਦਰ ਪਾਰਟੀ ਦਰਮਿਆਨ ਤਾਲਮੇਲ ਦੀ ਭੂਮਿਕਾ ਨਿਭਾਉਣ ਵਾਲਾ ਸਾਚਿੰਦਰਨਾਥ ਸਾਨਿਆਲ ਵੀ ਸ਼ਾਮਲ ਸੀ। ਜਦੋਂ ਗੁਰਮੁੱਖ ਸਿੰਘ ਨੇ 1924 'ਚ ਸਾਨਿਆਲ ਨਾਲ ਦੁਬਾਰਾ ਰਾਬਤਾ ਬਣਾਇਆ ਤਾਂ ਉਸ ਨੂੰ ਐੱਚ.ਆਰ.ਏ. ਵਿਚ ਗ਼ਦਰੀਆਂ ਨੂੰ ਭਰਤੀ ਕਰਨ ਦਾ ਮੌਕਾ ਵੀ ਮਿਲ ਗਿਆ।[202] 1928 'ਚ, *ਕਿਰਤੀ* ਸਟਾਫ਼ ਦੇ ਸੱਦੇ 'ਤੇ ਅੰਮ੍ਰਿਤਸਰ ਵਿਚ ਜਲ੍ਹਿਆਂਵਾਲਾ ਬਾਗ਼ ਵਿਚ ਜੋ ਸੰਕੇਤਕ ਇਕੱਤਰਤਾ ਕੀਤੀ ਗਈ ਉਸ ਵਿਚ ਨਵੀਂ ਬਣਾਈ ਕਿਰਤੀ ਕਿਸਾਨ ਪਾਰਟੀ ਅਤੇ ਨੌਜਵਾਨ ਭਾਰਤ ਸਭਾ ਨੇ ਮਿਲ ਕੇ ਪੰਜਾਬ ਵਿਚ ਬਸਤੀਵਾਦ ਵਿਰੋਧੀ ਟਾਕਰੇ ਦੇ ਅੱਗੇ ਲੱਗਕੇ ਕੰਮ ਕਰਨ ਦੀ ਪੁਜੀਸ਼ਨ ਅਖ਼ਤਿਆਰ ਕੀਤੀ।

ਕਿਰਤੀ ਕਿਸਾਨ ਪਾਰਟੀ ਦਾ ਉਦੇਸ਼ ਕਲਕੱਤਾ, ਬੰਬਈ ਅਤੇ ਕਾਨਪੁਰ ਅਧਾਰਤ ਮਜ਼ਦੂਰ ਕਿਸਾਨ ਪਾਰਟੀਆਂ ਦੀ ਉਤਰ-ਪੱਛਮੀ ਪੂਰਕ ਜਥੇਬੰਦੀ ਬਣਨਾ ਸੀ। ਜੋਸ਼ ਇਸ ਦਾ ਜਨਰਲ ਸਕੱਤਰ ਅਤੇ ਐੱਮ.ਏ. ਮਾਜਿਦ ਜਾਇੰਟ ਸਕੱਤਰ ਚੁਣਿਆ ਗਿਆ ਸੀ; ਇਕ ਪੰਜ ਮੈਂਬਰੀ ਕਮੇਟੀ ਨੇ ਇਸ ਦੇ ਨੇਮ ਅਤੇ ਪ੍ਰੋਗਰਾਮ ਤਿਆਰ ਕੀਤੇ ਸਨ।[203] ਪਾਰਟੀ ਦੇ ਸੰਵਿਧਾਨ ਵਿਚ ਇਹ ਉਦੇਸ਼ ਤੈਅ ਕੀਤੇ ਗਏ ਸਨ, "ਹਰ ਸੰਭਵ ਢੰਗ ਨਾਲ ਅੰਗਰੇਜ਼ ਸਾਮਰਾਜਵਾਦ ਤੋਂ ਮੁਕੰਮਲ ਆਜ਼ਾਦੀ ਹਾਸਲ ਕਰਨਾ, ਕਿਰਤੀਆਂ ਤੇ ਕਿਸਾਨਾਂ ਦੀ ਹਰ ਤਰ੍ਹਾਂ ਦੀ ਸਿਆਸੀ, ਆਰਥਕ ਅਤੇ ਸਮਾਜੀ ਗ਼ੁਲਾਮੀ ਤੋਂ ਬੰਦ-ਖ਼ਲਾਸੀ ਕਰਾਉਣਾ ਅਤੇ ਸੰਯੁਕਤ ਸਮਾਜਵਾਦੀ ਗਣਰਾਜ ਕਾਇਮ ਕਰਨਾ।"[204] ਕਿਰਤੀ ਕਿਸਾਨ ਪਾਰਟੀ ਅਤੇ ਹੋਰ ਮਜ਼ਦੂਰ ਕਿਸਾਨ ਪਾਰਟੀਆਂ ਨੇ, ਜਿਵੇਂ ਮਾਸਕੋ ਨੇ ਵਿਆਖਿਆ ਕੀਤੀ ਸੀ, ਉਸ ਦੇ ਅਨੁਸਾਰ ਮਜ਼ਦੂਰਾਂ ਤੇ ਕਿਸਾਨਾਂ ਨੂੰ ਆਜ਼ਾਦੀ ਦੀ ਤਹਿਰੀਕ ਦੀ ਮੋਹਰੀ ਤਾਕਤ ਮੰਨ ਕੇ ਅਵਾਮ ਨੂੰ ਜਥੇਬੰਦ ਕਰਨ ਅਤੇ ਇਸ ਦੀ ਚੇਤਨਾ ਦਾ ਪੱਧਰ ਉੱਚਾ ਚੁੱਕਣ ਦੇ ਕਾਰਜ ਹੱਥ ਲਏ – ਜੋ ਅੰਗਰੇਜ਼ ਰਾਜ ਦੀ ਲੁੱਟਖਸੁੱਟ ਦਾ ਸਭ ਤੋਂ ਵੱਧ ਸ਼ਿਕਾਰ ਸਨ। ਇਸੇ ਦੌਰਾਨ, ਨੌਜਵਾਨ ਭਾਰਤ ਸਭਾ ਦਾ ਨਵਾਂ ਮਨੋਰਥਪੱਤਰ (ਜੋ ਭਗਵਤੀ ਚਰਨ ਵੋਹਰਾ ਨੇ ਲਿਖਿਆ ਸੀ) ਗ਼ਦਰੀ ਇਨਕਲਾਬੀਆਂ ਨਾਲ ਆਪਣੇ ਨੇੜਲੇ ਬੌਧਿਕ ਤੇ ਭਾਵਨਾਤਮਕ ਰਿਸ਼ਤੇ ਦੀ ਗਵਾਹੀ, ਗ਼ਦਰੀ ਤਵਾਰੀਖ਼ ਦੇ ਹਵਾਲਿਆਂ ਅਤੇ ਇਸ ਦੇ ਦਸਤਾਵੇਜ਼ਾਂ ਦੀਆਂ ਗੂੰਜਾਂ ਨਾਲ ਪੀਡੇ ਰਿਸ਼ਤੇ 'ਚ ਬੱਝਿਆ ਹੋਇਆ ਸੀ। ਨੌਜਵਾਨ ਭਾਰਤ ਸਭਾ ਦੀ ਟਰੈਕਟ ਸੁਸਾਇਟੀ ਵਲੋਂ ਵੰਡੇ ਗਏ ਵੱਖੋ-ਵੱਖਰੇ ਪੈਂਫਲੈੱਟਾਂ ਵਿਚ ਹਰਦਿਆਲ ਅਤੇ ਐਗਨੀਸ ਸਮੈਡਲੀ ਦੀਆਂ ਲਿਖਤਾਂ ਸ਼ਾਮਲ ਸਨ।[205]

ਐੱਨ.ਬੀ.ਐੱਸ/ਕਿਰਤੀ ਕਿਸਾਨ ਇਕੱਤਰਤਾ ਤੋਂ ਕੁਝ ਮਹੀਨੇ ਬਾਅਦ ਹੀ, ਐੱਚ.ਆਰ.ਏ. ਨੂੰ ਨਵਾਂ ਰੂਪ ਦਿੱਤਾ ਗਿਆ। ਸਤੰਬਰ 1928 'ਚ ਉਤਰੀ ਭਾਰਤ ਦੇ ਇਨਕਲਾਬੀ ਧੜਿਆਂ ਦੇ ਮੈਂਬਰਾਂ ਨੇ ਦਿੱਲੀ ਵਿਚ ਦੋ ਦਿਨ ਦੀ ਬੈਠਕ ਕਰਕੇ ਇਕ ਕੌਮੀ ਪੱਧਰ ਦੇ ਸੰਘ ਵਿਚ

ਇਕਜੁੱਟ ਹੋਣ ਦਾ ਫ਼ੈਸਲਾ ਕੀਤਾ। ਉਨ੍ਹਾਂ ਨੇ ਆਪਣੇ ਨਾਂ ਵਿਚ ਇਕ ਅਹਿਮ 'ਸ' ਅੱਖਰ ਵੀ ਜੋੜਿਆ: ਐੱਚ.ਆਰ.ਏ. ਹੁਣ ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ (ਐੱਚ.ਐੱਸ.ਆਰ.ਏ.) ਬਣ ਗਈ ਜਿਸ ਦਾ ਆਪਣਾ ਇਕ ਫ਼ੌਜੀ ਵਿੰਗ ਸੀ। ਐੱਚ.ਐੱਸ.ਆਰ.ਏ. ਦਾ ਬਿਆਨ ਕੀਤਾ ਉਦੇਸ਼, ਜੋ ਸਾਨਿਆਲ ਵਲੋਂ ਲਿਖੇ ਦਸਤਾਵੇਜ਼ ਵਿਚ ਬਿਆਨ ਕੀਤਾ ਗਿਆ ਸੀ, "ਇਕ ਜਥੇਬੰਦ ਅਤੇ ਹਥਿਆਰਬੰਦ ਇਨਕਲਾਬ ਰਾਹੀਂ ਯੂਨਾਈਟਿਡ ਸਟੇਟਸ ਆਫ ਇੰਡੀਆ ਦਾ ਸੰਘੀ ਗਣਰਾਜ ਕਾਇਮ ਕਰਨਾ" ਸੀ। ਭਵਿੱਖੀ ਗਣਰਾਜ ਉਸ ਸੰਵਿਧਾਨ ਦੇ ਅਨੁਸਾਰ ਜਥੇਬੰਦ ਕੀਤਾ ਜਾਵੇਗਾ ਜਿਸ ਨੂੰ "ਲੋਕਾਂ ਦੇ ਨੁਮਾਇੰਦਿਆਂ ਵਲੋਂ ਉਸ ਵਕਤ ਤਿਆਰ ਕੀਤਾ ਅਤੇ ਐਲਾਨਿਆ ਜਾਵੇਗਾ ਜਦੋਂ ਉਹ ਆਪਣੇ ਫ਼ੈਸਲਿਆਂ ਨੂੰ ਲਾਗੂ ਕਰਵਾਉਣ ਦੀ ਹੈਸੀਅਤ ਵਿਚ ਹੋਣਗੇ।" ਇਹ ਆਮ ਵੋਟ ਅਧਿਕਾਰ ਉੱਪਰ ਅਧਾਰਤ ਹੋਵੇਗਾ ਅਤੇ "ਹਰ ਉਸ ਪ੍ਰਬੰਧ ਨੂੰ ਖ਼ਤਮ ਕਰੇਗਾ ਜੋ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਸੰਭਵ ਬਣਾਉਂਦਾ ਹੈ।"[206] ਕੌਮੀ ਮੁਕਤੀ ਦਾ ਨਿਸ਼ਾਨਾ ਹੁਣ ਬਦੇਸ਼ੀ ਰਾਜ ਨੂੰ ਕੱਢ ਦੇਣ ਦਾ ਘੱਟੋਘੱਟ ਪ੍ਰੋਗਰਾਮ ਨਹੀਂ ਸਗੋਂ "ਸਮਾਜਵਾਦੀ ਗਣਰਾਜੀ ਰਾਜ ਨੂੰ ਅਪਣਾਉਣਾ" ਸੀ।

ਜਦੋਂ ਗ਼ਦਰੀਆਂ ਨੇ ਯੂਨਾਈਟਿਡ ਸਟੇਟਸ ਨੂੰ ਨਮੂਨੇ ਵਜੋਂ ਤਜਵੀਜ਼ ਕੀਤਾ, ਉਨ੍ਹਾਂ ਦੀ ਮੁਰਾਦ ਆਜ਼ਾਦ ਸੰਘੀ ਰਾਜਾਂ ਦੇ ਜਮਹੂਰੀ ਗਣਰਾਜ ਤੋਂ ਸੀ। ਹਾਲਾਂਕਿ ਇਸ ਦੀ ਆਰਥਿਕਤਾ ਕਿਸ ਤਰ੍ਹਾਂ ਦੀ ਹੋਵੇਗੀ ਇਸ ਦਾ ਖ਼ਾਸ ਵੇਰਵਾ ਉਨ੍ਹਾਂ ਨੇ ਅਜੇ ਸਪਸ਼ਟ ਬਿਆਨ ਨਹੀਂ ਸੀ ਕੀਤਾ। ਜਦਕਿ, ਭਗਤ ਸਿੰਘ ਨੇ ਜਦੋਂ ਗ਼ਦਰੀ ਘੁਲਾਟੀਏ ਰਾਮ ਸਰਨ ਦਾਸ ਦੀ ਕਿਤਾਬ *ਡਰੀਮਲੈਂਡ* ਪੜ੍ਹੀ, ਜਿਸ ਲਈ ਲੇਖਕ ਨੇ ਉਸ ਨੂੰ ਭੂਮਿਕਾ ਲਿਖਣ ਦੀ ਗੁਜ਼ਾਰਿਸ਼ ਕੀਤੀ ਸੀ, ਉਸ ਨੇ ਇਸ ਦੀ ਹੇਠ ਲਿਖੀ ਵਿਆਖਿਆ ਦਿੱਤੀ:

"ਉਹ ਸਮਾਜਵਾਦੀ ਸਮਾਜ ਕਾਇਮ ਕਰਨਾ ਚਾਹੁੰਦੇ ਹਨ। ਇਹਦੇ ਨਾਲ ਹੀ ਪੂੰਜੀਵਾਦੀ ਸਮਾਜ ਤੋਂ ਆਪਣੀ ਹਿਫ਼ਾਜ਼ਤ ਕਰਨ ਲਈ ਫ਼ੌਜ ਰੱਖਣੀ ਪੈਣੀ ਹੈ।..... ਇਨਕਲਾਬੀ ਫ਼ੌਜਾਂ ਦੂਜੇ ਦੇਸ਼ਾਂ ਨੂੰ ਲੁੱਟਣ ਜਾਂ ਉਹਨਾਂ ਉਤੇ ਹਕੂਮਤ ਕਰਨ ਲਈ ਨਹੀਂ, ਸਗੋਂ ਵਿਹਲੜ ਹਾਕਮਾਂ ਨੂੰ ਉਹਨਾਂ ਦੇ ਤਖ਼ਤਾਂ ਤੋਂ ਲਾਹੁਣ ਲਈ ਤੇ ਉਹਨਾਂ ਦੀ ਰੱਤਪੀਣੀ ਲੁੱਟ ਨੂੰ ਖ਼ਤਮ ਕਰਨ ਲਈ ਅਤੇ ਇੰਞ ਮਿਹਨਤਕਸ਼ ਲੋਕਾਂ ਨੂੰ ਮੁਕਤ ਕਰਵਾਉਣ ਲਈ ਦੂਜੇ ਦੇਸ਼ਾਂ ਨੂੰ ਕੂਚ ਕਰਨਗੀਆਂ। ਪਰ ਸਾਡੇ ਜਵਾਨਾਂ ਨੂੰ ਲੜਨ ਲਈ ਪਰੇਰਣ ਵਾਸਤੇ ਆਦਿਮ ਕੌਮੀ ਜਾਂ ਨਸਲੀ ਨਫ਼ਰਤ ਦੀ ਲੋੜ ਨਹੀਂ ਪਏਗੀ।"[207]

ਹਾਲਾਂਕਿ ਅੰਤਮ ਨਿਸ਼ਾਨੇ ਬਾਰੇ ਕੋਈ ਰੱਟਾ ਨਹੀਂ ਸੀ, ਇਥੇ ਢੰਗਾਂ ਬਾਰੇ ਬਹਿਸ ਇਕ ਵਾਰ ਫਿਰ ਛਿੜ ਗਈ। ਭਗਤ ਸਿੰਘ ਦਾ ਧੜਾ ਉਨ੍ਹਾਂ ਦੀ ਨੁਮਾਇੰਦਗੀ ਕਰਦਾ ਸੀ ਜਿਨ੍ਹਾਂ ਉੱਪਰ ਇਲਜ਼ਾਮ ਲੱਗਦਾ ਸੀ ਕਿ ਉਨ੍ਹਾਂ ਵਿਚ ਅਵਾਮ ਨੂੰ ਜਥੇਬੰਦ ਕਰਦੇ ਹੋਏ ਅਤੇ ਉਨ੍ਹਾਂ ਦੀ ਚੇਤਨਾ ਦਾ ਪੱਧਰ ਉੱਚਾ ਚੁੱਕ ਕੇ ਲੰਮੇ ਸਮੇਂ 'ਚ ਇਨਕਲਾਬੀ ਹਾਲਾਤ ਨੂੰ ਪ੍ਰਪੱਕ ਬਣਾਉਣ ਦਾ ਤਹੱਮਲ ਨਹੀਂ ਸੀ। ਕਿ ਇਸ ਦੀ ਬਜਾਏ ਉਹ ਕੁਝ ਬੰਦਿਆਂ ਅਤੇ ਛੋਟੇ-ਛੋਟੇ ਗਰੋਹਾਂ ਵਲੋਂ ਤਾਅ 'ਚ ਆ ਕੇ ਫ਼ੌਰੀ ਕਾਰਵਾਈ ਉੱਪਰ ਜ਼ੋਰ ਦਿੰਦੇ ਸਨ। ਜੋਸ਼ ਅਨੁਸਾਰ, "ਭਗਤ ਸਿੰਘ ਬੰਬ ਅਤੇ ਪਿਸਤੌਲ ਇਸਤੇਮਾਲ ਕਰਕੇ ਬਹੁਤ ਛੇਤੀ ਕੁਝ ਕਰਨਾ ਲੋਚਦਾ ਸੀ; ਕੁਝ ਚਮਤਕਾਰੀ" ਜੋ "ਘੂਕ ਸੁੱਤੇ ਪਏ ਨੌਜਵਾਨਾਂ ਅਤੇ ਵਿਦਿਆਰਥੀਆਂ ਨੂੰ ਸਿਆਸੀ ਤੌਰ 'ਤੇ ਜਗਾ ਸਕੇ" ਅਤੇ ਉਨ੍ਹਾਂ ਨੂੰ "ਆਜ਼ਾਦੀ ਦੇ ਕਾਜ ਲਈ ਕੁਰਬਾਨੀਆਂ ਕਰਨ ਲਈ ਅੱਗੇ ਆਉਣ ਲਈ" ਪ੍ਰੇਰ ਸਕੇ।[208] ਇਕ ਦਹਾਕਾ ਪਹਿਲਾਂ ਦੇ ਪੈਂਫਲੈੱਟਾਂ ਦੀ ਇਹੀ ਨਿਸ਼ਚਿਤ ਵਿਰਾਸਤ ਰਹੀ ਸੀ – ਹਰਦਿਆਲ ਦਾ ਪੈਂਫਲੈੱਟ *ਸ਼ਾਬਾਸ਼!* ਅਤੇ ਭਗਵਾਨ ਸਿੰਘ ਦਾ *ਐਲਾਨ-ਏ-ਜੰਗ*। 1924 'ਚ

ਐੱਚ.ਆਰ.ਏ. ਵਲੋਂ ਜੋ ਪ੍ਰੋਗਰਾਮ ਦਾ ਖ਼ਾਕਾ ਬਣਾਇਆ ਗਿਆ ਅਤੇ 1928 ਦੀ ਐੱਚ.ਐੱਸ.ਆਰ.ਏ. ਦੀ ਤਜਵੀਜ਼ ਵਿਚ ਜਿਸ ਨੂੰ ਹੋਰ ਸਪਸ਼ਟ ਕੀਤਾ ਗਿਆ ਉਹ ਲਗਭਗ ਹਿੰਦੁਸਤਾਨ ਗ਼ਦਰ ਪਾਰਟੀ ਦੇ 1913 'ਚ ਗੁਰਬੰਦ ਕੀਤੇ ਪ੍ਰੋਗਰਾਮ ਦਾ ਅਕਸ ਸਨ।[209] ਇਸ ਵਲੋਂ ਨਿਸ਼ਚਿਤ ਕੀਤੀਆਂ ਜਨਤਕ ਸਰਗਰਮੀਆਂ ਸਨ ਕਲੱਬਾਂ, ਲਾਇਬ੍ਰੇਰੀਆਂ, ਸੇਵਾ ਸੰਮਤੀਆਂ, ਅਤੇ ਕਿਰਤੀ ਤੇ ਕਿਸਾਨ ਜਥੇਬੰਦੀਆਂ ਦੀ ਸ਼ਕਲ 'ਚ ਸਭਾਵਾਂ ਬਣਾਉਣਾ ਸ਼ੁਰੂ ਕਰਨਾ; ਹਰ ਸੂਬੇ ਵਿਚ ਹਫ਼ਤਾਵਾਰ ਪਰਚੇ ਸ਼ੁਰੂ ਕਰਨਾ ਜੋ ਆਜ਼ਾਦ ਗਣਰਾਜ ਦੇ ਖ਼ਿਆਲਾਂ ਦਾ ਪ੍ਰਚਾਰ ਕਰਨ; ਹਾਲੀਆ ਘਟਨਾਵਾਂ ਅਤੇ ਹੋਰ ਮੁਲਕਾਂ ਵਿਚ ਬੌਧਿਕ ਵਿਕਾਸਾਂ ਦੀਆਂ ਖ਼ਬਰਾਂ ਦਾ ਪ੍ਰਚਾਰ ਕਰਨ ਲਈ ਕਿਤਾਬਚੇ ਅਤੇ ਪੈਂਫਲੈੱਟ ਛਾਪਣਾ – ਇਹ ਸਭ ਕਾਂਗਰਸ ਅਤੇ ਅਜਿਹੀਆਂ ਹੋਰ ਸੰਸਥਾਵਾਂ ਦੇ ਅੰਦਰ ਕੰਮ ਕਰਨ ਨੂੰ ਘ੍ਰਿਣਾ ਨਾ ਕਰਦੇ ਹੋਏ ਕਰਨਾ। ਇਸ ਦੌਰਾਨ, ਖ਼ੁਫ਼ੀਆ ਰੂਪ 'ਚ, ਵੱਖੋ-ਵੱਖਰੇ ਵਿਭਾਗ ਇਹ ਕੰਮ ਹੱਥ ਲੈਣਗੇ: "ਅਜਿਹਾ ਸਾਹਿਤ" ਛਾਪਣ ਲਈ ਖ਼ੁਫ਼ੀਆ ਪ੍ਰੈੱਸ ਲਾਉਣਾ "ਜਿਸ ਨੂੰ ਆਸਾਨੀ ਨਾਲ ਖੁੱਲ੍ਹੇਆਮ ਨਹੀਂ ਛਾਪਿਆ ਜਾ ਸਕਦਾ"; ਪੂਰੇ ਮੁਲਕ ਵਿਚ ਖੇਤਰੀ ਸ਼ਾਖਾਵਾਂ ਕਾਇਮ ਕਰਨਾ; ਸਵੈ-ਇੱਛਾ ਨਾਲ ਚੰਦੇ ਦੇਣ ਤੋਂ ਲੈ ਕੇ ਜਬਰੀ ਉਗਰਾਹੀ ਦੇ ਹਰ ਸੰਭਵ ਢੰਗ ਨਾਲ ਫੰਡ ਇਕੱਠੇ ਕਰਨਾ; ਬਦੇਸ਼ਾਂ ਵਿਚ ਫ਼ੌਜੀ ਜਾਂ ਵਿਗਿਆਨਕ ਸਿਖਲਾਈ ਲੈਣ ਲਈ ਹੋਣਹਾਰ ਉਮੀਦਵਾਰਾਂ ਨੂੰ ਭੇਜਣਾ "ਤਾਂ ਜੋ ਉਹ....ਖੁੱਲ੍ਹੀ ਬਗ਼ਾਵਤ ਸਮੇਂ ਫ਼ੌਜਾਂ ਅਤੇ ਗੋਲੀ-ਸਿੱਕੇ ਦੇ ਕਾਰਖ਼ਾਨਿਆਂ ਦੀ ਜ਼ਿੰਮੇਵਾਰੀ ਸੰਭਾਲ ਸਕਣ; ਜਦੋਂ ਜ਼ਰੂਰੀ ਹੋਵੇ ਬਦਲਾਲਊ ਪ੍ਰਚਾਰ ਰਾਹੀਂ ਜਨਤਕ ਹਮਾਇਤ ਪੈਦਾ ਕਰਨਾ; ਅਤੇ ਹਿੰਦੁਸਤਾਨ ਤੋਂ ਬਾਹਰ ਇਨਕਲਾਬੀਆਂ ਨਾਲ ਨੇੜਿਓਂ ਸੰਪਰਕ ਅਤੇ ਸਾਂਝ ਬਣਾ ਕੇ ਰੱਖਣਾ।[210] ਇਹ ਸਪਸ਼ਟ ਸੀ, ਸਾਨਿਆਲ 1915 ਦੀ ਗ਼ਦਰੀ ਰਵਾਇਤ ਤੋਂ ਪ੍ਰੇਰਨਾ ਲੈ ਰਿਹਾ ਸੀ, ਜਿਸ ਨੇ ਖ਼ੁਦ ਬੰਗਾਲ ਦੀ ਸਵਦੇਸ਼ੀ ਅਤੇ ਲੰਦਨ ਦੇ ਇੰਡੀਆ ਹਾਊਸ ਦੀਆਂ ਰਵਾਇਤਾਂ ਤੋਂ ਪ੍ਰੇਰਨਾ ਲਈ ਸੀ। ਜਦਕਿ, ਐੱਚ.ਆਰ.ਏ. ਦੇ ਦਸਤਾਵੇਜ਼ਾਂ ਉੱਪਰ ਸਾਨਿਆਲ ਦਾ ਨਾਂ ਨਹੀਂ ਸੀ ਦਿੱਤਾ ਗਿਆ, ਸਗੋਂ ਅਸਲ ਵਿਚ ਮੌਤ ਉਪਰੰਤ "ਕਰਤਾਰ ਸਿੰਘ, ਪ੍ਰਧਾਨ" ਦੇ ਦਸਤਖ਼ਤ ਸਨ।

ਪਰ ਇਸ ਵਾਰ, ਇਨਕਲਾਬਪਸੰਦਾਂ ਦਾ ਪ੍ਰੋਗਰਾਮ ਵੱਧ ਵਖਰੇਵੇਂ ਨਾਲ ਵਿਕਸਤ ਹੋ ਰਿਹਾ ਸੀ। ਮਿਸਾਲ ਵਜੋਂ, ਫੰਡ ਜੁਟਾਉਣ ਲਈ ਮਾਰੇ ਜਾਣ ਵਾਲੇ ਡਾਕਿਆਂ ਵਿਚ ਉਹ "ਜਿੱਥੋਂ ਤੱਕ ਸੰਭਵ ਹੋਵੇ ਵਿਅਕਤੀਆਂ ਦੀ ਬਜਾਏ ਸਰਕਾਰੀ ਖ਼ਜ਼ਾਨਿਆਂ ਨੂੰ" ਨਿਸ਼ਾਨਾ ਬਣਾਉਣਗੇ। ਇਸ ਤੋਂ ਅੱਗੇ, ਕਾਰਵਾਈਆਂ ਹੁਣ ਸਿੱਧੀਆਂ, ਸਾਧਨ ਦੇ ਰੂਪ 'ਚ ਪ੍ਰਭਾਵ ਪਾਊ ਹੋਣ ਦੀ ਬਜਾਏ ਆਪਣੇ ਨਿਸ਼ਾਨੇ ਦੇ ਪ੍ਰਚਾਰ ਦੀ ਸੰਭਾਵਨਾ ਨੂੰ ਸਾਹਮਣੇ ਰੱਖ ਕੇ ਉਲੀਕੀਆਂ ਜਾਂਦੀਆਂ ਸਨ। ਹਰ ਨਾਟਕੀ ਕਾਰਵਾਈ ਪਿੱਛੋਂ ਇਸ ਦੇ ਮਕਸਦ ਦੀ ਵਿਆਖਿਆ ਕਰਦਾ ਐਲਾਨ ਕੀਤਾ ਜਾਣ ਲੱਗਿਆ। ਦੂਜੇ ਲਫ਼ਜ਼ਾਂ 'ਚ, ਖ਼ੁਦ ਕਾਰਵਾਈ ਦੇ ਸਿੱਧੇ ਪ੍ਰਭਾਵ ਨਾਲੋਂ ਪ੍ਰਚਾਰ ਦੇ ਕਾਰਕ ਨੂੰ ਪਹਿਲ ਦਿੱਤੀ ਜਾਣ ਲੱਗੀ। ਅਵਾਮ ਨੂੰ ਸੋਝੀ ਦੇਣਾ ਹੁਣ ਸਾਧਨ ਵਜੋਂ ਇਸ ਦੇ ਪ੍ਰਭਾਵ ਦੀ ਅਸਰਕਾਰੀ ਦਾ ਪੈਮਾਨਾ ਬਣ ਗਿਆ।

ਭਗਤ ਸਿੰਘ ਅਜਿਹੀਆਂ ਦੋ ਕਾਰਵਾਈਆਂ ਦੀ ਵਿਉਂਤ ਬਣਾਉਣ ਅਤੇ ਇਸ ਨੂੰ ਅਮਲ 'ਚ ਲਿਆਉਣ ਵਿਚ ਸ਼ਾਮਲ ਸੀ: ਪੁਲਿਸ ਵਲੋਂ ਲਾਜਪਤ ਰਾਏ ਨੂੰ ਬੁਰੀ ਤਰ੍ਹਾਂ ਕੁੱਟ-ਮਾਰ ਕਰਨ ਦਾ ਬਦਲਾ ਲੈਣ ਲਈ ਪੁਲਿਸ ਦੇ ਡਿਪਟੀ ਸੁਪਰਡੈਂਟ ਜੇ.ਪੀ.ਸਾਂਡਰਸ ਦਾ ਅਨਾੜੀ ਕਤਲ, ਅਤੇ ਕੇਂਦਰੀ ਵਿਧਾਨ ਸਭਾ ਵਿਚ ਸੰਕੇਤਕ ਬੰਬ ਸੁੱਟਣਾ। ਜੂਨ 1929 'ਚ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ; ਅਸੰਬਲੀ ਬੰਬ ਕਾਂਡ ਦੇ ਫ਼ੈਸਲੇ ਦਾ ਐਲਾਨ ਕੀਤੇ ਜਾਣ ਤੋਂ ਕੁਝ ਦਿਨ ਪਿੱਛੋਂ ਸਾਂਡਰਸ ਦੇ ਕਤਲ ਬਾਰੇ ਦੂਜਾ ਲਾਹੌਰ ਸਾਜ਼ਿਸ਼

ਮੁਕੱਦਮਾ ਸ਼ੁਰੂ ਕਰ ਦਿੱਤਾ ਗਿਆ।[211] ਜਦੋਂ ਉਹ ਵਿਚਾਰ-ਅਧੀਨ ਬੰਦੀਆਂ ਵਜੋਂ ਕੈਦ ਸਨ, ਓਦੋਂ ਮੁਲਜ਼ਿਮ ਸਾਰੇ ਸਿਆਸੀ ਕੈਦੀਆਂ ਦੇ ਹਾਲਾਤ ਨੂੰ ਬਿਹਤਰ ਬਣਾਉਣ ਦੀ ਮੰਗ ਨੂੰ ਲੈ ਕੇ ਭੁੱਖ ਹੜਤਾਲ 'ਤੇ ਚਲੇ ਗਏ। ਇਥੇ ਭਗਤ ਸਿੰਘ ਨੂੰ ਗ਼ਦਰੀ ਬਾਬਿਆਂ ਨੂੰ ਮਿਲਣ ਦਾ ਸਿੱਧਾ ਮੌਕਾ ਮਿਲਿਆ; ਬਾਬਾ ਚੂਹੜ ਸਿੰਘ, ਜਿਸ ਨੂੰ ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ, ਅਕਸਰ ਉਸ ਨੂੰ ਮਿਲ ਕੇ ਗੱਲਬਾਤ ਕਰਦਾ ਅਤੇ ਸਲਾਹ ਦਿੰਦਾ। ਉਸ ਦੀ ਮੁਲਾਕਾਤ ਫ਼ਿਰੋਜ਼ਪੁਰ ਛਾਉਣੀ ਦੇ ਗ੍ਰੰਥੀ ਰਣਧੀਰ ਸਿੰਘ ਨਾਲ ਵੀ ਹੋਈ ਜੋ 1915 'ਚ ਗ਼ਦਰ ਵਿਚ ਸ਼ਾਮਲ ਰਿਹਾ ਸੀ, ਪਰ ਜਦੋਂ ਉਸ ਨੇ ਨੌਜਵਾਨ ਨਾਸਤਿਕ ਨੂੰ ਆਪਣੇ ਖ਼ਿਆਲ ਛੱਡ ਕੇ ਧਾਰਮਿਕ ਬਣਾਉਣ ਦੇ ਯਤਨ ਕੀਤੇ ਤਾਂ ਉਸ ਨੇ ਇਸ ਦਾ ਵਿਰੋਧ ਕੀਤਾ, ਹਾਲਾਂਕਿ ਇਲਜ਼ਾਮ ਇਸ ਤੋਂ ਉਲਟ ਲਗਾਏ ਜਾਂਦੇ ਹਨ।

ਜਦੋਂ ਇਕ ਭੁੱਖ-ਹੜਤਾਲੀ ਜਤਿਨ ਦਾਸ ਤਰੇਹਟ ਦਿਨ ਲੰਮੀ ਹੜਤਾਲ ਪਿੱਛੋਂ ਦਮ ਤੋੜ ਗਿਆ, ਤਾਂ ਉਸ ਦੀ ਸ਼ਹਾਦਤ ਦੀ ਖ਼ਬਰ ਨਾਲ ਕੈਦੀਆਂ ਲਈ ਤਿੱਖੀ ਅਵਾਮੀ ਹਮਦਰਦੀ ਪੈਦਾ ਹੋ ਗਈ (ਅਤੇ ਉਸ ਵਰਗੇ ਰਸਤੇ 'ਤੇ ਚੱਲਣ ਵਾਲੇ ਆਇਰਿਸ਼ ਟੈਰੈਂਸ ਮੈਕਸਵੀਨੀ ਲਈ ਬਹੁਤ ਸਾਰੀਆਂ ਦੁਆਵਾਂ ਕੀਤੀਆਂ ਗਈਆਂ)। ਨਜ਼ਰਾਂ ਇਧਰ ਟਿਕੀਆਂ ਹੋਣ ਅਤੇ ਮੁਕੱਦਮੇ ਦੇ ਲੰਮਾ ਖਿੱਚੇ ਜਾਣ ਦਾ ਮਤਲਬ ਇਹ ਸੀ ਕਿ ਸਿੱਟਾ ਕੁਝ ਵੀ ਹੋਵੇ, ਇਕ ਤਰ੍ਹਾਂ ਨਾਲ ਮੁਲਜ਼ਿਮਾਂ ਦੇ ਉਦੇਸ਼ ਪੂਰੇ ਹੋ ਗਏ ਸਨ, ਕਿਉਂਕਿ ਇਸ ਨੇ ਉਨ੍ਹਾਂ ਨੂੰ ਅਵਾਮ ਅੱਗੇ ਆਪਣੇ ਸਿਆਸੀ ਆਦਰਸ਼ਾਂ ਅਤੇ ਨਿਸ਼ਾਨਿਆਂ ਦੀ ਵਿਆਖਿਆ ਕਰਨ ਦਾ ਬੇਮਿਸਾਲ ਮੌਕਾ ਦੇ ਦਿੱਤਾ। ਇਕ ਸਾਂਝੇ ਬਿਆਨ 'ਚ ਅਸੰਬਲੀ ਵਿਚ ਬੰਬ ਸੁੱਟਣ ਵਾਲੀ ਜੋੜੀ ਨੇ ਐਲਾਨ ਕੀਤਾ: "ਅਸੀਂ ਫਿਰ ਦੁਹਰਾਂਦੇ ਹਾਂ ਕਿ ਮਨੁੱਖੀ ਜੀਵਨ ਸਾਡੇ ਲਈ ਏਨਾ ਪਵਿੱਤਰ ਹੈ ਕਿ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਸਗੋਂ ਕਿਸੇ ਹੋਰ ਨੂੰ ਜ਼ਖ਼ਮੀ ਕਰਨ ਦੀ ਬਜਾਏ, ਛੇਤੀ ਹੀ ਅਸੀਂ ਆਪਣੀਆਂ ਜ਼ਿੰਦਗੀਆਂ ਮਨੁੱਖਤਾ ਲਈ ਕੁਰਬਾਨ ਕਰ ਦਿਆਂਗੇ। ਅਸੀਂ ਸਾਮਰਾਜੀ ਫ਼ੌਜਾਂ ਦੇ ਭਾੜੇ ਦੇ ਸਿਪਾਹੀਆਂ ਵਾਂਗ ਨਹੀਂ ਹਾਂ ਜਿਹਨਾਂ ਨੂੰ ਕਿ ਬਿਨਾ ਪਛਤਾਵੇ ਦੇ ਕਤਲ ਕਰਨ ਦੀ ਜਾਂਚ ਸਿਖਾਈ ਜਾਂਦੀ ਹੈ। ਅਸੀਂ ਮਨੁੱਖੀ ਜੀਵਨ ਦਾ ਸਤਿਕਾਰ ਕਰਦੇ ਹਾਂ। ਅਤੇ ਜਿੱਥੋਂ ਤਕ ਹੋ ਸਕੇ ਇਸ ਨੂੰ ਬਚਾਉਣ ਦਾ ਯਤਨ ਕਰਦੇ ਹਾਂ।"[212] (ਮਗਰਲਾ ਵਿਅੰਗ ਅੰਗਰੇਜ਼ੀ ਫ਼ੌਜ ਵਿਚ ਭਰਤੀ ਹੋਏ ਹਿੰਦੁਸਤਾਨੀਆਂ ਨੂੰ ਸ਼ਰਮਿੰਦਾ ਕਰਨ ਅਤੇ/ਜਾਂ ਬਾਗ਼ੀ ਹੋ ਜਾਣ ਲਈ ਪ੍ਰੇਰਨ ਵਾਲੇ ਗ਼ਦਰੀ ਪ੍ਰਚਾਰ ਦੇ ਅਸਲਾਖ਼ਾਨੇ ਦਾ ਜਾਣਿਆ-ਪਛਾਣਿਆ ਸੰਦ ਰਿਹਾ ਸੀ।)

ਉਨ੍ਹਾਂ ਨੇ ਪ੍ਰੋੜਤਾ ਕੀਤੀ ਕਿ ਉਨ੍ਹਾਂ ਦਾ ਇਕੋ ਇਕ ਮਕਸਦ ਕਿਸੇ ਦਾ ਜਾਨੀ ਨੁਕਸਾਨ ਕਰਨਾ ਨਹੀਂ ਸਗੋਂ "ਬੋਲਿਆਂ ਨੂੰ ਸੁਣੌਣਾ ਅਤੇ ਬੇਧਿਆਨਿਆਂ ਨੂੰ ਠੀਕ ਸਮੇਂ ਚੇਤਾਵਨੀ ਦੇਣਾ ਸੀ।.... ਅੱਗੇ ਆਉਣ ਵਾਲੇ ਭਿਆਨਕ ਖ਼ਤਰਿਆਂ ਦਾ ਅਹਿਸਾਸ ਕੀਤੇ ਬਗ਼ੈਰ ਜਿਹੜੇ ਲੋਕ ਅੱਗੇ ਨੂੰ ਦੌੜੇ ਜਾ ਰਹੇ ਹਨ, ਅਸੀਂ ਉਹਨਾਂ ਨੂੰ ਚੇਤਾਵਨੀ ਦੇਣ ਲਈ ਖਤਰੇ ਦੀ ਝੰਡੀ ਲਹਿਰਾਈ ਹੈ।" *ਸ਼ਾਬਾਸ਼!* ਪੈਂਫਲੈੱਟ ਵਿਚਲੇ ਹਰਦਿਆਲ ਵਾਲੇ ਅੰਦਾਜ਼ ਵਿਚ ਭਗਤ ਸਿੰਘ ਨੇ *ਕਿਰਤੀ* ਵਿਚ ਵਿਦਰੋਹੀ ਦੇ ਕਲਮੀਂ ਨਾਂ ਹੇਠ ਉਸੇ ਸੁਰ ਵਿਚ ਲਿਖਿਆ ਸੀ। ਉਸ ਨੇ ਦਲੀਲ ਦਿੱਤੀ "ਇਕ ਭੀ ਅਮਲੀ ਕੰਮ ਹਜ਼ਾਰਾਂ ਕਿਤਾਬਾਂ ਅਤੇ ਪਰਚਿਆਂ ਨਾਲੋਂ ਵਧੀਕ ਪ੍ਰਚਾਰ ਕਰ ਦੇਂਦਾ ਹੈ," ਅਤੇ "ਕਿਸੇ ਵੀ ਇਕ ਆਦਮੀ ਜਿਸ ਨੇ ਹੱਥ ਵਿਚ ਮਸ਼ਾਲ ਫੜੀ ਹੋਈ ਹੋਵੇ ਜਿਸ ਨਾਲ ਉਹ ਅੱਗ ਲਾ ਸਕੇ ਜਾਂ ਡਾਇਨਾਮਾਇਟ ਹੋਵੇ ਜਿਸ ਨਾਲ ਉਹ ਇਕੋ ਵਾਰੀ ਮਕਾਨਾਂ ਤੇ ਇਹੋ ਜਿਹੇ ਇਨਸਾਨਾਂ ਨੂੰ ਉੜਾ ਸਕੇ, ਉਹ ਸਾਰੀ ਦੁਨੀਆਂ ਨੂੰ ਆਪਣੀ ਮਰਜ਼ੀ ਮੁਤਾਬਕ ਸਿੱਖਿਆ ਦੇ ਸਕਦਾ ਹੈ।" ਉਸ ਨੇ ਭਵਿੱਖਬਾਣੀ ਕੀਤੀ ਕਿ ਸੰਘਰਸ਼ ਦਾ ਅਮਲ "ਫਿਰ ਕਈ ਵੇਰੀ ਓਹੋ ਜਿਹੇ

ਕੰਮ ਹੁੰਦੇ ਹਨ।.... ਮੁਖਾਲਿਫ਼ ਭੀ ਲੋਕਾਂ ਨਾਲ ਆ ਕੇ ਸ਼ਾਮਲ ਹੋ ਜਾਂਦੇ ਹਨ, ਗਵਰਨਮੈਂਟ ਤੜਫਦੀ ਹੈ। ਆਪੋ ਵਿਚ ਉਨ੍ਹਾਂ ਦੀ ਚੱਖ ਚੱਖ ਚਲ ਪੈਂਦੀ ਹੈ। ਲੋਕਾਂ ਦੀਆਂ ਸ਼ਰਤਾਂ ਮੰਨਣ ਵਿਚ ਖਾਹ ਮਖਾਹ ਦੀ ਦੇਰ ਕੀਤੀ ਜਾਂਦੀ ਹੈ ਅਤੇ ਇਨਕਲਾਬ ਦੀ ਜੰਗ ਸ਼ੁਰੂ ਹੋ ਜਾਂਦੀ ਹੈ।"[213] ਬੰਬ ਕਾਂਡ ਵਿਚ ਦਿੱਤਾ ਬਿਆਨ ਅਤੇ *ਕਿਰਤੀ* ਦੇ ਲੇਖ ਦੋਵਾਂ ਵਿਚ ਦਲੀਲ ਦਿੱਤੀ ਗਈ ਸੀ ਕਿ ਅਜਿਹੀ ਕਿਸੇ ਕਾਰਵਾਈ ਦਾ ਸਭ ਤੋਂ ਵੱਡਾ ਪ੍ਰਭਾਵ ਉਹ ਨਹੀਂ ਜੋ ਇਸ ਦਾ ਸਿੱਧਾ ਹਾਸਲ ਹੁੰਦਾ ਹੈ ਸਗੋਂ ਉਹ ਹੁੰਦਾ ਹੈ ਜੋ ਇਹ ਦੂਜਿਆਂ ਨੂੰ ਕਰਨ ਲਈ ਪ੍ਰੇਰਦਾ ਹੈ। ਇਨ੍ਹਾਂ ਮਾਇਨਿਆਂ 'ਚ ਕਾਰਵਾਈ ਜ਼ਰੀਏ ਪ੍ਰਚਾਰ ਐਸਾ ਸਾਧਨ ਸੀ ਜੋ ਅਵਾਮੀ ਜਥੇਬੰਦੀਆਂ ਦੀ ਸੇਵਾ ਕਰਦਾ ਸੀ – ਇਹ ਇਨ੍ਹਾਂ ਦਾ ਬਦਲ ਨਹੀਂ ਸੀ। ਭਾਵੇਂ ਅਣਜਾਣੇ ਹੀ ਸਹੀ, ਦਰ ਅਸਲ ਇਹ ਸਹੀ ਢੰਗ ਨਾਲ ਗ਼ਦਰੀ ਵਿਰਾਸਤ ਨੂੰ ਵੀ ਬਿਆਨ ਕਰ ਦਿੰਦਾ ਹੈ। ਲਹਿਰ ਖ਼ੁਦ ਹੀ ਕਾਰਵਾਈ ਰਾਹੀਂ ਪ੍ਰਚਾਰ ਦੀ ਮਹਾਨ ਕਾਰਵਾਈ ਸੀ, ਇਸ ਪੱਖੋਂ ਕਿ 1915 ਦੇ ਗ਼ਦਰ ਦਾ ਫੌਰੀ ਪ੍ਰਭਾਵ ਹਕੂਮਤ ਨੂੰ ਉਲਟਾਉਣ ਦੇ ਰੂਪ 'ਚ ਨਹੀਂ ਸਗੋਂ ਇਨਕਲਾਬਪਸੰਦਾਂ ਦੀ ਅਗਲੀ ਪੀੜ੍ਹੀ ਨੂੰ ਜਗਾਉਣ ਦੇ ਰੂਪ 'ਚ ਸਾਹਮਣੇ ਆਇਆ ਸੀ।

ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਜ਼ਾ-ਏ-ਮੌਤ 7 ਅਕਤੂਬਰ 1930 ਨੂੰ ਸੁਣਾਈ ਗਈ; 23 ਮਾਰਚ 1931 ਨੂੰ ਉਨ੍ਹਾਂ ਨੂੰ ਫਾਂਸੀ ਦੇ ਦਿੱਤੀ ਗਈ।[214] ਜੋਸ਼ ਕਹਿੰਦਾ ਹੈ ਕਿ ਜਦੋਂ ਅਰਜਨਟਾਈਨਾ ਦੇ ਹਿੰਦੁਸਤਾਨੀ ਕਾਮਿਆਂ ਨੇ ਫਾਂਸੀ ਦੀ ਖ਼ਬਰ ਸੁਣੀ, ਉਨ੍ਹਾਂ ਨੇ ਪੂਰਾ ਦਿਨ ਕੰਮ ਬੰਦ ਰੱਖਿਆ।[215] ਕੈਲੀਫੋਰਨੀਆ ਦੀ ਗ਼ਦਰ ਪਾਰਟੀ ਨੇ ਇਸ਼ਤਿਹਾਰ ਦੀ ਸ਼ਕਲ 'ਚ ਪੰਜਾਬੀ ਅਤੇ ਉਰਦੂ ਵਿਚ ਇਕ ਖ਼ਾਸ ਐਲਾਨ ਜਾਰੀ ਕੀਤਾ, ਜਿਸ ਵਿਚ ਸ਼ਹੀਦਾਂ ਦੀਆਂ ਤਸਵੀਰਾਂ ਦੇ ਕੇ ਉਨ੍ਹਾਂ ਨੂੰ ਮੌਤ ਦੇ ਹਵਾਲੇ ਕਰਕੇ ਕੀਤੇ ਅਨਿਆਂ ਦੀ ਨਿਖੇਧੀ ਕੀਤੀ ਗਈ ਸੀ ਅਤੇ "ਹਿੰਦੁਸਤਾਨੀਆਂ ਨੂੰ ਅੰਗਰੇਜ਼ ਰਾਜ ਵਿਰੁੱਧ ਹਥਿਆਰ ਚੁੱਕ ਲੈਣ ਦਾ ਹੋਕਾ ਦਿੱਤਾ ਗਿਆ ਸੀ।"[216] ਜਦੋਂ ਤਿੰਨੋਂ ਸਾਥੀ ਮੌਤ ਨੂੰ ਗਲੇ ਲਗਾਉਣ ਲਈ ਤੁਰੇ, ਖੱਬੀ ਧਿਰ ਦੇ ਕਥਾਕਾਰ ਉਹ ਝਾਕੀ ਇੰਞ ਬਿਆਨ ਕਰਦੇ ਹਨ, "ਤਾਂ ਜੇਲ੍ਹ ਦੀਆਂ ਕੰਧਾਂ 'ਇਨਕਲਾਬ ਜ਼ਿੰਦਾਬਾਦ!'" ਅਤੇ 'ਸਾਮਰਾਜਵਾਦ ਮੁਰਦਾਬਾਦ!' ਦੇ "ਨਾਅਰਿਆਂ ਨਾਲ ਗੂੰਜ ਉੱਠੀਆਂ।" ਜੇ ਇਹ ਝਾਕੀ ਪੰਦਰਾਂ ਵਰ੍ਹੇ ਪਹਿਲਾਂ ਕਰਤਾਰ ਸਿੰਘ ਦੇ ਫਾਂਸੀ ਦੇ ਤਖ਼ਤੇ ਵੱਲ ਰਵਾਨਾ ਹੋਣ ਦੀ ਝਾਕੀ ਨੂੰ ਹੂ-ਬ-ਹੂ ਦੁਹਰਾਉਂਦੀ ਸੀ , ਤਾਂ ਇਹ ਇਤਫ਼ਾਕੀਆ ਨਹੀਂ ਸੀ। ਭਗਤ ਸਿੰਘ ਨੇ ਆਪਣੇ ਗ਼ਦਰੀ ਪੁਰਖੇ ਦੇ ਕਿਰਦਾਰ ਦੀ ਨਕਲ ਕੀਤੀ ਸੀ, ਉਸ ਨੂੰ ਹੋਰ ਬੁਲੰਦ ਕੀਤਾ ਸੀ ਅਤੇ ਉਸ ਨੂੰ ਹੋਰ ਵਿਸਤਾਰ ਦਿੱਤਾ ਸੀ। ਇਨ੍ਹਾਂ ਸਾਲਾਂ ਵਿਚ ਅਵਾਮ ਦੇ ਖ਼ਿਆਲਾਂ, ਆਲਮੀ ਸਿਆਸੀ ਹਾਲਤ ਅਤੇ ਮੁਲਕ ਦੇ ਅੰਦਰ ਲਾਮਬੰਦੀ ਦੇ ਪੱਧਰ ਵਿਚ ਆਏ ਬਦਲਾਵਾਂ ਨੇ ਭਗਤ ਸਿੰਘ ਨੂੰ ਇਕ ਤਰ੍ਹਾਂ ਨਾਲ ਸਿਆਸੀ ਜਾਗ-ਲਾਊ ਚਿੰਨ੍ਹ ਦੇ ਰੁਤਬੇ ਦੀ ਬੁਲੰਦੀ 'ਤੇ ਪਹੁੰਚਣ ਦੇ ਕਾਬਲ ਬਣਾ ਦਿੱਤਾ ਸੀ ਜੋ 1915 ਦੇ ਗ਼ਦਰੀਆਂ ਲਈ ਮ੍ਰਿਗ-ਤ੍ਰਿਸ਼ਨਾ ਰਹੀ ਸੀ। ਲਿਹਾਜ਼ਾ ਦੂਜੇ ਲਾਹੌਰ ਸਾਜ਼ਿਸ਼ ਮੁਕੱਦਮੇ ਨੂੰ ਗ਼ਦਰ ਦੇ ਦੂਜੇ ਦੌਰ ਦਾ ਅੰਤ ਉਵੇਂ ਹੀ ਮੰਨਿਆ ਜਾ ਸਕਦਾ ਹੈ, ਜਿਵੇਂ ਪਹਿਲੇ ਲਾਹੌਰ ਸਾਜ਼ਿਸ਼ ਮੁਕੱਦਮੇ ਤੋਂ ਸ਼ੁਰੂ ਹੋ ਕੇ ਅਤੇ ਸਾਨ ਫਰਾਂਸਿਸਕੋ ਮੁਕੱਦਮੇ ਦਾ ਨਿਬੇੜਾ ਹੋਣ 'ਤੇ ਮੁਕੱਦਮਿਆਂ ਦੀ ਉਸ ਲੜੀ ਨਾਲ ਪਹਿਲਾ ਦੌਰ ਖ਼ਤਮ ਹੋ ਗਿਆ ਸੀ।

## ਹਿੰਦੁਸਤਾਨ ਦੀਆਂ ਹੋਰ ਖੱਬੀਆਂ ਤਾਕਤਾਂ

1929 ਦਾ ਵਰ੍ਹਾ ਹਿੰਦੁਸਤਾਨੀ ਖੱਬੀ ਧਿਰ ਲਈ ਬਿਪਤਾ ਦਾ ਵਰ੍ਹਾ ਸੀ ਕਿਉਂਕਿ ਐੱਨ.ਬੀ.ਐੱਸ/ਐੱਚ.ਐੱਸ.ਆਰ.ਏ. ਦੇ ਮੈਂਬਰਾਂ ਨੂੰ ਦੂਜੇ ਲਾਹੌਰ ਸਾਜ਼ਿਸ਼ ਮੁਕੱਦਮੇ ਵਿਚ ਫਸਾ

ਲਿਆ ਗਿਆ ਸੀ, ਅਤੇ ਸੀ.ਪੀ.ਆਈ. ਦੇ ਮੈਂਬਰਾਂ ਨੂੰ ਮੇਰਠ ਸਾਜ਼ਿਸ਼ ਮੁਕੱਦਮੇ ਵਿਚ ਧਰ ਲਿਆ ਗਿਆ ਸੀ।[217] ਮੇਰਠ ਮੁਕੱਦਮੇ ਦੇ ਬੱਤੀ ਦੋਸ਼ੀਆਂ ਵਿਚ ਸ਼ੁਮਾਰ ਸਨ ਵਤਨ ਮੁੜੇ *ਮੁਹਾਜਿਰੀਨ* ਸ਼ੌਕਤ ਉਸਮਾਨੀ ਅਤੇ ਅਬਦੁੱਲ ਮਾਜਿਦ, ਜੋ ਐੱਨ.ਬੀ.ਐੱਸ. ਵਿਚ ਵੀ ਸ਼ਾਮਲ ਸਨ, ਅਤੇ ਅਮਰੀਕੀ ਗ਼ਦਰੀ ਅਮੀਰ ਹੈਦਰ ਖਾਨ। ਤਿੰਨਾਂ ਨੇ ਹੀ ਮਾਸਕੋ ਵਿਚ ਸਿਖਲਾਈ ਲਈ ਹੋਈ ਸੀ। ਉਸ ਧੱਪੇ ਦੇ ਬਾਵਜੂਦ ਜੋ ਉਨ੍ਹਾਂ ਉੱਪਰ ਥੋਪ ਦਿੱਤਾ ਗਿਆ ਸੀ, *ਕਿਰਤੀ* ਫਿਰ ਵੀ 1930 'ਚ ਲਾਹੌਰ ਵਿਚ ਅਤੇ 1931 'ਚ ਕਰਾਚੀ ਵਿਚ ਆਪਣੇ ਇਕੱਠ ਕਰਨ 'ਚ ਕਾਮਯਾਬ ਹੋ ਗਏ। ਪਰ ਵੱਖੋ-ਵੱਖਰੇ ਗੱਠਜੋੜ ਅਨੇਕਤਾ ਅਤੇ ਬਹਿਸਬਾਜ਼ੀ ਵਿਚ ਉਲਝੇ ਹੋਏ ਸਨ; ਅੰਮ੍ਰਿਤਸਰ ਵਾਲੀ ਕਿਰਤੀ ਪਾਰਟੀ ਅਤੇ ਲਾਹੌਰ ਵਾਲੀ ਨੌਜਵਾਨ ਭਾਰਤ ਸਭਾ ਵਿਚ ਪਾਟਕ ਪੈ ਰਿਹਾ ਸੀ। ਗੁਰਹਰਪਾਲ ਸਿੰਘ ਮੁਤਾਬਕ ਪੰਜਾਬ ਇਕਾਈ, ਖ਼ਾਸ ਕਰਕੇ "ਗ਼ਦਰੀ-ਕਿਰਤੀ, ਮਾਸਕੋ ਤੋਂ ਸਿਖਲਾਈਯਾਫ਼ਤਾ ਗ਼ਦਰੀ," ਸੀ.ਪੀ.ਆਈ. ਵਲੋਂ ਜ਼ਾਬਤਾ ਮੜ੍ਹਨ ਦੇ ਯਤਨਾਂ ਦੇ ਦ੍ਰਿੜਤਾ ਨਾਲ ਖ਼ਿਲਾਫ਼ ਸਨ, ਖ਼ਾਸ ਕਰਕੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਮਿਲ ਕੇ ਚੱਲਣ ਦੇ ਤਾਜ਼ਾ ਫ਼ਤਵੇ ਬਾਰੇ।

ਪਰ "ਕਿਰਤੀ ਕਮਿਊਨਿਜ਼ਮ" ਅਤੇ ਸੀ.ਪੀ.ਆਈ. ਦੇ ਕੱਟੜ ਮੱਤ ਦਰਮਿਆਨ ਇਨ੍ਹਾਂ ਮੱਤਭੇਦਾਂ ਦਾ ਤੱਤ ਕੀ ਸੀ? ਉਨ੍ਹਾਂ ਦੇ ਲਿਖੇ ਲੇਖਾਂ ਅਤੇ ਜਿਹੜੇ ਗੱਠਜੋੜ ਉਨ੍ਹਾਂ ਨੇ ਬਣਾਉਣ ਦੇ ਯਤਨ ਕੀਤੇ ਉਨ੍ਹਾਂ ਤੋਂ ਨਿਰਣਾ ਕਰਦਿਆਂ ਪੁਰੀ ਸਿੱਟਾ ਕੱਢਦਾ ਹੈ ਕਿ ਪਹਿਲੇ (ਕਿਰਤੀ) "ਰੋਮਾਂਚਕ ਸਮਾਨਤਾਵਾਦ ਤੇ ਸਿੱਖਾਂ ਦੀ ਸੂਰਮਗਤੀ ਦੀ ਨਿਆਰੀ ਮਹਿਕ," "ਇਨਕਲਾਬ ਦੇ ਗ਼ਦਰੀ ਤਸੱਵਰ ਪ੍ਰਤੀ ਭਾਵੁਕ ਮੋਹ" ਨਾਲ ਵਰੋਸਾਏ ਸਨ[218] – ਭਾਵ ਕੁਰਬਾਨੀ ਦੇ ਕ੍ਰਿਸ਼ਮਈ ਸੂਚਕ, ਘੁੱਪ-ਨ੍ਹੇਰ ਵਿਚ ਚਾਨਣ ਦੀ ਲੀਕ ਵਾਂਗ ਸੁੱਟੀ ਸੂਰਮਗਤੀ ਦੀ ਗਰਜ਼ ਨਾਲ ਵਰੋਸਾਏ। ਗੁਰਹਰਪਾਲ ਸਿੰਘ ਮੰਨਦਾ ਹੈ ਕਿ ਜਿਸ ਨੂੰ ਉਹ ਗ਼ਦਰ-ਕਿਰਤੀ ਕਮਿਊਨਿਜ਼ਮ ਕਹਿੰਦਾ ਹੈ ਉਸ ਦਾ ਇਜ਼ਹਾਰ ਪੰਜਾਬੀ ਸਿੱਖ ਸਭਿਆਚਾਰ ਦੇ ਨਿਵੇਕਲੇ ਮਾਧਿਅਮ ਜ਼ਰੀਏ ਹੋਇਆ ਸੀ, ਜੋ ਨਿਰੋਲ ਤੌਰ 'ਤੇ ਪਦਾਰਥਕ ਜਮਾਤੀ ਵਿਸ਼ਲੇਸ਼ਣ ਦੀ ਕਮੀ ਪੂਰੀ ਕਰਨ ਲਈ ਫਿਰਕਾਦਾਰਾਨਾ ਸ਼੍ਰੇਣੀਆਂ ਤੋਂ ਪ੍ਰੇਰਣਾ ਲੈ ਰਿਹਾ ਸੀ। ਹਾਲਾਂਕਿ ਪੁਰੀ ਅਤੇ ਜੋਸ਼ ਦੋਵੇਂ ਗ਼ਦਰ ਦੇ ਮੁੜ ਜਨਮ ਲੈਣ ਵਿਚ ਕੁੰਜੀਵਤ ਹਿੱਸਾ ਉਸ ਪ੍ਰੋਲੇਤਾਰੀਕਰਨ ਦਾ ਟਿੱਕਦੇ ਹਨ ਜਿਸ ਨੇ ਆਦਰਸ਼ਕ ਰੂਪ 'ਚ ਪੇਸ਼ ਕੀਤੀ ਰੈਡੀਕਲ ਜਮਹੂਰੀਅਤ ਲਈ ਦਿਖਾਏ ਉਤਸ਼ਾਹ ਨਾਲ ਮਿਲਕੇ ਉਤਰੀ ਅਮਰੀਕਾ ਵਿਚ ਉਨ੍ਹਾਂ ਦੇ ਨਜ਼ਰੀਏ ਦੀ ਕਾਇਆਪਲਟ ਦਿੱਤੀ ਸੀ ਜਮਹੂਰੀਅਤ ਜੋ ਕਿ ਰਵਾਇਤੀ ਸਿੱਖ ਸਮਾਨਤਾਵਾਦੀ ਫ਼ਲਸਫ਼ੇ ਦੀ ਪੂਰਕ ਸੀ। ਇਸ ਤੋਂ ਅੱਗੇ ਗੁਰਹਰਪਾਲ ਸਿੰਘ ਉਨ੍ਹਾਂ ਦੀ ਪੇਂਡੂ, ਕਿਸਾਨ-ਜ਼ਰੱਈ, ਪੰਡਤਾਊਵਾਦ ਦੀ ਜ਼ੋਰਦਾਰ ਵਿਰੋਧੀ ਅਤੇ ਅਕੱਟ ਰੂਪ 'ਚ ਖਾੜਕੂ ਪਛਾਣ 'ਤੇ ਜ਼ੋਰ ਦਿੰਦਾ ਹੈ। ਇਸ ਦੀ ਮਿਸਾਲ ਬਣਨ ਵਾਲੇ ਕਿਰਤੀ ਅਕਾਦਮਿਕ ਸਿਧਾਂਤੀਕਰਨ ਦੀ ਬਜਾਏ ਸਦਾ ਰਵਾਇਤਾਂ ਉੱਪਰ ਜ਼ੋਰ ਦਿੰਦੇ ਸਨ। ਉਹ ਨੌਜਵਾਨ ਸ਼ਹਿਰੀ ਪੜ੍ਹਲਿਖੇ ਭੌਂਦੂਆਂ ਅਤੇ ਬਾਬੂਆਂ ਦੀ ਸਿਧਾਂਤਕ ਪਾਰਟੀ ਦੇ ਉਲਟ, ਅਮਲਾਂ ਦੇ ਲੰਮੇ ਰਿਕਾਰਡ ਰਾਹੀਂ ਪਰਖੇ ਜਾ ਚੁੱਕੇ ਸਨ। ਇਸ ਵਿਚਾਰ ਦਾ ਮੰਨਣਾ ਸੀ ਕਿ ਪਹਿਲਿਆਂ (ਕਿਰਤੀਆਂ) ਨੂੰ ਆਪਣਾ ਇਹ ਗ਼ਦਰੀ ਕਿਰਦਾਰ ਬੰਗਾਲੀ ਨੀਮ-ਬੁਰਜੂਆ ਬੁੱਧੀਜੀਵੀਆਂ ਦੇ ਉਸ ਪਹਿਲੇ ਲੱਗ-ਲਬੇੜ ਨੂੰ ਲਾਹ ਸੁੱਟਣ ਤੋਂ ਬਾਅਦ ਹੀ ਹਾਸਲ ਹੋਇਆ ਸੀ ਜੋ ਕੈਲੀਫੋਰਨੀਆ ਵਾਲੀ ਲੀਡਰਸ਼ਿਪ ਨੂੰ ਚਿੰਬੜਿਆ ਹੋਇਆ ਸੀ।

ਗ਼ਦਰ ਦੇ ਵਿਕਾਸ-ਅਮਲ ਦੇ ਤੱਤਾਂ ਨੂੰ ਇਸ ਦੇ ਜੰਗ ਤੋਂ ਪਹਿਲੇ (ਜਾਂ ਇਨਕਲਾਬ ਤੋਂ ਪਹਿਲੇ) ਦਿਨਾਂ ਤੋਂ ਅਲੱਗ ਕਰਕੇ ਦੇਖਣਾ ਮੈਨੂੰ ਐਨਾ ਸਰਲ ਨਹੀਂ ਲੱਗਦਾ। ਸਗੋਂ, ਮੈਂ ਸਮਝਦੀ

ਹਾਂ ਕਿ ਰੈਡੀਕਲਵਾਦ ਬਾਰੇ ਸ਼੍ਰੇਣੀ ਦੀ ਅਵੱਗਿਆ ਕਰਨ ਦੀ ਇਸ ਦੀ ਖ਼ੂਬੀ ਬਿਲਕੁਲ ਇਸ ਦੇ ਤੱਤਾਂ ਦੇ ਸੰਸਲੇਸ਼ਣ ਵਿੱਚੋਂ ਵਿਗਸੀ ਸੀ, ਭਾਵੇਂ ਕੁਝ ਅੰਸ਼ਾਂ ਦਾ ਮੂਲ ਸੋਮਾ ਪਿਛਾਂਹ ਰਹਿ ਗਿਆ ਸੀ। ਇਸ ਤੋਂ ਇਲਾਵਾ, ਡੂੰਘੀ ਦੇਸ਼ਭਗਤ ਅਤੇ ਸਭਿਆਚਾਰਵਾਦੀ ਛਾਪ – ਜਾਂ ਕੌਮੀ-ਬਸਤੀਵਾਦੀ ਸਵਾਲ ਦੇ ਲਿਹਾਜ਼ ਨਾਲ, ਆਲਮੀ ਇਨਕਲਾਬੀ ਘੋਲ ਦੇ ਸਰਮਾਏਦਾਰੀ ਵਿਰੋਧੀ ਪਹਿਲੂ ਦੀ ਥਾਂ ਸਾਮਰਾਜਵਾਦ ਵਿਰੋਧੀ ਉੱਪਰ ਜ਼ੋਰ – ਨਿਰੀ ਗ਼ਦਰ-ਕਿਰਤੀ ਦੀ ਹੀ ਖ਼ਾਸੀਅਤ ਨਹੀਂ ਸੀ। ਸਗੋਂ ਇਹ ਅਜ਼ਰਬਾਈਜਾਨ ਤੋਂ ਲੈ ਕੇ ਚੀਨ ਤੱਕ, ਪੂਰਬ ਦੇ ਦੱਬੇ-ਕੁਚਲੇ ਲੋਕਾਂ ਦੀ ਕਿਸੇ ਵੀ ਲਹਿਰ ਦੀ ਖ਼ਾਸੀਅਤ ਰਹੀ ਸੀ, ਜਿਸ ਦੇ ਕੌਮੀ ਸਵੈ-ਨਿਰਣੇ ਦੇ ਘੋਲਾਂ ਦੀ ਪਛਾਣਕਾਰੀ ਆਲਮੀ ਇਨਕਲਾਬ ਦੇ ਦੂਜੇ ਮੁਹਾਜ਼ ਵਿਚ ਅਹਿਮ ਕੜੀਆਂ ਵਜੋਂ ਕੀਤੀ ਗਈ ਸੀ।

1952 ਵਿਚ, ਰਾਇਵਾਦੀ ਰਸਾਲੇ *ਥਾਓਟ* (ਦਿੱਲੀ),[219] ਵਿਚ ਲਿਖਦਿਆਂ ਤਿਲਕ ਰਾਜ ਚੱਢਾ ਨੇ ਟਿੱਪਣੀ ਕੀਤੀ ਸੀ ਕਿ 1920ਵਿਆਂ ਦਾ ਇਹ ਪੰਜਾਬੀ ਕਮਿਊਨਿਜ਼ਮ ਦੋ ਰੁਚੀਆਂ ਦੀ ਕਸ਼-ਮ-ਕਸ਼ ਵਿਚ ਫਸਿਆ ਹੋਇਆ ਸੀ, ਜਿਸ ਦੇ ਪ੍ਰਤੀਕ ਸੋਹਣ ਸਿੰਘ ਜੋਸ਼ ਅਤੇ ਤੇਜਾ ਸਿੰਘ ਸੁਤੰਤਰ ਸਨ।[220] ਭਾਵੇਂ ਰਤਨ ਸਿੰਘ, ਸੰਤੋਖ ਸਿੰਘ, ਅਤੇ ਸੋਹਣ ਸਿੰਘ ਜੋਸ਼ ਨੇ ਇਸ ਨੂੰ ਸਿਲਸਿਲੇਵਾਰ, ਜਮਾਤੀ ਤੌਰ 'ਤੇ ਸੁਚੇਤ ਅਵਾਮੀ ਜਥੇਬੰਦੀਆਂ ਉਸਾਰਨ ਦੇ ਰਾਹ ਪਾ ਦਿੱਤਾ ਸੀ, ਪਰ ਸੁਤੰਤਰ ਅਤੇ ਗੁਰਮੁੱਖ ਸਿੰਘ ਵਰਗੇ ਪਹਿਲੇ ਸਰੂਪ ਨੂੰ ਹੀ ਚਿੰਬੜੇ ਹੋਏ ਸਨ। ਉਨ੍ਹਾਂ ਦੀਆਂ ਇਨਕਲਾਬੀ ਕਲਪਨਾਵਾਂ 'ਚ ਵਸੀਆਂ ਜੰਗ ਤੋਂ ਪਹਿਲੇ ਗ਼ਦਰ ਦੀਆਂ ਯਾਦਾਂ ਉਨ੍ਹਾਂ ਅੰਦਰ ਸਿੱਧੇ ਤੌਰ 'ਤੇ ਜੋਸ਼ ਪੈਦਾ ਕਰਦੀਆਂ ਸਨ। ਨਵੇਂ ਸਿਰਿਓਂ ਹੋਂਦ 'ਚ ਆਈ ਹਿੰਦੁਸਤਾਨ ਗ਼ਦਰ ਪਾਰਟੀ ਦੇ ਅੰਦਰ, ਅਤੇ ਗ਼ਦਰ ਦੀ ਸਕੀ ਜਥੇਬੰਦੀ ਕਿਰਤੀ ਦੇ ਅੰਦਰ ਪਹਿਲੇ ਅਤੇ ਮਗਰਲੇ ਪੜਾਵਾਂ ਦਾ ਇਹ ਵਿਰੋਧ ਕਦੇ ਵੀ ਪੂਰੀ ਤਰ੍ਹਾਂ ਹੱਲ ਨਹੀਂ ਹੋਇਆ। ਇੰਞ ਪਿਛਲ-ਝਾਤ ਮਾਰਦੇ ਹੋਏ ਟਕਸਾਲੀ ਮਾਰਕਸਵਾਦੀ ਜੋਸ਼ ਜਿਸ ਨੂੰ ਕਿਰਤੀ ਪਾਰਟੀ ਦੀ ਲਾਈਨ ਵਿਚ "ਘਾਟਾਂ ਅਤੇ ਕਮਜ਼ੋਰੀਆਂ" ਵਜੋਂ ਦੇਖਦਾ ਸੀ ਸ਼ਾਇਦ ਇਸ ਤਰ੍ਹਾਂ ਦਾ ਕੁਝ ਵੀ ਨਹੀਂ ਸੀ। ਸਗੋਂ ਦਰ ਅਸਲ ਇਹ ਪੂਰੇ ਦੋ ਦਹਾਕਿਆਂ 'ਚ ਫੈਲੀ ਗ਼ਦਰੀ ਸੋਚ ਦੀ ਲਗਾਤਾਰਤਾ ਦੀ ਤਸਵੀਰ ਸੀ, ਜਿਸ ਵਿਚ ਮਾਰਕਸਵਾਦੀ-ਲੈਨਿਨਵਾਦੀ ਵਿਕਾਸਾਂ ਦੀ ਗ੍ਰਹਿਣਸ਼ੀਲਤਾ ਦਾ ਸਿੱਟਾ ਲਾਜ਼ਮੀ ਤੌਰ 'ਤੇ ਇਨਕਲਾਬਪਸੰਦੀ ਦੇ ਹੋਰ ਝੁਕਾਵਾਂ ਨੂੰ ਮੁਕੰਮਲ ਤੌਰ 'ਤੇ ਰੱਦ ਕਰਨਾ ਨਹੀਂ ਸੀ ਸਗੋਂ ਅਰਾਜਕਤਾਵਾਦੀ ਅਤੇ ਗਣਰਾਜਵਾਦੀ-ਜਮਹੂਰੀ ਦੋਵੇਂ ਲਹਿਰਾਂ ਨਾਲ ਜੁੜੀਆਂ ਪਹਿਲੀਆਂ ਖ਼ਾਸ ਵਿਸ਼ੇਸ਼ਤਾਵਾਂ ਨੂੰ ਬਰਕਰਾਰ ਰੱਖਣਾ ਸੀ। *ਕਿਰਤੀ* ਦੇ ਮਾਰਚ 1929 ਅੰਕ ਵਿਚ ਰੂਸ ਅੰਦਰ ਜ਼ਮੀਨ ਦੀ ਮੁੜ ਵੰਡ ਬਾਰੇ ਛਪਿਆ ਇਕ ਲੇਖ ਟੇਢੇ ਢੰਗ ਨਾਲ ਇਸ ਰਵਾਇਤੀ ਪ੍ਰਭਾਵ ਉੱਪਰ ਦੁਬਾਰਾ ਮੋਹਰ ਲਾਉਂਦਾ ਸੀ। ਅਜਿਹੇ ਲੇਖਾਂ ਤੋਂ ਭਗਵਾਨ ਜੋਸ਼ ਨੇ ਸਿੱਟਾ ਕੱਢਿਆ ਕਿ "ਕਿਰਤੀ ਰਾਜ" ਨਵੇਂ ਆਰਥਕ ਪ੍ਰੋਗਰਾਮ ਦੇ ਦੌਰ ਦੇ ਰੂਸ ਨਾਲ ਮਿਲਦਾ-ਜੁਲਦਾ ਹੋਣਾ ਸੀ, ਜਿਸ ਵਿਚ ਜ਼ਮੀਨ ਦੀ ਮਾਲਕੀਅਤ ਕਿਸਾਨ ਦੀ ਮਾਲਕੀ 'ਤੇ ਅਧਾਰਤ ਸੀ, ਜਿਸ ਵਿਚ ਕਿਸਾਨਾਂ ਨੇ ਆਪਣੀਆਂ ਜੋਤਾਂ ਉੱਪਰ ਜ਼ਿਆਦਾਤਰ ਖ਼ੁਦ-ਮੁਖਤਿਆਰ ਰੂਪ 'ਚ ਕੰਮ ਕਰਨਾ ਸੀ ਅਤੇ ਮਜ਼ਦੂਰ ਜਮਾਤ ਨੇ ਰਾਜ ਢਾਂਚੇ ਦਾ ਇੰਤਜ਼ਾਮ ਚਲਾਉਂਦੇ ਹੋਏ ਛੋਟੇ ਪੈਮਾਨੇ ਦੀ ਪੈਦਾਵਾਰ ਵਿਚ ਲੱਗਣਾ ਸੀ। ਉਥੇ ਕੋਈ ਉਜਰਤੀ ਕਿਰਤ ਜਾਂ ਮਾਲੀਆ ਨਹੀਂ ਸੀ ਹੋਣੇ, ਅਤੇ ਭੋਂਇ ਮਾਲੀਏ ਦੀ ਅਦਾਇਗੀ ਨਾਂਹ ਦੇ ਬਰਾਬਰ ਹੋਣੀ ਸੀ। ਉਸ ਨੇ ਕਿਹਾ, ਇੰਞ ਪੰਜਾਬੀ ਯੂਕਰੇਨੀ ਕਿਸਾਨੀ ਦੀਆਂ ਭਾਵਨਾਵਾਂ ਨੂੰ ਹੀ ਦੁਹਰਾ ਰਹੇ ਸਨ।[221] *ਕਿਰਤੀ* ਦੇ ਲੇਖ ਨੇ ਇਹ ਵੀ ਸਿਫ਼ਾਰਸ਼ ਕੀਤੀ ਕਿ ਸਥਾਨਕ ਜ਼ਮੀਨੀ ਵੰਡ ਕਿਵੇਂ ਕੀਤੀ ਜਾਵੇਗੀ। ਇਸ ਨੂੰ ਪੰਚਾਇਤੀ ਸਭਾਵਾਂ "ਭਰਾਤਰੀਭਾਵ ਨਾਲ" ਤੈਅ ਕਰਨਗੀਆਂ; ਕਾਸ਼ਤਕਾਰਾਂ ਅੱਗੇ ਮਸ਼ੀਨਰੀ ਦੀ ਵਰਤੋਂ ਕਰਨ ਦਾ ਰਾਹ ਖੁੱਲ੍ਹਾ ਹੋਵੇਗਾ ਪਰ ਇਸ

ਦੀ ਬੰਦਸ਼ ਕੋਈ ਨਹੀਂ ਹੋਵੇਗੀ; ਵਰਨਾ ਉਹ "ਆਪਣੀ ਜ਼ਮੀਨ ਮਰਜ਼ੀ ਦੇ ਢੰਗ ਨਾਲ ਵਾਹ, ਬੀਜ ਸਕਦੇ ਸਨ ਅਤੇ ਫ਼ਸਲ ਦੀ ਖ਼ਪਤ ਕਰ ਸਕਦੇ ਸਨ।" ਜਿਵੇਂ ਲੇਖ ਨੇ ਵਿਆਖਿਆ ਕੀਤੀ, "ਇਹੀ ਵਜ੍ਹਾ ਹੈ ਕਿ ਰੂਸੀ ਕਿਸਾਨ ਖੁਸ਼ਹਾਲ ਹਨ। ਉਨ੍ਹਾਂ ਕੋਲ ਆਪਣੀ ਜ਼ਮੀਨ ਹੈ, ਅਤੇ ਉਨ੍ਹਾਂ ਨੂੰ ਉਕਾ ਹੀ ਕੋਈ ਮਾਲੀਆ ਨਹੀਂ ਦੇਣਾ ਪੈਂਦਾ।"[222] ਇਹ ਸਿਆਸੀ ਤੌਰ 'ਤੇ ਵਧੇਰੇ ਵਿਕੇਂਦਰੀਕ੍ਰਿਤ ਅਤੇ ਆਰਥਕ ਤੌਰ 'ਤੇ ਮਿੱਸੀ ਸਮਾਜੀ ਦ੍ਰਿਸ਼ਟੀ ਗ਼ਦਰੀ-ਕਿਰਤੀ ਕਮਿਊਨਿਜ਼ਮ ਨੂੰ ਮਾਖੋਵੀਅਨ ਮੁਕਤੀਵਾਦੀ ਸਮਾਜਵਾਦ ਦਾ ਪੂਰੀ ਤਰ੍ਹਾਂ ਜ਼ਾਹਰਾ ਵਿਚਾਰਧਾਰਕ ਅੰਗ-ਸਾਕ ਬਣਾ ਦਿੰਦੀ ਹੈ।

ਗ਼ਦਰ ਪਾਰਟੀ ਦੀ ਮੁੱਢਲੇ ਕਮਿਊਨਿਜ਼ਮ ਅਤੇ ਜਜ਼ਬਾਤੀ ਕਾਲਪਨਿਕ ਸਮਾਜਵਾਦ ਤੋਂ ਸਹੀ ਮਾਰਕਸਵਾਦ-ਲੈਨਿਨਵਾਦ ਵੱਲ ਤਬਦੀਲੀ ਦਾ ਜ਼ਿਆਦਾਤਰ ਅਧਾਰ ਦਾਅਪੇਚਕ ਸੀ: ਉਨ੍ਹਾਂ ਵਲੋਂ ਖ਼ੁਫ਼ੀਆ ਸਾਜ਼ਿਸ਼ੀ ਕਾਰਵਾਈਆਂ ਅਤੇ ਕਾਰਨਾਮਿਆਂ ਰਾਹੀਂ ਟੁੱਟਵੇਂ ਪ੍ਰਚਾਰ ਦੀ ਬੇਵਕੂਫ਼ੀ ਨੂੰ ਤਿਲਾਂਜਲੀ ਦਿੱਤੇ ਜਾਣ ਨਾਲ ਇਸ ਦੀ ਜਗ੍ਹਾ ਕਿਰਤੀਆਂ ਤੇ ਕਿਸਾਨਾਂ ਵਿਚ ਅਵਾਮੀ ਅਧਾਰ ਉਸਾਰਨ ਅਤੇ ਜਥੇਬੰਦੀਆਂ ਬਣਾਉਣ ਦੀ ਸਿਆਣਪ ਨੇ ਲੈ ਲਈ। ਜਦਕਿ ਗ਼ਦਰ ਦੀ ਨਵੀਂ ਚੀਜ਼ ਸੀ ਇਸ ਦਾ ਕਿਸਾਨ ਕਿਰਤੀਆਂ ਨੂੰ ਧੂਹ ਪਾਉਣਾ ਅਤੇ ਇਸ ਦਾ ਅਵਾਮ ਨੂੰ ਸਿੱਖਿਆ ਦੇਣ ਤੇ ਲਾਮਬੰਦ ਕਰਨ ਦਾ ਕੰਮ, ਅਤੇ ਇਨਕਲਾਬੀ ਅਧਾਰ ਨੂੰ ਵਿਦਿਆਰਥੀਆਂ ਤੇ ਬੁੱਧੀਜੀਵੀਆਂ ਦੀ ਨਿੱਕੀ ਜਹੀ ਟੋਲੀ ਤੋਂ ਪਾਰ ਫੈਲਾਉਣਾ। ਇਸ ਤੋਂ ਵੀ ਵੱਧ ਕੇ, ਇਸ ਦੀ ਮੁੱਖ ਯੁੱਧਨੀਤੀ ਵੱਡੇ ਪੱਧਰ ਦੀ ਅਵਾਮੀ ਬਗ਼ਾਵਤ ਖੜ੍ਹੀ ਕਰਨ ਦੇ ਨਾਲ ਨਾਲ ਫ਼ੌਜ ਵਿਚ ਬਗ਼ਾਵਤ ਕਰਵਾਉਣ ਦੀ ਸੀ – ਇਹ ਕਾਰਨਾਮਿਆਂ ਨਾਲ ਟੁੱਟਵਾਂ ਪ੍ਰਚਾਰ ਕਰਨ ਦੀ ਨਹੀਂ ਸੀ। ਖ਼ੁਫ਼ੀਆ ਸਾਜ਼ਿਸ਼ੀ ਕਾਰਵਾਈ ਓਦੋਂ ਹੀ ਜ਼ਰੂਰੀ ਸੀ ਜਦੋਂ ਜਬਰ ਨਾਲ ਖੁੱਲ੍ਹੀਆਂ ਜਥੇਬੰਦੀਆਂ ਦਾ ਕੰਮ ਕਰਨਾ ਅਸੰਭਵ ਹੋ ਜਾਵੇ; ਅਮਰੀਕਾ ਉਨ੍ਹਾਂ ਦੀ ਮਨਪਸੰਦ ਥਾਂ ਇਸ ਕਰਕੇ ਸੀ ਕਿਉਂਕਿ ਉਥੇ ਉਨ੍ਹਾਂ ਲਈ ਖੁੱਲ੍ਹਾ ਜਥੇਬੰਦਕ ਕੰਮ ਕਰਨਾ, ਅੰਦੋਲਨ ਕਰਨਾ, ਸਿਖਲਾਈ ਦੇਣਾ, ਤਕਰੀਰਾਂ ਕਰਨਾ ਅਤੇ ਲਿਖਣਾ ਸੰਭਵ ਸੀ। ਕੁਲ-ਮਿਲਾ ਕੇ, ਉਨ੍ਹਾਂ ਤੋਂ ਕੁਲ ਆਲਮ ਦੇ ਪੰਜਾਬੀ ਭਾਈਚਾਰੇ ਦਾ ਜੋ ਇਕੋ ਇਕ ਹਿੱਸਾ ਨਜ਼ਰ-ਅੰਦਾਜ਼ ਹੋਇਆ ਸੀ ਉਹ ਅਸਲ ਵਿਚ ਹਿੰਦੁਸਤਾਨ ਵਿਚ ਰਹਿਣ ਵਾਲੇ ਸਨ – ਇਸ ਦੀ ਵਜ੍ਹਾ ਉਨ੍ਹਾਂ ਦੀ ਕਿਸੇ ਆਪਣੀ ਭੁੱਲ ਨਾਲੋਂ ਕਾਨੂੰਨੀ ਜਬਰ ਅਤੇ ਖ਼ਤੋ-ਕਿਤਾਬਤ ਉੱਪਰ ਰੋਕ ਜ਼ਿਆਦਾ ਸੀ। ਸੰਖੇਪ 'ਚ, ਘਾਟ ਜਨਤਕ ਜਥੇਬੰਦੀ ਦੀ ਨਹੀਂ ਸਗੋਂ ਪਰਦੇਸਾਂ ਵਿਚਲੇ ਵਤਨੀਆਂ ਅਤੇ ਮੁਲਕ ਦੇ ਲੋਕਾਂ ਦਰਮਿਆਨ ਰਾਬਤੇ ਦੀ ਸੀ, ਜਿਨ੍ਹਾਂ ਦਾ ਸਿਆਸੀਕਰਨ ਉਨ੍ਹਾਂ ਦੇ ਅੱਡ-ਅੱਡ ਖ਼ਾਸੀਅਤਾਂ ਵਾਲੇ ਹਾਲਾਤ ਵਿਚ ਅੱਡ-ਅੱਡ ਰਫ਼ਤਾਰ ਨਾਲ ਹੋ ਰਿਹਾ ਸੀ। ਪਰ 1920ਵਿਆਂ ਦਾ ਅਖ਼ੀਰਲਾ ਵਕਤ ਵੱਖਰੀ ਤਰ੍ਹਾਂ ਦਾ ਸੀ, ਇਹ ਹਿੰਦੁਸਤਾਨ ਅਤੇ ਸੰਸਾਰ ਵਿਚ ਸਿਆਸੀ ਘਟਨਾਵਾਂ ਦੀ ਲੜੀ ਦਾ ਸਿੱਟਾ ਸੀ ਜਿਨ੍ਹਾਂ ਵਿਚ ਗ਼ਦਰੀਆਂ ਦਾ ਆਪਣਾ ਯੋਗਦਾਨ ਵੀ ਰਿਹਾ ਸੀ। ਸਾਮਰਾਜੀ ਢਾਂਚੇ ਅਤੇ ਘਰੇਲੂ ਮਿਜ਼ਾਜ ਦੇ ਬਾਵਜੂਦ, ਇਨਕਲਾਬੀ ਪ੍ਰੋਗਰਾਮ ਦੀ ਲਗਾਤਾਰਤਾ ਉੱਘੜਵੀਂ ਹੈ, ਭਾਵੇਂ ਇਸ ਦੇ ਅੰਗ ਤੱਤਾਂ ਦਾ ਮੁਕਾਬਲਤਨ ਜ਼ੋਰ ਬਦਲਦਾ ਰਿਹਾ ਸੀ।

ਆਖ਼ਿਰ, ਗ਼ਦਰ ਦੇ ਸਿੱਧੇ ਵਾਰਿਸਾਂ ਅਤੇ ਇਨ੍ਹਾਂ ਦੇ ਵੰਨ-ਸੁਵੰਨੇ ਸਕੇ-ਸਬੰਧੀਆਂ ਨੂੰ ਲੈ ਕੇ ਬਣੀ 1920ਵਿਆਂ ਦੀ ਇਨਕਲਾਬੀ ਪੁਸ਼ਤ ਵਿਚ "ਮਾਰਕਸ ਅਤੇ ਮੈਜ਼ਿਨੀ" ਨੂੰ ਬਰਾਬਰ ਜਗ੍ਹਾ ਦਿੱਤੀ ਗਈ ਹੈ; ਭਾਵ ਕੌਮਪ੍ਰਸਤ ਅਤੇ ਕਮਿਊਨਿਸਟ ਦੋਵਾਂ ਨੂੰ। ਛਬੀਲ ਦਾਸ ਨੇ ਤਾਂ ਇੱਥੋਂ ਤੱਕ ਕਿਹਾ ਕਿ ਐੱਨ.ਬੀ.ਐੱਸ. ਦੇ ਅੰਦਰ ਇਕੋ ਸਮੇਂ *ਨਾਲੋ-ਨਾਲ* ਪਰ *ਅਲਹਿਦਾ* ਧੜੇ ਹਨ – ਇਕ ਰੂਸੀ ਬਾਲਸ਼ਵਿਕਾਂ ਤੋਂ ਪ੍ਰਭਾਵਿਤ ਅਤੇ ਦੂਜਾ ਆਇਰਿਸ਼ ਸ਼ਿਨ ਫੀਨ ਤੋਂ; ਜਿਨ੍ਹਾਂ ਵਿੱਚੋਂ ਇਕ "ਹਥਿਆਰ ਇਕੱਠੇ ਕਰਨ ਅਤੇ ਬੰਬ ਸੁੱਟਣ" ਉੱਪਰ ਕੇਂਦਰਤ ਸੀ ਅਤੇ ਦੂਜਾ "ਅਵਾਮ,

ਪੇਂਡੂ ਲੋਕਾਈ, ਕਿਸਾਨੀ ਅਤੇ ਕਾਰਖ਼ਾਨਿਆਂ ਦੇ ਮਜ਼ਦੂਰਾਂ ਦੀ ਚੇਤਨਾ ਦਾ ਪੱਧਰ ਉੱਚਾ ਚੁੱਕਣ ਉੱਪਰ" ਕੇਂਦਰਤ ਸੀ।[223] ਸ਼ਿਵ ਵਰਮਾ ਕਹਿੰਦਾ ਹੈ ਕਿ ਪਹਿਲੇ ਇਨਕਲਾਬੀਆਂ ਤੋਂ 1920ਵਿਆਂ ਦੇ ਇਨਕਲਾਬੀਆਂ ਨੂੰ ਵਖਰਿਆਉਣ ਵਾਲੀ ਚੀਜ਼ ਸੀ "ਮੈਜ਼ਿਨੀ ਤੋਂ ਮਾਰਕਸ" ਵੱਲ ਮੋੜਾ; ਦੂਜੇ ਲਫ਼ਜ਼ਾਂ 'ਚ, ਦੋਵੇਂ ਝੁਕਾਅ ਨਾਲੋ ਨਾਲ ਹੋਣ ਦੀ ਬਜਾਏ ਅੱਗੜ-ਪਿੱਛੜ ਸਨ।[224] ਜਦਕਿ ਜਿਸ ਨੂੰ ਬਾਅਦ ਵਿਚ ਤੀਜੀ ਦੁਨੀਆ ਕਿਹਾ ਗਿਆ, ਉਥੇ ਕੌਮੀ ਮੁਕਤੀ ਘੋਲਾਂ ਦੇ ਪ੍ਰਸੰਗ ਵਿਚ ਇਹ ਦੋਵੇਂ ਸ਼ਾਇਦ ਹੀ ਇਕ ਦੂਜੇ ਨੂੰ ਖਾਰਜ ਕਰਦੇ ਸਨ। ਜਿਵੇਂ ਦਾਅਪੇਚਾਂ ਦੇ ਮਾਮਲੇ 'ਚ ਸੀ, ਉਵੇਂ ਹੀ ਤੱਤ ਦੇ ਮਾਮਲੇ 'ਚ ਸੀ: ਮਾਰਕਸ ਇਸ ਵਿਚ ਮੁੱਢ ਤੋਂ ਸੀ, ਅਤੇ ਮੈਜ਼ਿਨੀ ਧੁਰ ਤੱਕ।[225] ਕੁਝ ਵੀ ਹੋਵੇ ਸਭਿਆਚਾਰਕ ਖ਼ਾਸੀਅਤਾਂ ਅਤੇ ਦੇਸ਼ਭਗਤ ਆਦਰਸ਼ ਨੂੰ ਇਕ ਦੂਜੇ ਨੂੰ ਖਾਰਜ ਕਰਨ ਵਾਲੇ, ਦਰਜੇਬੰਦੀ ਵਾਲੇ ਸਿਧਾਂਤਾਂ ਨਾਲੋਂ ਸਮਾਨਤਾਵਾਦੀ ਸਿਧਾਂਤਾਂ ਨਾਲ ਮੇਲਣਾ ਸੁਖਾਲਾ ਹੁੰਦਾ ਹੈ, ਜਿਨ੍ਹਾਂ ਨੂੰ ਮੁਕਤੀਵਾਦੀ ਸਿਧਾਂਤ ਕਿਹਾ ਗਿਆ। ਇਸ ਨਾਲ ਕੌਮੀ ਮੁਕਤੀ ਘੋਲ ਅਤੇ ਸਮਾਜੀ ਇਨਕਲਾਬ ਦੀਆਂ ਧਾਰਾਵਾਂ ਦੇ ਇਕ ਦੂਜੀ ਦੇ ਉੱਪਰੋਂ ਦੀ ਵਗਦਿਆਂ ਇਕ ਦੂਜੀ ਨੂੰ ਢਾਹ ਲਾਉਣ ਦੀ ਬਜਾਏ ਇਕ ਦੂਜੀ ਵਿਚ ਲੀਨ ਹੋ ਜਾਣ ਅਤੇ ਇਕ ਦੂਜੀ ਨੂੰ ਮਜ਼ਬੂਤ ਕਰਨ ਦੀ ਸੰਭਾਵਨਾ ਕਿਤੇ ਜ਼ਿਆਦਾ ਹੋ ਜਾਂਦੀ ਹੈ। ਸਿੱਖ ਗ਼ਦਰੀ-ਕਿਰਤੀ ਕਮਿਊਨਿਸਟਾਂ ਨੇ ਇਸ ਨੂੰ ਮੇਲਣ ਦਾ ਯਤਨ ਕੀਤਾ, ਜਿਵੇਂ ਮੁਸਲਿਮ ਸਮਾਜਵਾਦੀਆਂ ਨੇ ਕੀਤਾ ਸੀ ਜਿਨ੍ਹਾਂ ਨਾਲ ਸਾਡੀ ਮੁਲਾਕਾਤ ਅਗਲੇ ਕਾਂਡ ਵਿਚ ਹੋਵੇਗੀ।

6

# ਪਿਆਰੇ ਮੁਸਲਮਾਨ ਭਾਈਓ

*ਖ਼ਿਲਾਫ਼ਤ ਗ਼ਦਰ*

## ਪੁਰਾਣੇ ਸੰਗੀ-ਸਾਥੀ

ਅਸੀਂ ਉਸ ਨਿਆਰੀ ਜਥੇਬੰਦੀ ਦੇ ਵਿਕਾਸ ਅਮਲ ਦੀ ਪੈੜ ਲੱਭ ਰਹੇ ਹਾਂ ਜੋ ਨਾਟਕੀ ਰੂਪ 'ਚ ਬਦਲ ਰਹੇ ਆਲਮੀ ਪ੍ਰਸੰਗ 'ਚ ਦਿੱਖ ਪੱਖੋਂ ਜ਼ਰੂਰ ਬਦਲ ਗਈ ਪਰ ਆਪਣੇ ਅਜੰਡੇ ਅਤੇ ਅਗਾਂਹਵਧੂ ਰੈਡੀਕਲ ਜਮਹੂਰੀਅਤ, ਸਿਆਸੀ ਮੁਕਤੀਵਾਦ, ਅਤੇ ਆਰਥਕ ਸਮਾਨਤਾਵਾਦ ਦੇ ਅਸੂਲਾਂ ਪੱਖੋਂ ਇਸ ਦੀ ਇਕਸਾਰ ਲਗਾਤਾਰਤਾ ਅਜੇ ਵੀ ਬਣੀ ਹੋਈ ਸੀ। ਪਰ ਇਸ ਪੂਰੇ ਸਮੇਂ ਵਿਚ ਇਸ ਨਾਲ ਲਗਾਤਾਰ ਇਕਸੁਰ ਇਕ ਹੋਰ ਲਹਿਰ ਵੀ ਸੀ ਜਿਸ ਤੋਂ ਬਿਨਾ ਅਸੀਂ ਨਾ ਤਾਂ ਢੁਕਵੀਂਆਂ ਧਾਰਨਾਵਾਂ ਨੂੰ ਇਕ ਪ੍ਰਵਚਨ ਤੋਂ ਦੂਜੇ ਤੱਕ ਲਿਜਾਣ ਅਤੇ ਰੂਪ-ਬਦਲੀ ਕਰਨ ਦੀ ਕਾਬਲੀਅਤ ਨੂੰ ਸਮਝ ਸਕਦੇ ਹਾਂ, ਨਾ ਤਰਕਸ਼ੀਲ ਅਤੇ ਰੋਮਾਂਚਵਾਦੀ ਮਨੋਵੇਗਾਂ ਦੀ ਅੰਦਰੂਨੀ ਵੰਨ-ਸੁਵੰਨਤਾ, ਰਾਸ਼ਟਰਵਾਦੀ ਅਤੇ ਸਮਾਜਵਾਦੀ ਤਰਕਾਂ ਨੂੰ ਸਮਝਿਆ ਜਾ ਸਕਦਾ ਹੈ ਜਿਨ੍ਹਾਂ ਨੇ ਇਸ ਨੂੰ ਸੰਭਵ ਬਣਾਇਆ।

ਬਰਲਿਨ ਵਿਚਲੀ ਇੰਡੀਅਨ ਨੈਸ਼ਨਲ ਕਮੇਟੀ ਬਾਰੇ ਪੁਲਿਸ ਦੇ ਡਾਇਰੈਕਟਰ ਦੀ ਦਸੰਬਰ 1918 ਦੀ ਖ਼ੁਫ਼ੀਆ ਰਿਪੋਰਟ ਨੇ ਤੁਰਕੀ ਦੇ ਸੁਲਤਾਨ ਨੂੰ ਭੇਜੀ ਇਕ ਤਾਰ ਦੀ ਇਬਾਰਤ ਦਾ ਨੋਟਿਸ ਲਿਆ ਜੋ ਕਈ ਜਰਮਨ ਅਖ਼ਬਾਰਾਂ ਵਿਚ ਛਾਇਆ ਹੋਈ ਸੀ। ਇਸ ਉੱਪਰ ਕਮੇਟੀ ਦੀ ਤਰਫ਼ੋਂ ਭੁਪਿੰਦਰਨਾਥ ਦੱਤ ਦੇ ਦਸਤਖ਼ਤ ਸਨ। ਇਸ ਪੈਗ਼ਾਮ ਵਿਚ "ਸੁਲਤਾਨ ਦੇ ਤਖ਼ਤ-ਨਸ਼ੀਨ ਹੋਣ ਉੱਪਰ ਉਸ ਨੂੰ ਮੁਬਾਰਕਵਾਦ ਦਿੱਤੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਹਜ਼ਾਰਾਂ ਦੱਬੇ-ਕੁਚਲੇ ਅਤੇ ਲੁੱਟੇਪੁੱਟੇ ਹਿੰਦੁਸਤਾਨੀਆਂ ਦੀਆਂ ਨਜ਼ਰਾਂ ਬਹਾਦਰ ਅਤੇ ਜਾਂਬਾਜ਼ ਤੁਰਕਾਂ ਉੱਪਰ ਲੱਗੀਆਂ ਹੋਈਆਂ ਹਨ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਉਹ ਉਨ੍ਹਾਂ ਦੀ ਮਦਦ ਦੀ ਹਾਲ-ਦੁਹਾਈ ਨੂੰ ਜ਼ਰੂਰ ਸੁਣਨਗੇ।" ਜਿਵੇਂ ਉੱਪ-ਮਹਾਂਦੀਪ ਵਿਚ ਕਮਿਊਨਿਜ਼ਮ ਦੀਆਂ ਦੋ ਧਾਰਾਵਾਂ ਵਹਿ ਰਹੀਆਂ ਸਨ, ਜਿਨ੍ਹਾਂ ਆਪੋ ਵਿਚੀਂ ਘੁਲੇਮਿਲੇ ਚਸ਼ਮਿਆਂ ਨੇ 1920ਵਿਆਂ 'ਚ ਪੰਜਾਬ ਵਿਚ ਕਮਿਊਨਿਸਟ ਜਥੇਬੰਦੀ ਦੇ ਹੋਂਦ 'ਚ ਆਉਣ ਦੀ ਤਾਕਤ ਮੁਹੱਈਆ ਕੀਤੀ ਉਹ ਇਕ ਵਾਰ ਫਿਰ ਦੋ-ਪਰਤੀ ਸਨ: ਗ਼ਦਰੀ ਇਨਕਲਾਬੀ ਅਤੇ ਸਾਬਕਾ ਖ਼ਿਲਾਫ਼ਤਵਾਦੀ *ਮੁਹਾਜਿਰੀਨ*। ਦੋਵੇਂ ਨੇ ਉਤਰ-ਪੱਛਮ ਵਿੱਚੋਂ ਦੀ ਹੋ ਕੇ ਕਾਬੁਲ ਦੇ ਉਸ ਲਾਂਘੇ ਵਿੱਚੋਂ ਦੀ ਲੰਘ ਕੇ ਇੱਕੋ ਜਹੀਆਂ ਜੰਗੀ ਭੂਮਿਕਾਵਾਂ ਨਿਭਾਉਣ ਦੀ ਦਿਸ਼ਾ ਅਖ਼ਤਿਆਰ ਕੀਤੀ ਜੋ ਸੰਚਾਰ ਕੇਂਦਰ ਜੰਗ ਦੌਰਾਨ ਬਣਾਇਆ ਗਿਆ ਸੀ।

ਜਰਮਨੀ ਅਤੇ ਤੁਰਕੀ ਨਾਲ ਗੱਠਜੋੜ ਬਣਾਏ ਜਾਣ ਤੋਂ ਬਹੁਤ ਪਹਿਲਾਂ, ਅਤੇ ਗ਼ਦਰ ਦੀ ਜਥੇਬੰਦੀ ਬਣਾਏ ਜਾਣ ਤੋਂ ਵੀ ਪਹਿਲਾਂ, ਬਦੇਸਾਂ ਵਿਚਲੇ ਹਿੰਦੁਸਤਾਨੀ ਇਨਕਲਾਬਪਸੰਦ ਇਸਲਾਮਿਕ ਜਗਤ ਨੂੰ ਰਲ-ਮਿਲ ਕੇ ਕੰਮ ਕਰਨ ਦੀਆਂ ਸੰਕੇਤਕ ਤਜਵੀਜ਼ਾਂ ਪੇਸ਼ ਕਰਦੇ ਆ

ਰਹੇ ਸਨ ਜਿਵੇਂ ਇਸ ਜਗਤ ਨੂੰ ਵਿਚਾਰਧਾਰਕ ਤੌਰ 'ਤੇ ਪ੍ਰੀਭਾਸ਼ਤ ਕੀਤਾ ਗਿਆ ਸੀ, ਜਦੋਂ ਕਿ ਨਾਲ ਹੀ ਉਹ ਇਸ ਦੇ ਭੂਗੋਲਿਕ ਖੇਤਰ ਅੰਦਰ ਆਪਣੀ ਹੋਂਦ ਵੀ ਕਾਇਮ ਕਰਦੇ ਜਾਂਦੇ ਸਨ। ਐਪਰ, ਪਹਿਲੀ ਆਲਮੀ ਜੰਗ ਦੌਰਾਨ, ਜਦੋਂ ਇਕ ਵਾਰ ਜਰਮਨ/ਔਟੋਮਨ ਗੱਠਜੋੜ ਹਿੰਦੁਸਤਾਨੀ ਇਨਕਲਾਬੀ ਤਹਿਰੀਕ ਦਾ ਧੁਰਾ ਬਣ ਗਿਆ ਤਾਂ ਇਸ ਗੱਠਜੋੜ ਦੇ ਨਿਸ਼ਾਨਿਆਂ ਅਤੇ ਧਿਆਨ-ਇਕਾਗਰਤਾ ਨੂੰ ਦਰਸਾਉਂਦੀ ਸਰਵ-ਇਸਲਾਮਿਕ ਪਹੁੰਚ ਹੋਰ ਵੀ ਅਹਿਮ ਹੋ ਨਿੱਬੜੀ। ਜੰਗ ਤੋਂ ਪਿੱਛੋਂ, ਜਦੋਂ ਮਾਸਕੋ ਨੇ ਪੁਸ਼ਤ-ਪਨਾਹੀ ਕਰਨ ਵਾਲੇ ਕੇਂਦਰ ਵਜੋਂ ਬਰਲਿਨ ਦੀ ਥਾਂ ਲੈ ਲਈ, ਫਿਰ ਵੀ ਰਿਸ਼ਤਿਆਂ ਦਾ ਇਹ ਨਮੂਨਾ ਨਹੀਂ ਬਦਲਿਆ। ਸਾਮਰਾਜੀ ਜਰਮਨੀ ਅਤੇ ਕਮਿਊਨਿਸਟ ਰੂਸ ਦੋਵੇਂ ਮੁਸਲਿਮ ਜਗਤ ਅਤੇ/ਜਾਂ ਬਸਤੀਵਾਦੀ ਜਗਤ ਨੂੰ ਅੰਗਰੇਜ਼ ਸਲਤਨਤ ਦੀ ਦੁੱਖਦੀ ਰਗ ਸਮਝਦੇ ਸਨ – ਇਹ ਦੋਵੇਂ ਹੀ ਅਸਪਸ਼ਟ ਸ਼੍ਰੇਣੀਆਂ ਇਕ ਦੂਜੀ ਨਾਲ ਕਾਫ਼ੀ ਸੁਖਾਲੀਆਂ ਰਲਗੱਡ ਹੋ ਜਾਂਦੀਆਂ ਸਨ।

ਫਿਰ ਦੁਹਰਾ ਦਿੱਤਾ ਜਾਵੇ, ਇਹ ਏਸ਼ੀਆ, ਪੂਰਬ, ਇਸਲਾਮਿਕ ਜਗਤ, ਪੂਰਬ ਦੇ ਲੋਕਾਂ ਅਤੇ ਬਸਤੀਆਂ ਬਣਾਏ ਜਗਤ ਦੀਆਂ ਸ਼੍ਰੇਣੀਆਂ ਦਰਮਿਆਨ ਤਰਲਤਾ ਹੀ ਸੀ – ਜੋ ਚੀਨ ਤੋਂ ਲੈ ਕੇ ਅਨਾਤੋਲੀਆ ਤੱਕ ਯੂਰਪੀ ਅਤੇ ਸਰਬ-ਇਸਲਾਮਿਕ ਦੋਵਾਂ ਸਮਕਾਲੀ ਮੁਹਾਵਰਿਆਂ ਵਾਲੀ ਹਰ ਚੀਜ਼ ਨੂੰ ਆਪਣੇ ਕਲਾਵੇ ਵਿਚ ਲੈ ਲੈਂਦੀ ਸੀ – ਜਿਸ ਨੇ ਇਕ ਸਬੰਧਤ ਵੈੱਨ ਰੇਖਾ-ਚਿੱਤਰ (Ven diagram) ਦੇ ਇਕ ਹਿੱਸੇ ਨੂੰ ਦੂਜੇ ਦੇ ਤੁਲ ਸਮਝਣਯੋਗ ਬਣਾ ਦਿੱਤਾ, ਭਾਵੇਂ ਕਿ ਹਾਸਲ ਸਥਾਨ ਰਲਗੱਡ ਹੋਏ ਹਿੱਸੇ ਦੇ ਅੰਦਰ ਨਹੀਂ ਸੀ। ਇਹੀ ਵਜ੍ਹਾ ਹੈ ਕਿ ਸਰਬ-ਇਸਲਾਮਵਾਦ ਅਤੇ ਸਰਬ-ਏਸ਼ੀਆਈਵਾਦ ਨੂੰ ਆਪਣੇ ਪੂਰਬ ਦੇ ਲੋਕਾਂ ਦੇ ਨਾਂ ਸੱਦਿਆਂ (ਰੁਝਾਨ ਜੋ ਬਰਕਤਉੱਲਾ ਦੀ ਸਮੁੱਚੀ ਸਾਹਿਤਕ ਘਾਲਣਾ ਵਿਚ ਸਾਫ਼ ਦਿਖਾਈ ਦਿੰਦਾ ਸੀ) ਵਿਚ ਇਸ ਹੱਦ ਤੱਕ ਜਜ਼ਬ ਕਰਨਾ ਸੋਵੀਅਤਾਂ ਲਈ ਸੰਭਵ ਹੋਇਆ। ਇਸ ਨਾਲ, ਚਾਹੇ ਇਹ ਹਿੰਦੁਸਤਾਨੀ ਸਨ ਜਾਂ ਮਿਸਰੀ ਸਨ ਜਾਂ ਜਪਾਨੀ, ਇਨ੍ਹਾਂ ਵੱਖੋ-ਵੱਖਰੇ ਰਾਸ਼ਟਰਵਾਦਾਂ ਜਾਂ ਕੌਮੀ ਮੁਕਤੀ ਘੋਲਾਂ ਦਾ ਦੁਨੀਆ ਵਿਚ ਇਕ ਅਜਿਹੀ ਵਿਸ਼ਾਲ ਹੋਂਦ ਦੀ ਕਾਮਯਾਬੀ ਦੇ ਝੰਡਾਬਰਦਾਰਾਂ ਵਜੋਂ ਇਕ ਦੂਜੇ ਨਾਲ ਘੁਲਮਿਲ ਜਾਣਾ ਵੀ ਸੰਭਵ ਹੋ ਗਿਆ, ਭਾਵੇਂ ਕਿ ਇਸ ਦੇ ਵੱਡੇ ਹਿੱਸਿਆਂ ਦੇ ਹਿੱਤ ਇਕ ਦੂਜੇ ਦੇ ਵਿਰੋਧੀ ਸਨ।

ਜਦੋਂ ਇਸ ਸਮੇਂ ਕਮਿਤਰਨ ਦੇ ਬੁਲਾਰੇ ਪੂਰਬ ਦੇ ਦੱਬੇ-ਕੁਚਲੇ ਲੋਕਾਂ ਨੂੰ ਮੁਖ਼ਾਤਬ ਹੋਏ ਤਾਂ ਉਹ ਕਈ ਵਾਰ ਜ਼ਾਹਰਾ ਤੌਰ 'ਤੇ ਅਤੇ ਕਈ ਵਾਰ ਸੁਤੇ-ਸਿੱਧ ਹੀ ਪੂਰਬ ਦੇ ਮੁਸਲਮਾਨ ਲੋਕਾਂ ਦੀ ਗੱਲ ਕਰ ਰਹੇ ਸਨ, ਜਿਨ੍ਹਾਂ ਨੇ ਸਰਮਾਏਦਾਰੀ ਅਤੇ ਸਾਮਰਾਜਵਾਦ ਵਿਰੁੱਧ ਸਾਂਝੇ ਘੋਲ ਵਿਚ ਇਕ ਅਹਿਮ ਭੂਮਿਕਾ ਨਿਭਾਉਣੀ ਸੀ। ਇਸ ਤੋਂ ਬਿਨ੍ਹਾ, ਲੱਗਦਾ ਹੈ ਉਨ੍ਹਾਂ ਨੇ ਆਪਣੇ ਇਸ ਹਿਸਾਬ-ਕਿਤਾਬ ਵਿਚ ਹਿੰਦੁਸਤਾਨ ਨੂੰ ਵੀ ਇਕ ਮੁਸਲਿਮ ਮੁਲਕ ਵਜੋਂ, ਜਾਂ ਘੱਟੋਘੱਟ ਮੁਸਲਿਮ ਜਗਤ ਦੇ ਇਕ ਅਹਿਮ ਹਿੱਸੇ ਵਜੋਂ, ਸ਼ੁਮਾਰ ਕਰ ਲਿਆ ਸੀ। ਕੌਮੀ-ਬਸਤੀਵਾਦੀ ਸਵਾਲਾਂ ਬਾਰੇ ਬਾਕੂ ਕਾਨਫਰੰਸ ਦੇ ਪੰਜਵੇਂ ਸੈਸ਼ਨ ਵਲੋਂ ਦਿੱਤੀ ਪੂਰਬ ਦੀ ਪ੍ਰੀਭਾਸ਼ਾ ਇਹ ਸੀ:

"ਪੂਰਬ ਕੀ ਹੈ ? .... ਪੂਰਬ ਤੋਂ ਅੱਜ ਸਾਡੀ ਮੁਰਾਦ ਏਸ਼ੀਆ ਅਤੇ ਅਫ਼ਰੀਕਾ ਦੇ ਉਤਰੀ ਸਮੁੰਦਰੀ ਕੰਢੇ, ਮੁੱਖ ਤੌਰ 'ਤੇ ਮਿਸਰ ਤੋਂ ਹੈ। ਖ਼ਾਸ ਕਰਕੇ, ਮੁਸਲਿਮ ਪੂਰਬ ਤੋਂ ਸਾਡੀ ਮੁਰਾਦ ਹੈ: ਤੁਰਕੀ, ਈਰਾਨ, ਬਲੋਚਿਸਤਾਨ, ਅਫ਼ਗਾਨਿਸਤਾਨ, ਬੁਖਾਰਾ, ਖੀਵਾ ਅਤੇ ਤੁਰਕਿਸਤਾਨ ਦੇ ਸਾਰੇ ਖੇਤਰ, ਹਿੰਦੁਸਤਾਨ, ਅਤੇ ਚੀਨ ਦੇ ਹਿੱਸੇ। ਇਹ ਸੁਭਾਵਿਕ ਹੈ, ਇਥੇ ਇਸ ਤਰ੍ਹਾਂ ਦੇ ਐਨੇ ਵਿਆਪਕ ਖੇਤਰ ਵਿਚ ਭਾਰੀ ਵਖਰੇਵੇਂ, ਕਈ ਤਰ੍ਹਾਂ ਦੀਆਂ ਜ਼ਬਾਨ ਬੋਲਦੀਆਂ ਕੌਮੀਅਤਾਂ ਦਾ ਬੇਥਾਹ ਵਚਿੱਤਰ ਗੁਲਦਸਤਾ ਹੋਵੇ, ਪਰ ਉਹ ਆਪਣੇ ਸਭਿਆਚਾਰ ਦੀਆਂ ਸਾਂਝੀਆਂ ਖ਼ਾਸੀਅਤਾਂ

ਜ਼ਰੀਏ ਇਕਜੁੱਟ ਹਨ – ਉਹ ਹੈ ਇਸਲਾਮ।"[1]

ਸੈਸ਼ਨ ਦੀ ਪ੍ਰਧਾਨਗੀ ਕਰ ਰਹੀ ਕਮੇਟੀ ਦੇ ਲਈ ਕੌਮੀ ਅਤੇ ਬਸਤੀਵਾਦੀ ਸਵਾਲਾਂ ਬਾਰੇ ਆਪਣੀ ਰਿਪੋਰਟ ਵਿਚ ਇਕ ਹੋਰ ਬੁਲਾਰੇ ਨੇ ਇਹ ਐਲਾਨ ਕਰਦਿਆਂ *ਪੂਰਬੀ* (ਭਾਵ ਏਸ਼ੀਆਈ ਅਤੇ/ਜਾਂ ਇਸਲਾਮਿਕ) ਸੰਘਰਸ਼ ਦੀ ਤੁਲਨਾ ਰੂਸੀ ਸੰਘਰਸ਼ ਨਾਲ ਕੀਤੀ: "ਜਿਹੜਾ ਧੜਵੈਲ ਸੰਘਰਸ਼ ਅਸੀਂ ਵਿੱਢਿਆ ਹੈ, ਉਸ ਵਿਚ ਪੂਰਬ ਦੇ ਲੋਕ ਹੁਣ ਤੋਂ ਸਾਡੇ ਵਫ਼ਾਦਾਰ ਸੰਗੀ ਹੋਣਗੇ। ਕਿਉਂਕਿ ਸੋਵੀਅਤ ਰੂਸ ਦੇ ਖ਼ਿਲਾਫ਼ ਜੰਗ ਇਨਕਲਾਬੀ ਪੂਰਬ ਵਿਰੁੱਧ ਜੰਗ ਹੈ ਅਤੇ ਇਸੇ ਤਰ੍ਹਾਂ ਇਸ ਤੋਂ ਉਲਟ, ਪੂਰਬ ਦੇ ਖ਼ਿਲਾਫ਼ ਜੰਗ ਸੋਵੀਅਤ ਰੂਸ ਵਿਰੁੱਧ ਜੰਗ ਹੈ।"[2] ਉਸ ਨੇ ਕੁਲ ਰੂਸੀ ਕੇਂਦਰੀ ਕਾਰਜਕਾਰੀ ਕਮੇਟੀ ਵਲੋਂ ਨਵੇਂ ਖ਼ੁਦ-ਮੁਖਤਿਆਰ ਤਤਾਰ ਸਮਾਜਵਾਦੀ ਸੋਵੀਅਤ ਗਣਰਾਜ ਦੀ ਸਥਾਪਨਾ ਕੀਤੇ ਜਾਣ ਦੀ ਪ੍ਰੋੜਤਾ ਦੀ ਖ਼ਬਰ ਦੇ ਹੁੰਗਾਰੇ ਨੂੰ "ਕਈ ਦਹਿ-ਲੱਖ ਅਬਾਦੀ ਵਾਲੇ ਪੂਰੇ ਮੁਸਲਿਮ ਜਗਤ, ਈਰਾਨ, ਅਫ਼ਗਾਨਿਸਤਾਨ, ਤੁਰਕੀ ਅਤੇ ਹਿੰਦੁਸਤਾਨ ਵਿਚ ਤਾਕਤਵਰ ਗੂੰਜਵੀਂ ਆਵਾਜ਼" ਕਿਹਾ। ਸਾਡੇ ਮੁਸਲਮਾਨ ਭਰਾਵਾਂ, ਪੂਰਬ ਦੇ ਕਿਰਤੀਆਂ ਅਤੇ ਕਿਸਾਨਾਂ, ਦੀਆਂ ਨਜ਼ਰਾਂ ਵਿਚ ਇਹ ਉਨ੍ਹਾਂ ਮਹਾਨ ਸਿਧਾਂਤਾਂ ਦੀ ਤਾਜ਼ਾ ਮਿਸਾਲ ਸੀ ਜੋ ਰੂਸੀ ਸੰਘੀ ਗਣਰਾਜ ਦੀ ਕੌਮੀ ਨੀਤੀ ਦੀ ਬੁਨਿਆਦ ਹਨ। ਪਰ ਸਰਮਾਏਦਾਰਾ ਹਕੂਮਤਾਂ ਨੂੰ ਇਹ ਗਵਾਰਾ ਨਹੀਂ ਹੈ।"[3]

ਹਿੰਦੁਸਤਾਨ ਵਿਚ ਸਰਬ-ਇਸਲਾਮਵਾਦ ਲੰਘੀ ਉੱਨੀਵੀਂ ਸਦੀ ਤੋਂ ਹੀ ਵਿਗਸ ਰਿਹਾ ਸੀ ਅਤੇ ਜਦੋਂ ਮੁਸਲਿਮ ਵਸੋਂ ਉੱਪਰ ਅਸਰ ਅੰਦਾਜ਼ ਹੋਣ ਵਾਲੀਆਂ ਆਲਮੀ ਘਟਨਾਵਾਂ ਦੀਆਂ ਖ਼ਬਰਾਂ ਦਿੰਦੀ ਹੋਈ ਉਰਦੂ ਪੱਤਰਕਾਰੀ, ਸਿਆਸੀ ਤੌਰ 'ਤੇ ਵੱਧ ਆਧੁਨਿਕ ਹੋ ਕੇ ਵਧੀ-ਫੁੱਲੀ, ਜਿਵੇਂ ਕਰੀਮੀਆ ਦੀ ਜੰਗ, 1882 ਵਿਚ ਮਿਸਰ ਉੱਪਰ ਅੰਗਰੇਜ਼ਾਂ ਦਾ ਕਬਜ਼ਾ, ਅਤੇ 1881 'ਚ ਫਰਾਂਸ ਵਲੋਂ ਟਿਊਨਿਸ਼ ਉੱਪਰ ਕਬਜ਼ਾ, ਤਾਂ ਇਹ ਹੋਰ ਵੀ ਪ੍ਰਫੁੱਲਤ ਹੋਇਆ। ਇਸ ਤੋਂ ਇਲਾਵਾ, ਜਦੋਂ ਤੋਂ ਮੁਗਲ ਤਖ਼ਤ ਖੇਰੂੰ-ਖੇਰੂੰ ਹੋਇਆ ਸੀ, ਓਦੋਂ ਤੋਂ ਹੀ ਬਰਤਾਨਵੀ ਹਿੰਦੁਸਤਾਨ ਦੇ ਮੁਸਲਮਾਨਾਂ ਨੇ ਔਟੋਮਨ ਸਲਤਨਤ ਨੂੰ ਜਜ਼ਬਾਤੀ ਠੁੰਮਣੇ ਦੇ ਰੂਪ 'ਚ ਇਸਲਾਮਿਕ ਜਗਤ ਦੀ ਸਭ ਤੋਂ ਵੱਡੀ ਬਚੀ-ਖੁਚੀ ਤਾਕਤ ਵਜੋਂ ਦੇਖਣਾ ਸ਼ੁਰੂ ਕਰ ਦਿੱਤਾ ਸੀ। ਇੰਞ ਉਹ ਔਟੋਮਨ ਸਲਤਨਤ ਦੇ ਖੇਤਰਾਂ ਉੱਪਰ ਕਿਸੇ ਵੀ ਯੂਰਪੀ ਕਬਜ਼ੇ ਨੂੰ ਪੂਰੀ ਤਰ੍ਹਾਂ ਜ਼ਾਤੀ ਮਾਮਲੇ ਵਜੋਂ ਲੈਂਦੇ ਸਨ, ਚਾਹੇ ਬਲਕਾਨ ਵਿਚ ਆਸਟਰੀਆ-ਹੰਗਰੀ ਨੇ ਕੀਤਾ ਹੋਵੇ ਜਾਂ ਕਾਕੇਸ਼ਸ ਵਿਚ ਜ਼ਾਰਸ਼ਾਹੀ ਰੂਸ ਨੇ।[4] ਖ਼ਿਲਾਫ਼ਤ ਲਹਿਰ ਦੇ ਦੋ ਮੁੱਖ ਨਿਸ਼ਾਨੇ ਸਨ ਔਟੋਮਨ ਦੀ ਸਰਜ਼ਮੀਨ ਦੀ ਆਜ਼ਾਦੀ ਅਤੇ ਖੇਤਰੀ ਸਲਾਮਤੀ ਦੀ ਰਾਖੀ ਕਰਨਾ, ਜਿਸ ਨੂੰ ਓਦੋਂ ਪਹਿਲੀ ਆਲਮੀ ਜੰਗ ਦੇ ਜੇਤੂਆਂ ਵਲੋਂ ਕਬਜ਼ੇ 'ਚ ਲਿਆ ਅਤੇ ਆਪੋ ਵਿਚ ਤਕਸੀਮ ਕੀਤਾ ਜਾ ਰਿਹਾ ਸੀ, ਅਤੇ ਅੰਗਰੇਜ਼ ਰਾਜ ਤੋਂ ਹਿੰਦੁਸਤਾਨ ਦੀ ਆਜ਼ਾਦੀ ਲਈ ਕੰਮ ਕਰਨਾ। ਜਦਕਿ ਇਨ੍ਹਾਂ ਦੋ ਨਿਸ਼ਾਨਿਆਂ ਦੀ ਸਹਿਹੋਂਦ ਦਾ ਸਿੱਟਾ ਇਨ੍ਹਾਂ ਸਵਾਲਾਂ ਵਿਚ ਨਿਕਲਿਆ ਕਿ ਹਿੰਦੁਸਤਾਨੀ ਮੁਸਲਮਾਨਾਂ ਦੀ ਬੁਨਿਆਦੀ ਸ਼ਰਧਾ ਕਿਥੇ ਮੌਜੂਦ ਹੈ, ਅਤੇ ਕੀ ਉਨ੍ਹਾਂ ਦੀ ਭਾਰੂ ਪਛਾਣ ਗ਼ੈਰ-ਹਿੰਦੁਸਤਾਨੀ ਇਸਲਾਮਿਕ ਭਾਈਚਾਰੇ ਦੇ ਹਿੱਸੇ ਵਜੋਂ ਸੀ ਜਾਂ ਗ਼ੈਰ-ਮੁਸਲਿਮ ਹਿੰਦੁਸਤਾਨੀ ਭਾਈਚਾਰੇ ਦੇ ਹਿੱਸੇ ਵਜੋਂ, ਕਿਉਂਕਿ ਉਸ ਵਕਤ ਦੀਆਂ ਆਗੂ ਖ਼ਿਲਾਫ਼ਤਵਾਦੀ ਹਸਤੀਆਂ, ਜਿਵੇਂ ਅਲੀ ਭਰਾ ਅਤੇ ਅਬੁਲ ਕਲਾਮ ਆਜ਼ਾਦ, ਲਈ ਇਹ ਪਛਾਣਾਂ ਇਕ ਦੂਜੇ ਦੀਆਂ ਪੂਰਕ ਸਨ ਨਾ ਕਿ ਟਕਰਾਵੀਂਆਂ।

ਭਾਵੇਂ ਸਰਬ-ਇਸਲਾਮਵਾਦੀ ਕਥਾ ਗ਼ਦਰ ਦੀ ਕਥਾ ਤੋਂ ਆਜ਼ਾਦਾਨਾ ਤੌਰ 'ਤੇ ਵਿਕਸਤ ਹੋਈ, ਇਨ੍ਹਾਂ ਦੋਵਾਂ ਦਾ ਕੌਮਾਂਤਰੀ ਹਿੰਦੁਸਤਾਨੀ ਰੈਡੀਕਲਵਾਦ ਦੇ ਖੇਤਰ ਦੇ ਅੰਦਰ ਵਾਰ-ਵਾਰ ਮੇਲ ਹੁੰਦਾ ਰਿਹਾ ਅਤੇ ਇਹ ਆਪਸ ਵਿਚ ਗੁੰਦੀਆਂ ਜਾਂਦੀਆਂ ਰਹੀਆਂ। ਜੋ ਲਹਿਰ ਨਸਲੀ-

ਸਭਿਆਚਾਰਕ ਬਣਤਰ ਦੇ ਪੱਖੋਂ ਭਾਰੂ ਤੌਰ 'ਤੇ ਸਿੱਖ, ਅਤੇ ਧਰਮ ਪ੍ਰਤੀ ਆਪਣੀ ਸਿਆਸੀ ਪਹੁੰਚ ਪੱਖੋਂ ਦ੍ਰਿੜਤਾ ਨਾਲ ਧਰਮਨਿਰਪੱਖ ਸੀ, ਉਸ ਲਈ ਸਿਆਸੀ ਇਸਲਾਮ ਨਾਲ ਜਾ ਮਿਲਣਾ ਸੰਭਵ, ਤਰਕਪੂਰਨ ਅਤੇ ਮਨਭਾਉਂਦਾ ਕਿਵੇਂ ਹੋ ਗਿਆ ? ਬਹੁਤ ਸਾਰੇ ਹਾਲਾਤ ਸਨ ਜਿਨ੍ਹਾਂ ਨੇ ਉਨ੍ਹਾਂ ਦੇ ਮੇਲਜੋਲ ਦੇ ਸਬੱਬ ਪੈਦਾ ਕੀਤੇ। ਪਹਿਲਾ, ਜਿਵੇਂ ਉਤਰੀ ਅਮਰੀਕੀ ਸਿੰਡੀਕਲਵਾਦ ਦੇ ਕੰਮ ਖੇਤਰ ਦਾ ਖ਼ਾਕਾ ਪੱਛਮੀ ਸਮੁੰਦਰੀ ਕੰਢੇ ਉਪਰ ਗ਼ਦਰ ਦੇ ਕੰਮ ਖੇਤਰ ਨਾਲ ਮਿਲਦਾ-ਜੁਲਦਾ ਸੀ, ਉਸੇ ਤਰ੍ਹਾਂ ਸਰਬ-ਇਸਲਾਮਵਾਦ ਦਾ ਕੰਮ ਖੇਤਰ ਵੀ ਬਹੁਤ ਸਾਰੇ ਉਨ੍ਹਾਂ ਹੀ ਭੂਗੋਲਿਕ ਥਾਵਾਂ ਉਪਰ ਸੀ – ਅਤੇ ਅੰਗਰੇਜ਼ ਸਲਤਨਤ ਨਾਲ ਇਸ ਦਾ ਢਾਂਚਾਗਤ ਰਿਸ਼ਤਾ ਵੀ ਇਸੇ ਦੇ ਅਨੁਸਾਰੀ ਸੀ – ਜਿਵੇਂ ਪੂਰਬੀ ਅਤੇ ਪੱਛਮੀ ਏਸ਼ੀਆ ਵਿਚ ਗ਼ਦਰ ਦੀਆਂ ਕਾਰਵਾਈਆਂ ਅਤੇ ਉਹ ਸਰੋਤੇ ਜਿਨ੍ਹਾਂ ਤੱਕ ਇਹ ਆਪਣਾ ਪੈਗ਼ਾਮ ਲੈ ਕੇ ਗਈ। ਪਹਿਲੀ ਆਲਮੀ ਜੰਗ ਤੋਂ ਪਹਿਲਾਂ ਅਤੇ ਇਸ ਦੇ ਦੌਰਾਨ, ਜਰਮਨੀ ਦੇ ਬਦੇਸ਼ ਦਫ਼ਤਰ ਨੇ ਅੰਗਰੇਜ਼ਾਂ ਅਤੇ ਫਰਾਂਸੀਸੀਆਂ ਦੋਵਾਂ ਦੇ ਕਬਜ਼ੇ ਹੇਠਲੀਆਂ ਬਸਤੀਆਂ ਵਿਚ ਇਸਲਾਮਵਾਦੀਆਂ, ਕਬਾਇਲੀਆਂ, ਅਤੇ/ਜਾਂ ਬਸਤੀਵਾਦੀਆਂ ਦੀ ਖ਼ਿਲਾਫ਼ਤ ਕਰਨ ਵਾਲੇ ਮੂਲ ਕੌਮਵਾਦੀ ਅਨਸਰਾਂ ਨੂੰ ਭਰਮਾ ਲਿਆ।[5] ਇਸ ਤੋਂ ਇਲਾਵਾ, ਗ਼ਦਰੀ ਅਤੇ ਸਰਬ-ਇਸਲਾਮਵਾਦੀ ਪ੍ਰੋਗਰਾਮ ਵੀ ਕੁਝ ਸਾਂਝੇ ਉਕਸਾਊ ਜਾਂ ਰੋਹ ਪੈਦਾ ਕਰਨ ਵਾਲੇ ਤੱਤਾਂ ਨੂੰ ਮਿਲਾਕੇ ਮਿਲਦੇ-ਜੁਲਦੇ ਹਾਲਾਤ ਦੇ ਹੁੰਗਾਰੇ ਵਜੋਂ ਘੜੇ ਗਏ ਸਨ। "ਪੂਰਬ" ਵਿਚ ਅੰਗਰੇਜ਼ੀ ਸ਼ਹਿਨਸ਼ਾਹੀ ਰਾਜ ਦਾ ਵਿਰੋਧ ਉਨ੍ਹਾਂ ਦਾ ਫੌਰੀ ਸਾਂਝਾ ਨਿਸ਼ਾਨਾ ਸੀ, ਵਿਰੋਧ ਜੋ ਆਪਣੇ ਅੰਤਰ-ਨਿਹਿਤ ਭਾਵ ਪੱਖੋਂ ਪੱਛਮੀ ਬਸਤੀਕਰਨ ਅਤੇ ਸਰਮਾਏਦਾਰੀ ਦੇ ਵਿਰੋਧ ਤੱਕ ਫੈਲਿਆ ਹੋਇਆ ਸੀ; ਅਤੇ ਕਈ ਵਾਰ ਤਾਂ ਇਹ ਹੋਰ ਵੀ ਅੱਗੇ ਵਧਕੇ ਸਮੁੱਚੇ ਰੂਪ 'ਚ ਉਦਾਰ ਆਧੁਨਿਕਤਾ ਤੇ ਇਸ ਦੇ ਪਦਾਰਥਵਾਦ, ਖ਼ਪਤਵਾਦ ਅਤੇ ਸਨਅਤੀਕਰਨ ਨੂੰ ਵੀ ਆਪਣੇ ਕਲਾਵੇ ਵਿਚ ਲੈ ਲੈਂਦਾ ਸੀ। ਇਨ੍ਹਾਂ ਦੇ ਵਾਰ-ਵਾਰ ਦਿੱਤੇ ਜਾਣ ਵਾਲੇ ਨਾਅਰਿਆਂ ਦੇ ਵਿਸ਼ੇ ਵੀ ਸਾਂਝੇ ਸਨ, ਜਿਵੇਂ ਬਸਤੀਵਾਦੀ ਰਾਜ ਅਤੇ ਆਰਥਕ ਲੁੱਟਖਸੁੱਟ ਦੀ ਨਿਖੇਧੀ ਮਹਿਜ਼ ਪ੍ਰਬੰਧ ਦੇ/ਢਾਂਚਾਗਤ ਰੂਪ ਵਿਚ ਹੀ ਨਹੀਂ ਸਗੋਂ ਇਸ ਦੇ ਜ਼ਾਹਰਾ ਕਪਟ, ਢੌਂਗ ਅਤੇ ਪੱਛਮੀ ਉਦਾਰਵਾਦ ਦੇ ਦੋਹਰੇ ਨਸਲੀ/ਸਭਿਆਚਾਰਕ ਮਿਆਰਾਂ ਦੀ ਇਖ਼ਲਾਕੀ ਭੰਡੀ ਅਤੇ ਇਸ ਦੇ ਨਾਲੋ-ਨਾਲ ਸ਼ਹਾਦਤ ਦੀ ਸ਼ਰਧਾ ਦੇ ਰੂਪ 'ਚ ਵੀ ਸੀ। ਕੁਝ ਲੋਕ ਦੋਵਾਂ ਲਹਿਰਾਂ ਨਾਲ ਹੀ ਜੁੜੇ ਹੋਏ ਸਨ, ਐਨਾ ਅਭੇਦ ਹੋ ਕੇ ਕਿ ਕਦੇ ਇਕ ਨਾਲ ਜਾ ਜੁੜਦੇ ਕਦੇ ਦੂਜੀ ਨਾਲ; ਖ਼ਾਸ ਤੌਰ 'ਤੇ ਮੁਹੰਮਦ ਬਰਕਤਉੱਲਾ, ਇਸੇ ਤਰ੍ਹਾਂ ਹੀ ਉਸ ਦਾ ਆਰਜ਼ੀ ਹਕੂਮਤ-ਏ-ਹਿੰਦ ਵਾਲਾ ਸਾਥੀ ਅਬਦੁੱਲਾ ਸਿੰਧੀ ਅਤੇ ਹਿਜਰਤ ਤਹਿਰੀਕ ਦੇ ਗਰਮ-ਖ਼ਿਆਲ ਵਿਦਿਆਰਥੀ।

ਅੰਤ ਵਿਚ, ਹਰੇਕ ਦੀ ਕੌਮ ਤੋਂ ਪਾਰ ਇਕ ਨਿਆਰੀ ਸੇਧ ਸੀ ਪਰ ਇਹ ਖੇਤਰੀ/ਸਿਆਸੀ ਰਾਸ਼ਟਰਵਾਦਾਂ ਦੇ ਲਾਜ਼ਮੀ ਤੌਰ 'ਤੇ ਖ਼ਿਲਾਫ਼ ਨਹੀਂ ਸੀ; ਗ਼ੈਰਖੇਤਰੀ ਪਛਾਣ ਅਤੇ ਵਫ਼ਾਦਾਰੀ ਦਾ ਸਰੋਤ, ਅਤੇ ਸਮਾਜੀ ਏਕਤਾ ਦੀ ਤਾਕਤ ਜਿਸ ਵਿਚ ਭਾਵਨਾ ਜਾਂ ਭਾਵਨਾ ਦੀ ਬਣਤਰ ਅਹਿਮ ਸੀ ਨਾ ਕਿ ਥੋਪੀ ਹੋਈ ਨਸਲੀ-ਸਭਿਆਚਾਰਕ ਸਾਂਝ। ਗ਼ਦਰ ਵਾਂਗ ਹੀ ਖ਼ਿਲਾਫ਼ਤ ਲਹਿਰ ਨੂੰ ਵੀ ਸੱਚਮੁੱਚ ਮੁਲਕ ਤੋਂ ਬਾਹਰ ਹੀ ਚਿਤਵਿਆ ਜਾ ਸਕਦਾ ਸੀ ਅਤੇ ਜਿਸਮਾਨੀ ਤੇ ਜ਼ਿਹਨੀ ਤੌਰ 'ਤੇ ਮੁਲਕ ਤੋਂ ਬਾਹਰ ਹੀ ਅਮਲ ਵਿਚ ਲਿਆਂਦਾ ਜਾ ਸਕਦਾ ਸੀ। ਭਾਵੇਂ ਹਿੰਦੁਸਤਾਨ ਦੀ ਕੌਮੀ ਮੁਕਤੀ ਇਕ ਫੌਰੀ ਨਿਸ਼ਾਨਾ ਸੀ, ਇਹ ਮਹਿਜ਼ ਵਡੇਰੇ ਮਨੋਰਥ ਦਾ ਇਕ ਹਿੱਸਾ ਹੀ ਸੀ; ਹਿੰਦੁਸਤਾਨੀ ਕੌਮੀ-ਰਾਜ ਤਸੱਵਰ ਕੀਤੇ ਜ਼ਿਕਰ ਅਧੀਨ ਭਾਈਚਾਰੇ ਦੀਆਂ ਹੱਦਾਂ ਨਾਲ ਲਾਜ਼ਮੀ ਤੌਰ 'ਤੇ ਮੇਲ ਨਹੀਂ ਸੀ ਖਾਂਦਾ, ਨਾ ਹੀ ਇਸ ਦੀ ਕਰਮ ਭੂਮੀ ਇਸ ਦੇ ਅੰਦਰ ਮੌਜੂਦ ਹੈ।

ਲਿਹਾਜ਼ਾ ਭਾਵੇਂ ਦਾਅਪੇਚਕ ਪੱਧਰ 'ਤੇ ਅਜਿਹੀ ਸਾਂਝ ਦੇ ਉਪਯੋਗੀ ਕਾਰਨ ਪਏ ਸਨ,

ਹਿੰਦੁਸਤਾਨ ਦੇ ਬਦੇਸ਼ਾਂ ਵਿਚਲੇ ਬਸਤੀਵਾਦ ਵਿਰੋਧੀ ਰੈਡੀਕਲਵਾਦ ਅਤੇ ਸਰਬ-ਇਸਲਾਮਵਾਦ ਦਾ ਮੇਲ, ਘੱਟੋਘੱਟ ਉਨ੍ਹਾਂ ਥਾਵਾਂ 'ਤੇ ਜਿਥੇ ਇਹ ਸਭ ਤੋਂ ਵੱਧ ਟਿਕਾਊ ਅਤੇ ਕਾਮਯਾਬ ਸੀ, ਕਾਫ਼ੀ ਢੁੱਕਵੇਂਪਣ ਦੀ ਹੱਦ ਤੱਕ ਉਪਯੋਗੀ ਤੋਂ ਪਾਰ ਚਲਾ ਗਿਆ। ਜੰਗ ਤੋਂ ਪਹਿਲਾਂ ਇਨਕਲਾਬੀ ਰਾਸ਼ਟਰਵਾਦੀ ਸਰਗਰਮੀਆਂ ਨਾਲ ਸਬੰਧਤ ਗ਼ਦਰ ਨਾਲ ਸਭ ਤੋਂ ਵੱਧ ਨੇੜਿਓਂ ਜੁੜੇ ਖ਼ਾਸ ਤਰ੍ਹਾਂ ਦੇ ਸਰਬ-ਇਸਲਾਮਵਾਦੀਆਂ ਦਾ ਝੁਕਾਅ ਉਨ੍ਹਾਂ ਵੱਲ ਰਿਹਾ ਜੋ ਉਦਾਰ, ਧਰਮਨਿਰਪੱਖ ਪ੍ਰੋਜੈਕਟਾਂ ਪ੍ਰਤੀ ਹਮਦਰਦੀ ਰੱਖਦੇ ਸਨ, ਜਿਵੇਂ ਤੁਰਕੀ ਜਾਂ ਈਰਾਨ ਵਿਚ, ਜਦਕਿ ਜਿਹੜੇ ਗ਼ਦਰ ਦੇ ਜੰਗ ਤੋਂ ਪਿੱਛੋਂ ਦੇ ਕਮਿਊਨਿਸਟ ਰੂਪ ਨਾਲ ਜੁੜੇ ਹੋਏ ਸਨ ਉਨ੍ਹਾਂ ਵਲੋਂ 1920ਵਿਆਂ ਦੇ ਸ਼ੁਰੂ ਵਿਚ ਖ਼ਿਲਾਫ਼ਤ ਲਹਿਰ ਦੀ ਚੜ੍ਹਤ ਸਮੇਂ ਸਮਾਜਵਾਦ ਦੇ ਭਿੰਨ-ਮਤੀਏ ਖ਼ਿਆਲਾਂ ਦਾ ਪ੍ਰਗਟਾਵਾ ਇਸਲਾਮਿਕ ਮੁਹਾਵਰੇ ਵਿਚ ਹੋਇਆ। ਜਿਨ੍ਹਾਂ ਦੇ ਸਰਬ-ਇਸਲਾਮਵਾਦ ਨੇ ਵਧੇਰੇ ਰਵਾਇਤੀ ਜਾਂ ਮੁੜ-ਸੁਰਜੀਤੀਵਾਦੀ ਸ਼ਕਲ ਅਖ਼ਤਿਆਰ ਕੀਤੀ ਉਨ੍ਹਾਂ ਦਾ ਗ਼ਦਰੀ ਇਨਕਲਾਬੀਆਂ ਨਾਲ ਰਿਸ਼ਤਾ ਵੱਧ ਪੇਤਲਾ ਜਾਂ ਟਕਰਾਓ ਵਾਲਾ ਸੀ। ਇਹ ਸਾਰਾ ਇਸ ਖ਼ਿਆਲ ਨੂੰ ਮਜ਼ਬੂਤੀ ਬਖ਼ਸ਼ਣ ਦੇ ਹੱਕ 'ਚ ਜਾਂਦਾ ਹੈ ਕਿ ਇਸਲਾਮਵਾਦ ਦਾ ਸੰਵਾਦ, ਮੁਹਾਵਰਾ, ਜਾਂ ਸ਼ਬਦ-ਗਿਆਨ, ਖੱਬੇਵਾਦ ਜਾਂ ਰਾਸ਼ਟਰਵਾਦ ਦੇ ਅੰਦਰੂਨੀ ਤੌਰ 'ਤੇ ਟਕਰਾਓ ਵਾਲੇ ਸੰਵਾਦਾਂ ਦੀ ਤਰ੍ਹਾਂ, ਵਿਚਾਰਧਾਰਕ ਬਿਆਨਾਂ ਦੀ ਇਕ ਲੜੀ ਦਾ ਇਜ਼ਹਾਰ ਕਰਨ ਦੇ ਸਮਰੱਥ ਸੀ; ਅਤੇ ਕਿ ਗ਼ਦਰ ਨੂੰ ਜਥੇਬੰਦ ਕਰਨ ਵਾਲਿਆਂ ਅਤੇ ਸਿਧਾਂਤਕਾਰਾਂ ਨੇ ਵੱਖੋ-ਵੱਖਰੇ ਸਿਆਸੀ ਪਾਤਰਾਂ ਨਾਲ ਨਾਤਾ ਜੋੜਨ ਪੱਖੋਂ ਦੂਜਿਆਂ ਨੂੰ ਆਪਣੇ ਵਿਚ ਸਮੋਣ ਦੀ ਬੇਤਹਾਸ਼ਾ ਤੱਤਪਰਤਾ ਦਿਖਾਉਂਦੇ ਹੋਏ ਆਪਣੇ ਸਭ ਤੋਂ ਵੱਧ ਅਰਥਪੂਰਨ ਗੱਠਜੋੜਾਂ ਅੰਦਰ ਵਿਚਾਰਧਾਰਾ ਅਤੇ ਦਸਤੂਰ ਦੀ ਇਕਸਾਰਤਾ ਬਣਾਈ ਰੱਖੀ। ਫ਼ਰਕਾਂ ਦੇ ਹੁੰਦਿਆਂ ਵੀ ਨਿਸ਼ਚੇ ਹੀ ਤੱਤ ਨਾਲੋਂ ਭਾਸ਼ਾ ਦਾ ਵਖਰੇਵਾਂ ਵਧੇਰੇ ਸੀ। ਗ਼ਦਰ, ਅਤੇ ਜਿਨ੍ਹਾਂ ਇਸਲਾਮਵਾਦੀਆਂ ਨਾਲ ਗ਼ਦਰੀਆਂ ਨੇ ਮਿਲਕੇ ਕੰਮ ਕੀਤਾ, ਦੋਵਾਂ ਦਾ ਜ਼ੋਰ ਸਿਆਸੀ ਸਵੈ-ਨਿਰਣੇ, ਭਰਪੂਰ ਸਮਾਜੀ ਨਿਆਂ ਅਤੇ ਆਲਮੀ ਪੱਧਰ 'ਤੇ ਆਰਥਕ ਮੁੜ-ਵੰਡ ਦੇ ਸਦਾਚਾਰ ਉਪਰ ਸੀ।

## ਮੁੱਢਲੇ ਸੰਕੇਤ

ਭਾਵੇਂ ਵੀਹਵੀਂ ਸਦੀ ਦੇ ਪਹਿਲੇ ਦਹਾਕੇ 'ਚ ਜ਼ਿਆਦਾਤਰ ਸਵਦੇਸੀ ਲੜਾਕੂ ਦੀ ਚੱਸ ਬੇਤਹਾਸ਼ਾ ਹਿੰਦੂ ਮੁੜ-ਸੁਰਜੀਤੀਵਾਦੀ ਹੋਣ ਕਾਰਨ ਹਿੰਦੁਸਤਾਨ ਵਿਚ ਮੁਸਲਮਾਨਾਂ ਦੀ ਸ਼ਮੂਲੀਅਤ ਥੋੜ੍ਹੀ ਰਹੀ, ਫਿਰ ਵੀ ਕੁਝ ਕੁ ਸਿਆਸੀ ਰੰਗ 'ਚ ਰੰਗੇ ਮੁਸਲਮਾਨ, ਜਿਨ੍ਹਾਂ ਵਿਚ ਅਬੁਲ ਕਲਾਮ ਆਜ਼ਾਦ ਸਭ ਤੋਂ ਸਿਰਕੱਢ ਸੀ, ਬੰਗਾਲੀ ਇਨਕਲਾਬੀ ਲਹਿਰ ਨਾਲ ਜੁੜੇ ਹੋਏ ਸਨ, ਖ਼ਾਸ ਕਰਕੇ ਘੱਟ ਸੰਕੀਰਣ ਅਤੇ ਥੋੜ੍ਹਾ ਵੱਧ ਕੌਮਾਂਤਰੀਵਾਦੀ ਯੁਗਾਂਤਰ ਗਰੁੱਪ[6] ਨਾਲ। ਇਸੇ ਦੌਰਾਨ ਯੂਰਪ ਦੇ ਸਿਆਸੀ ਕੇਂਦਰਾਂ ਵਿਚ ਹਿੰਦੁਸਤਾਨੀ ਇਨਕਲਾਬਪਸੰਦ, ਮੁਸਲਿਮ ਸਭਿਆਚਾਰਕ ਪਿਛੋਕੜ ਵਾਲੇ ਉਦਾਰ, ਅਗਾਂਹਵਧੂ ਰਾਸ਼ਟਰਵਾਦੀਆਂ ਨੂੰ ਆਪਣੇ ਨਾਲ ਜੁੜਨ ਲਈ ਸੈਨਤਾਂ ਮਾਰ ਰਹੇ ਸਨ। ਜਿਹੜੇ ਦੋਸਤਾਨਾ ਰਿਸ਼ਤੇ ਬੰਗਾਲ ਜਾਂ ਮਹਾਰਾਸ਼ਟਰ ਵਿਚ ਅਸੰਭਵ ਰਹੇ ਸਨ ਉਹ ਇੰਗਲੈਂਡ ਵਿਚ ਸੰਭਵ ਜਾਪਦੇ ਸਨ। ਮਸਲਨ, ਨਾਭਾ ਰਿਆਸਤੀ ਫ਼ੌਜ ਦੇ ਪ੍ਰਮੁੱਖ ਕਮਾਂਡਰ ਦੇ ਫਰਜ਼ੰਦ ਨੌਜਵਾਨ ਰਫ਼ੀਕ ਮੁਹੰਮਦ ਖਾਨ ਦਾ ਮਾਮਲਾ ਲੈ ਲਓ। ਜੋ 1907 'ਚ ਇੰਗਲੈਂਡ ਦੇ ਰਾਇਲ ਖੇਤੀਬਾੜੀ ਕਾਲਜ ਵਿਚ ਪੜ੍ਹਾਈ ਕਰਨ ਲਈ ਵਜ਼ੀਫ਼ਾ ਹਾਸਲ ਕਰਨ 'ਚ ਕਾਮਯਾਬ ਹੋਇਆ। 1908 ਦੀਆਂ ਗਰਮੀਆਂ ਦੀਆਂ ਛੁੱਟੀਆਂ ਵਿਚ ਉਹ ਲੰਦਨ ਵਿਚ (ਘੋਰ ਹਿੰਦੂ) ਵੀ.ਡੀ. ਸਾਵਰਕਰ ਅਤੇ ਉਸ ਦੇ ਟੋਲੇ ਵਰਗੇ "ਇੰਤਹਾਪਸੰਦਾਂ" ਦੀ ਸੰਗਤ ਵਿਚ

ਪੈ ਗਿਆ। ਜਦੋਂ ਖਾਨ ਬਰਸਾਤ ਵਿਚ ਮੁੜ ਸਕੂਲ ਗਿਆ, ਉਸ ਤੇ ਉਸ ਦੇ ਦੋਸਤ ਹਰਨਾਮ ਸਿੰਘ ਲਈ "ਗ਼ਦਰ ਦਾ ਬਿੱਲਾ ਲਗਾਇਆ ਹੋਣ ਕਾਰਨ ਮੁਸ਼ਕਲ ਖੜ੍ਹੀ ਹੋ ਗਈ" – ਜੋ 10 ਮਈ ਦੇ ਦਿਨ ਇੰਡੀਆ ਹਾਊਸ ਵਿਖੇ 1857 ਦੇ ਮਹਾਨ ਗ਼ਦਰ ਦੀ ਵਰ੍ਹੇਗੰਢ ਮਨਾਏ ਜਾਣ ਸਮੇਂ ਹਾਜ਼ਰੀਨ ਨੂੰ ਲਗਾਉਣ ਲਈ ਦਿੱਤੇ ਗਏ ਸਨ। ਵਜ਼ੀਫ਼ਾ ਵਾਪਸ ਲਏ ਜਾਣ ਕਾਰਨ, ਖਾਨ ਨੇ ਸਕੂਲ ਛੱਡ ਦਿੱਤਾ ਅਤੇ ਇਸ ਦੀ ਬਜਾਏ ਰੀਡਿੰਗ ਵਿਚ ਇਕ ਡੇਅਰੀ ਸੰਸਥਾ ਵਿਖੇ ਦਾਖ਼ਲਾ ਲੈ ਲਿਆ।[7] ਪਰ ਅਗਲੇ ਸਾਲ ਦੀਆਂ ਛੁੱਟੀਆਂ ਵਿਚ ਉਸ ਨੇ "ਲੰਦਨ ਦੀ ਮੋਹਰੀ ਟੋਲੀ ਨਾਲ ਆਪਣੀ ਨੇੜਤਾ ਮੁੜ ਜੋੜ ਲਈ, ਅਤੇ ਉਨ੍ਹਾਂ ਦੇ ਕੰਮਾਂ ਵਿਚ ਨੀਝ ਤੇ ਹਮਦਰਦੀ ਨਾਲ ਰੁਚੀ ਲੈਣ ਲੱਗਿਆ।" ਜਦੋਂ ਸਾਵਰਕਰ ਉਪਰ ਮੁਕੱਦਮਾ ਚੱਲ ਰਿਹਾ ਸੀ, ਖਾਨ ਅਦਾਲਤ ਵਿਚ ਉਸ ਦੇ ਮਾਮਲੇ ਦੀ ਸੁਣਵਾਈ ਵਿਚ ਸ਼ਾਮਲ ਹੋਇਆ ਅਤੇ ਪਿੱਛੋਂ ਉਸ ਨਾਲ ਜੇਲ੍ਹ ਅੰਦਰ ਜਾ ਕੇ ਮੁਲਾਕਾਤ ਵੀ ਕੀਤੀ। ਉਹ ਪੈਰਿਸ ਵਿਚ ਵੀ.ਵੀ.ਐੱਸ. ਆਇਰ ਅਤੇ ਚੱਟੋਪਾਧਿਆਏ ਨੂੰ ਵੀ ਮਿਲਿਆ ਅਤੇ ਉਸ ਨੂੰ "ਲੰਦਨ ਦੇ ਅਰਾਜਕਤਾਵਾਦੀ ਆਪਣੀ ਜਥੇਬੰਦੀ ਦਾ ਇਕ ਅਹਿਮ ਮੈਂਬਰ ਸਮਝਦੇ ਸਨ.... ਜੋ ਪੂਰੀ ਤਰ੍ਹਾਂ ਵੀ.ਡੀ. ਸਾਵਰਕਰ ਦੇ ਪ੍ਰਭਾਵ ਹੇਠ ਸੀ।"[8]

ਅਸਲ ਵਿਚ, ਬਦੇਸ਼ਾਂ ਵਿਚ ਰਹਿੰਦੇ ਇਨਕਲਾਬੀਆਂ ਨੇ ਗ਼ੈਰ-ਹਿੰਦੁਸਤਾਨੀ ਮੁਸਲਿਮ ਹਲਕਿਆਂ ਨਾਲ ਸਰਗਰਮ ਗੱਠਜੋੜ ਬਣਾਉਣ ਵਿਚ ਇਸ ਉਮੀਦ ਨਾਲ ਰੁਚੀ ਲਈ ਕਿ ਇਸ ਨਾਲ ਉਹ ਅਜਿਹੇ ਸਵਾਲਾਂ ਜ਼ਰੀਏ ਹਿੰਦੁਸਤਾਨੀ ਮੁਸਲਮਾਨਾਂ ਨੂੰ ਪਿੱਛੇ ਆਪਣੇ ਮੁਲਕ ਵਿਚ ਭਰਮਾਕੇ ਲਹਿਰ ਵਿਚ ਖਿੱਚ ਲੈਣਗੇ, ਜਿਵੇਂ "ਈਰਾਨ ਦਾ ਸਵਾਲ", ਮਤਲਬ ਅੰਗਰੇਜ਼ੀ ਰਾਜ ਅਤੇ ਰੂਸ ਦੇ ਰਸੂਖ਼ ਵਾਲੇ ਖਿੱਤਿਆਂ ਦੀ ਮੁਕਾਬਲੇਬਾਜ਼ੀ ਤਹਿਤ ਇਸ ਖਿੱਤੇ ਦੀ ਅਧੀਨ ਹੈਸੀਅਤ ਦੌਰਾਨ ਈਰਾਨ ਵਿਚ ਤਾਜ਼ਾ ਸੰਵਿਧਾਨਕ ਰੱਦੋਬਦਲ; ਦੂਜੇ ਲਫ਼ਜ਼ਾਂ ਵਿਚ, ਬਦੇਸ਼ਾਂ ਵਿਚ ਰਹਿ ਰਹੇ ਇਨਕਲਾਬੀਆਂ ਨੇ ਸਰਬ-ਇਸਲਾਮਵਾਦ ਦੀਆਂ ਭਾਵਨਾਵਾਂ ਨੂੰ ਹਿੰਦੁਸਤਾਨੀ ਰਾਸ਼ਟਰਵਾਦ ਦੀ ਪ੍ਰੇਰਨਾ ਵਜੋਂ ਇਸਤੇਮਾਲ ਕੀਤਾ। ਇਹ ਲੰਦਨ ਦੀ "ਮੁਸਲਿਮ ਮਜਲਿਸ" ਵਿਖੇ ਉਹ ਤਾਰਾਂ ਪੜ੍ਹਕੇ ਸੁਣਾਉਣ ਦੇ ਮਕਸਦਾਂ ਵਿੱਚੋਂ ਇਕ ਸੀ ਜਿਨ੍ਹਾਂ ਵਿਚ ਚੱਟੋਪਾਧਿਆਏ ਤੇ ਮਦਾਮ ਕਾਮਾ ਵਲੋਂ ਈਰਾਨੀਆਂ ਅਤੇ ਮਿਸਰੀਆਂ ਤੋਂ ਇਕਮੁੱਠਤਾ ਦੇ ਪੈਗ਼ਾਮ ਹਾਸਲ ਕਰਨ ਦੀ ਅਰਜ਼ ਕੀਤੀ ਗਈ ਸੀ ਜੋ ਆਪੋ ਆਪਣੀ ਸਰਜ਼ਮੀਨ ਵਿਚ ਅੰਗਰੇਜ਼ ਦੀ ਦਖ਼ਲਅੰਦਾਜ਼ੀ ਵਿਰੁੱਧ ਰੋਸ ਪ੍ਰਗਟਾ ਰਹੇ ਸਨ।[9]

ਲੰਦਨ ਅਤੇ ਪੈਰਿਸ ਨਾਲ ਜੁੜਨ ਦੇ ਬੰਗਾਲੀ ਜ਼ਰੀਏ ਦੇ ਨਾਲ ਨਾਲ ਗ਼ਦਰ ਅਤੇ ਬੀ.ਆਈ.ਸੀ. (ਬਰਲਿਨ ਇੰਡੀਆ ਕਮੇਟੀ) ਨਾਲ ਜੁੜਨ ਵਾਲਾ ਇਕ ਹੋਰ ਅਹਿਮ ਜ਼ਰੀਆ, 1907 ਦੇ ਪੰਜਾਬੀ ਅੰਦੋਲਨਕਾਰੀਆਂ ਦੀ ਈਰਾਨ 'ਚ ਜਲਾਵਤਨੀ ਦੀ ਮਾਰਫ਼ਤ ਬਣਿਆ। ਜੋ ਅੱਗੇ ਜੰਗ ਦੇ ਦੌਰਾਨ ਅਤੇ ਇਸ ਤੋਂ ਪਿੱਛੋਂ ਇਸਤਾਂਬੁਲ ਤੇ ਸੋਵੀਅਤ ਕੇਂਦਰੀ ਏਸ਼ੀਆ ਦਰਮਿਆਨ ਚੱਲ ਰਹੇ ਸੰਪਰਕਾਂ ਦੇ ਤਾਣੇਬਾਣੇ ਨਾਲ ਜਾ ਜੁੜਿਆ। ਅਜੀਤ ਸਿੰਘ, ਸੂਫੀ ਅੰਬਾ ਪ੍ਰਸਾਦ ਅਤੇ ਐੱਮ.ਪੀ.ਟੀ. ਅਚਾਰੀਆ ਇਸ ਸਿਲਸਿਲੇ ਦੀਆਂ ਮਜ਼ਬੂਤ ਕੜੀਆਂ ਸਨ। ਅਜੀਤ ਸਿੰਘ ਅਤੇ ਅੰਬਾ ਪ੍ਰਸਾਦ ਉਨ੍ਹਾਂ ਅੰਦੋਲਨਕਾਰੀਆਂ ਵਿੱਚੋਂ ਸਭ ਤੋਂ ਉੱਘੇ ਸਨ ਜਿਨ੍ਹਾਂ ਨੂੰ 1907 ਦੀ ਬਗ਼ਾਵਤ ਨੂੰ ਜਬਰ ਦਾ ਨਿਸ਼ਾਨਾ ਬਣਾਏ ਜਾਣ ਵਕਤ ਜਲਾਵਤਨ ਕਰ ਦਿੱਤਾ ਗਿਆ ਸੀ।[10] ਫਿਰ ਉਹ ਬਦੇਸ਼ ਵਿਚ ਸਿਆਸੀ ਕੇਂਦਰ ਬਣਾਉਣ ਲਈ ਈਰਾਨ ਵਿਚ ਜਾ ਵਸੇ। ਨਜਫ ਨਾਂ ਦੇ ਤੁਰਕੀ ਅਖ਼ਬਾਰ ਵਿਚ ਕਈ ਵਰ੍ਹੇ ਪਿੱਛੋਂ ਛਪੇ ਇਕ ਲੇਖ ਮੁਤਾਬਿਕ, ਬੁਸ਼ਹਿਰ ਵਿਖੇ ਬਰਤਾਨਵੀ ਕੌਂਸਲ ਨੇ "ਸੂਫ਼ੀ" ਨੂੰ ਫੜਨ ਲਈ 1000 ਰੁਪਏ ਦਾ ਇਨਾਮ ਰੱਖਿਆ ਸੀ। ਪਰ ਵਕਤ ਸਿਰ ਚੌਕੰਨਾ ਕਰ ਦਿੱਤੇ ਜਾਣ ਕਾਰਨ ਉਹ ਉਸ ਇਲਾਕੇ ਦੇ ਕੁਝ ਹਮਦਰਦਾਂ ਦੀ ਮਦਦ ਨਾਲ ਰਾਤ ਵੇਲੇ

ਜ਼ੋਰਦਾਰ ਮੀਂਹ ਦੌਰਾਨ ਅਜੀਤ ਸਿੰਘ ਨੂੰ ਨਾਲ ਲੈ ਕੇ ਉਥੋਂ ਖਿਸਕ ਗਿਆ ਸੀ। ਅਜੀਤ ਸਿੰਘ ਉਥੇ ਹੀ ਟਿਕਿਆ ਰਿਹਾ, "ਜਿਸ ਬਾਰੇ ਮੰਨਿਆ ਜਾਂਦਾ ਹੈ ਕਿ ਉਹ ਉਨ੍ਹਾਂ ਵਿੱਚੋਂ ਇਕ ਹੈ ਜਿਨ੍ਹਾਂ ਦਾ ਨਿਸ਼ਾਨਾ ਹਿੰਦੁਸਤਾਨ ਨੂੰ ਮੁਕਤ ਕਰਾਉਣਾ ਹੈ," ਜਦਕਿ ਪ੍ਰਸਾਦ ਇਕ ਸ਼ਰੀਆ ਸਕੂਲ ਵਿਚ ਪੜ੍ਹਾਉਣ ਅਤੇ *ਹਯਾਤ* ਅਖ਼ਬਾਰ ਕੱਢਣ ਲਈ ਸ਼ਿਰਾਜ਼ ਚਲਾ ਗਿਆ, ਜਿਸ ਲਈ "ਉਹ ਕਲਮ ਦਾ ਧਨੀ" ਸੀ।[11] ਪਰ ਇਸ ਨਾਲ ਉਹ ਨਾ ਚਾਹੁੰਦਿਆਂ ਹੋਇਆਂ ਸ਼ਿਰਾਜ਼ ਦੇ ਅੰਗਰੇਜ਼ ਕੌਂਸਲਖ਼ਾਨੇ ਦੀਆਂ ਨਜ਼ਰਾਂ 'ਚ ਆ ਗਿਆ। ਅਤੇ ਛੇਤੀ ਹੀ ਉਹ ਦੁਬਾਰਾ ਲੋੜੀਂਦੇ ਬੰਦਿਆਂ ਦੀ ਸੂਚੀ ਵਿਚ ਸ਼ੁਮਾਰ ਹੋ ਗਿਆ। ਲਿਹਾਜ਼ਾ ਉਹ ਮੁੜ ਰਫ਼ੂਚੱਕਰ ਹੋ ਗਿਆ, ਅਤੇ ਕੁਝ ਵਕਤ ਲਈ ਉਸ ਦੇ ਥਹੁ-ਟਿਕਾਣੇ ਦਾ ਕੋਈ ਪਤਾ ਨਾ ਲੱਗਿਆ।

ਫਰਵਰੀ 1911 ਦੀ ਇਕ ਰਿਪੋਰਟ ਨੇ ਖੁਲਾਸਾ ਕੀਤਾ ਕਿ ਗ਼ੁਲਾਮ ਹੁਸੈਨ ਉਰਫ਼ ਠਾਕੁਰ ਦਾਸ ਅਕਤੂਬਰ 1909 'ਚ ਬੁਸ਼ਹਿਰ ਵਿਚ ਅਜੀਤ ਸਿੰਘ ਅਤੇ ਅੰਬਾ ਪ੍ਰਸਾਦ ਨੂੰ ਆ ਮਿਲਿਆ ਸੀ। ਜੋ ਪਹਿਲਾਂ ਅਮਰੀਕਾ ਵਿਚ ਪੱਛਮੀ ਸਮੁੰਦਰੀ ਕੰਢੇ ਦੇ ਰੈਡੀਕਲਾਂ ਨਾਲ ਜੁੜਿਆ ਰਿਹਾ ਸੀ। ਉਸ ਦੀ ਪੈੜ ਕਾਂਸਤਨੋਪਲ 'ਚ ਜਾ ਨਿਕਲੀ, ਜਿਥੇ "ਉਹ ਹਿੰਦੁਸਤਾਨੀ ਮਾਮਲਿਆਂ ਬਾਬਤ **ਕਪ** (ਕਮੇਟੀ ਆਫ ਯੂਨੀਅਨ ਐਂਡ ਪ੍ਰਾਗਰੈਸ) ਦਾ ਹੋਕਾ ਦਿੰਦਾ ਰਿਹਾ ਸੀ"।[12] ਫਿਰ ਉਹ ਅਜੀਤ ਸਿੰਘ ਨਾਲ ਪੈਰਿਸ ਚਲਾ ਗਿਆ, ਜੋ ਓਦੋਂ ਆਪਣੇ ਈਰਾਨੀ ਨਾਂ ਮਿਰਜ਼ਾ ਹਸਨ ਖਾਨ ਹੇਠ ਸਫ਼ਰ ਕਰ ਰਿਹਾ ਸੀ। ਦਸੰਬਰ 1910 'ਚ ਦੇਖਿਆ ਗਿਆ ਕਿ ਉਹ ਚੱਟੋਪਾਧਿਆਏ ਦੇ ਫਲੈਟ ਵਿਚ ਰਹਿ ਰਿਹਾ ਸੀ ਅਤੇ ਰਾਣਾ ਦੇ ਦਫ਼ਤਰ ਨਾਲ ਨੇੜਿਓਂ ਜੁੜਕੇ ਕੰਮ ਕਰ ਰਿਹਾ ਸੀ। ਸਪਸ਼ਟ ਤੌਰ 'ਤੇ ਉਸ ਨੂੰ ਪੈਰਿਸ ਦੇ ਇਨਕਲਾਬੀ ਹਲਕੇ ਦਾ ਹਿੱਸਾ ਮੰਨ ਲਿਆ ਗਿਆ ਸੀ। ਉਸ ਨੇ ਉਨ੍ਹਾਂ ਦਾ ਇੱਥੋਂ ਤੱਕ "ਵਿਸ਼ਵਾਸ ਜਿੱਤ ਲਿਆ ਕਿ ਉਹ ਬਹੁਤ ਸਿਰਲੱਥ ਆਦਮੀ ਹੈ ਤੇ ਅਗਸਤ 1911 'ਚ ਉਨ੍ਹਾਂ ਨੇ "ਪ੍ਰਸ਼ਾਂਤ ਸਾਗਰ ਦੇ ਕੰਢੇ ਉਪਰ ਰਹਿੰਦੇ ਸਿੱਖ ਕਿਰਤੀਆਂ 'ਚ ਬਗ਼ਾਵਤ ਦਾ ਪ੍ਰਚਾਰ ਕਰਨ ਦਾ ਮਿਸ਼ਨ" ਉਸ ਨੂੰ ਸੌਂਪ ਦਿੱਤਾ।[13]

ਦਰਅਸਲ, ਅਜੀਤ ਸਿੰਘ ਨੇ ਦੁਨੀਆ ਭਰ ਵਿਚ ਬਹੁਤ ਸਾਰੇ ਹੋਰ ਇਨਕਲਾਬੀਆਂ ਦੀਆਂ ਲਹਿਰਾਂ ਨੂੰ ਅਗਵਾਈ-ਸੇਧ ਦੇਣ ਅਤੇ ਉਨ੍ਹਾਂ ਦਾ ਕੰਮ ਸੌਖਾ ਕਰਨ 'ਚ ਕੁੰਜੀਵਤ ਭੂਮਿਕਾ ਨਿਭਾਈ। ਮਸਲਨ, ਜੋਧ ਸਿੰਘ ਨੂੰ ਬਰਾਜ਼ੀਲ (ਅਤੇ ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਹਰਦਿਆਲ ਨੂੰ ਉਤਰੀ ਅਮਰੀਕਾ) ਉਸੇ ਦੇ ਸੁਝਾਅ 'ਤੇ ਭੇਜਿਆ ਗਿਆ ਸੀ। ਚੱਟੋਪਾਧਿਆਏ ਨੂੰ ਇਹ ਸਲਾਹ ਵੀ ਉਸੇ ਨੇ ਦਿੱਤੀ ਸੀ ਕਿ ਉਹ ਨਵੰਬਰ 1911 'ਚ ਅਚਾਰੀਆ ਨੂੰ ਏਲਚੀ ਵਜੋਂ ਕਾਂਸਤਨੋਪਲ ਭੇਜਣ। ਅਜੀਤ ਸਿੰਘ ਨੇ ਸੁਝਾਅ ਦਿੱਤਾ ਕਿ ਉਥੇ ਅੰਗਰੇਜ਼ੀ ਪੜ੍ਹਾਕੇ ਉਹ ਆਪਣਾ ਖ਼ਰਚਾ ਚਲਾ ਸਕਦਾ ਸੀ। ਉਸ ਨੇ ਅਚਾਰੀਆ ਦਾ ਤੁਆਰਫ਼ ਕਰਾਉਂਦੇ ਆਪਣੇ ਬਹੁਤ ਸਾਰੇ ਮਿੱਤਰਾਂ ਅਤੇ ਸੰਪਰਕਾਂ ਦੇ ਨਾਂ ਖ਼ਤ ਲਿਖਕੇ ਉਸ ਨੂੰ ਦਿੱਤੇ। ਖ਼ੁਫ਼ੀਆ ਮਹਿਕਮੇ ਦੀ ਰਿਪੋਰਟ ਅਨੁਸਾਰ, "ਜਾਪਦਾ ਹੈ ਕਿ ਮੱਕਾ ਤੇ ਕਰਬਲਾ ਜਾ ਕੇ ਹਿੰਦੁਸਤਾਨੀ ਮੁਸਲਮਾਨਾਂ ਵਿਚ ਦੇਸ਼ਧ੍ਰੋਹ ਫੈਲਾਉਣ ਦੀ ਵਿਉਂਤ (ਜਿਸ ਬਾਰੇ ਕੁਝ ਵਕਤ ਪਹਿਲਾਂ ਪੈਰਿਸ ਗ੍ਰੋਹ ਨੇ ਵਿਚਾਰ-ਚਰਚਾ ਕੀਤੀ ਸੀ) ਨੂੰ ਨੇਪਰੇ ਚਾੜ੍ਹਨਾ *[ਅਚਾਰੀਆ]* ਦੇ ਮਨੋਰਥਾਂ ਵਿੱਚੋਂ ਇਕ ਹੈ। ਜ਼ਾਹਿਰ ਹੈ ਕਿ ਉਸ ਨੂੰ ਇਸ ਖ਼ਾਤਰ ਤੁਰਕੀ ਦੇ ਏਜੰਟ ਹਾਸਲ ਕਰ ਲੈਣ ਦੀ ਉਮੀਦ ਸੀ।"[14] ਪਰ ਜਾਣ-ਪਛਾਣ ਵਾਲਿਆਂ ਤੋਂ ਉਸ ਨੂੰ ਬਹੁਤੀ ਮਦਦ ਨਾ ਮਿਲੀ। ਉਨ੍ਹਾਂ ਵਿੱਚੋਂ ਦੋ ਸ਼ਹਿਰ ਤੋਂ ਬਾਹਰ ਗਏ ਹੋਏ ਸਨ, ਅਤੇ ਬਾਕੀ ਮਦਦ ਕਰਨ ਲਈ ਉਤਸੁਕ ਨਹੀਂ ਸਨ। ਇੱਕੋ ਇਕ ਪ੍ਰਭਾਵੀ ਮਦਦਗਾਰ ਸਿੱਖਿਆ-ਵਿਗਿਆਨੀ ਅਤੇ ਪੱਤਰਕਾਰ ਸਈਯਦ ਮੁਹੰਮਦ ਤਫ਼ੀਕ ਸੀ, ਜੋ ਕਾਂਸਤਨੋਪਲ ਵਿਚ ਈਰਾਨੀ ਸਕੂਲ ਦਾ ਮੁੱਖ ਅਧਿਆਪਕ, ਕਈ ਤੁਰਕੀ ਅਖ਼ਬਾਰਾਂ ਦਾ ਅਨੁਵਾਦਕ ਅਤੇ *ਸ਼ਮਸ* ਦਾ ਸੰਪਾਦਕ

ਸੀ। ਉਹ ਥੋੜ੍ਹਾ ਵਕਤ ਹੈਦਰਾਬਾਦ ਵੀ ਰਿਹਾ ਸੀ ਅਤੇ ਇਟਲੀ ਨਾਲ ਤੁਰਕੀ ਦੀ ਜੰਗ ਦੇ ਵੇਰਵਿਆਂ ਬਾਰੇ ਕਈ ਉਤਰੀ ਹਿੰਦੁਸਤਾਨੀ ਅਖ਼ਬਾਰਾਂ ਦੇ ਪੱਤਰਪ੍ਰੇਰਕ ਵਜੋਂ ਵੀ ਕੰਮ ਕਰਦਾ ਰਿਹਾ ਸੀ। ਫਿਰ ਉਹ ਮਿਸਰ ਚਲਾ ਗਿਆ, ਜਿਥੇ "ਉਸ ਨੇ ਰਾਸ਼ਟਰਵਾਦੀਆਂ ਨਾਲ ਮਿਲਕੇ ਕੰਮ ਕਰਨਾ ਅਤੇ ਖ਼ੁਦ ਨੂੰ ਹਿੰਦੁਸਤਾਨ ਦੀ ਇਕ ਵਿਸ਼ਾਲ ਇਨਕਲਾਬੀ ਲਹਿਰ ਦੇ ਆਗੂ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਉਸ ਨੇ "ਸਰਬ-ਇਸਲਾਮਵਾਦ ਅਤੇ ਇਸ ਨਾਲ ਮਿਲਦੇ-ਜੁਲਦੇ ਵਿਸ਼ਿਆਂ ਬਾਰੇ ਬਹੁਤ ਸਾਰੇ ਲੇਖ ਹਿੰਦੁਸਤਾਨੀ ਅਖ਼ਬਾਰਾਂ ਨੂੰ ਭੇਜਕੇ ਯੋਗਦਾਨ ਪਾਇਆ"।[15] ਉਸ ਨੇ ਤੁਰਕੀ, ਈਰਾਨੀ ਅਤੇ ਅਰਬੀ ਜ਼ਬਾਨਾਂ ਵਿਚ ਲੇਖ "ਏਸ਼ੀਆਈ ਲੋਕਾਂ ਨੂੰ ਸਿੱਖਿਅਤ ਕਰਨ ਅਤੇ ਉਨ੍ਹਾਂ ਦੀ ਭਵਿੱਖੀ ਹੋਣੀ ਨੂੰ ਘੜਨ ਦੇ ਮਕਸਦ ਨਾਲ"[16] ਵੰਡਣ ਲਈ ਲਿਖੇ। ਉਹ ਅਜੀਤ ਸਿੰਘ ਦਾ ਵੀ ਦੋਸਤ ਸੀ ਜਿਸ ਨੇ ਬੀਤੇ ਵਿਚ ਉਸ ਦੀ ਮਦਦ ਕੀਤੀ ਸੀ ਅਤੇ ਉਸ ਨੂੰ "ਇਨਕਲਾਬੀ ਜਜ਼ਬੇ ਵਾਲਾ"[17] ਬੰਦਾ ਬਿਆਨ ਕੀਤਾ ਗਿਆ ਸੀ। ਹਾਲਾਂਕਿ, ਫਿਲਹਾਲ, ਤਫ਼ੀਕ ਅਚਾਰੀਆ ਨੂੰ ਅਗਲੇ ਹੱਜ 'ਤੇ ਜਾਣ ਅਤੇ ਇਸ ਦੌਰਾਨ ਲੇਖ ਲਿਖਣ ਤੇ "ਹਿੰਦੁਸਤਾਨੀ ਮੁਸਲਮਾਨਾਂ ਨੂੰ ਹੋਸ਼ 'ਚ ਲਿਆਕੇ"[18] ਹੋਰਨਾਂ ਨੂੰ ਵੀ ਇਹੀ ਕਰਨ ਲਈ ਉਭਾਰਨ ਦਾ ਗੋਲਮੋਲ ਵਾਅਦਾ ਹੀ ਕਰ ਸਕਦਾ ਸੀ ਇਸ ਤੋਂ ਵੱਧ ਉਹ ਕੁਝ ਕਰ ਨਹੀਂ ਸੀ ਸਕਦਾ।

ਅਚਾਰੀਆ ਦਾ ਇਹ ਇਸਲਾਮਵਾਦੀ ਬਗ਼ਾਵਤ ਦੀ ਸੰਭਾਵਨਾ ਫਰੋਲਣ ਦਾ ਕੋਈ ਪਹਿਲਾ ਨਿਰਾਸ਼ਾਜਨਕ ਉੱਦਮ ਨਹੀਂ ਸੀ। ਅਗਸਤ 1909 'ਚ, ਉਹ ਅਤੇ ਸੁਖਸਾਗਰ ਦੱਤ ਮੋਰੱਕੋ ਵਿੱਚੋਂ ਦੀ ਹੁੰਦੇ ਹੋਏ ਗਿਬਰਾਲਟਰ ਲਈ ਲੰਦਨ ਤੋਂ ਚੱਲੇ। ਜਿਥੇ ਉਨ੍ਹਾਂ ਦਾ ਇਰਾਦਾ ਰਿਫ (ਉਤਰੀ ਮੁਰੱਕੋ ਦੇ ਪਹਾੜੀ ਖੇਤਰ) ਵਿਚ ਸਪੇਨੀਆਂ ਵਿਰੁੱਧ ਲੜ ਰਹੇ ਬਾਗ਼ੀਆਂ ਵਿਚ ਸ਼ਾਮਲ ਹੋ ਕੇ ਉਨ੍ਹਾਂ ਦੀਆਂ ਛਾਪਾਮਾਰ ਤਕਨੀਕਾਂ ਸਿੱਖਣ ਲਈ "ਫ਼ੌਜੀ ਅਭਿਆਸ ਦਾ ਤਜ਼ਰਬਾ ਹਾਸਲ ਕਰਨ ਦਾ" ਅਤੇ "ਨਾਲ ਹੀ ਮੋਰੱਕੋ ਦੇ ਮੁਸਲਮਾਨਾਂ ਦਾ ਧਿਆਨ ਹਿੰਦੁਸਤਾਨ ਵਿਚ ਉਨ੍ਹਾਂ ਦੇ ਹਮ-ਮਜ਼੍ਹਬੀਆਂ ਦੀ ਹਾਲਤ ਵੱਲ ਖਿੱਚਣ ਦਾ " ਸੀ। ਉਸ ਵਕਤ ਅਚਾਰੀਆ ਨੂੰ ਇਹ ਕਹਿੰਦੇ ਸੁਣਿਆ ਗਿਆ ਕਿ ਫਿਰ ਉਹ ਤੁਰਕੀ ਵੱਲ ਜਾ ਸਕਦੇ ਸਨ।[19] ਪਰ ਆਪਣੇ ਮੁਕਾਮ 'ਤੇ ਪਹੁੰਚਣ 'ਚ ਕਾਮਯਾਬ ਨਾ ਹੋਣ ਕਾਰਨ ਉਹ ਇਹ ਖ਼ਿਆਲ ਤਿਆਗ ਦੇਣ ਲਈ ਮਜਬੂਰ ਹੋ ਗਏ। ਸਤੰਬਰ ਦੇ ਸ਼ੁਰੂ 'ਚ ਦੱਤ ਗਿਬਰਾਲਟਰ ਤੋਂ ਲੰਦਨ ਵਾਪਸ ਮੁੜ ਆਇਆ। ਦੂਜਾ "ਭਵਿਖੀ ਜਾਂਬਾਜ਼" ਅਚਾਰੀਆ ਟਾਂਜੀਅਰ ਤਾਂ ਪਹੁੰਚ ਗਿਆ, ਜਿਥੇ ਜਾ ਕੇ ਉਹ ਫਸ ਗਿਆ ਅਤੇ "ਮਹੀਨਾ ਭਰ ਉਸ ਦੀ ਸਾਂਭ-ਸੰਭਾਲ ਇਕ ਹਮਦਰਦ ਮੂਰ ਨੇ ਕੀਤੀ।"[20] ਉੱਥੋਂ ਉਸ ਨੇ ਵੀ.ਵੀ.ਐੱਸ. ਆਇਰ ਨੂੰ ਲਿਖਿਆ ਕਿ ਇਹ ਵਿਉਂਤ ਨਹੀਂ ਚੱਲੇਗੀ। ਇਹ ਹੈਰਾਨੀਜਨਕ ਨਹੀਂ ਕਿ ਟਾਂਜੀਅਰ ਦੇ ਅੰਗਰੇਜ਼ ਕੌਂਸਲੇਟ ਨੇ ਉਸ ਦੀ ਗੋਲਮੋਲ ਜਹੀ ਅਰਜੀ ਨੂੰ ਦੇਖਦਿਆਂ ਉਸ ਦੀ ਕੋਈ ਮਦਦ ਕਰਨ ਅਤੇ ਉਸ ਨੂੰ ਲੰਦਨ ਵਾਪਸ ਭੇਜਣ ਦੀ ਰਾਹਦਾਰੀ ਦੇਣ ਤੋਂ ਨਾਂਹ ਕਰ ਦਿੱਤੀ। "ਜਦੋਂ ਇਹ ਨੌਜਵਾਨ ਗਿਬਰਾਲਟਰ 'ਚ ਉਤਰੇ ਉਨ੍ਹਾਂ ਕੋਲ ਤੀਹ ਸ਼ਿਲਿੰਗ ਦੇ ਨਾਲ-ਨਾਲ ਇਕ ਮੈਗਜ਼ੀਨ ਰਾਈਫ਼ਲ, ਇਕ ਰਿਵਾਲਵਰ ਅਤੇ ਤਿੰਨ ਸੌ ਰਾਊਂਡ ਗੋਲੀਸਿੱਕਾ ਸੀ ਜੋ ਕਸਟਮ ਵਾਲਿਆਂ ਨੇ ਕਬਜ਼ੇ 'ਚ ਲੈ ਲਿਆ।"[21] ਆਇਰ ਨੇ ਇਸ ਦੀ ਥਾਂ ਅਚਾਰੀਆ ਨੂੰ ਪੈਰਿਸ ਵਾਪਸ ਮੁੜ ਜਾਣ ਦੀ ਸਲਾਹ ਦਿੱਤੀ।[22] ਪਰ ਇਹ ਦਰ-ਉਲ-ਇਸਲਾਮ ਵਿਚ ਅਚਾਰੀਆ ਦੇ ਕੰਮ ਦਾ ਅੰਤ ਨਹੀਂ ਸੀ। ਬਾਅਦ ਵਿਚ, ਬਰਲਿਨ ਇੰਡੀਆ ਕਮੇਟੀ ਦੀ ਛਤਰਛਾਇਆ ਹੇਠ ਉਸ ਨੇ ਜੰਗ ਸਮੇਂ ਬਗਦਾਦ ਅਤੇ ਸੁਵੇਜ਼ ਲਈ ਪ੍ਰਚਾਰ ਮਿਸ਼ਨਾਂ 'ਚ ਹਿੱਸਾ ਲਿਆ। ਫਿਰ ਉਹ ਕਾਬਲ ਅਤੇ ਤਾਸ਼ਕੰਦ ਗਿਆ, ਜਿਥੇ ਉਹ ਖ਼ਿਲਾਫ਼ਤ ਲਹਿਰ ਦੇ ਪ੍ਰਵਾਸੀ ਹਿੰਦੁਸਤਾਨੀ *ਮੁਹਾਜਿਰੀਨ* ਨੂੰ ਮਾਸਕੋ ਦੇ ਨਵੇਂ ਮੱਕੇ ਭੇਜਣ ਦੇ ਯਤਨਾਂ ਦਾ ਧੁਰਾ ਬਣਿਆ।[23]

ਇਹ ਗ਼ੌਰਤਲਬ ਹੈ ਕਿ ਕੈਲੀਫੋਰਨੀਆ ਵਿਚ, ਜਿਥੇ ਗ਼ੈਰ-ਫਿਰਕੇਦਾਰਾਨਾ ਏਕਤਾ ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ ਦੇ ਮੁੱਢ ਤੋਂ ਹੀ ਬੁਨਿਆਦੀ ਜਥੇਬੰਦਕ ਅਸੂਲ ਚਲਿਆ ਆ ਰਿਹਾ ਸੀ, ਇਹ ਖ਼ਿਲਾਫ਼ਤ ਕਾਜ ਸੀ ਜਿਸ ਨੇ ਗ਼ਦਰੀ ਹਲਕਿਆਂ ਵਿਚ ਮੁਸਲਮਾਨਾਂ ਦੀ ਵਿਸ਼ਾਲ ਸ਼ਮੂਲੀਅਤ ਦਾ ਰਾਹ ਖੋਲ੍ਹਿਆ। ਉਥੇ ਸ਼ਮੂਲੀਅਤ ਉਤਰ-ਪੱਛਮੀ ਹਿੰਦੁਸਤਾਨ ਅਤੇ ਕੇਂਦਰੀ ਏਸ਼ੀਆ ਤੋਂ ਘੱਟ ਨਹੀਂ ਸੀ। 1912 'ਚ ਸੈਕਰੋਮੈਂਟੋ ਦੇ ਇਕ ਜਨਤਕ ਇਕੱਠ ਵਿਚ ਪਹਿਲਾਂ ਤੁਰਕੀ ਦੀ ਮਦਦ ਲਈ ਅਤੇ ਫਿਰ ਬਲਕਾਨ ਵਿਚ ਜੰਗ ਲੜਨ ਲਈ ਚੰਦੇ ਉਗਰਾਹੇ ਗਏ।[24] ਹੋਰ ਫੰਡ ਅਤੇ ਇਮਦਾਦ ਜੁਟਾਉਣ ਦੇ ਮਨੋਰਥ ਨਾਲ ਮੁਲਕ ਦਾ ਚੱਕਰ ਲਾਉਣ ਲਈ ਸੈਕਰਾਮੈਂਟੋ ਵਿਚ ਨਾਮਜ਼ਦ ਕੀਤੀ ਚਾਰ ਮੈਂਬਰ ਕਮੇਟੀ ਦਾ ਇਕ ਮੈਂਬਰ ਨਵਾਬ ਖਾਨ ਸੀ।[25] ਉਹ ਠਾਕੁਰ ਦਾਸ/ਗ਼ੁਲਾਮ ਹੁਸੈਨ ਨਾਲ ਮਿਲਕੇ ਸਾਨ ਫਰਾਂਸਿਸਕੋ ਦਾ ਦੌਰਾ ਪਹਿਲਾਂ ਹੀ ਕਰ ਚੁੱਕਾ ਸੀ। ਉਹ ਉਥੇ ਹਰਦਿਆਲ ਨੂੰ ਮਿਲ ਚੁੱਕਾ ਸੀ ਅਤੇ ਉਸ ਨੂੰ ਤਕਰੀਰ ਕਰਦੇ ਨੂੰ ਸੁਣਿਆ ਹੋਇਆ ਸੀ। ਨਵਾਬ ਖਾਨ ਨੇ ਕਿਹਾ ਕਿ ਹੁਸੈਨ ਤੇ ਹਰਦਿਆਲ ਦਾ ਬਹੁਤ ਜ਼ਿਆਦਾ ਪ੍ਰਭਾਵ ਕਬੂਲਣ ਕਰਕੇ ਉਸ ਦੀ ਸੋਚ ਉਨ੍ਹਾਂ ਵਾਲੀ ਹੋ ਗਈ ਸੀ ਅਤੇ ਫਿਰ ਇਸ ਤੋਂ ਬਾਅਦ ਉਸ ਨੇ ਹੋਰਨਾਂ ਨੂੰ ਵੀ ਇਸ ਦਾ ਕਾਇਲ ਕਰਨਾ ਸ਼ੁਰੂ ਕਰ ਦਿੱਤਾ।

ਦੋਵਾਂ ਭਾਈਚਾਰਿਆਂ ਦਰਮਿਆਨ ਸਦਭਾਵਨਾ ਉਸਾਰਨ ਲਈ ਅਸਟੋਰੀਆ, ਓਰੇਗਨ, ਵਿਚ ਹਿੰਦੂ-ਮੁਸਲਮਾਨਾਂ ਦੀ ਸਾਂਝੀ ਮੀਟਿੰਗ ਕੀਤੀ ਗਈ; ਮੀਟਿੰਗ ਸੱਦਣ ਵਾਲਿਆਂ ਨੇ ਇਸ ਨੂੰ ਜਾਰੀ ਰੱਖਣ ਲਈ ਹਿੰਦੁਸਤਾਨੀ ਅਖ਼ਬਾਰ ਪੜ੍ਹਨ ਅਤੇ ਸਿਆਸਤ ਬਾਰੇ ਚਰਚਾ ਕਰਨ ਲਈ ਹਫ਼ਤਾਵਾਰ ਮੀਟਿੰਗ ਕਰਨ ਦੀ ਯੋਜਨਾ ਬਣਾਈ। 1913 ਦੇ ਹੁਨਾਲ ਵਿਚ ਆਪਣੇ ਦੌਰੇ ਵਕਤ ਹਰਦਿਆਲ ਨੂੰ ਇਨ੍ਹਾਂ ਮੀਟਿੰਗਾਂ ਦਾ ਤਜ਼ਰਬਾ ਹੋਇਆ। ਜਿਸ ਦੌਰਾਨ ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ ਦੇ ਅੰਕੁਰ ਨੇ ਠੋਸ ਰੂਪ ਅਖ਼ਤਿਆਰ ਕੀਤਾ, ਅਤੇ ਮਾਸਿਕ ਚੰਦੇ ਇਕੱਠੇ ਕਰਨ, ਅਖ਼ਬਾਰ ਤੇ ਕਿਤਾਬਾਂ ਛਾਪਣ, ਅਤੇ ਸਥਾਨਕ ਭਾਈਚਾਰਿਆਂ ਨੂੰ ਲਾਮਬੰਦ ਕਰਨ ਦੇ ਆਗਾਜ਼ ਦੀਆਂ ਵਿਉਂਤਾਂ ਬਣਾਈਆਂ ਜਾਣ ਲੱਗੀਆਂ। ਦੂਜੇ ਲਫ਼ਜ਼ਾਂ 'ਚ, ਇਸ ਜਾਵੀਏ ਤੋਂ ਬਿਆਨਣ ਤੋਂ ਪਤਾ ਚੱਲਦਾ ਹੈ ਕਿ ਖ਼ਿਲਾਫ਼ਤ ਦੀ ਮੁੱਢਲੀ ਸੰਵੇਦਨਸ਼ੀਲਤਾ – ਜਾਂ ਘੱਟੋਘੱਟ ਬਸਤੀਵਾਦ ਦੇ ਕੌਮਾਂਤਰੀਵਾਦੀ ਵਿਰੋਧ ਲਈ ਸੰਵੇਦਨਸ਼ੀਲਤਾਵਾਂ ਦੇ ਖ਼ਿਲਾਫ਼ਤਵਾਦੀ ਪਲੀਤੇ ਨੂੰ ਅੱਗੇ ਵਧਾਉਣ ਦਾ ਅਮਲ – ਉਨ੍ਹਾਂ ਕਈ ਦਾਈਆਂ ਵਿੱਚੋਂ ਇਕ ਸੀ ਜਿਨ੍ਹਾਂ ਨੇ ਪੀਸੀਐੱਚਏ ਨੂੰ ਜਨਮ ਦੇਣ 'ਚ ਹਿੱਸਾ ਪਾਇਆ, ਜਿਸ ਨੇ ਮੋੜਵੇਂ ਤੌਰ 'ਤੇ ਗ਼ਦਰ ਪਾਰਟੀ ਨੂੰ ਜਨਮ ਦਿੱਤਾ।[26] ਇਸ ਤੋਂ ਇਲਾਵਾ, ਸਰਬ-ਇਸਲਾਮਕ ਸੰਵੇਦਨਸ਼ੀਲਤਾਵਾਂ ਪ੍ਰਤੀ ਇਹ ਤਵੱਜੋਂ ਇਕ ਨਵੇਂ ਵਿਸ਼ੇ ਦੀ ਵਿਆਖਿਆ ਕਰਨ 'ਚ ਸਹਾਈ ਹੋ ਸਕਦੀ ਹੈ ਜੋ ਗ਼ਦਰ ਹਲਕਿਆਂ ਵਿਚ ਉਭਰਨਾ ਸ਼ੁਰੂ ਹੋਇਆ: ਇਸ ਸੀ ਔਟੋਮਨ ਸਲਤਨਤ ਦੀ ਹੋਣੀ ਪ੍ਰਤੀ ਸਰੋਕਾਰ। ਹਿੰਦੁਸਤਾਨ 'ਚ ਚੋਰੀ-ਛੁਪੇ ਭੇਜੇ *ਗ਼ਦਰ* ਦੀ ਇਕ ਕਾਪੀ ਦੇ ਹਾਸ਼ੀਏ ਉਪਰ ਲਿਖੀ ਇਕ ਟਿੱਪਣੀ ਇਸ ਸਰੋਕਾਰ ਨੂੰ ਦਰਸਾਉਂਦੀ ਹੈ:

"ਚੌਧਰੀ ਸਾਹਬ, ਇਸ ਮੁਤਾਬਕ ਕੰਮ ਕਰਨਾ ਅਤੇ ਹੋਰਨਾਂ ਨੂੰ ਵੀ ਇਸ ਪਾਸੇ ਲਾਉਣਾ। ਅਮਰੀਕਾ ਤੇ ਕੈਨੇਡਾ ਵਿਚ ਗ਼ਦਰ ਦੀਆਂ ਤਿਆਰੀਆਂ ਹੋ ਰਹੀਆਂ ਹਨ। ਤੁਹਾਨੂੰ ਵੀ ਬਦਮਾਸ਼ ਗੋਰਿਆਂ ਨੂੰ ਕੁੱਟ ਦਬੱਲਣ ਦਾ ਯਤਨ ਕਰਨਾ ਚਾਹੀਦਾ ਹੈ ਅਤੇ ਖ਼ੁਫ਼ੀਆ ਕੰਮ ਸ਼ੁਰੂ ਕਰ ਦੇਣਾ ਚਾਹੀਦਾ ਹੈ।.... ਹੁਣ ਤੁਰਕੀ ਦਾ ਬਦਲਾ ਲੈ ਲੈਣਾ ਚਾਹੀਦਾ ਹੈ। ਅੰਦਰੋ-ਅੰਦਰੀ ਸਾਰੇ ਯੂਰਪੀਅਨ ਤੁਰਕੀ ਦੇ ਖ਼ਿਲਾਫ਼ ਹਨ। ਭਾਈ ਸਾਹਿਬ, ਤੁਸੀਂ ਹੋਰ ਮੁਲਕਾਂ ਵਿਚ ਆ ਕੇ ਖ਼ੁਦ ਦੇਖ ਸਕਦੇ ਹੋ ਕਿ ਆਜ਼ਾਦ ਮੁਲਕ ਕਿੰਨੇ ਖੁਸ਼ਹਾਲ ਹਨ। ਇਸ ਕਰਕੇ ਤੁਹਾਨੂੰ ਜਿੱਥੋਂ ਤੱਕ ਸੰਭਵ ਹੋ ਸਕੇ ਵਾਰ ਵਾਰ

ਪੁਲਿਸ ਤੇ ਹੋਰ ਲੋਕਾਂ ਵਿਚ ਗ਼ਦਰ ਦਾ ਪ੍ਰਚਾਰ ਕਰਨ ਅਤੇ ਮੁਕਤੀ ਦਾ ਪਰਚਮ ਲਹਿਰਾਉਣ ਦੀ ਤਾਕੀਦ ਕੀਤੀ ਜਾ ਰਹੀ ਹੈ। ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਇਕਮੁੱਠ ਹੋ ਜਾਣਾ ਚਾਹੀਦਾ ਹੈ।"[27]

*ਗ਼ਦਰ* ਦੇ 16 ਅਤੇ 23 ਨਵੰਬਰ 1913 ਦੇ ਅੰਕਾਂ ਵਿਚ ਹਰਦਿਆਲ ਨੇ ਕੌਮੀ ਲਹਿਰ ਵਿਚ ਮੁਸਲਮਾਨਾਂ ਦੀ ਵਧ ਰਹੀ ਸ਼ਮੂਲੀਅਤ ਉਪਰ ਤਸੱਲੀ ਜ਼ਾਹਰ ਕਰਦਿਆਂ ਤਬਸਰੇ ਕੀਤੇ। ਹਾਲਾਂਕਿ ਉਸ ਦੇ ਜੀਵਨੀ ਲੇਖਕ ਐਮਿਲੀ ਬਰਾਊਨ ਨੂੰ ਸ਼ੱਕ ਸੀ ਕਿ ਇਹ ਉਸ ਦੀ ਬਹੁਤ ਵੱਡੀ ਖੁਸ਼ਫਹਿਮੀ ਸੀ। ਖੁਫ਼ੀਆ ਵਿਭਾਗ ਨੇ ਦਾਅਵਾ ਕੀਤਾ ਕਿ "ਮਾਰਚ 1914 'ਚ ਜਾ ਕੇ ਪਤਾ ਚੱਲਿਆ ਕਿ ਹਾਂਗਕਾਂਗ, ਸਿੰਗਾਪੁਰ, ਤਿਆਨਜਿਨ ਅਤੇ ਉਤਰੀ ਚੀਨ ਵਿਚ *ਗ਼ਦਰ* ਭੇਜਿਆ ਜਾ ਰਿਹਾ ਸੀ, ਅਤੇ ਇਸ ਤਾਰੀਕ ਤੋਂ ਥੋੜ੍ਹਾ ਪਹਿਲਾਂ ਦੇ ਅੰਕਾਂ ਵਿਚ ਮੁਸਲਮਾਨਾਂ ਨੂੰ ਪਹਿਲੀ ਦਫ਼ਾ ਉਚੇਚੀ ਅਪੀਲ ਕੀਤੀ ਗਈ ਹੋ ਸਕਦੀ ਹੈ।"[28]

ਫਰਵਰੀ 1915 ਦੇ ਗ਼ਦਰ ਵਿਚ ਸ਼ਾਮਲ ਸਿੱਖ ਫ਼ੌਜੀਆਂ ਵਿਚ ਅਬਦੁੱਲਾ ਨਾਂ ਦੇ ਇਕ ਰਿਸਾਲਦਾਰ ਸਮੇਤ "ਕੁਝ ਮੁਸਲਮਾਨ" ਵੀ ਸਨ। ਉਸ ਦੇ ਨਾਂ ਦਾ ਜ਼ਿਕਰ ਇਸੇ ਨਾਲ ਸਬੰਧਤ ਤੇਈਵੇਂ ਰਿਸਾਲੇ ਦੇ ਗ਼ਦਰ ਵਿਚ ਹਿੱਸਾ ਲੈਣ ਵਾਲਿਆਂ ਦੇ ਸਭ ਤੋਂ ਅਹਿਮ ਮੈਂਬਰਾਂ ਦੇ ਬਿਆਨਾਂ ਵਿਚ ਵਾਰ ਵਾਰ ਆਉਂਦਾ ਰਿਹਾ। ਉਹ "ਪ੍ਰਭਾਵਸ਼ਾਲੀ ਆਦਮੀ" ਸੀ ਉਸ ਨੇ ਤੇ ਲਾਂਸ ਦਫੇਦਾਰ ਵਸਾਵਾ ਸਿੰਘ ਨੇ ਬੰਬ ਬਣਾਉਣ ਦੀ ਮੁੱਢਲੀ ਸਿਖਲਾਈ ਲਈ ਹੋਈ ਸੀ। ਉਹ ਰਿਸਾਲੇ ਵਿਚ ਗ਼ਦਾਰ ਕਿਰਪਾਲ ਸਿੰਘ ਦੇ ਭਾਈ ਪੂਰਨ ਸਿੰਘ ਦਾ ਸਾਥੀ ਸੀ। ਉਸ ਦੇ ਇਕ ਹੋਰ ਸੰਗੀ ਬੰਤਾ ਸਿੰਘ ਨੇ ਉਹ ਗੱਲਬਾਤ ਬਿਆਨ ਕੀਤੀ ਜੋ ਅਬਦੁੱਲਾ ਨੇ ਉਸ ਨਾਲ ਉਸ ਬਾਬਤ ਚਲਾਈ ਸੀ ਜਿਸ ਨੂੰ ਉਹ ਅੰਗਰੇਜ਼/ਤੁਰਕੀ ਜੰਗਾਂ ਕਿਹਾ ਕਰਦਾ ਸੀ। ਅਬਦੁੱਲਾ ਨੇ ਕਿਹਾ ਕਿ ਕਿਉਂਕਿ ਤੁਰਕਾਂ ਨੇ ਰੂਸੀਆਂ ਤੋਂ ਤੈਬਰੀਜ਼ ਖੋਹ ਲਿਆ ਸੀ, ਲਿਹਾਜ਼ਾ ਉਹ ਖ਼ੁਦ ਵੀ ਅੰਗਰੇਜ਼ਾਂ ਨੂੰ ਨੁਕਸਾਨ ਪਹੁੰਚਾਉਂਦਾ ਰਹੇਗਾ। ਬੰਤਾ ਸਿੰਘ ਨੇ ਪੁੱਛਿਆ, ਉਹ ਕੀ ਕਰੇਗਾ ? ਅਬਦੁੱਲਾ ਨੇ ਦੱਸਿਆ ਕਿ ਉਹ ਪਹਿਲਾਂ ਹੀ ਤਾਰ-ਘਰਾਂ ਦੀਆਂ ਇਕ ਦੋ ਲਾਈਨਾਂ ਵੱਢ ਚੁੱਕਾ ਹੈ।[29]

ਨਾਕਾਮ ਬਗ਼ਾਵਤ ਤੋਂ ਛੇਤੀ ਪਿੱਛੋਂ, ਮਾਰਚ 1915 'ਚ ਰੈਜ਼ੀਡੈਂਟ ਦਫ਼ਤਰ ਨੂੰ ਰਿਪੋਰਟ ਭੇਜੀ ਗਈ ਕਿ ਇਸਫਹਾਨ ਵਿਚ *ਗ਼ਦਰ* ਦੀਆਂ ਕਾਪੀਆਂ ਪਹੁੰਚ ਗਈਆਂ ਸਨ: ਨਜਫ਼ਾਬਾਦ ਦੇ ਇਕ ਬਹਾਈ ਚਕਿਤਸਕ ਡਾ. ਅਬਦੁੱਲਾ ਕੋਲ "ਬਹੁਤ ਸਾਰੇ ਪੈਕਟ" ਪਹੁੰਚ ਰਹੇ ਸਨ। ਕੌਂਸਲਰ ਗਾਰਦ ਦੇ ਮੁਖੀ ਅਫ਼ਸਰ ਰਿਸਾਲਦਾਰ ਮਲਿਕ ਰਾਬ ਨਵਾਜ਼ ਖ਼ਾਨ ਨੇ ਇਤਲਾਹ ਦਿੱਤੀ ਕਿ ਡਾਕਟਰ ਨੇ ਅੱਗੇ ਇਹ ਇਕ ਘੋੜ-ਸਵਾਰ ਨੂੰ ਦੇ ਦਿੱਤੇ ਸਨ ਜਿਸ ਨੂੰ ਉਸ ਨੇ ਕੁਝ "ਈਰਾਨੀ ਜ਼ਬਾਨ ਵਿਚ ਛਪਿਆ ਹੋਇਆ" ਪੜ੍ਹਦੇ ਨੂੰ ਦੇਖਿਆ ਸੀ ਜਿਸ ਵਿਚ ਕਿਹਾ ਗਿਆ ਸੀ: "ਜੇ ਕੁਝ ਪੜ੍ਹਨਾ ਹੀ ਹੈ, ਤਾਂ ਇਸ ਨੂੰ ਪੜ੍ਹੋ।" ਇਹ ਗ਼ਦਰ ਦਾ ਪਲੇਠਾ ਅੰਕ ਸੀ।[30]

## ਪੱਛਮੀ ਮੁਹਾਜ਼

ਜੰਗ ਦੌਰਾਨ ਜਰਮਨ ਅਤੇ ਤੁਰਕੀ ਦੀਆਂ ਹਕੂਮਤਾਂ ਦੇ ਹਿੱਤ ਕੁਝ ਹੱਦ ਤੱਕ ਸਰਬ-ਇਸਲਾਮਵਾਦੀਆਂ ਅਤੇ ਇਨਕਲਾਬੀ ਰਾਸ਼ਟਰਵਾਦ ਦੇ ਹਿੱਤਾਂ ਨਾਲ ਜਾ ਜੁੜੇ।[31] ਉਨ੍ਹਾਂ ਦੇ ਅੰਤਮ ਟੀਚੇ ਵੱਖੋ-ਵੱਖਰੇ ਹੋਣ ਕਾਰਨ, ਇਹ ਸਬੰਧ ਕੱਚੇ ਸਾਬਤ ਹੋਏ। ਜਰਮਨੀ ਤਾਂ ਈਰਾਨ ਅਤੇ ਮੈਸੋਪੋਟਾਮੀਆ ਜ਼ਰੀਏ ਹਿੰਦੁਸਤਾਨ ਤੱਕ ਅੰਗਰੇਜ਼ਾਂ ਦੀ ਰਸਾਈ ਵਿਚ ਖ਼ਲਲ ਪਾ ਕੇ ਸੰਤੁਸ਼ਟ ਸੀ, ਜਦਕਿ ਤੁਰਕੀ ਚਾਹੁੰਦਾ ਸੀ ਕਿ ਇਸ ਖਿੱਤੇ ਵਿਚ ਉਸ ਦੀ ਆਪਣੀ ਖੇਤਰੀ ਤਾਕਤ ਮਜ਼ਬੂਤ ਹੋ ਜਾਵੇ। ਇਸ ਦੌਰਾਨ, ਇਸਤਾਂਬੁਲ ਵਿਚ ਰਹਿੰਦੇ ਤੁਰਕ ਅਤੇ ਹਿੰਦੁਸਤਾਨੀ

ਕੁਝ ਹਾਵੀ ਹਿੰਦੂ ਸੁਰ ਵਾਲੇ ਰਾਸ਼ਟਰਵਾਦੀ ਕਾਰਕੁੰਨਾਂ ਦੇ ਪ੍ਰਭਾਵ ਹੇਠ ਆ ਗਏ। ਪਰ ਐੱਨ.ਕੇ. ਬਰੂਆ੍ਹ ਦਾ ਕਹਿਣਾ ਹੈ ਕਿ ਹਿੰਦੂ ਰਾਸ਼ਟਰਵਾਦੀ ਇਨਕਲਾਬੀ "ਦਹਿਸ਼ਤਪਸੰਦਾਂ" (ਜੋ 1907 ਦੇ ਕਰੀਬ ਸਾਹਮਣੇ ਆਏ) ਲਈ ਜਰਮਨ ਦੀ ਘਿਰਣਾ ਦੇ ਬਾਵਜੂਦ ਫਿਰ ਵੀ ਉਥੇ ਅਜੇ "ਹਿੰਦੁਸਤਾਨੀ ਅਵਾਮ ਦਾ ਇਕ ਹਿੱਸਾ" ਐਸਾ ਸੀ ਜਿਸ ਦੀ ਉਨ੍ਹਾਂ ਨੇ ਮਦਦ ਕੀਤੀ। ਭਾਵ ਮੁਸਲਿਮ ਭਾਈਚਾਰਾ ਜਿਸ ਉਪਰ ਆਪਣੀ ਵਿਸ਼ਾਲ "ਪੂਰਬ ਨੀਤੀ" ਦੇ ਹਿੱਸੇ ਵਜੋਂ ਜਰਮਨ ਬਦੇਸ਼ੀ ਮਾਮਲਿਆਂ ਦਾ ਦਫ਼ਤਰ ਠੀਕ ਇਸ ਕਾਰਨ ਟੇਕ ਰੱਖ ਰਿਹਾ ਸੀ ਕਿਉਂਕਿ ਉਨ੍ਹਾਂ ਬਾਰੇ ਸਮਝਿਆ ਜਾਂਦਾ ਸੀ ਕਿ ਉਹ "ਤੁਰਕੀ ਦੇ ਰੂਹਾਨੀ ਪ੍ਰਭਾਵ ਹੇਠ" ਸਨ। ਪਰ ਕੇਂਦਰੀ ਏਸ਼ੀਆ ਦੇ ਹੋਰ ਥਾਂਈਂ ਅਤੇ ਔਟੋਮਨ ਮੁਲਕਾਂ ਦੇ ਮੁਸਲਮਾਨਾਂ ਨੂੰ ਇਹ ਕੁਝ ਅਜੀਬ ਜਿਹਾ ਲੱਗਦਾ ਸੀ।

ਜਿਸ ਦਿਨ 2 ਅਗਸਤ 1914 ਨੂੰ ਤੁਰਕੀ-ਜਰਮਨ ਸਮਝੌਤੇ 'ਤੇ ਸਹੀ ਪਾਈ ਗਈ, ਉਸੇ ਦਿਨ ਇਕ ਜਰਮਨ ਜਰਨੈਲ ਨੇ ਬਦੇਸ਼ ਮਾਮਲੇ ਵਿਭਾਗ ਨੂੰ ਗੁਜ਼ਾਰਿਸ਼ ਕਰਦਿਆਂ ਲਿਖਿਆ: "ਇੰਗਲੈਂਡ ਦੇ ਸਾਡਾ ਵਿਰੋਧੀ ਬਣ ਜਾਣ ਦੀ ਸੂਰਤ ਵਿਚ, ਹਿੰਦੁਸਤਾਨ ਵਿਚ ਬਗ਼ਾਵਤ ਖੜ੍ਹੀ ਕਰਨ ਦੇ ਯਤਨ ਲਾਜ਼ਮੀ ਕਰਨੇ ਹੋਣਗੇ। ਇਹੀ ਮਿਸਰ ਵਿਚ ਕੀਤਾ ਜਾਣਾ ਚਾਹੀਦਾ ਹੈ।" ਈਰਾਨ ਨੂੰ ਵੀ ਇਸ ਮੌਕੇ ਦਾ ਲਾਹਾ ਲੈਂਦੇ ਹੋਏ "ਰੂਸੀ ਜੂਲਾ ਵਗਾਹ ਮਾਰਨ ਅਤੇ ਤੁਰਕਾਂ ਨਾਲ ਮਿਲਕੇ ਅੱਗੇ ਵਧਣ ਲਈ" ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ।[32] ਕੈਸਰ ਨੇ ਸਹਿਮਤੀ ਪ੍ਰਗਟਾਈ: "ਪੂਰੇ ਮੁਸਲਿਮ ਜਗਤ ਵਿਚ ਬਾਣੀਆਂ ਦੀ ਇਸ ਘ੍ਰਿਣਤ, ਬੇਈਮਾਨ, ਗ਼ੈਰਈਮਾਨਦਾਰ ਕੌਮ ਦੇ ਖ਼ਿਲਾਫ਼ ਜਾਂਦੇ ਹੋਏ ਤੁਰਕੀ ਅਤੇ ਹਿੰਦੁਸਤਾਨ ਵਿਚ ਸਾਡੇ ਕੌਂਸਲਾਂ, ਏਜੰਟਾਂ ਆਦਿ ਨੂੰ ਅੱਗ ਲਾਜ਼ਮੀ ਭੜਕਾ ਦੇਣੀ ਚਾਹੀਦੀ ਹੈ - ਕਿਉਂਕਿ ਜੇ ਸਾਨੂੰ ਖ਼ੂਨ ਡੋਲ੍ਹਕੇ ਮਰਨਾ ਪੈਂਦਾ ਹੈ ਤਾਂ ਘੱਟੋਘੱਟ ਇੰਗਲੈਂਡ ਦੇ ਹੱਥੋਂ ਹਿੰਦੁਸਤਾਨ ਤਾਂ ਨਿਕਲ ਜਾਵੇ।"[33]

ਇਸਤਾਂਬੁਲ ਵਿਚ ਅਨਵਰ ਪਾਸ਼ਾ ਵੀ ਇੰਝ ਹੀ ਸੋਚ ਰਿਹਾ ਸੀ। ਔਟੋਮਨ ਦੇ ਇਕ ਸੰਸਦ ਮੈਂਬਰ ਨੇ ਜਰਮਨ ਸਫ਼ੀਰ ਨੂੰ ਤਜਵੀਜ਼ ਪੇਸ਼ ਕੀਤੀ ਕਿ "ਉਨ੍ਹਾਂ ਨੂੰ ਉਤਰੀ ਅਫ਼ਰੀਕਾ ਅਤੇ ਅਫ਼ਗਾਨਿਸਤਾਨ ਵਿਚ ਆਪਣੇ ਲਾਇਕ ਫ਼ੌਜੀ ਅਫ਼ਸਰ ਭੇਜਕੇ ਉਨ੍ਹਾਂ ਥਾਂਵਾਂ 'ਤੇ ਇਨਕਲਾਬੀ ਲਹਿਰਾਂ ਜਥੇਬੰਦ ਕਰਨ ਲਈ" ਫਟਾਫਟ ਕਦਮ ਚੁੱਕਣੇ ਚਾਹੀਦੇ ਹਨ।[34] ਲਿਹਾਜ਼ਾ ਇਹ ਇਸਤਾਂਬੁਲ ਵਿਚ ਹੋਇਆ ਕਿ ਬਰਲਿਨ ਗਰੁੱਪ ਨੇ ਸਰਬ-ਇਸਲਾਮਵਾਦੀ ਭਾਵਨਾਵਾਂ ਨੂੰ ਲਾਮਬੰਦ ਕਰਨ 'ਤੇ ਅਧਾਰਤ ਦੋ ਵੱਡੇ ਪ੍ਰੋਜੈਕਟਾਂ ਦਾ ਤਾਲਮੇਲ ਬਣਾਉਣ ਦੇ ਮਕਸਦ ਨਾਲ ਇਥੇ ਇਕ ਨਵੀਂ ਚੌਕੀ ਕਾਇਮ ਕੀਤੀ: ਪਹਿਲਾ ਸੀ ਇਸ ਖੇਤਰ ਵਿਚ ਹਿੰਦੁਸਤਾਨੀ ਫ਼ੌਜੀਆਂ ਅਤੇ ਹੱਜ ਯਾਤਰੀਆਂ ਵਿਚ ਪ੍ਰਚਾਰ ਸਮੱਗਰੀ ਵੰਡਣਾ ਅਤੇ ਦੂਜਾ, ਉਤਰ-ਪੱਛਮ ਵਾਲੇ ਪਾਸਿਓਂ ਹਿੰਦੁਸਤਾਨ 'ਤੇ ਧਾਵਾ ਬੋਲਣਾ।

ਜਨੇਵਾ ਵਿਚਲੇ ਜਰਮਨ ਕੌਂਸਲ ਨੂੰ ਇਸ ਪ੍ਰੋਗਰਾਮ ਦਾ ਮੁੱਢਲਾ ਖ਼ਾਕਾ ਹਰਦਿਆਲ ਨੇ ਸੁਝਾਇਆ ਸੀ, ਜਿਥੇ ਉਹ ਮਿਸਰੀ ਰਾਸ਼ਟਰਵਾਦੀ ਪੱਤਰਕਾਰ ਐੱਮ.ਰਿਫ਼ਾਤ ਕੋਲ ਠਹਿਰਿਆ ਹੋਇਆ ਸੀ। ਇਹ ਹੈਰਾਨੀ ਵਾਲੀ ਗੱਲ ਨਹੀਂ, ਕਿ ਉਸ ਦੀ ਰਾਇ ਸੰਭਾਵੀ ਗ਼ਦਰੀ ਯੋਗਦਾਨ ਉਪਰ ਜ਼ੋਰ ਦਿੰਦੀ ਸੀ। ਉਸ ਨੇ ਦਲੀਲ ਦਿੱਤੀ, "ਹਿੰਦੁਸਤਾਨ ਵਿਚ ਸਾਰੇ ਵਰਗਾਂ ਵਿਚ ਆਮ ਬੇਚੈਨੀ ਤੋਂ ਇਲਾਵਾ, ਸਾਡੇ ਕੋਲ ਅਮਰੀਕਾ ਅਤੇ ਕੈਨੇਡਾ ਵਿਚ ਦਸ ਹਜ਼ਾਰ ਅਤੇ ਚੀਨ ਤੇ ਮਲਾਏ ਪ੍ਰਾਇਦੀਪ ਵਿਚ ਇਕ ਲੱਖ ਦੇ ਕਰੀਬ ਹਿੰਦੂ ਹਨ। ਰਾਸ਼ਟਰਵਾਦੀ ਅਖ਼ਬਾਰ *ਗ਼ਦਰ* ਉਨ੍ਹਾਂ ਵਿਚ ਵੰਡਿਆ ਜਾਂਦਾ ਹੈ, ਅਤੇ ਉਹ ਹੁਣ ਬ੍ਰਿਟਿਸ਼ ਕੋਲੰਬੀਆ ਵਿਚ ਹਿੰਦੁਸਤਾਨੀ ਸਵਾਲ ਬਾਰੇ ਬਹੁਤ ਹੀ ਭੜਕੇ ਹੋਏ ਹਨ। ਜੇ [ਅਫ਼ਸਰਾਂ, ਹਥਿਆਰਾਂ, ਗੋਲੀ-ਸਿੱਕੇ, ਬੰਬਾਂ, ਹਵਾਈ ਜਹਾਜ਼ਾਂ, ਅਤੇ ਵਾਇਰਲੈੱਸ ਸਾਜ਼ੋ-ਸਮਾਨ ਦੀ ਸ਼ਕਲ ਵਿਚ] ਜਰਮਨ ਸਹਾਇਤਾ ਯਕੀਨੀ ਬਣਾਈ

ਜਾਂਦੀ ਹੈ ਤਾਂ ਘੱਟੋਘੱਟ ਕੁਝ ਹਜ਼ਾਰ ਤਾਂ ਫੌਰੀ ਕਾਰਵਾਈ ਦੀ ਅਪੀਲ ਨੂੰ ਹੁੰਗਾਰਾ ਜ਼ਰੂਰ ਦੇਣਗੇ।" ਉਸ ਨੇ ਸਲਾਹ ਦਿੱਤੀ ਕਿ ਉਨ੍ਹਾਂ ਨੂੰ ਸਾਰਾ ਧਿਆਨ ਕਸ਼ਮੀਰ ਉਪਰ ਕੇਂਦਰਤ ਕਰਨਾ ਚਾਹੀਦਾ ਹੈ ਕਿਉਂਕਿ ਇਸ ਦਾ ਪਹਾੜੀ ਧਰਾਤਲ ਅਤੇ ਇਥੇ ਫ਼ੌਜੀ ਨਫ਼ਰੀ ਦੀ ਮੁਕਾਬਲਤਨ ਥੁੜ ਬਾਗ਼ੀਆਂ ਦੇ ਹੱਕ 'ਚ ਜਾਵੇਗੀ। ਉਥੇ ਇਕ ਮੁਕਤ ਖੇਤਰ ਕਾਇਮ ਕਰ ਲੈਣ ਦੀ ਮੁੱਢਲੀ ਕਾਮਯਾਬੀ ਵਿਚ ਪੂਰੇ ਮੁਲਕ ਅੰਦਰ ਬਗ਼ਾਵਤ ਦੀਆਂ ਤਰੰਗਾਂ ਛੇੜਨ ਅਤੇ ਉਨ੍ਹਾਂ "ਗੱਭਰੂਆਂ" ਵਿਚ ਵਿਆਪਕ ਕਾਰਵਾਈਆਂ ਲਈ ਜੋਸ਼ ਭਰਨ ਦੀ ਸੰਭਾਵਨਾ ਪਈ ਹੈ ਜੋ "ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਹਨ।" "ਜੇ ਇਹ ਪ੍ਰੋਜੈਕਟ ਸਵੀਕਾਰ ਕਰ ਲਿਆ ਜਾਂਦਾ ਹੈ ਤਾਂ ਇਸ ਨੂੰ ਅਮਲ ਵਿਚ ਲਿਆਉਣ ਲਈ" ਉਸ ਨੇ ਖ਼ੁਦ ਕਾਂਸਤਨੋਪਲ, ਮੱਕਾ, ਬਗ਼ਦਾਦ ਅਤੇ ਕਾਬੁਲ ਜਾਣ ਦੀ ਪੇਸ਼ਕਸ਼ ਕੀਤੀ।[35]

ਸਤੰਬਰ 1914 'ਚ ਸਦਰ ਮੁਕਾਮ ਕਾਇਮ ਕਰਨ ਦੇ ਮਨੋਰਥ ਨਾਲ ਹਰਦਿਆਲ ਕਾਂਸਤਨੋਪਲ ਗਿਆ। ਹਾਲਾਂਕਿ, ਉਥੇ ਹਿੰਦੁਸਤਾਨੀ ਮੁਸਲਮਾਨਾਂ ਦਾ ਪਹਿਲਾਂ ਹੀ ਇਕ ਸਥਾਪਤ ਭਾਈਚਾਰਾ ਮੌਜੂਦ ਸੀ, ਜਿਨ੍ਹਾਂ ਨਾਲ ਬਰਲਿਨ ਅਧਾਰਤ ਇਨਕਲਾਬਪਸੰਦਾਂ ਦੇ ਵਿਚਾਰਧਾਰਕ ਵਖਰੇਵੇਂ ਹੋਣ ਕਰਕੇ ਤਿੱਖੇ ਹੋਏ ਸ਼ਰੀਕਾ-ਭੇੜ ਕਾਰਨ ਸਹਿਜੇ ਹੀ ਹੇਲ-ਮੇਲ ਨਹੀਂ ਸੀ ਹੋਇਆ। ਇਸ ਭਾਈਚਾਰੇ ਦੇ ਆਗੂਆਂ ਵਿਚ ਸ਼ਾਮਲ ਸਨ ਖੈਰੀ ਭਰਾ ਅਬਦੁੱਲ ਜੱਬਰ ਅਤੇ ਅਬਦੁੱਲ ਸਤਾਰ; ਬਰਲਿਨ-ਇੰਡੀਆ ਕਮੇਟੀ ਨੇ ਉਨ੍ਹਾਂ ਨਾਲ ਪਹਿਲਾਂ ਹੀ ਰਾਬਤਾ ਬਣਾ ਲਿਆ ਸੀ। ਦਿੱਲੀ ਦੇ ਇਕ ਸਰਕਾਰੀ ਅਧਿਕਾਰੀ ਦੇ ਇਨ੍ਹਾਂ ਪੁੱਤਰਾਂ ਦੀ ਤਾਲੀਮ ਸਦੀ ਦੇ ਅੰਤ 'ਚ ਬੈਰੂਤ ਵਿਚ ਹੋਈ ਸੀ ਅਤੇ ਇਸ ਪਿੱਛੋਂ ਉਹ ਥੋੜ੍ਹੇ ਵਕਤ ਲਈ ਕੁਝ ਵਾਰ ਹੀ ਹਿੰਦੁਸਤਾਨ ਗਏ ਸਨ। ਜੱਬਰ ਕਾਂਸਤਨੋਪਲ ਯੂਨੀਵਰਸਿਟੀ ਵਿਖੇ ਉਰਦੂ ਪੜ੍ਹਾਉਂਦਾ ਸੀ ਤੇ ਉਹ ਰਾਸ਼ਟਰ-ਵਾਦੀਆਂ ਨੂੰ ਖ਼ਾਸ ਤੌਰ 'ਤੇ ਸਖ਼ਤ ਨਫ਼ਰਤ ਕਰਦਾ ਸੀ। ਜਿਨ੍ਹਾਂ ਬਾਰੇ ਉਹ ਸਮਝਦਾ ਸੀ ਕਿ ਉਹ ਤੁਅੱਸਬ 'ਚ ਗ੍ਰਸੇ ਹੋਏ ਹਨ ਅਤੇ ਜਰਮਨ ਸਰਪ੍ਰਸਤੀ ਹਾਸਲ ਕਰਨ ਦੀ ਲਾਲਸਾ ਵਿਚ ਉਹ ਉਨ੍ਹਾਂ ਨਾਲ ਬਹੁਤ ਖਹਿਬਾਜ਼ੀ ਕਰਦਾ ਸੀ।[36]

ਇਨ੍ਹਾਂ ਭਾਈਆਂ ਨੇ ਹਿੰਦ ਇਖਵਤ-ਉਲ-ਅੰਜੂਮਨ ਨਾਂ ਦੀ ਸੁਸਾਇਟੀ ਬਣਾਈ ਹੋਈ ਸੀ ਅਤੇ ਇਹ ਰਿਪੋਰਟ ਕੀਤੀ ਗਈ ਸੀ ਕਿ ਉਹ ਜਾ ਕੇ ਉਨ੍ਹਾਂ ਹਿੰਦੁਸਤਾਨੀ ਜੰਗੀ ਕੈਦੀਆਂ ਨੂੰ ਮਿਲੇ ਸਨ ਜਿਨ੍ਹਾਂ ਨੂੰ ਅੰਗਰੇਜ਼ੀ ਫ਼ੌਜ ਦੇ ਚੁੰਗਲ ਵਿੱਚੋਂ ਛੁਡਾ ਕੇ ਜਰਮਨੀ ਵਿਚ ਰੱਖਿਆ ਗਿਆ ਸੀ।[37] 1915 ਤੋਂ ਲੈ ਕੇ ਉਹ ਉਰਦੂ ਅਤੇ ਅੰਗਰੇਜ਼ੀ ਵਿਚ ਸਰਬ-ਇਸਲਾਮਵਾਦੀ ਪਰਚੇ *ਅਖਵਤ* ਜਾਂ *ਬ੍ਰਦਰਹੁੱਡ* ਦਾ ਸੰਪਾਦਨ ਵੀ ਕਰ ਰਹੇ ਸਨ।[38] ਉਨ੍ਹਾਂ ਦੀਆਂ ਪ੍ਰਕਾਸ਼ਨਾਵਾਂ ਦੀਆਂ ਕੁਝ ਕਾਪੀਆਂ ਇੰਗਲੈਂਡ ਵਿਚ ਅਤੇ ਕੁਝ ਹੋਰ ਮੈਸੋਪੋਟਾਮੀਆ ਵਿਚ ਸੀ.ਆਈ.ਡੀ. ਦੇ ਹੱਥ ਲੱਗ ਗਈਆਂ ਸਨ, "ਜਿਥੇ ਇਹ ਦੁਸ਼ਮਣ ਦੇ ਹਵਾਈ ਜਹਾਜ਼ਾਂ ਵਿੱਚੋਂ *[ਬਰਤਾਨਵੀ]* ਛਾਉਣੀਆਂ ਵਿਚ ਸੁੱਟੀਆਂ ਗਈਆਂ ਸਨ।" ਬਰਲਿਨ ਗਰੁੱਪ ਪ੍ਰਤੀ ਸੰਪਾਦਕਾਂ ਦੀ ਅਖਾਉਤੀ ਨਫ਼ਰਤ ਦੇ ਬਾਵਜੂਦ, ਖ਼ੁਫ਼ੀਆ ਮਹਿਕਮੇ ਨੇ ਰਿਪੋਰਟ ਦਿੱਤੀ ਕਿ "ਭਾਵੇਂ ਮੁਸਲਿਮ ਭਾਵਨਾਵਾਂ ਨੂੰ ਟੁੰਬਣ ਲਈ ਕਦੇ-ਕਦਾਈਂ ਕੁਢੱਬਾ ਯਤਨ ਕੀਤਾ ਜਾਂਦਾ ਹੈ ਪਰ ਲੱਗਦਾ ਇਹ ਹੈ ਕਿ ਹਿੰਦੁਸਤਾਨ ਵਿਚ ਅੰਗਰੇਜ਼ ਹਕੂਮਤ ਨੂੰ ਨਿਸ਼ਾਨਾ ਬਣਾਉਣ ਲਈ" ਅੰਗਰੇਜ਼ੀ ਵਾਲੇ ਲੇਖਾਂ ਵਿਚਲੀ ਸਮੱਗਰੀ ਮੁੱਖ ਤੌਰ 'ਤੇ "ਹਿੰਦੂ ਇਨਕਲਾਬੀ ਪ੍ਰਚਾਰ ਸਮੱਗਰੀ ਵਿੱਚੋਂ ਲਈ ਗਈ ਹੈ। **ਇਸਲਾਮਿਕ ਜਗਤ** ਸਿਰਲੇਖ ਵਾਲੀਆਂ ਸਿਆਸੀ ਟਿੱਪਣੀਆਂ ਵਧੇਰੇ ਦਿਲਚਸਪ ਹਨ, ਜੋ ਕਾਕੇਸ਼ਸ਼ ਅਤੇ ਈਰਾਨ ਤੇ ਅਫ਼ਗਾਨਿਸਤਾਨ ਵਿਚ ਅੰਗਰੇਜ਼ਾਂ ਵਿਰੋਧੀ ਘਟਨਾ-ਵਿਕਾਸਾਂ ਦੀ ਚਰਚਾ ਕਰਦੀਆਂ ਹਨ।" ਆਮ ਤੌਰ 'ਤੇ ਰਸਾਲਾ "ਤਕੜੀ ਰੁਚੀ ਵਾਲੇ ਧਾਰਮਿਕ ਅਤੇ ਇਤਿਹਾਸਕ ਲੇਖਾਂ ਨਾਲ"

ਭਰਿਆ ਹੋਇਆ ਸੀ।[39]

*ਜਹਾਂ-ਏ-ਇਸਲਾਮ* ਨਾਂ ਦਾ ਇਕ ਹੋਰ ਪਰਚਾ 1914 'ਚ ਇਸਤਾਂਬੁਲ ਤੋਂ ਕੱਢਣਾ ਸ਼ੁਰੂ ਕੀਤਾ ਗਿਆ ਅਤੇ ਇਸ ਵਿਚ ਅਰਬੀ, ਤੁਰਕੀ ਅਤੇ ਉਰਦੂ ਜ਼ਬਾਨਾਂ ਵਿਚ ਲੇਖ ਹੁੰਦੇ ਸਨ। ਇਸ ਦਾ ਮਨੋਰਥ ਸੀ "ਸਿਆਸਤ ਦੀ ਚਰਚਾ ਕਰਨਾ ਅਤੇ ਮੁਸਲਿਮ ਮੁਲਕਾਂ ਦਰਮਿਆਨ ਅਦਾਨ-ਪ੍ਰਦਾਨ ਨੂੰ ਵਿਕਸਤ ਕਰਨਾ," ਪਰ ਇਸ ਦੀ ਅਖਾਉਤੀ "ਈਸਾਈ ਵਿਰੋਧੀ ਹਿੰਸਕ ਸੁਰ"[40] ਕਾਰਨ ਇਸ ਦੇ ਹਿੰਦੁਸਤਾਨ ਵਿਚ ਦਾਖ਼ਲੇ ਉਪਰ ਸਮੁੰਦਰੀ ਕਸਟਮ ਐਕਟ ਤਹਿਤ ਪਾਬੰਦੀ ਲਾ ਦਿੱਤੀ ਗਈ ਸੀ। ਉਰਦੂ ਹਿੱਸੇ ਦਾ ਸੰਪਾਦਨ ਹਰਦਿਆਲ ਦਾ ਦੋਸਤ ਅਤੇ ਕਾਂਸਤਨੋਪਲ ਵਿਚ ਉਸ ਦਾ ਮੇਜ਼ਬਾਨ ਅਬੂ ਸਈਅਦ ਕਰਦਾ ਸੀ ਜੋ ਅੰਗਰੇਜ਼ ਵਿਰੋਧੀ ਜੋਸ਼ੀਲਾ ਪੰਜਾਬੀ ਸਰਬ-ਇਸਲਾਮਵਾਦੀ ਸੀ। ਉਹ ਰੰਗੂਨ ਵਿਚ ਅਧਿਆਪਕ ਵਜੋਂ ਕੰਮ ਕਰਦਾ ਰਿਹਾ ਸੀ, ਫਿਰ 1912 'ਚ ਤੁਰਕੀ-ਇਟਲੀ ਜੰਗ ਸਮੇਂ ਉਹ ਮਿਸਰ ਚਲਾ ਗਿਆ। ਭਾਵੇਂ ਜ਼ਾਹਰਾ ਤੌਰ 'ਤੇ ਉਹ ਉਥੇ ਕਾਰੋਬਾਰ (ਤੁਰਕੀ ਟੋਪੀਆਂ ਵੇਚਣ ਦਾ) ਕਰਦਾ ਸੀ, ਉਹ "ਰਾਸ਼ਟਰਵਾਦੀਆਂ ਨਾਲ ਮੇਲ-ਜੋਲ" ਰੱਖ ਰਿਹਾ ਸੀ। ਫਿਰ ਉਹ ਪਵਿੱਤਰ ਅਸਥਾਨਾਂ, ਅੰਜੁਮਨ-ਏ-ਖ਼ੁਦਮ-ਏ-ਕਾਬਾ ਦੀ ਹਿਫਾਜ਼ਤ ਲਈ ਖ਼ਿਲਾਫ਼ਤਵਾਦੀ ਜਥੇਬੰਦੀ ਸਬੰਧੀ "ਲਿਥੋਗ੍ਰਾਫ਼ ਮਸ਼ੀਨ 'ਤੇ ਛਾਪਿਆ ਉਰਦੂ ਪਰਚਾ ਵੰਡਣ ਲਈ" ਤ੍ਰਿਪੋਲੀ ਵੀ ਗਿਆ।[41]

ਤੁਰਕੀ ਦੇ ਜੰਗੀ ਦਫ਼ਤਰ ਦੀ ਮਦਦ ਦੇ ਨਾਲ-ਨਾਲ *ਜਹਾਂ-ਏ-ਇਸਲਾਮ* 'ਤੇ ਕਬਜ਼ਾ ਕਰਕੇ ਇਸ ਨੂੰ ਹਿੰਦੁਸਤਾਨੀ ਰਾਸ਼ਟਰਵਾਦੀ ਬੁਲਾਰਾ ਬਣਾਉਣ ਦੀ ਹਰਦਿਆਲ ਦੀ ਤਜਵੀਜ਼ ਸਈਅਦ ਦੇ ਪਾਠਕਾਂ 'ਚ ਪ੍ਰਵਾਨ ਨਾ ਹੋਈ, ਅਤੇ ਨਾ ਹੀ ਇਸਤਾਂਬੁਲ ਵਿਚ ਬਰਲਿਨ ਇੰਡੀਆ ਕਮੇਟੀ ਦਫ਼ਤਰ ਦਾ ਨਾਂ "ਬਿਊਰੋ ਡੂ ਪਾਰਟੀ ਨੈਸ਼ਨਲ ਹਿੰਦੂ" ਰੱਖੇ ਜਾਣ ਦੇ ਯਤਨਾਂ ਨੂੰ ਬੂਰ ਪਿਆ।[42] ਫਿਰ ਵੀ, ਜੰਗ ਦੇ ਐਲਾਨ ਤੋਂ ਪਿੱਛੋਂ, ਅਬੂ ਸਈਅਦ ਦੇ ਉਰਦੂ ਸੈਕਸ਼ਨ ਵਿਚ ਹਰਦਿਆਲ ਦਾ "ਖ਼ਾਸ ਤੌਰ 'ਤੇ ਇਸੇ ਮੌਕੇ ਲਈ ਲਿਖਿਆ" ਮੁੱਖ ਲੇਖ ਅਤੇ ਮਿਸਰ ਦੇ ਰਾਸ਼ਟਰਵਾਦੀ ਆਗੂਆਂ ਫ਼ਰੀਦ ਤੇ ਰਿਫ਼ਾਤ ਦੇ ਅੰਗਰੇਜ਼ ਵਿਰੋਧੀ ਤਿੱਖੇ ਲੇਖ ਤੇ ਗ਼ਦਰ ਦੇ ਹਵਾਲੇ ਨਾਲ ਅਨਵਰ ਪਾਸ਼ਾ ਦੀ ਇਕ ਤਕਰੀਰ ਸ਼ਾਮਲ ਕੀਤੇ ਗਏ ਸਨ। ਇਹ ਦੋਵੇਂ ਆਗੂ 1908 ਦੇ ਕਰੀਬ ਲੰਦਨ ਅਤੇ ਪੈਰਿਸ ਵਿਚ ਹਿੰਦੁਸਤਾਨੀਆਂ ਦੇ ਦੋਸਤ ਰਹੇ ਸਨ।[43]

ਪਰ 1915 ਦੇ ਅੰਤ 'ਚ ਹਰਦਿਆਲ ਆਪਣੇ ਹਿੰਦੁਸਤਾਨੀ ਸੰਗੀ-ਸਾਥੀਆਂ ਲਈ ਬੋਝ ਬਣਦਾ ਜਾ ਰਿਹਾ ਸੀ। ਤਾਰਕ ਨਾਥ ਦਾਸ (ਨਿਰੋਦੇ ਬਾਰੂਆ ਕਹਿੰਦਾ ਹੈ ਕਿ ਹਰਦਿਆਲ ਦੇ ਉਲਟ ਉਹ ਉਸ ਵਕਤ "ਕਾਂਸਤਨੋਪਲ ਵਿਚਲੇ ਬਰਲਿਨ ਵਾਲੇ ਗੰਭੀਰ ਹਿੰਦੁਸਤਾਨੀਆਂ" ਵਿੱਚੋਂ ਇਕ ਸੀ)[44] ਉਸ ਦੇ ਕਿਸੇ ਹੋਰ ਨਾਲ ਮਿਲਕੇ ਕੰਮ ਕਰਨ ਵਿਚ ਅਸਫ਼ਲ ਰਹਿਣ, ਉਸ ਦੀ ਬਿਰਤੀ ਟਿਕਾਊ ਨਾ ਹੋਣ, ਸਥਾਨਕ ਭਾਵਨਾਵਾਂ ਪ੍ਰਤੀ ਉਸ ਦੀ ਸੰਵੇਦਨਹੀਣਤਾ ਅਤੇ ਉਸ ਦੀ ਖ਼ਿਆਲੀ ਸਾਜ਼ਿਸ਼ਾਂ ਦਾ ਕੇਂਦਰ ਬਣੇ ਰਹਿਣ ਦੀ ਜ਼ਾਹਰਾ ਰੁਚੀ ਨੂੰ ਲੈ ਕੇ ਹਰਦਿਆਲ ਦੀ ਬਹੁਤ ਨੁਕਤਾਚੀਨੀ ਕਰਦਾ ਸੀ। ਅਕਤੂਬਰ 1915 'ਚ ਉਸ ਨੇ ਬਿਨਾ ਕੋਈ ਚੇਤਾਵਨੀ ਜਾਂ ਵਿਆਖਿਆ ਦਿੱਤੇ ਇਸਤਾਂਬੁਲ ਛੱਡ ਦਿੱਤਾ। ਪਿੱਛੋਂ ਉਹ ਇਹ ਦਾਅਵਾ ਕਰਦਾ ਰਿਹਾ ਕਿ ਉਹ ਹਿੰਦੂ-ਮੁਸਲਮਾਨਾਂ ਦੇ ਕਿਸੇ ਤਣਾਓ ਤੋਂ ਇਲਾਵਾ ਜਰਮਨ ਤਿਕੜਮਬਾਜ਼ੀ, ਬੇਇਤਬਾਰੀ ਅਤੇ ਆਪਣੇ ਹੀ ਕਾਜ ਵਿਚ ਹਿੰਦੁਸਤਾਨੀ ਲੀਡਰਸ਼ਿਪ ਨੂੰ ਨੁੱਕਰੇ ਲਾ ਦਿੱਤੇ ਜਾਣ ਕਾਰਨ ਉੱਥੋਂ ਨਿਕਲਣ ਲਈ ਮਜਬੂਰ ਹੋਇਆ ਸੀ। ਫਿਰ ਵੀ, ਉਸ ਦੇ ਅਚਾਨਕ ਉੱਥੋਂ ਚਲੇ ਜਾਣ ਤੋਂ ਪਿੱਛੋਂ ਵੀ ਉਸ ਨੇ ਜੋ ਯੋਜਨਾਵਾਂ ਸ਼ੁਰੂ 'ਚ ਜਰਮਨ ਬਦੇਸ਼ ਦਫ਼ਤਰ ਅੱਗੇ ਰੱਖੀਆਂ ਸਨ ਉਹ ਅੱਗੇ ਵਧਦੀਆਂ ਗਈਆਂ।[45]

ਇਨ੍ਹਾਂ ਵਿੱਚੋਂ ਇਕ ਯਤਨ ਉਪਰ ਚੱਟੋ ਵਲੋਂ ਜਰਮਨ ਦੂਤਾਵਾਸ ਦੇ ਸਕੱਤਰ ਔਟੋ ਫੌਨ ਵੈਨਡੌਂਕ ਨੂੰ ਦਿੱਤੇ ਯਾਦ-ਪੱਤਰ ਵਿਚ ਜ਼ੋਰ ਦਿੱਤਾ ਗਿਆ ਸੀ ਜੋ ਹਿੰਦੁਸਤਾਨੀਆਂ ਤੇ ਜਰਮਨ ਦਰਮਿਆਨ ਸਭ ਤੋਂ ਅਹਿਮ ਕੜੀ ਬਣਿਆ। ਇਸ ਵਿਚ ਚੱਟੋ ਵਲੋਂ "ਮੱਕਾ ਜਾਣ ਵਾਲੇ ਹਿੰਦੁਸਤਾਨੀ ਯਾਤਰੀਆਂ ਅਤੇ ਦੱਖਣੀ ਈਰਾਨ, ਬਸਰਾ, ਈਰਾਨ ਦੀ ਖਾੜੀ ਤੇ ਫਰਾਂਸ ਵਿਚ ਭੇਜੇ ਹਿੰਦੁਸਤਾਨੀ ਫ਼ੌਜੀਆਂ ਵਿਚ ਪ੍ਰਚਾਰ ਦੀ ਅਹਿਮੀਅਤ ਉਪਰ ਜ਼ੋਰ ਦਿੱਤਾ ਗਿਆ।"[46] ਜਨਵਰੀ 1915 'ਚ, ਪਹਿਲੀ ਮੁਹਿੰਮ ਬਗ਼ਦਾਦ ਭੇਜੀ ਗਈ। ਇਸ ਮਿਸ਼ਨ ਦਾ ਨਿਸ਼ਾਨਾ ਇਨ੍ਹਾਂ ਸੰਵੇਦਨਸ਼ੀਲ ਥਾਵਾਂ ਉਪਰ ਤਾਇਨਾਤ ਹਿੰਦੁਸਤਾਨੀ ਫ਼ੌਜੀਆਂ ਨੂੰ ਅੰਗਰੇਜ਼ ਫ਼ੌਜ ਨੂੰ ਬੇਦਾਵਾ ਦੇਣ ਲਈ ਮਨਾਉਣਾ ਅਤੇ ਉਨ੍ਹਾਂ ਦੇ ਹਮਵਤਨੀ ਜੰਗੀ ਕੈਦੀਆਂ ਤੇ ਉਨ੍ਹਾਂ ਥਾਵਾਂ 'ਤੇ ਰਹਿਣ ਵਾਲੇ ਪ੍ਰਵਾਸੀਆਂ ਵਿੱਚੋਂ ਵਾਲੰਟੀਅਰ ਤਾਕਤ ਖੜ੍ਹੀ ਕਰਨਾ ਸੀ। ਤੁਰਕੀ ਦੇ ਖ਼ਿਲਾਫ਼ ਜੰਗ ਦਾ ਸਰਕਾਰੀ ਐਲਾਨ ਕੀਤੇ ਜਾਣ ਤੋਂ ਵੀ ਪਹਿਲਾਂ, ਬਰਤਾਨੀਆ ਨੇ ਅਬਾਦਾਨ ਵਿਚਲੀ ਮੈਸੋਪੋਟਾਮੀਆ ਦੀ ਤੇਲ ਸਨਅਤ 'ਤੇ ਕਬਜ਼ਾ ਕਰਨ ਲਈ ਛੇਵੀਂ ਪੁਣੇ ਡਿਵੀਜਨ ਦੇ ਇਕ ਬ੍ਰਿਗੇਡ ਨੂੰ ਲੈ ਕੇ ਬਣਾਈ ਮੁਹਿੰਮਬਾਜ਼ ਤਾਕਤ ਭੇਜ ਦਿੱਤੀ ਸੀ। ਨਵੰਬਰ 1914 ਤੱਕ, ਉਨ੍ਹਾਂ ਨੇ ਬਸਰਾ 'ਤੇ ਕਬਜ਼ਾ ਕਰ ਲਿਆ ਸੀ ਅਤੇ ਟਿਗਰਿਸ-ਯੂਫ਼ਰਾਤ ਖੇਤਰ ਦੇ ਜ਼ਿਆਦਾਤਰ ਹਿੱਸੇ ਨੂੰ ਆਪਣੇ ਕੰਟਰੋਲ ਵਿਚ ਲੈ ਲਿਆ ਸੀ।[47] ਇਹ ਯੁੱਧਨੀਤਕ ਪੱਖੋਂ ਅਹਿਮ ਫ਼ੌਜੀ ਦਸਤੇ ਬਰਲਿਨ ਇੰਡੀਆ ਕਮੇਟੀ ਦੀ ਬਗ਼ਦਾਦ ਵਾਲੀ ਟੋਲੀ ਦਾ ਨਿਸ਼ਾਨਾ ਸਨ।

ਇਕ ਵਾਰ ਔਟੋਮਨ ਦੀ ਜੰਗੀ ਵਜ਼ਾਰਤ ਦੇ ਸੰਪਰਕ ਵਿਚ ਆਉਣ 'ਤੇ, ਉਹ "ਹਿੰਦੁਸਤਾਨੀ ਫ਼ੌਜੀਆਂ ਵਿਚ ਵੰਡੇ ਜਾਣ ਵਾਲੀ ਹਿੰਦੂ ਤੇ ਉਰਦੂ ਵਿਚ ਲਿਖੀ ਪ੍ਰਚਾਰ ਸਮੱਗਰੀ"[48] ਲੈ ਕੇ ਯੇਰੂਸਲਮ ਨੇੜਲੇ ਆਪਣੇ ਮਿਥੇ ਟਿਕਾਣੇ ਲਈ ਚਲ ਪਏ। ਸਮੱਗਰੀ ਜੋ ਸਰਬ-ਇਸਲਾਮਿਕ *ਜਿਹਾਦੀ* ਅਪੀਲ ਅਤੇ ਬਰਤਾਨੀਆ ਵਿਰੋਧੀ ਰਾਸ਼ਟਰਵਾਦ ਦਾ ਸੁਮੇਲ ਸੀ।[49] ਰਿਪੋਰਟ ਇਹ ਦਿੱਤੀ ਗਈ ਕਿ ਜਦੋਂ ਅੰਗਰੇਜ਼ਾਂ ਨੇ ਯੇਰੂਸਲਮ 'ਤੇ ਕਬਜ਼ਾ ਕੀਤਾ ਤਾਂ ਅਯੂਬ ਦੀ ਸਲਾਹਦੀਨ ਯੂਨੀਵਰਸਿਟੀ ਤੋਂ ਜੋ ਪ੍ਰਚਾਰ ਸਾਹਿਤ ਮਿਲਿਆ ਉਸ ਵਿਚ "ਕੁਝ ਗ਼ਦਰ ਪਿਛੋਕੜ ਵਾਲਾ ਸੀ ਅਤੇ ਕੁਝ ਹਿੰਦੁਸਤਾਨੀ ਨੈਸ਼ਨਲ ਪਾਰਟੀ ਦੇ ਮੈਂਬਰਾਂ ਦਾ ਜਰਮਨੀ ਜਾਂ ਤੁਰਕੀ ਵਿਚ ਤਿਆਰ ਕੀਤਾ ਹੋਇਆ ਸੀ।"[50] ਮਿਸ਼ਨ ਵਿਚ ਅੱਠ ਹਿੰਦੁਸਤਾਨੀ ਸਨ, ਜਿਨ੍ਹਾਂ ਵਿਚ ਇਕ ਵੀ ਮੁਸਲਮਾਨ ਨਹੀਂ ਸੀ, ਜਦਕਿ ਗ਼ਦਰ ਦੇ ਮੁੱਢਲੇ ਫ਼ੌਜੀ ਯੁੱਧਨੀਤੀਵਾਨ ਪਾਂਡੂਰੰਗ ਖ਼ਾਨਖੋਜੇ ਸਮੇਤ ਇਨ੍ਹਾਂ ਸਾਰਿਆਂ ਦੇ ਫਰਜ਼ੀ ਨਾਂ ਮੁਸਲਮਾਨਾਂ ਵਾਲੇ ਰੱਖੇ ਹੋਏ ਸਨ। ਮਈ 1915 'ਚ ਬਗ਼ਦਾਦ ਪਹੁੰਚਕੇ, ਉਨ੍ਹਾਂ ਨੇ ਹਿੰਦੁਸਤਾਨੀ ਫ਼ੌਜੀਆਂ 'ਚ ਵੰਡਣ ਲਈ ਭੜਕਾਊ ਸਾਹਿਤ ਦੀ ਹਫ਼ਤਾਵਾਰ ਖੇਪ ਤਿਆਰ ਕਰਨ ਲਈ ਪ੍ਰੈੱਸ ਲਾ ਲਈ। ਪਰ ਇਸ ਟੋਲੀ ਦੀ ਤਾਕਤ ਅਤੇ ਵਚਨਬਧਤਾ ਦੇ ਬਾਵਜੂਦ (ਜਿਸ ਲਈ ਮੁਕਾਮੀ ਜਰਮਨ ਅਧਿਕਾਰੀਆਂ ਨੇ ਉਨ੍ਹਾਂ ਦੀ ਬਹੁਤ ਤਾਰੀਫ਼ ਕੀਤੀ) ਇਸ ਖੇਤਰ ਦੇ ਵੇਗ ਨੇ ਉਨ੍ਹਾਂ ਦੇ ਯਤਨ ਨਾਕਾਮ ਬਣਾ ਦਿੱਤੇ। ਸਭ ਤੋਂ ਪਹਿਲਾਂ, ਇਸ ਇਕਾਈ ਦੇ ਬਹੁਤ ਸਾਰੇ ਫ਼ੌਜੀ ਸਿੱਖ ਜਾਂ ਗੋਰਖੇ ਸਨ ਅਤੇ ਉਨ੍ਹਾਂ ਨੇ ਸਰਬ-ਇਸਲਾਮਵਾਦੀ ਅਪੀਲਾਂ ਨੂੰ ਕੋਈ ਹੁੰਗਾਰਾ ਹੀ ਨਹੀਂ ਭਰਿਆ। ਦੂਜਾ, "ਸੂਬੇ ਦੇ ਸਰਕਾਰੀ ਅਹਿਲਕਾਰਾਂ ਦੇ ਅੰਦਰ "ਉੱਘੇ ਅੰਗਰੇਜ਼ਪ੍ਰਸਤ ਅਰਬੀ ਸ਼ਖ਼ਸਾਂ" ਦਾ ਬਹੁਤ ਜ਼ਿਆਦਾ ਰਸੂਖ਼ ਸੀ। ਆਖ਼ਰੀ ਗੱਲ, ਮੁਕਾਮੀ ਹਿੰਦੁਸਤਾਨੀ ਮੁਸਲਮਾਨਾਂ ਅੰਦਰ "ਮੁਸਲਿਮ ਨਾਵਾਂ ਵਾਲੇ ਅਤੇ ਜਰਮਨੀ ਤੋਂ ਪੈਸਾ ਲੈਣ ਵਾਲੇ"[51] ਇਨ੍ਹਾਂ ਕਾਫ਼ਿਰ ਪ੍ਰਚਾਰਕਾਂ ਪ੍ਰਤੀ ਉਸ ਤੋਂ ਘੱਟ ਭਾਰੀ ਬੇਇਤਬਾਰੀ ਨਹੀਂ ਸੀ ਜਿੰਨੀ ਤੁਰਕੀ ਦੀ ਆਹਲਾ ਫ਼ੌਜੀ ਲੀਡਰਸ਼ਿਪ ਨੂੰ ਸੀ। ਲਿਹਾਜ਼ਾ ਚਾਰ ਮਹੀਨੇ ਬਾਅਦ ਹੀ ਸਤੰਬਰ ਮਹੀਨੇ ਇਹ ਟੋਲੀ ਖਿੰਡ-ਪੁੰਡ ਗਈ। ਇਸੇ ਮਿਸ਼ਨ ਨੂੰ ਅੰਜਾਮ ਦੇਣ ਲਈ ਇਕ ਹੋਰ ਟੋਲੀ ਅਪ੍ਰੈਲ 1916 'ਚ

ਬਣਾਈ ਗਈ। ਬਰਲਿਨ ਤੋਂ ਡਾ. ਮਨਸੂਰ ਅਹਿਮਦ ਨੂੰ ਇਸ ਟੋਲੀ ਦਾ ਆਗੂ ਲੈ ਕੇ ਇਸ ਵਾਰ ਉਨ੍ਹਾਂ ਨੇ ਮੁਸਲਮਾਨਾਂ ਨੂੰ ਇਸ ਉਮੀਦ ਨਾਲ ਸ਼ਾਮਲ ਕਰਨਾ ਯਕੀਨੀ ਬਣਾਇਆ ਕਿ ਇਸ ਨਾਲ ਮਿਸ਼ਨ ਦੀ ਕਾਮਯਾਬੀ ਵਿਚ ਵਾਧਾ ਹੋਵੇਗਾ। ਪਰ ਇਹ ਯਤਨ ਵੀ ਆਮ ਧੜੇਬੰਦਕ ਪਾਟੋਧਾੜ ਕਾਰਨ ਨਾਕਾਮ ਰਿਹਾ।

ਅੰਗਰੇਜ਼ਾਂ ਵਲੋਂ ਬਸਰਾ 'ਤੇ ਕਬਜ਼ਾ ਕਰ ਲਏ ਜਾਣ 'ਤੇ, ਸੁਲਤਾਨ ਖ਼ਲੀਫ਼ਾ ਨੇ "ਤੁਰਕੀ ਦੀਆਂ ਵਿਰੋਧੀ ਕੁਲ ਈਸਾਈ ਤਾਕਤਾਂ" ਦੇ ਖ਼ਿਲਾਫ਼ ਜਿਹਾਦ ਦਾ ਸੱਦਾ ਦਿੱਤਾ ਸੀ, ਜਿਸ ਦੀ ਹਮਾਇਤ ਕਾਂਸਤਨੋਪਲ ਦੇ ਸ਼ੇਖ-ਅਲ-ਇਸਲਾਮ ਦੇ ਫ਼ਤਵਿਆਂ ਅਤੇ ਨਾਲ ਹੀ ਨਜਫ ਤੇ ਕਰਬਲਾ ਦੇ ਸ਼ੀਆ ਰਾਹਨੁਮਾਵਾਂ ਨੇ ਆਪਣੇ ਬਿਆਨਾਂ ਰਾਹੀਂ ਕੀਤੀ ਸੀ।[52] ਪਰ ਇਸ ਵਿਸ਼ਾਲ ਸਹਿਮਤੀ ਦੇ ਬਾਵਜੂਦ, ਇਸ ਨਾਲ ਮੁਸਲਿਮ ਹਮਾਇਤ ਦਾ ਆਪਮੁਹਾਰਾ ਉਭਾਰ ਪੈਦਾ ਨਾ ਹੋਇਆ। ਇਸ ਦੇ ਉਲਟ, ਈਰਾਨੀਆਂ ਨੂੰ ਤੁਰਕਾਂ ਬਾਰੇ ਓਨੀ ਹੀ ਬੇਇਤਬਾਰੀ ਸੀ ਜਿੰਨੀ ਉਨ੍ਹਾਂ ਦੀ ਅੰਗਰੇਜ਼ਾਂ ਜਾਂ ਰੂਸੀਆਂ ਪ੍ਰਤੀ ਸੀ। ਮਿਸਰੀ ਅੰਗਰੇਜ਼ ਵਿਰੋਧੀ ਜ਼ਰੂਰ ਸਨ ਜਦਕਿ ਹੋਰ ਅਰਬੀ ਲੋਕਾਂ ਦੀ ਟੇਕ ਤੁਰਕਾਂ ਦੇ ਖ਼ਿਲਾਫ਼ ਅੰਗਰੇਜ਼ਾਂ ਉਪਰ ਸੀ। ਇਨ੍ਹਾਂ ਖੇਤਰੀ/ਕੌਮੀ/ਨਸਲੀ-ਸਭਿਆਚਾਰਕ ਵੰਡੀਆਂ ਤੋਂ ਬਿਨਾ, ਕੁਝ ਵਧੇਰੇ ਸ਼ੁੱਧ ਮੁਸਲਮਾਨ ਜਰਮਨ ਕਾਫ਼ਿਰਾਂ ਅਤੇ ਹਿੰਦੂ ਮੂਰਤੀ ਪੂਜਕਾਂ ਨਾਲ ਗੱਠਜੋੜ ਬਾਰੇ ਵੀ ਸ਼ੱਕੀ ਸਨ।[53] ਦੂਜੇ ਲਫ਼ਜ਼ਾਂ ਵਿਚ, ਹਕੀਕੀ ਸਰਬ-ਇਸਲਾਮਕ ਏਕਤਾ ਦਾ ਸਾਕਾਰ ਹੋਣਾ ਕਿਸੇ ਤਰ੍ਹਾਂ ਦੇ ਪ੍ਰਚਾਰ ਦੇ ਵੱਸੋਂ ਬਾਹਰੀ ਇਕ ਮ੍ਰਿਗ-ਤ੍ਰਿਸ਼ਨਾ ਸੀ।

ਅਪ੍ਰੈਲ 1915 ਵਿਚ, ਇਕ ਹੋਰ ਅਲਹਿਦਾ ਮਿਸ਼ਨ ਸਵੇਜ਼ ਨਹਿਰ ਖੇਤਰ ਲਈ ਰਵਾਨਾ ਹੋਇਆ। ਇਸ ਟੋਲੀ ਦੇ ਮੈਂਬਰਾਂ ਵਿਚ, ਜਿਨ੍ਹਾਂ ਵਿੱਚੋਂ ਕੁਝ ਬਾਅਦ ਵਿਚ ਦੂਜੇ ਬਗ਼ਦਾਦ ਮਿਸ਼ਨ ਵਿਚ ਸ਼ਾਮਲ ਹੋਣਗੇ, ਕੁਝ ਹਿੰਦੁਸਤਾਨੀ ਜੰਗੀ ਕੈਦੀ ਅਤੇ ਦੋ ਮਿਸਰੀ ਇਨਕਲਾਬੀ ਰਾਸ਼ਟਰਵਾਦੀ ਮੁਹੰਮਦ ਹੁਸਨੀ ਤੇ ਮੁਹੰਮਦ ਅਬਦ ਅਲ-ਹਾਲਿਮ ਬੇ[54] ਅਤੇ ਉਨ੍ਹਾਂ ਦੇ ਨਾਲ-ਨਾਲ ਉੱਘੇ ਇਨਕਲਾਬੀ ਅਚਾਰੀਆ ਤੇ ਤਾਰਕਨਾਥ ਦਾਸ ਵੀ ਸ਼ਾਮਲ ਸਨ। ਇਹ ਦੋਵੇਂ "ਆਮ ਬਗ਼ਾਵਤ ਭਾਵੇਂ ਨਾ ਸਹੀ, ਪਰ ਅੰਗਰੇਜ਼ ਸੰਚਾਰ ਲਾਈਨਾਂ ਵਿਚ ਭੰਨਤੋੜ ਦਾ ਕੁਝ ਕੰਮ"[55] ਕਰਨ ਲਈ ਮਿਲਕੇ ਚੱਲਣ ਦੀ ਉਮੀਦ ਨਾਲ ਹੋਰ ਮਿਸਰੀ ਰਾਸ਼ਟਰਵਾਦੀ ਸੰਪਰਕਾਂ ਦੇ ਸਰਗਰਮ ਹੋਣ ਲਈ ਮਿਸਾਲ ਬਣੇ। ਬਰਤਾਨੀਆ ਦੇ ਹਿੰਦੁਸਤਾਨ ਲਈ ਲਾਲ ਸਾਗਰ ਵਾਲੇ ਲਾਂਘੇ ਨੂੰ ਬੰਦ ਕਰਨ[56] ਵਿਚ "ਤੁਰਕਾਂ ਦੇ ਹਮਲੇ ਦਾ ਹੱਥ ਵਟਾਉਣ ਦੇ ਮਕਸਦ ਨਾਲ ਹਿੰਦੁਸਤਾਨੀ ਮੁਸਲਮਾਨ ਫ਼ੌਜੀਆਂ ਵਿਚ ਭਾਸ਼ਣ ਦੇਣ ਲਈ" ਮਿਸਰੀਆਂ ਨੂੰ ਵੀ ਸੱਦਿਆ ਗਿਆ। ਮੰਦੇਭਾਗੀਂ, ਕਿਉਂਕਿ ਇਹ ਤਜਵੀਜ਼ ਵੀ ਇਸ ਉਪਰ ਮੁਨੱਸਰ ਕਰਦੀ ਸੀ ਕਿ ਤੁਰਕੀ ਫ਼ੌਜ ਮਿਸਰ ਦੇ ਸਿਨਾਈ ਪ੍ਰਾਇਦੀਪ ਤੋਂ ਪਾਰ ਲੰਮੇ ਸਮੇਂ ਤੋਂ ਲਟਕਿਆ ਆ ਰਿਹਾ ਹਮਲਾ ਕਦੋਂ ਸ਼ੁਰੂ ਕਰਦੀ ਹੈ, ਇਸ ਕਰਕੇ ਇਸ ਦਾ ਉਸ ਖੇਤਰ ਦੀਆਂ ਹਿੰਦੁਸਤਾਨੀ ਫ਼ੌਜਾਂ ਉਪਰ ਬਹੁਤਾ ਅਸਰ ਨਾ ਪਿਆ।

ਫਿਰ ਇਸ ਟੋਲੀ ਨੇ ਆਪਣਾ ਧਿਆਨ ਮੱਕਾ ਅਤੇ ਮਦੀਨਾ ਜਾਣ ਵਾਲੇ ਹਿੰਦੁਸਤਾਨੀ ਹਾਜੀਆਂ ਦੀ ਸੰਭਾਵਨਾ ਵੱਲ ਮੋੜ ਲਿਆ। ਵੈੱਨਡੋਂਕ ਨੂੰ ਦਿੱਤੇ ਯਾਦ-ਪੱਤਰ ਵਿਚ ਚੱਟੋ ਵਲੋਂ "ਮੱਕਾ ਜਾਣ ਵਾਲੇ ਹਿੰਦੁਸਤਾਨੀ ਯਾਤਰੀਆਂ ਅਤੇ ਦੱਖਣੀ ਈਰਾਨ, ਬਸਰਾ, ਈਰਾਨ ਦੀ ਖਾੜੀ ਤੇ ਫਰਾਂਸ ਵਿਚ ਭੇਜੇ ਹਿੰਦੁਸਤਾਨੀ ਫ਼ੌਜੀਆਂ ਵਿਚ ਪ੍ਰਚਾਰ ਦੀ ਅਹਿਮੀਅਤ ਉਪਰ ਜ਼ੋਰ ਦਿੱਤਾ ਗਿਆ ਸੀ।"[57] ਜੰਗ ਦੇ ਸਮੇਂ ਦੌਰਾਨ ਯਾਤਰੀਆਂ ਦੇ ਘਟ ਜਾਣ ਦੀ ਸੰਭਾਵਨਾ ਅਤੇ ਕਿਸੇ ਵੀ ਸੂਰਤ ਵਿਚ ਅੰਗਰੇਜ਼ਾਂ ਵਲੋਂ ਅਜਿਹੇ ਯਾਤਰੀਆਂ ਦੀ ਪੁਣਛਾਣ ਕਰਨ ਦੀ ਗੱਲ ਛੱਡੋ, ਸਗੋਂ ਖ਼ੁਦ ਜਰਮਨ ਬਦੇਸ਼ ਦਫ਼ਤਰ ਨੇ ਪਾਵਨ ਅਸਥਾਨਾਂ ਵਿਚ ਪ੍ਰਚਾਰ ਦੀ ਮਨਾਹੀ ਦੇ ਅਧਾਰ 'ਤੇ

ਅਜਿਹਾ ਕਰਨ ਤੋਂ ਵਰਜ ਦਿੱਤਾ। ਲਿਹਾਜ਼ਾ ਇਹ ਟੋਲੀ ਅਗਲੇ ਕੁਝ ਮਹੀਨੇ ਸਿਨਾਈ ਵਿਚ ਨਿਰਉਦੇਸ਼ ਟੱਕਰਾਂ ਮਾਰਦੀ ਰਹੀ।

ਖ਼ਾਸ ਕਰਕੇ ਤਾਰਕਨਾਥ ਦਾਸ ਦਾ ਉਨ੍ਹਾਂ ਦੇ ਜ਼ਿੰਮੇ ਲਗਾਏ ਕੰਮ ਤੋਂ ਮਨ ਉਚਾਟ ਹੋ ਗਿਆ ਸੀ। ਉਹ ਮਹਿਸੂਸ ਕਰਦਾ ਸੀ (ਜਿਵੇਂ ਫੀਨੀਅਨਾਂ ਨੂੰ ਮਹਿਸੂਸ ਹੁੰਦਾ ਸੀ ਜਿਨ੍ਹਾਂ ਨੂੰ ਮਿਸਰ ਵਿਚ ਮੁਹਿੰਮ ਚਲਾਉਣ ਲਈ ਕਿਹਾ ਗਿਆ ਸੀ) ਕਿ ਇਹ ਉਨ੍ਹਾਂ ਦੇ ਪ੍ਰਮੁੱਖ ਉਦੇਸ਼ ਤੋਂ ਬਹੁਤ ਹਟਵਾਂ ਕੰਮ ਸੀ। ਮਿਸ਼ਨ ਦੇ ਇਕ ਮੈਂਬਰ ਨੇ ਇਨ੍ਹਾਂ ਭਾਵਨਾਵਾਂ ਦਾ ਤੱਤ ਕੱਢਿਆ: "ਸਰਗਰਮ ਇਨਕਲਾਬੀ ਥੋੜ੍ਹੀ ਤਾਦਾਦ ਵਿਚ ਹੁੰਦੇ ਹਨ।" ਇਸ ਲਈ "ਉਨ੍ਹਾਂ ਨੂੰ ਮੌਤ ਓਦੋਂ ਹੀ ਮੰਗਣੀ ਚਾਹੀਦੀ ਹੈ ਜਦੋਂ ਉਹ ਆਪਣੇ ਕੌਮੀ ਕਾਜ ਦੀ ਪ੍ਰਭਾਵਸ਼ਾਲੀ ਢੰਗ ਨਾਲ ਸੇਵਾ ਕਰ ਰਹੇ ਹੋਣ ਜਾਂ ਜਿਥੇ ਉਨ੍ਹਾਂ ਦੀ ਸ਼ਹਾਦਤ ਉਨ੍ਹਾਂ ਦੇ ਵਤਨ ਵਾਸੀਆਂ ਉਪਰ ਪ੍ਰਭਾਵ ਛੱਡੇ; ਲਿਹਾਜ਼ਾ ਦੁਨੀਆ ਦੀ ਉਸ ਮਾਰੂਥਲੀ ਨੁੱਕਰੇ ਵਿਚ ਬਿਨਾ ਕਿਸੇ ਵੱਡੇ ਮਨੋਰਥ ਦੇ ਮੌਤ ਨਾਲ ਮੱਥਾ ਕਿਉਂ ਲਾਇਆ ਜਾਵੇ ? "[58] ਅਗਸਤ 1915 'ਚ ਦਾਸ ਨੇ ਇਸ ਮਿਸ਼ਨ ਤੋਂ ਅਲੱਗ ਕਰ ਦੇਣ ਦੀ ਗੁਜ਼ਾਰਿਸ਼ ਕੀਤੀ ਅਤੇ ਸਾਲ ਦੇ ਅਖ਼ੀਰ 'ਚ ਉਹ "ਆਪਣੀ ਖ਼ਰਾਬ ਸਿਹਤ ਨੂੰ ਮੁੜ ਨਰੋਈ ਬਣਾਉਣ ਲਈ ਹੈਬਰਨ ਚਲਾ ਗਿਆ।"[59] ਅਗਲੇ ਸਾਲ ਅਗਸਤ ਵਿਚ, ਜਰਮਨੀ ਦਾ ਇਕ ਵੱਡਾ ਹਮਲਾ ਨਾਕਾਮ ਰਹਿਣ ਤੋਂ ਪਿੱਛੋਂ, ਬਿਰੇਂਦਰਨਾਥ ਦਾਸਗੁਪਤਾ ਵੀ ਸਿਹਤ ਦੇ ਕਾਰਨਾਂ ਕਰਕੇ ਇਸਤਾਂਬੁਲ ਮੁੜ ਗਿਆ, ਜਦਕਿ ਬਾਕੀਆਂ ਨੂੰ "ਕੁਤ-ਅਲ-ਅਮਾਰਾ ਵਿਖੇ ਅੰਗਰੇਜ਼ਾਂ ਦੀ ਹਾਰ ਹੋਣ 'ਤੇ ਕੈਦੀ ਬਣਾਏ ਹਜ਼ਾਰਾਂ ਹਿੰਦੁਸਤਾਨੀ ਫ਼ੌਜੀਆਂ ਵਿਚ ਕੰਮ ਕਰਨ ਅਤੇ ਉਨ੍ਹਾਂ ਜੰਗੀ ਕੈਦੀਆਂ ਨੂੰ ਔਟੋਮਨ ਤਾਕਤਾਂ ਵਿਚ ਸ਼ਾਮਲ ਹੋਣ ਲਈ ਉਕਸਾਉਣ ਲਈ"[60] ਬਗ਼ਦਾਦ ਭੇਜ ਦਿੱਤਾ ਗਿਆ।

ਭਾਵੇਂ ਇਨ੍ਹਾਂ ਮਿਸ਼ਨਾਂ ਨੂੰ ਬੂਰ ਨਾ ਪਿਆ, ਜਰਮਨ ਸਰਪ੍ਰਸਤਾਂ ਨੂੰ ਨਾ ਤਾਂ ਹਿੰਦੁਸਤਾਨੀਆਂ ਦੇ ਯਤਨਾਂ ਦੀ ਤਾਕਤ 'ਚ ਅਤੇ ਨਾ ਉਨ੍ਹਾਂ ਦੇ ਅੰਦੋਲਨ-ਪ੍ਰਚਾਰ ਦੀ ਕਵਾਲਿਟੀ ਅੰਦਰ ਕੋਈ ਕਮੀ-ਪੇਸ਼ੀ ਨਜ਼ਰ ਆਈ। ਫਿਰ ਵੀ, ਜੰਗ ਤੋਂ ਪਿੱਛੋਂ ਵਰ੍ਹੇ ਬੀਤ ਜਾਣ 'ਤੇ, "ਨੇੜ ਪੂਰਬ ਵਿਚ ਅੰਗਰੇਜ਼ ਦਹਿਸ਼ਤ" ਸਿਰਲੇਖ ਵਾਲੀ *ਇੰਡੀਪੈਂਡੈਂਟ ਹਿੰਦੁਸਤਾਨ* ਦੀ ਇਕ ਲਿਖਤ ਅੰਦਰ *ਮੁਸਲਿਮ ਆਊਟਲੁਕ* ਵਿਚ ਕਾਂਸਤਨੋਪਲ ਦੀ ਤੁਰਕਿਸ਼ ਆਬਾਦੀ ਨਾਲ ਵਰਤਾਓ ਬਾਰੇ ਲੰਦਨ ਤੋਂ ਛਪੀ ਇਕ ਰਿਪੋਰਟ ਦੇ ਅਧਾਰ 'ਤੇ ਦਾਅਵਾ ਕੀਤਾ ਗਿਆ ਕਿ ਸਿਰਫ਼ ਉਥੇ ਤਾਇਨਾਤ ਹਿੰਦੁਸਤਾਨੀ ਫ਼ੌਜੀ ਦਸਤੇ ਹੀ ਤੁਰਕਾਂ ਦੀ ਹਾਲਤ ਨਾਲ ਹਮਦਰਦੀ ਰੱਖਦੇ ਸਨ: "ਪ੍ਰਤੱਖ ਤੌਰ 'ਤੇ ਉਨ੍ਹਾਂ *[ਹਿੰਦੁਸਤਾਨੀ ਫ਼ੌਜੀਆਂ]* ਨੂੰ ਪੱਛਮੀ ਯੂਰਪੀਅਨਾਂ ਦੇ ਹਮਲੇ ਵਿਰੁੱਧ ਪੂਰਬ ਦੇ ਪ੍ਰਮੁੱਖ ਰਖਵਾਲਿਆਂ ਦੀ ਹਾਲਤ ਦੀ ਨਜ਼ਾਕਤ ਮਹਿਸੂਸ ਹੋਣੀ ਸ਼ੁਰੂ ਹੋ ਗਈ ਹੈ। ਬੇਸ਼ਕ ਉਹ ਖ਼ੁਦ ਦੁਖੀ ਪੂਰਬ ਨਾਲ ਸਬੰਧ ਰੱਖਦੇ ਹਨ। ਹਿੰਦੁਸਤਾਨੀ ਫ਼ੌਜੀਆਂ ਅਤੇ ਤੁਰਕ ਸ਼ਖਸਾਂ ਦਰਮਿਆਨ ਭਾਈਬੰਦੀ ਦੇ ਚਿੰਨ੍ਹ ਕਈ ਵਾਰ ਨਜ਼ਰ ਆਏ।"[61]

ਬਰਲਿਨ ਇੰਡੀਆ ਕਮੇਟੀ ਦੇ ਪੈਗ਼ਾਮ ਦਾ ਮਜ਼ਮੂਨ ਕੀ ਸੀ ? ਸੰਭਾਵੀ ਗ਼ਦਰ ਮਚਾਉਣ ਵਾਲਿਆਂ ਵੱਲ ਸੇਧਤ ਇਹ ਸਾਹਿਤ ਖ਼ਾਸ ਗ਼ਦਰੀ ਵਿਸ਼ਿਆਂ ਅਤੇ ਖ਼ਿਲਾਫ਼ਤਵਾਦੀਆਂ ਨੂੰ ਟੁੰਬਣ ਦੀਆਂ ਗਿਣਤੀਆਂ-ਮਿਣਤੀਆਂ 'ਚੋਂ ਉਭਾਰੇ ਖ਼ਾਸ ਨਮੂਨਿਆਂ ਦਾ ਸੁਮੇਲ ਸੀ। ਜੋ ਸਾਡੇ ਕੱਦਾਵਰ ਪ੍ਰਚਾਰਕਾਂ ਦੀ ਤਰ੍ਹਾਂ-ਤਰ੍ਹਾਂ ਦੇ ਖ਼ਾਸ ਸਰੋਤਿਆਂ ਲਈ ਪ੍ਰਚਾਰ ਸਮੱਗਰੀ ਤਿਆਰ ਕਰਨ ਦੇ ਰੰਗ-ਢੰਗ ਨੂੰ ਦਰਸਾਉਂਦਾ ਸੀ। ਇਸ ਮਿਸਾਲ ਵਿਚ, ਅਕਸਰ ਹੀ ਨਾਲੋ-ਨਾਲ ਦੋ ਪੈਗ਼ਾਮਾਂ ਦਾ ਸੰਕੇਤ ਮਿਲਦਾ ਸੀ: ਸਿਆਸੀ ਤੇ ਕੌਮੀ ਮਾਮਲਿਆਂ ਦੀ ਧਰਮ ਤੋਂ ਅਲਹਿਦਗੀ ਤਹਿਤ ਹਿੰਦੁਸਤਾਨੀ ਕੌਮੀ ਮੁਕਤੀ ਦੇ ਕਾਜ ਅੰਦਰ ਹਿੰਦੂ-ਮੁਸਲਿਮ ਏਕਤਾ ਦੇ ਸੱਦੇ ਦਾ ਦੁਹਰਾਅ; ਅਤੇ ਮੁਸਲਮਾਨਾਂ ਨੂੰ ਬਤੌਰ ਮੁਸਲਮਾਨ ਉਨ੍ਹਾਂ ਦੇ ਨਿਆਰੇ ਵਿਰਸੇ ਤੇ ਪਛਾਣ ਤਹਿਤ ਅਪੀਲ।

ਮਿਸਾਲ ਵਜੋਂ, ਇਕ ਉਰਦੂ ਲੀਫਲੈੱਟ ਨੇ ਜ਼ੋਰ ਦਿੱਤਾ: "ਓ ਬਹਾਦਰ ਹਿੰਦੁਸਤਾਨੀ ਸਿਪਾਹੀਓ! ਬਦਮਾਸ਼ ਅੰਗਰੇਜ਼ਾਂ ਦੇ ਵਫ਼ਾਦਾਰ ਨਾ ਬਣੇ ਰਹੋ! ਇਹ ਜ਼ਾਲਮ ਅੰਗਰੇਜ਼ ਸਾਡੀ ਕੌਮ ਦਾ ਲਹੂ ਪੀ ਰਹੇ ਹਨ।" ਇਸ ਨੇ ਧਿਆਨ ਦਿਵਾਇਆ ਕਿ ਅੰਗਰੇਜ਼ ਭਾਰੀ ਭੋਂਇ ਕਰ ਥੋਪ ਰਹੇ ਹਨ, ਧਨ ਅਤੇ ਫ਼ਸਲਾਂ ਉਠਾ ਲਿਜਾਂਦੇ ਹਨ, ਅਤੇ ਹਿੰਦੁਸਤਾਨੀ ਫ਼ੌਜੀਆਂ ਨੂੰ ਪ੍ਰਤੀ ਮਹੀਨਾ ਸਿਰਫ਼ ਦਸ ਤੋਂ ਪੰਦਰਾਂ ਰੁਪਏ ਹੀ ਦਿੰਦੇ ਹਨ ਜਦਕਿ ਗੋਰੇ ਫ਼ੌਜੀਆਂ ਨੂੰ ਇਸ ਤੋਂ ਤਿੱਗਣੀ ਤਨਖ਼ਾਹ ਅਤੇ ਨਾਲ ਰਾਸ਼ਨ ਵੀ ਮਿਲਦਾ ਹੈ, ਇਸ ਤੱਥ ਦੇ ਬਾਵਜੂਦ ਕਿ ਹਿੰਦੁਸਤਾਨੀਆਂ ਤੋਂ "ਜੰਗ ਦਾ ਸਭ ਤੋਂ ਮੁਸ਼ਕਲ ਕੰਮ ਲਿਆ ਜਾਂਦਾ ਹੈ।" ਅੰਗਰੇਜ਼ ਬੀਮਾਰੀਆਂ ਅਤੇ ਕਾਲ ਫੈਲਾਉਂਦੇ ਹਨ, ਦੇਸ਼ਭਗਤਾਂ ਨੂੰ ਜੇਲ੍ਹੀਂ ਡੱਕਦੇ ਹਨ ਅਤੇ ਉਨ੍ਹਾਂ ਤੋਂ ਸਖ਼ਤ ਮੁਸ਼ੱਕਤ ਕਰਾਉਂਦੇ ਹਨ। "ਹਿੰਦੁਸਤਾਨੀ ਭਰਾਵਾਂ ਨੂੰ ਇਕ ਦੂਜੇ ਨਾਲ ਲੜਨ ਲਈ" ਉਕਸਾਉਂਦੇ ਹਨ, "ਹਿੰਦੁਸਤਾਨੀ ਔਰਤਾਂ ਨੂੰ ਭ੍ਰਿਸ਼ਟ ਕਰਦੇ ਹਨ," ਅਤੇ ਹਿੰਦੁਸਤਾਨ ਦੇ ਪੂਜਾ ਸਥਾਨਾਂ - ਮੰਦਰਾਂ, ਮਸੀਤਾਂ ਅਤੇ ਗੁਰਦਵਾਰਿਆਂ - ਨੂੰ ਢਾਹੁੰਦੇ ਹਨ।[62]

ਲੀਫਲੈੱਟ ਹੋਰ ਵੀ ਮਾੜੀ ਗੱਲ ਵੱਲ ਧਿਆਨ ਦਿਆਉਂਦਾ ਹੋਇਆ ਕਹਿੰਦਾ ਹੈ, "ਪਿੱਛੇ ਜਹੇ *[ਅੰਗਰੇਜ਼ਾਂ ਨੇ]* ਮਿਸਰ, ਕੈਨੇਡਾ, ਕਲਕੱਤਾ *[ਕਾਮਗਾਟਾ ਮਾਰੂ* ਦੇ ਸਾਕੇ ਦਾ ਹਵਾਲਾ, ਜਿਸ ਨੂੰ ਬਾਅਦ ਵਿਚ ਥੋੜ੍ਹਾ ਤਫ਼ਸੀਲ ਨਾਲ ਬਿਆਨ ਕੀਤਾ ਗਿਆ ਹੈ*]* ਅਤੇ ਦਿੱਲੀ ਵਿਚ ਗੋਲੀਆਂ ਚਲਾਕੇ ਸਿੱਖ, ਹਿੰਦੂ ਅਤੇ ਮੁਸਲਮਾਨ ਮਾਰ ਦਿੱਤੇ; ਉਨ੍ਹਾਂ ਨੂੰ ਫਾਹੇ ਲਾ ਦਿੱਤਾ ਅਤੇ ਉਨ੍ਹਾਂ ਨੂੰ ਜਲਾਵਤਨ ਕੀਤਾ।" ਇਸ ਨੇ ਸੱਦਾ ਦਿੱਤਾ, "ਹੁਣ ਉਨ੍ਹਾਂ ਦਾ ਬਦਲਾ ਲੈਣ ਦਾ ਵੇਲਾ ਹੈ। ਗ਼ਦਰ ਮਚਾ ਦਿਓ ਅਤੇ ਉਨ੍ਹਾਂ ਨੂੰ ਮਾਰ ਮੁਕਾਓ....ਹਿੰਦੁਸਤਾਨ ਨੂੰ ਮੁਕਤ ਕਰਾਓ। ਹਿੰਦੁਸਤਾਨ ਵਿਚ ਖ਼ੁਦ ਰਾਜ ਕਰੋ। ਗ਼ਦਰ ਮਚਾ ਦਿਓ। ਹਰ ਬਦਮਾਸ਼ ਅੰਗਰੇਜ਼ ਅਤੇ ਉਨ੍ਹਾਂ ਰਾਜਿਆਂ ਤੇ ਨਵਾਬਾਂ ਨੂੰ ਮਾਰ ਮੁਕਾਓ ਜੋ ਉਨ੍ਹਾਂ ਦੇ ਯਾਰ ਹਨ ਅਤੇ ਹਿੰਦੁਸਤਾਨੀਆਂ ਨੂੰ ਦਬਾਉਂਦੇ ਹਨ।" ਦੂਜੇ ਲਫ਼ਜ਼ਾਂ 'ਚ, ਜੇ ਕਾਲ-ਦੋਸ਼ ਵਾਲਾ (anachronistic) ਲਕਬ ਵਰਤਦੇ ਹੋਏ ਕਹਿਣਾ ਹੋਵੇ, ਤਾਂ ਦਲਾਲਾਂ ਨੂੰ ਫ਼ਿਰੰਗੀਆਂ ਨਾਲੋਂ ਘੱਟ ਦੁਸ਼ਮਣ ਨਹੀਂ ਸੀ ਸਮਝਿਆ ਗਿਆ; ਇਹ ਐਸੀ ਕੌਮੀ ਚੇਤਨਾ ਨਹੀਂ ਸੀ ਜਿਸ ਨੇ ਜਮਾਤ ਪ੍ਰਤੀ ਅੱਖਾਂ ਮੀਟੀਆਂ ਹੋਈਆਂ ਹੋਣ।

ਫਿਰ ਵੀ, ਜੰਗ ਦੇ ਵਕਤ ਦੀਆਂ ਹਕੀਕਤਾਂ ਨੂੰ ਮੱਦੇ-ਨਜ਼ਰ ਰੱਖਦਿਆਂ ਲੀਫਲੈੱਟ ਅੱਗੇ ਕਹਿੰਦਾ ਹੈ: "ਜਰਮਨ ਸਾਡੇ ਵੈਰੀ ਨਹੀਂ। ਉਹ ਸਾਡੇ ਦੋਸਤ ਹਨ। ਸਾਡੇ ਵੈਰੀ ਅੰਗਰੇਜ਼ ਹਨ....। ਉਨ੍ਹਾਂ ਖ਼ਾਤਰ ਜੰਗ ਨਾ ਲੜੋ। ਇਸ ਵਕਤ, ਜਰਮਨਾਂ ਤੋਂ ਬਿਨਾ ਤੁਰਕ, ਈਰਾਨੀ, ਮਿਸਰੀ, ਅਫ਼ਗਾਨ, ਚੀਨੀ, ਇਹ ਸਾਰੇ ਅੰਗਰੇਜ਼ ਵਿਰੁੱਧ ਲੜ ਰਹੇ ਹਨ। ਸੰਖੇਪ 'ਚ, ਹੁਣ ਹਿੰਦੁਸਤਾਨ ਵਿਚ ਗ਼ਦਰ ਮਚਾਉਣ ਦਾ ਵੇਲਾ ਹੈ - ਬੰਦੇ ਮਾਤਰਮ।"

ਥੋੜ੍ਹਾ ਅੱਗੇ: "ਪਿਆਰੇ ਹਿੰਦੁਸਤਾਨੀ ਸੂਰਬੀਰੋ!.... ਸਾਰੇ ਹਿੰਦੁਸਤਾਨੀ ਫ਼ੌਜੀਆਂ, ਰਾਜਪੂਤਾਂ, ਸਿੱਖਾਂ, ਪਠਾਣਾਂ, ਡੋਗਰਿਆਂ, ਗੋਰਖਿਆਂ ਅਤੇ ਮੁਸਲਮਾਨਾਂ ਨੂੰ ਬਹਾਦਰ ਜਰਮਨਾਂ ਅੱਗੇ ਆਪਣੇ ਹਥਿਆਰ ਸੁੱਟ ਦੇਣੇ ਚਾਹੀਦੇ ਹਨ ਅਤੇ ਫਿਰ ਜਰਮਨਾਂ ਨਾਲ ਇਕ ਹੋ ਕੇ ਅੰਗਰੇਜ਼ ਦੇ ਖ਼ਿਲਾਫ਼ ਲੜਨਾ ਚਾਹੀਦਾ ਹੈ ਤਾਂ ਕਿ ਹਿੰਦੁਸਤਾਨ, ਈਰਾਨ, ਮਲਾਇਆ, ਕੰਧਾਰ, ਅਫ਼ਗਾਨਿਸਤਾਨ, ਬਲੋਚਿਸਤਾਨ ਅਤੇ ਚੀਨ ਦੀ ਫਿਰੰਗੀਆਂ ਦੇ ਦਾਬੇ ਤੇ ਗ਼ੁਲਾਮੀ ਤੋਂ ਪੂਰੀ ਤਰ੍ਹਾਂ ਬੰਦ-ਖ਼ਲਾਸੀ ਹੋ ਜਾਵੇ। .... ਹਰ ਜਗ੍ਹਾ ਸਵਦੇਸ਼ੀ, ਭਾਵ ਸਵਰਾਜ ਕਾਇਮ ਹੋ ਜਾਵੇ ਅਤੇ ਸਾਰੇ ਮਰਦ ਤੇ ਔਰਤਾਂ ਖੁਸ਼ਹਾਲੀ ਅਤੇ ਅਮਨ ਨਾਲ ਰਹਿਣ।"

ਇਸ ਤੋਂ ਅੱਗੇ ਲੀਫਲੈੱਟ ਨੇ ਹਿੰਦੁਸਤਾਨੀ ਫ਼ੌਜ ਨੂੰ ਅੰਗਰੇਜ਼ ਸਲਤਨਤ ਨੂੰ ਸਲਾਮਤ ਰੱਖਣ ਵਿਚ ਆਪਣੀ ਭੂਮਿਕਾ ਦੀ ਜ਼ਿੰਮੇਵਾਰੀ ਕਬੂਲ ਕਰਨ ਦਾ ਸੱਦਾ ਦਿੰਦਿਆਂ ਕਿਹਾ: ਸਾਡੇ

"ਪਿਆਰੇ ਭੋਲੇ ਹਿੰਦੁਸਤਾਨੀ ਫ਼ੌਜੀਆਂ ਨੇ ਮਹਿਜ਼ ਆਪਣੇ ਮੁਲਕ ਨੂੰ ਹੀ ਗ਼ੁਲਾਮ ਨਹੀਂ ਬਣਾਇਆ ਸਗੋਂ ਉਹ ਅਫ਼ਗਾਨਿਸਤਾਨ, ਨੇਪਾਲ, ਈਰਾਨ, ਬਲੋਚਿਸਤਾਨ, ਚੀਨ ਅਤੇ ਅਫ਼ਰੀਕਾ ਵਿਚ ਜਾ ਕੇ ਲੜਦੇ ਹਨ ਅਤੇ ਆਪਣਾ ਲਹੂ ਡੋਲ੍ਹਿਆ ਹੈ। ਪਰ ਕਿਸ ਦੀ ਖ਼ਾਤਰ ? ਡਾਕੂ ਫਿਰੰਗੀਆਂ, ਜਾਬਰ ਅੰਗਰੇਜ਼ਾਂ ਅਤੇ ਸਾਡੇ ਵਤਨ ਦੇ ਵੈਰੀਆਂ ਦੀ ਖ਼ਾਤਰ। ਅਸੀਂ ਹਿੰਦੁਸਤਾਨੀ ਫ਼ੌਜੀ ਹਿੰਦੁਸਤਾਨ ਅਤੇ ਕੁਲ਼ ਆਲਮ ਨੂੰ ਗ਼ੁਲਾਮ ਬਣਾ ਰਹੇ ਹਾਂ....। ਤੇ ਹੁਣ ਕਰਨਾ ਕੀ ਹੈ ?"

ਕਰਨਾ ਇਹ ਸੀ ਕਿ ਫ਼ੌਜੀ ਆਪਣੇ ਮੂੰਹ ਉਨ੍ਹਾਂ ਵੱਲ ਮੋੜ ਲੈਣ, "ਉਨ੍ਹਾਂ ਨੂੰ ਉਨ੍ਹਾਂ ਸਾਰੀਆਂ ਥਾਂਵਾਂ (ਇਤਫ਼ਾਕਨ ਇਥੇ ਹਿੰਦੁਸਤਾਨੀ ਫ਼ੌਜੀ ਦਸਤਿਆਂ ਦੀ ਹੈਰਾਨੀਜਨਕ ਤਾਇਨਾਤੀ ਵੱਲ ਧਿਆਨ ਦਿੱਤਾ ਜਾਵੇ) ਤੋਂ 'ਕੁੱਟ ਕੇ ਦਬੱਲ ਦਿਓ, "ਕੁਲ ਦੁਨੀਆ ਨੂੰ ਜ਼ਾਲਮ ਤੇ ਬਦਕਾਰ ਅੰਗਰੇਜ਼ਾਂ ਦੇ ਪੰਜਿਆਂ 'ਚੋਂ ਆਜ਼ਾਦ ਕਰਾਓ, ਆਪਣਾ ਰਾਜ ਕਾਇਮ ਕਰੋ... ਇਥੇ ਜਿਹੋ ਜਹੀ ਢਿੱਡ ਭਰਨ ਲਈ ਮਿਲਦੀ ਹੈ ਉਸੇ ਨਾਲ ਸੰਤੁਸ਼ਟ ਰਹੋ ਅਤੇ ਸਾਡੇ ਆਪਣੇ ਮੁਲਕ ਤੇ ਪਰਦੇਸਾਂ ਵਿਚ ਆਪਣੇ ਭੈਣਾਂ ਤੇ ਭਾਈਆਂ ਦਾ ਮਾਣ-ਸਨਮਾਨ ਤੇ ਹੱਕ ਸਥਾਪਤ ਕਰੋ....। ਇਹ ਵਧੀਆ ਮੌਕਾ ਹੈ.... ਦਲੇਰ ਬਣੋ.... ਜੇ ਜਾਨ ਦੇਣੀ ਹੀ ਹੈ ਤਾਂ ਆਪਣੇ ਵਤਨ ਅਤੇ ਵਤਨ ਵਾਸੀਆਂ ਦੀ ਆਜ਼ਾਦੀ ਲਈ ਦਿਓ।"[63]

ਇਕ ਹੋਰ ਲੀਫਲੈੱਟ ਵਿਚ ਹਿੰਦੂ-ਮੁਸਲਿਮ ਏਕਤਾ ਦਾ ਸੱਦਾ ਦਿੱਤਾ ਗਿਆ: "ਐ ਭਾਰਤ ਦੇ ਸਪੂਤੋ, ਐ ਹਿੰਦ ਦੇ ਬਹਾਦਰੋ – ਤੁਸੀਂ ਇੱਕੋ ਅਤੇ ਉਸੇ ਲਹੂ ਦੇ ਦੋ ਕਤਰੇ ਹੋ .... ਤੁਸੀਂ ਉਸੇ ਬਾਗ਼ ਦੇ ਦੋ ਪੌਦੇ ਹੋ; ਤੁਸੀਂ ਇੱਕੋ ਰੁਖ਼ ਦੇ ਦੋ ਫ਼ਲ ਹੋ.... ਹਿੰਦੂ ਤੇ ਮੁਸਲਮਾਨ ਦੋਵੇਂ ਇੱਕੋ ਮਾਂ ਦੀ ਔਲਾਦ ਹਨ। ਕਾਸ਼! ਉਨ੍ਹਾਂ ਦੀ ਮੱਤ ਨਾ ਮਾਰੀ ਗਈ ਹੁੰਦੀ। ਹਿੰਦੂ ਤੇ ਮੁਸਲਮਾਨ ਇਕਜੁੱਟ ਕਿਉਂ ਨਹੀਂ ਹੁੰਦੇ ? ... ਹਿੰਦੂਆਂ ਤੇ ਮੁਸਲਮਾਨਾਂ ਦੋਵਾਂ ਦੀ ਜਾਇਦਾਦ ਤੇ ਦੌਲਤ ਲੁੱਟੀ ਜਾ ਰਹੀ ਹੈ।"[64]

ਲੀਫਲੈੱਟ ਨੇ ਧਿਆਨ ਦਿਵਾਇਆ, ਅੰਗਰੇਜ਼ ਤਾਂ ਗਊ ਤੇ ਸੂਰ ਦੋਵੇਂ ਛਕ ਜਾਂਦੇ ਹਨ; ਮੁਕਤੀ ਯੁੱਧ ਦਾ ਫ਼ਾਇਦਾ ਦੋਹਾਂ ਭਾਈਚਾਰਿਆਂ ਨੂੰ ਹੋਣਾ ਹੈ। ਪਰ ਅੰਗਰੇਜ਼ ਦੀ ਪਾੜੋ ਤੇ ਰਾਜ ਕਰੋ ਦੀ ਚਾਲ ਕਾਰਨ ਹੁਣ "ਭਰਾ ਭਰਾ ਦਾ ਵੈਰੀ ਹੈ, ਸਕੇ-ਸਬੰਧੀ ਰਾਹਜ਼ਨਾਂ ਵਾਂਗ ਵਰਤਾਓ ਕਰਦੇ ਹਨ।" ਇਸ ਨੇ ਵਾਸਤਾ ਪਾਇਆ, "ਓ ਵੀਰੋ, ਰੱਬ ਦੇ ਵਾਸਤੇ, ਮੇਰੇ ਬੋਲਾਂ 'ਤੇ ਯਕੀਨ ਕਰੋ ਅਤੇ ਆਪਣੀਆਂ ਅੱਖਾਂ 'ਤੇ ਬੰਨ੍ਹੀ ਪੱਟੀ ਲਾਹ ਦਿਓ ਅਤੇ ਮੁਕਤੀ ਦਾ ਚੋਲਾ ਪਾ ਲਓ। ਆਪਣਾ ਮਾਣ-ਸਨਮਾਨ ਜਗਾਓ ਅਤੇ ਆਪਣੀ ਭਾਰਤ ਮਾਂ ਦੀ ਪਹਿਲਾਂ ਵਾਲੀ ਸ਼ਾਨ ਅਤੇ ਮਾਣ-ਸਨਮਾਨ ਮੁੜ ਬਹਾਲ ਕਰ ਦਿਓ।"[65]

ਸ਼ਾਇਦ ਇਹ ਥੋੜ੍ਹੀ ਹੈਰਾਨੀ ਵਾਲੀ ਗੱਲ ਹੈ ਕਿ ਭਾਰਤ ਮਾਂ ਦਾ ਹੱਠੀ ਮਹਿਮਾ-ਗਾਣ ਅਤੇ "ਬੰਦੇ ਮਾਤਰਮ" ਵਰਗੇ ਬੋਲਾਂ ਦਾ ਇਸਤੇਮਾਲ, ਜੋ ਹਿੰਦੂ ਸਵਦੇਸ਼ੀ ਇੰਤਹਾਪਸੰਦਾਂ ਨਾਲ ਬਹੁਤ ਹੀ ਨੇੜਿਓਂ ਜੁੜੇ ਹੋਏ ਸਨ, ਮੁਸਲਮਾਨਾਂ ਨੂੰ ਜਿਚ ਕਰਨ ਵਾਲਾ ਹੈ। ਮਜ਼ੇਦਾਰ ਗੱਲ ਦੇਖੋ, ਇਸ ਖ਼ਾਸ ਲੀਫਲੈੱਟ ਵਿਚ ਸਿੱਖਾਂ ਦਾ ਕੋਈ ਜ਼ਿਕਰ ਨਹੀਂ, ਅਤੇ ਹੋਰ ਉਰਦੂ ਲਿਖਤਾਂ ਵਿਚ ਵੀ ਥੋੜ੍ਹਾ ਜਿਹਾ ਹੀ ਜ਼ਿਕਰ ਹੈ ਜਿਵੇਂ *ਹਮਾਰਾ ਖ਼ਾਨਾਜੰਗੀ, ਵਰਤਮਾਨ ਜ਼ਮਾਨਾ ਅਤੇ ਮਜ਼ਬ ਕਯਾ ਹੈ?* ਦੂਜੇ ਪਾਸੇ, *ਗ਼ਦਰ ਦੀ ਗੂੰਜ* ਸਿੱਧੇ ਤੌਰ 'ਤੇ ਸਿੱਖ ਸਰੋਤਿਆਂ ਨੂੰ ਮੁਖ਼ਾਤਬ ਸੀ। ਇਸ ਦਾ ਧਾਰਮਿਕ ਅੰਦਾਜ਼ ਜਾਰੀ ਰਹਿੰਦਾ ਹੈ (ਹਾਲਾਂਕਿ ਗੀਤਾ, ਕੁਰਆਨ, ਜਾਂ ਗੁਰੂ ਗ੍ਰੰਥ ਦੇ ਪਾਠਕਾਂ 'ਤੇ ਲਾਗੂ ਹੋਣ ਲਈ ਇੱਕੋ ਆਮ ਕਾਫ਼ੀ ਸੀ): "ਇਹ ਸਭ ਨੇਕੀ ਅਤੇ ਇਨਸਾਫ਼ ਦੇ ਨਾਂ 'ਤੇ, ਜੋ ਪ੍ਰਮਾਤਮਾ ਦੀ ਕ੍ਰਿਪਾ ਨਾਲ, ਸੁਰਗ ਨੂੰ ਜਾਣ ਦਾ ਸਹੀ ਰਾਹ ਹੈ।"

ਜਾਗੋ, ਐ ਨੌਜਵਾਨੋ, ਤੁਸੀਂ ਹਿੰਦੂ ਹੋ ਜਾਂ ਮੁਸਲਮਾਨ – ਕੀ ਤੁਸੀਂ ਦੇਖ ਨਹੀਂ ਰਹੇ ਕਿ

ਹੁਣੇ ਤਾਂ ਤੁਰਕੀ ਦੇ ਸੁਲਤਾਨ ਨੇ ਵੀ ਤੁਹਾਡੀ ਹਾਲਤ 'ਤੇ ਰਹਿਮ ਕਰਦਿਆਂ ਆਪਣੀ ਤਲਵਾਰ ਚੁੰਮ ਲਈ ਹੈ ਅਤੇ ਐਲਾਨ ਕਰ ਦਿੱਤਾ ਹੈ ਕਿ ਜਦੋਂ ਤੱਕ ਉਹ ਆਪਣੇ ਬੱਚਿਆਂ ਨੂੰ ਕਸ਼ਟਾਂ ਤੋਂ ਮੁਕਤੀ ਨਹੀਂ ਦਿਵਾ ਦਿੰਦਾ ਅਤੇ ਉਨ੍ਹਾਂ ਦੀਆਂ ਖ਼ੁਸ਼ੀਆਂ ਵਾਪਸ ਨਹੀਂ ਮੋੜ ਲਿਆਉਂਦਾ, ਉਹ ਆਪਣੀ ਤਲਵਾਰ ਮੋੜ ਕੇ ਮਿਆਨ 'ਚ ਨਹੀਂ ਪਾਵੇਗਾ। ਉਸ ਨੇ ਆਪਣੇ ਹੁਕਮਾਂ ਦੀ ਡੌਂਡੀ ਹਰ ਜਗ੍ਹਾ, ਹਰ ਰਾਹ-ਗਲੀ ਪਿਟਵਾ ਦਿੱਤੀ ਹੈ: "ਜਾਗੋ, ਗ਼ਦਰ ਦੀ ਗੂੰਜ ਬੁਲੰਦ ਕਰੋ; ਸਾਰੇ ਮੇਰਾ ਸਾਥ ਦਿਓ, ਹਿੰਦੂ ਵੀ ਤੇ ਮੁਸਲਮਾਨ ਵੀ, ਅਤੇ ਮੁੜ ਮੁਕਤੀ ਹਾਸਲ ਕਰਨ ਦੇ ਕਾਜ ਲਈ ਸ਼ਹੀਦ ਹੋਵੋ, ਕਿਉਂਕਿ ਤੁਹਾਡੇ ਪਾਵਨ ਗ੍ਰੰਥ ਤੁਹਾਨੂੰ ਸੁਲਤਾਨ ਦੇ ਫ਼ਰਮਾਨਾਂ ਦੀ ਪਾਲਣਾ ਕਰਨ ਦਾ ਹੁਕਮ ਦਿੰਦੇ ਹਨ।" ਮਾਅਰਕੇ ਦੀ ਗੱਲ ਇਹ ਸੀ ਕਿ ਏਕਤਾ ਦੀ ਇਹ ਪੁਕਾਰ ਮਹਿਜ਼ ਮੁਸਲਮਾਨਾਂ ਨੂੰ ਹੀ ਹਿੰਦੁਸਤਾਨ ਦੀ ਕੌਮੀ ਮੁਕਤੀ ਦੇ ਕਾਜ ਵਿਚ ਸ਼ਾਮਲ ਹੋਣ ਦਾ ਸੱਦਾ ਨਹੀਂ ਸੀ ਸਗੋਂ ਹਿੰਦੂਆਂ ਨੂੰ ਵੀ ਖ਼ਿਲਾਫ਼ਤ ਦੇ ਕਾਜ ਵਿਚ ਸ਼ਾਮਲ ਹੋਣ ਦਾ ਹੋਕਾ ਵੀ ਸੀ।

ਇਕ ਐਲਾਨ-ਏ-ਜੰਗ ਨੇ ਆਪਣੇ "ਮਹਿਬੂਬ ਹਿੰਦੁਸਤਾਨੀਆਂ" ਨੂੰ ਕਿਹਾ "ਜ਼ਰਾ ਆਪਣੀ ਤੇ ਆਪਣੇ ਵਤਨ ਦੀ ਹਾਲਤ ਬਾਰੇ ਸੋਚੋ, ਉਨ੍ਹਾਂ ਨਾਲ ਕੀ ਬੀਤ ਰਹੀ ਹੈ" – ਭਾਵ ਜੋ ਕਦੇ ਸਭ ਤੋਂ ਦੌਲਤਮੰਦ ਅਤੇ ਸਭ ਤੋਂ ਭਰਪੂਰ ਹੁੰਦੇ ਸਨ ਉਹ ਹੁਣ ਸਭ ਤੋਂ ਗ਼ਰੀਬਾਂ ਵਿੱਚੋਂ ਹਨ। ਅਤੇ, ਵਤਨ ਦੀ ਦੌਲਤ ਤੇ ਅੰਨ ਨਿਚੋੜਕੇ ਇਸ ਨੂੰ ਨਕਾਰਾ ਕਰਨ ਤੋਂ ਇਲਾਵਾ, "*[ਤੁਹਾਡੇ]* ਵੀਰਾਂ ਨੂੰ ਯੂਰਪ ਵਿਚ ਜੰਗ 'ਤੇ ਭੇਜਿਆ ਗਿਆ ਹੈ।" ਇਸ ਨੇ ਸਵਾਲ ਕੀਤਾ, "ਇਹ ਕੈਸੀ ਸਿਆਣਪ ਹੈ ਕਿ ਲੜਾਈ ਵਿਚ ਗੋਰੇ ਆਪ ਤਾਂ ਪਿੱਛੇ ਰਹਿੰਦੇ ਹਨ ਅਤੇ ਮਰਨ ਲਈ ਹਿੰਦੁਸਤਾਨੀਆਂ ਨੂੰ ਅੱਗੇ ਕਰ ਦਿੰਦੇ ਹਨ ?"

ਕੁਝ ਸਿਦਕੀ ਹਿੰਦੂ ਰਾਸ਼ਟਰਵਾਦੀਆਂ ਦੀ ਮਹਿਮਾ ਗਾਉਣ ਤੋਂ ਪਿੱਛੋਂ ਇਹ "ਪਿਆਰੇ ਮੁਸਲਮਾਨ ਭਰਾਵਾਂ" ਨੂੰ ਮੁਖ਼ਾਤਬ ਹੋਇਆ:

"ਅੱਜ ਅੰਗਰੇਜ਼ ਜਰਵਾਣੇ, ਅਤੇ ਰੂਸ ਤੇ ਫਰਾਂਸ ਤੁਹਾਡੇ ਤੁਰਕੀ ਦੇ ਸੁਲਤਾਨ ਨਾਲ ਲੜ ਰਹੇ ਹਨ। ਅਖ਼ਬਾਰਾਂ ਵਿਚ ਇਹ ਇਸ਼ਤਿਹਾਰਬਾਜ਼ੀ ਤੁਹਾਨੂੰ ਘੂਰ ਰਹੀ ਹੈ ਜਿਸ ਵਿਚ ਐਲਾਨ ਕੀਤਾ ਹੁੰਦਾ ਹੈ ਕਿ ਤੁਰਕੀ ਦੀ ਸਲਤਨਤ ਨੂੰ ਨੇਸਤੋ-ਨਾਬੂਦ ਕਰ ਦਿੱਤਾ ਜਾਵੇਗਾ। ਹੁਣ ਉਨ੍ਹਾਂ ਨੇ ਮਿਸਰ ਦਾ ਨਵਾਂ ਸੁਲਤਾਨ ਥਾਪ ਦਿੱਤਾ ਹੈ। ਕੀ ਇਹ ਤੁਹਾਨੂੰ ਚੰਗਾ ਲੱਗਦਾ ਹੈ ਕਿ ਤੁਹਾਡੀਆਂ ਅੱਖਾਂ ਅੱਗੇ ਤੁਹਾਡੇ ਮੁਸਲਿਮ ਮਜ਼ਹਬ ਨੂੰ ਤਬਾਹ ਕੀਤਾ ਜਾ ਰਿਹਾ ਹੋਵੇ ਅਤੇ ਤੁਸੀਂ ਖ਼ਾਮੋਸ਼ ਬੈਠੇ ਰਹੋ ? ਨਹੀਂ, ਹਰਗਿਜ਼ ਨਹੀਂ। ਪਿਆਰੇ ਵੀਰੋ, ਹੁਣ ਵੇਲਾ ਹੈ; ਉੱਠੋ।"

ਅੰਤ ਵਿਚ, ਇਕ ਵਾਰ ਫਿਰ ਹਿੰਦੁਸਤਾਨੀਆਂ ਨੂੰ ਸਮੁੱਚੇ ਰੂਪ 'ਚ ਮੁਖ਼ਾਤਬ ਹੁੰਦਿਆਂ ਇਸ ਨੇ ਉਚੇਚੇ ਨਾਂ ਲੈ ਕੇ ਖ਼ਾਸ ਜੁਝਾਰੂ ਫਿਰਕਿਆਂ ਅਤੇ ਖਾੜਕੂ ਮਜ਼ਹਬੀ ਹਿੱਸਿਆਂ ਦੀ ਮਹਿਮਾ ਗਾਈ:

"ਪਿਆਰੇ ਹਿੰਦੁਸਤਾਨੀ ਵੀਰੋ – ਤੁਹਾਡੇ ਕਸ਼ਟ ਦੇ ਦਿਨ ਪੁੱਗ ਗਏ। ਹਿੰਦੁਸਤਾਨੀਆਂ ਦੀ ਤਰਫ਼ੋਂ ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਜੰਗ ਲੜੀ ਜਾ ਰਹੀ ਹੈ। ਪੂਰੇ ਹਿੰਦੁਸਤਾਨ ਵਿਚ ਜੰਗ ਸ਼ੁਰੂ ਹੋ ਚੁੱਕੀ ਹੈ; ਤੁਸੀਂ ਵੀ ਉੱਠੋ ਅਤੇ ਹਿੰਦੁਸਤਾਨ ਨੂੰ ਗ਼ੁਲਾਮੀ ਦੀ ਜਕੜ 'ਚੋਂ ਆਜ਼ਾਦ ਕਰਾਓ। ਜ਼ਰਾ ਬਹਾਦਰ ਪਠਾਣਾਂ, ਤੁਰਕਾਂ, ਮੁਗ਼ਲਾਂ, ਕਸ਼ੱਤਰੀਆਂ ਬਾਰੇ ਸੋਚੋ, ਤੁਹਾਡੀਆਂ ਰਗਾਂ ਵਿਚ ਉਨ੍ਹਾਂ ਦਾ ਖ਼ੂਨ ਹੈ।"[66]

ਇਕ ਦਿਨ, ਜਿਵੇਂ ਕਿਵੇਂ ਸਾਰਿਆਂ ਦਾ ਮੌਤ ਦੇ ਫ਼ਰਿਸ਼ਤੇ ਨਾਲ ਵਾਹ ਪਵੇਗਾ, ਲਿਹਾਜ਼ਾ ਕਿਉਂ ਨਾ ਲੜਾਈ ਵਿਚ ਜੰਨਤ ਦਾ ਰਾਹ ਅਖ਼ਤਿਆਰ ਕੀਤਾ ਜਾਵੇ ? ਇਸ ਨੇ ਪੁਕਾਰਿਆ, "ਉੱਠੋ ਅਤੇ ਆਪਣੇ ਅਕੀਦੇ ਨੂੰ ਅੰਗੀਕਾਰ ਕਰੋ।"

ਅੱਜ ਪਾਠਕਾਂ ਨੂੰ ਲੱਗ ਸਕਦਾ ਹੈ ਕਿ ਇਹ ਪੈਗ਼ਾਮ ਰਟਣ-ਮੰਤਰ ਹੈ। ਆਖ਼ਿਰ, ਇਹ ਉਨ੍ਹਾਂ ਹੀ ਵਿਸ਼ਿਆਂ ਨੂੰ ਘੱਟ ਤੋਂ ਘੱਟ ਨਵਾਂ ਰੂਪ ਦੇਣ ਅਤੇ ਵਰਤੋਂ 'ਚ ਲਿਆਉਣ ਤੋਂ ਵੱਧ ਕੁਝ ਨਹੀਂ ਜੋ ਗ਼ਦਰ ਦੇ ਯੁਗਾਂਤਰ ਆਸ਼ਰਮ ਦੀਆਂ ਪ੍ਰਕਾਸ਼ਨਾਵਾਂ *ਵਰਤਮਾਨ ਜ਼ਮਾਨਾ, ਹਮਾਰਾ ਖ਼ਾਨਾਜੰਗੀ: ਇਸਕਾ ਸਬਬ ਔਰ ਇਲਾਜ* ਅਤੇ ਹੋਰ ਪ੍ਰਕਾਸ਼ਨਾਵਾਂ ਵਿਚ ਛਪਦੇ ਰਹੇ। ਦਰ ਅਸਲ, ਇਹੀ ਤਾਂ ਸਮਝਣ ਵਾਲਾ ਨੁਕਤਾ ਹੈ।

1916 ਵਿਚ, ਸ਼ੁਰੂਆਤੀ ਮਿਸ਼ਨ ਦੇ ਕਾਮਯਾਬ ਨਾ ਹੋਣ ਤੋਂ ਪਿੱਛੋਂ, ਬਰਲਿਨ ਇੰਡੀਆ ਕਮੇਟੀ ਨੇ ਨਵਾਂ ਸਟਾਫ਼ ਲੈ ਕੇ ਇਸਤਾਂਬੁਲ ਸਦਰ-ਮੁਕਾਮ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ (ਅਤੇ ਇਸਲਾਮੀਕਰਨ ਕਰਨ) ਦਾ ਫ਼ੈਸਲਾ ਕੀਤਾ ਜਿਸ ਵਿਚ ਡਾ. ਮਨਸੂਰ ਅਹਿਮਦ, ਅਬਦੁੱਲ ਵਾਹਿਦ, ਅਤਾ ਮੁਹੰਮਦ ਅਤੇ ਕਮੇਟੀ ਦੇ ਡਾ. ਹਾਫ਼ਿਜ਼ ਨੂੰ ਲਿਆ ਗਿਆ। ਅਤੇ ਇਨ੍ਹਾਂ ਦੀ ਮਦਦ ਲਈ ਕੁਝ ਸਥਾਨਕ ਕਾਰਕੁੰਨ ਦਿੱਤੇ ਗਏ। ਕਮੇਟੀ ਹੁਣ ਯੰਗ ਹਿੰਦੁਸਤਾਨ ਐਸੋਸੀਏਸ਼ਨ ਅਖਵਾਏਗੀ, ਜਿਸ ਦੀ ਨਿਗਰਾਨੀ ਅਬਦੁੱਲ ਵਾਹਿਦ ਕਰੇਗਾ ਅਤੇ ਇਸ ਨੂੰ ਤੁਰਕੀ ਦੀ ਹਕੂਮਤ ਦੀ ਪੂਰੀ ਮਾਨਤਾ ਹੋਵੇਗੀ। ਪਰ, ਪਹਿਲਾਂ ਵਾਂਗ ਹੀ, ਐਸੋਸੀਏਸ਼ਨ ਦਾ ਵਾਹ ਤਰ੍ਹਾਂ ਤਰ੍ਹਾਂ ਦੇ ਪ੍ਰਤੀਕਰਮਾਂ ਨਾਲ ਹੋਇਆ। ਸਭ ਤੋਂ ਭੈੜੀ ਵੰਨਗੀ ਵਜੋਂ ਤਿੱਖੇ ਵਿਰੋਧ (ਜੱਬਰ ਅਤੇ ਉਸਦੇ ਪੈਰੋਕਾਰਾਂ ਦੀ ਤਰਫ਼ੋਂ ਵਿਰੋਧ) ਤੋਂ ਲੈ ਕੇ ਮਦਦ ਨਾ ਕਰਨ (ਅਲੀ ਬੇ ਬੇਸ਼ਾਂਬਾ ਦੀ ਤਰਫ਼ੋਂ, ਜੋ ਤੁਰਕੀ ਦੇ ਜੰਗੀ ਮੰਤਰਾਲੇ ਦੇ ਹਿੰਦੁਸਤਾਨੀਆਂ ਨਾਲ ਸਬੰਧਤ ਵਿਭਾਗ ਦਾ ਮੁਖੀ ਸੀ) ਦੀ ਬੇਰੁਖੀ ਤੱਕ। ਅਖ਼ੀਰ, 1916 ਦੀ ਪੱਤਝੜ ਰੁੱਤੇ, ਬੀ.ਆਈ.ਸੀ. ਨੇ ਅਫ਼ਸੋਸ ਨਾਲ ਮੰਨਿਆ ਕਿ ਦਲੇਰਾਨਾ ਯਤਨਾਂ ਦੇ ਬਾਵਜੂਦ ਇਸ ਦਾ ਇਸਤਾਂਬੁਲ ਅਧਾਰਤ ਪ੍ਰੋਗਰਾਮ ਗੜਬੜ ਕਰਾਉਣ 'ਚ ਕਾਰਆਮਦ ਸਾਬਤ ਨਹੀਂ ਸੀ ਹੋ ਰਿਹਾ। ਉਨ੍ਹਾਂ ਨੇ ਮੁਹਿੰਮ ਠੱਪ ਕਰਨ ਦਾ ਫ਼ੈਸਲਾ ਲਿਆ।[67]

ਜਦਕਿ ਇਸੇ ਦੌਰਾਨ, ਇਕ ਹੋਰ ਦਿਸ਼ਾ ਵਿਚ ਯਤਨ ਕੀਤੇ ਜਾ ਰਹੇ ਸਨ। ਮੁੱਢਲੀਆਂ ਯੋਜਨਾਵਾਂ ਵਿੱਚੋਂ ਦੂਜੀ ਯੋਜਨਾ ਕਾਬੁਲ ਵਿਚ ਮਿਸ਼ਨ ਭੇਜਣਾ ਸੀ ਤਾਂ ਜੋ ਢੁੱਕਵੇਂ ਮੌਕੇ 'ਤੇ ਹਿੰਦੁਸਤਾਨ ਉਪਰ ਧਾਵਾ ਬੋਲਣ ਲਈ ਅਫ਼ਗਾਨ ਦੇ ਅਮੀਰ ਦੀ ਮਦਦ ਲਈ ਜਾ ਸਕੇ। ਮਿਸ਼ਨ ਈਰਾਨ ਦੇ ਰਸਤਿਓਂ ਜਾਵੇਗਾ, ਜੋ ਇਲਾਕਾ ਉਨ੍ਹਾਂ ਦੇ ਵੱਡੇ ਦੁਸ਼ਮਣਾਂ ਲਈ ਅਹਿਮੀਅਤ ਕਾਰਨ ਤੁਰਕੀ-ਜਰਮਨ ਗੱਠਜੋੜ ਲਈ ਯੁੱਧਨੀਤਕ ਪੱਖੋਂ ਚੋਖਾ ਅਹਿਮ ਸੀ। ਹਿੰਦੁਸਤਾਨ ਵਿਚ ਮਦਦ ਭੇਜਣ ਤੇ ਸੰਚਾਰ ਪ੍ਰਣਾਲੀ ਚੱਲਦੀ ਰੱਖਣ ਲਈ ਈਰਾਨ ਨੂੰ ਨਿਰਪੱਖ ਰੱਖਣਾ ਬਰਤਾਨੀਆ ਦੀ ਲੋੜ ਸੀ। ਮੁਲਕ ਦੇ ਉਤਰ ਵਿਚ ਰੂਸ ਦਾ ਅਤੇ ਦੱਖਣ ਵਿਚ ਬਰਤਾਨੀਆ ਦਾ ਰਸੂਖ਼ ਬਣਿਆ ਹੋਣ ਕਾਰਨ, ਸ਼ਾਹ ਤੇ ਸੰਵਿਧਾਨਕ ਹਕੂਮਤ ਵਿੱਚੋਂ ਕੋਈ ਵੀ ਕਿਸੇ ਤਾਕਤ ਨੂੰ ਜ਼ਿਆਦਾ ਨਹੀਂ ਸੀ ਫੈਲਾ ਸਕਦਾ। ਜਦਕਿ ਪੜ੍ਹੇ-ਲਿਖੇ ਤਬਕੇ ਅਤੇ ਕਬਾਇਲੀ ਆਗੂਆਂ ਵਿਚ ਇਸ ਬਾਰੇ ਪਾਟੋਧਾੜ ਸੀ ਕਿ ਉਹ ਕਿਸ ਧੜੇ ਦੀ ਹਮਾਇਤ ਕਰਨ। ਇਹ ਅਕਸਰ ਇਸ 'ਤੇ ਮੁਨੱਸਰ ਕਰਦਾ ਸੀ ਕਿ ਉਨ੍ਹਾਂ ਦੀ ਨਾਰਾਜ਼ਗੀ ਰੂਸੀਆਂ ਜਾਂ ਤੁਰਕਾਂ ਵਿੱਚੋਂ ਕਿਸ ਉਪਰ ਵਧੇਰੇ ਹੈ।

ਅਸਥਿਰਤਾ ਵਾਲੇ ਮਾਹੌਲ ਵਿਚ ਸਤੰਬਰ 1914 'ਚ, ਜਰਮਨ ਬਦੇਸ਼ ਦਫ਼ਤਰ ਨੇ ਇਸ ਖੇਤਰ ਵਿਚ ਸਥਾਨਕ ਕਬਾਇਲੀਆਂ ਵਿਚ ਛਾਪਾਮਾਰ ਯੁੱਧ ਭੜਕਾਉਂਦੇ ਹੋਏ ਬਰਤਾਨੀਆ ਦੀ ਕੰਮ ਕਰਨ ਦੀ ਸਮਰੱਥਾ ਵਿਚ ਖ਼ਲਲ ਪਾਉਣ ਦੇ ਮਿਸ਼ਨ 'ਤੇ ਆਪਣੇ ਸਫ਼ਾਰਤੀ ਅਧਿਕਾਰੀ ਵਿਲਹੈਮ ਵਾਸਮੁਸ (ਉਰਫ਼ "ਜਰਮਨ ਲਾਰੈਂਸ") ਨੂੰ ਭੇਜਿਆ। ਉਸ ਦੀ ਟੋਲੀ ਵਿਚ ਬੀ.ਆਈ.ਸੀ. ਦੇ "ਕਈ ਨਾਖ਼ੁਸ਼ ਹਿੰਦੁਸਤਾਨੀ" ਸ਼ਾਮਲ ਹੋ ਗਏ, ਭਾਵ ਖਾਨਖੋਜੇ, ਅਗਰਚੇ, ਅਤੇ ਪ੍ਰਾਮਥਨਾਥ ਦੱਤ। ਇਨ੍ਹਾਂ ਸਾਰਿਆਂ ਨੂੰ ਪਿੱਛੇ ਜਹੇ ਔਟੋਮਨ ਰੱਖਿਆ ਮੰਤਰਾਲੇ ਦੇ ਕੈਪਟਨ ਕਾਦਰੀ ਬੇ ਵਲੋਂ ਅਮਰੀਕਾ ਵਿਚ ਭਰਤੀ ਕੀਤਾ ਗਿਆ ਸੀ ਜੋ ਹੋਣਹਾਰ ਹਿੰਦੁਸਤਾਨੀ ਇਨਕਲਾਬੀਆਂ ਦੀ

ਭਾਲ ਵਿਚ ਇਥੇ ਦੌਰੇ 'ਤੇ ਆਇਆ ਸੀ।[68] ਇਸ ਤੋਂ ਬਿਨਾ, ਰਿਪੋਰਟ ਇਹ ਵੀ ਸੀ ਕਿ ਈਰਾਨੀ ਸ਼ਨਾਖ਼ਤ ਅਤੇ ਪਾਸਪੋਰਟਾਂ ਵਾਲੇ ਵੀਹ ਹੋਰ ਹਿੰਦੁਸਤਾਨੀ ਵੀ 1915 ਦੀ ਬਸੰਤ ਵਿਚ ਨਿਊ ਯਾਰਕ ਤੋਂ ਚੱਲੇ ਸਨ। ਇਹ ਹੋ ਸਕਦਾ ਹੈ ਬਰਕਤਉੱਲਾ ਉਨ੍ਹਾਂ ਵਿੱਚੋਂ ਇਕ ਹੋਵੇ ਕਿਉਂਕਿ ਜੂਨ ਵਿਚ ਉਸ ਨੂੰ ਈਰਾਨ ਵਿਚ ਦੇਖਿਆ ਗਿਆ ਸੀ। ਇਨ੍ਹਾਂ ਸਾਰੇ ਯਾਤਰੀਆਂ ਬਾਰੇ ਕਿਹਾ ਗਿਆ ਕਿ ਇਨ੍ਹਾਂ ਦਾ ਜਰਮਨ ਕੌਂਸਲੇਟ ਨਾਲ ਰਾਬਤਾ ਸੀ।[69] ਵਾਸਮੁਸ ਤਾਂ ਅੰਗਰੇਜ਼ਾਂ ਨੂੰ ਪ੍ਰੇਸ਼ਾਨ ਕਰਨ ਅਤੇ ਉਨ੍ਹਾਂ ਦੇ ਤੇਲ ਦੇ ਕਾਰਖ਼ਾਨਿਆਂ ਵਿਚ ਭੰਨਤੋੜ ਕਰਨ ਲਈ ਕਬਾਇਲੀਆਂ ਨੂੰ ਉਕਸਾਉਣ ਵਿਚ ਰੁੱਝਿਆ ਹੋਇਆ ਸੀ, ਇਧਰ ਤਿੰਨਾਂ ਹੀ ਹਿੰਦੁਸਤਾਨੀਆਂ ਨੇ ਇਸ ਇਲਾਕੇ ਦੇ ਆਪਣੇ ਉਨ੍ਹਾਂ ਹਮਵਤਨੀਆਂ ਵਿਚ ਪ੍ਰਚਾਰ ਸਮੱਗਰੀ ਵੰਡਣ, ਜਿਨ੍ਹਾਂ ਦੀ ਉਨ੍ਹਾਂ ਨੇ ਸੂਚੀ ਬਣਾ ਰੱਖੀ ਸੀ, ਅਤੇ ਈਰਾਨ ਦੀ ਖਾੜੀ ਅੰਦਰਲੇ ਹਿੰਦੁਸਤਾਨੀ ਵਪਾਰੀਆਂ ਨੂੰ ਜ਼ਰੀਏ ਬਣਾਕੇ ਪਿੱਛੇ ਆਪਣੇ ਮੁਲਕ ਵਿਚ ਸੰਪਰਕ ਬਣਾਉਣ ਦੀ ਯੋਜਨਾ ਬਣਾਈ।

ਭਾਵੇਂ 1915 ਦੇ ਪਿਛਲੇ ਅੱਧ ਵਿਚ ਕਬਾਇਲੀ ਹਮਾਇਤ ਦਾ ਵਹਿਣ ਅੰਗਰੇਜ਼ਾਂ ਵੱਲ ਮੁੜਦਾ ਜਾ ਰਿਹਾ ਸੀ, ਪਰ ਜੰਗ ਦੇ ਅੰਤ ਤਕ ਹਿੰਦੁਸਤਾਨੀ ਇਨਕਲਾਬੀ ਈਰਾਨ ਵਿਚ ਇੱਕਾ-ਦੁੱਕਾ ਲੜਾਈ ਲੜਨ ਵਿਚ ਰੁੱਝੇ ਹੋਏ ਸਨ। ਜਾਣਕਾਰੀ ਨਾਲੋਂ ਟੁੱਟਿਆ ਹੋਇਆ ਅਤੇ ਹੋਰ ਥਾਈਂ ਗ਼ਦਰ ਦੀ ਮੁਹਿੰਮ ਦੇ ਖ਼ਾਤਮੇ ਤੋਂ ਬੇਖ਼ਬਰ ਖਾਨਖੋਜੇ ਦੱਖਣੀ ਈਰਾਨ ਤੋਂ ਪਾਰ "ਬਲੋਚਿਸਤਾਨ ਵੱਲ ਵਧਣ ਲਈ ਸੰਘਰਸ਼" ਵਿਚ ਜੁੱਟਿਆ ਹੋਇਆ ਸੀ।[70] ਅਪ੍ਰੈਲ 1916 'ਚ, ਉਸ ਨੂੰ ਸ਼ਿਰਾਜ਼ – ਜੋ ਅੰਬਾ ਪ੍ਰਸਾਦ ਦਾ ਅਧਾਰ ਸੀ – ਦੇ ਕਬਾਇਲੀ ਮੁਖੀ, ਜੋ ਅੰਗਰੇਜ਼ਪ੍ਰਸਤ ਬਣ ਗਿਆ ਸੀ, ਦੇ ਹਮਲੇ ਕਾਰਨ ਪਿਛੇ ਹਟਣਾ ਪਿਆ। ਜਿਥੇ ਉਸ ਨੂੰ "ਉਨ੍ਹਾਂ ਗ਼ਦਰੀ ਸਿਪਾਹੀਆਂ ਦੀ ਸਾਂਭ-ਸੰਭਾਲ ਕਰਨ ਦੀ ਭੂਮਿਕਾ ਸੌਂਪੀ ਗਈ ਸੀ ਜਿਨ੍ਹਾਂ ਨੇ ਅਮਰੀਕਾ ਤੋਂ ਆਉਣਾ ਸੀ ਅਤੇ ਆਖ਼ਿਰ ਉਨ੍ਹਾਂ ਦੀ ਇਨਕਲਾਬੀ ਫ਼ੌਜ ਵਿਚ ਰਲ ਜਾਣਾ ਸੀ।"[71] ਅੰਬਾ ਪ੍ਰਸਾਦ ਅਤੇ ਸਾਨ ਫਰਾਂਸਿਸਕੋ ਤੋਂ ਬਰਲਿਨ ਹੋ ਕੇ ਇਥੇ ਨਵੇਂ ਆਏ ਗ਼ਦਰੀ ਕੇਦਾਰਨਾਥ ਸੌਂਧੀ ਨੂੰ 1917 ਦੇ ਸ਼ੁਰੂ 'ਚ ਇਕ ਹਿੰਦੁਸਤਾਨੀ ਵਾਲੰਟੀਅਰ ਫੋਰਸ ਵਿਚ ਤੁਰਕਾਂ ਨਾਲ ਮਿਲਕੇ ਲੜਦੇ ਹੋਇਆਂ ਨੂੰ ਗ੍ਰਿਫ਼ਤਾਰ ਕਰਕੇ ਫਾਹੇ ਲਾ ਦਿੱਤਾ ਗਿਆ।[72] ਕਈ ਵਾਰ ਚਕਮਾ ਦੇ ਕੇ ਨਿਕਲਦਾ ਰਿਹਾ ਖਾਨਖੋਜੇ ਅਗਲੇ ਕੁਝ ਸਾਲ ਈਰਾਨ ਵਿਚ ਹੀ ਰਿਹਾ, ਪਹਿਲਾਂ ਬਹਾਇ ਦੇ ਕਬਾਇਲੀ ਪਿੰਡ ਬਖ਼ਤਿਆਰੀ ਵਿਚ ਅਧਿਆਪਕ ਦਾ ਕੰਮ ਕਰਦਿਆਂ ਅਤੇ ਫਿਰ ਇਕ ਮੁਕਾਮੀ ਸੁਲਤਾਨ ਦੀ ਨੌਕਰੀ ਕਰਦਿਆਂ। ਅਖ਼ੀਰ 'ਚ 1920 ਦੇ ਕਰੀਬ ਉਹ ਬਰਲਿਨ ਵਿਚ ਚੱਟੋ ਨੂੰ ਜਾ ਮਿਲਿਆ ਅਤੇ ਓਦੋਂ ਤੱਕ ਮੁੜ ਜਥੇਬੰਦ ਹੋਈ ਕੇਂਦਰੀ ਕਮੇਟੀ ਦਾ ਹਿੱਸਾ ਬਣਕੇ ਕੰਮ ਕਰਦਾ ਰਿਹਾ ਜਦੋਂ ਤੱਕ ਉਸ ਨੇ 1924 'ਚ ਮਸ਼ਹੂਰ ਖੇਤੀ ਵਿਗਿਆਨੀ ਅਤੇ ਰਿਵੇਰਾ ਤੇ ਮੋਦੋਤੀ ਦਾ ਨੇੜਲਾ ਸੰਗੀ ਬਣਕੇ ਮੈਕਸੀਕੋ ਵਿਚ ਨਵੀਂ ਜ਼ਿੰਦਗੀ ਸ਼ੁਰੂ ਨਹੀਂ ਕਰ ਲਈ।[73]

ਨਾ ਵਾਸਮੁਸ ਮਿਸ਼ਨ ਕਦੇ ਕਾਬਲ ਪਹੁੰਚਿਆ ਅਤੇ ਨਾ ਇਸ ਦੇ ਨਾਲ ਦਾ ਆਸਕਰ ਨੀਦਰਮੇਅਰ ਦੀ ਅਗਵਾਈ ਵਾਲਾ ਮਿਸ਼ਨ, ਜੋ ਉਸ ਟੋਲੀ ਨੂੰ ਲੈ ਕੇ ਤਹਿਰਾਨ ਵਿਚ ਆਪਣਾ ਅਧਾਰ ਕਾਇਮ ਕਰਨ ਦੀ ਵਾਹ ਲਾ ਰਿਹਾ ਸੀ ਜਿਸ ਵਿਚ ਕੁਝ ਹਿੰਦੁਸਤਾਨੀ ਵੀ ਸ਼ਾਮਲ ਸਨ। ਪਰ ਇਹ ਸਵੀਕਾਰ ਕਰ ਲੈਣ ਤੋਂ ਬਾਅਦ ਕਿ ਜੱਕੋਤੱਕੀ ਵਾਲੀ ਮਦਦ ਅਤੇ ਪੂਰੇ ਲੈਸ ਨਾ ਹੋਣ ਕਾਰਨ ਇਨ੍ਹਾਂ ਟੋਲੀਆਂ ਦੇ ਕਾਮਯਾਬ ਨਾ ਹੋਣ ਦਾ ਧੁੜਕੂ ਪਹਿਲਾਂ ਹੀ ਸੀ, ਜਰਮਨ ਬਦੇਸ਼ ਦਫ਼ਤਰ ਨੇ ਅਫ਼ਗਾਨਿਸਤਾਨ ਵਿਚ ਇਕ ਸੱਚੀਮੁੱਚੀਂ ਦਾ ਕੂਟਨੀਤਕ ਮਿਸ਼ਨ ਮੁਹੱਈਆ ਕਰਾਉਣ ਦਾ ਫ਼ੈਸਲਾ ਲਿਆ। ਜਦੋਂ ਅਪ੍ਰੈਲ 1915 'ਚ ਜੋਧ ਸਿੰਘ ਨੇ ਬਰਲਿਨ ਵਿਚ ਹਰਦਿਆਲ ਨੂੰ ਇਕ ਇਕੱਠ ਵਿਚ ਤਕਰੀਰ ਕਰਦੇ ਨੂੰ ਸੁਣਿਆ ਉਸ ਤੋਂ ਕਈ ਦਿਨ ਪਿੱਛੋਂ ਚੱਟੋ ਉਸ ਨੂੰ ਇਕ

ਸ਼ਹਿਜਾਦੇ ਨਾਲ ਮੁਲਾਕਾਤ ਕਰਾਉਣ ਲਈ ਆਪਣੇ ਨਾਲ ਲੈ ਕੇ ਗਿਆ ਸੀ। ਜੋਧ ਸਿੰਘ ਨੂੰ ਉਸ ਦਾ ਨਾਂ ਚੇਤੇ ਨਹੀਂ ਰਿਹਾ, ਨਿਸ਼ਚੇ ਹੀ ਉਹ ਪ੍ਰਤਾਪ ਸੀ – ਜਿਸ ਨੇ ਹਰਦਿਆਲ ਅਤੇ ਦੋ ਹੋਰ ਇਸੇ ਮਨੋਰਥ ਵਾਲੇ ਕਾਰਕੁੰਨਾਂ ਸਮੇਤ ਕਾਂਸਤਨੋਪਲ ਲਈ ਰਵਾਨਾ ਹੋਣਾ ਸੀ ਜਿਨ੍ਹਾਂ ਨੂੰ ਅਮਰੀਕਾ ਤੋਂ ਹਿੰਦ-ਅਫ਼ਗਾਨ ਸਰਹੱਦ 'ਤੇ ਜਾਣ ਲਈ ਬੁਲਾਇਆ ਗਿਆ ਸੀ। ਇਹ ਮਿਸ਼ਨ ਜਿਸ ਨੇ ਇਸਤਾਂਬੁਲ ਤੋਂ ਮਈ 1915 'ਚ ਚੱਲਣਾ ਸੀ, ਵਿਚ ਦੋ ਬਹੁਤ ਹੀ ਮਸ਼ਹੂਰ ਹਿੰਦੁਸਤਾਨੀ ਸਨ: ਮਹੇਂਦਰ ਪ੍ਰਤਾਪ ਅਤੇ ਮੁਹੰਮਦ ਬਰਕਤਉੱਲਾ, ਜਿਸ ਬਾਰੇ ਕਿਹਾ ਗਿਆ ਕਿ ਉਹ "ਜਾਣਿਆ-ਪਛਾਣਿਆ ਮੁਸਲਿਮ ਅਰਾਜਕਤਾਵਾਦੀ ਅਤੇ ਅਵਧ ਦਾ ਇਕ ਤਾਲੁਕਦਾਰ ਸੀ ਜਿਸ ਨੇ ਅਲੀਗੜ੍ਹ ਤੋਂ ਤਾਲੀਮ ਲਈ ਸੀ।" ਭਾਵੇਂ ਜਰਮਨ ਬਦੇਸ਼ ਦਫ਼ਤਰ ਦੇ ਡਬਲਯੂ.ਓ. ਫੌਨ ਹੈਂਟਿਗ ਨੂੰ ਮੁਹਿੰਮ ਦਾ ਅਸਲ ਆਗੂ ਮੰਨਿਆ ਜਾਂਦਾ ਸੀ, ਇਹ ਆਸ ਕੀਤੀ ਗਈ ਸੀ ਕਿ ਪ੍ਰਤਾਪ ਆਪਣੇ ਸ਼ਾਹੀ ਅਕਸ ਦੀ ਆਭਾ ਨਾਲ ਇਸ ਵਿਚ ਹਿੱਸਾ ਪਾਵੇਗਾ, ਜਿਸ ਨੂੰ ਅਜਿਹੀਆਂ ਚੀਜ਼ਾਂ ਦਾ ਪ੍ਰਭਾਵ ਕਬੂਲਣ ਵਾਲੇ ਖ਼ਾਸ ਹਲਕਿਆਂ ਵਿਚ ਪ੍ਰਭਾਵਸ਼ਾਲੀ ਸਮਝਿਆ ਜਾਂਦਾ ਸੀ। ਜਦਕਿ ਬਰਕਤਉੱਲਾ ਦੀ ਮੌਜੂਦਗੀ ਇਕ ਖ਼ਾਸ ਮਾਨਤਾ ਮੁਹੱਈਆ ਕਰਾਏਗੀ। ਇਸ ਦਾ ਉਦੇਸ਼ ਖ਼ਾਸ ਕਰਕੇ ਮੁਸਲਮਾਨਾਂ ਨੂੰ ਆਕਰਸ਼ਤ ਕਰਨਾ ਸੀ।[74] ਉਹ ਜ਼ਬਰਦਸਤ ਦਸਤਾਵੇਜ਼ਾਂ ਨਾਲ ਲੈਸ ਹੋ ਕੇ ਗਏ ਸਨ: ਜਿਵੇਂ ਜੋਧ ਸਿੰਘ ਨੇ ਬਿਆਨ ਕੀਤਾ, ਸੁਲਤਾਨ ਨੇ ਅਮੀਰ ਨਾਲ ਤੁਆਰਫ਼ ਕਰਾਉਂਦਾ ਰੁੱਕਾ ਉਨ੍ਹਾਂ ਨੂੰ ਦਿੱਤਾ, ਤੁਰਕੀ ਦੇ ਪ੍ਰਧਾਨ ਮੰਤਰੀ ਨੇ "ਬਹੁਤ ਹੀ ਵਧੀਆ ਕਾਗਜ਼ਾਂ" ਉਪਰ ਵੱਖੋ-ਵੱਖਰੇ ਸ਼ਹਿਜਾਦਿਆਂ ਤੋਂ ਲਿਖਵਾਏ ਖ਼ਤ ਮੁਹੱਈਆ ਕਰਵਾਕੇ ਇਸ ਵਿਚ ਹਿੱਸਾ ਪਾਇਆ।[75] ਅਤੇ ਸ਼ੇਖ-ਅਲ-ਇਸਲਾਮ ਨੇ ਬਰਕਤਉੱਲਾ ਦੇ ਨਾਂ ਇਕ ਫਤਵਾ ਜਾਰੀ ਕਰਕੇ ਜ਼ੋਰ ਦਿੱਤਾ ਕਿ ਅੰਗਰੇਜ਼ਾਂ ਦੇ ਵਿਰੁੱਧ ਮੁਸਲਮਾਨ ਹਿੰਦੂਆਂ ਨਾਲ ਮਿਲਕੇ ਕੰਮ ਕਰਨ।[76] "ਛੇ ਜਰਮਨਾਂ, ਦੋ ਜਾਂ ਤਿੰਨ ਤੁਰਕਾਂ, ਅਤੇ ਇਕ ਮੁੱਲਾ, ਦੋ ਹਿੰਦੁਸਤਾਨੀਆਂ .... ਬਗ਼ਦਾਦ ਤੋਂ 60 ਸਿਪਾਹੀਆਂ (ਹੂ-ਬ-ਹੂ ਲਫ਼ਜ਼), ਇਕ ਈਰਾਨੀ ਅਤੇ ਸਮਾਨ ਢੋਣ ਲਈ 50 ਖੱਚਰਾਂ ਵਾਲੀ ਇਹ ਟੁਕੜੀ ਅਕਤੂਬਰ 1915 'ਚ ਆਪਣੇ ਮੁਕਾਮ 'ਤੇ ਪਹੁੰਚੀ।[77]

ਆਖ਼ਿਰ ਇਹ ਮਿਸ਼ਨ ਵੀ ਆਪਣਾ ਬਿਆਨ ਕੀਤਾ ਨਿਸ਼ਾਨਾ ਪੂਰਾ ਕਰਨ 'ਚ ਨਾਕਾਮ ਰਿਹਾ; ਅਮੀਰ ਖੁੱਲ੍ਹਕੇ ਪੇਸ਼ ਨਹੀਂ ਆਇਆ, ਉਹ ਜੰਗ ਦੇ ਨਤੀਜੇ ਬਾਰੇ ਸ਼ਰਤਾਂ ਲਾਕੇ ਅੜਿੱਕਾ ਡਾਹ ਰਿਹਾ ਸੀ ਇਸ ਪੇਸ਼ਕਸ਼ ਦੇ ਬਾਵਜੂਦ ਕਿ ਜੇ ਉਨ੍ਹਾਂ ਦਾ ਪਾਸਾ ਜਿੱਤ ਗਿਆ ਤਾਂ ਹਿੰਦੁਸਤਾਨ ਦੇ ਵੱਡੇ ਹਿੱਸੇ ਉਪਰ ਉਸ ਦੀ ਬਾਦਸ਼ਾਹਤ ਪੱਕੀ ਹੋਵੇਗੀ। ਲਿਹਾਜ਼ਾ ਜਰਮਨ ਤਾਂ ਵਾਪਸ ਮੁੜ ਗਏ, ਪਰ ਹਿੰਦੁਸਤਾਨੀ ਕਾਬੁਲ ਵਿਚ ਹੀ ਰਹੇ ਅਤੇ ਜਲਾਵਤਨੀ ਵਿਚ ਖ਼ੁਦ ਹੀ ਹਿੰਦੁਸਤਾਨ ਦੀ ਆਰਜੀ ਹਕੂਮਤ ਵਜੋਂ ਹਕੂਮਤ-ਏ-ਮੁਆਗਿਤਾ-ਏ-ਹਿੰਦ (ਜਿਸ ਨੂੰ ਖਾਨਖੋਜੇ ਨੇ ਗ਼ਦਰੀ ਹਕੂਮਤ ਵਜੋਂ ਜ਼ਿਕਰ ਕੀਤਾ) ਬਣਾਉਣ ਦਾ ਐਲਾਨ ਕਰ ਦਿੱਤਾ। ਪ੍ਰਤਾਪ ਨੂੰ ਇਸ ਦਾ ਰਾਸ਼ਟਰਪਤੀ, ਬਰਕਤਉੱਲਾ ਨੂੰ ਪ੍ਰਧਾਨ ਮੰਤਰੀ ਅਤੇ ਅਬਦੁੱਲਾ ਸਿੰਧੀ ਨੂੰ ਗ੍ਰਹਿ ਮੰਤਰੀ ਬਣਾਇਆ ਗਿਆ। ਹੋਰ ਅਹੁਦੇਦਾਰਾਂ ਵਿਚ ਛੇ ਗ਼ਦਰੀਆਂ, ਬੀ.ਆਈ.ਸੀ. ਦੇ ਮੈਂਬਰਾਂ ਅਤੇ *ਮੁਹਾਜਿਰੀਨ* ਵਿਦਿਆਰਥੀਆਂ ਦਾ ਮਿਲਗੋਭਾ ਸੀ।[78] ਦਰ ਅਸਲ ਮਗਰਲੇ ਉਪ-ਮਹਾਂਦੀਪ ਦੇ ਬਹੁਤ ਸਾਰੇ ਤਾਜ਼ਾ ਅਸੰਤੁਸ਼ਟਾਂ ਵਿੱਚੋਂ ਸਨ ਜਿਨ੍ਹਾਂ ਨੂੰ ਦਹਾਕਿਆਂ ਤੋਂ ਇਹੀ ਝਾਕ ਸੀ ਕਿ ਅਫ਼ਗਾਨਿਸਤਾਨ ਮਹਿਜ਼ ਇਨਕਲਾਬ ਕਰਨ ਦੇ ਅਧਾਰ ਵਜੋਂ ਹੀ ਨਹੀਂ ਸਗੋਂ ਅੰਗਰੇਜ਼ ਰਾਜ ਤੋਂ ਭਗੌੜੇ ਹੋਏ ਗਰਮ-ਖ਼ਿਆਲੀਆਂ ਲਈ ਪਨਾਹ ਦੇ ਕੇ ਉਨ੍ਹਾਂ ਦੀ ਮਦਦ ਕਰੇਗਾ। *ਗ਼ਦਰ* ਦੇ 13 ਜਨਵਰੀ 1914 ਦੇ ਅੰਕ ਵਿਚ ਕਾਬੁਲ ਨੂੰ ਐਸੀ ਜਗ੍ਹਾ ਦਰਸਾਇਆ ਗਿਆ ਜਿੱਥੇ ਪਾਠਕ ਰਾਈਫ਼ਲਾਂ ਬਣਾਉਣ ਦੀ ਸਿਖਲਾਈ ਲੈਣ ਲਈ ਜਾ ਸਕਦੇ ਸਨ, ਜਿਨ੍ਹਾਂ ਦੇ ਭਰੇ ਸੰਦੂਕ ਉਹ ਫਿਰ ਪੰਜਾਬ

ਵਿਚ ਦਿਲ ਖੋਲ੍ਹ ਕੇ ਵੰਡਣ ਲਈ ਨਾਲ ਲਿਆ ਸਕਣਗੇ।[79] ਓਦੋਂ ਹੀ, ਸਾਨ ਫਰਾਂਸਿਸਕੋ ਦੇ ਯੁਗਾਂਤਰ ਆਸ਼ਰਮ ਨੇ ਡਾ. ਮਥੁਰਾ ਸਿੰਘ (ਉਰਫ਼ ਸ਼ਮਸ਼ੇਰ ਸਿੰਘ) ਨੂੰ ਹਦਾਇਤ ਦਿੱਤੀ ਕਿ ਉਹ ਉਥੇ ਐਸੇ ਗ਼ਦਰੀਆਂ ਲਈ ਸੁਰੱਖਿਅਤ ਠਾਹਰ ਦੇ ਇੰਤਜ਼ਾਮ ਕਰੇ ਜੋ ਗ਼ਦਰ ਕਰਦਿਆਂ ਲੋੜ ਪੈਣ 'ਤੇ ਉਥੇ ਪਨਾਹ ਲੈ ਸਕਣ।[80] 19 ਫਰਵਰੀ ਦਾ ਗ਼ਦਰ ਅਸਫ਼ਲ ਹੋ ਜਾਣ ਪਿੱਛੋਂ ਖ਼ੁਦ ਮਥੁਰਾ ਸਿੰਘ, ਤੇ ਇਵੇਂ ਹੀ ਕਾਮਾਗਾਟਾ ਮਾਰੂ ਵਾਲੇ ਗੁਰਦਿੱਤ ਸਿੰਘ ਦਾ ਸਾਬਕਾ ਲਫਟੈਣ ਹਰਨਾਮ ਸਿੰਘ ਕੂਹਟਾ ਵੀ ਭੱਜ ਕੇ ਉਥੇ ਚਲੇ ਗਏ ਸਨ। ਇਕ ਸਾਲ ਨਜ਼ਰਬੰਦੀ ਕੱਟਕੇ ਆਉਣ ਤੋਂ ਬਾਅਦ ਮਥੁਰਾ ਸਿੰਘ ਨੂੰ ਆਰਜੀ ਹਕੂਮਤ ਦਾ "ਕੁਲ-ਅਖ਼ਤਿਆਰ ਮੰਤਰੀ" ਅਤੇ ਕੂਹਟਾ ਨੂੰ ਸਕੱਤਰ ਬਣਾਇਆ ਗਿਆ। ਬਾਅਦ ਵਿਚ ਮਾਰਚ 1916 'ਚ ਉਸ ਕੂਟਨੀਤਕ ਟੋਲੀ ਨੂੰ ਓਦੋਂ ਗ੍ਰਿਫ਼ਤਾਰ ਕਰ ਲਿਆ ਗਿਆ ਜਦੋਂ ਉਹ ਮਹੇਂਦਰ ਪ੍ਰਤਾਪ ਵਲੋਂ ਜ਼ਾਰ ਦੇ ਨਾਂ ਲਿਖਿਆ ਖ਼ਤ ਲੈ ਕੇ ਜਾ ਰਹੇ ਸਨ। ਇਸ ਵਿਚ ਗ਼ਦਰੀ ਮਥੁਰਾ ਸਿੰਘ ਤੇ ਇਕ *ਮੁਹਾਜਿਰ* ਮਿਰਜ਼ਾ ਮੁਹੰਮਦ ਅਲੀ ਸ਼ਾਮਲ ਸਨ। ਉਨ੍ਹਾਂ ਨੂੰ ਪੰਜਾਬ ਲਿਜਾਇਆ ਗਿਆ ਅਤੇ ਤੀਜੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿਚ ਸ਼ਾਮਲ ਕਰ ਲਿਆ ਗਿਆ; ਮਥੁਰਾ ਸਿੰਘ ਨੂੰ ਫਾਂਸੀ ਦੇ ਦਿੱਤੀ ਗਈ।[81]

## ਸਿਲਕ ਵਾਲੇ ਖ਼ਤਾਂ ਦੀ ਸਾਜ਼ਿਸ਼

"ਅੱਜ ਵਰਗੇ ਸਮੇਂ ਉਨ੍ਹਾਂ ਧਾਰਾਵਾਂ ਨੂੰ ਸਾਹਮਣੇ ਲੈ ਆਉਂਦੇ ਹਨ ਜੋ ਗੁਪਤੋ-ਗੁਪਤੀ ਚੱਲ ਰਹੀਆਂ ਹੁੰਦੀਆਂ ਹਨ ਅਤੇ ਜਿਨ੍ਹਾਂ ਨੂੰ ਬਹੁਤ ਚਿਰ ਤੋਂ ਭੁਲਾ ਦਿੱਤਾ ਗਿਆ ਹੁੰਦਾ ਹੈ," ਇਹ ਟਿੱਪਣੀ 1918 'ਚ ਸੈਡੀਸ਼ਨ ਕਮੇਟੀ ਦੇ ਚੇਅਰਮੈਨ ਜਸਟਿਸ ਰੌਲਟ ਨੇ ਕੀਤੀ। ਜੰਗ ਦੇ ਸਮੇਂ ਦੇ ਕਾਬੁਲ ਵਿਚ ਥੋੜ੍ਹੇ ਥੋੜ੍ਹੇ ਅਰਸੇ ਬਾਅਦ ਚਲਦੀਆਂ ਰਹਿਣ ਵਾਲੀਆਂ ਬਹੁਤ ਸਾਰੀਆਂ ਖ਼ੁਫ਼ੀਆ ਧਾਰਾਵਾਂ ਸਾਹਮਣੇ ਆ ਕੇ ਰਲਗੱਡ ਹੁੰਦੀਆਂ ਰਹੀਆਂ। ਹਿੰਦੂ-ਜਰਮਨ-ਤੁਰਕੀ ਦੇ ਸਾਂਝੇ ਮਿਸ਼ਨ ਦੀ ਆਮਦ ਤੋਂ ਕੁਝ ਮਹੀਨੇ ਪਹਿਲਾਂ, ਮੌਲਾਨਾ ਅਬਦੁੱਲਾ ਸਿੰਧੀ ਤਿੰਨ ਹੋਰ ਬੰਦਿਆਂ ਦੀ ਟੋਲੀ ਨੂੰ ਲੈ ਕੇ ਅੰਗਰੇਜ਼ ਵਿਰੋਧੀ ਸਰਗਰਮੀਆਂ ਕਰਨ ਲਈ ਸੈੱਲ ਬਣਾਉਣ ਦੇ ਉਦੇਸ਼ ਨਾਲ ਇਥੇ ਆਇਆ। ਇਸ ਤੋਂ ਪਹਿਲਾਂ ਵੀ, ਉਸ ਸਾਲ ਫਰਵਰੀ ਵਿਚ ਲਾਹੌਰ ਤੋਂ ਚੌਦਾਂ ਜਾਂ ਪੰਦਰਾਂ ਤੱਤਪਰ ਖ਼ਿਲਾਫ਼ਤਵਾਦੀ ਵਿਦਿਆਰਥੀ ਅਬਦੁੱਲਾ ਅਤੇ ਅਬੁਲ ਕਲਾਮ ਆਜ਼ਾਦ ਦੀ "ਪ੍ਰੇਰਨਾ ਨਾਲ" ਆਪਣੇ ਕਾਲਜ ਛੱਡਕੇ ਫਜ਼ਲ ਇਲਾਹੀ ਦੀ ਅਗਵਾਈ ਹੇਠ ਕਾਬੁਲ ਲਈ ਰਵਾਨਾ ਹੋਏ ਸਨ। ਮੇਰੇ ਖ਼ਿਆਲ 'ਚ ਸਵਦੇਸ਼ੀ ਦੌਰ ਵਿਚ ਆਜ਼ਾਦ ਨੇ ਹਿੰਦੁਸਤਾਨ ਵਿਚ ਉਸੇ ਤਰ੍ਹਾਂ ਦੀ ਭੂਮਿਕਾ ਨਿਭਾਈ ਜਿਸ ਤਰ੍ਹਾਂ ਦੀ ਬਰਕਤਉੱਲਾ ਨੇ ਆਲਮੀ ਪੱਧਰ 'ਤੇ ਨਿਭਾਈ - ਭਾਵ ਉਹ ਇਕ ਤਰ੍ਹਾਂ ਨਾਲ ਖੱਬੇਪੱਖੀਆਂ, ਇਸਲਾਮਵਾਦੀਆਂ ਅਤੇ ਕਲਕੱਤੇ ਵਿਚ ਤੇ ਇਸ ਦੇ ਆਲੇ-ਦੁਆਲੇ ਦੇ ਕੌਮੀ ਇਨਕਲਾਬਪ੍ਰਸਤਾਂ (ਇਸ ਮਾਮਲੇ ਵਿਚ ਭਾਰੂ ਹਿੰਦੂ) ਦੇ ਤਿਕੋਣੇ ਸੰਪਰਕ ਵਿਚ ਸੂਤਰ ਵਾਂਗ ਸੀ।[83] 1908 'ਚ, ਆਜ਼ਾਦ ਨੇ ਇਰਾਕ, ਮਿਸਰ, ਸੀਰੀਆ ਅਤੇ ਤੁਰਕੀ ਦੇ ਦੌਰੇ ਕਰਨ ਸਮੇਂ ਸਰਬ-ਇਸਲਾਮਵਾਦ ਅਤੇ ਅੰਗਰੇਜ਼ ਰਾਜ ਵਿਰੋਧੀ ਰਾਸ਼ਟਰਵਾਦ ਦੋਹਾਂ ਨੂੰ ਆਪਣੇ ਕਲਾਵੇ ਵਿਚ ਲੈ ਲਿਆ ਸੀ। ਫਿਰ ਉਸ ਨੇ 1912 ਤੋਂ ਲੈ ਕੇ 1916 ਦਰਮਿਆਨ ਸਰਬ-ਇਸਲਾਮਵਾਦੀ ਅਖ਼ਬਾਰ ਅਤੇ ਸੋਸਾਇਟੀਆਂ ਦੀ ਸਥਾਪਨਾ ਕੀਤੀ, ਉਸ ਨੇ 1915 'ਚ ਕਲਕੱਤਾ ਵਿਚਲੇ ਆਪਣੇ ਘਰ ਵਿਚ ਜਿਹੜਾ ਦਰ-ਅਲ-ਇਰਸ਼ਾਦ ਕਾਲਜ ਬਣਾਇਆ ਸੀ ਉਸੇ ਦੇ ਹਿੱਸੇ ਵਜੋਂ ਉਸ ਨੇ ਇਨਕਲਾਬੀ ਨੌਜਵਾਨਾਂ ਲਈ ਸਿਖਲਾਈ ਸਕੂਲ ਬਣਾਇਆ, ਅਤੇ ਯੁਗਾਂਤਰ ਗਰੁੱਪ ਨਾਲ ਸਬੰਧ ਬਣਾਈ ਰੱਖੇ। ਫਿਰ ਅਬਦੁੱਲਾ ਅਤੇ ਬਰਕਤਉੱਲਾ ਨੇ ਆਰਜੀ ਹਕੂਮਤ-ਏ-ਹਿੰਦ ਬਣਾਉਣ ਤੋਂ ਪਿੱਛੋਂ ਮਦਦ ਦੀ ਮੰਗ ਕਰਦੇ ਹੋਏ ਕਾਬੁਲ ਤੋਂ ਉਸ ਨਾਲ

ਰਾਬਤਾ ਬਣਾਇਆ। ਜਨਵਰੀ 1915 'ਚ, ਆਜ਼ਾਦ ਅਤੇ ਅਬਦੁੱਲਾ ਕਬਾਇਲੀ ਆਗੂ ਅਬਦੁੱਲ ਅਹਿਮਦ ਨੂੰ ਦਿੱਲੀ ਵਿਚ ਖ਼ੁਫ਼ੀਆ ਤੌਰ 'ਤੇ ਮਿਲੇ;[84] ਸੈਡੀਸ਼ਨ ਕਮੇਟੀ ਦੀ 1918 ਦੀ ਰਿਪੋਰਟ ਅਨੁਸਾਰ ਇਹ ਕਬੀਲੇ "ਹਿੰਦੁਸਤਾਨ ਵਿਚਲੇ ਮੁਸਲਿਮ ਰਾਸ਼ਟਰਵਾਦੀਆਂ ਅਤੇ ਸਰਬ-ਇਸਲਾਮਵਾਦੀਆਂ" ਨਾਲ ਸਰਹੱਦ ਪਾਰੋਂ ਰਾਬਤਾ ਬਣਾਕੇ, ਦਸੰਬਰ 1914 ਤੋਂ ਹੀ ਬਰਤਾਨਵੀ ਹਿੰਦੁਸਤਾਨ ਉਪਰ ਹਮਲੇ ਦੀਆਂ ਤਿਆਰੀਆਂ ਵਿਚ ਜੁੱਟੇ ਹੋਏ ਸਨ।[85] ਕੁਝ ਵੀ ਹੋਵੇ ਉਹ ਉਨ੍ਹਾਂ "ਭਗੌੜੇ ਵਿਦਿਆਰਥੀਆਂ" ਨੂੰ ਹਮਾਇਤ ਅਤੇ ਪ੍ਰਾਹੁਣਾਚਾਰੀ ਨਾਲ ਨਿਵਾਜਦੇ ਰਹੇ ਜੋ ਕਿਸੇ ਵੀ ਰੂਪ 'ਚ ਤੁਰਕਾਂ ਨੂੰ ਆਪਣੀਆਂ ਸੇਵਾਵਾਂ ਪੇਸ਼ ਕਰਨ ਦੇ ਇਰਾਦੇ ਨਾਲ ਲਾਹੌਰ ਤੋਂ ਚੱਲੇ ਸਨ ਜਿਸ ਤਰ੍ਹਾਂ ਦੀਆਂ ਸੇਵਾਵਾਂ ਵੀ "ਅੰਗਰੇਜ਼ੀ ਜ਼ਮੀਨ" (ਭਾਵ ਹਿੰਦੁਸਤਾਨ) ਤੋਂ ਬਾਹਰ ਦਰਕਾਰ ਹੋਣ, ਚਾਹੇ ਇਹ ਜਾਸੂਸਾਂ, ਹਰਕਾਰਿਆਂ, ਸਿਪਾਹੀਆਂ ਵਜੋਂ ਹੋਵੇ, ਜਾਂ ਪ੍ਰਚਾਰਕਾਂ ਦੇ ਰੂਪ 'ਚ।[86]

ਜਦੋਂ ਇਕ ਵਾਰ ਇਹ ਵਿਦਿਆਰਥੀ, ਜਿਨ੍ਹਾਂ ਨੇ ਪਿੱਛੋਂ *ਮੁਹਾਜਿਰੀਨ* ਦੇ ਪਹਿਲੇ ਪੂਰ ਵਜੋਂ ਨਾਮਣਾ ਖੱਟਿਆ, ਅਫ਼ਗਾਨਿਸਤਾਨ ਵਿਚ ਚਲੇ ਗਏ ਤਾਂ ਉਨ੍ਹਾਂ ਨੂੰ ਆਰਜੀ ਤੌਰ 'ਤੇ ਨਜ਼ਰਬੰਦੀ ਹੇਠ ਰੱਖਿਆ ਗਿਆ, ਅਤੇ ਫਿਰ ਨਿਗਰਾਨੀ ਹੇਠ ਰਿਹਾਅ ਕਰ ਦਿੱਤੇ ਗਏ। ਓੜਕ ਕੁਝ ਹਿੰਦੁਸਤਾਨ ਵਾਪਸ ਮੁੜ ਆਏ; ਬਾਕੀ ਨੂੰ ਰੂਸੀਆਂ ਨੇ ਫੜਕੇ, ਬਾਅਦ ਵਿਚ ਅੰਗਰੇਜ਼ ਹਕੂਮਤ ਦੇ ਹਵਾਲੇ ਕਰ ਦਿੱਤੇ।[87] ਹੋਰ ਵਿਦਿਆਰਥੀ ਜੋ ਤਕਰੀਬਨ 1920 ਤੱਕ ਕਾਬੁਲ ਵਿਚ ਹੀ ਟਿਕੇ ਰਹੇ, ਜਦੋਂ ਉਨ੍ਹਾਂ ਨਾਲ ਹੋਰ ਵੱਡੀ ਤਾਦਾਦ 'ਚ ਨਵੇਂ ਮੁਸਾਫ਼ਰ ਜਾ ਰਲੇ ਤਾਂ ਉਨ੍ਹਾਂ ਦੀ ਹੋਣੀ ਇਹ ਹੋ ਗਈ ਕਿ ਤਾਸ਼ਕੰਦ, ਮਾਸਕੋ ਅਤੇ ਪਿੱਛੋਂ ਖ਼ੁਦ ਹਿੰਦੁਸਤਾਨ ਵਿਚ ਬਾਲਸ਼ਵਿਕ-ਮੁਹਾਜਿਰੀਨ ਵਿੱਚੋਂ ਹਿੰਦੁਸਤਾਨੀ ਕਮਿਊਨਿਜ਼ਮ ਦੀ ਪੈਦਾਇਸ਼ ਸਮੇਂ ਉਨ੍ਹਾਂ ਨੇ ਉਥੇ ਮੌਜੂਦ ਹੋਣਾ ਸੀ।[88] ਇਨ੍ਹਾਂ ਵਿਦਿਆਰਥੀਆਂ ਵੱਲ ਅਸੀਂ ਫਿਰ ਆਵਾਂਗੇ, ਮੁਜ਼ੱਫਰ ਅਹਿਮਦ ਅਨੁਸਾਰ ਜੋ ਸਮੁੰਦਰੋਂ ਪਾਰ ਪਾਕਿ ਜਹਾਦ ਵਿਚ ਨਹੀਂ ਸਗੋਂ "ਅੰਗਰੇਜ਼ ਸਾਮਰਾਜਵਾਦ ਦੇ ਖ਼ਿਲਾਫ਼ ਜੰਗ ਛੇੜਨ ਵਿਚ ਜੁੱਟ ਗਏ।"[89] ਅਜੇ ਵੀ, ਇਸ ਟੋਲੀ ਵਿੱਚੋਂ ਬਹੁਤ ਸਾਰਿਆਂ ਲਈ ਖ਼ਲੀਫ਼ਾ ਪਹਿਲਾਂ ਸੀ ਕਮਿਊਨਿਜ਼ਮ ਬਾਅਦ ਵਿਚ।

ਜੇ ਇਸਤਾਂਬੁਲ ਵਾਲਾ ਬੀ.ਆਈ.ਸੀ. ਮਿਸ਼ਨ ਹੱਜ ਯਾਤਰੀਆਂ ਦਾ ਪਿੱਛਾ ਕਰਨ 'ਚ ਅਸਫ਼ਲ ਰਿਹਾ ਸੀ, ਤਾਂ ਇਹ ਕੰਮ ਕਿਸੇ ਹੋਰ ਨੇ ਕਰ ਲੈਣਾ ਸੀ। ਜਦੋਂ ਅਬਦੁੱਲਾ ਕਾਬੁਲ ਨੂੰ ਜਾ ਰਿਹਾ ਸੀ, ਐਨ ਓਦੋਂ ਹੀ ਉਸ ਦਾ ਦਿਓਬੰਦ ਵਾਲਾ ਪੁਰਾਣਾ ਗੁਰੂ ਅਤੇ ਸਿਆਸੀ ਭਾਈਵਾਲ ਮਹਿਮੂਦ ਹਸਨ ਦਸ ਹੋਰ ਪੈਰੋਕਾਰਾਂ ਨੂੰ ਨਾਲ ਲੈ ਕੇ ਮੱਕਾ ਤੋਂ ਹੁੰਦਾ ਹੋਇਆ ਇਸਤਾਂਬੁਲ ਨੂੰ ਜਾ ਰਿਹਾ ਸੀ। ਲੱਗਦਾ ਇੰਞ ਸੀ ਕਿ ਉਹ ਮੱਕਾ ਜਾ ਰਿਹਾ ਹੈ। ਸਿਲਕ ਵਾਲੇ ਖ਼ਤਾਂ ਦੀ ਸਾਜ਼ਿਸ਼ ਬਾਰੇ ਸੈਂਡਜ਼ ਰਿਪੋਰਟ ਨੇ ਦਾਅਵਾ ਕੀਤਾ ਕਿ "ਪਹਿਲੀ ਆਲਮੀ ਜੰਗ ਦੌਰਾਨ.... *[ਹਸਨ]* ਦੀ ਸੋਚ ਉਤਰ-ਪੱਛਮੀ ਸਰਹੱਦੀ ਸੂਬੇ ਨੂੰ ਅੰਗਰੇਜ਼ ਵਿਰੋਧੀ ਟਾਕਰਾ ਸਰਗਰਮੀ ਦਾ ਧੁਰਾ ਬਣਾਉਣ ਦੀ ਬਣ ਗਈ ਸੀ। ਬੇਸ਼ਕ ਇਹੀ ਖ਼ਿਆਲ ਹਰਦਿਆਲ ਤੇ ਬਰਕਤਉੱਲਾ ਨੇ ਗ਼ਦਰ ਅਤੇ ਬੀ.ਆਈ.ਸੀ. ਦੀ ਤਰਫ਼ੋਂ ਫੈਲਾਇਆ ਸੀ। ਅੰਗਰੇਜ਼ ਅਧਿਕਾਰੀਆਂ ਨੂੰ ਸ਼ੱਕ ਸੀ ਕਿ ਹਸਨ ਦੀ ਟੋਲੀ ਉਥੇ ਜਾ ਕੇ ਤੁਰਕੀ ਦੇ ਅਫ਼ਸਰਾਂ ਨਾਲ ਮਸ਼ਵਰਾ ਕਰਨ ਦੀ ਵਿਉਂਤ ਬਣਾ ਰਹੀ ਸੀ ਅਤੇ "ਕਿ ਉਨ੍ਹਾਂ ਦਾ ਸਫ਼ਰ ਹਕੂਮਤਾਂ ਪ੍ਰਤੀ ਦੁਸ਼ਮਣਾਨਾ ਭਾਵਨਾਵਾਂ ਤੋਂ ਪ੍ਰੇਰਤ ਸੀ,"[90] ਪਰ ਉਨ੍ਹਾਂ ਦੇ ਹਿੰਦੁਸਤਾਨ ਲਈ ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਲੋੜੀਂਦੀ ਕੋਈ ਪੁਖਤਾ ਜਾਣਕਾਰੀ ਅਧਿਕਾਰੀਆਂ ਕੋਲ ਨਹੀਂ ਸੀ।

ਪਰ ਕ੍ਰਿਮੀਨਲ ਇੰਟੈਲੀਜੈਂਸ ਦੇ ਡਾਇਰੈਕਟਰ ਕਲੈਵਲੈਂਡ ਦੇ ਦਫ਼ਤਰ ਨੇ ਜੇਦਾਹ ਵਿਚਲੇ ਧਾਰਮਿਕ ਯਾਤਰੀਆਂ ਦੇ ਮਾਮਲਿਆਂ ਦੇ ਮੁਖੀ ਅਧਿਕਾਰੀ ਕਰਨਲ ਸੀ. ਵਿਲਸਨ ਨੂੰ ਚੌਕਸ

ਕਰਦੇ ਹੋਏ ਲਿਖਿਆ ਕਿ ਇਹ ਉਸ ਦੇ ਕਾਰਜ-ਖੇਤਰ ਨਾਲ ਸਬੰਧਤ ਮਾਮਲਾ ਹੋ ਸਕਦਾ ਹੈ: "ਇਹ ਇਕ ਮੁਸਲਿਮ ਸਾਜ਼ਿਸ਼ ਹੈ ਜਿਸ ਦੀ ਹੁਣ ਹਿੰਦੁਸਤਾਨ ਵਿਚ ਜਾਂਚ ਕੀਤੀ ਜਾ ਰਹੀ ਹੈ।" ਕਲੈਵਲੈਂਡ ਦੇ ਦਫ਼ਤਰ ਨੇ ਇਤਲਾਹ ਭੇਜੀ, "ਇਹ ਸਾਜ਼ਿਸ਼ ਜੋ ਕੁਝ ਪੱਖਾਂ ਤੋਂ ਅਸਪਸ਼ਟ, ਪਰ ਹੋਰ ਪੱਖਾਂ ਤੋਂ ਠੋਸ ਵਿਹਾਰਕ ਹੈ, ਹੇਜਾਜ਼ ਤੱਕ ਚੋਖੀ ਫੈਲ ਚੁੱਕੀ ਹੈ, ਜਿਥੇ ਰਹਿ ਰਹੇ ਅਤੇ ਉਥੇ ਜਾਣ ਵਾਲੇ ਹਿੰਦੁਸਤਾਨੀ ਤੁਰਕੀ ਦੇ ਅਧਿਕਾਰੀਆਂ ਨਾਲ ਮਿਲਕੇ ਸਾਜਿਸ਼ ਰਚ ਰਹੇ ਹਨ।"[91] ਕਲੈਵਲੈਂਡ ਦਾ ਸਹਾਇਕ ਅੱਗੇ ਕਹਿੰਦਾ ਹੈ ਕਿ ਅਜੇ ਉਨ੍ਹਾਂ ਕੋਲ ਇਹ ਖੁਫ਼ੀਆ ਜਾਣਕਾਰੀ ਹਾਸਲ ਕਰਨ ਦੇ ਸਾਧਨ ਨਹੀਂ ਕਿ "ਅਰਬ ਵਿਚ ਹਿੰਦੁਸਤਾਨੀਆਂ ਦੀਆਂ ਸਰਗਰਮੀਆਂ ਅਤੇ ਇਰਾਦੇ ਕੀ ਹਨ" ਪਰ ਜਿਹੜੇ ਖ਼ਤ ਉਨ੍ਹਾਂ ਦੇ ਹੱਥ ਲੱਗੇ ਉਨ੍ਹਾਂ ਦੇ ਅਧਾਰ 'ਤੇ ਇਹ ਲੱਗਦਾ ਸੀ ਕਿ ਹਿਜਾਜ਼ ਵਿਚਲੇ ਹਿੰਦੁਸਤਾਨੀਆਂ ਵਿੱਚੋਂ ਅੱਧੇ ਉੱਥੇ ਫੈਲੀਆਂ ਅੰਗਰੇਜ਼ ਵਿਰੋਧੀ ਭਾਵਨਾਵਾਂ ਤੋਂ ਪ੍ਰੇਰਤ ਹਨ ਅਤੇ ਇਹ ਸੰਭਵ ਹੈ ਕਿ ਉਹ ਹਿੰਦੁਸਤਾਨੀ ਧਾਰਮਿਕ ਯਾਤਰੀਆਂ ਉਪਰ ਕਪਟੀ ਪ੍ਰਭਾਵ ਪਾ ਲੈਣ"; ਅਤੇ ਇਸ ਤੋਂ ਇਲਾਵਾ, ਸਾਫ਼ ਤੌਰ 'ਤੇ ਇਹ ਖੇਤਰ "ਉਥੇ ਰਹਿਣ ਵਾਲੇ ਅਤੇ ਉਥੇ ਜਾਣ ਵਾਲੇ ਹਿੰਦੁਸਤਾਨੀਆਂ ਵਿਚ ਜਨੂੰਨਵਾਦ ਅਤੇ ਵਿਸ਼ਵਾਸਘਾਤ ਦੀ ਜੰਮਣ ਭੋਂਇ ਸੀ।" ਸ਼ੁਕਰ ਹੈ, ਕਿ ਸ਼ਰੀਫ਼ ਦੀ ਬਗ਼ਾਵਤ ਕਾਮਯਾਬ ਹੋ ਗਈ ਤੇ ਹੁਣ ਉਥੇ ਉਨ੍ਹਾਂ ਦਾ ਹਮਦਰਦ ਨਿਜ਼ਾਮ ਸੀ; ਉਸ ਤੋਂ ਪਹਿਲਾਂ ਜਾਣਕਾਰੀ ਲਈ ਉਹ ਉੱਥੋਂ ਗਾਹੇ-ਬਗਾਹੇ ਲੰਘਣ ਵਾਲੇ ਰਾਜ ਦੇ ਵਫ਼ਾਦਾਰ ਯਾਤਰੀਆਂ ਉਪਰ ਨਿਰਭਰ ਸਨ।[92]

ਆਖ਼ਿਰ 'ਚ, ਮੱਕਾ ਵਿਚਲੇ ਅਧਿਕਾਰੀਆਂ ਨਾਲ ਟਕਰਾਅ ਆਉਣ 'ਤੇ ਹਸਨ ਨੂੰ ਇਸਤਾਂਬੁਲ ਜਾਣ ਤੋਂ ਰੋਕ ਦਿੱਤਾ ਗਿਆ, ਪਰ ਫਿਰ ਵੀ ਇਹ ਅਨਵਰ ਅਤੇ ਕੈਮਾਲ ਪਾਸ਼ਾ ਦੀ ਦਿਆਲਤਾ ਸੀ ਕਿ ਉਸ ਨੂੰ ਉਥੇ ਆ ਕੇ ਮਿਲੇ। ਉਨ੍ਹਾਂ ਨੇ ਅਤੇ ਹਿਜਾਜ਼ ਦੇ ਤੁਰਕ ਫ਼ੌਜੀ ਗਵਰਨਰ ਗ਼ਾਲਿਬ ਪਾਸ਼ਾ ਨੇ ਖ਼ਤ ਲਿਖਕੇ ਆਪਣੇ ਹਸਤਾਖ਼ਰ ਕਰਕੇ ਉਸ ਨੂੰ ਜਿਹਾਦ ਦੇ ਇਖ਼ਤਿਆਰ ਸੌਂਪ ਦਿੱਤੇ, ਜੋ ਹੋਰ ਪ੍ਰਚਾਰ ਸਮੱਗਰੀ ਦੇ ਨਾਲ-ਨਾਲ ਪੂਰੇ ਹਿੰਦੁਸਤਾਨ ਅਤੇ ਸਰਹੱਦੀ ਕਬਾਇਲੀ ਇਲਾਕਿਆਂ ਵਿਚ ਵੰਡੇ ਜਾਣ ਲਈ ਸਨ। ਗ਼ਾਲਿਬ ਪਾਸ਼ਾ ਨੇ ਆਪਣੇ ਦਸਖ਼ਤ ਕਰਕੇ ਇਖ਼ਤਿਆਰ ਦਿੰਦਾ ਇਕ ਹੋਰ ਖ਼ਤ ਵੀ ਦਿੱਤਾ ਜੋ ਹਸਨ ਦੀ ਟੋਲੀ ਨੇ ਵੰਡਣਾ ਸੀ। ਇਸ ਵਿਚ ਕਿਹਾ ਗਿਆ ਸੀ:

"ਏਸ਼ੀਆ, ਯੂਰਪ ਅਤੇ ਅਫ਼ਰੀਕਾ ਦੇ ਮੁਸਲਮਾਨ ਹਰ ਤਰ੍ਹਾਂ ਦੇ ਹਥਿਆਰ ਧਾਰਨ ਕਰਕੇ ਅੱਲਾ ਦਾ ਰਾਹ ਅਪਣਾਕੇ ਜਿਹਾਦ 'ਚ ਸ਼ਾਮਲ ਹੋਣ ਲਈ ਧਾਅ ਪਏ। ਅੱਲਾ ਦਾ ਸ਼ੁਕਰ ਹੈ ਕਿ ਤੁਰਕੀ ਦੀ ਫ਼ੌਜ ਅਤੇ ਮੁਜਾਹਿਦੀਨਾਂ ਨੇ ਇਸਲਾਮ ਦੇ ਦੁਸ਼ਮਣਾਂ 'ਤੇ ਕਾਬੂ ਪਾ ਲਿਆ ਹੈ।...ਤੁਹਾਨੂੰ ਇਹ ਜਾਣਕਾਰੀ ਵੀ ਦਿੱਤੀ ਜਾ ਸਕਦੀ ਹੈ ਕਿ ਮੌਲਵੀ ਮਹਿਮੂਦ ਹਸਨ ਇਫੈਂਦੀ (ਜੋ ਹਿੰਦੁਸਤਾਨ ਦੇ ਦਿਓਬੰਦ ਮਦਰੱਸਾ ਦੇ ਮੁਖੀ ਰਹਿ ਚੁੱਕੇ ਹਨ) ਸਾਡੇ ਕੋਲ ਆਏ ਅਤੇ ਸਾਡਾ ਮਸ਼ਵਰਾ ਮੰਗਿਆ। ਇਸ ਸਬੰਧ 'ਚ ਅਸੀਂ ਉਨ੍ਹਾਂ ਨਾਲ ਸਹਿਮਤ ਹੋਏ ਅਤੇ ਉਸ ਨੂੰ ਜ਼ਰੂਰੀ ਹਦਾਇਤਾਂ ਦਿੱਤੀਆਂ। ਜੇ ਉਹ ਤੁਹਾਡੇ ਤੱਕ ਪਹੁੰਚ ਕਰਦਾ ਹੈ ਅਤੇ ਤਾਂ ਉਸ ਨੂੰ ਆਦਮੀ, ਧਨ ਤੇ ਜੋ ਕੁਝ ਵੀ ਚਾਹੀਦਾ ਹੋਵੇ ਦੇ ਕੇ ਉਸ ਦੀ ਮਦਦ ਕਰੋ।"[93]

ਸਿਲਕ ਖ਼ਤਾਂ ਦੀ ਸਾਜ਼ਿਸ਼, 1916 'ਚ ਓਦੋਂ ਨਸ਼ਰ ਹੋਈ ਜਦੋਂ ਹਸਨ ਤੇ ਉਸ ਦੇ ਚਾਰ ਸਾਥੀ ਅੰਗਰੇਜ਼ਾਂ ਨੇ ਫੜ੍ਹ ਲਏ ਅਤੇ ਗ਼ਾਲਿਬ ਪਾਸ਼ਾ ਜੰਗੀ ਕੈਦੀ ਬਣਾ ਲਏ ਗਏ।[94] ਇਸ ਨੂੰ ਜਿਸ ਕਲਾਤਮਕ ਛੋਹ ਕਾਰਨ ਇਹ ਨਾਂ ਦਿੱਤਾ ਗਿਆ ਉਹ ਇਹ ਸੀ ਕਿ ਪੀਲੀ ਸਿਲਕ ਦੇ ਤਿੰਨ ਟੁਕੜੇ ਕਾਬੁਲ ਵਿਖੇ ਅਬਦੁੱਲਾ ਅਤੇ ਮੱਕਾ ਵਿਖੇ ਹਸਨ ਦਰਮਿਆਨ ਖ਼ਤੋ-ਕਿਤਾਬਤ ਪੁੱਜਦੀ ਕਰਨ ਵਾਲੇ ਏਲਚੀ ਦੇ ਕੋਟ ਵਿਚ ਸਿਲਾਈ ਕੀਤੇ ਹੋਏ ਸਨ, ਜਿਸ ਦੀ ਤਲਾਸ਼ੀ ਲੈਣ

'ਤੇ ਇਹ ਜਾਣਕਾਰੀ ਅਧਿਕਾਰੀਆਂ ਦੇ ਹੱਥ ਲੱਗ ਗਈ ਜਿਨ੍ਹਾਂ ਉਪਰ ਯੋਜਨਾਵਾਂ "ਸਾਫ਼-ਸੁਥਰੀ ਲਿਖਾਈ ਵਿਚ ਲਿਖੀਆਂ ਹੋਈਆਂ ਸਨ।"[95]

10 ਜੁਲਾਈ 1916 ਨੂੰ ਅਬਦੁੱਲਾ ਨੇ ਏਲਚੀ ਸ਼ੇਖ ਅਬਦੁਰ ਰਹੀਮ ਨੂੰ ਲਿਖੇ ਇਕ ਵਿਸਤਾਰੀ ਖ਼ਤ ਦੇ ਨਾਲ ਯੋਜਨਾਵਾਂ ਲਿਖ ਭੇਜੀਆਂ ਸਨ:

"(ਬਰਾਏ ਮਿਹਰਬਾਨੀ) ਇਹ ਜ਼ਿੰਮੇਵਾਰੀ ਕਿਸੇ ਵਿਸ਼ਵਾਸਪਾਤਰ ਹਾਜੀ ਰਾਹੀਂ ਪਾਕਿ ਮਦੀਨਾ ਵਿਖੇ ਹਜ਼ਰਤ ਮੌਲਾਨਾ ਤੱਕ ਜ਼ਰੂਰ ਪਹੁੰਚਾ ਦੇਣਾ। ਇਹ ਐਸਾ ਕੰਮ ਹੈ ਜਿਸ ਲਈ ਜੇ ਹਮੇਸ਼ਾ ਲਈ ਸਫ਼ਰ ਵੀ ਕਰਨਾ ਪਵੇ ਤਾਂ ਵੀ ਕੋਈ ਹਰਜ਼ ਨਹੀਂ (ਇੱਥੋਂ ਤੱਕ ਕਿ ਜੇ ਹਮੇਸ਼ਾ ਲਈ ਹਿੰਦੁਸਤਾਨ ਵੀ ਛੱਡਣਾ ਪਵੇ).... ਇਸ ਤੋਂ ਬਾਅਦ ਤੁਸੀਂ ਮੈਨੂੰ ਆ ਕੇ ਮਿਲਣ ਦਾ ਯਤਨ ਕਰਨਾ। ਅੱਲਾ ਦੇ ਵਾਸਤੇ (ਇਹ ਕੰਮ ਕਰਨਾ) ਕਿਉਂਕਿ ਇਥੇ ਬਹੁਤ ਸਾਰੇ ਜ਼ਰੂਰੀ ਕੰਮ ਕਰਨ ਵਾਲੇ ਹਨ। ਜ਼ਰੂਰ ਆਉਣਾ....। ਇਹ ਜ਼ਰੂਰੀ ਹੈ ਕਿ ਹੱਜ ਦੇ ਮੌਕੇ ਇਹ ਜਾਣਕਾਰੀ ਹਜ਼ਰਤ ਮੌਲਾਨਾ ਤੱਕ ਪਹੁੰਚਦੀ ਹੋ ਜਾਵੇ।"[96]

ਸਿਲਕੀ ਦਸਤਾਵੇਜ਼ਾਂ ਵਿਚ ਇਨ੍ਹਾਂ ਮੂਲ ਚੀਜ਼ਾਂ ਦਾ ਨਿਚੋੜ ਦਿੱਤਾ ਗਿਆ ਸੀ: ਕਾਬੁਲ ਲਈ ਜਰਮਨ-ਤੁਰਕੀ ਮਿਸ਼ਨ, ਉਥੇ ਆਰਜ਼ੀ ਹਕੂਮਤ-ਏ-ਹਿੰਦ ਦੀ ਕਾਇਮੀ, ਭਗੌੜੇ ਵਿਦਿਆਰਥੀਆਂ ਦੀ ਮੌਜੂਦਗੀ, ਗ਼ਾਲਿਬਨਾਮਾ ਵੰਡੇ ਜਾਣ, ਅਤੇ ਵੱਖੋ-ਵੱਖਰੇ ਮੁਸਲਿਮ ਹੁਕਮਰਾਨਾਂ ਦਰਮਿਆਨ ਕੂਟਨੀਤਕ ਗੱਠਜੋੜ ਅਮਲ ਵਿਚ ਲਿਆਉਣ ਦੇ ਨਾਲ-ਨਾਲ ਹਿੰਦੁਸਤਾਨ ਦੇ ਅੰਦਰ ਬਾਗ਼ੀ ਅਤੇ ਗ਼ਦਰੀ ਸਿਪਾਹੀ ਭਰਤੀ ਕਰਨ ਲਈ 'ਅੱਲਾ ਦੀ ਫ਼ੌਜ' ਬਣਾਉਣ ਦੀ ਵਿਉਂਤ।" ਵਿਦਿਆਰਥੀਆਂ ਬਾਬਤ ਅਬਦੁੱਲਾ ਨੇ ਮੌਲਾਨਾ ਨੂੰ ਇਤਲਾਹ ਭੇਜੀ ਕਿ "ਅੱਲਾ ਨੇ ਚਾਹਿਆ, ਤਾਂ ਉਨ੍ਹਾਂ ਵਿੱਚੋਂ ਕੁਝ ਖ਼ਲੀਫ਼ਾ ਦੇ ਦਰਬਾਰ ਵਿੱਚੋਂ ਦੀ ਹੁੰਦੇ ਹੋਏ ਤੁਹਾਨੂੰ ਆ ਮਿਲਣਗੇ।"[97]

ਅਬਦੁੱਲਾ ਨੇ ਅਲ-ਜਨੂਦ-ਅਲ-ਰਬਾਨੀਆ, ਉਰਫ਼ ਅੱਲਾ ਦੀ ਫ਼ੌਜ, ਉਰਫ਼ "ਮੁਕਤੀ ਦੇ ਫ਼ੌਜੀ ਦਸਤੇ ਜਾਂ ਇਸਲਾਮਿਕ ਮੁਕਤੀ ਫ਼ੌਜ" ਦੇ ਢਾਂਚੇ ਦਾ ਖ਼ਾਕਾ ਵੀ ਦਿੱਤਾ ਸੀ।[98] ਇਸ ਨੂੰ "ਫ਼ੌਜੀ ਅਸੂਲਾਂ 'ਤੇ ਅਧਾਰਤ ਖ਼ਾਸ ਇਸਲਾਮੀ ਜਮਾਤ"[99] ਚਿਤਵਿਆ ਗਿਆ ਸੀ ਜਿਸ ਦਾ ਨਿਸ਼ਾਨਾ ਸੀ "ਇਸਲਾਮੀ ਰਾਜਿਆਂ ਦਰਮਿਆਨ ਏਕਤਾ" ਬਣਾਉਣਾ। ਮੌਲਾਨਾ ਨੂੰ ਰਾਸ਼ਟਰਪਤੀ ਨਿਯੁਕਤ ਕੀਤਾ ਜਾਣਾ ਸੀ, "ਜਿਸ ਦਾ ਹਕੀਕੀ ਕੇਂਦਰ ਮਦੀਨਾ ਹੋਣ ਕਰਕੇ ਫ਼ੌਜੀ ਮੁਹਾਵਰੇ 'ਚ ਉਸ ਦਾ ਖ਼ਿਤਾਬ ਜਰਨੈਲ ਜਾਂ ਅਲ-ਕਾਇਦ ਦਾ ਹੈ,"[100] ਇਸ ਦੇ ਦੋਇਮ ਕੇਂਦਰ ਇਸਤਾਂਬੁਲ, ਤਹਿਰਾਨ ਅਤੇ ਕਾਬੁਲ ਵਿਚ ਹਨ, ਅਤੇ ਤੀਜੇ ਦਰਜੇ ਦੇ ਕੇਂਦਰ "ਇਸਲਾਮਿਕ ਮੁਲਕਾਂ ਵਿਚ ਹਨ ਜਿਥੇ ਕਾਫ਼ਿਰਾਂ ਦਾ ਰਸੂਖ਼ ਹੈ"; ਇਨ੍ਹਾਂ ਤੋਂ ਛੁੱਟ, ਯੂਰਪ, ਅਫ਼ਰੀਕਾ, ਹਿੰਦੁਸਤਾਨ ਅਤੇ ਕੇਂਦਰੀ ਏਸ਼ੀਆ ਨੂੰ "ਪ੍ਰਭਾਵ ਖੇਤਰਾਂ" ਦੀ ਸੂਚੀ ਵਿਚ ਰੱਖਿਆ ਗਿਆ ਸੀ। ਇਸ ਫ਼ੌਜ ਦੀ ਆਹਲਾ ਕਮਾਨ ਔਟੋਮਨ ਦੇ ਸੁਲਤਾਨ ਖ਼ਲੀਫ਼ਾ, ਈਰਾਨ ਦੇ ਸੁਲਤਾਨ ਅਤੇ ਅਫ਼ਗਾਨਿਸਤਾਨ ਦੇ ਅਮੀਰ ਦੇ ਹੱਥ ਸੀ। ਇਨ੍ਹਾਂ ਤੋਂ ਪਿੱਛੋਂ ਅਨਵਰ ਪਾਸ਼ਾ, ਮਿਸਰ ਦਾ ਹਿਦਿਵ ਅਬਾਸ ਹਿਲਮੀ ਪਾਸ਼ਾ, ਮੱਕਾ ਦੇ ਸ਼ਰੀਫ਼, ਕਾਬੁਲ ਦੇ ਨਸਰੁੱਲਾ ਖ਼ਾਨ, ਹੈਦਰਾਬਾਦ ਦੇ ਨਿਜ਼ਾਮ ਅਤੇ ਰਾਮਪੁਰ, ਭੋਪਾਲ ਤੇ ਬਹਾਵਲਪੁਰ ਦੇ ਨਵਾਬ ਵਗੈਰਾ ਇਸ ਦੇ ਫੀਲਡ ਮਾਰਸ਼ਲ ਹੋਣੇ ਸਨ। ਇਸ ਵਿਚ ਇੱਕੀ ਲੈਫਟੀਨੈਂਟ ਜਨਰਲ, ਉੱਨੀ ਮੇਜਰ ਜਨਰਲ, ਉਨੱਤੀ ਕਰਨਲ, ਦਸ ਲੈਫਟੀਨੈਂਟ ਕਰਨਲ (ਚਾਰ ਵਿਦਿਆਰਥੀ *ਮੁਹਾਜਿਰੀਨ* ਸਮੇਤ), ਪੰਜ ਮੇਜਰ, ਦੋ ਕੈਪਟਨ, ਅਤੇ ਇਕ ਲੈਫਟੀਨੈਂਟ ਵੀ ਸਨ।

ਮੁਕਤੀ ਕਰਾਉਣ ਵਾਲੀ "ਅੱਲਾ ਦੀ ਫ਼ੌਜ" ਦੀ ਜਥੇਬੰਦੀ ਦੀ ਵਿਸਤਾਰਤ ਸਕੀਮ ਤੋਂ

ਇਲਾਵਾ, ਆਰਜ਼ੀ ਹਕੂਮਤ-ਏ-ਹਿੰਦ ਨੇ ਉਤਰ-ਪੱਛਮੀ ਸਰਹੱਦੀ ਸੂਬੇ ਦੇ ਸਰਹੱਦੀ ਖੇਤਰ ਵਿਚ ਛਾਪਾਖ਼ਾਨਾ ਲਾਉਣ ਅਤੇ ਧਨ ਤੇ ਗੋਲੀ-ਸਿੱਕੇ ਦੇ ਜ਼ਖ਼ੀਰੇ ਜਮ੍ਹਾ ਕਰਨ ਦੀ ਯੋਜਨਾ ਵੀ ਬਣਾਈ। ਇਸ ਦੌਰਾਨ, ਮਦੀਨਾ ਵਿਚ ਮੌਲਾਨਾ ਨੇ ਅਫ਼ਗਾਨਿਸਤਾਨ, ਈਰਾਨ, ਅਤੇ ਸਬਲਾਈਮ ਪੋਰਟ (ਔਟੋਮਨ ਹਕੂਮਤ ਦਾ ਦੁਆਰ) ਦਰਮਿਆਨ ਗੱਠਜੋੜ ਨੂੰ ਪੱਕਾ ਕਰਨਾ ਸੀ, "ਕਿਉਂਕਿ ਇਹੀ ਹਿੰਦੁਸਤਾਨ ਵਿਚ ਕਾਫ਼ਿਰਾਂ 'ਤੇ ਕਰਾਰੀ ਸੱਟ ਮਾਰਨ ਦਾ ਇਕੋ ਇਕ ਰਸਤਾ ਹੈ।"[101] ਕਾਫ਼ਿਰਾਂ ਤੋਂ ਉਸ ਦੀ ਮੁਰਾਦ ਅੰਗਰੇਜ਼ਾਂ ਤੋਂ ਸੀ; ਹਿੰਦੂ ਕਿਉਂ ਨਹੀਂ ਸੀ ? ਖ਼ਾਸ ਤੌਰ 'ਤੇ, ਅਬਦੁੱਲਾ ਦਾ ਇਰਾਦਾ "ਹਕੂਮਤ-ਏ-ਮੋਆਗਿਤਾ-ਏ-ਹਿੰਦ ਨਾਂ ਦੀ ਦੂਜੀ ਅੰਜੁਮਨ" ਭਾਵ ਆਰਜ਼ੀ ਹਕੂਮਤ-ਏ-ਹਿੰਦ[102] ਵਿਚ ਹਿੱਸਾ ਲੈਣ ਦਾ, ਗਿਣ-ਮਿਥਕੇ ਹਿੰਦੂ-ਮੁਸਲਿਮ ਸੁਲ੍ਹਾ-ਸਫਾਈ ਦੇ ਯਤਨਾਂ ਦੀ ਰਾਹਨੁਮਾਈ ਕਰਨ ਦਾ ਸੀ – ਇਸ ਵਿਸ਼ੇ ਉਪਰ ਸਿਪਾਹੀਆਂ ਵਿਚ ਵੰਡੇ ਪ੍ਰਚਾਰ ਸਾਹਿਤ ਵਿਚ ਵੀ ਜ਼ੋਰ ਦਿੱਤਾ ਗਿਆ ਸੀ।

ਅਬਦੁੱਲਾ ਮਹਿਸੂਸ ਕਰਦਾ ਸੀ ਕਿ ਆਰਜ਼ੀ ਹਕੂਮਤ-ਏ-ਹਿੰਦ ਦੇ ਨਾਲ ਅਤੇ ਇਸ ਨਾਲ ਮਿਲਕੇ ਕੰਮ ਕਰਦਿਆਂ ਉਹ "ਹਿੰਦੂਆਂ ਵਿਚਲੇ ਇਨਕਲਾਬੀ ਤੱਤਾਂ"[103] ਨੂੰ ਆਪਣੇ ਨਾਲ ਜੋੜ ਸਕਦਾ ਸੀ। ਉਸ ਨੇ ਜ਼ਿਕਰ ਕੀਤਾ ਕਿ ਇਸ ਜਮਾਤ, ਭਾਵ ਆਰਜ਼ੀ ਹਕੂਮਤ-ਏ-ਹਿੰਦ ਦਾ ਮਨੋਰਥ "ਹਿੰਦੁਸਤਾਨ ਨੂੰ ਆਜ਼ਾਦ ਕਰਾਉਣਾ ਹੈ।" ਉਸ ਨੇ ਅੱਗੇ ਕਿਹਾ, "ਇਸ ਦਾ ਰਾਸ਼ਟਰਪਤੀ ਇਕ ਹਿੰਦੁਸਤਾਨੀ ਰਾਜਾ ਹੈ, ਜੋ ਕਾਬੁਲ ਵਿਚ ਰਹਿ ਰਿਹਾ ਹੈ।"[104] ਫ਼ਾਇਦਾ ਇਹ ਸੀ ਕਿ ਮਹੇਂਦਰ ਪ੍ਰਤਾਪ ਦਾ "ਆਰੀਆ ਸੋਸਾਇਟੀਆਂ ਨਾਲ ਵੀ ਰਾਬਤਾ ਸੀ *ਅਤੇ* .... ਹਿੰਦੁਸਤਾਨੀ ਹਾਜੀਆਂ ਨਾਲ ਵੀ ਉਹ ਅਸਿੱਧੇ ਤੌਰ 'ਤੇ ਜੁੜਿਆ ਹੋਇਆ ਸੀ।"[105] ਕੈਸਰ ਅਤੇ ਖ਼ਲੀਫ਼ਾ ਦੋਹਾਂ ਨੇ ਪਹਿਲਾਂ ਪਹਿਲ ਉਸ ਨਾਲ ਆਪਣੇ ਨੁਮਾਇੰਦੇ ਕਾਬੁਲ ਭੇਜਦਿਆਂ ਉਸ ਨੂੰ ਹਿੰਦੁਸਤਾਨ ਦੇ ਨੁਮਾਇੰਦੇ ਵਜੋਂ ਮਾਨਤਾ ਦਿੱਤੀ ਸੀ।[106] ਫਿਰ ਪ੍ਰਤਾਪ ਅਤੇ ਬਰਕਤਉੱਲਾ ਨੇ ਮਿਲਕੇ "ਅਮੀਰ ਅੱਗੇ ਹਿੰਦੂਆਂ ਦੇ ਹਿੱਤ ਦੀ ਹਮਾਇਤ ਕਰਨ ਦਾ ਹਿੰਦੁਸਤਾਨੀ ਸਵਾਲ ਰੱਖਿਆ।" ਅਬਦੁੱਲਾ ਨੇ ਜ਼ੋਰ ਦਿੱਤਾ, "ਨੀਂਹ ਉਨ੍ਹਾਂ ਦੋਵਾਂ ਨੇ ਰੱਖੀ।" ਜਦੋਂ ਉਨ੍ਹਾਂ ਨੇ ਅਬਦੁੱਲਾ ਨੂੰ ਆਪਣੀ ਮੁਹਿੰਮ ਵਿਚ ਸ਼ਰੀਕ ਹੋਣ ਲਈ ਕਿਹਾ, ਉਹ ਇਸ ਵਿਚ "ਇਸਲਾਮਿਕ ਹਿੱਤਾਂ ਦੀ ਰਖਵਾਲੀ ਕਰਨ ਦੀ ਸੋਚਕੇ"[107] ਇਸ ਨਾਲ ਰਜ਼ਾਮੰਦ ਹੋ ਗਿਆ। ਦੂਜੇ ਲਫ਼ਜ਼ਾਂ 'ਚ, ਇਸ ਸੰਸਥਾ ਜ਼ਰੀਏ, ਲਗਭਗ ਉਹੀ ਕਾਰਵਾਈ-ਯੋਜਨਾ ਦੁਹਰਾਉਣ ਵਾਲੇ ਦੋ ਵੱਖੋ-ਵੱਖਰੇ ਪਰਾ-ਕੌਮੀ ਗਰਮ-ਖ਼ਿਆਲ ਘੇਰੇ ਇਕ ਦੂਜੇ ਵਿਚ ਆ ਮਿਲੇ।

ਸਿਲਕ ਖ਼ਤਾਂ ਦੇ ਨਸ਼ਰ ਹੋ ਜਾਣ ਨਾਲ ਅੰਗਰੇਜ਼ਾਂ ਨੇ ਭਿਆਨਕ ਦ੍ਰਿਸ਼ ਬਿਆਨ ਕਰਦੀਆਂ ਵਿਸਤਾਰਤ ਖੁਫ਼ੀਆ ਰਿਪੋਰਟਾਂ ਪ੍ਰਚਾਰਕੇ ਥੋੜ੍ਹਾ ਹੋ-ਹੱਲਾ ਮਚਾਇਆ। ਆਪਣੀ ਰਿਪੋਰਟ ਵਿਚ ਸੀ.ਈ.ਡਬਲਯੂ. ਸੈਂਡਜ਼ ਨੇ ਇਸ ਨੂੰ ਅੰਗਰੇਜ਼ ਹਕੂਮਤ ਨੂੰ ਉਲਟਾਉਣ ਦੀ ਸਾਜ਼ਿਸ਼ ਬਿਆਨ ਕੀਤਾ, "(1) ਕੁਰਆਨ ਦੀਆਂ ਸਿੱਖਿਆਵਾਂ ਨੂੰ ਇਸ ਢੰਗ ਨਾਲ ਪ੍ਰਚਾਰਨਾ ਜਿਸ ਨਾਲ ਮੁਸਲਮਾਨਾਂ ਦੇ ਮਜ਼੍ਹਬੀ ਜਜ਼ਬਾਤ ਭੜਕ ਜਾਣ ਅਤੇ ਹਿੰਦੁਸਤਾਨ ਨੂੰ ਦਰ-ਉਲ-ਹਰਬ ਬਣਾਕੇ ਪੇਸ਼ ਕੀਤਾ ਜਾਵੇ, (2) ਸਰਹੱਦੀ ਕਬੀਲਿਆਂ ਅਤੇ ਅਫ਼ਗਾਨਾਂ ਅੰਦਰ ਵੈਰ-ਭਾਵਨਾਵਾਂ ਉਕਸਾਉਣਾ ਤੇ ਉਨ੍ਹਾਂ ਦੀ ਹਮਾਇਤ ਵਿਚ ਤੁਰਕੀ ਦੀ ਫ਼ੌਜੀ ਕੁਮਕ ਦੇ ਇੰਤਜ਼ਾਮ ਕਰਨਾ।"[108] ਇਸ ਮਕਸਦ ਨਾਲ, ਅਬਦੁੱਲਾ ਨੇ "ਜਿਹਾਦ ਦੀ ਸੋਚ ਕੁੱਟ-ਕੁੱਟ ਭਰਨ ਲਈ"[109] ਸੋਸਾਇਟੀਆਂ ਅਤੇ ਸਕੂਲ ਬਣਾਏ ਸਨ ਅਤੇ ਬਾਗ਼ੀ ਸਾਹਿਤ ਛਾਪਿਆ ਤੇ ਵੰਡਿਆ ਸੀ। ਸੈਡੀਸ਼ਨ ਕਮੇਟੀ ਦੀ ਰਿਪੋਰਟ 1918 ਮੁਤਾਬਕ, ਸੰਖੇਪ ਵਿਚ ਇਸ ਬੰਦੇ ਦਾ ਮਕਸਦ ਸੀ "ਹਿੰਦੁਸਤਾਨ ਉਪਰ ਵੱਡੇ ਮੁਸਲਿਮ ਹਮਲੇ ਦੀ ਤਿਆਰੀ ਕਰਨਾ, ਜੋ ਮੁਸਲਿਮ ਬਗ਼ਾਵਤ ਨਾਲ ਇਕਸੁਰ ਹੋਵੇਗਾ।"[110]

(ਪ੍ਰੱਤਖ ਤੌਰ 'ਤੇ ਇਥੇ ਹੋਰ ਚੀਜ਼ਾਂ ਵੀ ਹਨ, ਜਿਵੇਂ ਅਮੋੜ ਜੁਝਾਰੂਪਣ ਬਾਰੇ ਸਾਮਰਾਜਵਾਦੀ ਵਹਿਮ ਅਤੇ ਸਿਆਸੀ ਇਸਲਾਮ ਦਾ ਆਲਮੀ ਪਸਾਰਾ, ਜੋ ਕਦੇ ਨਹੀਂ ਬਦਲਦੀਆਂ।)

ਛਪੇ ਹੋਏ ਸਰਕੂਲਰ ਦੀ ਸ਼ਕਲ ਵਿਚ ਆਰਜ਼ੀ ਹਕੂਮਤ-ਏ-ਹਿੰਦ ਦਾ ਇਕ ਐਲਾਨ ਸਰਹੱਦ ਤੋਂ ਮਿਲਿਆ ਜਿਸ ਉਪਰ ਬਤੌਰ ਗ੍ਰਹਿ ਮੰਤਰੀ ਅਬਦੁੱਲਾ ਦੇ ਅਤੇ ਬਤੌਰ ਸਕੱਤਰ ਲਾਹੌਰ ਦੇ ਵਿਦਿਆਰਥੀ ਜ਼ਫ਼ਰ ਹਸਨ ਦੇ ਦਸਤਖ਼ਤ ਸਨ। ਹਸਨ ਨੂੰ ਅੱਲਾ ਦੀ ਫ਼ੌਜ ਵਿਚ ਲੈਫਟੀਨੈਂਟ ਕਰਨਲ ਦਾ ਅਹੁਦਾ ਦਿੱਤਾ ਗਿਆ ਸੀ। ਜੁਅਰਤ ਨਾਲ ਆਪਣੀ ਸਵੈ-ਪਛਾਣ ਕਰਾਉਂਦਿਆਂ ਐਲਾਨ ਦਾ ਆਗਾਜ਼ ਹੀ ਇੱਥੋਂ ਕੀਤਾ ਗਿਆ ਸੀ, "ਅਸੀਂ ਉਹ ਹਾਂ ਜਿਨ੍ਹਾਂ ਬਾਰੇ ਤੁਸੀਂ ਰੌਲਟ ਰਿਪੋਰਟ ਵਿਚ ਸੁਣ ਚੁੱਕੇ ਹੋ"; ਫਿਰ ਇਸ ਨੇ ਗੱਲ ਅੱਗੇ ਤੋਰੀ:

"ਇਸ ਹਕੂਮਤ ਨੇ ਮੌਜੂਦਾ ਦਗ਼ੇਬਾਜ਼, ਹੜੱਪੂ ਅਤੇ ਜ਼ਾਲਮ ਹਕੂਮਤ ਦੀ ਥਾਂ 'ਤੇ ਇਕ ਬਿਹਤਰ ਹਕੂਮਤ ਕਾਇਮ ਕਰਨ ਦਾ ਬੀੜਾ ਚੁੱਕਿਆ ਹੈ। ਸਾਡੀ ਆਰਜ਼ੀ ਹਕੂਮਤ ਪਿਛਲੇ ਚਾਰ ਸਾਲ ਤੋਂ ਲਗਾਤਾਰ ਸੰਘਰਸ਼ ਕਰ ਰਹੀ ਹੈ....

ਇਸ ਨੇ ਹਮਲਾਵਰ ਤਾਕਤਾਂ ਨਾਲ ਇਕ ਸਮਝੌਤਾ ਕੀਤਾ ਹੈ। ਇਸ ਕਰਕੇ ਤੁਹਾਨੂੰ ਉਨ੍ਹਾਂ ਦੇ ਖ਼ਿਲਾਫ਼ ਲੜਕੇ ਆਪਣੇ ਅਸਲ ਹਿੱਤ ਨੂੰ ਢਾਹ ਨਹੀਂ ਲਾਉਣੀ ਚਾਹੀਦੀ, ਸਗੋਂ ਹਰ ਸੰਭਵ ਢੰਗ ਨਾਲ ਅੰਗਰੇਜ਼ਾਂ ਨੂੰ ਮਾਰਨਾ ਚਾਹੀਦਾ ਹੈ, ਉਨ੍ਹਾਂ ਨੂੰ ਜਿਸਮਾਨੀ ਤੇ ਮਾਇਕ ਕੋਈ ਮਦਦ ਨਾ ਦਿਓ ਅਤੇ ਰੇਲ ਪਟੜੀਆਂ ਤੇ ਤਾਰ ਸੰਚਾਰ ਦੀਆਂ ਲਾਈਨਾਂ ਤਬਾਹ ਕਰਦੇ ਰਹੋ...

ਹਮਲਾਵਰ ਫ਼ੌਜ ਜਾਤ ਅਤੇ ਮਜ਼ਹਬੀ ਅਕੀਦੇ ਤੋਂ ਉਪਰ ਉਠਕੇ ਹਰ ਹਿੰਦੁਸਤਾਨੀ ਨੂੰ ਅਮਨ ਦੀ ਜ਼ਾਮਨੀ ਦਿੰਦੀ ਹੈ। ਹਰ ਹਿੰਦੁਸਤਾਨੀ ਦੀ ਹਯਾਤੀ ਅਤੇ ਮਾਣ-ਸਨਮਾਨ ਮਹਿਫ਼ੂਜ਼ ਹੋਵੇਗਾ। ਸਿਰਫ਼ ਉਸੇ ਨੂੰ ਮਾਰਿਆ ਜਾਂ ਬੇਇੱਜ਼ਤ ਕੀਤਾ ਜਾਵੇਗਾ ਜੋ ਉਨ੍ਹਾਂ ਦੀ ਮੁਖ਼ਾਲਫ਼ਤ ਕਰੇਗਾ।

ਅੱਲਾ ਸਾਡੇ ਭਰਾਵਾਂ ਨੂੰ ਸਹੀ ਰਾਹ 'ਤੇ ਪੈਣ ਦੀ ਸੁਮੱਤ ਬਖ਼ਸ਼ੇ।"[111]

## ਸਿੰਗਾਪੁਰ ਗ਼ਦਰ

ਸਮੁੱਚੀ ਜੰਗ ਦੌਰਾਨ ਮੁਹਿੰਮਾਂ ਉਪਰ ਕੰਟਰੋਲ, ਯੁੱਧਨੀਤਕ ਫੋਕਸ ਦੀ ਪਸੰਦ, ਮੁਕਾਬਲਤਨ ਖ਼ੁਦਮੁਖਤਿਆਰੀ ਅਤੇ ਵੱਖੋ-ਵੱਖਰੇ ਉਦੇਸ਼ਾਂ ਬਾਰੇ ਜਰਮਨ ਬਦੇਸ਼ ਦਫ਼ਤਰ ਤੇ ਬੀ.ਆਈ.ਸੀ. (ਬਰਲਿਨ ਇੰਡੀਆ ਕਮੇਟੀ) ਦਰਮਿਆਨ ਲਗਾਤਾਰ ਕਸ਼-ਮ-ਕਸ਼ ਚੱਲਦੀ ਰਹੀ। ਇਹ ਹੈਰਾਨੀਜਨਕ ਨਹੀਂ ਕਿ ਹਿੰਦੁਸਤਾਨੀ ਉਨ੍ਹਾਂ ਨਾਲ ਖਹਿਬੜਦੇ ਰਹਿੰਦੇ ਸਨ ਕਿ ਉਨ੍ਹਾਂ ਨੂੰ ਜਰਮਨ ਬਦੇਸ਼ ਦਫ਼ਤਰ ਨਾਲ ਸਿੱਧਾ ਸੰਪਰਕ ਕਿਉਂ ਨਹੀਂ ਬਣਾਉਣ ਦਿੱਤਾ ਜਾਂਦਾ ਅਤੇ ਜਰਮਨਾਂ ਦੇ ਵਾਅਦਾ ਕੀਤੇ ਵਸੀਲੇ ਭਰੋਸੇਯੋਗ ਨਹੀਂ। ਉਨ੍ਹਾਂ ਨੂੰ ਇਤਰਾਜ਼ ਸੀ ਕਿ ਜਰਮਨ ਉਨ੍ਹਾਂ ਨੂੰ ਆਪਣੇ ਜੰਗੀ ਉਦੇਸ਼ ਦੇ ਮੋਹਰੇ ਬਣਾਕੇ ਇਸਤੇਮਾਲ ਕਰਦੇ ਹਨ। ਲਿਹਾਜ਼ਾ ਦਸੰਬਰ 1916 'ਚ, ਜਦੋਂ ਨਿਹਫ਼ਲ ਪੱਛਮੀ ਏਸ਼ੀਆਈ ਮੁਹਿੰਮਾਂ ਨੂੰ ਵਾਪਸ ਲਿਆ ਜਾ ਰਿਹਾ ਸੀ, ਓਦੋਂ ਹਿੰਦੁਸਤਾਨ ਵਾਲੇ ਪਾਸਿਓਂ ਚੱਟੋ ਨੂੰ ਅਤੇ ਵੈਂਡੋਂਕ ਨੂੰ ਮੁੱਖ ਜਰਮਨ ਏਲਚੀ ਵਜੋਂ ਲੈ ਕੇ ਹਿੰਦੁਸਤਾਨੀਆਂ ਦਾ ਜ਼ਿਆਦਾ ਕੰਟਰੋਲ ਅਤੇ ਜਰਮਨ ਦਫ਼ਤਰ ਨਾਲ ਹੋਰ ਵੀ ਸਿੱਧਾ ਰਾਬਤਾ ਬਣਾਉਣ ਲਈ ਬੀ.ਆਈ.ਸੀ. ਨੂੰ ਮੁੜ ਜਥੇਬੰਦ ਕੀਤਾ ਗਿਆ।

ਇਸ ਦੇ ਸਿੱਟੇ ਵਜੋਂ, ਸਾਰਾ ਧਿਆਨ ਔਟੋਮਨ ਦੇ ਖੇਤਰਾਂ ਵਿਚ ਸਰਬ-ਇਸਲਾਮਵਾਦ ਨੂੰ ਸਰਗਰਮ ਕਰਨ ਤੋਂ ਹਟਕੇ ਪ੍ਰਸ਼ਾਂਤ ਸਾਗਰੀ ਖੇਤਰ 'ਤੇ ਲੱਗ ਗਿਆ। ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਇਸ ਨਾਲ ਇਹ ਜ਼ਰੂਰੀ ਸੀ ਕਿ ਕੈਲੀਫੋਰਨੀਆ ਵਾਲਾ ਗ਼ਦਰ ਗਰੁੱਪ ਜਰਮਨ

ਬਦੇਸ਼ ਦਫ਼ਤਰ/ਬੀ.ਆਈ.ਸੀ. ਗੱਠਜੋੜ ਦੀ ਤੀਜੀ ਵੱਡੀ ਪਹਿਲਕਦਮੀਂ ਨਾਲ ਸਿੱਧੀ ਸ਼ਮੂਲੀਅਤ ਦੇ ਸਭ ਤੋਂ ਵੱਡੇ ਯਤਨਾਂ 'ਤੇ ਜ਼ੋਰ ਲਾਉਂਦਾ: ਬਗ਼ਾਵਤ ਅਤੇ ਪੂਰਬ ਵਲੋਂ ਹਮਲੇ ਲਈ ਜਿੰਨੇ ਵੀ ਹਥਿਆਰ, ਗੋਲੀ-ਸਿੱਕਾ ਅਤੇ ਅਮਰੀਕਨ ਗ਼ਦਰੀ ਬਾਹਰੋਂ ਭੇਜੇ ਜਾ ਸਕਦੇ ਹੋਣ ਉਹ ਜੁਟਾਉਂਦਾ। ਤੇ ਅਜੇ ਵੀ ਸਰਬ-ਇਸਲਾਮਵਾਦ ਗ਼ਦਰ ਦੇ ਉਨ੍ਹਾਂ ਯਤਨਾਂ ਸਮੇਤ ਹਿੰਦੁਸਤਾਨ ਦੇ ਪੂਰਬੀ ਮੁਹਾਜ਼ ਉਪਰ ਵੀ ਇਕ ਅੰਸ਼ ਸੀ, ਜੋ ਗ਼ਦਰੀਆਂ ਦੀ ਮਦਦ ਨਾਲ ਰੰਗੂਨ ਤੇ ਸਿੰਗਾਪੁਰ ਵਿਚ ਕੀਤੇ ਗਏ। ਇਹ ਉਨ੍ਹਾਂ ਯਤਨਾਂ ਨਾਲੋਂ ਸਾਕਾਰ ਹੋਣ ਦੇ ਵਧੇਰੇ ਨੇੜੇ ਜਾ ਪਹੁੰਚੇ ਜੋ ਉਤਰ ਅਤੇ ਪੱਛਮ ਵਿਚ ਸੋਚੇ ਗਏ ਸਨ।

ਜਦੋਂ ਜੰਗ ਅਜੇ ਮੁੱਢਲੇ ਪੜਾਵਾਂ 'ਤੇ ਸੀ ਔਟੋਮਨ ਦਾ ਜਰਨੈਲ ਨਿਆਜ਼ੀ ਬੇਅ ਇਕ ਛੋਟਾ ਜਿਹਾ ਵਫ਼ਦ ਲੈ ਕੇ ਬਟਾਵੀਆ ਆਣ ਪੁੱਜਾ ਅਤੇ ਤੁਰਕੀ ਦੇ ਕੌਂਸਲ ਜਨਰਲ ਨਾਲ ਰਾਬਤਾ ਬਣਾ ਲਿਆ, "ਜਿਸ ਬਾਰੇ ਮਸ਼ਹੂਰ ਸੀ ਕਿ ਉਸ ਦੇ ਅਧਿਕਾਰ-ਖੇਤਰ ਹੇਠਲੇ ਉਸ ਟਾਪੂ ਅੰਦਰ 'ਗ਼ਦਰ' ਵੱਡੀ ਤਾਦਾਦ ਵਿਚ ਪਹੁੰਚ ਰਿਹਾ ਸੀ।"[112] ਬਹੁਤ ਸਾਰੇ ਸਿੱਖਾਂ ਵਲੋਂ ਉਨ੍ਹਾਂ ਦੇ "ਯਤਨਾਂ" ਦਾ ਯੋਗ ਢੰਗ ਨਾਲ ਹੱਥ ਵਟਾਇਆ ਜਾ ਰਿਹਾ ਸੀ, ਜਿਨ੍ਹਾਂ ਵਿੱਚੋਂ ਕਈ ਅੰਗਰੇਜ਼ੀ ਬੋਲਦੇ ਸਨ, ਅਤੇ ਯਕੀਨਨ ਹੀ ਅਮਰੀਕਾ ਤੋਂ ਆਏ ਸਨ, ਜਦਕਿ ਹੋਰ ਹਕੀਕਤ ਨੂੰ ਲੁਕੋਂਦੇ ਨਹੀਂ ਸਨ। ਉਹ ਵੀ ਚੀਨੀ ਬੰਦਰਗਾਹਾਂ ਅਤੇ ਚਿੰਗਤਾਓ ਤੋਂ ਆਏ ਸਨ।"[113] ਸਮਝਿਆ ਜਾਂਦਾ ਸੀ ਕਿ ਵੀਰ ਸਿੰਘ ਇਥੇ ਪਹਿਲਾ ਬੰਦਾ ਸੀ ਜਿਸ ਕੋਲ ਅਮਰੀਕਾ ਤੋਂ ਗ਼ਦਰ ਅਖ਼ਬਾਰ ਆਉਂਦਾ ਸੀ ਅਤੇ ਅੱਗੇ ਵੰਡਿਆ ਜਾਂਦਾ ਸੀ। ਬਾਅਦ ਵਿਚ ਇਸ ਸੂਚੀ ਵਿਚ ਹੋਰ ਨਾਂ ਵੀ ਸ਼ਾਮਲ ਹੋ ਗਏ।[114]

1913 'ਚ, ਕਾਂਸਤਨੋਪਲ ਤੋਂ ਅਬੂ ਸਈਅਦ ਦੇ ਸੁਝਾਅ 'ਤੇ ਕਮੇਟੀ ਆਫ ਯੂਨੀਅਨ ਐਂਡ ਪ੍ਰਾਗਰੈੱਸ (ਕਪ) ਦੀ ਤਰਫ਼ੋਂ ਤਫ਼ੀਕ ਬੇਅ ਨੂੰ ਰੰਗੂਨ ਵਿਚ ਕੌਂਸਲੇਟ ਬਣਾਉਣ ਲਈ ਭੇਜਿਆ ਗਿਆ। ਤੇ ਤੁਰਕੀ ਦੇ ਜੰਗ ਵਿਚ ਸ਼ਾਮਲ ਹੋ ਜਾਣ 'ਤੇ ਇੰਡੀਅਨ ਰੈੱਡ ਕ੍ਰਿਸੈਂਟ ਸੁਸਾਇਟੀ ਦੇ ਬਲਕਾਨ ਲਈ ਮੈਡੀਕਲ ਰਾਹਤ ਵਫ਼ਦ ਦੇ ਦੋ 1912 ਵਾਲੇ ਤਜ਼ਰਬੇਕਾਰ ਕਾਰਿੰਦੇ ਹਾਕਿਮ ਫੈਮ ਅਲੀ ਅਤੇ ਅਲੀ ਅਹਿਮਦ ਗੈਦੀਕੀ ਕਪ ਦੇ ਆਦੇਸ਼ ਅਨੁਸਾਰ ਰੰਗੂਨ ਆ ਗਏ, ਜੋ ਪਹਿਲਾਂ ਤੁਰਕੀ ਵਿਚ ਸਨ। ਕਿਹਾ ਜਾਂਦਾ ਹੈ ਉਨ੍ਹਾਂ ਨੇ "ਮੁਸਲਮਾਨਾਂ ਵਿਚ ਖ਼ੁਫ਼ੀਆ ਸੁਸਾਇਟੀ ਬਣਾਉਣ" ਦਾ ਕੰਮ ਵਿੱਢ ਦਿੱਤਾ, "ਜਿਸ ਦਾ ਉਦੇਸ਼ ਬਰਤਾਨਵੀ ਰਾਜ ਦੀ ਭੰਨਤੋੜ ਵਿਚ ਸਹਾਇਤਾ ਕਰਨਾ ਸੀ।" ਉਨ੍ਹਾਂ ਨੇ 15 ਹਜ਼ਾਰ ਰੁਪਏ ਦੇ ਚੰਦੇ ਉਗਰਾਹੇ, ਅਤੇ "ਇਕ ਜਾਣੇ-ਪਛਾਣੇ ਤਸਕਰ ਨੂੰ ਪਿਸਤੌਲਾਂ ਦਾ ਜੁਗਾੜ ਕਰਨ ਲਈ ਗੰਢ ਲਿਆ।"[115] ਜਦੋਂ "ਹਸਨ ਖ਼ਾਨ" ਅਤੇ ਸੋਹਣ ਲਾਲ ਪਾਠਕ ਸਿਆਮ-ਬਰਮਾ ਸਕੀਮ ਨੂੰ ਜਥੇਬੰਦ ਕਰਨ ਲਈ ਸਾਨ ਫਰਾਂਸਿਸਕੋ ਤੋਂ ਆ ਗਏ, ਤਾਂ ਦੋਹਾਂ ਟੋਲੀਆਂ ਨੇ ਝਟਪਟ ਗੂੜ੍ਹੇ ਰਿਸ਼ਤੇ ਬਣਾ ਲਏ।[116] ਜੂਨ ਵਿਚ ਅਧਿਕਾਰੀਆਂ ਨੇ ਸਿਆਮ/ਬਰਮਾ ਨੇੜੇ ਮੀਆਵਾੜੀ ਵਿਖੇ "ਗ਼ਦਰੀ ਸਾਹਿਤ ਦੀ ਜੋ ਵੱਡੀ ਖੇਪ" ਜ਼ਬਤ ਕੀਤੀ ਉਸ ਵਿਚ ਰੰਗੂਨ ਵਿਚਲੇ ਅਲੀ ਅਹਿਮਦ ਅਤੇ ਫੈਮ ਅਲੀ ਨੂੰ ਮੁਖ਼ਾਤਬ ਖ਼ਤ ਵੀ ਸਨ।

ਸੋਹਣ ਲਾਲ ਪਾਠਕ ਨੇ 1915 ਦੇ ਹੁਨਾਲ ਵਿਚ ਸਿਪਾਹੀਆਂ ਦੀਆਂ ਬਤੌਰ ਮੁਸਲਮਾਨ ਅਤੇ ਬਸਤੀਵਾਦ ਵਿਰੋਧੀ ਭਾਵਨਾਵਾਂ ਨੂੰ ਟੁੰਬਦਿਆਂ ਬਰਮਾ ਵਿਚ "ਰਾਜਧ੍ਰੋਹ" ਭੜਕਾਉਣ ਦੇ ਯਤਨ ਜਾਰੀ ਰੱਖੇ। ਜਦੋਂ ਮਿਆਮਿਓ ਵਿਖੇ ਮਾਊਂਟੇਨ ਬੈਟਰੀ ਦੇ ਵਫ਼ਾਦਾਰ ਆਦਮੀਆਂ ਨੂੰ "ਵਫ਼ਾਦਾਰੀ ਛੱਡਣ ਲਈ ਵਰਗਲਾਉਣ ਦਾ ਯਤਨ ਕਰਦਿਆਂ" ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ – ਜੋ ਓਦੋਂ ਤੱਕ ਉਨ੍ਹਾਂ ਨੂੰ "ਸਮਝਾਉਂਦਾ ਰਿਹਾ" ਜਦੋਂ ਤੱਕ ਉਨ੍ਹਾਂ ਨੇ ਆਪਣੇ ਜਮਾਂਦਾਰ

ਨੂੰ ਖ਼ਬਰ ਨਹੀਂ ਕਰ ਦਿੱਤੀ ਅਤੇ "ਅੰਦੋਲਨਕਾਰੀ ਨੂੰ ਚਲਾਕੀ ਨਾਲ ਅਛੋਪਲੇ ਹੀ ਕਾਬੂ ਨਹੀਂ ਕਰ ਲਿਆ"[117] – ਓਦੋਂ ਪਾਠਕ ਕੋਲ ਤਿੰਨ ਸਵੈਚਾਲਕ ਪਿਸਤੌਲਾਂ ਅਤੇ 270 ਕਾਰਤੂਸਾਂ ਤੋਂ ਬਿਨਾ ਇਹ ਕੁਝ ਬਰਾਮਦ ਹੋਇਆ: ਬਦਨਾਮ ਹਰਦਿਆਲ ਦੇ ਲਿਖੇ ਲੇਖ "ਨਵੀਂ ਰੌਸ਼ਨੀ ਤੇ ਨਵਾਂ ਵਿਗਿਆਨ" ਸਮੇਤ ਪਰਚਿਆਂ ਦਾ ਇਕ ਪੁਲੰਦਾ; *ਗ਼ਦਰ* ਦੀ ਇਕ ਕਾਪੀ; *ਜਹਾਂ-ਏ-ਇਸਲਾਮ* ("ਇਕ ਭੜਕਾਊ ਬਾਗ਼ੀ ਮੁਸਲਿਮ ਰਸਾਲਾ") ਦੀ ਇਕ ਕਾਪੀ; ਸੁਲਤਾਨ ਖ਼ਲੀਫ਼ਾ ਦੇ ਫਤਵੇ ਦੀਆਂ ਕਈ ਕਾਪੀਆਂ, ਅਤੇ ਵਿਸਫੋਟਕ ਬਣਾਉਣ ਦੇ ਵਿਸਤਾਰਤ ਗੁਰ ਅਤੇ ਸਮੱਗਰੀ।[118] ਜਦੋਂ ਸੈਂਸਰ ਨੇ 1915 ਦੇ ਸ਼ੁਰੂ 'ਚ ਬਰਮਾ ਵਿਚ ਭੇਜਿਆ ਜਾ ਰਿਹਾ "ਵੱਡੀ ਮਾਤਰਾ ਵਿਚ" ਸਾਹਿਤ ਕਬਜ਼ੇ ਵਿਚ ਲਿਆ, ਤਾਂ ਉਨ੍ਹਾਂ ਦੇ ਹੱਥ *ਗ਼ਦਰ* ਦੇ 24 ਜਨਵਰੀ 1915 ਦੇ ਅੰਕ ਦੀਆਂ ਕਾਪੀਆਂ ਵਾਲੇ (220 ਗੁਜਰਾਤੀ, 10 ਹਿੰਦੀ, ਅਤੇ 3 ਉਰਦੂ ਸਮੇਤ) 104 ਪੈਕਟ ਅਤੇ ਨਾਲ ਹੀ ਇਸਤਾਂਬੁਲ ਤੋਂ ਅਬੂ ਸਈਅਦ ਦੇ *ਜਹਾਂ-ਏ-ਇਸਲਾਮ* ਦੇ ਛੇ ਅੰਕ ਲੱਗੇ। ਦਰ ਅਸਲ, ਸੈਡੀਸ਼ਨ ਕਮੇਟੀ ਦੀ ਰਿਪੋਰਟ ਨੇ ਇਸ ਨੂੰ ਮਨਹੂਸ ਸੰਕੇਤ ਮੰਨਦਿਆਂ ਟਿੱਪਣੀ ਕੀਤੀ ਕਿ ਲੱਗਦਾ ਹੈ "*ਗ਼ਦਰ* ਅਖ਼ਬਾਰ ਦੇ ਬੰਡਲਾਂ ਵਿਚ *ਜਹਾਂ-ਏ-ਇਸਲਾਮ* ਦੀਆਂ ਕਾਪੀਆਂ ਦਾ ਭੇਜਿਆ ਜਾਣਾ ਕੋਈ ਸਬੱਬੀ ਮਾਮਲਾ ਨਹੀਂ ਹੈ।"[119]

ਇਹ ਮੰਨਦੇ ਹੋਏ ਵੀ ਕਿ ਇਨ੍ਹਾਂ ਘਟਨਾਵਾਂ ਨੂੰ ਛਾਂਟ ਕੇ ਇਨ੍ਹਾਂ ਉਪਰ ਜ਼ੋਰ ਦਿੱਤਾ ਗਿਆ, ਫਿਰ ਵੀ ਪ੍ਰਭਾਵ ਇਹ ਬਣਦਾ ਹੈ ਕਿ ਜਦੋਂ ਜੰਗ ਦੌਰਾਨ ਬਾਗ਼ੀ ਸਾਹਿਤ ਲਿਜਾ ਰਹੇ ਇਨਕਲਾਬੀ ਅਧਿਕਾਰੀਆਂ ਦੇ ਅੜਿੱਕੇ ਚੜ੍ਹਦੇ ਸਨ, ਤਾਂ ਉਨ੍ਹਾਂ ਦੇ ਹੱਥ ਅਕਸਰ ਗ਼ਦਰ ਪ੍ਰਕਾਸ਼ਨਾਵਾਂ ਅਤੇ ਇਸਲਾਮਵਾਦੀ ਪ੍ਰਚਾਰ ਸਮੱਗਰੀ ਦਾ ਮਿਲਗੋਭਾ ਲੱਗਦਾ ਸੀ। ਕਿਸੇ ਦੇ ਸਿਆਸੀ ਸਦਾਚਾਰ ਦੇ ਮੂਲ ਸੋਮੇ ਨੂੰ ਮਨੁੱਖੀ ਤਰਕ ਜਾਂ ਦੈਵੀ ਰਜ਼ਾ ਵਿਚ ਨਿਰਧਾਰਤ ਕਰਨ ਦਰਮਿਆਨ ਅਹਿਮ ਵਖਰੇਵਾਂ ਤਾਂ ਹੈ ਹੀ। ਇਸ ਦੇ ਬਾਵਜੂਦ ਇੱਥੇ ਦੋਵਾਂ ਨੂੰ ਵਿਸ਼ਾਗਤ ਜਾਂ ਸ਼ੈਲੀਗਤ ਪੱਖੋਂ ਖਿੱਚਕੇ ਮਿਲਾ ਦੇਣਾ ਮੈਨੂੰ ਬਹੁਤ ਜ਼ਿਆਦਾ ਨਹੀਂ ਟੁੰਬਦਾ। ਇਸ ਦਾ ਕਾਰਨ ਹੈ ਉਹ ਬਹਾਦਰੀ ਨਾਲ ਕੁਰਬਾਨੀ ਕਰਨ, ਇੱਥੋਂ ਤਕ ਕਿ ਸ਼ਾਨਾਮੱਤੀ ਸ਼ਹਾਦਤ ਦੇਣ ਅਤੇ ਸਭ ਦੀ ਸਾਂਝੀ ਮੁਕਤੀ ਦੀ ਸੇਵਾ ਲਈ ਆਪੋ ਆਪਣਾ ਅਕੀਦੇ ਰੱਖਦੇ ਹੋਏ ਭਰਾਤਰੀਭਾਵ ਦੇ ਸੱਦੇ ਬਰਾਬਰ ਦੇ ਰਹੇ ਸਨ ਅਤੇ ਦੁਨੀਆ ਵਿਚ ਜਿਥੇ ਕਿਤੇ ਵੀ ਬਰਤਾਨੀਆ ਦਾ ਸਾਮਰਾਜਵਾਦੀ ਧਾੜਵੀ ਕਿਰਦਾਰ ਨਜ਼ਰ ਆਉਂਦਾ ਹੈ ਉਸ ਦਾ ਬੇਲਿਹਾਜ਼ ਵਿਰੋਧ ਕਰਦੇ ਸਨ।

130ਵੀਂ ਬਲੋਚੀ ਰੈਜੀਮੈਂਟ ਮੁੱਖ ਤੌਰ 'ਤੇ ਮੁਸਲਿਮ ਰੈਜੀਮੈਂਟ ਸੀ ਜਿਸ ਨੂੰ ਨਵੰਬਰ 1914 'ਚ ਇਕ ਅਫ਼ਸਰ ਨੂੰ ਕਤਲ ਕਰਨ ਦੀ ਸਜ਼ਾ ਵਜੋਂ ਉਨ੍ਹਾਂ ਦਿਨਾਂ 'ਚ ਹੀ ਬੰਬਈ ਤੋਂ ਤਬਾਦਲਾ ਕਰਕੇ ਭੇਜਿਆ ਗਿਆ ਸੀ। ਇੰਵ ਉਸ ਦੇ ਸਿਪਾਹੀਆਂ ਨੂੰ "ਗ਼ਦਰ ਅਖ਼ਬਾਰ ਦੇ ਸਿਧਾਂਤਾਂ ਦੀ ਲਾਗ ਚਿੰਬੜ ਗਈ, ਅਤੇ ਜਨਵਰੀ 1915 ਤੱਕ ਰੈਜੀਮੈਂਟ ਪੂਰੀ ਤਰ੍ਹਾਂ ਬਦਜ਼ਨ ਅਤੇ ਬਗ਼ਾਵਤ ਲਈ ਤਿਆਰ ਹੋ ਚੁੱਕੀ ਸੀ।"[120] ਜਦਕਿ, ਇਸ ਖ਼ਤਰੇ ਨੂੰ "21 ਜਨਵਰੀ ਨੂੰ ਫ਼ੌਜੀ ਅਧਿਕਾਰੀਆਂ ਦੀ ਸਮੇਂ ਸਿਰ ਅਤੇ ਸਖ਼ਤ ਕਾਰਵਾਈ ਨਾਲ ਸਿਰ ਚੁੱਕਦੇ ਸਾਰ ਹੀ ਦਬਾ ਦਿੱਤਾ ਗਿਆ, ਜਿਨ੍ਹਾਂ ਨੇ 200 ਸਾਜ਼ਿਸ਼-ਕਰਤਾਵਾਂ ਨੂੰ ਸਜ਼ਾਵਾਂ ਦਿੱਤੀਆਂ।"[121] ਫਿਰ ਫਰਵਰੀ ਵਿਚ ਪੰਜਵੀਂ ਲਾਈਟ ਪੈਦਲ ਫ਼ੌਜ ਨੇ ਵੀ ਬਗ਼ਾਵਤ ਕਰ ਦਿੱਤੀ, ਜਿਸ ਨੂੰ ਉਨ੍ਹਾਂ ਰੈਜੀਮੈਂਟਾਂ ਦੀ ਥਾਂ ਸਿੰਗਾਪੁਰ ਭੇਜਿਆ ਗਿਆ ਸੀ ਜਿਨ੍ਹਾਂ ਦਾ ਤਬਾਦਲਾ ਫਰਾਂਸ ਵਿਚ ਪੱਛਮੀ ਮੁਹਾਜ਼ 'ਤੇ ਕਰ ਦਿੱਤਾ ਗਿਆ ਸੀ।[122] ਇਸ ਲਈ ਕੌਣ ਜ਼ਿੰਮੇਵਾਰ ਸੀ ਇਹ ਨਿਸ਼ਚਿਤ ਨਹੀਂ ਸੀ, ਹਾਲਾਂਕਿ ਅਧਿਕਾਰੀਆਂ ਨੂੰ ਸ਼ੱਕ ਸੀ ਕਿ ਇਸ ਦਾ ਸਬੰਧ ਗ਼ਦਰ ਨਾਲ ਸੀ, ਕਿਉਂਕਿ ਇਸ ਵਿਚ ਸ਼ਾਮਲ ਦੋ ਜਣਿਆਂ, ਹੀਰਾ ਸਿੰਘ ਅਤੇ ਗਿਆਨ ਚੰਦ, ਉਪਰ ਬਾਅਦ ਵਿਚ ਗ਼ਦਰ ਸਬੰਧੀ ਸਾਜ਼ਿਸ਼

ਮਾਮਲਿਆਂ 'ਚ ਮੁਕੱਦਮੇ ਚਲਾਏ ਗਏ। ਸੈਡੀਸ਼ਨ ਕਮੇਟੀ ਰਿਪੋਰਟ ਦਾ ਖ਼ਿਆਲ ਸੀ ਕਿ ਪੰਜਵੀਂ ਲਾਈਟ ਪੈਦਲ ਫ਼ੌਜ ਅਤੇ 130ਵੀਂ ਬਲੋਚੀ ਰੈਜੀਮੈਂਟ ਦੋਵਾਂ ਨੂੰ "ਨਿਸ਼ਚੇ ਹੀ ਅਮਰੀਕਨ ਗ਼ਦਰ ਪਾਰਟੀ ਨਾਲ ਸਬੰਧਤ ਮੁਸਲਿਮ ਅਤੇ ਹਿੰਦੂ ਸਾਜ਼ਿਸ਼ੀਆਂ ਤੋਂ ਹੀ ਇਹ ਲਾਗ ਚਿੰਬੜੀ ਸੀ।"[123]

ਇਸ ਵਿਚ ਹਿੱਸਾ ਲੈਣ ਵਾਲਾ ਇਕ ਬੰਦਾ – ਮੁਜਤਬਾ ਹੁਸੈਨ ਉਰਫ਼ ਮੂਲ ਚੰਦ, ਜਿਸ ਨੂੰ ਮਾਂਡਲੇ ਮੁਕੱਦਮੇ ਵਿਚ ਵੀ ਸ਼ਾਮਲ ਕੀਤਾ ਗਿਆ – "ਗ਼ਦਰ ਦੀ ਮਦਦ ਕਰਨ ਲਈ" ਸਿੰਗਾਪੁਰ ਆਉਣ ਤੋਂ ਪਹਿਲਾਂ ਮਨੀਲਾ ਵਿਚ ਗ਼ਦਰੀਆਂ ਦੇ ਸੰਪਰਕ ਵਿਚ ਰਿਹਾ ਸੀ।[124] ਉਸ ਦੇ ਇਕ ਖ਼ਤ ਨੇ ਰੰਗੂਨ ਵਿਚ ਗ਼ਦਰ ਦੀ ਸਾਜ਼ਿਸ਼ ਦਾ ਪਹਿਲਾ ਸਬੂਤ ਮੁਹੱਈਆ ਕੀਤਾ। ਫ਼ੌਜੀਆਂ ਦਾ ਸਿੰਗਾਪੁਰ ਵਿਚ ਰਹਿ ਰਹੇ "ਤੁਰਕੀ ਪੱਖੀ" ਗੁਜਰਾਤੀ ਮੁਸਲਮਾਨ ਗ਼ਦਰੀ ਕਾਸਿਮ ਮਨਸੂਰ ਕੋਲ ਵੀ ਆਉਣ-ਜਾਣ ਸੀ ਅਤੇ ਉਹ ਵੀ ਉਨ੍ਹਾਂ ਕੋਲ ਜਾਂਦਾ ਰਿਹਾ ਸੀ। ਉਸ ਨੇ ਰੰਗੂਨ ਵਿਚ ਆਪਣੇ ਪੁੱਤਰ ਨੂੰ ਜੋ ਖ਼ਤ ਭੇਜੇ ਉਨ੍ਹਾਂ ਵਿੱਚੋਂ ਇਕ ਵਿਚ ਮਲਾਇਆ ਸਟੇਟ ਗਾਈਡਜ਼ ਦੇ ਫ਼ੌਜੀਆਂ ਵਲੋਂ ਤੁਰਕੀ ਦੇ ਕੌਂਸਲ ਨੂੰ ਅਪੀਲ ਕੀਤੀ ਗਈ ਸੀ। ਜਿਸ ਵਿਚ ਉਨ੍ਹਾਂ ਨੇ ਐਲਾਨ ਕੀਤਾ ਕਿ ਉਹ ਅੰਗਰੇਜ਼ ਵਿਰੁੱਧ ਗ਼ਦਰ ਕਰਨ ਅਤੇ ਤੁਰਕਾਂ ਨਾਲ ਮਿਲਕੇ ਲੜਨ ਲਈ ਤਿਆਰ ਸਨ; ਕੀ ਕੌਂਸਲ ਤੁਰਕੀ ਦਾ ਜੰਗੀ ਸਮੁੰਦਰੀ ਜਹਾਜ਼ ਉਥੇ ਭੇਜਣ ਦਾ ਇੰਤਜ਼ਾਮ ਕਰ ਸਕਦਾ ਹੈ? ਜਿਉਂ ਹੀ ਸਿੰਗਾਪੁਰ ਦੇ ਅਧਿਕਾਰੀਆਂ ਨੂੰ ਇਸ ਦੀ ਸੂਹ ਮਿਲੀ, ਉਨ੍ਹਾਂ ਨੇ ਤੁਰੰਤ ਰੈਜੀਮੈਂਟ ਦਾ ਕਿਤੇ ਹੋਰ ਤਬਾਦਲਾ ਕਰ ਦਿੱਤਾ।[125]

ਇਸ ਤੋਂ ਛੁੱਟ, "ਬਰਮਾ ਦੀ ਫ਼ੌਜੀ ਤਾਕਤ ਨਾਲ ਵੀ ਗੰਢ-ਤੁੱਪ ਕਰਨ ਦੇ ਯਤਨ ਕੀਤੇ ਜਾ ਰਹੇ ਸਨ।" ਇਹ ਪੰਦਰਾਂ ਹਜ਼ਾਰ ਜਵਾਨਾਂ ਦੀ "ਮਜ਼ਬੂਤ ਤਾਕਤ" ਸੀ ਜਿਸ ਦੀ ਭਰਤੀ ਮੁੱਖ ਤੌਰ 'ਤੇ ਪੰਜਾਬੀ ਸਿੱਖਾਂ ਅਤੇ ਮੁਸਲਮਾਨਾਂ ਵਿੱਚੋਂ ਕੀਤੀ ਗਈ ਸੀ। ਇਕ ਖ਼ਤ ਉਸ ਘਰ ਵਿੱਚੋਂ ਮਿਲਿਆ ਸੀ ਜਿਸ ਨੂੰ ਗ਼ਦਰ ਦੇ ਰੰਗੂਨ ਸਦਰ ਮੁਕਾਮ ਵਜੋਂ ਵਰਤਿਆ ਜਾਂਦਾ ਸੀ। ਇਸ ਵਿਚ ਗੁਰੂਦਆਰੇ ਤੋਂ ਕਿਸੇ ਬੰਦੇ ਨੇ, ਜੋ ਮਾਊਲਮੇ ਵਿਚ ਫ਼ੌਜੀ ਪੁਲਿਸ ਵਿਚ ਨੌਕਰ ਸੀ, "ਬ੍ਰਿਟਿਸ਼ ਕੋਲੰਬੀਆ ਤੋਂ ਬਦਨਾਮ ਸਿੱਖ ਗ਼ਦਰੀ ਹਰਨਾਮ ਸਿੰਘ (ਉਰਫ਼ ਈਸ਼ਰ ਦਾਸ) ਤੋਂ ਧਨ ਦੀ ਮੰਗ ਕੀਤੀ ਸੀ। ਹੋਰ ਕਿਧਰੇ ਰੰਗੂਨ ਦੀ ਅਖਾਉਤੀ ਮੁਸਲਿਮ *ਗ਼ਦਰ* ਪਾਰਟੀ ਬਾਰੇ ਭੇਤ ਖੁੱਲ੍ਹਿਆ ਕਿ ਉਸ ਨੇ "ਅਕਤੂਬਰ 1915 'ਚ ਬਕਰ-ਈਦ ਦੇ ਮੌਕੇ 'ਤੇ ਬਗ਼ਾਵਤ ਦੀ ਯੋਜਨਾ ਬਣਾਈ ਸੀ, ਜਦੋਂ 'ਬੱਕਰਿਆਂ ਅਤੇ ਗਾਵਾਂ' ਦੀ ਥਾਂ ਅੰਗਰੇਜ਼ਾਂ ਨੂੰ ਹਲਾਲ ਕੀਤਾ ਜਾਣਾ ਸੀ। ਯੋਜਨਾ ਘਾੜਿਆਂ ਨੇ ਬਗ਼ਾਵਤ 25 ਦਸੰਬਰ 'ਤੇ ਪਾ ਦਿੱਤੀ ਕਿਉਂਕਿ ਹਾਲੇ ਜ਼ਰੂਰੀ ਤਿਆਰੀਆਂ ਨਹੀਂ ਹੋਈਆਂ ਸਨ। ਪਰ ਇਸ ਤੋਂ ਪਹਿਲਾਂ ਕਿ ਇਹ ਸ਼ੁਰੂ ਕੀਤੀ ਜਾ ਸਕਦੀ, ਨਵੰਬਰ ਵਿਚ ਪਿਆਬੇ ਵਿਖੇ ਫ਼ੌਜੀ ਪੁਲਿਸ ਦੀ ਬਟਾਲੀਅਨ ਵਿਚ ਇਕ ਵੱਖਰੀ ਗ਼ਦਰੀ ਸਾਜ਼ਿਸ਼ ਸਾਹਮਣੇ ਆ ਗਈ; "ਗ਼ਦਰ ਵਿਚ ਵਰਤੇ ਜਾਣ ਲਈ ਰਿਵਾਲਵਰ, ਡਾਈਨਾਮਾਈਟ ਅਤੇ ਹੋਰ ਨਿੱਕ-ਸੁੱਕ ਫੜ੍ਹਿਆ ਗਿਆ," ਅਤੇ ਮੁੱਖ ਸਾਜ਼ਿਸ਼ ਘਾੜਿਆਂ ਨੂੰ ਨਵੇਂ ਡਿਫੈਂਸ ਆਫ ਇੰਡੀਆ ਐਕਟ ਰੈਗੂਲੇਸ਼ਨਜ਼ ਤਹਿਤ ਨਜ਼ਰਬੰਦ ਕਰ ਲਿਆ ਗਿਆ।[126]

ਕਿਹਾ ਜਾਂਦਾ ਹੈ ਕਿ 15 ਫਰਵਰੀ 1915 ਨੂੰ, ਅਲੈਗਜੈਂਡਰ ਬੈਰਕਾਂ ਉਪਰ ਪਹਿਲੀ ਗੋਲੀ ਸਿਪਾਹੀ ਇਸਮਾਇਲ ਖ਼ਾਂ ਨੇ ਦਾਗ਼ੀ; ਹੋਰ ਬਾਗ਼ੀ ਫ਼ੌਜੀਆਂ ਨੇ ਗੋਲੀ-ਸਿੱਕੇ ਦੇ ਨਾਲ ਹੀ ਉਹ ਟਰੱਕ ਕਬਜ਼ੇ ਵਿਚ ਲੈ ਲਿਆ ਜਿਸ ਉਪਰ ਇਹ ਅਸਲ੍ਹਾ ਲੱਦਿਆ ਜਾ ਰਿਹਾ ਸੀ।[127] ਉਨ੍ਹਾਂ ਨੇ ਟੈਂਗਲਿਨ ਬੈਰਕਾਂ ਦੀਆਂ ਗਾਰਦਾਂ ਨੂੰ ਜਾ ਦਬੋਚਿਆ, ਜਰਮਨ ਜੰਗੀ ਕੈਦੀ ਛੁਡਾ ਲਏ, ਕਿਲ੍ਹੇ 'ਤੇ ਕਬਜ਼ਾ ਕਰ ਲਿਆ, ਕੁਝ ਅੰਗਰੇਜ਼ ਅਫ਼ਸਰ ਮਾਰ ਦਿੱਤੇ, ਅਤੇ ਪੁਲਿਸ ਨੂੰ ਪ੍ਰਭਾਵਤ ਕਰਕੇ ਆਪਣੇ ਨਾਲ ਮਿਲਾਉਣ ਲਈ ਸੱਤ ਸੌ ਦੀ ਪ੍ਰਭਾਵਸ਼ਾਲੀ ਗਿਣਤੀ ਨੇ ਸ਼ਹਿਰ ਵੱਲ ਜਲੂਸ

ਕੱਢਿਆ। ਇਸ ਵਾਕਿਆ ਤੋਂ ਪਿੱਛੋਂ (13 ਜੂਨ 1916) ਨੂੰ *ਸਾਨ ਫਰਾਂਸਿਸਕੋ ਐਗਜ਼ਾਮੀਨਰ* ਵਿਚ ਇਸ ਬਗ਼ਾਵਤ ਬਾਰੇ ਤਬਸਰਾ ਕਰਦਿਆਂ ਰਾਮ ਚੰਦਰ ਨੇ ਲਿਖਿਆ ਕਿ ਇਹ ਸਾਫ਼ ਸੀ ਕਿ ਬਾਗ਼ੀ ਫ਼ੌਜੀ ਲੁੱਟਮਾਰ ਕਰਨ ਦੇ ਮਕਸਦ ਨਾਲ ਨਹੀਂ ਗਏ ਸਨ, ਕਿਉਂਕਿ ਉਨ੍ਹਾਂ ਨੇ ਖਾਲੀ ਪਏ ਜਾਂ ਡੱਚਾਂ ਵਲੋਂ ਕਬਜ਼ਾ ਕੀਤੇ ਘਰਾਂ ਨੂੰ ਛੂਹਿਆ ਤੱਕ ਨਹੀਂ ਅਤੇ ਸਿਰਫ਼ ਅੰਗਰੇਜ਼ਾਂ ਨੂੰ ਗੋਲੀਆਂ ਮਾਰੀਆਂ। ਲਿਹਾਜ਼ਾ, ਹਮਲਾ "ਅੰਗਰੇਜ਼ ਸੱਤਾ ਅਤੇ ਅੰਗਰੇਜ਼ ਲੋਕਾਂ" ਵਿਰੁੱਧ ਸੀ। ਉਸ ਮੁਤਾਬਕ ਇਹ ਵੀ ਗ਼ੌਰਤਲਬ ਸੀ ਕਿ ਬਾਗ਼ੀ ਫ਼ੌਜੀਆਂ ਨੇ ਨਜ਼ਰਬੰਦੀ ਕੈਂਪ ਵਿਚ ਜਾ ਕੇ ਗਾਰਡਾਂ ਨੂੰ ਗੋਲੀਆਂ ਮਾਰੀਆਂ, ਦਰਵਾਜ਼ੇ ਭੰਨ ਦਿੱਤੇ, ਅਤੇ "ਜਰਮਨ! ਜਰਮਨ! ਇਸਲਾਮ! ਇਸਲਾਮ!" ਪੁਕਾਰਦੇ ਹੋਏ ਅੰਦਰ ਜਰਮਨਾਂ ਵੱਲ ਨੂੰ ਬੰਦੂਕਾਂ ਵਗਾਹ ਮਾਰੀਆਂ।[128]

ਬ੍ਰਿਗੇਡੀਅਰ ਰਿਡੌਟ ਨੇ ਮਾਰਸ਼ਲ ਲਾਅ ਐਲਾਨ ਕਰ ਦਿੱਤਾ ਅਤੇ ਨੇੜੇ ਦੇ ਰੂਸੀ, ਫਰਾਂਸੀਸੀ ਤੇ ਜਪਾਨੀ ਜੰਗੀ ਸਮੁੰਦਰੀ ਜਹਾਜ਼ਾਂ ਤੋਂ ਮਦਦ ਮੰਗ ਲਈ।[129] ਵਾਲੰਟੀਅਰ ਰਾਈਫ਼ਲਜ਼ ਦੇ ਲੈਫਟੀਨੈਂਟ ਮੈਲਕਮ ਬੌਂਡ ਸ਼ੈਲੇ ਨੇ ਕਈ ਸਾਲ ਪਿੱਛੋਂ ਆਪਣੇ ਕਾਰਨਾਮਿਆਂ ਦੀ ਫੜ੍ਹ ਮਾਰਨ ਵਾਲੇ ਜਾਂਬਾਜ਼ ਮੁੰਡਿਆਂ ਦੇ ਅੰਦਾਜ਼ ਵਿਚ ਦ੍ਰਿਸ਼ ਬਿਆਨ ਕਰਦਿਆਂ ਲਿਖਿਆ ਕਿ 15 ਫਰਵਰੀ ਦੀ ਰਾਤ ਨੂੰ "ਇਕ ਖੰਦਕ ਤੋਂ ਦੂਜੀ ਤਕ, ਇਕ ਘਰ ਤੋਂ ਦੂਜੇ ਤਕ, ਇਕ ਰੁੱਖ ਤੋਂ ਦੂਜੇ ਤਕ ਘਮਸਾਣ ਦੀ" ਲੜਾਈ ਹੋਈ ਸੀ।[130] ਜਦੋਂ ਦੋ ਦਿਨ ਬਾਅਦ ਅੰਗਰੇਜ਼ ਜੰਗੀ ਜਹਾਜ਼ ਉਪਰ ਕੁਮਕ ਉਥੇ ਪਹੁੰਚੀ, ਓਦੋਂ ਤੱਕ ਇਕ ਦਰਜਨ ਅੰਗਰੇਜ਼ ਅਫ਼ਸਰਾਂ ਅਤੇ ਘੱਟੋਘੱਟ ਬਹੁਤ ਸਾਰੇ ਸਿਵਲੀਅਨਾਂ ਸਮੇਤ ਅਠਤਾਲੀ ਲੋਕ ਮਾਰੇ ਜਾ ਚੁੱਕੇ ਸਨ। ਓੜਕ ਜਪਾਨੀ ਕੁਮਕ, ਮਲਾਇਆ ਸਟੇਟ ਵਾਲੰਟੀਅਰ ਰਾਈਫ਼ਲਜ਼ ਤੋਂ ਮੰਗਵਾਏ ਬਾਕਾਇਦਾ ਫ਼ੌਜੀਆਂ, ਸ਼ਰੌਪਸ਼ਾਇਰ ਲਾਈਟ ਪਿਆਦਾ ਫ਼ੌਜ ਦੇ ਡਾਇਕ "ਸਥਾਨਕ ਪੈਦਲ" ਸਮੇਤ ਸੂਬਾਈ ਫ਼ੌਜ ਦੇ ਜਵਾਨਾਂ, ਮੁਕਾਮੀ ਉਤਸੁਕ ਸਿਵਲੀਅਨਾਂ ਅਤੇ ਇੱਥੋਂ ਤੱਕ ਕਿ ਕੁਝ ਅਮਰੀਕੀ ਮਿਸ਼ਨਰੀਆਂ ਵਲੋਂ ਮਿਲਕੇ ਬਗ਼ਾਵਤ ਦਬਾ ਦਿੱਤੀ ਗਈ। ਅਜਿਹਾ ਕਰਕੇ ਮਿਸ਼ਨਰੀਆਂ ਨੇ ਅੰਗਰੇਜ਼ ਬਸਤੀਵਾਦੀਆਂ ਦੀ ਬੇਮਿਸਾਲ ਨਜ਼ਰੇ-ਇਨਾਇਤ ਹਾਸਲ ਕਰ ਲਈ, ਜੋ ਪਹਿਲਾਂ ਉਨ੍ਹਾਂ ਨੂੰ ਆਪਣੇ ਆਸਪਾਸ ਦੇਖਕੇ ਬੁਰਾ ਮਨਾਉਂਦੇ ਸਨ।[131] ਇਸ ਪਿੱਛੋਂ 126 ਕੋਰਟ ਮਾਰਸ਼ਲ ਹੋਏ, ਸ਼ਰੇਆਮ ਗੋਲੀਆਂ ਮਾਰਕੇ 27 ਬੰਦਿਆਂ ਨੂੰ ਸਜ਼ਾ-ਏ-ਮੌਤ ਦਿੱਤੀ ਗਈ, 41 ਨੂੰ ਉਮਰ ਕੈਦ ਦੀਆਂ ਸਜ਼ਾਵਾਂ ਹੋਈਆਂ ਅਤੇ ਕੁਝ ਹੋਰ ਨੂੰ ਵੱਖੋ-ਵੱਖਰੀਆਂ ਸਜ਼ਾਵਾਂ ਹੋਈਆਂ।[132] ਬਾਕੀਆਂ ਨੂੰ ਜੇਲ੍ਹ ਕੱਟਣ ਜਾਂ ਪੂਰਬੀ ਅਫ਼ਰੀਕਾ ਭੇਜੇ ਜਾਣ ਵਿੱਚੋਂ ਇਕ ਦੀ ਚੋਣ ਕਰਨ ਲਈ ਕਿਹਾ ਗਿਆ। ਜ਼ਿਆਦਾਤਰ ਨੇ ਮਗਰਲਾ ਰਾਹ ਚੁਣਿਆ; ਉਥੇ ਉਨ੍ਹਾਂ ਨੂੰ "ਆਵਾਜਾਈ ਲਾਈਨਾਂ ਉਪਰ ਕੰਮ ਦਿੱਤਾ ਗਿਆ ਜਿੱਥੇ ਉਨ੍ਹਾਂ ਦੀ ਜ਼ਿੰਦਗੀ ਡਾਹਢੀ ਕਰੜੀ ਅਤੇ ਨਾਖੁਸ਼ਗਵਾਰ ਸੀ" ਅਤੇ ਹੋਰ ਰੈਜੀਮੈਂਟਾਂ ਉਨ੍ਹਾਂ ਨੂੰ "ਸਪੇਰੇ" ਆਖਕੇ ਮਖੌਲ ਉਡਾਉਂਦੀਆਂ ਸਨ।[133] ਅਗਲੇ ਤਿੰਨ ਹਫ਼ਤੇ ਪੂਰੇ ਇਲਾਕੇ ਵਿਚ ਛੇ ਸੌ ਬਾਗ਼ੀ ਫ਼ੌਜੀਆਂ ਦਾ ਖ਼ੁਰਾ ਨੱਪਣ ਦੀ ਮੁਹਿਮ ਜਾਰੀ ਰਹੀ। ਇਕਵੰਜਾ ਅਜੇ ਵੀ ਲਾਪਤਾ ਸਨ, ਜਿਨ੍ਹਾਂ ਬਾਰੇ ਸਮਝਿਆ ਜਾਂਦਾ ਹੈ ਕਿ ਜਾਂ ਤਾਂ ਉਹ ਭੇਸ ਵਟਾ ਕੇ ਛੁਪ ਗਏ ਜਾਂ ਚਕਮਾ ਦੇ ਗਏ।

ਸਰਕਾਰੀ ਰਿਪੋਰਟਾਂ ਨੇ ਅਮਨ-ਅਮਾਨ ਕਾਇਮ ਕਰਨ ਵਿਚ ਮਹਿਜ਼ ਜਪਾਨੀਆਂ ਦੀ ਦੇਣ ਨੂੰ ਹੀ ਨਹੀਂ, ਸਗੋਂ ਬਗ਼ਾਵਤ ਦੇ ਬਸਤੀਵਾਦ ਵਿਰੋਧੀ ਮਨੋਰਥ ਨੂੰ ਵੀ ਦਬਾਉਣ ਲਈ ਪੂਰਾ ਟਿੱਲ ਲਾਇਆ। ਫ਼ੌਜਾਂ ਦਸਤਿਆਂ ਦੀ ਹੁਕਮ-ਅਦੂਲੀ ਨੂੰ "ਹਾਲੀਆ ਤਰੱਕੀਆਂ ਬਾਬਤ ਥੋੜ੍ਹੀ ਈਰਖਾ ਅਤੇ ਅਸੰਤੁਸ਼ਟੀ" ਦੇ ਸਿਰ ਮੜ੍ਹ ਦਿੱਤਾ ਗਿਆ।[134] ਹਿੰਦੁਸਤਾਨ ਲਈ ਬਦੇਸ਼ ਮੰਤਰੀ ਨੇ ਸੰਸਦ ਵਿਚ ਦੱਸਿਆ ਕਿ ਇਹ ਨਿਰਾ "ਰੈਜੀਮੈਂਟ ਦਾ ਫ਼ਸਾਦ" ਸੀ ਅਤੇ ਹਕੀਕਤ ਵਿਚ ਫ਼ੌਜੀ ਗ਼ਦਰ ਬਿਲਕੁਲ ਨਹੀਂ ਸੀ, "ਅੰਗਰੇਜ਼ ਹਕੂਮਤ ਵਿਰੁੱਧ ਨਸਲੀ ਜਾਂ ਮਜ਼ਹਬੀ ਬਗ਼ਾਵਤ ਤਾਂ

ਬਿਲਕੁਲ ਹੀ ਨਹੀਂ।"[135] ਪਰ *ਨਿਊ ਯਾਰਕ ਟਾਈਮਜ਼* ਦੇ ਤਬਸਰੇ ਨੇ ਨੁਕਤਾ ਉਠਾਇਆ ਕਿ ਫ਼ੌਜੀ ਦਸਤਿਆਂ ਦੀ ਆਮਦ ਦੇ ਸਮੇਂ ਤੋਂ ਹੀ ਉਨ੍ਹਾਂ 'ਚ ਬੇਚੈਨੀ ਦੇ ਆਸਾਰ ਨਜ਼ਰ ਆ ਰਹੇ ਸਨ, ਅਤੇ ਕਿ ਇਸ ਦੇ ਕਾਰਨ ਤਰੱਕੀ ਦੀ ਸਧਾਰਨ ਨਾਰਾਜ਼ਗੀ ਤੋਂ ਕਿਤੇ ਵਧੇਰੇ "ਡੂੰਘੇ ਅਤੇ ਪੇਚੀਦਾ" ਸਨ: "ਇਹ ਕਹਿਣਾ ਹੀ ਕਾਫ਼ੀ ਹੈ ਕਿ ਇਹੀ ਰੈਜੀਮੈਂਟ ਸੀ ਜਿਸ ਨੇ ਤਿੰਨ ਹੋਰਾਂ ਦੇ ਨਾਲ-ਨਾਲ ਕਈ ਸਾਲ ਪਹਿਲਾਂ ਹਿੰਦੁਸਤਾਨ ਵਿਚ ਸਿਪਾਹੀਆਂ ਦੀ ਵੱਡੀ ਬਗ਼ਾਵਤ ਸ਼ੁਰੂ ਕੀਤੀ ਸੀ। ਇਹ ਆਪਣੀਆਂ ਰਵਾਇਤਾਂ 'ਤੇ ਪੂਰੀ ਉਤਰੀ ਹੈ!"[136] ਗ਼ਦਰੀ ਪ੍ਰਚਾਰਕ ਜਾਂ ਜਿਨ੍ਹਾਂ ਫ਼ੌਜੀ ਦਸਤਿਆਂ ਨੇ ਉਨ੍ਹਾਂ ਨੂੰ ਹੁੰਗਾਰਾ ਭਰਿਆ ਉਹ ਇਨ੍ਹਾਂ ਰਵਾਇਤਾਂ ਤੋਂ ਸ਼ਾਇਦ ਹੀ ਉਕ ਸਕਦੇ ਸਨ, ਕਿਉਂਕਿ 1857 ਦੀ ਵਿਰਾਸਤ ਸੱਤ ਸਮੁੰਦਰੋਂ ਪਾਰ ਇਨਕਲਾਬੀਆਂ ਦੀਆਂ ਕੌਮੀ ਮਿੱਥਾਂ ਦੇ ਬਹੁਤ ਜ਼ਿਆਦਾ ਕੇਂਦਰ ਵਿਚ ਸੀ। ਬਾਅਦ ਵਿਚ ਖ਼ੁਦ ਭਾਈ ਪਰਮਾਨੰਦ ਨੇ ਆਪਣੀਆਂ ਯਾਦਾਂ 'ਚ ਲਿਖਿਆ ਕਿ ਉਸ ਨੇ 1857 ਦੇ ਗ਼ਦਰ ਦਾ ਹਵਾਲਾ ਦਿੰਦਿਆਂ ਸਿੰਗਾਪੁਰ ਵਿਚ ਦੋ ਸੌ ਹਿੰਦੁਸਤਾਨੀ ਫ਼ੌਜੀਆਂ ਦੇ ਇਕੱਠ ਨੂੰ ਸੰਬੋਧਨ ਕੀਤਾ ਸੀ ਅਤੇ *ਗ਼ਦਰ* ਅਤੇ *ਗ਼ਦਰ-ਦੀ-ਗੂੰਜ* ਦੀਆਂ ਕਾਪੀਆਂ ਵੰਡੀਆਂ ਸਨ।[137]

ਪਰ ਸ਼ਾਓ ਕੁਵਾਜਿਮਾ ਇਸ ਬਗ਼ਾਵਤ ਦੀ ਨਿਸ਼ਾਨਦੇਹੀ ਮਹਿਜ਼ ਵੱਡੇ ਫ਼ੌਜੀ ਵਿਦਰੋਹ, ਕਾਮਾਗਾਟਾ ਮਾਰੂ ਅਤੇ ਗ਼ਦਰ ਲਹਿਰ ਦੇ ਜੁੜੇ ਹੋਏ ਸਿਲਸਿਲੇ ਦੇ ਹਿੱਸੇ ਵਜੋਂ ਹੀ ਨਹੀਂ ਕਰਦਾ ਸਗੋਂ ਨਾਲ ਦੀ ਨਾਲ ਮੁਸਲਮਾਨਾਂ ਦੀਆਂ 'ਤੁਰਕੀ ਪੱਖੀ' ਜਾਂ 'ਸਰਬ-ਇਸਲਾਮਿਕ' ਭਾਵਨਾਵਾਂ ਦੇ ਪ੍ਰਸੰਗ ਦੇ ਅੰਦਰ ਨਿਸ਼ਾਨਦੇਹੀ ਕਰਦਿਆਂ ਇਸ ਵਿਚ ਇਕ ਪਰਤ ਹੋਰ ਜੋੜਦਾ ਹੈ।[138] ਇਸ ਨਾਲ ਉਸ ਨੂੰ ਇਹ ਗੁੰਜਾਇਸ਼ ਮਿਲ ਜਾਂਦੀ ਹੈ ਕਿ ਉਹ ਸਮਕਾਲੀ ਵਿਦਵਾਨਾਂ ਦੇ ਉਸ ਸਤੱਹੀ ਅਧਿਐਨ ਨੂੰ ਵਧੇਰੇ ਡੂੰਘੀ ਵਿਆਖਿਆ ਮੁਹੱਈਆ ਕਰ ਸਕੇ ਜਿਨ੍ਹਾਂ ਨੇ ਇਸ ਫ਼ੌਜੀ ਬਗ਼ਾਵਤ ਪ੍ਰਤੀ ਅਪਣਾਏ ਮਾੜੇ ਵਤੀਰੇ ਤਹਿਤ ਇਸ ਨੂੰ ਸਧਾਰਨ ਬੇਚੈਨੀ ਕਹਿਕੇ ਪੱਲਾ ਝਾੜ ਲਿਆ। ਉਹ ਦਰਅਸਲ ਇਸ ਨੂੰ ਇੰਞ ਦੇਖਦਾ ਹੈ ਕਿ ਹਿੰਦੁਸਤਾਨੀ ਫ਼ੌਜੀਆਂ ਨੂੰ ਜੰਗ ਵਿਚ ਹਿੱਸਾ ਲੈਣ ਦੀ ਕੋਈ ਸਾਰਥਕ ਜਾਂ ਹਾਂਪੱਖੀ ਵਾਜਬੀਅਤ ਨਜ਼ਰ ਨਹੀਂ ਸੀ ਆਉਂਦੀ, ਇਹ ਉਸ ਦਾ ਲੱਛਣ ਸੀ। ਇਸ ਔਖ ਲਈ ਉਹ ਗ਼ਦਰੀ ਪ੍ਰਚਾਰ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ ਜਿਸ ਨੂੰ ਤੁਰਕੀ ਦੇ ਲੜਾਈ ਵਿਚ ਸ਼ਾਮਲ ਹੋ ਜਾਣ ਨੇ ਤਕੜਾਈ ਬਖ਼ਸ਼ੀ।[139] ਇੰਞ ਦੱਖਣ-ਪੂਰਬੀ ਏਸ਼ੀਆ ਅੰਦਰ ਜੰਗ ਦੌਰਾਨ ਦੀਆਂ ਫ਼ੌਜੀ ਬਗ਼ਾਵਤਾਂ ਗ਼ਦਰ ਅਤੇ ਖ਼ਿਲਾਫ਼ਤ ਦੀਆਂ ਵਿਚਾਰਧਾਰਾਵਾਂ, ਇਤਿਹਾਸਕ ਘਟਨਾਵਾਂ ਦੀ ਮਹਿਮਾ, ਅਤੇ ਰੀਝਾਂ ਨਾਲ ਹੇਲ-ਮੇਲ ਸਨ।

7

# ਲਾਲ ਸਲਾਮ

*ਗ਼ਦਰ ਅਤੇ ਬਾਲਸ਼ਵਿਕ ਮੁਹਾਜਿਰੀਨ*

## ਬਾਲਸ਼ਵਿਕ ਮੁਹਾਜਿਰੀਨ

ਰੂਸੀ ਇਨਕਲਾਬ ਹੋਣ ਸਾਰ ਹੀ ਦਸੰਬਰ 1917 'ਚ ਇਕ ਖ਼ਾਸ ਅਪੀਲ ਜਾਰੀ ਕੀਤੀ ਗਈ:

"ਪੂਰਬ ਦੇ ਮੁਸਲਮਾਨੋ! ਈਰਾਨੀਓ, ਤੁਰਕੋ, ਅਰਬੀ ਅਤੇ ਹਿੰਦੁਸਤਾਨੀਓ! ਤੁਸੀਂ ਸਾਰੇ ਜਿਨ੍ਹਾਂ ਦੀਆਂ ਜ਼ਿੰਦਗੀਆਂ ਅਤੇ ਜਾਇਦਾਦਾਂ, ਜਿਨ੍ਹਾਂ ਦੀ ਆਜ਼ਾਦੀ ਅਤੇ ਵਤਨ ਧਾੜਵੀ ਯੂਰਪੀ ਲੁਟੇਰਿਆਂ ਵਲੋਂ ਸਦੀਆਂ ਤੋਂ ਤਜ਼ਾਰਤ ਬਣਾ ਦਿੱਤੇ ਗਏ ਸਨ! ਤੁਸੀਂ ਸਾਰੇ ਜਿਨ੍ਹਾਂ ਦੇ ਮੁਲਕਾਂ ਨੂੰ ਇਹ ਡਾਕੂ ਆਪੋ ਵਿਚ ਵੰਡਣਾ ਚਾਹੁੰਦੇ ਹਨ, ਜਿਨ੍ਹਾਂ ਨੇ ਜੰਗ ਛੇੜੀ ਹੈ!....

ਜਿਨ੍ਹਾਂ ਪੁਰਾਤਨ ਜਾਬਰਾਂ ਨੇ ਤੁਹਾਡੇ ਵਤਨਾਂ ਨੂੰ ਦਾਬੇ ਦਾ ਸ਼ਿਕਾਰ ਬਣਾਇਆ ਹੈ ਉਨ੍ਹਾਂ ਦਾ ਜੂਲਾ ਵਗਾਹ ਮਾਰਨ ਲਈ ਵਕਤ ਜ਼ਾਇਆ ਨਾ ਕਰੋ। ਹੁਣ ਉਨ੍ਹਾਂ ਨੂੰ ਆਪਣੇ ਜੱਦੀ ਮੁਲਕਾਂ ਦੀ ਲੁੱਟਮਾਰ ਕਰਨ ਦੀ ਇਜਾਜ਼ਤ ਨਾ ਦਿਓ। ਆਪਣੀ ਧਰਤੀ ਦੇ ਮਾਲਕ ਆਪ ਬਣੋ। ਆਪਣੀ ਜ਼ਿੰਦਗੀ ਦਾ ਨਿਰਮਾਣ ਆਪਣੀ ਮਰਜ਼ੀ ਨਾਲ ਕਰੋ। ਤੁਹਾਨੂੰ ਇਹ ਹੱਕ ਹੈ ਕਿਉਂਕਿ ਤੁਹਾਡੀ ਹੋਣੀ ਤੁਹਾਡੇ ਹੱਥ ਹੈ.....

ਰੂਸ ਦੇ ਮੁਸਲਮਾਨੋ! ਪੂਰਬ ਦੇ ਮੁਸਲਮਾਨੋ!

ਅਸੀਂ ਦੁਨੀਆ ਦੀ ਮੁੜ ਸਿਰਜਣਾ ਦੇ ਕਾਰਜ ਨੂੰ ਹਮਦਰਦੀ ਤੇ ਮਦਦ ਦੇਣ ਦੀ ਤੁਹਾਡੇ ਤੋਂ ਉਮੀਦ ਕਰਦੇ ਹਾਂ।"[1]

1920 'ਚ, ਜਦੋਂ ਸੋਵੀਅਤ ਇਨਕਲਾਬੀ ਨਿਜ਼ਾਮ ਨੇ ਆਪਣੀ ਸੱਤਾ ਨੂੰ ਸੰਸਥਾਗਤ ਰੂਪ ਦੇਣ ਦੀ ਵਾਹ ਲਾਈ, ਤਾਂ ਕਾਕੇਸ਼ੀਆ ਦੇ ਇਕ ਤੁਰਕ ਨੇ ਮਰੇਵ ਦੇ ਇਕ ਕੇਂਦਰੀ ਏਸ਼ੀਆਈ ਸ਼ਹਿਰ ਵਿਚ ਬਾਲਸ਼ਵਿਕਾਂ ਦੀ ਮੀਟਿੰਗ ਵਿਚ ਤਕਰੀਰ ਕੀਤੀ:

"ਮਿਹਨਤਕਸ਼ ਮੁਸਲਮਾਨੋ! ਤੁਹਾਨੂੰ ਸਾਰਿਆਂ ਨੂੰ ਆਜ਼ਾਦ ਕਰਾਉਣ ਲਈ ਸੋਵੀਅਤ ਹਕੂਮਤ ਬਣਾਈ ਗਈ ਹੈ। ਭਵਿੱਖ ਵਿਚ ਤੁਸੀਂ ਅਮਨ-ਚੈਨ ਨਾਲ ਰਹੋਗੇ। ਕੀ ਤੁਸੀਂ ਜਾਣਦੇ ਹੋ ਕਿ ਤੁਹਾਡੇ ਸੰਗੀ-ਸਾਥੀ ਕਿਰਤੀਆਂ ਦਾ ਦੁਨੀਆ ਦੇ ਹੋਰ ਹਿੱਸਿਆਂ ਵਿਚ ਇਸਲਾਮ ਦੇ ਸਭ ਤੋਂ ਵੱਡੇ ਵੈਰੀ ਅੰਗਰੇਜ਼ਾਂ ਵਲੋਂ ਬੇਰਹਿਮੀ ਨਾਲ ਗਲਾ ਘੁੱਟਿਆ ਜਾ ਰਿਹਾ ਹੈ? ਇਹ ਉਹੀ ਅੰਗਰੇਜ਼ ਹਕੂਮਤ ਹੈ ਜਿਸ ਨੇ ਹਿੰਦੁਸਤਾਨ ਦੇ 7 ਕਰੋੜ ਮੁਸਲਮਾਨਾਂ ਨੂੰ ਗ਼ੁਲਾਮ ਬਣਾਇਆ ਹੋਇਆ ਹੈ, ਜੋ ਮਿਸਰ ਉਪਰ ਬੰਦੂਕ ਤੇ ਤਲਵਾਰ ਦੇ ਜ਼ੋਰ ਰਾਜ ਕਰਦੀ ਹੈ, ਜਿਸ ਨੇ ਤਿਰਪੋਲੀ ਨੂੰ ਨੇਸਤੋ-ਨਾਬੂਦ ਕਰ ਦਿੱਤਾ ਹੈ ਅਤੇ ਤੁਰਕੀ ਦੀ ਸਲਤਨਤ ਟੁਕੜੇ ਟੁਕੜੇ ਕਰ ਦਿੱਤੀ ਹੈ।"

ਉਸ ਨੇ ਆਲੰਕਾਰਕ ਸ਼ੈਲੀ 'ਚ ਪੁੱਛਿਆ, ਫਿਰ ਸਰੋਤੇ ਇਸ ਬਾਰੇ ਕੀ ਕਰ ਸਕਦੇ ਸਨ? ਤਾਂ ਠੀਕ ਹੈ, ਸ਼ੁਰੂਆਤ ਵਜੋਂ ਹਿੰਦੁਸਤਾਨੀ ਸਿਪਾਹੀਆਂ ਨੂੰ ਆਪਣੇ ਨਾਲ ਜੋੜਿਆ ਜਾ ਸਕਦਾ

ਹੈ। ਉਸ ਨੇ ਇਨ੍ਹਾਂ ਨਾਅਰਿਆਂ ਨਾਲ ਆਪਣੀ ਗੱਲ ਮੁਕਾਈ: "ਕਿਰਤੀ ਜਮਾਤਾਂ ਜ਼ਿੰਦਾਬਾਦ! ਸੋਵੀਅਤ ਅਤੇ ਲੈਨਿਨ ਜ਼ਿੰਦਾਬਾਦ! ਇਸਲਾਮ ਅਤੇ ਇਸਲਾਮ ਦੇ ਸੱਚੇ ਪੈਰੋਕਾਰ ਜ਼ਿੰਦਾਬਾਦ!"[2]

ਜੰਗ ਦੇ ਸਮੇਂ ਜਰਮਨਾਂ, ਔਟੋਮਨਾਂ, ਸਰਬ-ਇਸਲਾਮਵਾਦੀਆਂ, ਗ਼ਦਰੀਆਂ ਅਤੇ ਹੋਰ ਵੰਨ-ਸੁਵੰਨੇ ਹਿੰਦੁਸਤਾਨੀ ਕੌਮੀ ਇਨਕਲਾਬੀਆਂ ਦਰਮਿਆਨ ਜਿਸ ਤਰ੍ਹਾਂ ਦੀ ਹਾਲਤ ਬਣੀ ਰਹੀ ਸੀ, ਜੰਗ ਤੋਂ ਪਿੱਛੋਂ ਬਾਲਸ਼ਵਿਕਾਂ ਅਤੇ ਸਰਬ-ਇਸਲਾਮਵਾਦੀਆਂ ਨੇ ਪੱਛਮੀ ਸਾਮਰਾਜਵਾਦ, ਖ਼ਾਸ ਕਰਕੇ ਇਸ ਦੇ ਸਭ ਤੋਂ ਵਿਕਸਤ ਰੂਪ ਬਰਤਾਨਵੀ ਸਰਮਾਏਦਾਰੀ ਦੇ ਖ਼ਿਲਾਫ਼ ਸੰਘਰਸ਼ ਵਿਚ ਇਕ ਦੂਜੇ ਨੂੰ ਅਹਿਮ ਸੰਗੀ ਟਿੱਕਿਆ। ਜਿਹੜੇ ਹਿੰਦੁਸਤਾਨੀ ਅਜੇ ਵੀ ਬਦੇਸ਼ਾਂ ਵਿਚ ਇਨਕਲਾਬੀ ਤਾਣੇਬਾਣੇ ਵਿਚ ਸ਼ਾਮਲ ਸਨ ਉਹ ਜ਼ਿਆਦਾ ਕਰਕੇ ਇਕ ਦੂਜੇ ਨਾਲ ਇਕ ਸਾਂਝੇ ਖੇਤਰ ਵਿਚ ਰਲਗੱਡ ਹੋਏ ਨਜ਼ਰ ਆਉਂਦੇ ਸਨ। ਜਿਸ ਦੇ ਅੰਦਰ ਦੋਵਾਂ ਪਾਸਿਆਂ ਦੀਆਂ ਕੁਝ ਸੁਮੇਲਵੀਆਂ ਤੰਦਾਂ ਇਕ ਦੂਜੇ ਨਾਲ ਅਭੇਦ ਹੋਈਆਂ ਜਾਪਦੀਆਂ ਸਨ।

"ਬਾਲਸ਼ਵਾਦ ਨਾਲ ਨਜਿੱਠਣ ਲਈ ਤਜਵੀਜ਼ ਕੀਤੇ ਰੱਖਿਆਤਮਕ ਉਪਾਵਾਂ" ਬਾਰੇ ਦਸੰਬਰ 1919 ਦੇ ਇਕ ਖ਼ੁਫ਼ੀਆ ਯਾਦ-ਪੱਤਰ ਨੇ ਇਹ ਨਿਰਣਾ ਪੇਸ਼ ਕੀਤਾ:

"ਇਸ ਵਿਚ ਸ਼ੱਕ ਦੀ ਕੋਈ ਗੁੰਜਾਇਸ਼ ਨਹੀਂ ਕਿ ਯੂਰਪ ਵਿਚ ਵੱਖੋ-ਵੱਖਰੀ ਤਰ੍ਹਾਂ ਦੀਆਂ ਦੁਸ਼ਮਣ ਏਜੰਸੀਆਂ -ਜਰਮਨ, ਕਪ, ਮਿਸਰੀ ਕਮੇਟੀ ਅਤੇ ਰਾਜਧ੍ਰੋਹੀ ਹਿੰਦੁਸਤਾਨੀ - ਸਾਡੇ ਖ਼ਿਲਾਫ਼ ਲਿਖਣ ਅਤੇ ਪੂਰਬ ਵਿਚ ਸਾਡੇ ਲਈ ਹਰ ਮੁਸ਼ਕਲ ਖੜ੍ਹੀ ਕਰਨ ਲਈ ਪੂਰੀ ਵਾਹ ਲਾ ਰਹੀਆਂ ਹਨ।

ਇਥੇ ਗੜਬੜ ਦੇ ਦੋ ਵੱਡੇ ਸਰੋਤ ਹਨ। ਇਕ ਹੈ ਇਸਲਾਮੀ ਭਾਵਨਾਵਾਂ ਨਾਲ ਖਿਲਵਾੜ ਕਰਨਾ। ਇਸ ਨੂੰ ਸਿਖ਼ਰ 'ਤੇ ਪਹੁੰਚਾਏ ਜਾਣ ਦੇ ਇਰਾਦੇ ਓਦੋਂ ਹੋ ਸਕਦੇ ਹਨ ਜਦੋਂ ਤੁਰਕੀ ਨੂੰ ਤੋੜਨ ਦਾ ਐਲਾਨ ਕੀਤਾ ਜਾਂਦਾ ਹੈ। ਦੂਜਾ ਹੈ ਬਾਲਸ਼ਵਾਦ। ਜੋ ਕੇਂਦਰੀ ਏਸ਼ੀਆ ਉਪਰ ਗ਼ਲਬਾ ਪਾਉਣ ਅਤੇ ਹਿੰਦੁਸਤਾਨ ਵਿਚ ਘੁਸਪੈਠ ਕਰਨ ਲਈ ਉਚੇਚੀ ਵਾਹ ਲਾ ਰਿਹਾ ਹੈ। ਇਸ ਦੀ ਫ਼ੌਜੀ ਹੋਣੀ ਹਾਲੇ ਬੇਯਕੀਨੀ ਹੈ, ਪਰ ਇਹ ਬਿਹਤਰ ਬਣਦੀ ਜਾ ਰਹੀ ਹੈ।"[3]

ਮੁਸਲਿਮ ਜਗਤ ਅਤੇ ਪੂਰਬ ਦੇ ਦੱਬੇ-ਕੁਚਲੇ ਲੋਕਾਂ ਦੇ ਇਤਫ਼ਾਕੀਆ ਭੂਗੋਲਿਕ ਮੇਲ ਨੇ ਵੀ ਲਫ਼ਾਜ਼ੀ ਦੀ ਸੁਰ-ਬਦਲੀ ਲਈ ਮੋਕਲੇ ਮੌਕੇ ਪੈਦਾ ਕੀਤੇ। ਇਸ "ਗੰਭੀਰ ਖ਼ਤਰੇ" ਦਾ ਸਾਰ ਪੇਸ਼ ਕਰਦੀ ਇਕ ਰਿਪੋਰਟ ਅਨੁਸਾਰ ਤੁਰਕਿਸਤਾਨ, ਬੁਖਾਰਾ, ਖੀਵਾ ਅਤੇ ਅਫ਼ਗਾਨਿਸਤਾਨ ਉਨ੍ਹਾਂ ਦੇ ਪ੍ਰਭਾਵ ਖੇਤਰ ਅਤੇ ਨਾਲ ਲੱਗਦੀਆਂ ਰਿਆਸਤਾਂ ਵਿਚ ਪ੍ਰਚਾਰ ਸਮੱਗਰੀ ਭੇਜਣ ਦੇ ਲਾਂਘਿਆਂ ਦਾ ਕੰਮ ਕਰਦੇ ਹਨ। ਇਸ ਅਨੁਸਾਰ ਹਿੰਦੁਸਤਾਨ ਉਪਰ ਕੇਂਦਰਤ ਕੀਤੀ ਪੂਰਬ ਲਈ ਸੋਵੀਅਤ ਨੀਤੀ ਅੰਗਰੇਜ਼ ਵਿਰੋਧੀ ਯੁੱਧਨੀਤੀ ਦਾ ਧੁਰਾ ਸੀ।[4] ਕੇਂਦਰੀ ਏਸ਼ੀਆ/ਕਾਕੇਸ਼ੀਆ ਪਾਰ ਦਾ ਖੇਤਰ ਔਟੋਮਨ ਸਲਤਨਤ ਦੀਆਂ ਹੱਦਾਂ ਦੇ ਇਰਦ-ਗਿਰਦ ਚੱਲ ਰਹੀ ਤਾਕਤਾਂ ਦੇ ਤੋਲ ਦੀ ਸਿਆਸਤ ਦੀ ਅਮੁੱਕ ਮਹਾਂ ਖੇਡ ਅੰਦਰ ਰੂਸੀ ਅਤੇ ਬਰਤਾਨਵੀ ਯੁੱਧਨੀਤੀ ਲਈ ਲੰਮੇ ਸਮੇਂ ਤੋਂ ਅਹਿਮ ਬਣਿਆ ਹੋਇਆ ਸੀ।[5]

1920 ਦੀ ਬਾਕੂ ਕਾਨਫਰੰਸ ਨੂੰ ਤੀਜੀ ਕੌਮਾਂਤਰੀ ਦੀ ਦੂਜੀ ਕਾਂਗਰਸ ਦੀ ਲਗਾਤਾਰਤਾ ਵਜੋਂ ਜ਼ੋਰ-ਸ਼ੋਰ ਨਾਲ ਪ੍ਰਚਾਰਿਆ ਗਿਆ। ਜਿਸ ਵਿਚ ਲੈਨਿਨ ਅਤੇ ਰਾਏ ਦਰਮਿਆਨ ਮਸ਼ਹੂਰ ਸੰਵਾਦ ਅੰਦਰ ਕੌਮੀ-ਬਸਤੀਵਾਦੀ ਸਵਾਲ ਨੂੰ ਵਿਸਤਾਰਤ ਰੂਪ ਦਿੱਤਾ ਗਿਆ। ਪੂਰੇ ਪੱਛਮੀ, ਕੇਂਦਰੀ, ਦੱਖਣੀ ਅਤੇ ਪੂਰਬੀ ਏਸ਼ੀਆ ਤੋਂ ਡੈਲੀਗੇਟ ਇਸ "ਮੋਹਰੀ" ਤੇਲ-ਸੋਧਕ ਕੇਂਦਰ ਵਿਚ ਹੋਏ ਵਿਸ਼ਾਲ ਇਕੱਠ ਵਿਚ ਜੁੜੇ, ਜਿਥੇ ਅਜੇ ਕੁਝ ਮਹੀਨੇ ਪਹਿਲਾਂ ਹੀ ਬਹੁਗਿਣਤੀ ਮੁਸਲਿਮ ਸਨਅਤੀ ਕਿਰਤ-ਸ਼ਕਤੀ ਨੇ ਨਵੇਂ ਅਜ਼ਰਬਾਈਜਾਨ ਸੋਵੀਅਤ ਸਮਾਜਵਾਦੀ ਗਣਰਾਜ ਦਾ

ਐਲਾਨ ਕੀਤਾ ਸੀ। ਇਸ ਲਾਮਬੰਦੀ ਦੇ ਅਮਲ ਦੌਰਾਨ, ਸੋਵੀਅਤ ਲਫ਼ਾਜ਼ੀ ਨੇ ਜ਼ਾਹਰਾ ਤੌਰ 'ਤੇ ਮੁਸਲਮਾਨਾਂ ਨੂੰ ਇਸੇ ਰੂਪ 'ਚ ਸੰਸਾਰ ਇਨਕਲਾਬ ਵਿਚ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ।

ਤਾਸ਼ਕੰਦ ਤੋਂ ਨਿਰਦੇਸ਼ਤ "ਏਸ਼ੀਆ ਦੀ ਮੁਕਤੀ" ਵਿਚ ਦੂਜਾ ਦਾਅਪੇਚਕ ਹਿੱਸਾ ਜ਼ਿਕਰ ਹੇਠਲੀਆਂ ਏਸ਼ੀਆਈ ਕੌਮਾਂ ਦੇ ਫ਼ੌਜੀ ਅਤੇ ਸਿਆਸੀ ਕਾਡਰਾਂ ਦੀ ਸਿਖਲਾਈ ਸੀ। ਜਿਸ ਵਿਚ ਲਾਲ ਫ਼ੌਜ ਦੀ ਇਕ ਅਨਿਯਮਤ ਸਹਾਇਕ ਤਾਕਤ ਵਜੋਂ ਇਕ ਕੌਮਾਂਤਰੀ ਬ੍ਰਿਗੇਡ ਦੀ ਸੋਚ ਵੀ ਸ਼ਾਮਲ ਸੀ। ਇਸ ਵਿਚ ਹਿੰਦੁਸਤਾਨੀ ਅੰਗਰੇਜ਼ ਫ਼ੌਜ ਨੂੰ ਛੱਡਣ ਵਾਲਿਆਂ ਤੇ ਇਰਾਨੀ ਇਨਕਲਾਬੀਆਂ ਅਤੇ ਨਾਲ ਹੀ ਰੂਸੀ ਕਮਿਊਨਿਸਟਾਂ ਨੂੰ ਸ਼ਾਮਲ ਕੀਤਾ ਜਾਣਾ ਸੀ। ਇਨ੍ਹਾਂ ਨੇ ਹਿੰਦੁਸਤਾਨੀ ਅੰਗਰੇਜ਼ ਫ਼ੌਜ ਨੂੰ ਨਿਰਪੱਖ ਕਰਨ ਜਾਂ ਇਸ ਵਿਚ ਗ਼ਦਰ ਕਰਾਉਣ ਦਾ ਹਰ ਮੌਕਾ ਤਾੜਦੇ ਹੋਏ, ਜਦਕਿ ਉਤਰ-ਪੱਛਮੀ ਸਰਹੱਦੀ ਕਬੀਲਿਆਂ ਨੂੰ ਅੰਗਰੇਜ਼ ਦੇ ਖ਼ਿਲਾਫ਼ ਬਾਗ਼ੀ ਕਰਨ ਲਈ ਮਾਇਕ ਸਹਾਇਤਾ ਦਿੰਦੇ ਹੋਏ ਹਰ ਮੌਕੇ ਦਾ ਲਾਹਾ ਲੈਣਾ ਸੀ। ਇਥੇ ਇਕ ਉਘੜਵੀਂ ਲਗਾਤਾਰਤਾ 1914 ਵਿਚ ਕੀਤੇ ਗ਼ਦਰ, ਬਰਲਿਨ ਇੰਡੀਆ ਕਮੇਟੀ ਅਤੇ 1915 'ਚ ਆਰਜ਼ੀ ਹਕੂਮਤ-ਏ-ਹਿੰਦ, 1919 'ਚ ਖ਼ਿਲਾਫ਼ਤ ਲਹਿਰ ਅਤੇ 1920 'ਚ ਕਮਿੰਤਰਨ ਵਲੋਂ ਅਖ਼ਤਿਆਰ ਕੀਤੀ ਯੁੱਧਨੀਤੀ ਤੇ ਦਾਅਪੇਚਾਂ ਦਾ ਸਬੰਧ ਜੋੜਦੀ ਹੈ। ਇਹ ਉਹ ਸੰਯੋਗ ਸੀ ਜਿਥੇ ਐੱਮ.ਐੱਨ.ਰਾਇ ਅਤੇ ਸੋਵੀਅਤਾਂ ਨੇ *ਮੁਹਾਜਿਰੀਨ* - "ਜਲਾਵਤਨ ਕੀਤਿਆਂ" ਜਾਂ "ਪਰਵਾਸੀਆਂ" - ਨੂੰ ਉਸੇ ਤਰ੍ਹਾਂ ਆਦਰਸ਼ ਰੰਗਰੂਟ ਟਿੱਕਿਆ, ਜਿਵੇਂ ਹੋਰ ਨਜ਼ਰਾਂ ਨੂੰ ਕੈਲੀਫੋਰਨੀਆ ਵਿਚਲੇ ਸਿੱਖ ਬੇਚੈਨ ਅਤੇ ਲਾਮਬੰਦ ਕੀਤਾ ਜਾ ਸਕਣ ਵਾਲਾ ਸਮੂਹ ਨਜ਼ਰ ਆਏ ਸਨ।

ਵਾਇਸਰਾਏ ਤਾਂ ਫ਼ੌਜੀ ਵਿਭਾਗ ਕੋਲ ਪਹਿਲਾਂ ਹੀ "ਏਸ਼ੀਆ ਦੀ ਆਜ਼ਾਦੀ ਲਈ ਬਾਲਸ਼ਵਿਕ-ਸਰਬ-ਇਸਲਾਮਵਾਦੀ ਸਾਂਝੇ ਪ੍ਰੋਗਰਾਮ" ਬਾਰੇ ਆਪਣੇ ਤੌਖਲੇ ਜ਼ਾਹਿਰ ਕਰ ਚੁੱਕਾ ਸੀ। ਉਸ ਨੇ ਸ਼ਿਮਲਾ ਸਥਿਤ ਆਪਣੇ ਚੀਫ਼ ਆਫ ਜਨਰਲ ਸਟਾਫ਼ ਵਲੋਂ ਫ਼ੌਜ ਦੇ ਖੁਫ਼ੀਆ ਮਹਿਕਮੇ ਨੂੰ ਦਿੱਤੀ ਚੇਤਾਵਨੀ ਦੁਹਰਾਈ ਸੀ ਕਿ "ਹਰ ਚੀਜ਼ ਸਰਬ-ਇਸਲਾਮ ਅਤੇ ਬਾਲਸ਼ਵਿਕਾਂ ਦਰਮਿਆਨ ਇਕ ਗੱਠਜੋੜ ਵੱਲ ਇਸ਼ਾਰਾ ਕਰਦੀ ਹੈ।" ਅੱਗੇ ਇਸ ਦੀ ਖ਼ਾਸਾ-ਬਿਆਨੀ "ਏਸ਼ੀਆ ਦੇ ਅਮਨ ਲਈ ਖ਼ਤਰਨਾਕ ਲਹਿਰ" ਵਜੋਂ ਕੀਤੀ ਗਈ।[6] (ਜ਼ਾਹਿਰ ਸੀ ਕਿ ਅੰਗਰੇਜ਼ ਸਲਤਨਤ ਦੇ ਖੇਤਰਾਂ ਅੰਦਰ ਅਮਨ ਅਤੇ ਆਜ਼ਾਦੀ ਐਨ ਉਲਟੇ ਪੱਖ ਸਨ।) ਜਦਕਿ, ਵਿਸ਼ਲੇਸ਼ਣਕਾਰਾਂ ਨੇ ਪੇਸ਼ੀਨਗੋਈ ਕੀਤੀ ਕਿ ਜੇ ਬਾਲਸ਼ਵਾਦ ਹਿੰਦੁਸਤਾਨ ਵਿਚ ਪ੍ਰਗਟ ਹੋਇਆ ਤਾਂ ਇਹ "ਉਨ੍ਹਾਂ ਖ਼ਾਸ ਮੱਤਾਂ ਦਾ ਪ੍ਰਚਾਰ ਨਹੀਂ ਕਰੇਗਾ ਜੋ ਯੂਰਪ ਵਿਚ ਇਸ ਨਾਲ ਜੁੜੇ ਹੋਏ ਹਨ।" ਇਸ ਦੀ ਥਾਂ "ਇਸ ਦੇ ਆਪਣਾ ਮੁਹਾਂਦਰਾ ਬਦਲ ਲੈਣ ਅਤੇ ਇਸ ਨੂੰ ਬੇਚੈਨੀ ਜਾਂ ਗੜਬੜ ਕਰਾਉਣ ਵਾਲੀਆਂ ਜੋ ਵੀ ਤਾਕਤਾਂ ਮਿਲਣਗੀਆਂ ਉਨ੍ਹਾਂ ਨਾਲ ਗੱਠਜੋੜ ਬਣਾਉਣ ਦੀ ਸੰਭਾਵਨਾ ਵਧੇਰੇ ਹੋਵੇਗੀ," ਅਤੇ ਖ਼ਾਸ ਕਰਕੇ ਸਰਬ-ਇਸਲਾਮਵਾਦ ਨਾਲ ਜੋ ਓਦੋਂ ਤੁਰਕੀ ਨੂੰ ਟੁਕੜੇ ਟੁਕੜੇ ਕੀਤੇ ਜਾਣ ਦੇ ਪ੍ਰਤੀਕਰਮ ਵਜੋਂ "ਮੁਸਲਮਾਨਾਂ ਦੀਆਂ ਭਾਵਨਾਵਾਂ ਨੂੰ ਹਕੂਮਤ ਦੇ ਖ਼ਿਲਾਫ਼ ਭੜਕਾਉਣ ਲਈ ਕੰਮ ਕਰ ਰਿਹਾ ਸੀ।"[7]

ਦੂਜੇ ਪਾਸਿਓਂ, ਏਸ਼ੀਆਈ ਕੌਮੀ ਮੁਕਤੀ ਲਹਿਰਾਂ ਦੀ ਤਰ੍ਹਾਂ ਸਰਬ-ਇਸਲਾਮਵਾਦ ਨੂੰ ਉਸ ਮੌਕਾਮੇਲ ਉਪਰ ਬਾਹਰਮੁਖੀ ਤੌਰ 'ਤੇ ਇਕ ਇਨਕਲਾਬੀ ਤਾਕਤ ਵਜੋਂ ਦੇਖਿਆ ਗਿਆ ਸੀ ਜੋ ਪੱਛਮੀ ਤਾਕਤਾਂ ਉਪਰ ਸੱਟ ਮਾਰਨ ਦੀ ਸਥਿਤੀ 'ਚ ਸੀ। ਜਿਵੇਂ ਰਾਇ ਨੇ ਚੇਤੇ ਕੀਤਾ,

"ਮਾਸਕੋ 'ਚ ਰਿਪੋਰਟਾਂ ਪੁੱਜੀਆਂ ਸਨ ਕਿ ਖ਼ਿਲਾਫ਼ਤ ਕਮੇਟੀ ਦੇ ਸੱਦੇ ਨੂੰ ਹੁੰਗਾਰਾ ਭਰਦਿਆਂ ਬਹੁਤ ਸਾਰੇ ਪੜ੍ਹੇ-ਲਿਖੇ ਚੋਬਰਾਂ ਸਮੇਤ ਹਜ਼ਾਰਾਂ ਮੁਸਲਮਾਨ ਕੇਮਾਲ ਪਾਸ਼ਾ ਦੀ ਫ਼ੌਜ 'ਚ ਸ਼ਾਮਲ

ਹੋਣ ਲਈ ਹਿੰਦੁਸਤਾਨ ਛੱਡਕੇ ਤੁਰਕੀ ਜਾ ਰਹੇ ਸਨ। ਇਹ ਧਾਰਮਿਕ ਸਰਬ-ਇਸਲਾਮਵਾਦੀ ਲਹਿਰ ਸੀ। ਪਰ ਇਸ ਨੇ ਮੈਨੂੰ ਵੱਡੀ ਤਾਦਾਦ 'ਚ ਫ਼ੌਜ ਦੇ ਸੰਭਵ ਰੰਗਰੂਟਾਂ ਨਾਲ ਰਾਬਤਾ ਬਣਾਉਣ ਦਾ ਮੌਕਾ ਦਿੱਤਾ ਜੋ ਇਕ ਹਾਰੇ ਹੋਏ ਕਾਜ ਦੀ ਥਾਂ ਹਿੰਦੁਸਤਾਨ ਦੀ ਮੁਕਤੀ ਲਈ ਲੜਾਈ ਲੜਨਗੇ।"[8]

ਇਹ ਹਾਰ ਚੁੱਕਾ ਕਾਜ ਇਸ ਕਾਰਨ ਸੀ, ਕਿਉਂਕਿ ਨਾ ਤਾਂ ਕੇਮਾਲ ਪਾਸ਼ਾ ਔਟੋਮਨ ਸਲਤਨਤ ਨੂੰ ਮੁੜ-ਕਾਇਮ ਕਰਨ ਤੇ ਖ਼ਲੀਫ਼ਾ ਦੀ ਪਿੱਠ ਪੂਰਨ ਦੀ ਲੜ ਰਿਹਾ ਸੀ ਸਗੋਂ ਅਸਲ ਵਿਚ ਉਹ ਤੁਰਕੀ ਦਾ ਧਰਮ-ਨਿਰਪੱਖ ਜਮਹੂਰੀ ਗਣਰਾਜੀ ਕੌਮੀ-ਰਾਜ ਉਸਾਰਨ ਲਈ ਲੜ ਰਿਹਾ ਸੀ - ਰੂਹਾਨੀ ਤੇ ਦੁਨਿਆਵੀ ਇਹ ਦੋਵੇਂ ਸੱਤਾ ਛੇਤੀ ਹੀ ਖ਼ਤਮ ਹੋ ਜਾਣੀਆਂ ਸਨ।

ਹਿੰਦੁਸਤਾਨ ਦੇ ਸਿਰ ਉਪਰ ਮੰਡਲਾ ਰਹੇ ਲਾਲ ਖ਼ਤਰੇ ਬਾਰੇ 1919 ਦੀ ਇਕ ਹੋਰ ਰਿਪੋਰਟ ਨੇ *ਇੰਡੀਪੈਂਡੈਂਸ* ਨਾਂ ਦੇ ਇਕ ਅਖ਼ਬਾਰ ਦਾ ਹਵਾਲਾ ਦਿੱਤਾ, ਜਿਸ ਦਾ ਮਾਲਕ ਹਿੰਦੂ ਸੀ ਤੇ ਸੰਪਾਦਨ ਦਾ ਕੰਮ ਇਕ ਮੁਸਲਮਾਨ ਕਰਦਾ ਸੀ। ਜਿਸ ਨੇ ਬਾਲਸ਼ਵਿਕ ਪੱਖੀ ਲਿਖਤਾਂ ਛਾਪਦੇ ਹੋਏ ਵੀ ਸਰਬ-ਇਸਲਾਮਵਾਦੀ ਮਾਮਲਿਆਂ ਬਾਰੇ ਬਹੁਤ ਕੁਝ ਲਿਖਿਆ ਸੀ।[9] ਲਖਨਊ ਦੇ ਇਕ ਉਰਦੂ-ਅਰਬੀ *ਪਰਚੇ ਅਲਬਿਯਾਂ* ਵਿਚ "ਇੰਗਲੈਂਡ ਤੋਂ ਇਕ ਜਾਣੇ-ਪਛਾਣੇ ਹਿੰਦੁਸਤਾਨੀ ਸਰਬ-ਇਸਲਾਮਵਾਦੀ ਦਾ ਇਕ 'ਇਤਰਾਜ਼ਯੋਗ' ਲੇਖ ਛਪਿਆ ਜਿਸ ਵਿਚ ਕਿਹਾ ਗਿਆ ਕਿ 'ਇਕ ਮਿੱਤਰ ਤਾਕਤ, ਬਾਲਸ਼ਵਿਕਾਂ, ਦੀ ਨੇੜਤਾ ਕਾਰਨ ਆਜ਼ਾਦੀ ਦੀਆਂ ਸੰਭਾਵਨਾਵਾਂ ਮਿਸਰ ਨਾਲੋਂ ਹਿੰਦੁਸਤਾਨ ਵਿਚ ਬਿਹਤਰ ਹਨ।'"[10] ਮਈ 1920 'ਚ ਬੰਬਈ ਵਿਚ ਖ਼ਿਲਾਫ਼ਤ ਦੇ ਸੰਮੇਲਨ ਵਿਖੇ ਇਸ ਤਰ੍ਹਾਂ ਦਾ ਮਤਾ ਪਾਸ ਕੀਤਾ ਗਿਆ ਕਿ ਹਾਜ਼ਰੀਨ ਦੀ "ਹਰ ਹਮਦਰਦੀ ਉੱਥੋਂ ਤੱਕ ਹੀ ਬਾਲਸ਼ਵਿਕ ਲਹਿਰ ਨਾਲ ਹੈ ਜਿੱਥੋਂ ਤੱਕ ਇਹ ਲਹਿਰ ਇਸਲਾਮਿਕ ਅਸੂਲਾਂ ਨਾਲ ਮੇਲ ਖਾਂਦੀ ਹੈ।"[11] ਪਰ ਭਾਵੇਂ ਸੰਮੇਲਨ ਦੇ ਜ਼ਿਆਦਾਤਰ ਡੈਲੀਗੇਟਾਂ ਨੇ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਬਾਲਸ਼ਵਾਦ ਨੂੰ ਹਥਿਆਰ ਵਜੋਂ ਇਸਤੇਮਾਲ ਕਰਨ ਦਾ ਪੱਖ ਲਿਆ, ਪਰ ਉਨ੍ਹਾਂ ਨੇ ਸੰਮੇਲਨ ਦੇ ਬੁਲਾਰੇ ਮੌਲਵੀ ਮੁਹੰਮਦ ਫ਼ਕੀਰ ਵਲੋਂ ਸੁਝਾਏ ਵਧੀਕ ਮਤੇ ਨੂੰ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਕਿ ਕਿਉਂਕਿ ਅੰਗਰੇਜ਼ ਪ੍ਰੈੱਸ ਵਲੋਂ ਲੈਨਿਨ ਦੀ ਤੁਲਨਾ ਪੈਗੰਬਰ ਮੁਹੰਮਦ ਨਾਲ ਕੀਤੀ ਜਾ ਰਹੀ ਹੈ ਇਸ ਕਾਰਨ, "ਮੁਸਲਮਾਨਾਂ ਨੂੰ ਹਿੰਦੁਸਤਾਨ ਜਾਂ ਬਾਕੀ ਏਸ਼ੀਆ ਵਿਚ ਬਾਲਸ਼ਵਾਦ ਦਾ ਵਿਰੋਧ ਨਹੀਂ ਕਰਨਾ ਚਾਹੀਦਾ।"[12]

ਬਰਕਤਉੱਲਾ ਓਨੀ ਦੋਚਿੱਤੀ 'ਚ ਨਹੀਂ ਸੀ। *ਬਾਲਸ਼ਵਾਦ ਅਤੇ ਰਾਜ ਸਿਆਸਤ* ਨਾਂ ਦਾ ਜੋ ਕਿਤਾਬਚਾ ਪੂਰੇ ਹਿੰਦੁਸਤਾਨ ਤੇ ਕੇਂਦਰੀ ਏਸ਼ੀਆ ਵਿਚ ਵੰਡਿਆ ਗਿਆ ਸੀ ਉਸ ਵਿਚ ਉਸ ਨੇ ਲਿਖਿਆ: "ਮੁਸਲਮਾਨੋ, ਇਹ ਅਲਾਹੀ ਪੁਕਾਰ ਸੁਣੋ। ਮੁਕਤੀ, ਬਰਾਬਰੀ ਅਤੇ ਭਰੱਪਣ ਦੇ ਇਸ ਹੋਕੇ ਨੂੰ ਹੁੰਗਾਰਾ ਦਿਓ ਜੋ ਸਾਥੀ ਲੈਨਿਨ ਅਤੇ ਸੋਵੀਅਤ ਹਕੂਮਤ ਤੁਹਾਨੂੰ ਦੇ ਰਹੇ ਹਨ।" ਆਪਣੇ ਆਪ ਨੂੰ "ਏਸ਼ੀਆ ਵਿਚ ਯੂਰਪੀ ਸਰਮਾਏਦਾਰੀ, ਜਿਸ ਦਾ ਮੁੱਖ ਨੁਮਾਇੰਦਾ ਅੰਗਰੇਜ਼ ਹੈ ਦਾ ਅਮੋੜ ਵੈਰੀ" ਦੱਸਦਿਆਂ ਉਸ ਨੇ ਅੱਗੇ ਕਿਹਾ ਕਿ "ਹਿੰਦੁਸਤਾਨ ਵਿਚ ਇਨਕਲਾਬ ਦੀਆਂ ਉਹੀ ਪੂਰਵ-ਸ਼ਰਤਾਂ ਪੈਦਾ ਹੋ ਚੁੱਕੀਆਂ ਹਨ ਜੋ 1917 'ਚ ਰੂਸ ਵਿਚ ਮੌਜੂਦ ਸਨ।"[13]

ਇੱਥੋਂ ਤੱਕ ਕਿ ਖੇਰੀ ਭਰਾ, ਅਬਦੁੱਲ ਜੱਬਰ ਅਤੇ ਅਬਦੁਲ ਸਤਾਰ, ਵੀ ਨਵੰਬਰ 1918 'ਚ ਮਾਸਕੋ ਜਾ ਕੇ ਸਮਾਜਵਾਦ ਨਾਲ ਸਮਝੌਤਾ ਕਰਨ ਵੱਲ ਵਧ ਰਹੇ ਸਨ।[14] ਖੁਫ਼ੀਆ ਵਿਭਾਗ ਨੇ ਰੂਸੀ ਵਾਇਰਲੈੱਸ ਸੰਦੇਸ਼ਾਂ ਬਾਰੇ ਇਤਲਾਹ ਦਿੱਤੀ: "ਦਿੱਲੀ ਤੋਂ ਹਿੰਦੁਸਤਾਨੀ ਮੁਸਲਮਾਨਾਂ ਦੇ ਇਹ ਦੋ ਨੁਮਾਇੰਦੇ ਅਤੇ ਵਿਦਵਾਨ.... ਇਥੇ ਆਏ ਅਤੇ ਸਾਡੇ ਆਗੂ ਲੈਨਿਨ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਹਿੰਦੁਸਤਾਨ ਅਤੇ ਪੂਰਬ ਬਾਬਤ ਉਸ ਨੂੰ ਕਈ ਚੀਜ਼ਾਂ ਬਿਆਨ ਕੀਤੀਆਂ।"

ਦੋਵਾਂ ਨੇ ਸੋਵੀਅਤ ਕੇਂਦਰੀ ਕਮੇਟੀ ਅੱਗੇ ਇਕ ਤਕਰੀਰ ਵੀ ਕੀਤੀ ਜਿਸ ਵਿਚ ਉਨ੍ਹਾਂ ਨੇ ਹਿੰਦੁਸਤਾਨ ਵਿਚ ਅੰਗਰੇਜ਼ ਰਾਜ ਦੀ ਨਿਖੇਧੀ ਕੀਤੀ, ਜਿਸ ਦਾ ਮੁਕਾਬਲਾ ਉਨ੍ਹਾਂ ਨੇ ਰੂਸ ਦੇ ਇਨਕਲਾਬ ਤੋਂ ਪਹਿਲੇ ਜ਼ਾਰਸ਼ਾਹੀ ਨਿਜ਼ਾਮ ਨਾਲ ਕੀਤਾ, ਅਤੇ ਆਪਣੇ ਆਜ਼ਾਦੀ ਸੰਗਰਾਮ ਵਿਚ ਰੂਸ ਦੀ ਦੋਸਤਾਨਾ ਹਮਾਇਤ ਦੀ ਮੰਗ ਕੀਤੀ। ਕੇ.ਐੱਚ. ਅੰਸਾਰੀ ਲਿਖਦਾ ਹੈ ਕਿ ਉਨ੍ਹਾਂ ਨੇ ਇਹ ਐਲਾਨ ਕਰਦਿਆਂ "ਮਾਰਕਸਵਾਦੀ ਵਿਸ਼ੇ ਬਾਰੇ ਆਪਣੀ ਕੁਝ ਸਮਝ ਵੀ ਜ਼ਾਹਿਰ ਕੀਤੀ" ਕਿ ਸੁਤੇ ਸਿੱਧ ਹੀ ਹਿੰਦੁਸਤਾਨੀ ਅਵਾਮ ਦਾ ਅਸਲ ਦੁਸ਼ਮਣ ਅੰਗਰੇਜ਼ ਨਹੀਂ ਸਗੋਂ ਅੰਗਰੇਜ਼ ਸਾਮਰਾਜਵਾਦ ਹੈ, ਜੋ ਮਹਿਜ਼ ਹਿੰਦੁਸਤਾਨੀਆਂ ਦਾ ਹੀ ਨਹੀਂ ਸਗੋਂ ਅੰਗਰੇਜ਼ ਮਜ਼ਦੂਰ ਜਮਾਤ ਦਾ ਵੀ ਦੁਸ਼ਮਣ ਹੈ; ਅਤੇ ਕਿ "ਕੁਲ ਦੱਬੇ-ਕੁਚਲੇ ਅਵਾਮ ਦੇ ਸਾਂਝੇ ਯਤਨਾਂ ਨਾਲ ਹੀ ਧਰਤੀ ਉਪਰ ਨਿਆਂ, ਆਜ਼ਾਦੀ ਅਤੇ ਸਮਾਜਵਾਦ ਕਾਇਮ ਹੋਵੇਗਾ।"[15] ਉਨ੍ਹਾਂ ਦੀ ਤਕਰੀਰ ਨੂੰ ਪੁਰਜੋਸ਼ ਅਤੇ ਸਾਰਥਕ ਹੁੰਗਾਰਾ ਮਿਲਿਆ।

ਅਪ੍ਰੈਲ 1919 'ਚ ਦੋਵੇਂ ਹਿੰਦੁਸਤਾਨੀਆਂ, "ਜੋ ਸਾਢੇ ਬੱਤੀ ਕਰੋੜ ਹਿੰਦੁਸਤਾਨੀਆਂ ਦੀ ਨੁਮਾਇੰਦਗੀ ਦਾ ਦਾਅਵਾ ਕਰਦੇ ਸਨ," ਨੇ ਕੁਲ ਰੂਸੀ ਕੇਂਦਰੀ ਕਾਰਜਕਾਰੀ ਕਮੇਟੀ ਅੱਗੇ ਇਸੇ ਸੁਰ 'ਚ ਇਕ ਪਰਚਾ ਪੜ੍ਹਿਆ:

"ਰੂਸੀ ਇਨਕਲਾਬ ਦੇ ਆਗੂ ਸਾਥੀਓ ਤੇ ਦੋਸਤੋ। ਮੈਨੂੰ ਹਿੰਦੁਸਤਾਨੀ ਅਵਾਮ ਅਤੇ ਸੱਤ ਕਰੋੜ ਹਿੰਦੁਸਤਾਨੀ ਮੁਸਲਮਾਨਾਂ ਵਲੋਂ ਤੁਹਾਨੂੰ ਸ਼ੁਭ-ਕਾਮਨਾਵਾਂ ਪਹੁੰਚਾਉਣ ਦੀ ਜ਼ਾਤੀ ਖ਼ੁਸ਼ੀ ਦਾ ਮੌਕਾ ਦੇਣ ਲਈ ਸ਼ੁਕਰਾਨਾ ਕਹਿਣ ਦੀ ਇਜਾਜ਼ਤ ਦਿਓ। ਮੈਨੂੰ ਰੂਸੀ ਅਵਾਮ ਅਤੇ ਤੁਹਾਡੇ ਰੂਸੀ ਇਨਕਲਾਬ ਲਈ ਸ਼ੁਭ-ਕਾਮਨਾਵਾਂ ਦੇਣ ਦੀ ਇਜਾਜ਼ਤ ਦਿਓ ਜਿਸ ਨੇ ਸਾਡੇ ਵਿਚ ਨਵੀਂਆਂ ਉਮੀਦਾਂ ਜਗਾਈਆਂ ਹਨ ਅਤੇ ਸਾਨੂੰ ਲੜਾਈ ਦਾ ਨਵਾਂ ਰਸਤਾ ਦਿਖਾਇਆ ਹੈ।"

ਫਿਰ ਉਨ੍ਹਾਂ ਨੇ ਮਜ਼ਦੂਰਾਂ ਅਤੇ ਕਿਸਾਨਾਂ ਦੀ ਹਾਲਤ, ਸਮੇਤ ਉਨ੍ਹਾਂ ਦੇ ਜੋ ਹਿੰਦੁਸਤਾਨ ਦੇ ਬਾਸ਼ਿੰਦੇ ਹਨ ਅਤੇ ਉਹ "ਜੋ ਕਿਸੇ ਵਜ੍ਹਾ ਨਾਲ ਅੰਗਰੇਜ਼ ਬਸਤੀਆਂ ਵਿਚ ਭੇਜ ਦਿੱਤੇ ਗਏ," ਦੇ ਖ਼ਾਸ ਹਵਾਲੇ ਨਾਲ "ਅੰਗਰੇਜ਼ਾਂ ਦੀ ਸਾਮਰਾਜਵਾਦੀ ਅਤੇ ਸਰਮਾਏਦਾਰਾ ਨੀਤੀ" ਦੇ ਸਿੱਟੇ ਵਜੋਂ ਤਬਾਹੀ ਦੇ ਕੁਝ ਹਾਲਾਤ ਬਿਆਨ ਕੀਤੇ। ਉਨ੍ਹਾਂ ਨੇ ਕਿਹਾ, ਪਰ ਰੂਸੀ ਇਨਕਲਾਬ ਵਲੋਂ "'ਅਵਾਮ ਦੇ ਸਵੈ-ਨਿਰਣੇ' ਦਾ ਜੰਗੀ ਨਾਅਰਾ" ਦਿੱਤੇ ਜਾਣ ਨਾਲ "ਹਿੰਦੁਸਤਾਨੀ ਅਵਾਮ ਦੀ ਜ਼ਿਹਨੀਅਤ ਉਪਰ "ਜ਼ਬਰਦਸਤ ਪ੍ਰਭਾਵ ਪਿਆ।" ਨਿਚੋੜ ਵਜੋਂ ਉਨ੍ਹਾਂ ਨੇ ਐਲਾਨ ਕੀਤਾ:

"ਜਦੋਂ ਤਕ ਸਾਮਰਾਜਵਾਦੀ ਅਤੇ ਸਰਮਾਏਦਾਰਾ ਇੰਗਲੈਂਡ ਤਾਕਤਵਰ ਹੈ ਆਮ ਆਜ਼ਾਦੀ ਨੂੰ ਖ਼ਤਰਾ ਬਣਿਆ ਰਹੇਗਾ। ਅਤੇ ਉਸ ਦੀ ਤਾਕਤ ਉਸ ਦੇ ਹਿੰਦੁਸਤਾਨ ਉਪਰ ਕਬਜ਼ੇ ਅਤੇ ਉਨ੍ਹਾਂ ਮੁਨਾਫ਼ਿਆਂ ਉਪਰ ਟਿਕੀ ਹੋਈ ਹੈ ਜੋ ਉਹ ਹਿੰਦੁਸਤਾਨ ਦੀ ਗ਼ੁਲਾਮ ਆਬਾਦੀ ਅਤੇ ਸਨਅਤ ਤੋਂ ਬਟੋਰਦਾ ਹੈ .... ਸਾਨੂੰ ਉਮੀਦ ਹੈ ਕਿ ਬੇੜੀਆਂ ਕੱਟਕੇ ਆਜ਼ਾਦ ਹੋ ਚੁੱਕੇ ਮਹਾਨ ਰੂਸੀ ਭਰਾ ਹਿੰਦੁਸਤਾਨ ਅਤੇ ਦੁਨੀਆ ਨੂੰ ਆਜ਼ਾਦ ਕਰਾਉਣ ਲਈ ਸਾਡੇ ਵੱਲ ਹੱਥ ਵਧਾਉਣਗੇ।"[16]

ਫਰਵਰੀ 1920 ਦੀ ਰਿਪੋਰਟ ਨੇ ਆਪਣੇ "ਇਸਲਾਮ ਦੀ ਬਗ਼ਾਵਤ" ਅਤੇ "ਚਾਲ ਵਿਚ ਲੈਨਿਨ ਦਾ ਹੱਥ" ਸਿਰਲੇਖਾਂ ਵਾਲੇ ਹਿੱਸਿਆਂ ਵਿਚ ਅਜਿਹੇ ਮੇਲਜੋਲ ਦੇ ਖ਼ਤਰਿਆਂ ਦਾ ਖ਼ਾਕਾ ਦਿੱਤਾ। ਸ਼ਾਇਦ ਕਿਸੇ ਨੇ ਇਹ ਸੋਚ ਲਿਆ ਗਿਆ ਹੋਵੇ ਕਿ ਸਾਡੀ ਮਹਾਂ ਜੰਗੀ ਫ਼ਤਹਿ ਨੇ ਉਨ੍ਹਾਂ ਨੂੰ ਖ਼ਾਮੋਸ਼ ਕਰ ਦਿੱਤਾ ਹੋਵੇਗਾ। ਲੇਖਕ ਨੇ ਦੁੱਖੀ ਲਹਿਜ਼ੇ 'ਚ ਕਿਹਾ, ਪਰ ਅਫਸੋਸ ਇੰਵ ਨਹੀਂ ਹੋਇਆ – ਇਸ ਦੇ ਉਲਟ, "ਮਿਸਰ ਅਤੇ ਹਿੰਦੁਸਤਾਨ ਦੀਆਂ ਹਾਲੀਆ ਘਟਨਾਵਾਂ ਇਸ਼ਾਰਾ ਕਰਦੀਆਂ ਹਨ ਕਿ ਐਸੀਆਂ ਸਾਜ਼ਿਸ਼ਾਂ ਮੱਠੀਆਂ ਜ਼ਰੂਰ ਪੈ ਗਈਆਂ ਪਰ ਲੜਾਈ ਬੰਦੀ ਤੋਂ ਬਾਅਦ ਜ਼ਾਹਰਾ ਤੌਰ 'ਤੇ ਖ਼ਤਰਨਾਕ ਸਿੱਟੇ ਬਣਕੇ ਸਾਹਮਣੇ ਆਈਆਂ।" ਮਿਸਰ ਅਤੇ

ਹਿੰਦੁਸਤਾਨ ਵਿਚ ਬਗ਼ਾਵਤਾਂ ਨਿਸ਼ਚੇ ਹੀ "ਇਸਲਾਮ ਦੀ ਉਸ ਬਗ਼ਾਵਤ ਦੀ ਰਿਹਰਸਲ ਸਨ ਜਿਸ ਦੀ ਤਵੱਕੋ ਕੀਤੀ ਜਾਂਦੀ ਹੈ।" ਰਿਪੋਰਟ ਨੇ ਸਵਿਟਜ਼ਰਲੈਂਡ ਦੀ ਸ਼ਨਾਖ਼ਤ "ਮੁਸਲਿਮ ਸਾਜ਼ਿਸ਼ ਦੇ ਹਾਲੀਆ ਕੇਂਦਰ" ਵਜੋਂ ਕੀਤੀ ਅਤੇ ਸੁਝਾਅ ਦਿੱਤਾ ਕਿ "ਹਿੰਦੁਸਤਾਨ, ਮਿਸਰ ਅਤੇ ਸ਼ਾਇਦ ਅਫ਼ਗਾਨਿਸਤਾਨ ਦੀਆਂ ਇਨਕਲਾਬੀ ਘਟਨਾਵਾਂ ਉੱਥੋਂ ਦੀਆਂ ਐਸੀਆਂ ਸਰਗਰਮੀਆਂ ਤੋਂ ਬਿਲਕੁਲ ਟੁੱਟੀਆਂ ਹੋਈਆਂ ਨਹੀਂ" – ਸਰਗਰਮੀਆਂ ਜਿਨ੍ਹਾਂ ਵਿਚ ਰਿਪੋਰਟ ਨੇ ਬਾਲਸ਼ਵਿਕ ਸਾਜ਼ਿਸ਼ ਦੀ ਝਲਕ ਵੀ ਬੁੱਝ ਲਈ।[17] ਰਿਪੋਰਟ ਇਹ ਭੇਜੀ ਗਈ ਸੀ ਕਿ ਮਾਰਚ ਵਿਚ ਇਸਲਾਮਿਕ ਡਿਫੈਂਸ ਲੀਗ ਅਤੇ ਇੰਗਲੈਂਡ ਦੀ ਵਰਕਰਜ਼ ਵੈਲਫੇਅਰ ਲੀਗ ਦਾ ਏ.ਏ. ਮਿਰਜ਼ਾ ਬਾਲਸ਼ਵਿਕ ਏਜੰਟ ਵਜੋਂ ਹਿੰਦੁਸਤਾਨ ਪਹੁੰਚਣ ਦੇ ਯਤਨ 'ਚ ਰੂਸ ਜਾਣ ਬਾਰੇ ਸੋਚ ਰਿਹਾ ਸੀ।[18] ਜ਼ਾਹਿਰ ਹੈ ਜੂਨ ਤੱਕ ਉਸ ਨੇ ਆਪਣਾ ਮਨ ਬਣਾ ਲਿਆ ਸੀ, ਅਤੇ ਖ਼ੁਫ਼ੀਆ ਵਿਭਾਗ ਨੇ ਨੋਟ ਕੀਤਾ ਕਿ "ਜੋ ਇੰਗਲੈਂਡ ਵਿਚ ਲੰਮੇ ਸਮੇਂ ਤੋਂ ਬਾਲਸ਼ਵਿਕ ਪੱਖੀ ਇਸਲਾਮਿਕ ਅੰਦੋਲਨ ਨਾਲ ਜੁੜਿਆ ਹੋਇਆ ਸੀ, ਓੜਕ ਰੂਸ ਲਈ ਚੱਲ ਪਿਆ" ਅਤੇ ਅੱਗੇ ਇਤਲਾਹ ਇਹ ਹੈ ਕਿ ਉਸ ਨੂੰ "ਖ਼ਿਲਾਫ਼ਤ ਵਫ਼ਦ ਦੇ ਮੁਹੰਮਦ ਅਲੀ ਦਾ ਅਹਿਮ ਪੈਗ਼ਾਮ ਲਿਜਾ ਰਹੇ ਹਰਕਾਰੇ" ਵਜੋਂ ਰੂਸ ਤੋਂ ਅਨਾਤੋਲੀਆ ਭੇਜਿਆ ਗਿਆ ਹੈ।[19]

ਇਸ ਤੋਂ ਛੁੱਟ ਸੀ.ਆਈ.ਡੀ. "ਪੂਰਬ ਦੇ ਇਨਕਲਾਬੀਆਂ ਅਤੇ ਯੰਗ ਤੁਰਕਾਂ ਦੇ ਸੰਭਵ ਇਤਹਾਦ" ਤੋਂ ਵੀ ਚੁਕੰਨੀ ਸੀ। ਆਮ ਵਾਂਗ, ਸਾਮਰਾਜਵਾਦੀ ਨਿਗਰਾਨਾਂ ਲਈ ਸਭ ਤੋਂ ਅਹਿਮ ਇਹ ਸੰਭਾਵਨਾ ਸੀ ਕਿ "ਜੋ ਹਿੰਦੁਸਤਾਨੀ, ਮਿਸਰੀ, ਤੁਰਕ, ਈਰਾਨੀ ਆਦਿ ਰਾਸ਼ਟਰਵਾਦੀ ਆਜ਼ਾਦਾਨਾ ਤੌਰ 'ਤੇ ਕੰਮ ਕਰਦੇ ਸਨ ਉਨ੍ਹਾਂ ਦੀ ਰੁਚੀ ਹੁਣ ਇਕੱਠੇ ਹੋਣ ਅਤੇ ਮਿਲਕੇ ਕੰਮ ਕਰਨ ਦੀ ਹੈ।" ਜਿਸ ਦਾ ਇਲਜ਼ਾਮ ਉਨ੍ਹਾਂ ਨੇ ਬਰਲਿਨ ਸਥਿਤ ਜਰਮਨ ਸਰਬ-ਇਸਲਾਮਿਕ ਪ੍ਰਚਾਰ ਬਿਊਰੋ 'ਤੇ ਲਾਇਆ (ਜਿਸ ਦੇ ਮੁਖੀ ਪੁਰਾਣੀ ਬੀ.ਆਈ.ਸੀ. ਦੇ ਤਾਲਮੇਲ ਅਧਿਕਾਰੀ ਓਪੇਨਹੇਮਰ ਅਤੇ ਵੈਂਡੋਕ ਹਨ), ਜਿਸ ਨੇ ਮੁਸਲਿਮ ਮੁਲਕਾਂ ਅੰਦਰ ਫਰਾਂਸੀਸੀਆਂ ਅਤੇ ਅੰਗਰੇਜ਼ਾਂ ਦੇ ਖ਼ਿਲਾਫ਼ ਭਾਵਨਾਵਾਂ ਭੜਕਾਉਣ ਦੇ ਉਦੇਸ਼ ਨਾਲ ਮਿਸਰ, ਤੁਰਕੀ, ਤੁਰਕਸਤਾਨ, ਈਰਾਨ, ਅਲਜੀਰੀਆ, ਮੋਰੱਕੋ ਅਤੇ ਹੋਰ ਥਾਵਾਂ ਨਾਲ ਸਬੰਧਤ ਵਿਭਾਗ ਬਣਾ ਲਏ ਸਨ। ਪਰ ਜਾਪਦਾ ਇਹ ਹੈ ਕਿ ਜਰਮਨ ਦਖ਼ਲ ਪੇਤਲਾ ਹੀ ਸੀ। ਸਾਬਕਾ ਸ਼ੇਖ-ਅਲ-ਇਸਲਾਮ, ਨਾਦਜਿਮੇਦੀਨ ਮੌਲਾ (ਇੰਝ ਹੀ ਲਿਖਿਆ ਗਿਆ ਹੈ), ਨੇ ਐਲਾਨ ਕੀਤਾ: "ਤੁਰਕਾਂ, ਮਿਸਰੀਆਂ, ਅਫ਼ਗਾਨਾਂ ਅਤੇ ਹਿੰਦੂਆਂ ਦਰਮਿਆਨ ਇਕ ਦੋਸਤਾਨਾ ਸਮਝੌਤਾ ਨੇਪਰੇ ਚੜ੍ਹ ਗਿਆ ਹੈ.... ਪੈਰਿਸ ਦੇ ਸਮਝੌਤਾ ਕਰਾਉਣ ਵਾਲੇ ਮੱਥਾ ਮਾਰ ਰਹੇ ਹਨ ਕਿ ਨਵੀਆਂ ਜੰਗਾਂ ਕਿਵੇਂ ਰੋਕੀਆਂ ਜਾਣ; ਉਨ੍ਹਾਂ ਨੂੰ ਉੱਕਾ ਹੀ ਸ਼ੱਕ ਨਹੀਂ ਕਿ ਜਰਮਨਾਂ ਨਾਲੋਂ ਇਕ ਵੱਡਾ ਖ਼ਤਰਾ ਯੂਰਪ ਦੇ ਸਿਰ 'ਤੇ ਮੰਡਲਾ ਰਿਹਾ ਹੈ – ਇਹ ਖ਼ਤਰਾ ਮੁਸਲਿਮ ਏਸ਼ੀਆ ਅਤੇ ਅਫ਼ਰੀਕਾ ਤੋਂ ਹੈ।" ਗੱਠਜੋੜ ਦੇ ਇਕ ਭਾਈਵਾਲ ਨੇ ਐਲਾਨ ਕੀਤਾ ਕਿ ਭਾਵੇਂ "ਸਾਡੀ ਨਵੀਂ ਕਮੇਟੀ ਤੁਰਕਾਂ, ਅਰਬਾਂ, ਹਿੰਦੂਆਂ, ਮਿਸਰੀਆਂ, ਕਾਕੇਸ਼ੀਅਨਾਂ ਆਦਿ ਨੂੰ ਲੈ ਕੇ ਬਣਾਈ ਗਈ ਹੈ," ਵੱਡੇ ਕੇਂਦਰਾਂ ਵਿਚਲੇ ਵਿਦਿਆਰਥੀਆਂ ਨੂੰ "ਹੁਣ ਤੁਰਕ, ਮਿਸਰੀ ਵਗੈਰਾ ਨਹੀਂ ਸਗੋਂ 'ਮੁਸਲਿਮ' ਕਿਹਾ ਜਾਵੇਗਾ – ਮੈਂਬਰਸ਼ਿਪ ਲੈਣ ਲਈ ਕੌਮੀਅਤ ਕੋਈ ਰੋਕ ਨਹੀਂ ਬਣਦੀ।" ਦੂਜੇ ਲਫ਼ਜ਼ਾਂ 'ਚ, ਸਾਰੇ ਖਦਸ਼ਿਆਂ ਦਾ ਨਿਚੋੜ ਇਹ ਸੀ ਕਿ ਹਿੰਦੁਸਤਾਨੀਆਂ ਦਾ ਬਸਤੀਵਾਦ ਦਾ ਵਿਰੋਧ, ਸਰਬ-ਇਸਲਾਮਵਾਦ/ਖ਼ਿਲਾਫ਼ਤਵਾਦ, ਅਤੇ ਬਾਲਸ਼ਵਾਦ ਮਿਲਕੇ ਇਕ ਹੋ ਗਏ ਸਨ। ਡਰ ਦੇ ਵਿੱਚੋਂ ਐਸੇ ਸਰਬਵਿਆਪੀ ਹਊਏ ਦੀ ਹੋਂਦ ਨੂੰ ਇੰਝ ਅਕਸਰ ਹੀ ਦੁਸ਼ਮਣਾਂ ਵਜੋਂ ਤਸੱਵਰ ਕਰ ਲੈਣ ਦਾ ਤੱਥ ਇਸ ਹਕੀਕਤ ਨੂੰ ਰੱਦ ਨਹੀਂ ਕਰਦਾ ਕਿ ਇਕ ਉਮੀਦ ਤਹਿਤ ਇਨ੍ਹਾਂ ਦੀ ਕਲਪਨਾ ਇਕਮੁੱਠਤਾ ਦੇ ਸਾਧਨਾਂ ਵਜੋਂ ਵੀ ਕੀਤੀ

ਗਈ ਸੀ। ਕੁਝ ਵੀ ਹੋਵੇ, ਬਾਲਸ਼ਵਿਕਾਂ ਅਤੇ ਕੇਂਦਰੀ ਏਸ਼ੀਆ ਤੇ ਕਾਕੇਸਸ਼ ਦਰਮਿਆਨ ਗੱਠਜੋੜ ਦੀ ਮਨੌਤ ਦੇ ਹੱਕ ਵਿਚ ਵੀ ਅਤੇ ਵਿਰੋਧ ਵਿਚ ਵੀ ਢੇਰ ਸਾਰੀ ਆਪਾਵਿਰੋਧੀ ਸੂਚਨਾ ਪ੍ਰਚਾਰੀ ਜਾਂਦੀ ਰਹੀ।[20]

ਬਾਕੂ ਵਿਖੇ ਸੋਵੀਅਤ ਲਫ਼ਾਜ਼ੀ ਨੇ ਏਸ਼ੀਆਈ ਕੌਮੀ ਮੁਕਤੀ, ਸਰਬ-ਇਸਲਾਮਵਾਦ ਅਤੇ ਕਮਿਊਨਿਜ਼ਮ ਦੀਆਂ ਤਿੰਨ ਧਾਰਾਵਾਂ ਨੂੰ ਇਕ ਥਾਂ ਮਿਲਾਕੇ ਇਨ੍ਹਾਂ ਤਿੰਨਾਂ ਦਾ ਉੱਥੋਂ ਤੱਕ ਘੁਲ-ਮਿਲ ਜਾਣਾ ਬਹੁਤ ਸੁਖਾਲਾ ਬਣਾ ਦਿੱਤਾ, ਜਿੱਥੋਂ ਤੱਕ ਇਹ ਇਕੋ ਦਿਸ਼ਾ, ਭਾਵ ਪੱਛਮੀ (ਅੰਗਰੇਜ਼, ਫਰਾਂਸੀਸੀ ਅਤੇ ਅਮਰੀਕਨ) ਫ਼ੌਜੀ ਤੇ ਆਰਥਕ ਗ਼ਲਬੇ ਨੂੰ ਵਗਾਹ ਮਾਰਨ ਦੀ ਦਿਸ਼ਾ, ਵਿਚ ਵਗਦੀਆਂ ਸਨ। ਇਹ ਵੀ ਸਪਸ਼ਟ ਹੈ ਕਿ ਅਜਿਹੀ ਲਫ਼ਾਜ਼ੀ ਇਸਲਾਮ ਨੂੰ ਮਜ਼੍ਹਬ ਵਜੋਂ ਘੱਟ ਕੌਮੀਅਤ ਵਜੋਂ ਵੱਧ ਲੈਂਦੀ ਸੀ, ਜਿਸ 'ਤੇ ਕੌਮੀ-ਬਸਤੀਵਾਦੀ ਥੀਸਿਜ਼ ਲਾਗੂ ਹੁੰਦਾ ਸੀ; ਅਤੇ ਜਿਸ ਦੇ ਪੈਰੋਕਾਰਾਂ ਦੇ ਸਭਿਆਚਾਰਕ ਖ਼ੁਦ-ਮੁਖਤਿਆਰੀ, ਸਿਆਸੀ ਸਵੈ-ਨਿਰਣੇ, ਅਤੇ ਖੇਤਰੀ ਪ੍ਰਭੂਸੱਤਾ ਦੇ ਉਹੀ ਹੱਕ ਸਨ ਜੋ ਭਾਵਨਾਵਾਂ, ਸਭਿਆਚਾਰਕ ਅਮਲਾਂ, ਅਤੇ ਰਵਾਇਤਾਂ ਵਾਲੀ ਕਿਸੇ ਹੋਰ ਕੌਮ ਨੂੰ ਸਨ ਜਿਸ ਨੂੰ ਸਤਿਕਾਰ ਦੀ ਹੱਕਦਾਰ ਮੰਨਿਆ ਜਾਂਦਾ ਸੀ। ਲੈਨਿਨ ਦੇ ਲਫ਼ਜ਼ਾਂ 'ਚ, "ਅਫ਼ਗਾਨਿਸਤਾਨ, ਹਿੰਦੁਸਤਾਨ ਅਤੇ ਰੂਸ ਤੋਂ ਬਾਹਰਲੇ ਹੋਰ ਮੁਸਲਿਮ ਮੁਲਕਾਂ ਵਿਚ ਸਾਡੇ ਸੋਵੀਅਤ ਗਣਰਾਜ ਦੇ ਕੰਮ ਉਹੀ ਹਨ ਜੋ ਸਾਡੇ ਰੂਸ ਅੰਦਰਲੇ ਅਨੇਕ ਮੁਸਲਮਾਨਾਂ ਅਤੇ ਗ਼ੈਰ-ਰੂਸੀ ਲੋਕਾਂ ਅੰਦਰ ਹਨ।"[21]

1917 ਦੀ ਅਪੀਲ ਨੇ ਬਾਲਸ਼ਵਿਕ ਹਕੂਮਤ ਦੀ ਹਮਾਇਤ ਕਰਨ ਦਾ ਸੱਦਾ ਦਿੱਤਾ ਸੀ ਕਿਉਂਕਿ ਇਸ ਵਲੋਂ ਪਹਿਲੀ ਵਾਰ ਕੌਮੀ, ਸਭਿਆਚਾਰਕ ਅਤੇ ਧਾਰਮਿਕ ਕਾਰਜਾਂ (ਪ੍ਰੈਕਟਿਸ) ਦੀ ਆਜ਼ਾਦੀ ਅਤੇ ਜ਼ਾਰ ਦੇ ਅਧਿਕਾਰ ਵਾਲੇ ਸਾਬਕਾ ਖੇਤਰਾਂ ਵਿਚ ਮੁਸਲਮਾਨਾਂ ਨੂੰ ਪੜ੍ਹਨ-ਲਿਖਣ ਦੀ ਖੁੱਲ੍ਹ ਦੇਣ ਦਾ ਹਲਫ਼ ਲਿਆ ਗਿਆ ਸੀ:

"ਹੁਣ ਤੋਂ ਤੁਹਾਡੇ ਅਕੀਦੇ ਤੇ ਰਸਮਾਂ-ਰਿਵਾਜ਼ ਅਤੇ ਸਭਿਆਚਾਰਕ ਸੰਸਥਾਵਾਂ ਆਜ਼ਾਦ ਤੇ ਮਹਿਫ਼ੂਜ਼ ਹਨ। ਆਜ਼ਾਦੀ ਨਾਲ ਅਤੇ ਬੇਰੋਕ-ਟੋਕ ਆਪਣੀ ਕੌਮੀ ਜ਼ਿੰਦਗੀ ਦਾ ਨਿਰਮਾਣ ਕਰੋ....ਇਹ ਜਾਣ ਲਓ ਕਿ ਤੁਹਾਡੇ ਹੱਕਾਂ ਦੀ ਰਾਖੀ - ਰੂਸ ਦੇ ਹੋਰ ਲੋਕਾਂ ਦੇ ਹੱਕਾਂ ਵਾਂਗ - ਇਨਕਲਾਬ ਅਤੇ ਇਸ ਦੇ ਅੰਗਾਂ, ਮਜ਼ਦੂਰਾਂ, ਸਿਪਾਹੀਆਂ ਅਤੇ ਕਿਸਾਨਾਂ ਦੇ ਨੁਮਾਇੰਦਿਆਂ ਦੀਆਂ ਸੋਵੀਅਤਾਂ ਦੀ ਪੂਰੀ ਤਾਕਤ ਵਲੋਂ ਕੀਤੀ ਜਾਵੇਗੀ। ਇਸ ਇਨਕਲਾਬ ਅਤੇ ਇਸ ਦੀ ਅਧਿਕਾਰਤ ਹਕੂਮਤ ਨੂੰ ਹਮਾਇਤ ਦਿਓ।"[22]

ਜਦੋਂਕਿ, ਬਾਲਸ਼ਵਿਕਾਂ ਨੇ ਇਕ ਅਕੀਦੇ, ਵਿਚਾਰਧਾਰਾ ਜਾਂ ਸੰਸਥਾਗਤ ਧਰਮ ਵਜੋਂ ਇਸਲਾਮ ਨੂੰ ਕੋਈ ਥਾਂ ਨਹੀਂ ਦਿੱਤੀ। ਇੰਞ, ਭਾਵੇਂ ਉਨ੍ਹਾਂ ਨੇ ਖ਼ਿਲਾਫ਼ਤਵਾਦੀਆਂ ਨਾਲ ਰਿਸ਼ਤਾ ਗੰਢਿਆ, ਉਨ੍ਹਾਂ ਨੇ ਖ਼ਲੀਫ਼ੇ ਨੂੰ ਹਮਾਇਤ ਨਹੀਂ ਦਿੱਤੀ, ਅਤੇ ਕੇਂਦਰੀ ਏਸ਼ੀਆਈ ਗਣਰਾਜਾਂ ਦੇ ਮੁਸਲਮਾਨਾਂ ਨੂੰ ਇਸ ਦੀ ਹਮਾਇਤ ਨਾ ਕਰਨ ਦਾ ਮਸ਼ਵਰਾ ਦਿੱਤਾ। ਇਨ੍ਹਾਂ ਲੋਕਾਂ ਨੂੰ ਦੱਬੇ-ਕੁਚਲੇ ਅਵਾਮ, ਜਾਂ ਜ਼ਾਰਸ਼ਾਹੀ ਰਾਜ ਹੇਠ ਨਜਾਇਜ਼ ਤੌਰ 'ਤੇ ਵਿਤਕਰੇ ਦਾ ਸ਼ਿਕਾਰ ਹੋਈਆਂ ਸੋਵੀਅਤ ਘੱਟਗਿਣਤੀਆਂ ਨਿਸ਼ਚਿਤ ਕਰਦੇ ਹੋਏ, ਫਿਰ ਵੀ (ਜਿਨ੍ਹਾਂ ਰਿਆਸਤਾਂ ਜਾਂ ਕੌਮਾਂ ਦਾ ਕਿਰਦਾਰ ਵਧੇਰੇ ਪਿਛੜਿਆ ਹੋਇਆ, ਭਾਰੂ ਤੌਰ 'ਤੇ ਜਗੀਰੂ, ਮਰਦ-ਪ੍ਰਧਾਨ, ਜਾਂ ਮਰਦ-ਪ੍ਰਧਾਨ ਕਿਸਾਨੀ ਦਾ ਹੈ ਉਨ੍ਹਾਂ ਨਾਲ ਨਜਿੱਠਣ ਲਈ ਚੇਤਾਵਨੀਆਂ ਦੀ ਸੂਚੀ ਵਾਲੇ ਹਿੱਸੇ ਵਿਚ) ਉਨ੍ਹਾਂ ਨੇ ਕਿਹਾ: "ਉਨ੍ਹਾਂ ਸਰਬ-ਇਸਲਾਮਿਕ ਅਤੇ ਸਰਬ-ਏਸ਼ੀਆਈ ਲਹਿਰਾਂ ਅਤੇ ਅਜਿਹੀਆਂ ਧਾਰਾਵਾਂ ਦੇ ਖ਼ਿਲਾਫ਼ ਸੰਘਰਸ਼ ਕਰਨਾ ਜ਼ਰੂਰੀ ਹੈ ਜੋ ਯੂਰਪੀ ਅਤੇ ਅਮਰੀਕਨ ਸਾਮਰਾਜਵਾਦ ਵਿਰੁੱਧ ਮੁਕਤੀ ਸੰਘਰਸ਼ ਨੂੰ ਤੁਰਕ ਤੇ ਜਪਾਨੀ ਸਾਮਰਾਜਵਾਦਾਂ ਅਤੇ ਵੱਡੇ ਭੋਂਇ ਮਾਲਕਾਂ, ਪਾਦਰੀ

ਵਰਗ ਵਗੈਰਾ ਦੀ ਤਾਕਤ ਨੂੰ ਮਜ਼ਬੂਤ ਬਣਾਉਣ ਨਾਲ ਜੋੜਨ ਦੀ ਵਾਹ ਲਾਉਂਦੀਆਂ ਹਨ।"[23]

ਸ਼ੁਰੂ ਵਿਚ, ਬਾਲਸ਼ਵਿਕ ਐਸੀਆਂ ਲਹਿਰਾਂ ਨੂੰ ਪਦਾਰਥਕ ਅਤੇ ਇਖ਼ਲਾਕੀ ਮਦਦ ਵਿਚਾਰਧਾਰਕ ਸ਼ੁੱਧੀ ਅਤੇ "ਬਾਲਸ਼ਵਿਕ ਅਸੂਲਾਂ ਨੂੰ ਮੰਨਣ" ਦੀ ਸ਼ਰਤ ਤਹਿਤ ਦੇਣ 'ਤੇ ਬਜ਼ਿਦ ਸਨ। ਇਸ ਦੇ ਸਿੱਟੇ ਵਜੋਂ 1919 'ਚ ਸੈਂਟ ਮੌਰਿਜ਼ ਵਿਚ ਤੁਰਕ, ਮਿਸਰੀ, ਈਰਾਨੀ, ਅਤੇ ਹਿੰਦੁਸਤਾਨੀ ਜਥੇਬੰਦੀਆਂ ਦੇ ਮੈਂਬਰਾਂ ਨਾਲ ਇਕ ਸਮਝੌਤਾ ਹੋਇਆ ਅਤੇ "ਬਰਲਿਨ, ਅੰਗੋਰਾ (ਅੰਕਾਰਾ) ਤੇ ਬੰਬਈ ਵਿਚ ਇਸ ਦੀ ਮੁੜ ਪੁਸ਼ਟੀ ਕੀਤੀ ਗਈ" ਜਿਸ ਵਿਚ ਸਹਾਇਤਾ ਦੇਣ ਵਾਲੀ ਧਿਰ ਸਹਿਮਤ ਹੋਈ, ਪਰ ਉੱਥੋਂ ਤੱਕ ਹੀ ਜਿੱਥੋਂ ਤੱਕ ਇਹ ਅਸੂਲ ਇਸਲਾਮ ਦੇ ਅਸੂਲਾਂ ਨਾਲ ਨਹੀਂ ਟਕਰਾਉਂਦੇ।" ਪਰ, ਆਖ਼ਿਰ ਇਹ ਮਹਿਸੂਸ ਕਰਦੇ ਹੋਏ ਕਿ ਇਸ ਨਾਲ ਉਨ੍ਹਾਂ ਦੇ ਸੰਭਾਵੀ ਸੰਗੀਆਂ ਵਿਚ ਬਹੁਤ ਜ਼ਿਆਦਾ ਬੇਇਤਬਾਰੀ ਪੈਦਾ ਹੋ ਰਹੀ ਸੀ, ਬਾਲਸ਼ਵਿਕਾਂ ਨੇ ਆਪਣੀਆਂ ਸ਼ਰਤਾਂ ਨਰਮ ਕਰ ਦਿੱਤੀਆਂ ਅਤੇ ਆਰਥਕ ਤੌਰ 'ਤੇ ਡਾਵਾਂਡੋਲ ਅੰਗਰੇਜ਼ ਸਲਤਨਤ ਦੇ ਖ਼ਿਲਾਫ਼ ਇਸ ਲਹਿਰ ਵਲੋਂ "ਜਗਾਈ ਤਾਕਤ" ਦੇ ਪ੍ਰਭਾਵਾਂ ਦਾ ਲਾਹਾ ਲੈਣਾ ਜਾਰੀ ਰੱਖਦੇ ਹੋਏ ਉਨ੍ਹਾਂ ਦੀ ਜ਼ਿਹਨੀਅਤ ਦਾ ਖ਼ਿਆਲ ਛੱਡਕੇ ਸਿੱਧੇ-ਸਾਦੇ ਢੰਗ ਨਾਲ "ਇਸਲਾਮਿਕ ਕੌਮੀ ਲਹਿਰ" ਦੀ ਹਮਾਇਤ ਕਰਨ ਦਾ ਨਿਰਣਾ ਲਿਆ।

ਫਿਰ ਇਕ ਲਿਹਾਜ਼ ਨਾਲ, ਇਸਲਾਮ ਦੀ ਇਸ ਕਲਪਿਤ ਨੀਮ-ਕੌਮੀਅਤ ਵੱਲ ਉਨ੍ਹਾਂ ਦੀ ਪਹੁੰਚ ਉਸੇ ਢੰਗ ਦੀ ਸੀ ਜਿਸ ਤਹਿਤ ਉਨ੍ਹਾਂ ਦੇ ਹਿੰਦੁਸਤਾਨ ਦੀ ਰਾਸ਼ਟਰਵਾਦੀ ਲਹਿਰ ਨਾਲ ਤਾਅੱਲਕ ਸਨ। ਭਾਵ, ਉਨ੍ਹਾਂ ਨੇ ਇਸ ਦੇ ਬੁਰਜੂਆ (Ataturk) ਅਤੇ ਅੜੀਅਲ ਜਗੀਰੂ (ਸੁਲਤਾਨ-ਖ਼ਲੀਫ਼ਾ) ਤੱਤਾਂ ਨੂੰ ਪਾਸੇ ਕਰਨ ਲਈ ਜੱਦੋਜਹਿਦ ਕਰਦੇ ਹੋਏ ਇਸ ਦੇ ਵਧੇਰੇ ਰੈਡੀਕਲ ਤੱਤਾਂ ਦੀ ਤਾਕਤ ਨੂੰ ਦਿਸ਼ਾ ਦੇਣ ਦਾ ਯਤਨ ਕੀਤਾ।[25] ਇਥੇ ਫਿਰ "ਰੂਸ ਅਤੇ ਪੂਰਬ ਦੇ ਮਿਹਨਤਕਸ਼ ਮੁਸਲਮਾਨਾਂ" ਦੇ ਨਾਂ 1917 ਦੀ ਇਕ ਅਪੀਲ ਇਸ ਤਰ੍ਹਾਂ ਕਹਿੰਦੀ ਹੈ: "ਕਾਂਸਤਨੋਪਲ 'ਤੇ ਕਬਜ਼ਾ ਕਰਨ ਲਈ ਜ਼ਾਰ ਦੇ ਖ਼ੁਫ਼ੀਆ ਸਮਝੌਤੇ ਹੁਣ ਰੱਦ ਕੀਤੇ ਜਾਂਦੇ ਹਨ। ਰੂਸੀ ਗਣਰਾਜ ਅਤੇ ਇਸ ਦੀ ਹਕੂਮਤ.... ਬਦੇਸ਼ੀ ਖੇਤਰ ਨੂੰ ਕਬਜ਼ੇ ਵਿਚ ਲੈਣ ਦਾ ਵਿਰੋਧ ਕਰਦੀ ਹੈ। ਕਾਂਸਤਨੋਪਲ ਲਾਜ਼ਮੀ ਹੀ ਮੁਸਲਮਾਨਾਂ ਦੇ ਹੱਥ ਵਿਚ ਰਹਿਣਾ ਚਾਹੀਦਾ ਹੈ।.... ਅਸੀਂ ਤੁਰਕੀ ਨੂੰ ਵੰਡਣ ਲਈ ਕੀਤੇ ਸਮਝੌਤੇ ਨੂੰ ਮਨਸੂਖ਼ ਕਰਨ ਦਾ ਐਲਾਨ ਕਰਦੇ ਹਾਂ।"[26] ਇਸ ਤਰੀਕੇ ਨਾਲ ਬਾਲਸ਼ਵਿਕਾਂ ਨੇ ਖ਼ਿਲਾਫ਼ਤਵਾਦ ਦੀ ਵਿਚਾਰਧਾਰਾ ਨੂੰ ਰੱਦ ਕੀਤਾ ਪਰ ਇਸ ਦੇ ਨਿਸ਼ਾਨਿਆਂ ਨੂੰ ਆਪਣੇ ਨਿਸ਼ਾਨਿਆਂ ਦੇ ਅਨੁਕੂਲ ਮੰਨਿਆ।

ਆਖ਼ਿਰ, ਸਾਫ਼ ਤੌਰ 'ਤੇ ਦੋਵਾਂ ਮਾਧਿਅਮਾਂ ਅੰਦਰ ਪ੍ਰਗਟਾਏ ਹਿੱਤ ਅਤੇ ਖਾਹਸ਼ਾਂ ਐਨੀਆਂ ਚੋਖੀਆਂ ਰਲਗੱਡ ਸਨ ਕਿ ਉਨ੍ਹਾਂ ਦਾ ਇਕ ਥਾਂ ਜਾ ਮਿਲਣਾ ਤਰਕਹੀਣ ਨਹੀਂ ਸੀ। ਬਾਕੂ ਸੰਮੇਲਨ ਦੇ ਸਿਖਰ 'ਤੇ ਉਨ੍ਹਾਂ ਨੇ ਜੋ "ਪੂਰਬ ਦੇ ਲੋਕਾਂ ਲਈ ਮਨੋਰਥਨਾਮਾ" ਪਾਸ ਕੀਤਾ ਉਸ ਦੇ ਹੇਠ ਦਿੱਤੇ ਅੰਸ਼ ਵਿਚ ਬਾਲਸ਼ਵਿਕ ਇਨਕਲਾਬ ਨੂੰ ਸੱਚੇ ਪਵਿੱਤਰ ਯੁੱਧ ਵਜੋਂ ਪੇਸ਼ ਕੀਤਾ ਗਿਆ ਹੈ - ਜੋ ਧਾਰਨਾਵਾਂ ਅਤੇ ਭਾਸ਼ਾ ਦੇ ਮੇਲ ਦੀ ਕਮਾਲ ਦੀ ਅਦਲਾ-ਬਦਲੀ ਹੈ:

"ਹੁਣ ਅਸੀਂ ਤੁਹਾਨੂੰ ਕਮਿਊਨਿਸਟ ਕੌਮਾਂਤਰੀ ਦੇ ਸੂਹੇ ਝੰਡੇ ਹੇਠ ਪਹਿਲੀ ਹਕੀਕੀ ਪਵਿਤਰ ਜੰਗ ਦਾ ਹੋਕਾ ਦਿੰਦੇ ਹਾਂ.... ਅਸੀਂ ਤੁਹਾਨੂੰ ਤੁਹਾਡੀ ਆਪਣੀ ਬਿਹਤਰੀ ਲਈ, ਤੁਹਾਡੀ ਆਪਣੀ ਆਜ਼ਾਦੀ ਲਈ, ਤੁਹਾਡੀ ਜ਼ਿੰਦਗੀ ਲਈ ਪਵਿੱਤਰ ਜੰਗ ਦਾ ਹੋਕਾ ਦਿੰਦੇ ਹਾਂ....।

ਇਹ ਪੂਰਬ ਦੇ ਲੋਕਾਂ ਦੀ ਮੁਕਤੀ ਲਈ, ਮਨੁੱਖਤਾ ਦਾ ਦਾਬਾ ਪਾਉਣ ਵਾਲਿਆਂ ਅਤੇ ਲਤਾੜੇ ਹੋਏ ਲੋਕਾਂ ਦਰਮਿਆਨ ਵੰਡ ਦਾ ਖ਼ਾਤਮਾ ਕਰਨ ਲਈ, ਸਾਰੇ ਲੋਕਾਂ ਅਤੇ ਨਸਲਾਂ ਦੀ ਮੁਕੰਮਲ ਬਰਾਬਰੀ ਲਈ ਜੰਗ ਹੈ ਚਾਹੇ ਉਹ ਕੋਈ ਵੀ ਜ਼ਬਾਨ ਬੋਲਦੇ ਹੋਣ, ਚਾਹੇ ਉਨ੍ਹਾਂ ਦੀ

ਚਮੜੀ ਦਾ ਰੰਗ ਕੋਈ ਵੀ ਹੋਵੇ, ਅਤੇ ਚਾਹੇ ਉਨ੍ਹਾਂ ਵਲੋਂ ਅਪਣਾਇਆ ਧਰਮ ਕੋਈ ਵੀ ਹੋਵੇ....

ਸਰਮਾਏਦਾਰਾ ਅਤੇ ਸਾਮਰਾਜਵਾਦੀ ਗੁਲਾਮੀ ਦੇ ਜੂਲੇ ਤੋਂ ਕੁਲ ਮਨੁੱਖਤਾ ਦੀ ਮੁਕਤੀ ਲਈ, ਇਕਨਾਂ ਵਲੋਂ ਦੂਜੇ ਲੋਕਾਂ ਦੇ ਹਰ ਤਰ੍ਹਾਂ ਦੇ ਦਾਬੇ ਅਤੇ ਮਨੁੱਖ ਹੱਥੋਂ ਮਨੁੱਖ ਦੀ ਹਰ ਤਰ੍ਹਾਂ ਦੀ ਲੁੱਟਖਸੁੱਟ ਦਾ ਖ਼ਾਤਮਾ ਕਰਨ ਲਈ ਪਵਿੱਤਰ ਜੰਗ ਵਿੱਢ ਦਿਓ!....

ਕਾਸ਼ ਪੂਰਬ ਦੇ ਲੋਕਾਂ ਅਤੇ ਕੁਲ ਦੁਨੀਆ ਦੇ ਮਿਹਨਤਕਸ਼ਾਂ ਦੀ ਸਾਮਰਾਜਵਾਦੀ ਬਰਤਾਨੀਆ ਵਿਰੁੱਧ ਪਵਿੱਤਰ ਜੰਗ ਅਬੁਝ ਜਵਾਲਾ ਬਣਕੇ ਬਲ ਉੱਠੇ!"[27]

## ਰਫ਼ੀਕ ਅਹਿਮਦ ਦਾ ਅਭੁੱਲ ਸਫ਼ਰ

1920 'ਚ ਗਾਂਧੀ ਅਤੇ ਹੁਣੇ ਹੁਣੇ ਰਿਹਾਅ ਹੋਏ ਅਲੀ ਭਰਾਵਾਂ ਦੇ ਜੋਟੀ ਪਾ ਲੈਣ ਨਾਲ ਖ਼ਿਲਾਫ਼ਤ ਅਤੇ ਨਾਮਿਲਵਰਤਨ ਲਹਿਰਾਂ ਨੇ ਹਿੰਦੁਸਤਾਨੀ ਰਾਸ਼ਟਰਵਾਦ ਅਤੇ ਸਰਬ-ਇਸਲਾਮਵਾਦ ਦਰਮਿਆਨ ਹੁਣ ਤੱਕ ਦੇ ਸਭ ਤੋਂ ਨੇੜਲੇ ਘਰੋਗੀ ਮੇਲ-ਜੋਲ ਅਤੇ ਨਾਲ ਹੀ ਹਿੰਦੁਸਤਾਨ ਦੀ ਆਜ਼ਾਦੀ ਦੀ ਮੁੱਖਧਾਰਾ ਲਹਿਰ ਵਿਚ ਮੁਸਲਮਾਨਾਂ ਦੀ ਸ਼ਮੂਲੀਅਤ ਦੇ ਸਿਖ਼ਰ ਦੀ ਨੁਮਾਇੰਦਗੀ ਕੀਤੀ।[28] ਖ਼ਿਲਾਫ਼ਤ ਲਹਿਰ ਐਸੀ ਵੱਡੀ ਵਾਹਕ ਵੀ ਸੀ ਜਿਸ ਰਾਹੀਂ ਹਿੰਦੁਸਤਾਨ ਦੇ ਬਸਤੀਵਾਦੀ ਵਿਰੋਧੀ ਗਰਮ-ਖ਼ਿਆਲੀਏ ਰੂਸ ਅਤੇ ਕੇਂਦਰੀ ਏਸ਼ੀਆ ਅੰਦਰ ਖੱਬੇਪੱਖੀ ਸਿਆਸਤ ਵਿਚ ਜਾ ਸ਼ਾਮਲ ਹੋਏ - ਇਕ ਮਾਹੌਲ ਜੋ ਉਨ੍ਹਾਂ ਦਾ ਬਾਕੀ ਸਾਰਿਆਂ ਨਾਲ ਸਾਂਝਾ ਸੀ ਜੋ ਸਾਨ ਫਰਾਂਸਿਸਕੋ ਅਤੇ/ਜਾਂ ਬਰਲਿਨ ਤੋਂ ਹੁੰਦੇ ਹੋਏ ਲੰਮਾ ਪੈਂਡਾ ਗਾਹ ਕੇ ਉਥੇ ਆਏ ਸਨ।

ਹਿਜਰਤ ਲਹਿਰ ਖ਼ਿਲਾਫ਼ਤ ਲਹਿਰ ਦੀ ਇਕ ਸ਼ਾਖਾ ਸੀ ਜਿਸ ਦੇ ਹਮਾਇਤੀਆਂ ਨੇ ਫ਼ੈਸਲਾ ਕੀਤਾ ਕਿ ਹਿੰਦੁਸਤਾਨ, ਜਿਸ ਉਪਰ ਕਾਫ਼ਿਰਾਂ ਦਾ ਰਾਜ ਹੈ, ਨੂੰ ਲਾਜ਼ਮੀ ਹੀ ਦਰ-ਅਲ-ਹਰਬ (ਗ਼ੈਰਇਸਲਾਮੀ ਰਾਜ) ਜੁਮਰੇ ਵਿਚ ਰੱਖਿਆ ਜਾਣਾ ਚਾਹੀਦਾ ਹੈ, ਅਤੇ ਇਸ ਕਰਕੇ ਆਜ਼ਾਦ ਤੌਰ 'ਤੇ ਜਾ ਕਿਤੇ ਹੋਰ ਜਾਕੇ ਵਸਣ ਤੇ ਆਪਣੀ ਧਾਰਮਿਕ ਮਰਿਯਾਦਾ ਨਿਭਾਉਣ ਲਈ ਮੁਸਲਮਾਨਾਂ ਅੱਗੇ ਹਿੰਦੁਸਤਾਨ ਨੂੰ ਛੱਡਕੇ ਜਾਣ ਤੋਂ ਬਿਨਾ ਹੋਰ ਕੋਈ ਚਾਰਾ ਨਹੀਂ। ਉਹ ਦਰ-ਅਲ-ਇਸਲਾਮ (ਇਸਲਾਮੀ ਰਾਜ) ਦੇ ਅੰਦਰ ਹੋਰ ਕਿਤੇ ਵਸਕੇ ਤਾਂ ਸੰਤੁਸ਼ਟ ਹੋ ਸਕਦੇ ਸਨ, ਪਰ ਇਖ਼ਲਾਕ਼ੀ ਤੌਰ 'ਤੇ ਉਹ ਲੜਨ ਦੇ ਫਰਜ਼ ਦੇ ਪਾਬੰਦ ਮਹਿਸੂਸ ਕਰਨਗੇ: ਚਾਹੇ ਸੁਲਤਾਨ-ਖ਼ਲੀਫ਼ਾ ਦੇ ਖੇਤਰ ਦੀ ਰਾਖੀ ਦੀ ਲੜਾਈ ਹੋਵੇ ਜਾਂ ਇਹ ਹਿੰਦੁਸਤਾਨ ਵਿਚ ਸਿੱਧੇ ਤੌਰ 'ਤੇ ਅੰਗਰੇਜ਼ ਰਾਜ ਦੇ ਖ਼ਿਲਾਫ਼ ਬਗ਼ਾਵਤ ਸ਼ੁਰੂ ਕਰਨ ਲਈ ਹੋਵੇ। ਜਿਵੇਂ ਉਪਰ ਜ਼ਿਕਰ ਕੀਤਾ ਗਿਆ ਹੈ, 1915 'ਚ ਥੋੜ੍ਹੇ ਜਹੇ ਆਦਰਸ਼ਵਾਦੀ ਵਿਦਿਆਰਥੀ ਅਬਦੁੱਲਾ ਦੇ ਸੱਦੇ 'ਤੇ ਕਾਬੁਲ ਆਏ ਸਨ ਅਤੇ ਆਰਜੀ ਹਕੂਮਤ-ਏ-ਹਿੰਦੁਸਤਾਨ ਨਾਲ ਆ ਮਿਲੇ ਸਨ। 1920 'ਚ, ਹਜ਼ਾਰਾਂ ਹੋਰ *ਮੁਹਾਜਿਰ* ਉਨ੍ਹਾਂ ਦੇ ਨਕਸ਼ੇ-ਕਦਮਾਂ 'ਤੇ ਚੱਲੇ। ਇਹ ਜ਼ਿਆਦਾਤਰ ਗ਼ਰੀਬ ਕਿਸਾਨ ਸਨ, ਅਤੇ ਬਹੁਤ ਸਾਰੇ ਰਸਤੇ ਵਿਚ ਹੀ ਭੁੱਖ, ਪਾਲੇ, ਜਾਂ ਡਾਕੂਆਂ ਦੇ ਹਮਲਿਆਂ ਨਾਲ ਮਰ ਗਏ। ਜਦਕਿ ਇਕ ਗਿਣਨਯੋਗ ਤਾਦਾਦ ਪੜ੍ਹੇ-ਲਿਖੇ ਅਤੇ ਨੌਕਰੀਪੇਸ਼ਾ ਪਿਛੋਕੜ ਵਾਲੇ ਅੰਗਰੇਜ਼ ਵਿਰੋਧੀ ਖਾੜਕੂ ਨੌਜਵਾਨਾਂ ਦੀ ਸੀ। ਇਨ੍ਹਾਂ ਵਿੱਚੋਂ ਅੱਸੀ ਖ਼ਿਲਾਫ਼ਤ ਪ੍ਰਤੀ ਆਪਣੀਆਂ ਸੇਵਾਵਾਂ ਅਰਪਿਤ ਕਰਨ ਦਾ ਹਲਫ਼ ਲੈ ਕੇ ਅਨਾਤੋਲੀਆ ਜਾਣ ਦੀ ਤਿਆਰੀ ਨਾਲ 1920 ਦੀ ਬਸੰਤ 'ਚ ਕਾਬੁਲ ਦੇ ਉਤਰ ਤੋਂ ਰਵਾਨਾ ਹੋਏ।

ਇਸ ਸਫ਼ਰ ਦੌਰਾਨ ਲਾਲ ਫ਼ੌਜ ਨੇ ਉਨ੍ਹਾਂ ਦੀ ਆਓ-ਭਗਤ ਕੀਤੀ ਅਤੇ ਤੁਰਕ ਉਲਟ-ਇਨਕਲਾਬੀਆਂ ਨੇ ਉਨ੍ਹਾਂ ਉਪਰ ਹਮਲੇ ਕੀਤੇ। ਉਨ੍ਹਾਂ 'ਚੋਂ ਲਗਭਗ ਅੱਧੇ, ਲਾਲ ਫ਼ੌਜ ਨਾਲ

ਰਲਕੇ ਤੁਰਕ ਉਲਟ-ਇਨਕਲਾਬੀਆਂ ਦੇ ਹਮਲੇ ਤੋਂ ਇਕ ਕਸਬੇ ਦੀ ਰਾਖੀ ਕਰਦਿਆਂ ਆਪਣਾ ਇਨਕਲਾਬੀ ਜੋਸ਼ ਇਸਤਾਂਬੁਲ ਦੇ ਖ਼ਲੀਫ਼ਾ ਦੀ ਸੇਵਾ ਤੋਂ ਮਾਸਕੋ ਦੇ ਇਨਕਲਾਬੀ ਨਿਜ਼ਾਮ ਦੇ ਸਪੁਰਦ ਕਰਨ ਲਈ ਪ੍ਰੇਰਤ ਹੋਏ।[29] ਐੱਮ.ਐੱਨ.ਰਾਏ ਦੀ ਨਿਗਰਾਨੀ ਹੇਠ ਪਹਿਲਾਂ ਤਾਸ਼ਕੰਦ ਵਿਖੇ (ਜਿਥੇ ਕਾਮਿੰਤਰਨ ਦੀ ਪੂਰਬੀ ਬਿਊਰੋ ਅਜੇ ਬਣਾਈ ਹੀ ਗਈ ਸੀ), ਅਤੇ ਫਿਰ ਪੂਰਬ ਦੇ ਮਿਹਨਤਕਸ਼ਾਂ ਦੀ ਮਾਸਕੋ ਯੂਨੀਵਰਸਿਟੀ ਵਿਖੇ ਫ਼ੌਜੀ ਤੇ ਸਿਆਸੀ ਸਿਖਲਾਈ ਲੈਂਦਿਆਂ, ਇਹ ਸਾਬਕਾ ਖ਼ਿਲਾਫ਼ਤਵਾਦੀ *ਮੁਹਾਜਿਰੀਨ* ਉਹ ਪਹਿਲੇ ਬੰਦੇ ਸਨ ਜਿਨ੍ਹਾਂ ਨੇ 6 ਨਵੰਬਰ 1921 ਨੂੰ ਤਾਸ਼ਕੰਦ ਵਿਚ ਹਿੰਦੁਸਤਾਨੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.) ਦਾ ਐਲਾਨ ਕੀਤਾ ਸੀ। ਉਨ੍ਹਾਂ ਵਿੱਚੋਂ ਕੁਝ ਤਾਅ-ਉਮਰ ਪਾਰਟੀ ਯੋਧਿਆਂ ਵਜੋਂ ਅਨੂਠੇ ਜੀਵਨ-ਪੰਧ ਦੇ ਪਾਂਧੀ ਰਹੇ।[30]

ਮੁੱਢ 'ਚ ਇਨ੍ਹਾਂ *ਮੁਹਾਜਿਰੀਨ* ਦਾ ਸਫ਼ਰ-ਮਾਰਗ (trajectory) ਆਮ ਗ਼ਦਰੀ ਘੇਰੇ ਤੋਂ ਮੁਕਾਬਲਤਨ ਹਟਵਾਂ ਸੀ। ਕੁਝ ਹੱਦ ਤੱਕ ਇਹ ਐੱਮ.ਐੱਨ. ਰਾਏ ਪ੍ਰਤੀ ਉਨ੍ਹਾਂ ਦੀ ਵਫ਼ਾਦਾਰੀ ਕਾਰਨ ਸੀ, ਜਿਸ ਨੇ ਅਸਲ ਵਿਚ ਖ਼ੁਦ ਕਾਬੁਲ ਅਤੇ ਬਰਲਿਨ ਵਿਚਲੇ ਵੱਖੋ-ਵੱਖਰੇ ਇਨਕਲਾਬੀਆਂ ਨਾਲੋਂ ਕਤਾਰਬੰਦੀ ਕਰ ਲਈ ਸੀ। ਭਾਵੇਂ ਉਸ ਨੇ ਆਪਣੇ ਸਿਆਸੀ ਜੀਵਨ-ਪੰਧ ਦਾ ਆਗਾਜ਼ ਬੰਗਾਲ ਦੀ ਇਨਕਲਾਬੀ ਲਹਿਰ ਤੋਂ ਕੀਤਾ ਸੀ, ਉਸ ਨੂੰ *ਮਾਵਰਿਕ* ਅਤੇ *ਐਨੀ ਲਾਰਸਨ* ਸਮੁੰਦਰੀ ਜਹਾਜ਼ਾਂ ਤੋਂ ਗ਼ਦਰੀ ਹਥਿਆਰਾਂ ਦੀਆਂ ਖੇਪਾਂ ਹਾਸਲ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ। ਫਿਰ ਅਮਰੀਕਾ ਵਿਚ ਆਉਣ 'ਤੇ ਉਹ ਕੈਲੀਫੋਰਨੀਆ ਅਤੇ ਨਿਊਯਾਰਕ ਦੇ ਗਰਮ-ਖ਼ਿਆਲੀਆਂ ਨਾਲ ਹੇਲ-ਮੇਲ ਹੋ ਗਿਆ, ਇਸ ਧਾਰਾ ਤੋਂ ਉਹ ਓਦੋਂ ਅੱਡ ਹੋਇਆ ਜਦੋਂ 1916 'ਚ ਅਮਰੀਕਾ ਤੋਂ ਭੱਜਕੇ ਉਹ ਮੈਕਸੀਕੋ ਚਲਾ ਗਿਆ। ਫਿਰ ਵੀ, ਕਾਬੁਲ ਤੋਂ ਤਾਸ਼ਕੰਦ ਅਤੇ ਫਿਰ ਮਾਸਕੋ ਲਈ *ਮੁਹਾਜਿਰੀਨ* ਦੀ ਜਿਸਮਾਨੀ ਤੇ ਮਾਨਸਿਕ ਰਵਾਨਗੀ ਅਚਾਰੀਆ ਅਤੇ ਬਰਕਤਉੱਲਾ ਵਰਗੇ ਏਜੰਟਾਂ ਨੇ ਸਹਿਲ ਬਣਾਈ। ਅੰਸਾਰੀ ਦਲੀਲ ਦਿੰਦਾ ਹੈ ਕਿ ਇਸ ਦੇ ਵਿਚ ਇਨ੍ਹਾਂ ਸਿਦਕੀ ਹਿੰਦੁਸਤਾਨੀ ਮੁਸਲਮਾਨਾਂ ਵਲੋਂ "ਇਸਲਾਮਵਾਦੀ ਅਤੇ ਬਾਲਸ਼ਵਿਕ ਵਿਚਾਰਧਾਰਾਵਾਂ ਦਰਮਿਆਨ ਸਮਾਨਤਾਵਾਂ ਖੋਜਣ ਨੇ .... ਸਮਾਜਵਾਦ ਵੱਲ ਤਬਦੀਲੀ ਦਾ ਅਮਲ ਰੈਲ਼ਾ ਬਣਾਇਆ।"[31] ਪਰ ਸ਼ਾਇਦ ਇਕ ਵਾਰ ਫਿਰ ਇਸ ਤਾਣੇਬਾਣੇ ਦੇ ਇਸ ਹਿੱਸੇ ਤੱਕ ਪਹੁੰਚਣ ਦਾ ਬਿਹਤਰੀਨ ਤਰੀਕਾ ਇਹੀ ਹੈ ਕਿ ਇਸ ਨੂੰ ਇਸ ਵਿਚ ਹਿੱਸਾ ਲੈਣ ਵਾਲੇ ਦੀਆਂ ਨਜ਼ਰਾਂ ਰਾਹੀਂ ਜਾਣਿਆ ਜਾਵੇ।

ਜਦੋਂ ਤੇਈ ਵਰ੍ਹਿਆਂ ਦੇ ਰਫ਼ੀਕ ਅਹਿਮਦ ਨੇ 1920 'ਚ ਦਿੱਲੀ ਤੋਂ ਪੈਦਲ ਕੂਚ ਕੀਤਾ, ਉਹ ਉਨ੍ਹਾਂ ਸੈਂਕੜੇ ਤੱਤੇ ਖ਼ਿਆਲਾਂ ਵਾਲੇ ਵਿਦਿਆਰਥੀਆਂ ਵਿੱਚੋਂ ਇਕ ਸੀ ਜੋ ਇਸ ਰਾਹ ਤੁਰੇ। ਇਹ ਵਿਦਿਆਰਥੀ ਉਨ੍ਹਾਂ ਹਜ਼ਾਰਾਂ ਬੰਦਿਆਂ ਵਿੱਚੋਂ ਸਨ ਜੋ ਹਿਜਰਤ ਲਹਿਰ ਦੀ ਚੜ੍ਹਤ ਮੌਕੇ ਇਸ ਵਿਚ ਕੁੱਦੇ ਸਨ। ਉਹ ਅਤੇ ਉਸਦਾ ਭਾਈ ਕਬੀਰ ਭੋਪਾਲ ਦੇ ਇਕ ਸੇਵਾ-ਮੁਕਤ ਸਕੂਲ ਅਧਿਆਪਕ ਦੇ ਫਰਜ਼ੰਦ ਸਨ, ਜਿਥੇ ਰਫ਼ੀਕ ਖ਼ੁਦ ਇਕ ਨਵਾਬ ਦਾ ਨਿੱਜੀ ਮੁਲਾਜ਼ਮ ਸੀ।[32] ਮੈਂ ਨਹੀਂ ਜਾਣਦੀ ਅਹਿਮਦ ਪਰਿਵਾਰ ਦੀਆਂ ਸਿਆਸੀ ਜਾਂ ਧਾਰਮਿਕ ਰੁਚੀਆਂ ਕੀ ਸਨ, ਨਾ ਹੀ ਇਹ ਕਿ ਦਿੱਲੀ ਵਿਚ 1920 'ਚ ਹੋਏ ਖ਼ਿਲਾਫ਼ਤ ਸੰਮੇਲਨ ਵਿਚ ਸ਼ਾਮਲ ਹੋਣ ਦੀ ਇਨ੍ਹਾਂ ਭਾਈਆਂ ਦੀ ਰੁਚੀ ਕਿਵੇਂ ਬਣੀ। ਏਨਾ ਸਪਸ਼ਟ ਹੈ ਕਿ ਉਨ੍ਹਾਂ ਨੇ ਸੰਮੇਲਨ ਦੀ ਕਾਰਵਾਈ ਦਾ ਡੂੰਘਾ ਪ੍ਰਭਾਵ ਕਬੂਲਿਆ ਸੀ ਜਿਥੇ ਸਾਰਾ ਸਮਾਂ "ਹਿਜਰਤ ਸਵਾਲ" ਭਖਵੀਂ ਬਹਿਸ ਦਾ ਵਿਸ਼ਾ ਬਣਿਆ ਰਿਹਾ ਸੀ।

ਬਰਤਾਨਵੀ ਹਿੰਦੁਸਤਾਨ ਨੂੰ ਤਕਨੀਕੀ ਤੌਰ 'ਤੇ ਦਰ-ਅਲ-ਇਸਲਾਮ ਦਾ ਹਿੱਸਾ ਮੰਨਿਆ ਜਾਵੇ ਜਾਂ ਦਰ-ਅਲ-ਹਰਬ, ਭਾਵ ਜੰਗੀ ਖੇਤਰ, ਦਾ ਹਿੱਸਾ, ਇਹ ਵਿਸ਼ਾ ਮਹਿਜ਼

ਚਿਰੋਕਣੀ ਚਲੀ ਆਉਂਦੀ ਬਹਿਸ ਵਿਚ ਸੱਜਰਾ ਵਾਧਾ ਹੀ ਸੀ। ਜੇ ਮਾਮਲਾ ਮਗਰਲਾ ਹੈ ਤਾਂ ਫਰਜ਼ ਦੇ ਪਾਬੰਦ ਮੁਸਲਮਾਨਾਂ ਲਈ ਦੋ ਰਾਹਾਂ ਵਿੱਚੋਂ ਇਕ ਦੀ ਚੋਣ ਕਰਨ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਸੀ: ਉਥੇ ਹੀ ਟਿਕੇ ਰਹਿਣਾ ਅਤੇ ਕਾਫ਼ਿਰ ਰਾਜ ਦੇ ਖ਼ਿਲਾਫ਼ ਲੜਾਈ ਲੜਨਾ, ਜਾਂ ਇਸਲਾਮਿਕ ਪ੍ਰਭੂਸੱਤਾ ਸੰਪਨ ਖੇਤਰ ਵਿਚ ਜਾ ਵੱਸਣਾ ਅਤੇ ਸ਼ਾਇਦ (ਹਾਲਾਂਕਿ ਇਹ ਜ਼ਰੂਰੀ ਨਹੀਂ ਹੋਵੇਗਾ) ਉੱਥੋਂ ਲੜਾਈ ਸ਼ੁਰੂ ਕਰਨਾ।[33] ਅਫ਼ਗਾਨਿਸਤਾਨ ਦੇ ਅਮੀਰ ਅਮਾਨਉਲਾ ਖ਼ਾਨ ਵਲੋਂ ਜ਼ਮੀਨ ਅਤੇ ਰੋਟੀ-ਰੋਜ਼ੀ ਦੀ ਪੇਸ਼ਕਸ਼ ਤੋਂ ਉਤਸ਼ਾਹਤ ਹੋ ਕੇ ਤੀਹ ਹਜ਼ਾਰ ਦੇ ਕਰੀਬ ਗ਼ਰੀਬ ਮੁਸਲਮਾਨ ਉਸ ਨਵੀਂ ਥਾਂ ਜਾ ਵਸੇ। ਆਰਥਕ ਮੌਕਿਆਂ ਦੀ ਉਮੀਦ ਅਤੇ ਅਕੀਦੇ ਤੋਂ ਸਾਵੇਂ ਪ੍ਰੇਰਤ ਇਨ੍ਹਾਂ ਮੁਸਲਮਾਨਾਂ ਦੇ ਪੱਲੇ ਧਾੜਵੀਆਂ ਅਤੇ ਡਾਕੂਆਂ ਦੇ ਹੱਥੋਂ ਬਿਪਤਾਵਾਂ ਹੀ ਪੈਣਗੀਆਂ।[34] 1920 ਦੇ ਹੁਨਾਲ ਵਿਚ ਪੂਰੇ ਹਿੰਦੁਸਤਾਨ ਅੰਦਰ ਪੰਜ ਹਿਜਰਤ ਦਫ਼ਤਰ ਖੋਲ੍ਹੇ ਗਏ ਸਨ; ਸਿਰਫ਼ ਅਗਸਤ ਵਿਚ ਹੀ ਪੰਝੀ ਹਜ਼ਾਰ ਮੁਸਾਫ਼ਰਾਂ ਨੇ ਇੱਥੋਂ ਚਾਲੇ ਪਾਏ। ਸਮੁੱਚੇ ਸੱਠ ਹਜ਼ਾਰ ਵਿੱਚੋਂ ਦੋ-ਤਿਹਾਈ ਹਿੱਸਾ ਤਾਂ ਹਿੰਦੁਸਤਾਨ ਵਾਪਸ ਮੁੜ ਆਇਆ, ਅਤੇ ਹੋਰ ਬਹੁਤ ਸਾਰੇ ਪਿਸ਼ਾਵਰ ਤੋਂ ਕਾਬੁਲ ਨੂੰ ਜਾਂਦਿਆਂ ਰਸਤੇ ਵਿਚ ਹੀ ਮਰ-ਮੁੱਕ ਗਏ। ਜਿਹੜੇ ਬਚ ਗਏ ਉਨ੍ਹਾਂ ਵਿੱਚੋਂ ਬਹੁਤ ਸਾਰੇ ਕੇਂਦਰੀ ਏਸ਼ੀਆ ਜਾਂ ਔਟੋਮਨ ਖੇਤਰਾਂ ਵਿਚ ਖਿੰਡ-ਖੱਪਰ ਗਏ।[35]

ਇਕ ਥੋੜ੍ਹੀ ਜਿਹੀ ਗਿਣਤੀ ਹੀ ਸਾਡੀ ਕਥਾ ਦੇ ਪਾਤਰ *ਮੁਹਾਜਿਰੀਨ* ਬਣੇ।[36] ਇਨ੍ਹਾਂ ਵਿੱਚੋਂ ਇਕ ਸ਼ੌਕਤ ਉਸਮਾਨੀ ਦਾ ਵਿਸ਼ਵਾਸ ਸੀ ਕਿ ਭਾਵੇਂ *ਮੁਹਾਜਿਰੀਨ* ਦੇ ਹਜੂਮ ਦੀ ਮੂਲ ਪ੍ਰੇਰਨਾ ਜਾਂ ਤਾਂ ਧਾਰਮਿਕ ਸੀ ਜਾਂ ਆਰਥਕ ਰੀਝ, ਪਰ ਹਿਜਰਤ ਵਿਚ ਸ਼ਾਮਲ ਹੋਣ ਨੇ ਉਸ ਪੜ੍ਹੇ-ਲਿਖੇ ਹਿੱਸੇ ਨੂੰ "ਪਰਦੇਸ ਜਾਣ ਅਤੇ ਆਜ਼ਾਦੀ ਲਈ ਸੰਘਰਸ਼ ਵਿਚ ਹੋਰ ਮੁਲਕਾਂ ਵਲੋਂ ਅਖ਼ਤਿਆਰ ਕੀਤੇ ਢੰਗਾਂ ਦਾ ਅਧਿਐਨ ਕਰਨ" ਦਾ "ਮੌਕਾ" ਵੀ ਦਿੱਤਾ ਜੋ ਇੰਡੀਅਨ ਨੈਸ਼ਨਲ ਕਾਂਗਰਸ ਦੇ ਨਾਮਿਲਵਰਤਨ ਦੇ ਪ੍ਰੋਗਰਾਮ ਤੋਂ ਨਿਰਾਸ਼ ਸਨ। ਢੰਗ ਜੋ ਫਿਰ ਸੰਭਵ ਤੌਰ 'ਤੇ ਆਪਣੇ ਵਤਨ 'ਚ ਲਾਗੂ ਕੀਤੇ ਜਾ ਸਕਦੇ ਸਨ। ਉਨ੍ਹਾਂ ਨੂੰ ਜਾਪਦਾ ਸੀ ਕਿ ਨਾਮਿਲਵਰਤਣ ਨਾਲ *ਸਵਰਾਜ* ਨਹੀਂ ਆ ਸਕਦਾ। ਮੈਂ ਨਹੀਂ ਕਹਿ ਸਕਦੀ ਕਿ ਇਹ ਮਨੋਰਥ ਉਸ ਵਕਤ ਤੋਂ ਕਈ ਸਾਲ ਬਾਅਦ ਜਾ ਕੇ ਹੋਰ ਕਾਲ-ਖੰਡ 'ਚ ਉਨ੍ਹਾਂ ਨਾਲ ਜੋੜਿਆ ਗਿਆ ਜਦੋਂ ਰਫ਼ੀਕ ਅਹਿਮਦ ਆਪਣੀਆਂ ਯਾਦਾਂ ਲਿਖ ਰਿਹਾ ਸੀ। ਨਾ ਹੀ ਮੇਰੇ ਕੋਲ ਸਫ਼ਰ 'ਤੇ ਨਿਕਲਣ ਤੋਂ ਪਹਿਲਾਂ ਰਫ਼ੀਕ ਅਹਿਮਦ ਦੇ ਸਿਆਸੀ ਖ਼ਿਆਲਾਂ ਦੀ ਮਾਤਰਾ ਅਤੇ ਕਿਰਦਾਰ ਬਾਰੇ ਕੋਈ ਸਬੂਤ ਹੈ। ਕੁਝ ਵੀ ਹੋਵੇ, ਜ਼ਾਹਿਰ ਹੈ ਕਿ ਸੰਮੇਲਨ ਵਿਖੇ *ਹਿਜਰਤ* ਦੇ ਪੈਗ਼ਾਮ ਨੇ ਅਹਿਮਦ ਭਾਈਆਂ ਨੂੰ ਏਨਾ ਪ੍ਰਭਾਵਤ ਕੀਤਾ ਕਿ ਉਨ੍ਹਾਂ ਨੇ ਘਰ ਮੁੜਨ ਦੀ ਥਾਂ ਪੈਦਲ ਹੀ ਅਫ਼ਗਾਨਿਸਤਾਨ ਜਾਣ ਦਾ ਫ਼ੈਸਲਾ ਕਰ ਲਿਆ।

ਲਿਹਾਜ਼ਾ ਉਹ ਇਕ ਜਾਂ ਦੋ ਦੋਸਤਾਂ ਦੇ ਸੰਗ ਗੁੱਜਰਾਂਵਾਲਾ, ਰਾਵਲਪਿੰਡੀ, ਅਤੇ ਪਿਸ਼ਾਵਰ ਹੁੰਦੇ ਹੋਏ ਅਫ਼ਗਾਨ ਸਰਹੱਦ 'ਤੇ ਜਾ ਪਹੁੰਚੇ। ਉਥੇ ਸੀ.ਆਈ.ਡੀ. ਦੇ ਸ਼੍ਰੀ ਐਡਿਨ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ, ਉਨ੍ਹਾਂ ਦੀ ਤਲਾਸ਼ੀ ਲਈ ਅਤੇ ਪੁੱਛਗਿੱਛ ਕੀਤੀ ਪਰ ਉਨ੍ਹਾਂ ਕੋਲੋਂ ਕੁਝ ਵੀ "ਇਤਰਾਜ਼ਯੋਗ" ਨਹੀਂ ਮਿਲਿਆ। ਜਦਕਿ, ਰਫ਼ੀਕ ਨੇ ਯਾਦਾਂ 'ਚ ਲਿਖਿਆ: "ਅਸੀਂ ਉਸ ਨੂੰ ਸਾਫ਼-ਸਾਫ਼ ਦੱਸ ਦਿੱਤਾ ਕਿ ਅਸੀਂ ਅੰਗਰੇਜ਼ ਰਾਜ ਹੇਠ ਨਹੀਂ ਰਹਿਣਾ ਚਾਹੁੰਦੇ। ਉਸ ਨੇ ਸਾਨੂੰ ਕਿਹਾ ਕਿ ਤੁਸੀਂ ਆਜ਼ਾਦ ਹੋ। ਮੈਂ ਉਸ ਦਾ ਧਿਆਨ ਹੱਥਕੜੀਆਂ ਵੱਲ ਦਿਵਾਇਆ ਅਤੇ ਪੁੱਛਿਆ, 'ਇਹ ਕਿਹੋ ਜਹੀ ਆਜ਼ਾਦੀ ਹੈ ?' ਇਸ 'ਤੇ ਉਹ ਮੁਸਕਰਾ ਪਿਆ ਅਤੇ ਹੱਥਕੜੀਆਂ ਲਾਹੁਣ ਦਾ ਹੁਕਮ ਦੇ ਦਿੱਤਾ।"[37]

ਰਾਤ ਨੂੰ ਉਹ ਇਕ ਨੇੜਲੀ ਮਸੀਤ ਦੇ ਇਮਾਮ ਵਲੋਂ ਭੇਜੇ ਰਾਹ-ਦਰਸਾਵੇ ਨੂੰ ਨਾਲ ਲੈ

ਕੇ ਚੋਰੀ-ਛਿਪੇ ਕੰਡਿਆਲੀ ਵਾੜ ਟੱਪ ਗਏ ਅਤੇ ਸਰਹੱਦ ਲਾਗੇ ਇਕ ਸਰਾਂ ਵਿਚ ਰਾਤ ਗੁਜ਼ਾਰੀ। ਇਕ ਪਹਿਰੇਦਾਰ ਨੇ ਉਨ੍ਹਾਂ ਨੂੰ ਉਹ ਜਗ੍ਹਾ ਦੱਸੀ ਜਿਥੇ ਅੰਗਰੇਜ਼ ਅਤੇ ਅਫ਼ਗਾਨ ਤਾਕਤਾਂ ਇਕ ਦੂਜੀ ਦੇ ਆਹਮਣੇ ਸਾਹਮਣੇ ਮੌਜੂਦ ਸਨ। ਰਫ਼ੀਕ ਨੇ ਨੋਟ ਕੀਤਾ ਕਿ ਉਥੇ ਨਾਕਿਆਂ ਵਾਲੇ ਤਿੰਨ ਰਸਤੇ ਸਨ ਜਿਥੇ ਪੁੱਛਗਿੱਛ ਕੀਤੀ ਜਾਂਦੀ ਸੀ। ਅੰਗਰੇਜ਼ ਰਾਜ ਵਾਲੇ ਪਾਸੇ ਤਾਂ ਪੱਕੀ ਸੜਕ, ਕਰੰਟ ਵਾਲੀਆਂ ਤਾਰਾਂ ਅਤੇ ਹਥਿਆਰਾਂ ਨਾਲ ਲੈਸ ਪਹਿਰੇਦਾਰ ਸਨ, ਪਰ ਅਫ਼ਗਾਨ ਵਾਲੇ ਪਾਸੇ ਇਕ ਤੰਬੂ ਅਤੇ ਖਸਤਾ ਹਾਲ ਕਸਟਮ ਚੌਕੀਆਂ ਵਾਲਾ ਕੱਚਾ ਪਹਿਆ ਹੀ ਸੀ। ਇਹ ਦੇਖਕੇ, ਇਨ੍ਹਾਂ ਭਾਈਆਂ ਦੇ ਮਨ ਵਿਚ ਆਪਣੇ ਅਖੌਤੀ ਸਰਪ੍ਰਸਤਾਂ ਬਾਰੇ ਸ਼ੱਕ ਪੈਦਾ ਹੋ ਗਏ। ਪਰ ਇਕ ਮੁਰਝਾਏ ਚਿਹਰੇ ਵਾਲੇ ਅਬਦੁੱਲ ਰਹਿਮਾਨ ਨਾਂ ਦੇ ਸਥਾਨਕ ਆਦਮੀ ਨੇ ਉਨ੍ਹਾਂ ਦੇ ਤੌਖਲੇ ਤਾੜਕੇ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ "ਜੰਗ ਵਿਚ ਅੰਦਰੂਨੀ ਦ੍ਰਿੜਤਾ ਅਹਿਮ ਹੁੰਦੀ ਹੈ ਨਾ ਕਿ ਸ਼ਾਨੋ-ਸ਼ੌਕਤ।"[38] ਉਨ੍ਹਾਂ ਦਾ ਅਗਲਾ ਪੜਾਅ ਢਾਕਾ ਸੀ, ਜਿਥੇ ਇਕ ਆਹਲਾ ਅਫ਼ਸਰ ਨੇ ਉਨ੍ਹਾਂ ਨੂੰ ਮਸ਼ਵਰਾ ਦਿੱਤਾ ਕਿ *ਰਮਦਾਨ* ਬਰੂਹਾਂ 'ਤੇ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਅਗਲੇ "ਲੰਮੇ ਤੇ ਬਿਖੜੇ ਪੈਂਡੇ" ਕਾਰਨ ਰੋਜ਼ੇ ਨਹੀਂ ਰੱਖਣੇ ਚਾਹੀਦੇ; ਤੇ ਇੱਥੋਂ ਉਹ ਜਲਾਲਾਬਾਦ ਅੱਪੜ ਗਏ, ਜਿਥੇ ਰਫ਼ੀਕ ਤਾਜ਼ਾ ਅੰਗਰੇਜ਼-ਅਫ਼ਗਾਨ ਜੰਗ ਵਿਚ ਅੰਗਰੇਜ਼ ਬੰਬਾਰੀ ਵਲੋਂ ਕੀਤੀ ਤਬਾਹੀ ਦੇਖਕੇ ਸੁੰਨ ਹੋ ਗਿਆ; ਅਤੇ ਆਖ਼ਿਰ ਉਹ ਕਾਬੁਲ ਜਾ ਪਹੁੰਚੇ।

ਉਥੇ ਅਮੀਰ ਦੀ "ਭਾਵੁਕ ਅਤੇ ਜ਼ਬਰਦਸਤ ਤਕਰੀਰ" ਨੇ ਹੁਣ ਤੱਕ ਦੇ ਉਨ੍ਹਾਂ ਦੇ ਸਫ਼ਰ ਦੀਆਂ ਔਕੜਾਂ ਲਈ ਹਮਦਰਦੀ ਜ਼ਾਹਿਰ ਕਰਦਿਆਂ ਅਤੇ ਦਾਅਵੇ ਕਰਦਿਆਂ ਉਨ੍ਹਾਂ ਦਾ ਸਵਾਗਤ ਕੀਤਾ। ਰਫ਼ੀਕ ਨੂੰ ਉਸ ਦੇ ਦਾਅਵੇ ਵੱਡੇ-ਵੱਡੇ ਸ਼ੱਕੀ ਗਪੌੜ ਲੱਗੇ ਜਿਵੇਂ ਉਸ ਦਾ ਇਹ ਹਲਫ਼ ਕਿ "ਅਮੀਰ ਦੀ ਤਲਵਾਰ ਓਦੋਂ ਤੱਕ ਮਿਆਨ ਵਿਚ ਨਹੀਂ ਜਾਵੇਗੀ" ਜਦੋਂ ਤੱਕ ਖ਼ਿਲਾਫ਼ਤ-ਏ-ਉਸਮਾਨ ਦੀ ਦੁਬਾਰਾ ਸਥਾਪਨਾ ਨਹੀਂ ਹੋ ਜਾਂਦੀ। ਪਰ ਉਨ੍ਹਾਂ ਨੂੰ ਪੱਛਮ ਵੱਲ ਤੋਰਨ ਦੀ ਥਾਂ, ਉਸ ਨੇ ਉਨ੍ਹਾਂ ਨੂੰ ਜ਼ਮੀਨ ਤੇ ਨੌਕਰੀ ਦੀ ਪੇਸ਼ਕਸ਼ ਹੀ ਦੁਹਰਾਈ। ਉਨ੍ਹਾਂ ਦਾ ਜਵਾਬ ਸੀ ਉਹ "ਜ਼ਮੀਨ ਤੇ ਨੌਕਰੀ ਦੀ ਝਾਕ 'ਚ ਨਹੀਂ ਸਗੋਂ **ਜਿਹਾਦ** ਦੀ ਖ਼ਾਤਰ ਆਏ ਸਨ (ਹੂ-ਬ-ਹੂ ਸ਼ਬਦ)।"[39]

ਫਿਰ ਵੀ, ਉਨ੍ਹਾਂ ਨੂੰ ਕਾਬੁਲ ਤੋਂ ਚਾਲੀ ਮੀਲ ਦੂਰ ਵਸੀ ਬਸਤੀ ਜਬਲ-ਉਸ-ਸਿਰਾਜ ਭੇਜਿਆ ਗਿਆ, ਜਿਸ ਦੀ ਤਸਵੀਰ ਉਸਮਾਨੀ ਨੇ ਇਸ ਤਰ੍ਹਾਂ ਬਿਆਨ ਕੀਤੀ: ਇਹ ਤਿੰਨ ਪਾਸਿਓਂ ਪਹਾੜਾਂ 'ਚ ਘਿਰੀ ਪੰਜ ਕੁ ਸੌ ਘਰਾਂ ਵਾਲੀ, ਬਦਾਮਾਂ ਅਤੇ ਅੰਗੂਰਾਂ ਦੇ ਬਾਗ਼ਾਂ ਨਾਲ ਭਰਪੂਰ ਮਨੋਹਰ ਹਰੀ-ਭਰੀ ਘਾਟੀ ਸੀ। *ਮੁਹਾਜਿਰੀਨ* ਨੂੰ ਉਥੇ ਇਕ ਮਹਿਮਾਨਖ਼ਾਨੇ ਵਿਚ ਰਹਿਣ ਲਈ ਕਿਹਾ ਗਿਆ ਜਿਥੇ ਇਕ ਮੈਨਸ਼ਵਿਕ ਸ਼ਰਨਾਰਥੀ ਟੱਬਰ ਰਹਿ ਰਿਹਾ ਸੀ। ਦੋ ਮਹੀਨੇ "ਸ਼ਾਹੀ ਪ੍ਰਾਹੁਣੇ' ਰਹਿਣ ਪਿੱਛੋਂ ਉਨ੍ਹਾਂ ਨੇ ਆਪਣੇ ਨਵੇਂ ਘਰ ਵਿਚ ਆ ਕੇ ਆਪਣੇ ਕਿੱਤਿਆਂ ਦੀ ਚੋਣ ਕਰਨੀ ਸੀ; ਉਨ੍ਹਾਂ ਅੱਗੇ ਯੂਨੀਵਰਸਿਟੀਆਂ ਜਾਂ ਫ਼ੌਜ ਵਿਚ ਜਾਣ ਦੀ ਪੇਸ਼ਕਸ਼ ਖੁੱਲ੍ਹੀ ਸੀ।[40] ਇਸੇ ਦੌਰਾਨ, ਜਦੋਂ ਉਹ ਇੰਤਜ਼ਾਰ ਕਰ ਰਹੇ ਸਨ, ਉਨ੍ਹਾਂ ਨੇ ਅਕਬਰ ਖ਼ਾਨ ਕੁਰੈਸ਼ੀ ਨੂੰ ਪ੍ਰਧਾਨ ਲੈ ਕੇ ਇਕ "ਜਲਾਵਤਨ ਕਮੇਟੀ" ਚੁਣੀ, ਜੋ ਉਸਮਾਨੀ ਮੁਤਾਬਿਕ "ਅਸਾਧਾਰਨ ਕਾਬਲੀਅਤ ਅਤੇ ਨਿਹਚਾ ਵਾਲਾ ਬੰਦਾ" ਸੀ। ਇਸ ਕਮੇਟੀ ਦੀ ਮਦਦ ਨਾਲ ਉਨ੍ਹਾਂ ਨੇ ਆਪਣੇ ਵਿੱਚੋਂ ਸਾਬਕਾ ਫ਼ੌਜੀਆਂ ਦੀ ਮਾਹਰ ਰਾਹਨੁਮਾਈ ਹੇਠ, ਖੇਡਾਂ ਅਤੇ ਹੋਰ ਸਰਗਰਮੀਆਂ ਜਥੇਬੰਦ ਕੀਤੀਆਂ। ਜਿਨ੍ਹਾਂ ਵਿਚ ਕਵਾਇਦ ਅਤੇ ਡੰਡਿਆਂ ਨੂੰ ਅਭਿਆਸ ਕਰਨ ਵਾਲੀਆਂ ਰਫ਼ਲਾਂ ਵਜੋਂ ਲੈ ਕੇ ਫ਼ੌਜੀ ਅਭਿਆਸ ਕਰਨਾ ਸ਼ਾਮਲ ਸੀ।[41] ਦਰਅਸਲ, ਉਹ ਐਨੇ ਪ੍ਰਬੀਨ ਲੱਗਦੇ ਪਏ ਸਨ ਕਿ ਅਫ਼ਗਾਨ ਫ਼ੌਜ ਨੇ ਉਨ੍ਹਾਂ ਨੂੰ ਸਿੱਧਾ ਹੀ ਫ਼ੌਜ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਪਰ ਫ਼ੌਜ ਹਿੰਦੁਸਤਾਨ ਦੇ

ਉਤਰ-ਪੱਛਮੀ ਸਰਹੱਦ ਪਾਰਲੇ ਅਫ਼ਗਾਨ ਖੇਤਰ ਤੋਂ ਅੰਗਰੇਜ਼ ਰਾਜ ਦੇ ਖ਼ਿਲਾਫ਼ ਜੰਗ ਵਿੱਢਣ ਦੀ ਉਨ੍ਹਾਂ ਦੀ ਖ਼ਾਹਸ਼ ਨੂੰ ਪ੍ਰਵਾਨ ਨਹੀਂ ਕਰੇਗੀ, ਉਸਮਾਨੀ ਅਨੁਸਾਰ ਜੋ *ਮੁਹਾਜਿਰੀਨ* ਦੇ ਭਵਿੱਖ-ਨਕਸ਼ੇ ਤੋਂ ਅਸਲ ਮੁੱਦਾ ਸੀ।[42] ਉਨ੍ਹਾਂ ਨੇ ਨਾਂਹ ਕਰ ਦਿੱਤੀ।

1920 ਦੀ ਹੁਨਾਲ 'ਚ, ਜਬਲ-ਉਸ-ਸਿਰਾਜ਼ ਵਿਖੇ 180 *ਮੁਹਾਜਿਰੀਨ* ਸਨ। ਸਾਡੇ ਦੋ ਕਥਾਕਾਰ ਪਹਿਲੇ ਕਾਰਵਾਂ ਵਿੱਚੋਂ ਸਨ। ਰਫ਼ੀਕ ਸਾਨੂੰ ਦੱਸਦਾ ਹੈ ਕਿ ਜਦੋਂ ਉਨ੍ਹਾਂ ਦੇ ਕਾਬੁਲ ਪਹੁੰਚਣ ਦੀ ਖ਼ਬਰ ਹਿੰਦੁਸਤਾਨ ਪੁੱਜੀ, ਇਸ ਨਾਲ ਇਸ ਮਨੋਰਥ ਤਹਿਤ ਹਿੰਦੁਸਤਾਨ ਛੱਡਣ ਲਈ ਤੱਤਪਰ ਮੁਸਲਮਾਨਾਂ ਦਾ ਹੜ੍ਹ ਆ ਗਿਆ। ਪਰ ਜਿਉਂ-ਜਿਉਂ ਉਨ੍ਹਾਂ ਦੀ ਤਾਦਾਦ ਵਧੀ ਉਸੇ ਤਰ੍ਹਾਂ ਉਨ੍ਹਾਂ ਦੀ ਬੇਚੈਨੀ ਵਧਦੀ ਗਈ, ਅਤੇ ਇਕ ਅਫ਼ਗਾਨ ਸੁਲਤਾਨ ਦੀ ਜ਼ਾਹਰਾ ਅੜਿੱਕੇਬਾਜ਼ੀ ਨਾਲ ਉਨ੍ਹਾਂ ਦਾ ਭਰਮ ਦੂਰ ਹੋ ਗਿਆ ਜਿਸ ਦਾ ਉਨ੍ਹਾਂ ਦੀ ਤਲਾਸ਼ ਨੂੰ ਸੁਖ਼ਾਲਾ ਬਣਾਉਣ ਦਾ ਕੋਈ ਇਰਾਦਾ ਨਹੀਂ ਸੀ ਜਾਪਦਾ।[43] ਦਿੱਲੀ ਤੋਂ ਰਫ਼ੀਕ ਦੇ ਹਮਸਫ਼ਰ ਮੁਹੰਮਦ ਖ਼ਾਨ ਦੇ ਜ਼ਬਰਦਸਤ ਅੰਦਾਜ਼-ਏ-ਬਿਆਨ ਅਨੁਸਾਰ, "ਤੁਸੀਂ ਭਾਵੇਂ ਸਾਨੂੰ ਤੋਪਾਂ ਦੇ ਮੂੰਹਾਂ ਅੱਗੇ ਬੰਨ੍ਹ ਦਿਓ, ਭਾਵੇਂ ਹਾਥੀਆਂ ਦੇ ਪੈਰਾਂ ਨਾਲ ਨੂੜ ਦਿਓ, ਪਰ ਅਸੀਂ *[ਜਬਲ-ਉਸ-ਸਿਰਾਜ]* ਨਹੀਂ ਜਾਣਾ।" ਜਦੋਂ ਉਸ ਨੂੰ ਅਚਾਰੀਆ, ਉਸ ਦੇ ਸਾਥੀ ਅਬਦੁਰ ਰਾਬ, ਅਤੇ ਆਰਜ਼ੀ ਹਕੂਮਤ-ਏ-ਹਿੰਦ ਦੇ ਅਧਿਕਾਰੀ ਮੌਲਾਨਾ ਅਬਦੁੱਲਾ ਸਿੰਧੀ ਨਾਲ ਰੂਸੀ ਕੌਂਸਲਖ਼ਾਨੇ ਵਿਖੇ ਚਾਹ ਦਾ ਸੱਦਾ ਆਇਆ ਤਾਂ ਉਨ੍ਹਾਂ ਦੀ ਮਨੋ-ਅਵਸਥਾ ਇਹ ਸੀ।

ਰਾਬ ਪਿਸ਼ਾਵਰੀ ਵਿਦਵਾਨ ਸੀ ਜੋ ਜੰਗ ਦੇ ਆਗਾਜ਼ ਸਮੇਂ ਬਗ਼ਦਾਦ ਵਿਖੇ ਅੰਗਰੇਜ਼ ਸਫ਼ਾਰਤਖ਼ਾਨੇ ਵਿਚ ਕੰਮ ਕਰਦਾ ਰਿਹਾ ਸੀ। ਜਦੋਂ ਤੁਰਕੀ ਨੇ ਜਰਮਨੀ ਦੇ ਹੱਕ 'ਚ ਖੜ੍ਹਨ ਦਾ ਐਲਾਨ ਕਰ ਦਿੱਤਾ, ਅਤੇ ਅੰਗਰੇਜ਼ਾਂ ਨੇ ਇਹ ਸ਼ਹਿਰ ਛੱਡ ਦਿੱਤਾ, ਉਹ ਇਸ ਆਸ ਨਾਲ ਉਸ ਨੂੰ ਉਥੇ ਛੱਡ ਗਏ ਕਿ ਉਨ੍ਹਾਂ ਨੂੰ ਆਪਣੀ ਮੁਸਲਿਮ ਹੈਸੀਅਤ ਦਾ ਫ਼ਾਇਦਾ ਉਠਾ ਕੇ ਖ਼ੁਫ਼ੀਆ ਜਾਣਕਾਰੀ ਭੇਜਦਾ ਰਹੇਗਾ।[44] ਪਰ ਇਸ ਦੀ ਥਾਂ ਉਸ ਨੇ ਆਪਣੀ ਹੋਣੀ ਉਨ੍ਹਾਂ ਦੇ ਦੁਸ਼ਮਣਾਂ ਦੇ ਹਵਾਲੇ ਕਰ ਦਿੱਤੀ। ਜੰਗ ਤੋਂ ਪਿੱਛੋਂ ਉਹ ਪਹਿਲਾਂ ਅੰਕਾਰਾ, ਤੇ ਫਿਰ ਕਾਬੁਲ ਚਲਾ ਗਿਆ। 1919 'ਚ ਉਹ ਬਰਕਤਉੱਲਾ ਦੇ ਨਾਲ ਕਾਬੁਲ ਤੋਂ ਮਾਸਕੋ ਗਿਆ। ਅੰਸਾਰੀ ਅਨੁਸਾਰ, "*[ਰਾਬ]* ਨੇ *[ਹਿੰਦੁਸਤਾਨੀ ਕਾਜ ਲਈ]* ਬਾਲਸ਼ਵਿਕਾਂ ਦੀ ਮਦਦ ਲੈਣ 'ਚ ਹੀ ਨਹੀਂ ਸਗੋਂ *ਮੁਹਾਜਿਰੀਨ* ਦੀ ਸੁਤਾਅ ਸੋਵੀਅਤ ਪ੍ਰਬੰਧ ਵੱਲ ਲਾਉਣ 'ਚ ਵੀ ਵੱਡੀ ਭੂਮਿਕਾ ਨਿਭਾਉਣੀ ਸੀ।"[45] ਜਦਕਿ, ਜਦੋਂ ਬਾਲਸ਼ਵਿਕਾਂ ਨੇ ਦੇਖਿਆ ਕਿ ਉਸ ਦੀ (ਅਤੇ ਉਨ੍ਹਾਂ *ਮੁਹਾਜਿਰੀਨ* ਦੀ ਜੋ ਰਾਏ ਦੀ ਬਜਾਏ ਉਸ ਦੇ ਧੜੇ ਵੱਲ ਖਿੱਚੇ ਗਏ) ਸਿਆਸਤ ਤਾਂ ਮੂਲੋਂ ਹੀ ਸੋਸ਼ਲਿਸਟਾਂ ਤੋਂ ਵੀ ਵਧੇਰੇ ਕੌਮਪ੍ਰਸਤ ਹੈ ਤਾਂ ਅਬਦਰ ਰਾਬ ਨਾਲ ਉਨ੍ਹਾਂ ਦੇ ਰਿਸ਼ਤਿਆਂ 'ਚ ਨਿੱਘ ਨਾ ਰਿਹਾ; ਸਵੈ-ਸਜੇ ਅੱਵਲ ਕਮਿਊਨਿਸਟ ਰਾਏ ਨੇ ਰਾਬ ਨੂੰ ਢਿੱਡੋਂ ਸਰਬ-ਇਸਲਾਮਵਾਦੀ ਅਤੇ/ਜਾਂ ਰਾਸ਼ਟਰਵਾਦੀ ਕਹਿਕੇ ਰੱਦ ਕਰ ਦਿੱਤਾ। 1920ਵਿਆਂ ਦੇ ਅੱਧ 'ਚ ਰਾਬ ਤੁਰਕੀ ਜਾ ਵਸਿਆ, ਜਿਥੇ ਉਸ ਨੇ ਹਿੰਦੁਸਤਾਨੀ ਸਿਆਸੀ ਸਰਗਰਮੀਆਂ ਤੋਂ ਵਿੱਥ ਬਣਾ ਲਈ, ਇਕ ਤੁਰਕਣ ਔਰਤ ਨਾਲ ਵਿਆਹ ਕਰਾ ਲਿਆ ਅਤੇ ਆਖ਼ਿਰ ਚੱਲ ਵਸਿਆ।[46]

ਫਿਰ ਵੀ, 1920 'ਚ ਰਾਬ ਅਤੇ ਅਚਾਰੀਆ ਕਾਬੁਲ ਵਿਚ ਹਿੰਦੁਸਤਾਨੀਆਂ ਨੂੰ ਜਥੇਬੰਦ ਕਰਨ ਵਾਲਾ ਧੁਰਾ ਸਨ, ਘੱਟੋਘੱਟ ਓਦੋਂ ਤੱਕ ਜਦ ਤੱਕ ਉਨ੍ਹਾਂ ਦੀ ਦਾਅਪੇਚਾਂ ਦੇ ਸਵਾਲ 'ਤੇ ਅਬਦੁੱਲਾ ਅਤੇ ਬਰਕਤਉੱਲਾ ਨਾਲ ਅਣਬਣ ਨਹੀਂ ਹੋ ਗਈ। ਮਗਰਲੇ ਦੋਵੇਂ ਬਹੁਤ ਖ਼ਿਆਲ ਰੱਖਕੇ ਚੱਲਦੇ ਸਨ ਕਿ ਅੰਗਰੇਜ਼ਾਂ ਨੂੰ ਉਨ੍ਹਾਂ ਦੀਆਂ ਸਰਗਰਮੀਆਂ ਦਾ ਪਤਾ ਨਾ ਲੱਗੇ, ਉਹ ਉਥੇ ਸੋਵੀਅਤ ਨੁਮਾਇੰਦਿਆਂ ਨਾਲ ਬਹੁਤ ਜ਼ਿਆਦਾ ਖੁੱਲ੍ਹਕੇ ਕੰਮ ਕਰਦਿਆਂ ਅਫ਼ਗਾਨ

ਮੇਜ਼ਬਾਨਾਂ ਨਾਲ ਵਿਗਾੜਨੀ ਨਹੀਂ ਸੀ ਚਾਹੁੰਦੇ, ਜਦਕਿ ਰਾਬ ਅਤੇ ਅਚਾਰੀਆ ਅੰਗਰੇਜ਼ਾਂ ਦੀ ਵਧੇਰੇ ਸ਼ਰੇਆਮ ਵਿਰੋਧਤਾ ਕਰਨ ਦੇ ਹੱਕ 'ਚ ਸਨ ਚਾਹੇ ਇਹ ਅਫ਼ਗਾਨਾਂ ਨੂੰ ਕਬੂਲ ਹੋਵੇ ਜਾਂ ਨਾ।[47] ਲਿਹਾਜ਼ਾ ਜੋ ਸਮਝੌਤਾ ਕਰਨ ਦੇ ਸਖ਼ਤ ਖ਼ਿਲਾਫ਼ ਸਨ ਉਹ ਫਰਵਰੀ 1920 'ਚ ਆਪਣੀ ਹੁਣੇ ਜਹੇ ਬਣਾਈ ਇਨਕਲਾਬ-ਏ-ਹਿੰਦ ਐਸੋਸੀਏਸ਼ਨ ਨੂੰ ਲੈ ਕੇ ਕੁਝ ਹੋਰ "ਸਮਾਜਵਾਦੀ ਖ਼ਿਆਲਾਂ ਦੇ ਸਾਥੀ ਜਲਾਵਤਨੀਆਂ ਨਾਲ" ਤਾਸ਼ਕੰਦ ਚਲੇ ਗਏ। ਉਨ੍ਹਾਂ ਦੀ ਮੈਂਬਰਸ਼ਿਪ ਜੋ ਸ਼ੁਰੂ 'ਚ 27 ਸੀ, ਮਾਰਚ ਤਕ 115 ਹੋ ਗਈ ਸੀ; ਉਨ੍ਹਾਂ ਨੇ 7 ਡੈਲੀਗੇਟ ਬਾਕੂ ਭੇਜੇ ਅਤੇ ਹਿੰਦੁਸਤਾਨੀਆਂ ਨੂੰ ਰੂਸੀ ਇਨਕਲਾਬ ਬਾਰੇ ਜਾਣਕਾਰੀ ਦੇਣ ਲਈ ਸਮੱਗਰੀ ਛਾਪੀ।[48]

ਰਵਾਨਾ ਹੋਣ ਤੋਂ ਪਹਿਲਾਂ ਉਨ੍ਹਾਂ ਨੇ *ਮੁਹਾਜਿਰੀਨ* ਅੱਗੇ ਤਜਵੀਜ਼ ਰੱਖੀ: ਸਾਡੇ ਨਾਲ ਰੂਸ ਚੱਲੋ, "ਜਿਥੇ ਇਕ ਮਹਾਨ ਇਨਕਲਾਬ ਹੋ ਗਿਆ ਹੈ ਅਤੇ ਹਕੂਮਤ ਕਿਰਤੀਆਂ ਦੇ ਹੱਥਾਂ ਵਿਚ ਹੈ। ਉਥੇ ਜਾ ਕੇ ਤੁਸੀਂ ਬੜਾ ਕੁਝ ਦੇਖ ਸਕਦੇ ਹੋ ਅਤੇ ਬੜਾ ਕੁਝ ਸਿੱਖ ਸਕਦੇ ਹੋ।" ਹੁਣ *ਮੁਹਾਜਿਰੀਨ* ਕੀ ਕਰਨ ? ਇਕ ਗੱਲ ਪੱਕੀ ਹੈ ਕਿ ਰਫ਼ੀਕ ਉਸ ਤਜਵੀਜ਼ ਤੋਂ ਪ੍ਰਭਾਵਿਤ ਸੀ, ਉਹ ਦੱਸਦਾ ਹੈ: "ਅਸੀਂ ਇਨਕਲਾਬ ਦੀ ਇਸ ਜ਼ਮੀਨ 'ਤੇ ਛੇਤੀ ਤੋਂ ਛੇਤੀ ਪਹੁੰਚਣਾ ਚਾਹੁੰਦੇ ਸੀ।" ਨਿਸ਼ਚੇ ਹੀ ਇਹ ਸੰਭਵ ਲੱਗਦਾ ਹੈ ਕਿ ਪਿਛਲ-ਝਾਤ ਮਾਰਕੇ ਲਿਖਦਿਆਂ ਉਹ ਵੀ ਆਪਣੀ ਖੱਬੇਪੱਖੀ ਸੋਚ-ਬਦਲੀ ਨੂੰ ਪਹਿਲਾਂ ਹੀ ਮਿੱਥਕੇ ਚੱਲ ਰਿਹਾ ਹੈ। ਦੂਜੇ ਪਾਸੇ, ਇਹ ਸੰਭਵ ਹੈ ਕਿ ਸਾਧਨ ਚਾਹੇ ਕੋਈ ਵੀ ਹੋਵੇ ਇਨਕਲਾਬੀ ਰੂਸ ਵਿਚ ਉਸ ਦੀ ਦਿਲਚਸਪੀ ਅਤੇ ਹਿਜਰਤ ਲਹਿਰ ਪ੍ਰਤੀ ਉਸਦੀ ਖਿੱਚ ਸਮਾਜੀ ਨਿਆਂ ਪ੍ਰਤੀ ਉਸ ਦੇ ਝੁਕਾਅ ਦੇ ਸਾਵੇਂ ਇਜ਼ਹਾਰ ਸਨ।

ਉਸਮਾਨੀ ਦਾ ਮੰਨਣਾ ਹੈ ਕਿ ਇਸ ਮੁੱਢਲੇ ਪੜਾਅ 'ਤੇ ਘਾਟੀ ਵਿਚ ਜਾ ਕੇ ਰਹਿਣ ਵਾਲਿਆਂ ਦੇ ਖ਼ਿਆਲ ਕਈ ਤਰ੍ਹਾਂ ਦੇ ਸਨ। ਉਸ ਨੇ ਦੱਸਿਆ, ਜ਼ਿਆਦਾਤਰ ਨੂੰ ਤਾਂ ਕਾਫ਼ਿਰ ਰਾਜ ਹੇਠਲੇ ਹਿੰਦੁਸਤਾਨ ਨੂੰ ਤਿਆਗ ਦੇਣ ਦੇ ਆਪਣੇ ਮਕਸਦ ਨਾਲ ਹੀ ਤਸੱਲੀ ਸੀ ਅਤੇ ਉਹ ਕਾਬੁਲ ਵਿਚ ਹੀ ਟਿਕੇ ਰਹਿਣ ਨਾਲ ਸੰਤੁਸ਼ਟ ਹੋ ਜਾਣਗੇ। ਪਰ ਉਸਮਾਨੀ ਦੇ ਖ਼ਿਆਲ ਅਨੁਸਾਰ, ਕੁਝ "ਜਨੂੰਨੀ" ਅਨਾਤੋਲੀਆ ਜਾ ਕੇ ਖ਼ਲੀਫ਼ਾ ਦੇ ਹੱਕ 'ਚ ਲੜਨ ਲਈ ਬਜ਼ਿੱਦ ਸਨ। ਆਖ਼ਿਰ, ਤਕਰੀਬਨ ਚਾਲੀਆਂ ਕੁ ਦਾ ਇਕ ਮਜ਼ਬੂਤ ਧੜਾ ਸੀ, ਜਿਸ ਨੂੰ ਉਸਮਾਨੀ "ਪਰਖੇ ਹੋਏ ਸ਼ਖਸ" ਕਹਿੰਦਾ ਹੈ "ਜਿਨ੍ਹਾਂ ਦੇ ਸੀਨੇ ਦੇਸ਼ਭਗਤੀ ਦੇ ਜੋਸ਼ ਨਾਲ ਲਟ-ਲਟ ਬਲ ਰਹੇ ਸਨ।" ਉਸ ਨੇ ਲਿਖਿਆ, "ਉਨ੍ਹਾਂ ਦੀਆਂ ਜੋਦੜੀਆਂ ਆਜ਼ਾਦੀ ਲਈ ਜੋਦੜੀਆਂ ਸਨ। ਮੁਕਤੀ ਮਾਂ ਤੋਂ ਬਿਨਾ ਉਨ੍ਹਾਂ ਦੀ ਹੋਰ ਕਿਸੇ ਵਿਚ ਸ਼ਰਧਾ ਨਹੀਂ ਸੀ।" ਇਹ ਕਮਿਊਨਿਸਟ *ਮੁਹਾਜਿਰੀਨ* ਬਣਨਗੇ।

ਅੱਸੀ ਬੰਦਿਆਂ ਨੇ ਪੇਸ਼ਕਸ਼ ਕਬੂਲ ਕਰ ਲਈ ਅਤੇ ਉਨ੍ਹਾਂ ਨੇ ਅਮਾਨਉਲਾ ਖ਼ਾਨ ਨੂੰ ਗੁਜ਼ਾਰਿਸ਼ ਲਿਖ ਭੇਜੀ ਕਿ ਉਨ੍ਹਾਂ ਨੂੰ ਅਨਾਤੋਲੀਆ ਲਈ ਰਵਾਨਾ ਹੋਣ ਦਿੱਤਾ ਜਾਵੇ। ਭਾਵੇਂ ਅਮੀਰ ਨੇ ਤੋੜਕੇ ਜਵਾਬ ਦੇ ਦਿੱਤਾ ਕਿ "ਬਿਨਾ ਇਜਾਜ਼ਤ ਜਾਣ ਵਾਲੇ ਨੂੰ ਗੋਲੀ ਮਾਰ ਦਿੱਤੀ ਜਾਵੇਗੀ," ਉਨ੍ਹਾਂ ਨੇ ਆਪਣਾ ਸਮਾਨ ਬੰਨ੍ਹ ਲਿਆ ਅਤੇ ਜੁੰਮੇ ਦੇ ਦਿਨ ਨਮਾਜ ਪੜ੍ਹਕੇ ਇਕ ਵੱਡਾ ਕਾਫ਼ਲਾ ਬਣਾਕੇ ਇਕ ਕਮਾਂਡਰ ਦੇ ਮਗਰ ਨਿਕਲ ਤੁਰੇ ਜਿਸ ਨੇ "ਆਪਣੇ ਹੱਥ ਵਿਚ ਕਾਲਾ ਝੰਡਾ ਚੁੱਕਿਆ ਹੋਇਆ ਸੀ" ਅਤੇ ਉਹ **ਅੱਲਾ-ਹੂ-ਅਕਬਰ** (ਹੂ-ਬ-ਹੂ ਇਹੀ ਬੋਲ) ਦੇ ਨਾਅਰੇ ਮਾਰਦੇ ਅੱਗੇ ਵੱਧਦੇ ਗਏ।"[49] ਉਹ ਸਿੱਧੀ ਚੜ੍ਹਾਈ ਵਾਲੀ ਪੰਜਸ਼ੀਰ ਘਾਟੀ ਵੱਲ ਵਧੇ। ਉਸਮਾਨੀ ਨੇ ਬਿਆਨ ਕੀਤਾ ਹੈ ਕਿ ਉਨ੍ਹਾਂ ਨੇ ਆਪਣੇ ਵਿੱਚੋਂ ਵੱਧ ਲੰਮੇ ਆਦਮੀ ਮਗਰ ਕਤਾਰ ਬਣਾਕੇ, ਅਗਲੇ ਬੰਦਿਆਂ ਦੇ ਮੋਢਿਆਂ ਨੂੰ ਫੜ੍ਹਕੇ ਅਤੇ ਲੱਕ ਨਾਲ ਪੱਗਾਂ ਬੰਨ੍ਹਕੇ ਤੇਜ਼ ਰਫ਼ਤਾਰ, ਬਰਫ਼ੀਲੇ ਪਹਾੜੀ ਨਾਲੇ ਪਾਰ ਕੀਤੇ; ਇਕ ਘੋੜਾ ਤਾਂ ਸਣੇ ਸਮਾਨ ਇਥੇ ਹੀ ਹੜ੍ਹ ਗਿਆ ਸੀ।[50] ਪਹਾੜਾਂ ਵਿਚ ਛੇਤੀ ਹੀ ਉਹ ਔਝੜੇ ਰਾਹ ਪੈ ਗਏ, ਪਰ ਕਿਵੇਂ ਨਾ ਕਿਵੇਂ – ਉਸਮਾਨੀ ਅਨੁਸਾਰ

ਇਸ ਦਾ ਸਿਹਰਾ ਅਕਬਰ ਖ਼ਾਨ ਕੁਰੈਸ਼ੀ ਦੇ ਹੌਸਲੇ ਅਤੇ ਅਬਦੁੱਲ ਮਾਜਿਦ ਦੀ "ਕਮਾਲ ਦੀ ਇੰਤਜ਼ਾਮੀਆ" ਮੁਹਾਰਤ ਨੂੰ ਜਾਂਦਾ ਹੈ – ਮਹਾਂ ਬਿਰਤਾਂਤਾਂ ਵਿਚਲੇ ਪਹਾੜੀ ਨਜ਼ਾਰਿਆਂ ਵਿੱਚੋਂ ਦੀ ਹੁੰਦੇ ਹੋਏ ਉਨ੍ਹਾਂ ਨੇ ਹਿੰਦੂ ਕੁਸ਼ ਪਰਬਤ-ਮਾਲਾ ਪਾਰ ਕਰ ਲਈ। ਉਸਮਾਨੀ ਨੇ ਬਿਖੜਾ ਪੈਂਡਾ ਇੰਞ ਬਿਆਨ ਕੀਤਾ: "[ਅਸੀਂ] ਉਚੀਆਂ-ਨੀਵੀਂਆਂ ਪਹਾੜੀਆਂ, ਘਾਟੀਆਂ, ਤੇਜ਼ ਵਗਦੀਆਂ ਬਰਫ਼ੀਲੀਆਂ ਨਦੀਆਂ, ਅਤੇ ਭਿਆਨਕ ਬੀਆਬਾਨ ਪਾਰ ਕਰਦੇ ਗਏ.... ਖੱਡਾਂ ਅਤੇ ਗੁਫ਼ਾਵਾਂ ਮੂੰਹ ਅੱਡੀ ਸਰਾਲਾਂ ਵਰਗੀਆਂ ਜਾਪਦੀਆਂ।.... ਕੁਝ ਥਾਈਂ ਤਿੱਖੀ ਚੜ੍ਹਾਈ ਵਾਲੀਆਂ ਚੋਟੀਆਂ ਦੇ ਨਾਲ ਬਣੀਆਂ ਪਹਾੜੀ ਡੰਡੀਆਂ ਐਨੀਆਂ ਭੀੜੀਆਂ ਅਤੇ ਖ਼ਤਰਨਾਕ ਸਨ ਕਿ ਇਕਹਿਰੀ ਕਤਾਰ ਬਣਾਕੇ ਲੰਘਣਾ ਵੀ ਅਸੰਭਵ ਸੀ।"[51] ਉਹ ਚਾਹ ਜਾਂ ਬਰਫ਼ ਵਿਚ ਬਰੈੱਡ ਤੇ ਪਨੀਰ ਭਿਓਂ ਕੇ ਜਾਂ ਸਥਾਨਕ ਖ਼ਰਬੂਜਿਆਂ ਦਾ ਨਾਸ਼ਤਾ ਕਰਦੇ। ਕੁਝ ਦਿਨ ਤਾਂ ਉਹ ਬਿਨਾ ਕੁਝ ਖਾਧੇ ਪੰਦਰਾਂ ਪੰਦਰਾਂ ਘੰਟੇ ਸਫ਼ਰ ਕਰਦੇ ਰਹੇ। ਜਦੋਂ ਉਹ ਕੁਝ ਵਸੋਂ ਵਾਲੇ ਇਲਾਕਿਆਂ ਵਿਚ ਜਾ ਨਿਕਲਦੇ, ਤਾਂ ਉਹ ਖਾਣੇ ਲਈ ਸਾਂਝੇ ਪੈਸੇ ਦੇ ਕੇ ਕਿਸੇ ਨੂੰ ਅੱਗੇ ਭੇਜ ਦਿੰਦੇ ਅਤੇ ਕਿਸੇ ਸਥਾਨਕ ਸਰਾਂ ਵਿਚ ਤੰਦੂਰੀ ਰੋਟੀ ਤੇ ਚਾਹ ਬਣਵਾ ਲੈਂਦੇ।

ਮਜ਼ਾਰ-ਏ-ਸ਼ਰੀਫ਼ ਵਿਚ ਉਨ੍ਹਾਂ ਦਾ ਮੇਲ ਇਕ ਤੁਰਕ ਨਾਲ ਹੋਇਆ ਜੋ ਜੰਗ ਦੌਰਾਨ ਔਟੋਮਨ ਫ਼ੌਜ ਵਿਚ ਰਿਹਾ ਸੀ ਪਰ ਉਹ ਰੂਸੀਆਂ ਦੇ ਅੜਿੱਕੇ ਚੜ੍ਹ ਗਿਆ ਸੀ ਅਤੇ ਉਸ ਨੂੰ ਸਾਇਬੇਰੀਆ ਭੇਜ ਦਿੱਤਾ ਗਿਆ ਸੀ; ਹੁਣ ਉਹ ਆਪਣੇ ਘਰ ਜਾਣ ਦੇ ਯਤਨ 'ਚ ਸੀ। *ਮੁਹਾਜਿਰੀਨ* ਦੀ ਟੋਲੀ ਨੇ ਉਸ ਨੂੰ ਹਿੰਦੁਸਤਾਨੀ ਕੱਪੜੇ ਦੇ ਦਿੱਤੇ ਅਤੇ ਉਸ ਦਾ ਨਾਂ ਵੀ ਆਪਣੇ ਵਿੱਚੋਂ ਇਕ *ਮੁਹਾਜਿਰ* ਵਾਲਾ ਰੱਖ ਲਿਆ ਜੋ ਹੁਣ ਉਨ੍ਹਾਂ ਦੇ ਨਾਲ ਕਾਰਵਾਂ ਵਿਚ ਨਹੀਂ ਸੀ। ਇਸ ਨਵੇਂ ਸਰਫ਼ਰਾਜ਼, ਜੋ ਰੂਸੀ, ਤੁਰਕੀ ਅਤੇ ਫਾਰਸੀ ਬੋਲ ਲੈਂਦਾ ਸੀ, ਦੇ ਪੁਰਾਣੇ ਸਰਫ਼ਰਾਜ਼ਨਾਲੋਂ ਵੱਧ ਲਾਹੇਵੰਦਾ ਹੋਣ ਦੀ ਸੰਭਾਵਨਾ ਸੀ। ਉਹ ਇਕ ਦਰਜ਼ੀ ਸੀ ਜਿਸ ਨੂੰ ਉਸ ਦੇ "ਕਿਸੇ ਦਾਗ਼ੀ ਕਿਰਦਾਰ"[52] ਕਰਕੇ ਅਫ਼ਗਾਨ ਅਧਿਕਾਰੀਆਂ ਨੇ ਬੰਦੀ ਬਣਾ ਲਿਆ ਸੀ।

ਓੜਕ ਉਹ ਅਫ਼ਗਾਨ ਇਲਾਕੇ ਵਿੱਚੋਂ ਦੀ ਆਮੂ ਦਰਿਆ ਪਾਰ ਕਰਕੇ ਰੂਸੀ ਤੁਰਕਸਤਾਨ ਵਿਚ ਦਾਖ਼ਲ ਹੋ ਗਏ, ਜਿਸ ਨੂੰ ਨਵਾਂ ਨਵਾਂ ਖ਼ੁਦ-ਮੁਖ਼ਤਿਆਰ ਸੋਵੀਅਤ ਸਮਾਜਵਾਦੀ ਗਣਰਾਜ ਐਲਾਨਿਆ ਗਿਆ ਸੀ।[53] ਉਸਮਾਨੀ ਦੀ ਰਿਪੋਰਟ ਅਨੁਸਾਰ, ਟਿਰਮਿਜ਼ ਸ਼ਹਿਰ ਵਿਖੇ ਇਕ ਟੋਲੀ ਅਤੇ ਲਾਲ ਫ਼ੌਜ ਦੇ ਦਸਤੇ 'ਤੇ ਅਧਾਰਤ ਸਵਾਗਤੀ ਕਮੇਟੀ ਨੇ "ਦੱਬੇ-ਕੁਚਲੇ ਲੋਕਾਂ ਦਾ ਏਕਾ ਜ਼ਿੰਦਾਬਾਦ," "ਹਿੰਦੁਸਤਾਨ ਦੇ ਆਜ਼ਾਦ ਲੋਕ ਜ਼ਿੰਦਾਬਾਦ," ਅਤੇ ਹੋਰ ਨਾਅਰੇ ਲਾ ਕੇ "ਹਿੰਦੁਸਤਾਨ ਦੇ ਇਨਕਲਾਬੀਆਂ" ਨੂੰ ਸਲਾਮੀ ਦਿੱਤੀ। "ਜੋ ਰੂਸੀ ਵਿਚ ਹੋਣ ਕਾਰਨ ਸਾਡੇ ਸਮਝ ਵਿਚ ਨਹੀਂ ਆਏ। .... ਇਹ ਸਮਝਕੇ ਕਿ ਉਹ ਸਾਨੂੰ ਮਿਲਕੇ ਖ਼ੁਸ਼ੀ ਦਾ ਇਜ਼ਹਾਰ ਕਰ ਰਹੇ ਹਨ, ਸਾਡੇ ਵਿੱਚੋਂ ਕੁਝ ਨੇ 'ਬੰਦੇ ਮਾਤਰਮ' ਕਿਹਾ, ਜਦਕਿ ਸਾਡੇ ਵਿਚਲੇ ਕੱਟੜਪੰਥੀਆਂ ਨੇ ਜਵਾਬ 'ਚ 'ਅੱਲਾ-ਹੂ-ਅਕਬਰ' ਬੋਲਿਆ।"[54]

ਕਮਾਂਡਰ ਨੇ ਇਸ ਤਰ੍ਹਾਂ ਦੀ ਤਕਰੀਰ ਕੀਤੀ ਕਿ ਮੁਕਤ ਹੋਏ ਰੂਸ ਦੀ ਕੁਲ ਦੌਲਤ, ਜ਼ਮੀਨ ਅਤੇ ਘਰ ਦੁਨੀਆ ਦੇ ਕੁਲ ਦੱਬੇ-ਕੁਚਲੇ ਅਤੇ ਕਿਰਤੀ ਲੋਕਾਂ ਦੇ ਹਨ। ਉਨ੍ਹਾਂ ਨੂੰ ਸਾਰੇ ਸਥਾਨਕ ਹੱਕ ਹਨ ਅਤੇ ਉਨ੍ਹਾਂ ਨੂੰ ਯਕੀਨ ਦਿਵਾਇਆ ਜਾ ਸਕਦਾ ਸੀ ਕਿ ਆਪਣੇ ਮੁਲਕ ਦੀ ਆਜ਼ਾਦੀ ਲਈ ਲੜਾਈ ਵਿਚ ਰੂਸ ਦੇ ਮਜ਼ਦੂਰ ਅਤੇ ਕਿਸਾਨ ਉਨ੍ਹਾਂ ਦੀ ਮਦਦ ਕਰਨਗੇ। ਜਦੋਂ ਲਾਲ ਫ਼ੌਜ ਦੇ ਮੁਸਕਰਾਉਂਦੇ ਸਿਪਾਹੀ ਉਨ੍ਹਾਂ ਨੂੰ ਫ਼ੌਜੀ ਬੈਰਕਾਂ ਵਿਚ ਉਨ੍ਹਾਂ ਦੇ ਰਹਿਣ ਦੀ ਥਾਂ 'ਤੇ ਲੈ ਕੇ ਗਏ, ਤਾਂ ਔਰਤਾਂ ਤੇ ਬੱਚਿਆਂ ਦਾ ਹਜੂਮ "ਸਾਡੀ ਝਲਕ ਦੇਖਣ ਲਈ ਉਮੜ ਆਇਆ" ਜੋ ਤੁਰਕੀ ਅਤੇ ਰੂਸੀ ਜ਼ਬਾਨਾਂ ਵਿਚ ਇਨਕਲਾਬੀ ਨਾਅਰੇ ਲਗਾ ਰਹੇ ਸਨ। ਥੱਕੇ-ਟੁੱਟੇ

ਹਿੰਦੁਸਤਾਨੀਆਂ ਨੂੰ ਆਪਣੀ ਲਿੱਬੜੀ-ਤਿੱਬੜੀ ਹਾਲਤ ਦੇਖਕੇ ਬਹੁਤ ਸ਼ਰਮਿੰਦਗੀ ਮਹਿਸੂਸ ਹੋਈ, ਕੁਝ ਦੇ ਪੈਰੀਂ ਤਾਂ ਜੁੱਤੀ ਵੀ ਨਹੀਂ ਸੀ। ਪਰ ਇਕ ਫ਼ਿਕਰਮੰਦ ਅਫ਼ਸਰ ਮੋਚੀ, ਦਰਜ਼ੀ ਅਤੇ ਧੋਬੀ ਲੈ ਕੇ ਉਨ੍ਹਾਂ ਦੀ ਖ਼ਿਦਮਤ 'ਚ ਆ ਹਾਜ਼ਰ ਹੋਇਆ। ਹੋਰ ਵੀ ਚੰਗੀ ਗੱਲ ਇਹ ਹੋਈ ਕਿ ਸੌਂਗੀ, ਤੰਬਾਕੂ, ਚਿੱਟੀ ਰੋਟੀ ਅਤੇ ਮੱਖਣ ਦੇ ਨਾਲ ਨਾਲ ਮੱਘਦੇ ਚੁੱਲ੍ਹੇ ਉਨ੍ਹਾਂ ਨੂੰ ਉਡੀਕ ਰਹੇ ਸਨ। ਐਨ ਓਦੋਂ ਹੀ ਬੁਖ਼ਾਰੇ ਦੇ ਲਾਂਗਰੀਆਂ ਵਲੋਂ ਭੇਡਾਂ ਵੱਢਕੇ ਗੋਸ਼ਤ ਬਣਾਇਆ ਜਾ ਰਿਹਾ ਸੀ।

ਕੀ ਨਿੱਘੇ ਸਵਾਗਤ ਨੇ ਰਫ਼ੀਕ ਅਹਿਮਦ ਦਾ ਮਨ ਮੋਹਣਾ ਸ਼ੁਰੂ ਕਰ ਦਿੱਤਾ ਸੀ ? ਜੇ ਇੰਝ ਸੀ, ਤਾਂ ਬਾਲਸ਼ਵਿਕ ਆਪਣੇ ਇਰਾਦੇ ਵਿਚ ਕਾਮਯਾਬ ਹੋ ਰਹੇ ਸਨ। ਪਰ ਰਫ਼ੀਕ ਦੇ ਨਾਲ ਦੇ ਸਾਰਿਆਂ ਉਪਰ ਇਸੇ ਤਰ੍ਹਾਂ ਦਾ ਪ੍ਰਭਾਵ ਨਹੀਂ ਸੀ ਪੈ ਰਿਹਾ। ਇਸ ਪੱਖੋਂ ਉਸ ਦਾ ਵੇਰਵਾ ਥੋੜ੍ਹਾ ਅਸਪਸ਼ਟ ਹੈ, ਪਰ ਉਸਮਾਨੀ ਸਾਫ਼-ਸਾਫ਼ ਬਿਆਨ ਕਰਦਾ ਹੈ ਕਿ ਉਸ ਵਕਤ ਇਹ ਕ਼ਾਫ਼ਲਾ ਤਕਰੀਬਨ ਦੋ ਇਕੋ ਜਹੇ ਧੜਿਆਂ ਵਿਚ ਵੰਡਿਆ ਗਿਆ ਸੀ। ਉਹ ਤਾਂ ਖ਼ੁਦ ਹਿੰਦੁਸਤਾਨੀਆਂ ਦੇ ਆਪਸੀ ਬਖੇੜੇ ਬਾਰੇ ਫ਼ਿਕਰਮੰਦ ਸੀ। ਉਸ ਨੂੰ ਡਰ ਸੀ ਕਿ ਇਸ ਦਾ ਰੂਸੀਆਂ ਉਪਰ ਮਾੜਾ ਪ੍ਰਭਾਵ ਪਵੇਗਾ। ਉਸ ਨੇ "ਸਾਡੇ ਸਰਬ-ਇਸਲਾਮਵਾਦੀ ਹਿੱਸੇ" ਦੇ "ਜਨੂੰਨੀਪੁਣੇ" ਨੂੰ ਨਿੰਦਿਆ।[54] ਉਸ ਦੇ ਦੱਸਣ ਅਨੁਸਾਰ ਉਹ "ਪਾਗਲਾਂ ਦੀ ਤਰ੍ਹਾਂ ਬਦ-ਦੁਆਵਾਂ ਦੇ ਰਹੇ" ਸਨ ਅਤੇ ਰੂਸੀਆਂ ਦੀ ਕਾਫ਼ਿਰ ਕਹਿਕੇ ਤੌਹੀਨ ਕਰ ਰਹੇ ਸਨ। ਜਦਕਿ ਇਨ੍ਹਾਂ ਕਾਫ਼ਿਰਾਂ ਪ੍ਰਤੀ ਉਸਮਾਨੀ ਦਾ ਹੁੰਗਾਰਾ ਅਜੀਬ ਜਿਹਾ ਸੀ। ਉਹ "ਇਹ ਦੇਖਕੇ ਹੈਰਾਨ ਸੀ ਕਿ ਗੋਰੇ ਲੋਕ ਸਾਨੂੰ ਸਾਥੀ ਕਹਿ ਕੇ ਬੁਲਾ ਰਹੇ ਸਨ।" ਪਰ ਝਬਦੇ ਹੀ ਉਹ "ਇਨਕਲਾਬੀ ਸਾਂਝ ਦੇ ਜ਼ਰੀਏ "ਰੰਗ ਦੇ ਫ਼ਰਕ ਤੋਂ ਉਪਰ ਉਠਕੇ ਤਹਿ-ਦਿਲੋਂ ਇਕਜੁੱਟ ਹੁੰਦਿਆਂ "ਇਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣ ਲੱਗੇ।" ਉਸ ਨੇ ਚੇਤੇ ਕੀਤਾ: "ਆਪਣੀਆਂ ਜ਼ਿੰਦਗੀਆਂ 'ਚ ਪਹਿਲੀ ਦਫ਼ਾ ਅਸੀਂ ਯੂਰਪੀਅਨਾਂ ਨੂੰ ਏਸ਼ੀਅਨਾਂ ਨਾਲ ਇੰਝ ਖੁੱਲ੍ਹਕੇ ਹੇਲਮੇਲ ਹੁੰਦਿਆਂ ਦੇਖ ਰਹੇ ਸੀ।.... ਅਸੀਂ ਮੰਤਰ-ਮੁਗਧ ਹੋ ਗਏ ਕਿ ਅਸੀਂ ਸੱਚੀ ਬਰਾਬਰੀ ਵਾਲੀ ਧਰਤੀ 'ਤੇ ਪਹੁੰਚ ਗਏ ਹਾਂ।"[56]

ਇਥੇ ਉਹ ਆਜ਼ਾਦ ਸਿਨੇਮੇ ਦਾ ਭਰਪੂਰ ਆਨੰਦ ਮਾਣਦਿਆਂ ਅਤੇ ਉਨ੍ਹਾਂ ਕਿਸ਼ਤੀਆਂ ਦੀ ਇੰਤਜ਼ਾਰ ਕਰਦਿਆਂ ਜੁਲਾਈ ਤੋਂ ਲੈ ਕੇ ਅਗਸਤ 1920 ਤੱਕ ਟਿਕੇ ਰਹੇ ਜੋ ਉਨ੍ਹਾਂ ਨੂੰ ਅਗਲੇ ਕੰਢੇ 'ਤੇ ਲੈ ਜਾਣਗੀਆਂ। ਇਕ ਵਾਰ ਸਹਿਜ ਹੋ ਕੇ, ਜਵਾਨਾਂ ਨੂੰ ਫਿਰ ਅੱਚਵੀ ਲੱਗ ਗਈ। ਉਨ੍ਹਾਂ ਵਿੱਚੋਂ ਅੱਧੇ ਤਾਂ ਇਨਕਲਾਬ ਤੋਂ ਪਿੱਛੋਂ ਦੇ ਰੂਸ ਨੂੰ ਦੇਖਣ ਲਈ ਉਤਸੁਕ ਸਨ, ਜਦਕਿ ਬਾਕੀ ਅੱਧੇ ਰੂਸੀਆਂ ਉਤੇ ਇਸ ਗੱਲੋਂ ਔਖੇ ਸਨ ਕਿ ਉਹ ਦੁਸ਼ਮਣ ਦੇ ਇਲਾਕੇ ਵਿੱਚੋਂ ਦੀ ਹੁੰਦੇ ਹੋਏ ਅਨਾਤੋਲੀਆ ਪੁੱਜਣ ਦੇ ਉਨ੍ਹਾਂ ਦੇ ਯਤਨਾਂ ਨੂੰ ਨਿਰਉਤਸ਼ਾਹਤ ਕਰ ਰਹੇ ਸਨ। ਇਹ ਦਾਅਵਾ ਕਰਦਿਆਂ ਕਿ ਮੁਸਲਿਮ ਸੰਗੀ ਹੋਣ ਕਾਰਨ ਉਨ੍ਹਾਂ ਨੂੰ ਬਾਗ਼ੀ ਤੁਰਕਮੇਨੀਆਂ ਤੋਂ ਕੋਈ ਡਰ ਨਹੀਂ, ਉਨ੍ਹਾਂ ਨੇ ਆਪਣੇ ਮੇਜ਼ਬਾਨਾਂ ਦੇ ਮਸ਼ਵਰੇ ਦੇ ਉਲਟ ਉੱਥੋਂ ਚਲੇ ਜਾਣ ਲਈ ਜ਼ੋਰ ਪਾਇਆ। ਉਸਮਾਨੀ ਦੱਸਦਾ ਹੈ ਕਿ ਖੱਬੇ-ਝੁਕਾਅ ਵਾਲੇ ਧੜੇ ਨੇ ਹਿਚਕਚਾਉਂਦਿਆਂ ਟਿਮਰਿਜ਼ ਦੇ ਰੂਸੀ ਪ੍ਰਧਾਨ ਦੀ ਗੱਲ ਮੰਨ ਲਈ ਕਿ ਉਨ੍ਹਾਂ ਨੂੰ ਵੀ ਦੂਜੇ ਧੜੇ ਦੇ ਨਾਲ ਹੀ ਜਾਣਾ ਚਾਹੀਦਾ ਹੈ ਤਾਂ ਜੋ ਇਸ ਮੁਹਿੰਮ ਦੇ ਬਿਪਤਾ ਦੇ ਮੂੰਹ ਆ ਜਾਣ ਦੀ ਸੂਰਤ 'ਚ ਹਿੰਦੁਸਤਾਨੀ ਅਵਾਮ ਐਸੀ ਅਫਵਾਹ ਨੂੰ ਸੱਚ ਨਾ ਮੰਨ ਲਵੇ ਕਿ ਰੂਸੀਆਂ ਨੇ ਉਨ੍ਹਾਂ ਨੂੰ ਸਰਬ-ਇਸਲਾਮਵਾਦੀ ਹੋਣ ਕਾਰਨ ਮਾਰ ਦਿੱਤਾ।[57]

ਵਾਕਈ, ਦੋ ਨਿੱਕੀਆਂ ਬੇੜੀਆਂ 'ਚ ਬੈਠਦੇ ਸਾਰ ਹੀ ਉਨ੍ਹਾਂ ਨੂੰ ਘੇਰਕੇ, ਤੁਰਕਮੇਨਾਂ ਨੇ ਦਰਿਆ ਕੰਢੇ ਵਸੇ ਇਕ ਪਿੰਡ ਵਿਚ ਲਿਜਾਕੇ ਬੰਦੀ ਬਣਾ ਲਿਆ। ਉਨ੍ਹਾਂ ਉਪਰ ਲਾਠੀਆਂ ਨਾਲ ਹਮਲਾ ਕਰ ਦਿੱਤਾ, ਸਮਾਨ ਲੁੱਟ ਲਿਆ, ਉਨ੍ਹਾਂ ਦੀਆਂ ਬੇੜੀਆਂ ਦੇ ਬਾਦਬਾਨ ਝਪਟਕੇ ਖੋਹ

ਲਏ, ਅਤੇ ਕੁਰਾਨ ਦੀ ਬੇਹੁਰਮਤੀ ਕੀਤੀ – ਉਨ੍ਹਾਂ ਹਾਲਾਤ ਵਿਚ ਰਫ਼ੀਕ ਦਾ ਇਹ ਵੇਰਵਾ ਅਜੀਬ ਹੈ। ਸਰਫ਼ਰਾਜ਼ ਨੇ ਹਮਲਾਵਰਾਂ ਨੂੰ ਸਮਝਾਉਣਾ ਚਾਹਿਆ ਕਿ ਇਹ ਤਾਂ "ਹਿੰਦੁਸਤਾਨੀ ਪ੍ਰਵਾਸੀ ਹਨ, ਜੋ ਅੰਗਰੇਜ਼ਾਂ ਦੇ ਅਸਹਿ ਅਤੇ ਵਹਿਸ਼ੀ ਵਤੀਰੇ ਕਾਰਨ *ਹਿਜਰਤ [*ਹੂ-ਬ-ਹੂ ਸ਼ਬਦ*]* 'ਤੇ ਸਨ।" ਤੁਰਕਮੇਨਾਂ ਨੇ ਅੱਗੋਂ ਮੂੰਹ ਤੋੜ ਜਵਾਬ ਦਿੱਤਾ ਕਿ ਉਨ੍ਹਾਂ ਲਈ ਤਾਂ ਅੰਗਰੇਜ਼ ਚੰਗੇ ਸਨ (ਦਰਅਸਲ ਬਸਮਾਚੀ ਬਾਗ਼ੀਆਂ ਨੂੰ ਅੰਗਰੇਜ਼ਾਂ ਤੋਂ ਫੰਡ ਆਉਂਦੇ ਸਨ) ਅਤੇ ਉਨ੍ਹਾਂ ਨੇ ਇਸ ਟੋਲੇ ਉਪਰ ਇਲਜ਼ਾਮ ਲਾਏ ਕਿ ਉਹ ਤਾਂ ਕਾਫ਼ਿਰ, ਜੇਦਾਦੀ,[58] ਅਤੇ ਬਾਲਸ਼ਵਿਕ[59] ਹਨ। ਉਨ੍ਹਾਂ ਨੇ ਪੂਰਾ ਹਫ਼ਤਾ *ਮੁਹਾਜਿਰੀਨ* ਨੂੰ ਇਕ ਸਰਾਂ ਵਿਚ ਡੱਕੀ ਰੱਖਿਆ। ਰਫ਼ੀਕ ਦੇ ਸਿਰ ਉਪਰ ਇਕ ਲੜਕੇ ਦੀ ਤਲਵਾਰ ਲੱਗਣ ਨਾਲ ਮਾਮੂਲੀ ਜਿਹਾ ਜ਼ਖ਼ਮ ਹੋ ਗਿਆ ਸੀ। ਕੈਦ ਨੂੰ ਬਰਦਾਸ਼ਤ ਕਰਨ ਲਈ ਉਨ੍ਹਾਂ ਵਿੱਚੋਂ ਕੁਝ ਕੁਰਾਨ ਪੜ੍ਹਦੇ ਰਹੇ ਅਤੇ ਕੁਝ ਨਮਾਜ਼ ਪੜ੍ਹਦੇ ਰਹਿੰਦੇ। ਫਿਰ ਵੀ ਸਥਾਨਕ ਬਾਸ਼ਿੰਦੇ ਸਾਮਰਾਜੀ ਤਰਕ ਦੇ ਕਾਇਲ ਰਹੇ ਕਿ ਉਹ ਲਾਜ਼ਮੀ ਕਾਫ਼ਿਰ ਹੋਣਗੇ, ਉਹ ਮਿਹਣੇ ਦਿੰਦੇ: "ਦੇਖੋ ਕਾਫ਼ਿਰ ਵੀ ਇਹ ਕੁਝ ਕਰਨ ਡਹੇ ਨੇ।"[60] ਰਫ਼ੀਕ ਹੈਰਾਨ ਸੀ ਕਿ ਉਹ ਅਜਿਹੀ ਝਾੜ-ਝੰਬ ਕਿਵੇਂ ਕਰ ਸਕਦੇ ਸਨ? ਸਾਰੇ ਪੱਖਾਂ ਤੋਂ ਰੂਸੀਆਂ ਦੇ ਨਿੱਘੇ ਸਵਾਗਤ ਦੇ ਮੁਕਾਬਲੇ ਤੁਰਕਮੇਨਾਂ ਦਾ ਦੁਸ਼ਮਣਾਂ ਵਾਲਾ ਵਿਹਾਰ ਕੁਝ *ਮੁਹਾਜਿਰੀਨ* ਨੂੰ ਵਫ਼ਾਦਾਰੀ ਬਦਲਣ ਲਈ ਪ੍ਰੇਰਤ ਕਰਨ ਵਾਲਾ ਕੋਈ ਮਾਮੂਲੀ ਕਾਰਨ ਨਹੀਂ ਸੀ।

ਸਿਆਣਿਆਂ ਦੀ ਮਜਲਿਸ ਜਿਰ੍ਹਾ ਕਰਦੀ ਰਹੀ ਤੇ ਬੰਦੀ ਉਨ੍ਹਾਂ ਦੇ ਫ਼ੈਸਲੇ ਦਾ ਇੰਤਜ਼ਾਰ ਕਰਦੇ ਰਹੇ: ਕੀ ਉਨ੍ਹਾਂ ਨੂੰ 'ਕੱਲੇ-'ਕੱਲੇ ਨੂੰ ਫਾਹੇ ਲਾਹਿਆ ਜਾਵੇ ਜਾਂ ਸਾਰਿਆਂ ਨੂੰ ਇਕੱਠਿਆਂ ਮਾਰਿਆ ਜਾਵੇ? ਉਹ ਇਕ ਦੂਜੇ ਨੂੰ ਇਹ ਧਰਵਾਸ ਦਿੰਦਿਆਂ ਆਪਣਾ ਆਪ ਸੱਜ-ਧੱਜ ਨਾਲ ਹਸ਼ਰ ਦੇ ਹਵਾਲੇ ਕਰਨ ਦਾ ਯਤਨ ਕਰਨ ਲੱਗੇ ਕਿ ਉਹ ਹਿੰਦੁਸਤਾਨ ਦੇ ਕਾਜ ਦੀ ਸੇਵਾ ਕਰਦਿਆਂ ਆਪਣਾ ਫਰਜ਼ ਨਿਭਾਉਂਦੇ ਹੋਏ ਜਾਨ ਦੇ ਰਹੇ ਸਨ।[61] ਪਰ ਇਹ ਉਨ੍ਹਾਂ ਦੀ ਸ਼ਹਾਦਤ ਦਾ ਦਿਨ ਨਹੀਂ ਸੀ ਹੋਣਾ: ਸਬੱਬ ਨਾਲ ਦਰਿਆ ਵਿਚ ਜਾ ਰਹੇ ਇਕ ਬਾਲਸ਼ਵਿਕ ਸਟੀਮਰ ਦੇ ਗੋਲਿਆਂ ਦੀ ਬੁਛਾੜ ਦੀ "ਕਰਾਮਾਤ" ਨੇ ਉਨ੍ਹਾਂ ਦੀ ਜਾਨ ਬਚਾ ਲਈ, ਜਿਸ ਦੇ ਚਿੱਤ-ਚੇਤੇ ਵੀ ਨਹੀਂ ਸੀ ਕਿ ਉਹ ਉਥੇ ਬੰਦੀ ਬਣਾਏ ਹੋਏ ਸਨ। ਬੰਦੀ ਬਣਾਉਣ ਵਾਲੇ ਅਤੇ ਬੰਦੀ ਦੋ ਹੋਰ ਦਿਨ ਤੇ ਇਕ ਰਾਤ ਬੰਬਾਰੀ ਹੇਠ ਇਕੋ ਥਾਂ ਲੁਕੇ ਰਹੇ। ਜਿਸ ਦੌਰਾਨ ਰਫ਼ੀਕ ਨੇ "ਮੁਸਲਿਮ ਪੈਗੰਬਰਾਂ ਦੀਆਂ ਇਰਾਨੀ ਕਹਾਣੀਆਂ" ਸੁਣਾਕੇ ਬੰਦੀ ਬਣਾਉਣ ਵਾਲਿਆਂ 'ਤੇ ਪ੍ਰਭਾਵ ਪਾ ਲਿਆ।[62] ਆਖ਼ਿਰ ਤੁਰਕਮੇਨਾਂ ਨੇ ਉਨ੍ਹਾਂ ਦੀਆਂ ਬੇੜੀਆਂ ਕੱਟ ਦਿੱਤੀਆਂ ਅਤੇ ਉਨ੍ਹਾਂ ਨੂੰ ਆਜ਼ਾਦ ਕਰ ਦਿੱਤਾ ਪਰ ਉਨ੍ਹਾਂ ਦਾ ਸਮਾਨ ਦੱਬ ਲਿਆ। ਉਹ ਪੂਰਾ ਦਿਨ ਢਿੱਡ ਭਰਨ ਦੀ ਖ਼ਾਤਰ ਉਨ੍ਹਾਂ ਦਾ ਗੰਦ-ਮੰਦ ਸਾਫ਼ ਕਰਨ ਦੀ ਕਰੜੀ ਮੁਸ਼ੱਕਤ ਕਰਦੇ ਰਹੇ ਅਤੇ ਇਕ ਦੂਜੇ ਨੂੰ ਭਾਲਦੇ ਰਹੇ। ਹਨੇਰਾ ਹੋਣ ਤੱਕ, ਉਨੱਤਰ ਜਣੇ ਦੁਬਾਰਾ ਇਕੱਠੇ ਹੋ ਗਏ; ਗਿਆਰਾਂ ਮਾਰ ਦਿੱਤੇ ਗਏ ਸਨ।

ਉਹ ਇਕੱਠੇ ਹੀ ਆਮੂ ਦਰਿਆ ਦੇ ਕੰਢੇ ਉਪਰ ਕਿਰਕੀ ਵਿਖੇ ਰੂਸੀ ਕਿਲ੍ਹੇ 'ਚ ਜਾ ਪੁੱਜੇ। ਉਨ੍ਹਾਂ ਨੇ ਦੁਭਾਸ਼ੀਏ ਵਜੋਂ ਇਕ ਅਫ਼ਗਾਨ ਸੌਦਾਗਰ ਦੀ ਮਦਦ ਨਾਲ ਰੂਸੀਆਂ ਨੂੰ ਸਮਝਾਇਆ ਕਿ ਉਹ ਕੌਣ ਸਨ। ਟਿਮਰਿਜ਼ ਵਾਇਰਲੈੱਸ ਕਰਕੇ ਉਨ੍ਹਾਂ ਦੁਆਰਾ ਬਿਆਨ ਕੀਤੀ ਕਹਾਣੀ ਦੀ ਤਸਦੀਕ ਹੋਣ 'ਤੇ, ਦੁਬਾਰਾ ਫਿਰ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਉਸਮਾਨੀ ਨੇ ਬਿਆਨ ਕੀਤਾ, "ਸਾਨੂੰ ਦੋ ਬੈਰਕਾਂ ਦੇ ਦਿੱਤੀਆਂ ਗਈਆਂ, ਅਤੇ ਇਕ ਵਾਰ ਫਿਰ ਸਾਨੂੰ ਮਹਿਸੂਸ ਹੋਇਆ ਕਿ ਸੁੱਖ-ਚੈਨ ਕੀ ਹੁੰਦਾ ਹੈ, ਅਤੇ ਨਾਲ ਹੀ ਆਜ਼ਾਦੀ ਦਾ ਮਤਲਬ ਕੀ ਹੈ, ਢੇਰ ਸਾਰਾ ਰਾਸ਼ਨ, ਵਧੀਆ ਖਾਣਾ, ਦੋਸਤੀ ਅਤੇ ਪੜ੍ਹਨ ਲਈ ਇਨਕਲਾਬੀ ਸਾਹਿਤ!"[63] ਜਦੋਂ ਕਿਰਕੀ ਉਪਰ ਹਮਲਾ ਹੋਇਆ, ਉਨ੍ਹਾਂ ਵਿੱਚੋਂ ਛਿਆਹਟ ਜਣਿਆਂ ਨੇ ਰਾਖੀ ਦੀ ਲੜਾਈ ਵਿਚ ਸ਼ਾਮਲ ਹੋਣ

ਦੀ ਪੇਸ਼ਕਸ਼ ਕੀਤੀ, ਇਹ ਦੇਖਕੇ ਰੂਸੀਆਂ ਦੀ ਖੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਪੂਰਾ ਹਫ਼ਤਾ *ਮੁਹਾਜਿਰੀਨ* ਨੇ ਹੁਸ਼ਿਆਰੀ ਅਤੇ ਪੂਰੀ ਚੌਕਸੀ ਰੱਖਕੇ ਤਿੰਨ ਹਜ਼ਾਰ ਹਮਲਾਵਰਾਂ ਦੀਆਂ ਕਈ ਚਾਲਾਂ ਨੂੰ ਮਾਤ ਦਿੰਦਿਆਂ ਕਿਲ੍ਹੇ ਨੂੰ ਜਾਂਦੇ ਦਰਿਆਈ ਰਸਤੇ ਉਪਰ ਕਬਜ਼ਾ ਬਣਾਈ ਰੱਖਿਆ। ਫਿਰ, ਰੂਸੀ ਕਮਾਂਡਰ ਨੇ ਉਨ੍ਹਾਂ ਨੂੰ ਸੂਚਿਤ ਕੀਤਾ ਕਿ "ਉਲਟ-ਇਨਕਲਾਬੀਆਂ ਦਾ ਹਮਲਾ ਕਾਮਯਾਬੀ ਨਾਲ ਪਛਾੜ ਦਿੱਤਾ ਗਿਆ ਹੈ ਅਤੇ *[ਹੁਣ]* ਅਸੀਂ ਜਵਾਬੀ ਹਮਲਾ ਕਰਨਾ ਹੈ।.... ਜੇ ਅਸੀਂ ਚਾਹੀਏ ਤਾਂ ਇਸ ਜਵਾਬੀ ਹਮਲੇ ਵਿੱਚੋਂ ਬਾਹਰ ਹੋ ਸਕਦੇ ਸੀ, ਪਰ .... ਸਾਡੇ ਸ਼ਾਮਲ ਹੋਣ ਦੀ ਉਨ੍ਹਾਂ ਨੂੰ ਖੁਸ਼ੀ ਹੀ ਹੋਵੇਗੀ।" ਉਨ੍ਹਾਂ ਨੇ ਹਾਂ ਕਰ ਦਿੱਤੀ। ਕਾਮਯਾਬ ਹਮਲੇ ਤੋਂ ਬਾਅਦ, ਲਾਲ ਫ਼ੌਜ ਨੇ ਉਨ੍ਹਾਂ ਦਾ ਇਕ ਵਾਰ ਫਿਰ ਨਿੱਘਾ ਸਵਾਗਤ ਕੀਤਾ। ਰੇਲਵੇ ਜੰਕਸ਼ਨ ਉਪਰ "ਕਿਰਕੀ ਦੀ ਰਾਖੀ ਕਰਨ ਵਾਲੇ ਜ਼ਿੰਦਾਬਾਦ," "ਹਿੰਦੁਸਤਾਨੀ ਸਾਥੀ ਜ਼ਿੰਦਾਬਾਦ," ਅਤੇ "ਦੁਨੀਆ ਦੇ ਕਿਰਤੀਆਂ ਦੀ ਕੌਮਾਂਤਰੀ ਇਕਮੁੱਠਤਾ ਜ਼ਿੰਦਾਬਾਦ" ਦੀ ਗੂੰਜ ਵਿਚ ਉਨ੍ਹਾਂ ਉਪਰ ਫੁੱਲ ਵਰਸਾਏ ਗਏ।[64]

ਪਰ, ਇਸ ਸਮੇਂ ਤੱਕ ਇਸ ਟੋਲੀ ਦੇ ਧੜੇਬੰਦਕ ਵਖਰੇਵੇਂ ਭਰਵੇਂ ਠੋਸ ਰੂਪ 'ਚ ਵਟ ਗਏ ਜਾਪਦੇ ਸਨ। ਜਿਨ੍ਹਾਂ ਦੀ "ਇਨਕਲਾਬ ਦੀ ਇਸ ਧਰਤੀ" ਵਿਚ ਰੁਚੀ ਰਫ਼ੀਕ ਤੇ ਉਸਮਾਨੀ ਵਾਲੀ ਸੀ ਉਹ ਤਾਸ਼ਕੰਦ ਜਾਣਾ ਚਾਹੁੰਦੇ ਸਨ। ਜਿਸ ਨੂੰ ਹੁਣੇ ਜਹੇ ਹੀ ਕਾਮਿੰਤਰਨ ਦੀ ਪੂਰਬੀ ਬਿਊਰੋ ਦੇ ਸਦਰ-ਮੁਕਾਮ ਦਾ ਦਰਜ਼ਾ ਦਿੱਤਾ ਗਿਆ ਸੀ, ਜਿਥੇ ਰਾਏ ਆਪਣੇ ਇਨਕਲਾਬੀ ਸਿਖਲਾਈ ਸਕੂਲ ਵਿਚ ਉਨ੍ਹਾਂ ਦੇ ਸਵਾਗਤ ਲਈ ਇੰਤਜ਼ਾਰ ਕਰ ਰਿਹਾ ਸੀ। ਬਾਕੀਆਂ ਨੇ ਅਨਾਤੋਲੀਆ ਪੁੱਜਣ ਦੇ ਜ਼ਰੂਰੀ ਟੀਚੇ ਨੂੰ ਤਿਲਾਂਜਲੀ ਨਹੀਂ ਸੀ ਦਿੱਤੀ। ਕੁਝ ਜਿਨ੍ਹਾਂ ਦੀ ਆਪਣੇ ਮਾਅਰਕੇ ਤੋਂ ਨਿਸ਼ਾ ਹੋ ਗਈ ਸੀ ਉਹ ਚਾਹੁੰਦੇ ਸਨ ਕਿ ਘਰ ਮੁੜ ਜਾਈਏ। ਪਰ, ਜੋ ਅਜੇ ਵੀ ਤੁਰਕੀ ਜਾਂ ਹਿੰਦੁਸਤਾਨ ਨਾਲ ਬੱਝੇ ਹੋਏ ਸਨ, ਉਹ ਅਜੇ ਵੀ ਮੰਨਦੇ ਸਨ ਕਿ ਤਾਸ਼ਕੰਦ ਵਿਚ ਪੜਾਅ ਕਰਕੇ ਉਹ ਅਗਲੇ ਸਫ਼ਰ ਲਈ ਤਾਕਤ, ਲੋੜ ਦਾ ਸਮਾਨ ਤੇ ਪਾਸਪੋਰਟ ਜੁਟਾ ਲੈਣਗੇ।

ਗੱਡੀ ਬੁਖ਼ਾਰਾ ਸ਼ਹਿਰ ਵਿੱਚੋਂ ਦੀ ਲੰਘੀ, ਜਿਸ ਨੂੰ ਹੁਣੇ ਜਹੇ ਹੀ ਅੜਬ ਅਮੀਰ ਦੇ ਕਬਜ਼ੇ ਤੋਂ ਆਜ਼ਾਦ ਕਰਾਇਆ ਗਿਆ ਸੀ ਅਤੇ ਤੁਰਕਸਤਾਨ ਦੇ ਨਾਲ-ਨਾਲ ਲੋਕਾਂ ਦਾ ਸੋਵੀਅਤ ਗਣਰਾਜ ਕਾਇਮ ਕੀਤਾ ਗਿਆ ਸੀ।[65] ਇਥੇ ਹਿੰਦੁਸਤਾਨ ਦੀ ਹਾਲਤ ਪ੍ਰਤੀ ਬੁਖ਼ਾਰਾ ਦੇ ਨੌਜਵਾਨ "ਜੇਦਾਦੀਆਂ" (ਮੁੱਲਾ ਅਤੇ ਅਮੀਰ ਦੇ ਹਮਾਇਤੀਆਂ ਦੇ ਉਲਟ ਆਧੁਨਿਕਵਾਦੀ ਜਾਂ ਅਗਾਂਹਵਧੂ ਤੱਤਾਂ) ਵਲੋਂ ਦਿਖਾਈ ਪੁਰਜੋਸ਼ ਹਮਦਰਦੀ ਦਾ *ਮੁਹਾਜਿਰੀਨ* ਉਪਰ ਜ਼ਬਰਦਸਤ ਪ੍ਰਭਾਵ ਪਿਆ। ਜਦੋਂ ਦੋ ਜਾਂ ਤਿੰਨ ਦਿਨ ਬਾਅਦ ਉਹ ਤਾਸ਼ਕੰਦ 'ਚ ਆਏ, ਰਾਬ ਉਨ੍ਹਾਂ ਨੂੰ ਮਿਲਣ ਲਈ ਉਥੇ ਹਾਜ਼ਰ ਸੀ ਅਤੇ ਉਹ ਉਨ੍ਹਾਂ ਨੂੰ ਇੰਡੀਆ ਹਾਊਸ ਵਿਚ ਉਨ੍ਹਾਂ ਦੇ ਖੁੱਲ੍ਹੇ-ਡੁੱਲ੍ਹੇ ਕਮਰਿਆਂ ਵਿਚ ਲੈ ਗਿਆ। ਇਥੇ ਫਿਰ ਰਫ਼ੀਕ ਅਹਿਮਦ ਇਕ ਪਾਸੇ ਰਾਏ ਅਤੇ ਦੂਜੇ ਪਾਸੇ ਰਾਬ ਤੇ ਅਚਾਰੀਆ ਦਰਮਿਆਨ ਧੜੇਬੰਦਕ "ਖਹਿਬਾਜ਼ੀ" ਦੀਆਂ ਕੁਝ ਝਲਕੀਆਂ ਪੇਸ਼ ਕਰਦਾ ਹੈ: ਅਬਦੁਰ ਰਾਬ ਨੇ ਕਿਹਾ ਉਨ੍ਹਾਂ ਨੂੰ ਮੌਜੂਦ ਪਾਰਟੀ (ਭਾਵ ਉਸ ਅਤੇ ਆਚਾਰੀਆ ਵਾਲੀ ਇੰਡੀਅਨ ਰੈਵੋਲੂਸ਼ਨਰੀ ਐਸੋਸੀਏਸ਼ਨ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ), ਇਕ ਆਰਜ਼ੀ ਹਕੂਮਤ ਬਣਾਉਣੀ ਚਾਹੀਦੀ ਹੈ (ਜੋ ਕਾਬੁਲ ਵਿਚ ਪਹਿਲਾਂ ਹੀ ਮੌਜੂਦ ਸੀ), ਅਤੇ ਇਸ ਹੈਸੀਅਤ ਵਿਚ ਰੂਸੀਆਂ ਤੋਂ ਮਦਦ ਲੈਣੀ ਚਾਹੀਦੀ ਹੈ। ਰਾਏ ਨੇ ਕਿਹਾ ਕਿ ਉਨ੍ਹਾਂ ਨੂੰ ਮੁਨਾਸਬ ਕਮਿਊਨਿਸਟ ਪਾਰਟੀ ਬਣਾਉਣੀ ਚਾਹੀਦੀ ਹੈ ("ਰਫ਼ੀਕ ਨੇ ਬਾਅਦ ਵਿਚ ਟਕੋਰ ਕੀਤੀ "ਤਾਂ ਜੋ ਉਹ ਕੌਮਾਂਤਰੀ ਰੁਤਬਾ ਹਾਸਲ ਕਰ ਸਕੇ")। ਓਦੋਂ ਤੱਕ ਰਾਏ ਦੂਰ ਪੂਰਬ ਲਈ ਤੀਜੀ ਕੌਮਾਂਤਰੀ ਦਾ ਸਕੱਤਰ ਸੀ ਅਤੇ ਕਾਮਿੰਤਰਨ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ ਸੀ ਪਰ ਉਸ ਨੂੰ ਹਿੰਦੁਸਤਾਨੀਆਂ ਦੇ ਨੁਮਾਇੰਦੇ ਵਜੋਂ ਮਾਨਤਾ

ਨਹੀਂ ਸੀ। ਰਫ਼ੀਕ ਨੇ ਰਾਬ ਤੋਂ ਉਸ ਦੀਆਂ ਖ਼ਾਸ ਯੋਜਨਾਵਾਂ ਬਾਰੇ ਹੋਰ ਜਾਣਕਾਰੀ ਲੈਣੀ ਚਾਹੀ ਪਰ ਰਾਬ ਨੇ ਉਸ ਦਾ ਮੂੰਹ ਇਹ ਕਹਿ ਕੇ ਬੰਦ ਕਰਾ ਦਿੱਤਾ ਕਿ ਆਪਣੇ ਪ੍ਰੋਗਰਾਮ ਬਾਰੇ ਉਹ ਸਿਰਫ਼ ਰਸਮੀ ਮੈਂਬਰਾਂ ਨੂੰ ਹੀ ਦੱਸ ਸਕਦਾ ਸੀ।[66] ਉਸ ਨੇ ਖ਼ੁਦ ਨੂੰ "ਇਨਕਲਾਬੀਆਂ ਦਾ ਬਾਪ" ਕਿਹਾ, ਜਿਸ ਦਾਅਵੇ ਦੀ ਰਫ਼ੀਕ ਨੂੰ ਕੋਈ ਵਾਜਬੀਅਤ ਨਾ ਲੱਗੀ। ਦੂਜੇ ਪਾਸੇ, "ਅਸੀਂ ਰਾਏ ਨੂੰ ਇਹ ਵੀ ਦੱਸਿਆ ਕਿ ਅਸੀਂ ਓਦੋਂ ਤੱਕ ਕਿਸੇ ਪਾਰਟੀ ਵਿਚ ਸ਼ਾਮਲ ਨਹੀਂ ਹੋਵਾਂਗੇ ਜਦੋਂ ਤੱਕ ਉਸ ਦੀ ਕਾਰਜ-ਸੇਧ ਦੇ ਸਹੀ ਹੋਣ ਦੇ ਕਾਇਲ ਨਹੀਂ ਹੋ ਜਾਂਦੇ।" ਇਥੇ ਫਿਰ, ਇਸ ਤਰ੍ਹਾਂ ਲੱਗਦਾ ਹੈ ਜਿਵੇਂ ਤਜ਼ਰਬੇਕਾਰ ਕਮਿਊਨਿਸਟ ਰਫ਼ੀਕ ਦੇ ਲਫ਼ਜ਼ ਨੌਜਵਾਨ *ਮੁਹਾਜਿਰ* ਰਫ਼ੀਕ ਦੇ ਮੂੰਹੋਂ ਬੁਲਵਾਏ ਗਏ ਹੋਣ!)

ਪੂਰੇ ਝਗੜੇ ਤੋਂ ਬੈਚੇਨ, ਅਤੇ ਦੋਵਾਂ ਆਗੂਆਂ ਤੋਂ ਅੱਕੇ-ਸਤੇ ਰਫ਼ੀਕ ਨੇ ਕਿਹਾ ਕਿ ਉਸ ਨੂੰ ਵਾਪਸ ਅਫ਼ਗਾਨਿਸਤਾਨ ਭੇਜ ਦਿੱਤਾ ਜਾਵੇ। ਤਾਸ਼ਕੰਦ ਵਿਚ "ਬਹੁਤ ਠੰਡ ਸੀ .... ਕੁਝ ਸਾਰਥਕ ਕਰ ਸਕਣਾ ਅਸੰਭਵ ਸੀ।" ਚਾਰ-ਚੁਫੇਰੇ ਬਰਫ਼ ਹੀ ਬਰਫ਼ ਸੀ। ਉਹ ਬੀਮਾਰ ਸੀ, ਅਤੇ ਉਸ ਦੇ ਪੈਰ ਸੁੱਜੇ ਹੋਏ ਸਨ। ਪਰ ਇਸ ਦੀ ਬਜਾਏ ਰਾਏ ਨੇ ਸੁਝਾਅ ਦਿੱਤਾ ਕਿ ਜੇ ਉਹ ਕੰਮ ਹੀ ਚਾਹੁੰਦਾ ਹੈ ਤਾਂ ਉਸ ਨੂੰ ਐਂਡੀਜਾਨ ਵਿਚ ਉਸਮਾਨੀ ਨਾਲ ਮਿਲ ਜਾਣਾ ਚਾਹੀਦਾ ਹੈ ਜਿਸ ਨੂੰ ਪਾਮੀਰ ਪਹਾੜਾਂ ਵਿੱਚੋਂ ਦੀ ਹਿੰਦੁਸਤਾਨ ਵਿਚ ਦਾਖ਼ਲ ਹੋਣ ਦੇ ਸੰਭਵ ਰਸਤੇ ਦਾ ਪਤਾ ਲਾਉਣ ਅਤੇ ਕਾਸ਼ਗੜ੍ਹੀ ਬਾਗ਼ੀਆਂ ਦੇ ਅੰਦਰ ਸੰਪਰਕ ਬਣਾਉਣ ਦੇ ਖ਼ੁਫ਼ੀਆ ਮਿਸ਼ਨ 'ਤੇ ਭੇਜਿਆ ਗਿਆ ਸੀ, ਜੋ ਆਪਣੇ ਅੰਗਰੇਜ਼ਪ੍ਰਸਤ ਖ਼ਾਨ ਦੇ ਖ਼ਿਲਾਫ਼ ਸਨ। ਰਫ਼ੀਕ ਨੇ ਚੁਣੌਤੀ ਕਬੂਲ ਕੀਤੀ; ਉਸਮਾਨੀ ਦੀ ਮੁਹਿਮ ਠੱਪ ਹੋ ਜਾਣ 'ਤੇ, ਉਹ ਵਾਪਸ ਆ ਕੇ ਰਾਏ ਦੇ ਸਕੂਲ ਵਿਚ ਸ਼ਾਮਲ ਹੋ ਗਿਆ: "ਸਿਆਸੀ ਤਾਲੀਮ ਦੇ ਨਾਲ ਨਾਲ ਸਾਨੂੰ ਬਾਕਾਇਦਾ ਫ਼ੌਜੀ ਸਿਖਲਾਈ ਦਿੱਤੀ ਗਈ....ਕੁਝ ਹਵਾਈ ਫ਼ੌਜ ਦੀ ਸਿਖਲਾਈ ਲੈ ਰਹੇ ਸਨ।"[67] ਇਸ ਦੌਰਾਨ ਪੈਦਲ ਫ਼ੌਜ ਵਾਲੀ ਜਮਾਤ ਨੂੰ "ਬੰਦੂਕਾਂ ਅਤੇ ਮਸ਼ੀਨ ਗੰਨਾਂ ਚਲਾਉਣ ਦੀ ਸਿਧਾਂਤਕ ਤੇ ਵਿਹਾਰਕ ਸਿਖਲਾਈ" ਅਤੇ ਨਾਲ ਹੀ ਥੋੜ੍ਹੀ "ਫੀਲਡ ਗੰਨਾਂ" ਦੀ ਸਿਖਲਾਈ ਦਿੱਤੀ ਗਈ। ਰਫ਼ੀਕ ਦੇ ਜਮਾਤੀ ਹਬੀਬ ਅਹਿਮਦ ਅਨੁਸਾਰ, "ਕਿਹਾ ਇਹ ਗਿਆ ਕਿ ਸਾਨੂੰ ਇਨ੍ਹਾਂ ਕੋਰਸਾਂ ਵਿਚ ਪਾਉਣ ਦਾ ਮਨੋਰਥ ਸਾਨੂੰ ਆਪਣੇ ਮੁਲਕ ਦੀ ਸੇਵਾ ਜਾਂ ਬਾਲਸ਼ਵਾਦੀ ਫ਼ੌਜ ਵਿਚ ਕੰਮ ਕਰਨ ਦੇ ਯੋਗ ਬਣਾਉਣਾ ਹੈ, ਜਿਸ ਨੂੰ ਵੀ ਅਸੀਂ ਤਰਜ਼ੀਹ ਦੇਣੀ ਚਾਹੀਏ। ਸਾਨੂੰ ਇਹ ਨਹੀਂ ਦੱਸਿਆ ਗਿਆ ਕਿ ਇਹ ਸਾਨੂੰ ਅੰਗਰੇਜ਼ ਖ਼ਿਲਾਫ਼ ਲੜਨ ਦੇ ਕਾਬਲ ਬਣਾਉਣ ਲਈ ਸੀ।"[68]

ਜਮਾਤ ਤੋਂ ਬਾਹਰ, ਵਾਰੀ ਸਿਰ ਦੋ ਦੋ ਘੰਟੇ ਉਨ੍ਹਾਂ ਦੀ ਸੰਤਰੀ ਡਿਊਟੀ ਲਗਾਈ ਜਾਂਦੀ ਸੀ। ਰਫ਼ੀਕ ਨੇ ਮੰਨਿਆ, ਉਨ੍ਹਾਂ ਵਿੱਚੋਂ ਬਹੁਤ ਸਾਰੇ ਆਪਣੀ ਵਾਰੀ ਤੋਂ ਬਚਣ ਲਈ ਚਲਾਕੀ ਕਰਦੇ, ਕਦੇ ਬੀਮਾਰੀ ਦੇ ਪੱਜ ਜਾਂ ਕਦੇ ਅਗਲੀ ਵਾਰੀ ਵਾਲੇ ਨੂੰ ਸਮੇਂ ਤੋਂ ਪਹਿਲਾਂ ਸੱਦਣ ਲਈ ਆਪਣੀਆਂ ਘੜੀਆਂ ਅੱਗੇ ਕਰ ਲੈਂਦੇ: "ਫ਼ੌਜੀ ਅਫ਼ਸਰ ਅੱਕੇ ਹੋਏ ਸਨ..... ਉਸ ਵਕਤ ਸਾਨੂੰ ਕੁਝ ਵੀ ਗ਼ਲਤ ਮਹਿਸੂਸ ਨਾ ਹੁੰਦਾ ਪਰ ਬਾਅਦ 'ਚ ਅਸੀਂ ਸ਼ਰਮਿੰਦਗੀ ਮਹਿਸੂਸ ਕਰਦੇ।"[69]

ਠਰੇ ਹੋਏ ਘਰਾਂ ਵਿਚ ਮਿੱਟੀ ਦੇ ਤੇਲ ਦੀਆਂ ਲਾਲਟੈਣਾਂ ਅਤੇ ਮੋਮਬੱਤੀਆਂ ਨਾਲ ਚਾਨਣ ਕੀਤਾ ਜਾਂਦਾ; ਭੋਰੇ ਵਿਚਲੇ ਚੁੱਲ੍ਹੇ ਵਿਚ ਦਿਨ ਵਿਚ ਦੋ ਡੰਗ ਖਾਣਾ ਬਣਾਉਣ ਜੋਗਾ ਬਾਲਣ ਹੀ ਹੁੰਦਾ। ਕਮਰੇ ਲਈ ਮਿਲੇ ਥੋੜ੍ਹੇ ਜਹੇ ਮੰਜੇ ਵਾਰੋ-ਵਾਰੀ ਦੇਣ ਦਾ ਇੰਤਜ਼ਾਮ ਚਲਾਉਣ ਅਤੇ ਸਭ ਤੋਂ ਨਿੱਘਾ ਕਿਸ ਨੂੰ ਮਿਲੇ ਇਸ ਬਾਰੇ ਝਗੜੇ ਤੋਂ ਬਚਣ ਲਈ ਇਕ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ। ਉਹ ਰਾਏ ਦੇ ਇਸ ਸੁਝਾਅ ਨਾਲ "ਇਕਦਮ ਰਜ਼ਾਮੰਦ ਹੋ ਗਏ" ਕਿ "ਪਹਿਲ ਬੀਮਾਰਾਂ ਤੇ ਵੱਡੀ ਉਮਰ ਵਾਲਿਆਂ ਨੂੰ ਦਿੱਤੀ ਜਾਣੀ ਚਾਹੀਦੀ ਹੈ ਕਿਉਂਕਿ ਉਥੇ ਦੋ

"ਧੌਲ ਦਾੜ੍ਹੀਏ ਵੀ ਸਨ ਜੋ ਖ਼ਿਲਾਫ਼ਤ ਦੀ ਰਾਖੀ ਲਈ ਧਰਮ-ਯੁੱਧ ਵਿਚ ਸ਼ਾਮਲ ਹੋਏ ਸਨ।" ਉਸਮਾਨੀ ਨੇ ਅੱਗੇ ਲਿਖਿਆ: ਇਹ ਕਰਾਮਾਤ ਹੀ ਸੀ ਕਿ ਉਹ ਬਰਫ਼ ਨਾਲ ਲੱਦੀਆਂ ਹਿੰਦੂਕੁਸ਼ ਦੀਆਂ ਚੋਟੀਆਂ ਦਾ ਬਿੱਖੜਾ ਪੈਂਡਾ ਗਾਹੁੰਦਿਆਂ ਜਿਉਂਦੇ ਬਚ ਗਏ ਸਨ।"[70] ਰਾਏ ਨੇ ਟਿੱਪਣੀ ਕੀਤੀ ਕਿ "ਦਰਅਸਲ ਕੰਪਨੀ ਦੇ ਇਕ ਦਰਜਨ ਨੌਜਵਾਨ [ਛੇਤੀ ਹੀ]" ਸ਼ਿਕਾਇਤਾਂ ਅਤੇ ਝਗੜਿਆਂ ਨੂੰ ਸੁਲਝਾਉਣ ਲਈ ਵਿਚੋਲਗੀ ਕਰਨ 'ਚ "ਬਹੁਤ ਮਦਦਗਾਰ ਸਾਬਤ ਹੋਏ," ਜਿਵੇਂ ਤੰਬਾਕੂ ਦਾ ਸਟਾਕ ਛੇਤੀ ਮੁੱਕ ਜਾਣ ਦੀ ਕੁਝ ਬੰਦਿਆਂ ਦੀ ਆਮ ਸ਼ਿਕਾਇਤ। ਇਥੇ ਅਸੀਂ ਚੰਗੇ ਕਮਿਊਨਿਸਟ ਆਰਗੇਨਾਈਜ਼ਰਾਂ ਨੂੰ ਵਿਗਸਦੇ ਦੇਖ ਸਕਦੇ ਹਾਂ। ਇਸ ਦੌਰਾਨ ਵਿਚਾਰਧਾਰਾਵਾਂ 'ਤੇ ਅਡੋਲ ਇਨ੍ਹਾਂ ਗੱਭਰੂਆਂ ਵਿਚ ਇਸ ਤਰ੍ਹਾਂ ਦੇ ਤੱਦੀ ਵਾਲੇ ਸਵਾਲਾਂ ਬਾਰੇ ਬਹੁਤ ਸਾਰੇ ਬਹਿਸ-ਮੁਬਾਸੇ ਅਤੇ ਵਿਚਾਰ-ਚਰਚਾ ਹੁੰਦੀ ਰਹੀ ਜਿਵੇਂ "ਰੂਸੀ ਧਰਮ ਦੇ ਖ਼ਿਲਾਫ਼ ਕਿਉਂ ਹਨ ?" ਅਤੇ "ਕੀ ਤਾਸ਼ਕੰਦ ਵਿਚ ਗੋਸ਼ਤ ਹਲਾਲ ਹੈ ?"[71]

ਰਾਏ ਨੇ "ਚੰਦ ਪੜ੍ਹੇ-ਲਿਖਿਆਂ", ਜਿਨ੍ਹਾਂ ਆਸ਼ਰਿਤਾਂ ਤੋਂ ਉਸ ਨੂੰ ਵਿਗਸਣ ਦੀ ਉਮੀਦ ਸੀ, ਅਤੇ "ਅਨਪੜ੍ਹ ਬਹੁਗਿਣਤੀ" ਦਰਮਿਆਨ ਨਿਖੇੜਾ ਕਰ ਲਿਆ, ਜਿਨ੍ਹਾਂ ਤੋਂ ਉਸ ਨੂੰ ਤਕਰੀਬਨ ਉਕਾ ਹੀ ਉਮੀਦ ਨਹੀਂ ਸੀ।[72] ਇੱਥੋਂ ਤਕ ਕਿ ਜਿਨ੍ਹਾਂ ਨੂੰ ਉਹ ਵਿਕਸਤ ਕੀਤੇ ਜਾਣ ਦੇ ਕਾਬਲ ਸਮਝਦਾ ਸੀ ਉਨ੍ਹਾਂ ਬਾਰੇ ਵੀ ਉਸ ਨੇ ਦਾਅਵਾ ਕੀਤਾ ਕਿ ਸ਼ੁਰੂ 'ਚ ਉਸ ਦੀ ਯੋਜਨਾ ਉਨ੍ਹਾਂ ਨੂੰ ਕਮਿਊਨਿਸਟ ਬਣਾਉਣ ਦੀ ਨਹੀਂ ਸਗੋਂ "ਘੱਟੋਘੱਟ ਸਿਆਸੀ ਚੇਤਨਾ ਦੇ ਪੱਧਰ" ਤਹਿਤ ਉਨ੍ਹਾਂ ਨੂੰ ਕੌਮੀ ਜਮਹੂਰੀ ਇਨਕਲਾਬ ਦੇ ਆਗੂਆਂ ਵਜੋਂ ਸਿਖਲਾਈ ਦੇਣ ਦੀ ਸੀ ਜੋ ਉਸ ਕਾਜ ਲਈ ਜ਼ਰੂਰੀ ਸੀ। ਜਦਕਿ, ਉਨ੍ਹਾਂ ਵਿੱਚੋਂ ਕੁਝ ਨੇ ਉਸ ਦੀ ਆਪਣੀ ਬਿਆਨ ਕੀਤੀ ਦਾਅਪੇਚਕ ਤਰਜ਼ੀਹ ਤੋਂ ਪਾਰ ਜਾ ਕੇ ਆਪਣੀ ਵਿਚਾਰਧਾਰਾ ਵਿਚ ਬਦਲਾਓ ਲਿਆਉਣਾ ਸ਼ੁਰੂ ਕਰ ਦਿੱਤਾ। (ਕੁਝ ਵੀ ਹੋਵੇ ਉਸਮਾਨੀ ਬਾਅਦ ਵਿਚ ਦਾਅਵਾ ਕਰਦਾ ਹੈ ਕਿ ਰਾਏ ਦਾ ਮੁੱਕਰਨਾ ਸੋਚਿਆ-ਸਮਝਿਆ ਕਪਟ ਸੀ, ਅਤੇ ਕਿ ਸਭ ਕੁਝ ਐਨ ਉਵੇਂ ਹੋਇਆ ਸੀ ਜਿਵੇਂ ਉਸ ਨੇ ਵਿਉਂਤਬੰਦੀ ਕੀਤੀ।) ਉਨ੍ਹਾਂ ਵਿੱਚੋਂ ਕੁਝ ਹਿੰਦੁਸਤਾਨ ਲਈ ਕਮਿਊਨਿਸਟ ਪਾਰਟੀ ਸ਼ੁਰੂ ਕਰਨ ਲਈ ਉਤਸੁਕ ਸਨ ਅਤੇ 17 ਅਕਤੂਬਰ 1920 ਨੂੰ ਉਨ੍ਹਾਂ ਤੁਰੰਤ ਇਹ ਐਲਾਨ ਵੀ ਕਰ ਦਿੱਤੀ। ਇਕ "ਬੁੱਧੀਮਾਨ ਤੇ ਚੰਗੇ ਪੜ੍ਹੇ-ਲਿਖੇ ਨੌਜਵਾਨ" ਮੁਹੰਮਦ ਸ਼ਫ਼ੀਕ ਨੂੰ ਸਕੱਤਰ ਚੁਣਿਆ ਗਿਆ, ਜੋ ਅਚਾਰੀਆ ਨਾਲ ਕਾਬੁਲ ਤੋਂ ਆਇਆ ਸੀ।[73]

ਕੁਝ ਮਹੀਨੇ ਬਾਅਦ ਹੀ ਅੰਗਰੇਜ਼-ਰੂਸੀ ਵਪਾਰਕ ਸਮਝੌਤੇ ਦੇ ਅਧਾਰ 'ਤੇ ਤਾਸ਼ਕੰਦ ਮੁਹਿਮ ਠੱਪ ਕਰ ਦਿੱਤੀ ਗਈ, ਜਿਸ ਵਿਚ ਇਹ ਸ਼ਰਤ ਲਾਈ ਗਈ ਸੀ ਕਿ ਰੂਸ ਆਪਣੇ ਇਲਾਕਿਆਂ ਵਿੱਚੋਂ ਅੰਗਰੇਜ਼ ਵਿਰੋਧੀ ਸਰਗਰਮੀਆਂ ਨੂੰ ਮਦਦ ਦੇਣ ਤੋਂ ਗੁਰੇਜ਼ ਕਰੇ। ਆਰਥਕ ਤੌਰ 'ਤੇ ਤੰਗੀ ਦਾ ਸ਼ਿਕਾਰ ਹੋਣ ਕਾਰਨ ਰੂਸੀਆਂ ਨੂੰ ਸਮਝੌਤੇ ਦੀ ਲੋੜ ਸੀ। ਅੰਗਰੇਜ਼ ਨੇ ਓਦੋਂ ਤੱਕ ਗੱਲਬਾਤ ਕਰਨ ਤੋਂ ਨਾਂਹ ਕਰ ਦਿੱਤੀ ਜਦੋਂ ਤੱਕ ਹਿੰਦੁਸਤਾਨੀ ਇਨਕਲਾਬੀ ਕੇਂਦਰੀ ਏਸ਼ੀਆ ਤੋਂ ਚਲੇ ਨਹੀਂ ਜਾਂਦੇ। ਲਿਹਾਜ਼ਾ ਸਕੂਲ ਅਤੇ ਕਮਾਨ ਦੇ ਕੇਂਦਰ ਆਪਣੀਆਂ ਕਾਰਵਾਈਆਂ ਨਵੇਂ ਨਾਵਾਂ ਅਤੇ ਸ਼ਕਲਾਂ ਤਹਿਤ ਮਾਸਕੋ ਲੈ ਗਏ। ਅਤੇ 1921 'ਚ ਬਦੇਸ਼ 'ਚ ਬਣਾਈ ਨਿਆਣੀ ਸੀ.ਪੀ.ਆਈ. ਨੇ ਕਾਮਿੰਤਰਨ ਨਾਲ ਰਿਸ਼ਤਾ ਜੋੜ ਲਿਆ।

ਤਾਸ਼ਕੰਦ ਤੋਂ ਮਾਸਕੋ ਦਾ ਸਫ਼ਰ ਗੱਡੀ ਉਪਰ ਕਰਦਿਆਂ ਰਫ਼ੀਕ ਚਾਰ-ਚੁਫ਼ੇਰੇ ਔਖੇ ਵੇਲਿਆਂ ਦੇ ਪੂਰੇ ਦ੍ਰਿਸ਼ ਦੇਖਦਾ ਗਿਆ: ਚਾਰੇ ਪਾਸੇ ਅਕਾਲ, ਖਾਣੇ ਦੀ ਝਾਕ 'ਚ ਲੰਘ ਰਹੀ ਗੱਡੀ ਨੂੰ ਚਿੰਬੜੇ ਭੁੱਖਣ-ਭਾਣੇ ਲੋਕ। ਰਾਸ਼ਨ ਨਾ ਮਿਲਣ ਕਾਰਨ ਲਾਲ ਫ਼ੌਜ ਦੇ ਸਿਪਾਹੀਆਂ ਨੂੰ ਭੁੱਖੇ ਢਿੱਡ ਹੀ ਅੰਨ ਭੰਡਾਰਾਂ ਦੀ ਰਾਖੀ ਕਰਨੀ ਪੈ ਰਹੀ ਸੀ ਜਿਨ੍ਹਾਂ ਨੂੰ ਅੰਗਰੇਜ਼ ਏਜੰਟ ਸਾੜ ਰਹੇ

ਸਨ। ਉਹ ਕੇਂਦਰੀ ਏਸ਼ੀਆ ਦੇ ਵੱਖੋ-ਵੱਖਰੇ ਉਲਟ-ਇਨਕਲਾਬੀਆਂ ਨੂੰ ਫੰਡ ਭੇਜਣ ਲਈ ਧਨ "ਪਾਣੀ ਵਾਂਗ ਰੋੜ੍ਹ ਰਹੇ ਸਨ।" ਜਿਉਂ ਹੀ *ਮੁਹਾਜਿਰੀਨ* ਮਾਸਕੋ ਪਹੁੰਚੇ ਉਹ ਸ਼ਹਿਰ ਦੀ ਚਮਕ-ਦਮਕ ਦੇਖ ਕੇ ਅਵਾਕ ਰਹਿ ਗਏ। ਉਸਮਾਨੀ ਇਸ ਦੀ ਚਮਕੀਲੀ ਕਲਾ ਅਤੇ ਇਮਾਰਤਸਾਜ਼ੀ, ਇਸ ਦੇ "ਨੋਕੀਲੇ ਮੀਨਾਰ, ਰੰਗਲੇ ਗੁੰਬਦ ਅਤੇ ਸ਼ਾਨਦਾਰ ਬੁਰਜ" ਅਤੇ ਇਸ ਦੇ ਪੂਰਬ ਤੇ ਪੱਛਮ ਦੇ ਮੇਲ ਦੀ ਤਾਰੀਫ਼ ਕਰਦਾ ਹੈ। *ਮੁਹਾਜਿਰੀਨ* ਨੇ ਕਰੈਮਲਿਨ, ਕੋਲੋਮਨਾ ਮੋਟਰ ਅਤੇ ਇੰਜਨ ਫੈਕਟਰੀ, ਬੱਚਿਆਂ ਦੀਆਂ ਸਾਂਝੀਆਂ ਰਿਹਾਇਸ਼ਾਂ ਅਤੇ ਕਿੰਡਰਗਾਰਟਨ, ਅਤੇ ਨਮੂਨੇ ਦੀਆਂ ਮਨੁੱਖੀ ਜੇਲ੍ਹਾਂ ਘੁੰਮ-ਫਿਰ ਕੇ ਦੇਖੀਆਂ।[74] ਆਉਣ ਤੋਂ ਥੋੜ੍ਹੇ ਦਿਨ ਬਾਅਦ, ਉਨ੍ਹਾਂ ਨੇ ਪੂਰਬ ਦੇ ਮਿਹਨਤਕਸ਼ਾਂ ਦੀ ਯੂਨੀਵਰਸਿਟੀ, ਉਰਫ਼ ਪੂਰਬ ਦੇ ਖ਼ੁਦਮੁਖਤਿਆਰ ਤੇ ਇਸ ਨਾਲ ਜੁੜੇ ਗਣਰਾਜਾਂ ਦੇ ਮਿਹਨਤਕਸ਼ਾਂ ਦੀ ਯੂਨੀਵਰਸਿਟੀ, ਵਿਚ ਦਾਖ਼ਲਾ ਲੈ ਲਿਆ। ਅਬਦੁੱਲ ਮਾਜਿਦ ਅਨੁਸਾਰ, ਜਦੋਂ ਉਹ ਪਹਿਲੀ ਵਾਰ ਆਏ "ਉਥੇ ਪੜ੍ਹਾਈ ਦਾ ਕੋਈ ਇੰਤਜ਼ਾਮ ਨਹੀਂ ਸੀ, ....ਅਸੀਂ ਬਸ ਦਫ਼ਤਰ ਚਲੇ ਜਾਂਦੇ ਅਤੇ ਅਖ਼ਬਾਰਾਂ ਪੜ੍ਹਦੇ ਰਹਿੰਦੇ।" ਪਰ ਬਾਅਦ ਵਿਚ, ਹੋਟਲ ਡੀਲਕਸ ਵਿਖੇ ਉਨ੍ਹਾਂ ਦੀਆਂ ਜਮਾਤਾਂ ਲਾਈਆਂ ਜਾਣ ਲੱਗੀਆਂ, ਜਿਥੇ ਕੁਝ ਕੌਮਾਂਤਰੀ ਪ੍ਰਸਿੱਧੀ ਵਾਲੇ ਖੱਬੇ ਠਹਿਰੇ ਹੋਏ ਸਨ। ਰਫ਼ੀਕ ਦੱਸਦਾ ਹੈ ਆਪਣੀ ਤਾਲੀਮ ਦੇ ਇਸ ਨਵੇਂ ਪੜਾਅ ਵਿਚ ਉਨ੍ਹਾਂ ਨੇ ਇਤਿਹਾਸ ਤੇ ਰਾਜਨੀਤਕ ਆਰਥਿਕਤਾ ਦੀ ਪੜ੍ਹਾਈ ਕੀਤੀ ਅਤੇ ਕਿਰਤ ਦੀ ਜਥੇਬੰਦੀ ਤੇ ਸਨਅਤ ਦੇ ਵਿਕਾਸ ਦੀ ਸਿਖਲਾਈ ਹਾਸਲ ਕੀਤੀ। ਹਬੀਬ ਅਹਿਮਦ ਦੱਸਦਾ ਹੈ ਕਿ ਜ਼ਰੱਈ-ਬਸਤੀਵਾਦੀ ਸਵਾਲਾਂ ਸਮੇਤ ਇਤਿਹਾਸ ਅਤੇ ਸਮਾਜਵਾਦ ਛੇ ਮਹੀਨੇ ਦੇ ਕੋਰਸ ਦੇ ਪ੍ਰਮੁੱਖ ਮਜ਼ਮੂਨ ਸਨ। ਸੁਲਤਾਨ ਮਾਜਿਦ ਨੇ ਖ਼ੁਲਾਸਾ ਕੀਤਾ ਕਿ "ਸਾਨੂੰ ਪੜ੍ਹਾਈ ਕਰਾਉਣ ਦਾ ਰੂਸੀਆਂ ਦਾ ਮਨੋਰਥ ਸੀ ਕਿ ਅਸੀਂ ਵਤਨ ਵਾਪਸ ਜਾ ਕੇ ਅੰਗਰੇਜ਼ ਹਕੂਮਤ ਦਾ ਤਖ਼ਤਾ ਉਲਟਾਉਣ ਲਈ ਕੰਮ ਕਰੀਏ। ਨਾ ਤਾ ਅਸੀਂ ਇਸ ਮਿਸ਼ਨ ਤੋਂ ਨਾਂਹ ਕੀਤੀ ਅਤੇ ਨਾ ਹੀ ਇਸ ਨੂੰ ਕਬੂਲ ਕੀਤਾ।" ਅਬਦੁੱਲ ਕਾਦਰ ਨੇ ਸਹਿਮਤੀ ਪ੍ਰਗਟਾਈ ਕਿ ਉਨ੍ਹਾਂ ਨੂੰ "ਸਰਮਾਏਦਾਰੀ ਨੂੰ ਹਰਾਉਣ ਅਤੇ ਇਸ ਸਿਧਾਂਤ ਦੇ ਅਧਾਰ 'ਤੇ ਚਲਾਈਆਂ ਜਾਂਦੀਆਂ ਹਕੂਮਤਾਂ ਨੂੰ ਉਲਟਾਉਣ ਦੇ ਮਨੋਰਥ ਨਾਲ ਪੜ੍ਹਾਈ ਕਰਵਾਈ ਜਾ ਰਹੀ ਸੀ ਜਿਨ੍ਹਾਂ ਬਾਰੇ ਮੰਨਿਆ ਜਾਂਦਾ ਸੀ ਕਿ ਇਹ ਉਨ੍ਹਾਂ ਦੇ ਮੁਲਕਾਂ ਉਪਰ ਥੋਪੀਆਂ ਹੋਈਆਂ ਹਨ।" ਫ਼ਿਰੋਜ਼ਦੀਨ ਮਨਸੂਰ ਦੀ ਨਿਰਖ ਸੀ ਕਿ "ਪੂਰਬੀ ਲੋਕਾਂ ਨੂੰ ਪੂਰਬ ਵਿਚ ਸਮਾਜਵਾਦ ਦੇ ਪ੍ਰਚਾਰ ਦੀ ਸਿਖਲਾਈ ਦੇਣਾ" ਫ਼ੌਰੀ ਨਿਸ਼ਾਨਾ ਸੀ।[75]

ਫ਼ਿਰੋਜ਼ਦੀਨ ਨੇ ਇਹ ਵੀ ਟਿੱਪਣੀ ਕੀਤੀ: "ਬਾਲਸ਼ਵਿਕਾਂ ਵਲੋਂ ਸਾਨੂੰ ਕਮਿਊਨਿਸਟ ਪ੍ਰਚਾਰ ਕਰਨ ਵਾਲੇ ਏਜੰਟਾਂ ਵਜੋਂ ਸਿਖਲਾਈ ਦੇਣ ਦੇ ਇਰਾਦੇ ਨਾਲ ਯੂਨੀਵਰਸਿਟੀ ਲਿਜਾਇਆ ਗਿਆ ਸੀ। ਸਾਨੂੰ ਸਾਡੀ ਤਾਲੀਮ ਕਾਰਨ ਚੁਣਿਆ ਗਿਆ ਸੀ ਅਤੇ ਸਾਡੇ ਨਾਂ ਬਦਲ ਦਿੱਤੇ ਗਏ ਸਨ," ਤਾਂ ਕਿ ਅੰਗਰੇਜ਼ ਉਨ੍ਹਾਂ ਦੀ ਸੂਹ ਨਾ ਕੱਢ ਸਕਣ। "ਯੂਨੀਵਰਸਿਟੀ ਵਿਖੇ ਲੈਕਚਰਾਂ ਵਿਚ ਸਾਨੂੰ ਵਾਰ-ਵਾਰ ਸਮਝਾਇਆ ਜਾਂਦਾ ਕਿ ਬਤੌਰ ਕਮਿਊਨਿਸਟ ਸਾਨੂੰ ਆਪਣੇ ਵਤਨ ਵਾਪਸ ਜਾ ਕੇ ਕਮਿਊਨਿਸਟ ਲੀਹਾਂ 'ਤੇ ਆਪਣੇ ਮੁਲਕ ਦੀ ਬਿਹਤਰੀ ਲਈ ਲਾਜ਼ਮੀ ਕੰਮ ਕਰਨਾ ਚਾਹੀਦਾ ਹੈ: ਮੌਜੂਦਾ ਹਕੂਮਤ ਦਾ ਤਖ਼ਤਾ ਉਲਟਾਉਣ ਅਤੇ ਇਕ ਕਮਿਊਨਿਸਟ ਹਕੂਮਤ ਕਾਇਮ ਕਰਨ ਦੇ ਮਨੋਰਥ ਨਾਲ।" ਅਕਬਰ ਸ਼ਾਹ ਵੀ ਸਹਿਮਤ ਸੀ: "ਬਾਲਸ਼ਵਿਕਾਂ ਨੇ ਸਾਨੂੰ ਪ੍ਰਚਾਰਕਾਂ ਵਜੋਂ ਪੜ੍ਹਾਈ ਕਰਵਾਈ। ਉਨ੍ਹਾਂ ਨੇ ਮੈਨੂੰ ਅਤੇ ਹੋਰ ਸਾਰਿਆਂ ਨੂੰ ਇਹੀ ਸਮਝਾਇਆ ਕਿ ਆਪਣੇ ਘਰੀਂ ਜਾ ਕੇ ਅਸੀਂ ਬਾਲਸ਼ਵਾਦ ਨੂੰ ਵਧੀਆ ਢੰਗ ਨਾਲ ਪ੍ਰਚਾਰੀਏ। ਤਾਸ਼ਕੰਦ ਵਿਚ ਮੈਨੂੰ ਹਵਾਬਾਜ਼ੀ ਦੀ ਜਮਾਤ ਵਿਚ ਵੀ ਸਿਖਲਾਈ ਦਿੱਤੀ ਗਈ। ਬਾਲਸ਼ਵਿਕ ਜਿਸ ਸਿਧਾਂਤ ਨੂੰ ਪ੍ਰਚਾਰਨਾ ਚਾਹੁੰਦੇ ਸਨ ਉਹ ਇਹ ਹੈ ਕਿ ਸਾਰੇ ਇਨਸਾਨ ਬਰਾਬਰ ਹਨ। ਤੇ ਇਸ ਬਰਾਬਰੀ ਨੂੰ

ਆਲਮੀ ਇਨਕਲਾਬ ਰਾਹੀਂ ਅਮਲ ਵਿਚ ਫਿਰ ਹੀ ਲਿਆਂਦਾ ਜਾ ਸਕਦਾ ਹੈ ਜੇ ਇਸ ਕਾਜ ਦੌਰਾਨ ਅਮੀਰਾਂ ਦੇ ਹੱਥਾਂ ਵਿਚਲੀ ਦੌਲਤ ਗ਼ਰੀਬਾਂ ਵਿਚ ਵੰਡ ਦਿੱਤੀ ਜਾਵੇ।" ਪਰ ਇਸ ਖ਼ਿਆਲੀ ਦ੍ਰਿਸ਼ਟੀ ਦੇ ਯਥਾਰਥਵਾਦੀ ਹੋਣ ਬਾਰੇ ਉਸ ਨੂੰ ਕੁਝ ਸੰਸਾ ਸੀ: "ਮੈਂ ਨਹੀਂ ਸਮਝਦਾ ਕਿ ਸਥਾਨਕ ਜ਼ਿਮੀਂਦਾਰਾਂ ਦੇ ਸਬੰਧ 'ਚ ਇਸ ਦਲੀਲ ਦੀ ਕੋਈ ਬਹੁਤੀ ਅਹਿਮੀਅਤ ਹੋਵੇਗੀ ਅਤੇ ਮੇਰਾ ਇਰਾਦਾ ਇਸ ਨੂੰ ਪ੍ਰਚਾਰਨ ਦਾ ਨਹੀਂ ਹੈ।.... ਮਾਸਕੋ ਵਿਚ ਮੈਂ ਰੂਸੀ ਸਮਾਜ ਨਾਲ ਘੁਲਿਆ-ਮਿਲਿਆ ਨਹੀਂ, ਪਰ ਲੱਗਦਾ ਸੀ ਕਿ ਉਥੇ ਵੀ ਹੋਰ ਥਾਂਵਾਂ ਵਾਂਗ ਅਮੀਰ ਅਤੇ ਗ਼ਰੀਬ ਦਰਮਿਆਨ ਉਹੀ ਫ਼ਰਕ ਸੀ। ਇਕ ਰੋਟੀ ਦੇ ਟੁਕੜੇ ਦਾ ਮੁੱਲ ਹਜ਼ਾਰਾਂ ਡਾਲਰ ਹੈ ਪਰ ਉਥੇ ਵੀ ਆਲੇ-ਦੁਆਲੇ ਮੋਟਰ ਕਾਰਾਂ ਵਿਚ ਲੋਕਾਂ ਦੇ ਹਜੂਮ ਤੁਰੇ ਫਿਰਦੇ ਸਨ।"[76]

ਆਖ਼ਰੀ ਇਮਤਿਹਾਨਾਂ ਤੋਂ ਬਾਅਦ (ਜਿਨ੍ਹਾਂ ਬਾਰੇ ਸੁਲਤਾਨ ਕਹਿੰਦਾ ਹੈ ਉਨ੍ਹਾਂ ਨੇ ਪਾਸ ਕਰ ਲਏ ਸਨ, ਅਤੇ ਅਬਦੁੱਲ ਮਾਜਿਦ ਕਹਿੰਦਾ ਹੈ ਕਿ ਜ਼ਿਆਦਾਤਰ ਫੇਲ੍ਹ ਹੋਏ ਸਨ),[77] ਉਨ੍ਹਾਂ ਦੇ ਮਾਣ-ਸਨਮਾਨ ਵਿਚ ਸਮਾਗਮ ਕੀਤਾ ਗਿਆ। ਰਫ਼ੀਕ ਅਨੁਸਾਰ, ਇਸ ਵਿਚ ਚਿਚੇਰਿਨ ਅਤੇ ਜ਼ੀਨੋਵੀਏਵ ਸ਼ਾਮਲ ਹੋਏ ਸਨ। ਟਰਾਟਸਕੀ ਨੇ ਆਖ ਭੇਜਿਆ ਕਿ ਉਸ ਨੂੰ ਸ਼ਾਮਲ ਨਾ ਹੋ ਸਕਣ ਦਾ ਅਫ਼ਸੋਸ ਹੈ। ਸੋਵੀਅਤ ਸ਼ਖ਼ਸੀਅਤਾਂ ਨੇ ਹਿੰਦੁਸਤਾਨੀਆਂ ਦੀ ਉਨ੍ਹਾਂ ਦੇ ਅਗਲੇ ਕੰਮਾਂ ਵਿਚ ਪੂਰੀ ਮਦਦ ਕਰਨ ਦਾ ਹਲਫ਼ ਲਿਆ। ਦਰਅਸਲ, ਕੁਝ *ਮੁਹਾਜਿਰੀਨ* ਪਹਿਲਾਂ ਹੀ ਭੇਤਪੂਰਨ ਢੰਗ ਨਾਲ ਗਾਇਬ ਹੋਣੇ ਸ਼ੁਰੂ ਹੋ ਗਏ ਸਨ, ਰਫ਼ੀਕ ਤੇ ਉਸਦੇ ਮਿੱਤਰਾਂ ਨੂੰ ਸ਼ੱਕ ਸੀ ਕਿ ਉਨ੍ਹਾਂ ਨੂੰ ਹਿੰਦੁਸਤਾਨ ਭੇਜ ਦਿੱਤਾ ਗਿਆ ਸੀ। ਓੜਕ ਮਾਰਚ 1922 ਦੇ ਅਖ਼ੀਰ 'ਚ ਦਸ ਜਣਿਆਂ ਦੀ ਟੋਲੀ (ਹਬੀਬ ਅਤੇ ਫ਼ਿਰੋਜ਼ਦੀਨ ਅਨੁਸਾਰ ਰਵਾਨਾ ਹੋਣ ਵਾਲੀ ਇਹ ਤੀਜੀ ਟੋਲੀ ਸੀ) ਤਾਸ਼ਕੰਦ ਤੋਂ ਪਮੀਰ ਪਹਾੜਾਂ ਵਿੱਚੋਂ ਦੀ ਹੁੰਦੀ ਹੋਈ ਬਰਾਸਤਾ ਖਾਰੋਕ ਹਿੰਦੁਸਤਾਨ ਦੀ ਸਰਹੱਦ ਉਪਰ ਚਿਤਰਾਲ ਦੇ ਸਫ਼ਰ ਲਈ ਰਵਾਨਾ ਹੋ ਗਈ।[78]

ਜਿਹੜਾ ਸਫ਼ਰ ਉਨ੍ਹਾਂ ਨੇ ਰੇਲ ਗੱਡੀ ਰਾਹੀਂ ਕੀਤਾ ਲਾਲ ਫ਼ੌਜ ਦੇ 250 ਜਵਾਨਾਂ ਦੀ ਮਜ਼ਬੂਤ ਟੁਕੜੀ ਉਨ੍ਹਾਂ ਦੇ ਨਾਲ ਜਾ ਰਹੀ ਸੀ, ਜੋ ਵਿਚ ਵਿਚ ਰੁਕਕੇ ਅਨਵਰ ਪਾਸ਼ਾ ਦੇ ਉਲਟ-ਇਨਕਲਾਬੀਆਂ ਜਾਂ ਉਨ੍ਹਾਂ ਨੂੰ ਮਦਦ ਦੇਣ ਵਾਲਿਆਂ ਨਾਲ ਨਜਿੱਠਦੀ ਜਾਂਦੀ ਸੀ। ਤਖ਼ਤ-ਏ-ਸੁਲੇਮਾਨ ਤੋਂ, ਜੋ ਪਹਾੜਾਂ ਤੋਂ ਪਹਿਲਾਂ ਆਖ਼ਰੀ ਰੇਲਵੇ ਸਟੇਸ਼ਨ ਸੀ, ਉਨ੍ਹਾਂ ਨੇ ਘੋੜੇ, ਊਠ, ਅਤੇ ਪਹਾੜ ਪਾਰ ਕਰਨ ਲਈ ਰਸਦ ਖ਼ਰੀਦੇ। ਮੰਦੇਭਾਗੀਂ ਆਮੂ ਦਰਿਆ ਪਾਰ ਕਰਦਿਆਂ, ਦੋ ਘੋੜੇ ਪਾਣੀ 'ਚ ਹੜ੍ਹ ਗਏ ਜਿਨ੍ਹਾਂ ਉਪਰ ਫ਼ੌਜ ਦੀਆਂ ਮਸ਼ੀਨ ਗੰਨਾਂ ਲੱਦੀਆਂ ਹੋਈਆਂ ਸਨ। ਦਰਅਸਲ, ਜਦੋਂ ਉਹ ਚੀਨ ਦੀ ਸਰਹੱਦ ਦੇ ਨੇੜਲੇ ਮੁਰਗ਼ਾਬ-ਏ-ਰੂਸ ਕਿਲ੍ਹੇ ਵਿਚ ਪਹੁੰਚੇ, ਓਦੋਂ ਤੱਕ ਜ਼ਿਆਦਾਤਰ ਘੋੜੇ ਅਤੇ ਅੱਧੇ ਊਠ ਮਰ ਚੁੱਕੇ ਸਨ, ਉਨ੍ਹਾਂ ਕੋਲ ਸਿਰਫ਼ ਚਾਰ ਊਠ ਅਤੇ ਇਕ ਘੋੜੇ ਦਾ ਨਿਗੂਣਾ ਜਿਹਾ ਤਬੇਲਾ ਹੀ ਬਚਿਆ ਸੀ। ਹਾਲਾਂਕਿ ਇਸ ਵਕਤ ਪੰਜ ਵਿੱਚੋਂ ਚਾਰ ਹਿੱਸੇ ਲਾਲ ਫ਼ੌਜ ਇਸੇ ਤਰ੍ਹਾਂ ਦੀ ਥੁੜ੍ਹ ਦੀ ਮਾਰੀ ਪੈਦਲ ਚੱਲ ਰਹੀ ਸੀ, ਇਕ ਅਫ਼ਸਰ ਨੇ ਨਵਾਂ ਘੋੜਾ ਰਫ਼ੀਕ ਨੂੰ ਦੇ ਦਿੱਤਾ, ਅਤੇ ਹੋਰਾਂ ਨੂੰ ਊਠ ਮਿਲ ਗਏ। ਰਫ਼ੀਕ ਨੇ ਜ਼ਿਕਰ ਕੀਤਾ ਕਿ ਸਵਾਰੀ ਕਰਨ ਲਈ ਪਸ਼ੂਆਂ ਤੋਂ ਬਿਨਾ ਉਨ੍ਹਾਂ ਨੂੰ ਉੱਚੀ ਥਾਂ ਸਾਹ ਲੈਣ 'ਚ ਸਹਾਇਤਾ ਵਜੋਂ ਖੰਡ ਵੀ ਦਿੱਤੀ ਗਈ ਸੀ।[79]

ਫਿਰ ਉਹ "ਬੱਦਲਾਂ ਵਰਗੀ ਕੂਲੀ" ਦਲਦਲੀ ਧਰਤੀ ਦੇ ਬੇਆਬਾਦ ਇਲਾਕੇ ਵਿੱਚੋਂ ਦੀ ਦਰਿਆ ਦੇ ਮਗਰ ਮਗਰ ਕਰਾਕੋਰਮ ਪਹਾੜੀਆਂ 'ਚ ਜਾ ਪਹੁੰਚੇ ਅਤੇ ਇੱਥੋਂ ਅਲਤਾਈ ਪਹਾੜਾਂ ਵਿਚ ਦਾਖ਼ਲ ਹੋ ਗਏ, ਇਥੇ ਬਰਫ਼ਵਾਰੀ ਨੇ ਉਨ੍ਹਾਂ ਦਾ ਰਾਹ ਰੋਕ ਲਿਆ। ਪਾਮੀਰ ਦੇ ਮੈਦਾਨ ਵਿਚ ਇਕ ਖੁੱਲ੍ਹੀ ਛੱਤ ਵਾਲੀ ਫ਼ੌਜੀ ਚੌਕੀ ਵਿਚ ਰਾਤ ਗੁਜ਼ਾਰਨ ਤੋਂ ਬਾਅਦ, ਉਹ

ਪਹਾੜੀਆਂ ਤੋਂ ਉਤਰਕੇ ਅਫ਼ਗਾਨ ਕਿਲ੍ਹੇ ਦੇ ਸਾਹਮਣੇ ਬਣਾਏ ਇਕ ਰੂਸੀ ਖ਼ੇਮੇ ਵੱਲ ਚੱਲ ਪਏ। ਇਥੇ ਇਕ ਸਮਝੌਤਾ ਲਾਗੂ ਸੀ ਜਿਸ ਤਹਿਤ ਰੂਸੀਆਂ ਅਤੇ ਅਫ਼ਗਾਨਾਂ ਨੂੰ ਬਿਨਾ ਤੰਗ-ਪ੍ਰੇਸ਼ਾਨ ਕੀਤੇ ਬਜ਼ਾਰ ਵਿੱਚੋਂ ਲੋੜ ਦਾ ਸਮਾਨ ਖ਼ਰੀਦਣ ਦੀ ਖੁੱਲ੍ਹ ਸੀ। ਰਫ਼ੀਕ ਦੀ ਟੋਲੀ ਉਥੇ ਇਕ ਹਫ਼ਤਾ ਇਕ ਬੰਗਲੇ 'ਚ ਠਹਿਰੀ ਜਦਕਿ ਉਨ੍ਹਾਂ ਨੂੰ ਬਿਨਾ ਦੱਸੇ ਫ਼ੌਜ ਦੀ ਸਿਵਲੀਅਨ ਸ਼ਾਖਾ "ਸਾਡੇ ਸਫ਼ਰ ਦੇ ਇੰਤਜ਼ਾਮ ਕਰਨ 'ਚ ਜੁੱਟੀ ਹੋਈ ਸੀ।" ਫਿਰ ਇਕ ਰਾਤ ਰਫ਼ੀਕ, ਹਬੀਬ ਅਤੇ ਮਾਜਿਦ ਨੂੰ ਬੁਲਾਕੇ ਜੁੱਤੇ ਅਤੇ ਸਥਾਨਕ ਕੱਪੜੇ, ਥੋੜ੍ਹੀ ਨਗਦੀ ਅਤੇ ਕਿਸੇ ਸੁਲੇਮਾਨ ਦੇ ਨਾਂ ਇਕ ਰੁੱਕਾ ਦਿੱਤੇ ਗਏ, ਅਤੇ ਤਾਕੀਦ ਕੀਤੀ ਗਈ ਕਿ ਸਵੇਰੇ ਸਾਝਰੇ ਉਨ੍ਹਾਂ ਨੇ ਚੱਲਣਾ ਹੈ।[80]

ਉਹ ਪੈਦਲ ਹੀ ਆਮੂਰ ਘਾਟੀ ਵਿਚ ਉਤਰ ਗਏ ਅਤੇ ਤ੍ਰਿਕਾਲਾਂ ਤੱਕ ਪਹਾੜ ਦੇ ਪੈਰਾਂ 'ਚ ਵਸੇ ਇਕ ਪਿੰਡ ਵਿਚ ਜਾ ਅੱਪੜੇ। ਇਥੇ ਫਿਰ ਦਰਿਆ ਦੇ ਦੋਵਾਂ ਕੰਢਿਆਂ ਉਪਰ ਰੂਸੀ ਅਤੇ ਅਫ਼ਗਾਨ ਕਿਲ੍ਹੇ ਸਨ। ਪਿੰਡ 'ਚ ਮੇਜ਼ਬਾਨ ਨੇ ਉਨ੍ਹਾਂ ਨੂੰ ਆਪਣੇ ਮਹਿਮਾਨਖ਼ਾਨੇ ਵਿਚ ਠਹਿਰਨ ਦੀ ਪੇਸ਼ਕਸ਼ ਕੀਤੀ ਅਤੇ ਫਿਰ ਫਟਾਫਟ ਕਿਲ੍ਹੇ ਵਿਚ ਰੂਸੀਆਂ ਨੂੰ ਖ਼ਬਰ ਕਰ ਦਿੱਤੀ ਕਿ ਉਸ ਦੇ ਘਰ ਜਾਸੂਸ ਠਹਿਰੇ ਹੋਏ ਸਨ। ਦਸਤੇ ਦੇ ਕਮਾਂਡਰ ਦੀ ਅਗਵਾਈ ਵਿਚ ਚਾਰ ਸਿਪਾਹੀਆਂ ਨੇ ਆ ਕੇ ਬੰਦੂਕਾਂ ਤਾਣਕੇ ਤਿੱਕੜੀ ਨੂੰ ਆ ਘੇਰਿਆ। ਉਹ ਇਕਦਮ ਹੈਰਾਨ ਹੋ ਕੇ ਉਠ ਖੜ੍ਹੇ। ਰਫ਼ੀਕ ਨੇ ਦੱਸਿਆ ਕਿ ਅਣਜਾਣੇ ਹੀ ਉਸਦਾ ਹੱਥ ਪਿਸਤੌਲ 'ਤੇ ਜਾ ਟਿਕਿਆ ਤੇ ਉਸ ਨੇ ਪਿਸਤੌਲ ਤਾਣ ਲਈ। ਉਹ ਰੂਸੀ ਵਿਚ ਬੋਲਿਆ, "ਤੁਸੀਂ ਸਾਨੂੰ ਜਾਣਦੇ ਨਹੀਂ ?" ਓਦੋਂ ਚੰਗੇ ਭਾਗੀਂ ਕਮਾਂਡਰ ਨੇ ਉਨ੍ਹਾਂ ਨੂੰ ਸਿਆਣ ਲਿਆ ਅਤੇ ਪੁੱਛਿਆ ਕਿ ਕਿਸੇ ਚੀਜ਼ ਦੀ ਲੋੜ ਹੈ ਤਾਂ ਦੱਸੋ। ਮਾਜਿਦ ਨੇ ਕਿਹਾ ਕਿ ਥੋੜ੍ਹਾ ਤੰਬਾਕੂ ਤੇ ਤੀਲਾਂ ਦੀਆਂ ਡੱਬੀਆਂ ਮਿਲ ਜਾਣ ਤਾਂ ਚੰਗਾ ਰਹੇਗਾ। ਕਮਾਂਡਰ ਨੇ ਚਾਹ ਪੱਤੀ ਤੇ ਖੰਡ ਅਤੇ ਇਹ ਚੀਜ਼ਾਂ ਲਿਆ ਦਿੱਤੀਆਂ। ਉਸ ਨੇ ਸਲਾਹ ਦਿੱਤੀ ਕਿ ਸਥਾਨਕ ਸਰਹੱਦੀ ਲੋਕਾਂ ਦਾ ਇਤਬਾਰ ਨਾ ਕਰਨਾ। "ਮੈਂ ਤੁਹਾਨੂੰ ਇਹ ਨਹੀਂ ਪੁੱਛਾਂਗਾ ਕਿ ਤੁਸੀਂ ਕਿਥੇ ਜਾ ਰਹੇ ਹੋ," ਉਹ ਬੋਲਿਆ। "ਮੈਂ ਜਾਨਣਾ ਨਹੀਂ ਚਾਹੁੰਦਾ।" ਫਿਰ ਉਹ ਉੱਥੋਂ ਚਲਾ ਗਿਆ।[81]

ਚਾਰੇ ਸਾਥੀ ਫਿਰ ਸਵੇਰੇ ਸਾਝਰੇ ਨਿਕਲ ਤੁਰੇ ਅਤੇ ਰਹੱਸਮਈ ਸੁਲੇਮਾਨ ਦੇ ਘਰ ਜਾ ਪੁੱਜੇ, ਜੋ "ਦਰੇ ਵਿਚ ਇਕੋ ਇਕ ਵੱਡਾ ਘਰ ਸੀ।" ਮੇਜ਼ਬਾਨ ਉਨ੍ਹਾਂ ਨੂੰ ਅੰਦਰ ਲੈ ਲਿਆ, ਉਨ੍ਹਾਂ ਦਾ ਲਿਆਂਦਾ ਰੁੱਕਾ ਪੜ੍ਹਿਆ, ਅਤੇ ਝੱਟ ਰਫ਼ੀਕ ਨੂੰ ਫ਼ਾਰੂਕ ਨਾਂ ਨਾਲ ਬੁਲਾਉਂਦਿਆਂ ਆਪਣੇ ਨੌਕਰਾਂ ਨੂੰ ਕਿਹਾ ਕਿ ਮੁਸਾਫ਼ਰਾਂ ਨੇ ਸੁਨਿਆਰਿਆਂ ਕੋਲ ਕੰਮ ਜਾਣਾ ਹੈ। ਗੁਪਤ ਤੌਰ 'ਤੇ, ਸੁਲੇਮਾਨ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਚਾਰ ਪੌਂਡਾਂ ਵਿਚ ਇਕ ਰਾਹ-ਦਰਸਾਵੇ ਦਾ ਇੰਤਜ਼ਾਮ ਕਰਕੇ ਦੇ ਸਕਦਾ ਹੈ, ਅਤੇ ਉਸ ਨੇ ਉਨ੍ਹਾਂ ਨੂੰ ਬਾਰੀਕੀ ਨਾਲ ਰਾਹ ਸਮਝਾ ਦਿੱਤਾ। ਪੂਰਾ ਦਿਨ ਉਨ੍ਹਾਂ ਨੇ ਉਸ ਦੇ ਘਰ ਅਰਾਮ ਕੀਤਾ ਅਤੇ ਰਾਤ ਨੂੰ ਚਲ ਪਏ। ਉਠਾਂ ਉਪਰ ਦਰਿਆ ਪਾਰ ਕਰਦਿਆਂ ਉਹ ਅਫ਼ਗਾਨ ਇਲਾਕੇ ਵਿਚ ਘੁਸ ਗਏ। ਰਫ਼ੀਕ ਨੇ ਦੱਸਿਆ, ਉਨ੍ਹਾਂ ਹਿੱਸਿਆਂ ਵਿਚ 22,000 ਫੁੱਟ ਉੱਚੇ ਪਹਾੜ ਤੇ ਡੂੰਘੀਆਂ ਫਰੇਬੀ ਖੱਡਾਂ ਸਨ, ਜੋ ਦੇਖਣ ਨੂੰ ਬਰਫ਼ ਦੀ ਠੋਸ ਤਹਿ ਜਾਪਦਾ ਉਸ ਦੇ ਹੇਠਾਂ ਡੂੰਘੀਆਂ ਖੱਡਾਂ ਹੁੰਦੀਆਂ। ਉਥੇ ਕੋਈ ਘਾਹ-ਬੂਟ ਜਾਂ ਰੁਖ਼ ਨਹੀਂ, ਸਿਰਫ਼ ਪਠਾਰੀ ਢਲਾਣਾਂ ਸਨ। ਗੋਲੀ ਵੱਜ ਜਾਣ ਜਾਂ ਗ੍ਰਿਫ਼ਤਾਰ ਕਰ ਲਏ ਜਾਣ ਦਾ ਖ਼ਤਰਾ ਲਗਾਤਾਰ ਸਿਰ 'ਤੇ ਮੰਡਲਾ ਰਿਹਾ ਸੀ। ਰਫ਼ੀਕ ਨੂੰ ਡਰ ਸੀ ਕਿ ਉਸ ਚੰਨ-ਚਾਨਣੀ ਰਾਤ ਨੂੰ ਉਨ੍ਹਾਂ ਦੇ ਕਾਲੇ ਸਿਆਹ ਕੱਪੜੇ ਦੁੱਧ-ਚਿੱਟੀ ਬਰਫ਼ ਵਿਚ ਨਜ਼ਰ ਆਏ ਕਿ ਆਏ, ਪਰ ਉਹ ਆਪਣੀਆਂ ਪਿੱਠਾਂ 'ਤੇ ਖਾਣੇ ਅਤੇ ਬਿਸਤਰੇ ਬੰਨ੍ਹੀ ਪਹਾੜਾਂ ਦੀ ਓਟ 'ਚ ਗੀਂਘਦੇ ਅੱਗੇ ਤੁਰਦੇ ਗਏ। ਉਨ੍ਹਾਂ ਨੂੰ ਕੁੱਤੇ ਭੌਂਕਦੇ ਸੁਣਾਈ ਦਿੱਤੇ ਅਤੇ, ਇਕ ਜਗ੍ਹਾ ਤਾਂ ਇਕ ਘੋੜ-ਸਵਾਰ ਉਨ੍ਹਾਂ ਦੀ ਭਾਲ ਕਰਦਾ ਨਜ਼ਰੀਂ ਪਿਆ।

ਉਨ੍ਹਾਂ ਦੀਆਂ ਨਵੀਆਂ ਨਕੋਰ ਜੁੱਤੀਆਂ ਵੀ ਨੰਗੇ ਪੈਰੀਂ ਤੁਰਨ ਤੋਂ ਬਿਹਤਰ ਨਹੀਂ ਸਨ। ਭਾਵੇਂ ਸਾਹ ਲੈਣ 'ਚ ਔਖ ਮਹਿਸੂਸ ਹੁੰਦੀ ਸੀ (ਖੰਡ ਲੈਣ ਦੇ ਬਾਵਜੂਦ), ਉਨ੍ਹਾਂ ਨੂੰ ਕਿਸੇ ਗੁਫ਼ਾ 'ਚ ਪਹੁੰਚਣ ਲਈ ਤੇਜ਼ ਤੋਰ ਚੱਲਣਾ ਹੀ ਪੈਣਾ ਸੀ ਜਿਥੇ ਉਹ ਰਾਤ ਗੁਜ਼ਾਰ ਸਕਣ। ਓੜਕ, ਹਬੀਬ ਅਹਿਮਦ ਹੁਣ ਚੱਲਣ ਜੋਗਾ ਨਹੀਂ ਰਿਹਾ ਸੀ। ਉਸ ਨੇ ਆਪਣੇ ਸਾਥੀਆਂ ਨੂੰ ਵਾਸਤਾ ਪਾਇਆ, "ਮੈਨੂੰ ਮੇਰੇ ਰਹਿਮ 'ਤੇ ਛੱਡ ਦਿਓ ਅਤੇ ਤੁਸੀਂ ਅੱਗੇ ਤੁਰਦੇ ਜਾਓ।" ਉਸ ਨੂੰ ਛੱਡ ਕੇ ਜਾਣ ਤੋਂ ਇਨਕਾਰੀ ਰਫ਼ੀਕ ਅਤੇ ਮਾਜਿਦ ਨੇ ਉਸ ਦਾ ਬੋਝ ਆਪਸ 'ਚ ਵੰਡਕੇ ਉਸ ਨੂੰ ਕੁਝ ਰਾਹਤ ਦਿੱਤੀ। ਪਰ ਥੋੜ੍ਹੇ ਚਿਰ ਪਿੱਛੋਂ ਫ਼ਿਰੋਜ਼ਦੀਨ "ਆਪਣੀ ਬੇਵਸੀ ਦਾ ਐਲਾਨ" ਕਰਨ ਲਈ ਮਜਬੂਰ ਹੋ ਗਿਆ, ਲਿਹਾਜ਼ਾ ਤੰਦਰੁਸਤ ਜੋੜੀ ਨੇ ਉਸ ਦਾ ਬੋਝ ਵੀ ਵੰਡਕੇ ਚੁੱਕ ਲਿਆ। ਬਰਫ਼ਵਾਰੀ ਵਿਚ ਰਾਹ-ਦਰਸਾਵੇ ਦਾ ਖ਼ੁਰਾ ਨੱਪਦਿਆਂ ਅੱਗੇ ਤੁਰਦੇ ਜਾਣ ਤੋਂ ਸਿਵਾਏ ਹੋਰ ਕੋਈ ਹੀਲਾ ਨਹੀਂ ਸੀ, ਜੋ ਅੱਗੇ ਨਿਕਲ ਗਿਆ ਸੀ।[82] ਇਕ ਡੂੰਘੀ ਖੱਡ ਦੇ ਨਾਲ-ਨਾਲ ਪਗਡੰਡੀ ਬਹੁਤ ਭੀੜੀ ਸੀ। ਉਨ੍ਹਾਂ ਨੇ ਹਬੀਬ ਅਤੇ ਫ਼ਿਰੋਜ਼ ਨੂੰ ਤੁਰਨ 'ਚ ਸਹਾਰਾ ਦੇਣ ਲਈ ਉਨ੍ਹਾਂ ਦੇ ਲੱਕ ਨਾਲ ਰੱਸੇ ਬੰਨ੍ਹ ਲਏ, ਪਰ ਉਨ੍ਹਾਂ ਦੇ ਅੱਗੇ ਢਲਾਣ ਐਨੀ ਤਿੱਖੀ ਸੀ ਕਿ ਉਨ੍ਹਾਂ ਨੂੰ ਪਿੱਠ ਭਾਰ ਰਿੜ੍ਹਕੇ ਉਤਰਨਾ ਪਿਆ। ਆਪਣੇ ਦੁਆਲੇ ਬਿਸਤਰੇ ਲਪੇਟੀ ਉਹ ਹੇਠਾਂ ਰਿੜ੍ਹਦੇ ਗਏ, ਇਹ ਸੋਚਕੇ ਕਿ ਮਗਰ ਆ ਰਹੇ ਸਾਥੀਆਂ ਤੋਂ ਖ਼ੁਦ ਨੂੰ ਬਚਾਉਣ ਲਈ ਉਨ੍ਹਾਂ ਨੂੰ ਇੰਞ ਕਰਨਾ ਹੀ ਪੈਣਾ ਸੀ ਕਿਉਂਕਿ ਉੱਪਰਲਿਆਂ ਦੇ ਘਿਸਰਨ ਨਾਲ ਰਿੜ੍ਹਦੇ ਪੱਥਰ ਹੇਠਲਿਆਂ ਦੇ ਆ ਕੇ ਵੱਜ ਰਹੇ ਸਨ।

ਅੱਗੇ ਬਰਫ਼ ਨਾਲ ਲੱਦੀ ਘਾਟੀ ਸੀ, ਲੰਘਣ ਲਈ ਸਾਫ਼ ਰਸਤਾ ਸੀ। ਰਾਹ-ਦਰਸਾਵੇ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਇਹ ਮਹਿਫ਼ੂਜ਼ ਸੀ; ਫ਼ੌਜ ਇੱਧਰੋਂ ਦੀ ਨਹੀਂ ਆਵੇਗੀ। ਲਿਹਾਜ਼ਾ ਉਹ ਦਰੇ ਵਿੱਚੋਂ ਦੀ ਹੋ ਕੇ ਅੱਗੇ ਨਿਕਲ ਗਏ। ਬੱਦਲਵਾਈ ਵਾਲਾ ਮੌਸਮ ਸੀ, ਅਤੇ ਅਜੇ ਵੀ ਬਰਫ਼ ਪੈ ਰਹੀ ਸੀ। ਉਨ੍ਹਾਂ ਨੇ ਆਪਣੀਆਂ ਸੋਟੀਆਂ ਉਪਰ ਕੰਬਲ ਤਾਣਕੇ ਤੰਬੂ ਬਣਾ ਲਿਆ ਅਤੇ ਇਸ ਦੇ ਅੰਦਰ ਇਕ ਦੂਜੇ ਨਾਲ ਜੁੜਕੇ ਬੈਠ ਗਏ। ਜਦੋਂ ਤੰਬੂ ਉਪਰਲੀ ਬਰਫ਼ ਬਹੁਤ ਭਾਰੀ ਹੋ ਗਈ, ਉਨ੍ਹਾਂ ਨੇ ਖੜ੍ਹੇ ਹੋ ਕੇ ਉੱਪਰੋਂ ਬਰਫ਼ ਵਗਾਹ ਮਾਰੀ ਅਤੇ ਫਿਰ ਹੇਠਾਂ ਬੈਠ ਗਏ। ਸਾਰੀ ਰਾਤ ਬਰਫ਼ ਪੈਂਦੀ ਰਹੀ, ਪਰ ਸਵੇਰੇ ਧੁੱਪ ਨਿਕਲ ਆਈ। ਅੱਗੇ ਵੱਲ ਕੂਚ ਸ਼ੁਰੂ ਹੋ ਗਿਆ। ਤ੍ਰਿਕਾਲਾਂ ਤੱਕ ਉਹ ਪੱਥਰ ਦੀਆਂ ਸਿੱਲਾਂ ਅਤੇ ਵਗਦੇ ਪਾਣੀ ਵਾਲੀ ਇਕ ਜਗ੍ਹਾ ਪਹੁੰਚ ਗਏ, ਜਿਥੇ ਉਨ੍ਹਾਂ ਨੇ ਰਾਤ ਗੁਜ਼ਾਰੀ। ਰਾਹ-ਦਰਸਾਵੇ ਨੇ ਦੱਸਿਆ ਕਿ ਸਰਹੱਦ ਆਉਣ ਵਾਲੀ ਹੈ। ਅਗਲੇ ਪਹਾੜ ਦੇ ਦੂਜੇ ਪਾਸੇ ਚਿਤਰਾਲ ਆਵੇਗਾ। ਉਹ ਸਾਰਾ ਦਿਨ ਪਹਾੜੀ ਚੜ੍ਹਾਈ ਚੜ੍ਹਦੇ ਗਏ, ਕਦੇ-ਕਦੇ ਤਾਂ ਚਾਰਾਂ ਦੀ ਪੌੜੀ ਜਹੀ ਬਣ ਜਾਂਦੀ। ਤ੍ਰਿਕਾਲਾਂ ਨੂੰ ਉਹ ਪਰਬਤਮਾਲਾ 'ਚ ਜਾ ਪਹੁੰਚੇ। ਉਨ੍ਹਾਂ ਦੇ ਅੱਗੇ ਸਹਿਜ ਉਤਰਾਈ ਵਾਲੀ ਢਲਾਣ ਸੀ ਜਿਸ ਦੇ ਪੈਰਾਂ 'ਚ ਗੁਫ਼ਾ ਬਣੀ ਹੋਈ ਸੀ, ਜਿਥੇ ਰਾਹ-ਦਰਸਾਵੇ ਨੇ ਅੱਗ ਬਾਲ ਲਈ, ਅਤੇ ਉਹ "ਭੁੱਖੇ ਢਿੱਡ ਬਹੁਤ ਅਮਨ-ਚੈਨ ਤੇ ਸੁੱਖ ਦੀ ਨੀਂਦ ਸੁੱਤੇ ਕਿਉਂਕਿ ਸਾਡਾ ਲੰਗਰ ਮਸਤਾਨਾ ਹੋ ਚੁੱਕਾ ਸੀ।"

ਹੁਣ ਬਰਫ਼ ਦੀ ਮਾਰ ਨਾਲ ਫ਼ਿਰੋਜ਼ ਅਤੇ ਹਬੀਬ ਦੇ ਪੈਰਾਂ ਦੇ ਨਹੁੰ ਉਖੜਨੇ ਸ਼ੁਰੂ ਹੋ ਗਏ ਸਨ; ਨਾਲ ਦੇ ਸਾਥੀਆਂ ਨੇ ਉਨ੍ਹਾਂ ਦੇ ਲਹੂ-ਲੁਹਾਣ ਪੈਰਾਂ ਨੂੰ ਰਾਹਤ ਦੇਣ ਲਈ ਉਨ੍ਹਾਂ ਨੂੰ ਘਨੇੜੀ ਚੁੱਕ ਲਿਆ। ਬਰਫ਼ ਪਿੱਛੇ ਰਹਿ ਗਈ ਸੀ, ਪਰ ਪਾਲੇ ਦਾ ਕਹਿਰ ਜਾਰੀ ਸੀ। ਇਕ ਜਣਾ ਬਰਫ਼ ਦੀ ਪਤਲੀ ਪੇਪੜੀ ਵਿਚ ਧਸਕੇ ਲੱਕ ਤੱਕ ਡੂੰਘੇ ਪਾਣੀ 'ਚ ਜਾ ਫਸਿਆ। ਅੱਗੇ ਜੰਗਲ ਸੀ, ਇਹ ਪਹਿਲੇ ਰੁਖ਼ ਸਨ ਜੋ ਉਨ੍ਹਾਂ ਨੇ ਤੱਕੇ। ਰਾਹ-ਦਰਸਾਵੇ ਨੇ ਦਰਿਆ ਦੇ ਪਾਣੀ ਨਾਲ ਆਟਾ ਗੁੰਨ ਕੇ ਰੋਟੀ ਵੇਲ ਕੇ, ਪੱਧਰੇ ਪੱਥਰ ਉਪਰ ਰਾੜ੍ਹ ਦਿੱਤੀ। ਫਿਰ ਚਿਤਰਾਲ ਵੱਲ ਜਾਂਦਾ ਦਰਾ ਉਨ੍ਹਾਂ ਨੂੰ ਦਿਖਾ ਦਿੱਤਾ। ਇਹ ਇਸ਼ਾਰਾ ਸੀ ਕਿ ਜਿੱਥੋਂ ਤੱਕ ਹੋ ਸਕਦਾ ਸੀ ਉਹ ਹਿੰਦੁਸਤਾਨੀ ਸਰਹੱਦ ਤੱਕ

ਉਨ੍ਹਾਂ ਨਾਲ ਚਲਾ ਆਇਆ ਸੀ। ਅਜੇ ਵੀ, ਅੱਗੇ ਇਕ ਪਿੰਡ ਤੱਕ ਉਹ ਇਕੱਠੇ ਤੁਰਦੇ ਗਏ, ਜਿਥੇ ਉਨ੍ਹਾਂ ਨੇ ਇਕ ਘਰ ਦੇ ਮਾਲਕ ਤੋਂ ਖਾਣਾ ਮੁੱਲ ਲੈ ਕੇ ਖਾਧਾ। ਉਨ੍ਹਾਂ ਨੇ ਉਥੇ ਹੀ ਉਸ ਦੇ ਟੱਬਰ ਨਾਲ ਬੈਠਕੇ ਫਟਾਫਟ ਹਾਬੜਿਆਂ ਵਾਂਗ ਖਾਣਾ ਨਿਗਲ ਲਿਆ। ਰਫ਼ੀਕ ਨੇ ਚੇਤੇ ਕੀਤਾ, "ਹਰ ਕੋਈ ਵੱਧ ਤੋਂ ਵੱਧ ਖਾਣ ਦੀ ਕਾਹਲ 'ਚ ਸੀ। ਮਾਲਕ ਦੀ ਘਰਵਾਲੀ ਮੇਰੇ ਸੱਜੇ ਪਾਸੇ ਬੈਠੀ ਸੀ। ਕਦੇ ਤਾਂ ਉਹ ਮੈਨੂੰ ਪਿੱਛੇ ਧੱਕਕੇ ਖਾਣ ਲੱਗ ਜਾਂਦੀ ਅਤੇ ਕਦੇ ਮੈਂ ਉਸ ਨੂੰ ਪਿੱਛੇ ਧੱਕਕੇ ਖਾ ਜਾਂਦਾ। ਕੁਝ ਮਿੰਟਾਂ 'ਚ ਹੀ ਖਾਣਾ ਨਿੱਬੜ ਗਿਆ।"[83]

ਅਜੇ ਵੀ ਕਈ ਹੋਰ ਦਿਨਾਂ ਦਾ ਸਫ਼ਰ ਬਾਕੀ ਸੀ, ਜਿਸ ਦੌਰਾਨ ਉਨ੍ਹਾਂ ਨੂੰ ਫ਼ਿਰੋਜ਼ ਅਤੇ ਹਬੀਬ ਲਈ ਦੋ ਘੋੜੇ ਕਿਰਾਏ 'ਤੇ ਮਿਲ ਗਏ। ਉਨ੍ਹਾਂ ਨੂੰ ਰਾਹ ਵਿਚ ਹੋਰ ਮੁਸਾਫ਼ਰ ਵੀ ਮਿਲਣੇ ਸ਼ੁਰੂ ਹੋ ਗਏ। ਮਸਲਨ ਇਕ ਟੋਲੀ ਨੇ ਦੱਸਿਆ ਕਿ ਉਹ ਮਜ਼ਾਰ-ਏ-ਸ਼ਰੀਫ਼ ਦੇ ਹੱਜ 'ਤੇ ਜਾ ਰਹੇ ਸਨ। ਸਾਡੇ ਸਾਥੀਆਂ ਨੇ ਤੈਅ ਕੀਤਾ ਕਿ ਲੋੜ ਪੈਣ 'ਤੇ ਉਨ੍ਹਾਂ ਲਈ ਆਪਣੀ ਪਛਾਣ ਲੁਕੋਣ ਖ਼ਾਤਰ ਅਜਿਹੀ ਧਾਰਮਿਕ ਯਾਤਰਾ ਵਧੀਆ ਕਹਾਣੀ ਰਹੇਗੀ। ਜਦੋਂ ਉਨ੍ਹਾਂ ਨੇ ਚਿਤਰਾਲ ਵਿਚ ਪੜਾਅ ਕੀਤਾ, ਉਹ ਸਫ਼ਰ ਨਾਲ ਐਨੇ ਹੰਭੇ ਅਤੇ ਮੌਸਮ ਦੇ ਐਨੇ ਭੰਨੇ ਹੋਏ ਨਜ਼ਰ ਆਉਂਦੇ ਸਨ ਕਿ ਲੋਕਾਂ ਨੇ ਉਨ੍ਹਾਂ ਨੂੰ ਮੰਗਤੇ ਸਮਝ ਲਿਆ ਅਤੇ ਉਨ੍ਹਾਂ ਨੂੰ ਭੀਖ ਦੇਣੀ ਚਾਹੀ। ਉਨ੍ਹਾਂ ਨੇ ਮੰਡੀ ਦੀ ਇਕ ਸਰਾਂ ਵਿਚ ਰਾਤ ਗੁਜ਼ਾਰੀ, ਜਿਥੇ ਉਨ੍ਹਾਂ ਨੂੰ ਆਪਣੇ ਜੂੰਆਂ ਵਾਲੇ ਕੱਪੜੇ ਬਦਲਣ ਲਈ ਨਵੇਂ ਕੱਪੜੇ ਮਿਲ ਗਏ। ਇਸ ਦੀ ਵਜ੍ਹਾ ਇਹ ਵੀ ਸੀ ਕਿ ਉਨ੍ਹਾਂ ਲਈ ਹੁਣ "ਹਿੰਦੁਸਤਾਨੀ ਪਹਿਰਾਵਾ ਬਹੁਤ ਜ਼ਰੂਰੀ ਸੀ ਤਾਂ ਜੋ ਅਸੀਂ ਬਾਹਰਲੇ ਬੰਦੇ ਨਾ ਸਮਝ ਲਏ ਜਾਈਏ।" ਹੋ ਸਕਦਾ ਹੈ ਦਰਜ਼ੀ ਨੇ ਉਨ੍ਹਾਂ ਬਾਰੇ ਸੂਹ ਦਿੱਤੀ ਹੋਵੇ, ਇਹ ਰਫ਼ੀਕ ਦਾ ਅੰਦਾਜ਼ਾ ਸੀ। ਪਰ ਕੁਝ ਵੀ ਹੋਵੇ ਕਿਵੇਂ ਨਾ ਕਿਵੇਂ ਮੁਕਾਮੀ ਇੰਸਪੈਕਟਰ ਨੂੰ ਉਨ੍ਹਾਂ ਬਾਰੇ ਪਤਾ ਚੱਲ ਗਿਆ ਸੀ। ਇਕ ਨਿੱਜੀ ਸਕੱਤਰ ਵਲੋਂ ਉਨ੍ਹਾਂ ਨੂੰ ਪੁੱਛਗਿੱਛ ਲਈ ਬੁਲਾਇਆ ਗਿਆ। ਉਹ ਅਫ਼ਗਾਨ ਪੜ੍ਹਾਕੂ ਸੀ ਜਿਸ ਕੋਲ ਅੰਗਰੇਜ਼ੀ ਅਖ਼ਬਾਰ ਆਉਂਦਾ ਸੀ; ਜਦੋਂ ਉਸ ਨੇ ਹਬੀਬ ਨੂੰ ਅਖ਼ਬਾਰ ਪੜ੍ਹਦੇ ਦੇਖਿਆ, ਉਹ "ਸਮਝ ਗਿਆ ਕਿ ਅਸੀਂ ਪੜ੍ਹੇ-ਲਿਖੇ ਲੋਕ ਹਾਂ," ਜਿਸ ਨਾਲ ਉਹ ਚੁਕੰਨਾ ਹੋ ਗਿਆ ਹੋਵੇਗਾ। "ਲਿਹਾਜ਼ਾ ਉਹ ਸਾਡੇ ਨਾਲ ਪੇਸ਼ ਤਾਂ ਨਰਮਾਈ ਨਾਲ ਆਇਆ, ਪਰ ਨਾਲ ਹੀ ਸਾਨੂੰ ਸਿਆਸੀ ਏਜੰਟ ਕੋਲ ਘੱਲ ਦਿੱਤਾ।" ਹੁਣ ਮੌਕਾ ਸੀ ਉਹ ਮਜ਼ਾਰ-ਏ-ਸ਼ਰੀਫ਼ ਵਾਲੀ ਕਹਾਣੀ ਇਸਤੇਮਾਲ ਕਰਨ। ਪ੍ਰਤੱਖ ਤੌਰ 'ਤੇ ਇਹ ਐਨੀ ਕੁ ਵਾਜਬ ਲੱਗਦੀ ਸੀ ਕਿ ਚਿਤਰਾਲ ਦੇ ਹਾਕਮ ਨੇ ਉਨ੍ਹਾਂ ਨੂੰ ਪੰਜਾਹ-ਪੰਜਾਹ ਰੁਪਏ ਅਤੇ ਪਹਿਨਣ ਲਈ ਕੁਝ ਕੱਪੜੇ ਦੇ ਦਿੱਤੇ। ਪਰ ਇਹ ਐਨੀ ਵਾਜਬ ਵੀ ਨਹੀਂ ਸੀ ਲੱਗਦੀ ਕਿ ਸਾਰੇ ਸ਼ੱਕ ਮਿਟਾ ਦਿੰਦੀ।[84]

ਇਥੇ ਆ ਕੇ ਰਫ਼ੀਕ ਦੇ ਬਿਆਨ 'ਚ ਥੋੜ੍ਹਾ ਘਚੋਲਾ ਹੈ। ਕੀ ਹੁਣ ਉਨ੍ਹਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਸੀ ? ਕੀ ਚਿਤਰਾਲ ਅਥਾਰਟੀ ਪਹਿਲਾਂ ਹੀ ਸੀ.ਆਈ.ਡੀ. ਨਾਲ ਮਿਲੀ ਹੋਈ ਸੀ ? ਕੀ ਮੁਸਾਫ਼ਰਾਂ ਨੂੰ ਓਦੋਂ ਇਲਮ ਸੀ ਕਿ ਉਹ ਆਪਣੇ ਘਰ ਆਜ਼ਾਦ ਨਹੀਂ ਪਹੁੰਚ ਸਕਣਗੇ ? ਜਦੋਂ ਉਨ੍ਹਾਂ ਨੇ ਏਜੰਟ ਨੂੰ ਆਪਣੇ ਸਫ਼ਰ ਬਾਰੇ ਦੱਸਿਆ ਤਾਂ ਉਹ ਇਕਦਮ ਹੈਰਾਨ ਰਹਿ ਗਿਆ। ਉਹ ਤਾਂ ਸੋਚਦਾ ਸੀ ਕਿ ਇਸ ਰਸਤਿਓਂ ਲੰਘਿਆ ਨਹੀਂ ਜਾ ਸਕਦਾ। ਇਸ ਚੌਕੜੀ ਦੀ ਮਾੜੀ ਕਿਸਮਤ ਕਹਿ ਲਓ ਪਿਸ਼ਾਵਰ ਇੰਟੈਲੀਜੈਂਸ ਬਿਊਰੋ ਦੇ ਮੁਖੀ ਨੂੰ ਇਸ ਬਾਰੇ ਐਨਾ ਯਕੀਨ ਨਹੀਂ ਸੀ। ਪਿਸ਼ਾਵਰ ਕੇਸਾਂ ਬਾਰੇ ਆਪਣੇ ਬਿਆਨ ਵਿਚ ਸੁਪਰਡੰਟ ਜੇ.ਐੱਮ. ਇਵਰਟ ਨੇ ਦਾਅਵਾ ਕੀਤਾ ਕਿ ਪਮੀਰ ਪਹਾੜਾਂ ਵਾਲੇ ਰਸਤੇ ਦੀ ਪਹਿਲਾਂ ਹੀ ਜਾਸੂਸੀ ਕੀਤੀ ਜਾ ਰਹੀ ਸੀ ਅਤੇ ਇਸ ਦਾ ਜਾਇਜ਼ਾ ਲਿਆ ਜਾ ਰਿਹਾ ਸੀ, ਅਤੇ ਹਿੰਦੁਸਤਾਨ ਵਿਚ ਦਾਖ਼ਲ ਹੋਣ ਦੇ ਰਸਤਿਆਂ ਉਪਰ ਨਜ਼ਰ ਰੱਖੀ ਜਾ ਰਹੀ ਸੀ। ਉਸ ਦਾ ਕਹਿਣਾ ਸੀ ਕਿ ਬਾਲਸ਼ਵਿਕ ਇਸ ਰਸਤੇ ਦੀ ਵਰਤੋਂ ਕਰਨ

ਦਾ ਯਤਨ ਵਾਹਵਾ ਚਿਰ ਤੋਂ ਕਰਦੇ ਆ ਰਹੇ ਸਨ, ਪਰ ਇਹ ਹਾਲੀਆ ਘਟਨਾ-ਵਿਕਾਸਾਂ ਨਾਲ ਹੀ ਸੰਭਵ ਹੋਇਆ। ਭਾਵ 1922 ਦੇ ਹੁਨਾਲ ਵਿਚ ਅਨਵਰ ਪਾਸ਼ਾ ਦੀ ਮੌਤ ਅਤੇ ਇਸ ਦੇ ਨਾਲ ਹੀ ਉਸ ਬਗ਼ਾਵਤ ਦੇ ਖ਼ਤਮ ਹੋ ਜਾਣ ਨਾਲ ਜੋ ਕਾਸ਼ਗਰ ਸਥਿਤ ਅੰਗਰੇਜ਼ ਕੌਂਸਲ ਜਨਰਲ ਦੀ ਸਾਜ਼ਿਸ਼ ਨਾਲ 1919 ਤੋਂ ਲੈ ਕੇ 1922 ਤੱਕ ਫਰਗ਼ਾਨਾ ਇਲਾਕੇ ਵਿਚ ਧੁਖਦੀ ਰਹੀ ਸੀ। ਇਵਰਟ ਨੇ ਨੋਟ ਕੀਤਾ, ਇਸ ਤੋਂ ਛੁੱਟ 1922 'ਚ ਅਫ਼ਗਾਨਿਸਤਾਨ ਵਿੱਚੋਂ ਸਾਰੇ ਹਿੰਦੁਸਤਾਨੀ ਬਾਗ਼ੀਆਂ ਨੂੰ ਕੱਢੇ ਜਾਣ ਨੇ ਉਨ੍ਹਾਂ ਵਲੋਂ ਆਮ ਹੀ ਵਰਤਿਆ ਜਾਣ ਵਾਲਾ ਰਸਤਾ ਬੰਦ ਕਰ ਦਿੱਤਾ ਸੀ ਅਤੇ ਉਨ੍ਹਾਂ ਨੂੰ ਇਸ ਪਾਸੇ ਵੱਲ ਧੱਕ ਦਿੱਤਾ ਸੀ।[85]

ਚਾਰੇ *ਮੁਹਾਜਿਰੀਨ* ਸ਼ਹਿਰ ਵਿਚ ਘੁੰਮਣ-ਫਿਰਨ ਲਈ ਤਾਂ ਆਜ਼ਾਦ ਸਨ ਪਰ ਨਿਗਰਾਨੀ ਹੇਠ। ਫਿਰ ਉਹ ਨਸ਼ਿਆਂ ਦੇ ਇਕ ਤਸਕਰ ਨਾਲ ਪਿਸ਼ਾਵਰ ਆ ਗਏ, ਅਤੇ ਇਥੇ ਉਨ੍ਹਾਂ ਦੀ ਗ੍ਰਿਫ਼ਤਾਰੀ ਨਾਲ ਉਨ੍ਹਾਂ ਦੇ ਸਫ਼ਰ ਦੀ ਕਹਾਣੀ ਖ਼ਤਮ ਹੋ ਗਈ। ਇਥੇ ਪਹਿਰੇਦਾਰਾਂ ਦਾ ਵਤੀਰਾ ਨਰਮਾਈ ਵਾਲਾ ਸੀ ਅਤੇ ਹੱਥਕੜੀਆਂ ਲਾਹੁਣ ਸਮੇਂ ਉਹ ਆਪਣੀ ਸਫ਼ਾਈ ਦਿੰਦੇ ਰਹੇ। ਦਿਲਚਸਪ ਗੱਲ ਇਹ ਹੋਈ ਕਿ ਖਾਣੇ ਲਈ ਉਨ੍ਹਾਂ ਨੂੰ ਹਾਜੀ ਹੋਟਲ ਲਿਜਾਇਆ ਗਿਆ, ਜਿਸ ਦੇ ਮਾਲਕ ਨੇ ਰਫ਼ੀਕ ਨੂੰ ਝੱਟ ਪਛਾਣ ਲਿਆ ਕਿ ਇਹ ਤਾਂ ਉਹੀ ਹੈ ਜੋ ਡੇਢ ਸਾਲ ਪਹਿਲਾਂ ਬਾਹਰੋਂ ਸਫ਼ਰ ਕਰਕੇ ਕਾਬੁਲ ਆਇਆ ਸੀ।

ਪੁਲਿਸ ਦੀ ਰਿਪੋਰਟ ਵਿਚ ਬਿਆਨ ਕੀਤਾ ਗਿਆ ਕਿ ਰਫ਼ੀਕ ਅਹਿਮਦ, ਹਬੀਬ ਅਹਿਮਦ, ਫ਼ਿਰੋਜ਼ਦੀਨ ਮਨਸੂਰ, ਅਬਦੁੱਲ ਮਾਜਿਦ, ਸੁਲਤਾਨ ਮੁਹੰਮਦ, ਅਬਦੁੱਲ ਕਾਦਰ ਅਤੇ ਫ਼ਿਦਾ ਅਲੀ ਖ਼ਾਨ, ਇਨ੍ਹਾਂ ਸਾਰਿਆਂ ਨੂੰ ਦੋ ਸਾਲਾਂ ਦੇ ਵਕਫ਼ੇ ਤੋਂ ਬਾਅਦ ਬਰਾਸਤਾ ਪਾਮੀਰ ਹਿੰਦੁਸਤਾਨ ਵਿਚ ਦਾਖ਼ਲ ਹੋਣ ਦਾ ਯਤਨ ਕਰਦਿਆਂ ਚਿਤਰਾਲ ਵਿਖੇ ਦਬੋਚਿਆ ਗਿਆ ਸੀ।[86] ਇਸ ਦੌਰਾਨ ਉਨ੍ਹਾਂ ਨੇ "ਤਾਸ਼ਕੰਦ ਪ੍ਰਚਾਰ ਸਕੂਲ ਅਤੇ ਪੂਰਬ ਦੇ ਮਿਹਨਤਕਸ਼ਾਂ ਦੀ ਮਾਸਕੋ ਯੂਨੀਵਰਸਿਟੀ ਵਿਖੇ ਇਨਕਲਾਬੀ ਪ੍ਰਚਾਰ ਦੀ ਸਿਖਲਾਈ ਲਈ ਸੀ।" ਰਿਪੋਰਟ ਅਨੁਸਾਰ ਇਸ ਦੇ ਸਪਸ਼ਟ ਸਬੂਤ ਸਨ ਕਿ ਉਨ੍ਹਾਂ ਨੂੰ "ਖ਼ੁਫ਼ੀਆ ਰੂਸੀ ਏਜੰਟਾਂ ਅਤੇ ਇਨਕਲਾਬ ਦੇ ਪ੍ਰਚਾਰਕਾਂ" ਵਜੋਂ ਵਾਪਸ ਭੇਜਿਆ ਗਿਆ ਸੀ।[87]

ਕੀ ਇਹ ਸੱਚ ਸੀ ? ਕਈ ਸਾਲ ਬਾਅਦ ਸ਼ੌਕਤ ਉਸਮਾਨੀ ਨੇ ਇਕ ਖ਼ਤ ਵਿਚ ਬਿਆਨ ਕੀਤਾ ਕਿ ਬਰਾਸਤਾ ਈਰਾਨ ਜਾਂ ਪਾਮੀਰ ਪਹਾੜਾਂ ਦੇ ਬਿੱਖੜੇ ਪੈਂਡੇ ਤੋਂ ਹੁੰਦੇ ਹੋਏ ਹਿੰਦੁਸਤਾਨ ਵਾਪਸ ਮੁੜਦੇ ਵਕਤ, ਕੁਝ ਦਾ ਬੰਗਾਲ ਤੇ ਯੂ.ਪੀ. ਦੇ ਇਨਕਲਾਬੀਆਂ ਨਾਲ ਅਤੇ ਨਾਲ ਹੀ ਉਤਰ-ਪੱਛਮੀ ਸਰਹੱਦ ਉਪਰਲੇ ਕਬਾਇਲੀ ਖਾੜਕੂਆਂ ਨਾਲ ਸੰਪਰਕ ਸੀ ਜਿਨ੍ਹਾਂ ਨੇ 1915 'ਚ ਲਾਹੌਰ ਦੇ ਵਿਦਿਆਰਥੀਆਂ ਦੀ ਮੇਜ਼ਬਾਨੀ ਕੀਤੀ ਸੀ, ਅਤੇ ਜਿਨ੍ਹਾਂ ਨੂੰ ਹੁਣ ਚੋਖੀ ਮਿਕਦਾਰ 'ਚ" ਹਥਿਆਰ ਭੇਜੇ ਜਾ ਰਹੇ ਸਨ। ਉਸ ਨੇ ਲਿਖਿਆ, "ਜਿਹੜੇ ਆਧੁਨਿਕ ਬੰਬ 1921 ਤੋਂ ਪਿੱਛੋਂ ਦੇ ਅਰਸੇ 'ਚ ਅੰਗਰੇਜ਼ਾਂ ਉਪਰ ਸੁੱਟੇ ਜਾਂਦੇ ਰਹੇ, ਉਨ੍ਹਾਂ ਦਾ ਮੌਲਿਕ ਨੁਸਖ਼ਾ ਸਾਡੀ ਟੋਲੀ ਦਾ ਇਕ ਮੈਂਬਰ ਸੋਵੀਅਤ ਯੂਨੀਅਨ ਤੋਂ ਲੈ ਕੇ ਆਇਆ ਸੀ।" ਕੁਝ ਦਾ ਅਬੁਲ ਕਲਾਮ ਆਜ਼ਾਦ ਨਾਲ ਵੀ ਰਾਬਤਾ ਸੀ।[88]

ਉਨ੍ਹਾਂ ਨੂੰ ਜੇਲ੍ਹ ਵਿਚ ਰੱਖਿਆ ਗਿਆ ਅਤੇ ਇਕ ਦੂਜੇ ਨਾਲ ਮੇਲ-ਜੋਲ ਦੀ ਮਨਾਹੀ ਸੀ। ਫਿਰ ਵੀ, ਪੈਰੀਂ ਬੇੜੀਆਂ ਵਾਲਾ ਇਕ ਕੈਦੀ ਰਫ਼ੀਕ ਤੱਕ ਪਹੁੰਚਣ 'ਚ ਕਾਮਯਾਬ ਹੋ ਗਿਆ ਅਤੇ ਉਸ ਨੇ ਕੁਝ ਤੰਬਾਕੂ ਅਤੇ ਮਾਚਿਸ ਉਸ ਵੱਲ ਸੁੱਟ ਹੀ ਦਿੱਤੀ ਅਤੇ ਉਸ ਨੂੰ ਖ਼ਬਰ ਕਰ ਗਿਆ ਕਿ ਮਾਜਿਦ ਤੇ ਫ਼ਿਰੋਜ਼ ਨੇੜੇ ਹੀ ਬੰਦ ਹਨ। ਉਨ੍ਹਾਂ ਨੇ ਨਿੱਕੇ-ਨਿੱਕੇ ਪੈਗ਼ਾਮ ਸਾਂਝੇ ਕੀਤੇ – "ਬੇਫ਼ਿਕਰ ਰਹੋ," "ਮੈਂ ਵੀ ਇਥੇ ਹੀ ਹਾਂ" – ਅਤੇ ਓੜਕ ਪਤਾ ਲੱਗ ਗਿਆ ਕਿ ਬਾਕੀ ਪੰਜ ਵੀ

ਪਿਸ਼ਾਵਰ ਜੇਲ੍ਹ ਵਿਚ ਹੀ ਬੰਦ ਹਨ। ਜਿਵੇਂ ਸਾਹਮਣੇ ਆਇਆ, ਉਨ੍ਹਾਂ ਨੂੰ ਵੱਖੋ-ਵੱਖਰੇ ਤੇ ਨਿੱਕੀਆਂ-ਨਿੱਕੀਆਂ ਟੋਲੀਆਂ ਵਿਚ ਭੇਜਿਆ ਗਿਆ ਸੀ, ਜੋ ਬਦਕਿਸਮਤ ਹਾਲਾਤ ਵਿਚ ਦੁਬਾਰਾ 'ਕੱਠੇ ਹੋ ਗਏ ਸਨ।[89]

ਉਤਰ-ਪੱਛਮੀ ਸਰਹੱਦੀ ਸੂਬੇ ਦੇ ਮੁੱਖ ਕਮਿਸ਼ਨਰ ਨੇ ਚੀਫ਼ ਸਕੱਤਰ ਦਿੱਲੀ ਨੂੰ ਸਿਫ਼ਾਰਸ਼ ਕੀਤੀ ਕਿ ਤਰਜ਼ੀਹੀ ਤੌਰ 'ਤੇ ਇਨ੍ਹਾਂ ਨੂੰ ਵੱਖੋ-ਵੱਖਰੀਆਂ ਜੇਲ੍ਹਾਂ ਵਿਚ ਲੰਮਾ ਸਮਾਂ ਕੈਦ ਰੱਖਿਆ ਜਾਵੇ। ਨੇਕ-ਚੱਲਣੀ ਦੀ ਜ਼ਮਾਨਤ ਦੇ ਅਧਾਰ 'ਤੇ ਇਨ੍ਹਾਂ ਨੂੰ ਰਿਹਾਅ ਕਰਨਾ ਕਾਫ਼ੀ ਨਹੀਂ ਹੋਵੇਗਾ ਕਿਉਂਕਿ "ਜਿਸ ਕੰਮ ਲਈ ਇਨ੍ਹਾਂ ਨੂੰ ਸਿਖਲਾਈ ਦੇ ਕੇ ਹਿੰਦੁਸਤਾਨ ਭੇਜਿਆ ਗਿਆ ਹੈ ਉਸ ਨੂੰ ਇਹ ਭੋਰਾ ਜ਼ੋਖ਼ਮ ਉਠਾਏ ਬਗ਼ੈਰ ਹੀ ਖ਼ੁਫ਼ੀਆ ਤੌਰ 'ਤੇ ਕਰ ਸਕਦੇ ਸਨ।"[90] ਉਨ੍ਹਾਂ ਨੂੰ ਸੁਲਤਾਨ ਦੇ ਰਾਜ ਖ਼ਿਲਾਫ਼ ਸਾਜ਼ਿਸ਼ ਰਚਣ ਦੇ ਜੁਰਮ 'ਚ ਤਾਜ਼ੀਰਾਤ-ਏ-ਹਿੰਦ ਦੀ ਧਾਰਾ 121-ਏ ਤਹਿਤ ਦੋਸ਼ੀ ਠਹਿਰਾਇਆ ਜਾਵੇਗਾ। ਇਕ ਜਾਂ ਦੋ ਜਣੇ ਵਾਅਦਾ-ਮੁਆਫ਼ ਬਣ ਜਾਣਗੇ।[91] ਅਗਲੇ ਦੋ ਸਾਲਾਂ 'ਚ ਉਨ੍ਹਾਂ ਉਪਰ ਬਹੁਤ ਸਾਰੇ ਮੁਕੱਦਮੇ ਚਲਾਏ ਜਾਣਗੇ ਜੋ ਸਾਂਝੇ ਤੌਰ 'ਤੇ ਪਿਸ਼ਾਵਰ ਸਾਜ਼ਿਸ਼ ਮੁਕੱਦਮਿਆਂ ਵਜੋਂ ਮਸ਼ਹੂਰ ਹੋਏ – ਇਹ 1920 ਦੌਰਾਨ ਕਮਿਊਨਿਸਟਾਂ ਦੇ ਖ਼ਿਲਾਫ਼ ਮਸ਼ਹੂਰ ਮੁਕੱਦਮਿਆਂ ਦੀ ਲੜੀ ਵਿੱਚੋਂ ਪਹਿਲਾ ਮੁਕੱਦਮਾ ਸੀ।[92]

ਇਹ ਆਪੋ ਵਿਚ ਰਲਗੱਡ (ਜਾਂ ਆਪੋ ਵਿਚ ਟਕਰਾਉਂਦੀਆਂ) ਸਹੀ ਸਹੀ ਉਹ ਪਛਾਣਾਂ ਸਨ ਜੋ *ਮੁਹਾਜਿਰੀਨ* ਵਲੋਂ ਆਪਣੇ ਨਾਲ ਜੋੜੀਆਂ ਗਈਆਂ। ਵਸੀਲਿਆਂ ਦੇ ਸੁਭਾਅ ਨੂੰ ਦੇਖਦਿਆਂ ਇਹ ਵਿਆਖਿਆ ਕਰਨੀ ਔਖੀ ਹੈ ਕਿ ਸਫ਼ਰ ਦੇ ਹਰ ਪੜਾਅ 'ਤੇ ਇਨ੍ਹਾਂ ਵਿੱਚੋਂ ਕਿਹੜੀ ਵਫ਼ਾਦਾਰੀ ਤਰਜ਼ੀਹ ਹਾਸਲ ਕਰਦੀ ਰਹੀ। ਪਿਸ਼ਾਵਰ ਵਿਖੇ ਦਿੱਤੇ ਵੱਖੋ-ਵੱਖਰੇ ਬਿਆਨਾਂ ਵਿਚ, ਹਿੰਦੁਸਤਾਨ ਤੋਂ ਚੱਲਕੇ ਅਫ਼ਗਾਨਿਸਤਾਨ ਤੋਂ ਤਾਸ਼ਕੰਦ ਹੁੰਦੇ ਹੋਏ, ਇੱਥੋਂ ਮਾਸਕੋ ਅਤੇ ਫਿਰ ਸੋਵੀਅਤ ਕੇਂਦਰੀ ਏਸ਼ੀਆ ਵਿੱਚੋਂ ਦੀ ਚਿਤਰਾਲ ਸਰਹੱਦ ਲਈ ਵਾਪਸੀ ਦੇ ਸਫ਼ਰ ਬਾਰੇ ਤੱਥਾਂ ਦੀ ਤਫ਼ਸੀਲ ਮਿਲਦੀ-ਜੁਲਦੀ ਹੈ। ਦੂਜੇ ਪਾਸੇ, ਮੁਸਾਫ਼ਰਾਂ ਦੇ ਅਸਲ ਮਨੋਰਥਾਂ, ਇਰਾਦਿਆਂ, ਨਿਹਚਾ, ਉਮੰਗਾਂ ਅਤੇ ਅਕੀਦਿਆਂ ਦੀ ਤਸਦੀਕ ਹੋਣਾ ਅਸੰਭਵ ਹੈ। ਜਿਨ੍ਹਾਂ ਨੂੰ ਚਿਤਰਾਲ ਸਰਹੱਦ ਉਪਰ ਗ੍ਰਿਫ਼ਤਾਰ ਕੀਤਾ ਗਿਆ ਉਨ੍ਹਾਂ ਦਾ ਬਾਲਸ਼ਵਿਕ ਰਿਸ਼ਤਾ ਸੱਚੀ ਆਸਥਾ ਵਿੱਚੋਂ ਕਿੰਨਾ ਸੀ, ਅਤੇ ਸੂਝ-ਸਿਆਣਪ ਨਾਲ ਕਿੰਨਾ ਸੀ? ਕੀ ਸਫ਼ਰ ਦੌਰਾਨ ਉਨ੍ਹਾਂ ਦੀਆਂ ਮੂਲ ਵਚਨਬੱਧਤਾਵਾਂ ਵਿਚ ਤਿੱਖੇ ਰੂਪ 'ਚ ਬਦਲਾਓ ਆਉਂਦੇ ਰਹੇ ਸਨ? ਜਾਂ ਉਹ ਇਕਸਾਰ ਹੀ ਰਹੀਆਂ, ਹਾਲਾਂਕਿ ਇਨ੍ਹਾਂ ਦੀ ਵੱਖੋ-ਵੱਖਰੇ ਢੰਗਾਂ ਅਤੇ ਮੁਹਾਵਰਿਆਂ ਵਿਚ ਅਦਲਾ-ਬਦਲੀ ਹੁੰਦੀ ਰਹੀ ਸੀ, ਜਿਵੇਂ ਮੈਂ ਦਲੀਲ ਦਿੱਤੀ ਹੈ ਕਿ ਗ਼ਦਰ ਪਾਰਟੀ ਦੇ ਮਾਮਲੇ 'ਚ ਹੋਇਆ? ਆਧੁਨਿਕਤਾ ਅਤੇ ਪਰੰਪਰਾ, ਤਰਕਵਾਦ ਅਤੇ ਰਹੱਸਵਾਦ ਦਰਮਿਆਨ ਉਸਮਾਨੀ ਜੋ ਵਿਰੋਧ ਸਥਾਪਤ ਕਰਦਾ ਹੈ ਕੀ ਇਸ ਦੀ ਤਹਿ ਹੇਠ ਉਨ੍ਹਾਂ ਦਾ ਬਾਲਸ਼ਵਾਦ ਨੂੰ ਅਪਨਾਉਣਾ ਖ਼ਿਲਾਫ਼ਤ ਲਹਿਰ ਨਾਲ ਉਨ੍ਹਾਂ ਦੀ ਇਕਰੂਪਤਾ ਤੋਂ ਬੁਨਿਆਦੀ ਤੋੜ-ਵਿਛੋੜਾ ਸੀ, ਜਾਂ ਇਹ ਉਨ੍ਹਾਂ ਪ੍ਰੇਰਣਾਵਾਂ ਦੀ ਲਗਾਤਾਰਤਾ ਸੀ ਖ਼ਾਸ ਤੌਰ 'ਤੇ ਜਿਨ੍ਹਾਂ ਦੇ ਸਿੱਟੇ ਵਜੋਂ ਉਹ ਹਿਜਰਤ 'ਤੇ ਨਿਕਲੇ ਸਨ? ਇਹ ਅਦਲਾ-ਬਦਲੀ ਸੀ ਜਾਂ ਉਲਟ ਵਿਚਾਰ? ਜਿਵੇਂ ਜਮਾਲ-ਅਦ-ਦੀਨ-ਅਲ-ਅਫ਼ਗਾਨੀ ਦੀ ਸੋਚ ਬਾਰੇ ਪੇਸ਼ ਕੀਤੀ ਤਸਵੀਰ ਵਿਚ ਨਿਕੀ ਕੈਡੀ ਦਰਸਾਉਂਦੀ ਹੈ ਕਿ ਜੋ ਕੁਝ ਸਮੇਂ ਸਮੇਂ 'ਤੇ ਉਸ ਦੀ ਲਫ਼ਾਜ਼ੀ ਵਿਚ ਅਸੰਗਤੀ ਲੱਗ ਸਕਦਾ ਹੈ ਉਸ ਦਾ ਧੁਰਾ ਇਕੋ-ਇਕ ਇਕਸਾਰ ਮਨੋਰਥ ਸੀ, ਭਾਵ ਅੰਗਰੇਜ਼ ਸਾਮਰਾਜਵਾਦ ਦੇ ਵਿਰੋਧ ਦਾ ਜ਼ਰੀਆ।[93] ਇਥੇ ਵੀ ਆਲੋਚਨਾ ਅਤੇ ਵਿਰੋਧ ਦੇ ਲਾਜ਼ਮੀ ਹੋਣ 'ਤੇ ਕਿੰਤੂ-ਪ੍ਰੰਤੂ ਨਹੀਂ ਹੈ; ਸਿਰਫ਼ ਪ੍ਰੇਰਣਾ ਦੀ ਪ੍ਰਭਾਵਸ਼ੀਲਤਾ ਦੀ ਵਿਹਾਰਕ ਤਲਾਸ਼ ਅਨੁਸਾਰ ਢੰਗ ਅਤੇ ਤਰਕ ਵੱਖੋ-ਵੱਖਰੇ ਹਨ।

ਈਰਾਨ ਵਿਚ ਤੁਰਕੀ ਨਾਲ ਸਬੰਧਤ ਗ੍ਰਿਫ਼ਤਾਰ ਕੀਤੇ ਕੁਝ ਖਾੜਕੂਆਂ ਦੀ ਇਤਲਾਹ ਦਿੰਦੀ ਹੋਈ ਮਸ਼ਹਦ ਦੇ ਕੌਂਸਲ ਜਨਰਲ ਵਲੋਂ ਦਿੱਲੀ ਦੇ ਬਦੇਸ਼ ਸਕੱਤਰ ਦੇ ਨਾਂ ਭੇਜੀ ਇਕ ਤਾਰ ਕਹਿੰਦੀ ਹੈ: "ਮੈਨੂੰ ਇਹ ਇਤਲਾਹ ਕਰਦਿਆਂ ਅਫ਼ਸੋਸ ਹੈ, ਪਰ ਇਕ ਮੁਖ਼ਬਰ ਜੋ ਰੂਸੀ ਬੋਲ ਲੈਂਦਾ ਹੈ ਉਹ ਕਹਿੰਦਾ ਹੈ ਕਿ ਬਾਦਸ਼ਾਹ ਐਡਵਰਡ ਦੇ ਆਪਣੇ ਰਿਸਾਲੇ ਦਾ ਸਾਬਕਾ ਲਾਂਸ ਦਫ਼ੇਦਾਰ ਗ਼ੁਲਾਮ ਅਹਿਮਦ ਰੂਸੀ ਜ਼ਬਾਨ ਵਿਚ ਰੂਸੀ ਆਜ਼ਾਦੀ ਦੀਆਂ ਤਾਰੀਫ਼ਾਂ ਕਰ ਰਿਹਾ ਹੈ। ਉਹ ਫਰਾਟੇਦਾਰ ਰੂਸੀ ਬੋਲਦਾ ਹੈ।"[94] ਮਸੂਰੀ ਤੋਂ ਫ਼ੌਜ ਦੇ ਕਪਤਾਨ ਜੀ.ਐੱਲ. ਸਟਰੈਟਨ ਵਲੋਂ ਸ਼ਿਮਲਾ ਵਿਚ ਆਪਣੇ ਸਹਾਇਕ ਜਨਰਲ ਨੂੰ 22 ਮਈ 1922 ਨੂੰ ਭੇਜੀ ਇਕ ਹੋਰ ਤਾਰ ਵਿਚ ਉਸ ਖ਼ਤ ਦਾ ਤਰਜਮਾ ਦਿੱਤਾ ਗਿਆ ਸੀ ਜੋ ਸਟਰੈਟਨ ਨੂੰ ਇਕ ਸਰਬ ਨੇ ਭੇਜਿਆ ਸੀ ਜਿਸ ਨੂੰ ਅੰਗਰੇਜ਼ ਕੌਂਸਲਖ਼ਾਨੇ ਦੇ ਹਸਪਤਾਲ (ਥਾਂ ਨਹੀਂ ਦੱਸੀ ਗਈ) ਵਿਚ ਇਕ ਨੌਜਵਾਨ ਹਿੰਦੁਸਤਾਨੀ ਮਿਲਿਆ ਸੀ ਜਿਥੇ ਉਨ੍ਹਾਂ ਦੋਵਾਂ ਦਾ ਇਲਾਜ ਚੱਲ ਰਿਹਾ ਸੀ। ਹਿੰਦੁਸਤਾਨੀ ਨੂੰ ਵਾਪਸ ਭੇਜਿਆ ਜਾਣਾ ਸੀ ਅਤੇ ਕਿਸੇ ਤਰ੍ਹਾਂ ਦੀ ਅਜ਼ਮਾਇਸ਼ੀ ਨਿਗਰਾਨੀ ਹੇਠ ਰੱਖਿਆ ਜਾਣਾ ਸੀ। ਪਰ ਇਸ ਦੌਰਾਨ ਜਦੋਂ ਉਹ ਦਵਾਈ ਲੈਣ ਦੀ ਵਾਰੀ ਉਡੀਕ ਰਹੇ ਸਨ ਉਸ ਨੇ ਸਰਬ ਨਾਲ ਰੂਸੀ ਜ਼ਬਾਨ ਵਿਚ ਪੂਰੇ ਉਤਸ਼ਾਹ ਨਾਲ ਇਹ ਗੱਲਬਾਤ ਕੀਤੀ: "ਰੂਸ ਵਿਚ ਇਕ ਬਹੁਤ ਹੀ ਕਮਾਲ ਦੀ ਲਾਲ ਫ਼ੌਜ ਹੈ, ਦੁਨੀਆ ਦੀ ਬਿਹਤਰੀਨ ਫ਼ੌਜ। ਰੂਸ ਇਕ ਆਜ਼ਾਦ ਮੁਲਕ ਹੈ।" ਸਰਬ ਨੇ ਇਤਲਾਹ ਦਿੱਤੀ: "ਉਸ ਨੇ ਮੈਨੂੰ ਦੱਸਿਆ ਕਿ ਉਹ ਤਾਸ਼ਕੰਦ ਅਤੇ ਮਾਸਕੋ ਵਿਚ ਹਿੰਦੁਸਤਾਨ ਜਾ ਕੇ ਪ੍ਰਚਾਰ ਕਰਨ ਦੇ ਕੋਰਸ ਕਰ ਚੁੱਕਾ ਸੀ ਅਤੇ ਉਥੇ ਉਸ ਨੂੰ ਪੂਰੀ ਆਜ਼ਾਦੀ ਸੀ। ਰੂਸ ਵਿਚ ਉਸ ਨੂੰ ਜੋ ਆਜ਼ਾਦੀ ਦਿੱਤੀ ਗਈ ਉਹ ਉਸ ਤੋਂ ਖ਼ਾਸ ਤੌਰ 'ਤੇ ਬਾਗ਼ੋ-ਬਾਗ਼ ਸੀ।" ਸਰਬ ਨੇ ਹਿੰਦੁਸਤਾਨੀ ਨੂੰ ਪੁੱਛਿਆ: "ਤੁਸੀਂ ਨਹੀਂ ਚਾਹੁੰਦੇ ਕਿ ਹਿੰਦੁਸਤਾਨ ਵਿਚ ਉਸੇ ਤਰ੍ਹਾਂ ਦੀ ਆਜ਼ਾਦੀ ਹੋਵੇ ਜਿਵੇਂ ਰੂਸ ਵਿਚ ਹੈ ?" ਜਵਾਬ ਸੀ: "ਅੰਗਰੇਜ਼ ਨਾ ਹੋਣ ਤਾਂ ਸਾਨੂੰ ਖ਼ੁਸ਼ੀ ਹੋਵੇਗੀ। ਇਸ ਵਕਤ ਹਿੰਦੁਸਤਾਨ ਵਿਚ ਗ਼ਦਰ ਮਚਿਆ ਰਹਿੰਦਾ ਹੈ ਅਤੇ ਜਦੋਂ ਤੱਕ ਅੰਗਰੇਜ਼ ਚਲੇ ਨਹੀਂ ਜਾਂਦੇ ਇਸੇ ਤਰ੍ਹਾਂ ਹੁੰਦਾ ਰਹੇਗਾ।" ਫਿਰ ਸਰਬ ਨੇ ਕਿਹਾ: "ਜੇ ਤੁਸੀਂ ਹਿੰਦੁਸਤਾਨ ਵਿਚ ਇਸੇ ਤਰ੍ਹਾਂ ਬੋਲੋਗੇ ਇਹ ਤੁਹਾਡੇ ਖ਼ਿਲਾਫ਼ ਜਾਵੇਗਾ।" ਉਸ ਨੇ ਜਵਾਬ ਦਿੱਤਾ: "ਪਹਿਲਾਂ ਮੈਂ ਰੂਸ ਦੇ ਖ਼ਿਲਾਫ਼ ਬੋਲਾਂਗਾ, ਅਤੇ ਪਿੱਛੋਂ ਮੈਂ ਰੂਸ ਵਾਪਸ ਚਲਾ ਜਾਵਾਂਗਾ, ਕਿਉਂਕਿ ਰੂਸ ਰਹਿਣ ਲਈ ਵਧੀਆ ਜਗ੍ਹਾ ਹੈ।"[95]

ਵਾਅਦਾ-ਮੁਆਫ਼ ਅਬਦੁੱਲ ਕਾਦਰ ਵਲੋਂ ਆਪਣੇ ਤਫ਼ਤੀਸ਼-ਕਰਤਾਵਾਂ ਨੂੰ ਉਨ੍ਹਾਂ ਜਥੇਬੰਦਕ ਜ਼ਿੰਮੇਵਾਰੀਆਂ ਦੀ ਜਾਣਕਾਰੀ ਦਿੱਤੀ ਗਈ ਜੋ ਉਨ੍ਹਾਂ ਨੂੰ ਸੌਂਪੀਆਂ ਗਈਆਂ ਸਨ। ਇਸ ਦਾ ਭੇਤ ਦੇਣ ਤੋਂ ਉਸ ਦੇ ਸਾਥੀਆਂ ਨੇ ਸਾਫ਼ ਨਾਂਹ ਕਰ ਦਿੱਤੀ ਸੀ। ਉਸ ਦੀ ਮੁਰਾਦ ਇਹ ਸੀ ਕਿ ਉਨ੍ਹਾਂ ਦੀ ਸਰਪ੍ਰਸਤੀ ਕਰਨ ਵਾਲਿਆਂ ਵਲੋਂ ਦਿੱਤੀ ਸਿੱਖਿਆ ਕਮਜ਼ੋਰ ਸੀ:

"ਸਾਡੀ ਕੁਲ ਸਿਖਲਾਈ ਇਨਕਲਾਬੀ ਸੀ, ਅਤੇ ਹਿੰਦੁਸਤਾਨ ਵਾਪਸ ਜਾ ਕੇ ਸਾਨੂੰ ਸਾਰਿਆਂ ਨੂੰ ਇਨਕਲਾਬੀ ਪ੍ਰਚਾਰ ਕਰਨ ਤੇ ਇਕ ਦੂਜੇ ਨਾਲ ਰਾਬਤਾ ਬਣਾਈ ਰੱਖਣ ਅਤੇ ਕਾਬੁਲ ਵਿਚ ਅਲੀ ਖ਼ਾਨ ਨਾਲ ਆਦਾਨ-ਪ੍ਰਦਾਨ ਕਰਨ ਲਈ ਕਿਹਾ ਗਿਆ ਸੀ।[96] ਸ਼ਫ਼ੀਕ ਇਨਕਲਾਬੀ ਪਾਰਟੀ ਦਾ ਇਕ ਹੋਰ ਮੁੱਖ ਕਾਰਕੁੰਨ ਹੈ ਅਤੇ, ਜਦੋਂ ਸਾਡਾ ਉਸ ਨਾਲ ਸੰਪਰਕ ਹੋ ਜਾਂਦਾ ਹੈ ਤਾਂ ਸਾਡੇ ਤੋਂ ਇਹ ਉਮੀਦ ਵੀ ਕੀਤੀ ਗਈ ਸੀ ਕਿ ਅਸੀਂ ਉਸ ਦੇ ਮਤਹਿਤ ਕੰਮ ਕਰੀਏ। ਉਹ ਬਹੁਤ ਵਾਰ ਖ਼ੁਫ਼ੀਆ ਤੌਰ 'ਤੇ ਹਿੰਦੁਸਤਾਨ ਆਉਂਦਾ ਜਾਂਦਾ ਰਿਹਾ ਹੈ ਅਤੇ ਮੇਰੀ ਜਾਣਕਾਰੀ ਅਨੁਸਾਰ ਸ਼ਾਇਦ ਉਹ ਹੁਣ ਵੀ ਹਿੰਦੁਸਤਾਨ ਵਿਚ ਹੋਵੇ..... ਸਾਡੀ ਸਿਖਲਾਈ ਇਹੀ ਸੀ ਪਰ ਹਰ ਵਕਤ ਸਾਡੀ ਇਹੀ ਤਮੰਨਾ ਹੁੰਦੀ ਸੀ ਕਿ ਅਸੀਂ ਘਰ ਵਾਪਸ ਜਾਈਏ। ਮੈਂ

ਨਹੀਂ ਸੋਚਦਾ ਕਿ ਮੁੰਡਿਆਂ ਦੀ ਜਿਸ ਟੋਲੀ ਨਾਲ ਮੈਂ ਆਇਆ ਹਾਂ ਉਨ੍ਹਾਂ ਵਿੱਚੋਂ ਕੋਈ ਵੀ ਦ੍ਰਿੜ ਨਿਹਚਾ ਵਾਲਾ ਕਮਿਊਨਿਸਟ ਹੋਵੇ। ਪਰ ਉਨ੍ਹਾਂ ਨਾਲ ਸਫ਼ਰ ਕਰਦਿਆਂ ਜੋ ਗੱਲਬਾਤਾਂ ਹੁੰਦੀਆਂ ਰਹੀਆਂ ਉਸ ਅਨੁਸਾਰ ਉਨ੍ਹਾਂ ਦਾ ਇਰਾਦਾ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਸਿਆਸੀ ਲਹਿਰਾਂ ਵਿਚ ਸ਼ਾਮਲ ਹੋਣ ਦਾ ਹੈ। ਹਬੀਬ ਅਹਿਮਦ, ਅਬਦੁੱਲ ਮਾਜਿਦ, ਰਫ਼ੀਕ ਅਹਿਮਦ ਅਤੇ ਫ਼ਿਰੋਜ਼ਦੀਨ ਸਾਰੇ ਇਸੇ ਤਰੀਕੇ ਨਾਲ ਗੱਲ ਕਰਦੇ ਸਨ।"[97]

ਪਰ ਚਾਲੀ ਸਾਲ ਬਾਅਦ ਵੀ ਜਦੋਂ ਰਫ਼ੀਕ ਆਪਣੀਆਂ ਯਾਦਾਂ ਲਿਖ ਰਿਹਾ ਸੀ ਉਹ ਬੰਗਾਲ ਤੋਂ ਰਾਏ ਦੇ ਲਫਟੈਣ ਮੁਜ਼ੱਫਰ ਅਹਿਮਦ (ਜੋ ਉਸ ਨੂੰ ਮੋਹ ਨਾਲ ਰਫ਼ੀਕ ਭਾਈ ਕਹਿੰਦਾ ਸੀ) ਦਾ ਨੇੜਲਾ ਸਾਥੀ ਸੀ, ਤਾਂ ਉਸ ਦੀ ਵਚਨਬੱਧਤਾ ਐਵੇਂ ਮੁੱਚੀਂ ਦੀ ਨਹੀਂ ਸੀ। ਭਾਵੇਂ 1928 'ਚ ਉਸ ਨੇ ਕਾਮਿੰਤਰਨ ਦੀ ਛੇਵੀਂ ਕਾਂਗਰਸ ਲਈ ਉਸਮਾਨੀ ਦਾ ਸੱਦਾ ਪ੍ਰਵਾਨ ਨਹੀਂ ਕੀਤਾ, ਉਹ ਘੱਟੋਘੱਟ 1967 ਤੱਕ ਪਾਰਟੀ ਦਾ ਵਫ਼ਾਦਾਰ ਮੈਂਬਰ ਰਿਹਾ, ਜਦੋਂ ਉਸ ਨੇ ਸੋਵੀਅਤ ਦੀ ਪੰਜਾਹਵੀਂ ਵਰ੍ਹੇਗੰਢ ਮੌਕੇ ਸੋਵੀਅਤ ਲੋਕਾਂ ਨੂੰ ਸ਼ੁੱਭ ਇਛਾਵਾਂ ਭੇਜੀਆਂ ਅਤੇ ਇੱਛਾ ਜ਼ਾਹਰ ਕੀਤੀ ਕਿ ਕਾਸ਼ ਉਹ ਖ਼ੁਦ ਉਥੇ ਹਾਜ਼ਰ ਹੁੰਦਾ।[98]

ਜਿਨ੍ਹਾਂ ਬਾਕੀ *ਮੁਹਾਜਿਰੀਨ* ਦੀ ਅਸੀਂ ਚਰਚਾ ਕਰਦੇ ਆਏ ਹਾਂ, ਉਨ੍ਹਾਂ ਵਿੱਚੋਂ ਕੁਝ ਨੇ ਸਰਗਰਮ ਸਿਆਸਤ ਤੋਂ ਕਿਨਾਰਾ ਕਰ ਲਿਆ। ਪਰ ਬਾਕੀ ਆਉਣ ਵਾਲੇ ਸਾਲਾਂ ਵਿਚ ਅੱਲੜ ਸੀ.ਪੀ.ਆਈ., ਨੌਜਵਾਨ ਭਾਰਤ ਸਭਾ, ਅਤੇ/ਜਾਂ ਪੰਜਾਬ ਵਿਚ ਕਿਰਤੀ ਕਮਿਊਨਿਸਟ ਧੜਿਆਂ ਵਿਚ ਸਰਗਰਮ ਰਹੇ। ਦਰ ਅਸਲ, ਮੁਜ਼ੱਫਰ ਅਹਿਮਦ ਅਨੁਸਾਰ ਇਸ ਖਿੱਤੇ ਵਿਚ "ਸੱਚੇ" ਕਮਿਊਨਿਜ਼ਮ ਨੂੰ ਵਧਾਉਣ ਵਾਲੇ ਮੁੱਖ ਉਤਪ੍ਰੇਰਕ ਦੋ ਸਨ – ਇਕ ਵਾਪਸ ਆਏ ਮੁਹਾਜਿਰ, ਅਤੇ ਦੂਜਾ ਉਤਰੀ ਅਮਰੀਕਾ ਤੋਂ ਵਾਪਸ ਪਰਤੇ ਗ਼ਦਰੀ।

ਭਗਤ ਸਿੰਘ ਦੇ ਰੂਪੋਸ਼ ਹੋ ਜਾਣ 'ਤੇ 1928 'ਚ ਉਰਦੂ *ਕਿਰਤੀ* ਦੀ ਸੰਪਾਦਨਾ ਦੀ ਜ਼ਿੰਮੇਵਾਰੀ ਫ਼ਿਰੋਜ਼ਦੀਨ ਮਨਸੂਰ ਨੇ ਸੰਭਾਲੀ। ਉਸ ਨੇ ਉਸਮਾਨੀ ਦੇ ਇਕ ਕਿਤਾਬਚੇ ਦਾ ਉਰਦੂ ਤਰਜਮਾ ਵੀ ਕੀਤਾ; ਉਸਮਾਨੀ "ਹਰ ਚੀਜ਼ ਆਪਣੇ ਨਾਂ ਹੇਠ ਛਪਵਾਉਣ ਦੀ ਆਦਤ" ਦੇ ਬਾਵਜੂਦ "ਇਕ ਵਧੀਆ ਸਾਥੀ" ਸੀ। ਆਜ਼ਾਦੀ ਅਤੇ ਮੁਲਕ ਦੀ ਤਕਸੀਮ ਤੋਂ ਪਿੱਛੋਂ ਮਨਸੂਰ ਪਾਕਿਸਤਾਨ ਦੀ ਕਮਿਊਨਿਸਟ ਪਾਰਟੀ ਦਾ ਆਗੂ ਬਣਿਆ। ਅਬਦੁੱਲ ਮਾਜਿਦ ਉਨ੍ਹਾਂ ਕੇਂਦਰੀ ਆਰਗੇਨਾਈਜ਼ਰਾਂ ਵਿੱਚੋਂ ਇਕ ਸੀ ਜਿਨ੍ਹਾਂ ਦਾ 1926 'ਚ ਨੌਜਵਾਨ ਭਾਰਤ ਸਭਾ ਬਣਾਉਣ ਪਿੱਛੇ ਹੱਥ ਸੀ। ਓਦੋਂ ਕੁ ਹੀ ਉਸ ਨੇ ਲਾਹੌਰ ਤੋਂ *ਮਿਹਨਤਕਸ਼* ਨਾਂ ਦਾ ਹਫ਼ਤਾਵਾਰ ਉਰਦੂ ਅਖ਼ਬਾਰ ਸ਼ੁਰੂ ਕੀਤਾ।[99] ਦਸੰਬਰ 1925 'ਚ ਕਾਨਪੁਰ ਵਿਚ ਸੀ.ਪੀ.ਆਈ. ਦੀ ਸਥਾਪਨਾ ਕਾਨਫਰੰਸ[100] 'ਚ ਸ਼ਾਮਲ ਹੋਣ 'ਤੇ ਪਾਰਟੀ ਦੀ ਕਾਰਜਕਾਰੀ ਕਮੇਟੀ ਦਾ ਮੈਂਬਰ ਬਣਕੇ ਉਸ ਨੇ ਕਿਰਤੀ ਕਿਸਾਨ ਪਾਰਟੀ ਦੇ ਸਕੱਤਰ ਅਤੇ ਬਾਅਦ ਵਿਚ ਮੀਤ ਪ੍ਰਧਾਨ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਈਆਂ ਅਤੇ ਉਹ ਇਸ ਦੇ ਕਾਇਦੇ-ਕਾਨੂੰਨ ਤੇ ਪ੍ਰੋਗਰਾਮ ਤਿਆਰ ਕਰਨ ਲਈ ਬਣਾਈ ਕਮੇਟੀ ਦਾ ਮੈਂਬਰ ਵੀ ਰਿਹਾ।[101] ਮਾਰਚ 1929 'ਚ ਮੇਰਠ ਸਾਜ਼ਿਸ਼ ਮੁਕੱਦਮੇ 'ਚ ਉਸ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ।

ਜਿਹੜੇ ਗ੍ਰਿਫ਼ਤਾਰ ਕਰ ਲਏ ਗਏ ਅਤੇ ਜਿਨ੍ਹਾਂ ਉਪਰ ਪਿਸ਼ਾਵਰ ਸਾਜ਼ਿਸ਼ ਮੁਕੱਦਮੇ ਚਲਾਏ ਗਏ, ਉਨ੍ਹਾਂ ਤੋਂ ਇਲਾਵਾ ਹੋਰ *ਮੁਹਾਜਿਰੀਨ* ਨੇ ਵੀ ਮੰਗੋਲੀਆ, ਬੁਖ਼ਾਰਾ ਜਾਂ ਤੁਰਕਿਸਤਾਨ ਜਾਣ ਦਾ ਬੀੜਾ ਚੁੱਕਿਆ ਸੀ। ਅਪ੍ਰੈਲ 1925 'ਚ, ਮਾਸਕੋ ਵਿਚ *ਸਾਬਕਾ ਮੁਹਾਜਿਰੀਨ* ਜਾਂ ਤਾਂ ਜਹਾਜ਼ ਚਲਾਉਣ,[102] ਉਰਦੂ ਵਿਚ ਪ੍ਰਚਾਰ ਸਮੱਗਰੀ ਲਿਖਣ ਜਾਂ ਤਰਜਮਾ ਕਰਨ ਦੀ ਸਿਖਲਾਈ ਲੈ ਰਹੇ ਸਨ,[103] ਜਾਂ ਰੂਸੀ ਕਾਰਖ਼ਾਨਿਆਂ ਵਿਚ ਜਾ ਕੇ ਹਿੰਦੁਸਤਾਨ ਬਾਰੇ ਤਕਰੀਰਾਂ ਕਰ ਰਹੇ

ਸਨ।[104] 1915 ਦੇ ਭਗੌੜੇ ਵਿਦਿਆਰਥੀਆਂ ਵਿੱਚੋਂ ਇਕਬਾਲ ਸ਼ੈਦਾਈ ਅਤੇ ਆਰਜ਼ੀ ਹਕੂਮਤ-ਏ-ਹਿੰਦ ਦਾ ਅਧਿਕਾਰੀ ਜ਼ਫ਼ਰ ਹਸਨ ਤੇਜਾ ਸਿੰਘ ਸੁਤੰਤਰ ਵਲੋਂ ਚਲਾਏ ਜਾ ਰਹੇ ਇਸਤਾਂਬੁਲ ਮੁਹਾਜ਼ ਅਤੇ ਉਸ ਦੇ ਹਿੰਦੂ-ਮੁਸਲਿਮ ਸਮਝੌਤੇ ਦੇ ਯਤਨਾਂ ਨਾਲ ਜੁੜਕੇ ਕੰਮ ਕਰਨ ਲੱਗੇ। ਸੁਤੰਤਰ ਅਤੇ ਹਸਨ ਨੇ "ਇਕ ਇਕਰਾਰਨਾਮਾ ਤਿਆਰ ਕੀਤਾ ਜਿਸ ਉਪਰ ਅਬਦੁੱਲਾ ਅਤੇ ਗ਼ਦਰ ਤੇ ਅਕਾਲੀ ਪਾਰਟੀਆਂ ਦੇ ਨੁਮਾਇੰਦਿਆਂ ਦੇ ਦਸਤਖ਼ਤ ਕਰਵਾਏ ਜਾਣੇ ਸਨ।" ਜੁਲਾਈ 1926 'ਚ ਸੁਤੰਤਰ ਨੇ "ਅਕਾਲੀ ਲਹਿਰ ਅਤੇ ਹਿੰਦੂ ਤੇ ਮੁਸਲਮਾਨ" ਨਾਂ ਦਾ ਇਕ ਲੇਖ ਲਿਖਿਆ, ਜੋ ਫਿਰ ਹਸਨ ਨੇ ਕਲਕੱਤਾ ਤੋਂ ਛਪਦੇ *ਮੁਸਲਮਾਨ* ਅਖ਼ਬਾਰ ਨੂੰ ਭੇਜਿਆ।[105] ਉਨ੍ਹਾਂ ਦਾ ਪੁਰਾਣਾ ਆਗੂ ਫ਼ਜ਼ਲ ਇਲਾਹੀ ਕੁਰਬਾਨ ਆਖ਼ਿਰ 1927 'ਚ ਰੂਸ ਤੋਂ ਹਿੰਦੁਸਤਾਨ ਵਾਪਸ ਆ ਗਿਆ, ਉਸ ਨੇ ਕਲਕੱਤਾ ਵਿਚ ਕਮਿਊਨਿਸਟਾਂ ਤੇ ਹੋਰ ਇਨਕਲਾਬਪ੍ਰਸਤਾਂ ਨਾਲ ਰਾਬਤਾ ਬਣਾਇਆ, ਅਤੇ ਕੁਝ ਮਹੀਨਿਆਂ 'ਚ ਹੀ ਉਸ ਨੂੰ ਗ੍ਰਿਫ਼ਤਾਰ ਕਰਕੇ ਪੰਜ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਦੇ ਕੇ ਜੇਲ੍ਹ ਭੇਜ ਦਿੱਤਾ ਗਿਆ।[106] ਮੇਰੇ ਕੋਲ ਕੋਈ ਜਾਣਕਾਰੀ ਨਹੀਂ ਕਿ ਉਸ ਨੇ 1930ਵਿਆਂ ਦਾ ਵਕਤ ਕਿਵੇਂ ਗੁਜ਼ਾਰਿਆ, ਪਰ 1946 'ਚ ਉਸ ਨੇ ਕੈਲੀਫੋਰਨੀਆ ਵਿਚ ਸੀ.ਪੀ.ਆਈ. ਦੇ ਪ੍ਰਚਾਰ ਦੌਰੇ ਦੀ ਨੁਮਾਇੰਦਗੀ ਕੀਤੀ ਅਤੇ ਗ਼ਦਰੀਆਂ ਤੇ ਸੋਵੀਅਤਾਂ ਦਰਮਿਆਨ ਸਾਂਝ ਦੀ ਵਕਾਲਤ ਕਰਦਿਆਂ ਸਾਨ ਫਰਾਂਸਿਸਕੋ, ਸੈਕਰਾਮੈਂਟੋ, ਫਰਿਜ਼ਨੋ ਅਤੇ ਸਟਾਕਟਨ ਵਿਚ ਤਕਰੀਰਾਂ ਕੀਤੀਆਂ।[107] ਵਾਪਸ ਆ ਕੇ 1947 'ਚ ਉਸ ਨੇ ਸੁਤੰਤਰ ਨਾਲ ਮਿਲਕੇ ਥੋੜ੍ਹ-ਚਿਰੀ (ਤਿੰਨ ਹਫ਼ਤੇ ਤੱਕ) ਪਾਕਿਸਤਾਨ ਕਮਿਊਨਿਸਟ ਪਾਰਟੀ ਚਲਾਈ ਜੋ ਕਿਰਤੀ ਪਾਰਟੀ ਦੇ ਜਾਨਸ਼ੀਨ ਵਜੋਂ ਪੰਜਾਬ ਵਿਚ ਸੀ.ਪੀ.ਆਈ. ਦੇ ਮੁਕਾਬਲੇ ਖ਼ੁਦਮੁਖਤਿਆਰ ਖੇਤਰੀ ਧੜਾ ਸੀ।[108]

ਉਸਮਾਨੀ ਇਸ ਦਾ ਨਿਚੋੜ ਇਸ ਤਰ੍ਹਾਂ ਕੱਢਦਾ ਹੈ:

"ਇਹ ਸਫ਼ਰਨਾਮਾ, ਤਵਾਰੀਖ਼ ਦਾ ਇਹ ਹਿੱਸਾ, ਇਹ ਸਫ਼ਰ ਗ਼ੈਰਸਿਆਸੀ ਧਾਰਮਿਕ ਯਾਤਰਾ ਨਹੀਂ ਹੈ। ਅਸੀਂ ਆਪਣੇ ਮੁਲਕ ਦੇ ਹਾਲਾਤ ਦੇ ਕਾਰਨ ਆਪਣਾ ਸਫ਼ਰ ਸ਼ੁਰੂ ਕੀਤਾ ਸੀ। ਪੂਰਾ ਮੁਲਕ ਬਾਗ਼ੀ ਸੀ। ਫਿਰੰਗੀਆਂ, ਅੰਗਰੇਜ਼ ਸਾਮਰਾਜਵਾਦੀਆਂ ਨੇ ਸਾਡਾ ਜਿਊਣਾ ਹਰਾਮ ਕੀਤਾ ਹੋਇਆ ਸੀ। ਹਿੰਦੁਸਤਾਨ ਵਿਚ ਕੋਈ ਰੂਹ ਐਸੀ ਨਹੀਂ ਸੀ ਜੋ ਆਜ਼ਾਦੀ ਲਈ ਨਾ ਤਾਂਘਦੀ ਹੋਵੇ...

ਇੰਞ, ਅਸੀਂ *ਮੁਹਾਜਿਰੀਨ*, ਜਿਨ੍ਹਾਂ ਨੇ ਅਫ਼ਗਾਨਿਸਤਾਨ ਦੇ ਪਹਾੜੀ ਖਿੱਤੇ 'ਚੋਂ ਗੁਜ਼ਰਦਿਆਂ ਹਰ ਤਰ੍ਹਾਂ ਦੀਆਂ ਮੁਸੀਬਤਾਂ ਝਾਗੀਆਂ, ਕੋਈ ਮਾਅਰਕੇ ਮਾਰਨ ਵਾਲੇ ਜਾਂ ਖ਼ੁਦਗਰਜ਼ ਬੰਦੇ ਨਹੀਂ ਸੀ। ਸਾਡੇ ਸੀਨਿਆਂ ਵਿਚ ਇਕ ਦਰਦ ਸੀ.... ਅਤੇ ਸਾਨੂੰ ਉਨ੍ਹਾਂ ਸਾਰਿਆਂ ਵਿਚ ਭਰੋਸਾ ਸੀ ਜਿਨ੍ਹਾਂ ਨੇ ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਸੀ।"[109]

ਲੱਗਦਾ ਹੈ ਕਿ ਇਸ ਭਰੋਸੇ ਦਾ ਰੂਪ ਅਤੇ ਮਜ਼ਮੂਨ ਇਸ ਦੇ ਸਿਆਸੀ ਉਦੇਸ਼ ਪ੍ਰਤੀ ਵਚਨਬੱਧਤਾ ਦੀ ਗੁਣਵੱਤਾ ਨਾਲੋਂ ਘੱਟ ਅਹਿਮ ਸਨ।

ਇਕ ਅਹਿਮ ਸਿਆਸੀ ਤਾਕਤ ਵਜੋਂ ਖ਼ਿਲਾਫ਼ਤ ਲਹਿਰ 1924 'ਚ ਖ਼ਤਮ ਹੋ ਗਈ, ਜਦੋਂ ਮੁਸਤਫ਼ਾ ਕਮਾਲ ਅਤਾਤੁਰਕ ਨੇ ਖ਼ਲੀਫ਼ਾ ਸੰਸਥਾ ਦਾ ਭੋਗ ਪਾ ਦਿੱਤਾ ਅਤੇ ਪੂਰਬ ਨੂੰ ਇਨਕਲਾਬੀ ਰੰਗ 'ਚ ਰੰਗਣ ਦੀ ਸੋਵੀਅਤ ਨੀਤੀ ਕੇਂਦਰੀ ਏਸ਼ੀਆ ਤੋਂ ਬਦਲਕੇ ਚੀਨ 'ਤੇ ਕੇਂਦਰਤ ਹੋ ਗਈ। ਇਸ ਤੋਂ ਬਾਅਦ, ਸਰਗਰਮੀ ਦੀ ਇਸ ਧਾਰਾ ਵਿਚ ਹਿੱਸਾ ਲੈਣ ਵਾਲਿਆਂ ਅੰਦਰ ਪਾਲਾਬੰਦੀ ਹੋ ਗਈ: ਬਸਤੀਵਾਦ ਵਿਰੋਧੀ ਗਰਮ-ਖ਼ਿਆਲੀਆਂ ਦਾ ਝੁਕਾਅ ਧਰਮ-ਨਿਰਪੱਖ ਅਤੇ ਖੱਬੇਪੱਖ ਵੱਲ ਹੋ ਗਿਆ, ਜਦਕਿ ਧਰਮ 'ਤੇ ਜ਼ੋਰ ਦੇਣ ਵਾਲਿਆਂ ਦਾ ਝੁਕਾਅ

ਪਾਕਿਸਤਾਨੀ ਰਾਸ਼ਟਰਵਾਦ ਦੇ ਨਵੇਂ ਫੋਕਸ ਵੱਲ ਹੋ ਗਿਆ। ਖ਼ਿਲਾਫ਼ਤ ਕਮੇਟੀਆਂ ਦੀਆਂ ਮੀਟਿੰਗਾਂ ਦਾ ਸਿਲਸਿਲਾ ਤਾਂ ਕਈ ਸਾਲ ਚੱਲਦਾ ਰਿਹਾ ਪਰ ਕੌਮੀ ਮੁਕਤੀ ਤੇ ਸਮਾਜੀ ਬਦਲਾਓ ਦੀਆਂ ਮੁੱਖ ਧਾਰਾਵਾਂ ਕਾਰਨ ਇਹ ਹੋਰ ਜ਼ਿਆਦਾ ਹਾਸ਼ੀਆਗ੍ਰਸਤ ਹੁੰਦੀਆਂ ਗਈਆਂ।

ਇਸ ਬਾਰੇ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ ਕਿ ਜੇ ਖ਼ਲੀਫ਼ਾ ਸੰਸਥਾ ਜਾਰੀ ਰਹਿੰਦੀ ਫਿਰ ਕੀ ਹੁੰਦਾ; ਜੇ ਖੱਬੇਪੱਖੀ ਅਤੇ ਇਸਲਾਮਿਕ ਲਹਿਰਾਂ ਦਰਮਿਆਨ ਇਕ ਸੰਸਲੇਸ਼ਣ – ਜਾਂ ਘੱਟੋਘੱਟ ਇਕ ਸਹੂਲਤ ਵਾਲਾ ਗੱਠਜੋੜ – ਵੱਧ ਲੰਮੇ ਸਮੇਂ ਲਈ ਅਹਿਮ ਅਤੇ ਟਿਕਾਊ ਬਣਿਆ ਰਹਿੰਦਾ ਫਿਰ ਕੀ ਹੁੰਦਾ। ਇੱਥੋਂ ਤੱਕ ਕਿ ਕੀ ਮਾਸਕੋ ਅਤੇ ਤਾਸ਼ਕੰਦ ਵਾਲੇ ਆਗੂ ਆਪਣੇ ਧਰਮ ਨੂੰ ਰੱਦ ਕਰਨ ਰਾਹੀਂ, ਆਪਣੀ ਵਫ਼ਾਦਾਰੀ ਇਕ ਪਾਲੇ 'ਚੋਂ ਦੂਜੇ ਵਿਚ ਪੂਰੀ ਤਰ੍ਹਾਂ ਬਦਲਣ ਜ਼ਰੀਏ ਅਗਾਂਹਵਧੂ ਮਾਰਕਸਵਾਦੀ ਬਣੇ ਜਦੋਂ ਖ਼ਿਲਾਫ਼ਤ ਤੋਂ ਬਾਅਦ ਦੀ ਪਾਲਾਬੰਦੀ ਤੋਂ ਪਹਿਲਾਂ ਮਾਹੌਲ ਅਨੁਸਾਰ ਢਲ ਜਾਣ ਦਾ ਵੇਲਾ ਸੀ? ਕੀ ਉਨ੍ਹਾਂ ਨੇ ਆਪਣੀਆਂ ਧਾਰਮਿਕ ਪਛਾਣਾਂ ਆਪਣੀ ਮਾਰਕਸਵਾਦੀ ਪਛਾਣ ਦੇ ਅੰਦਰ ਅਤੇ ਇਸ ਰਾਹੀਂ ਬਣਾਈ ਰੱਖੀਆਂ? ਜੇ ਇੰਞ ਸੀ, ਕੀ ਇਹ ਸ਼ੁੱਧ ਰੂਪ 'ਚ ਸਭਿਆਚਾਰਕ/ਨਸਲੀ-ਸਭਿਆਚਾਰਕ ਪਛਾਣ ਸੀ, ਜਾਂ ਇਸ ਨੇ ਉਨ੍ਹਾਂ ਦੇ ਵਿਚਾਰਧਾਰਕ ਇਜ਼ਹਾਰ ਵਿਚ ਭੂਮਿਕਾ ਨਿਭਾਈ? ਜਾਂ ਕੀ ਉਨ੍ਹਾਂ ਲਈ ਇੱਕੋ ਸਮੇਂ ਤਿੰਨਾਂ ਹੀ ਐਨਕਾਂ ਰਾਹੀਂ ਆਪਣੇ ਮਿਸ਼ਨ ਨੂੰ ਵੇਖਦੇ ਰਹਿਣਾ ਸੰਭਵ ਸੀ? ਜਿੱਥੋਂ ਤੱਕ ਉਨ੍ਹਾਂ ਨੇ ਕੀਤਾ, ਕੀ ਇਹ ਮਹਿਜ਼ ਜਵਾਨੀ ਦੇ ਧੁੰਦਲੇ ਇਨਕਲਾਬੀ ਵਲਵਲਿਆਂ ਦੇ ਕਾਰਨ ਸੋਚ-ਸਮਝਕੇ ਕੀਤੇ ਨਾਲੋਂ ਜ਼ਿਆਦਾ ਭਾਵਨਾਵਾਂ ਦੇ ਵਹਿਣ 'ਚ ਵਹਿਕੇ ਕੀਤਾ ਗਿਆ ਸੀ, ਜਾਂ ਇਹ ਇਕ ਬਦਲਾਓ ਦੇ ਅਰਸੇ ਦੌਰਾਨ ਟਕਰਾਵੀਂ ਜੱਕੋਤੱਕੀ ਹੀ ਸੀ? ਜਾਂ ਕੀ ਇਹ ਸੁਚੇਤ ਤੌਰ 'ਤੇ ਚੁਣਿਆ ਪੈਂਤੜਾ ਸੀ? *ਮੁਹਾਜਿਰੀਨ* ਨੂੰ ਤਾਸ਼ਕੰਦ ਅਤੇ ਮਾਸਕੋ ਦੇ ਰਾਹ ਤੋਰਨ ਦਾ ਜ਼ਰੀਆ ਬਣੇ ਬਰਕਤਉੱਲਾ ਅਤੇ ਅਬਦੁੱਲਾ, ਦੋਹਾਂ ਲਈ ਮਗਰਲੀ ਗੱਲ ਸੱਚ ਸੀ। ਇਨ੍ਹਾਂ ਦੋਹਾਂ ਸਤਿਕਾਰਤ ਵਿਦਵਾਨ ਕਾਰਕੁੰਨਾਂ ਨੇ ਇਹ ਵਿਆਖਿਆ ਕਰਨ ਲਈ ਤੌਰ-ਤਰੀਕਿਆਂ ਨੂੰ ਵਿਸਤਾਰੀ ਰੂਪ ਦਿੱਤਾ ਕਿ ਇਸਲਾਮ ਅਤੇ ਸਮਾਜਵਾਦ ਕਿਵੇਂ ਉਘੜਵੇਂ ਰੂਪ 'ਚ ਇਕ ਦੂਜੇ ਦੇ ਅਨੁਸਾਰੀ ਹਨ।[110]

## ਦੋ ਸਮਾਜਵਾਦੀ ਇਸਲਾਮਵਾਦੀ

ਇੱਥੋਂ ਤੱਕ ਕਿ ਜੇ ਅਸੀਂ ਇਕ ਮੁਸਲਿਮ-ਬਾਲਸ਼ਵਿਕ ਮੇਲ ਦੇ ਭਿਆਨਕ ਹਊਏ ਦੇ ਸਾਮਰਾਜੀ ਵਹਿਮ ਦੇ ਮੁਤਾਬਕ ਵੀ ਚਲੀਏ, ਇਹ ਮੰਨਣਾ ਅਹਿਮ ਹੈ ਕਿ ਪਹਿਲੀ ਆਲਮੀ ਜੰਗ ਤੋਂ ਬਾਅਦ ਸਰਬ-ਇਸਲਾਮਵਾਦ ਨਾਲ ਗ਼ਦਰ ਦਾ ਮੇਲ ਆਮ ਤੌਰ 'ਤੇ ਕਮਿਊਨਿਜ਼ਮ ਦੇ ਮਾਧਿਅਮ ਜ਼ਰੀਏ ਹੋਇਆ। ਜਿਸ ਨੇ ਅਕਸਰ ਉਨ੍ਹਾਂ ਉਮੰਗਾਂ ਲਈ ਸ਼ਬਦਾਵਲੀ ਅਤੇ ਜਥੇਬੰਦਕ ਸਾਧਨ ਮੁਹੱਈਆ ਕੀਤੇ ਜੋ ਉਨ੍ਹਾਂ ਦੀਆਂ ਸਾਂਝੀਆਂ ਉਮੰਗਾਂ ਸਨ। ਨਾ ਹੀ ਇਹ ਇਤਫ਼ਾਕੀਆ ਹੈ ਕਿ ਜੰਗ ਤੋਂ ਬਾਅਦ ਦੇ ਗ਼ਦਰ ਦੇ ਇਜ਼ਹਾਰ ਅਤੇ ਸਰਬ-ਇਸਲਾਮਵਾਦ ਦਰਮਿਆਨ ਸਭ ਤੋਂ ਡੂੰਘੀਆਂ ਤੇ ਸਭ ਤੋਂ ਚਿਰ-ਸਥਾਈ ਸਾਂਝਾਂ ਉਥੇ ਬਣੀਆਂ ਅਤੇ ਅਦਾਨ-ਪ੍ਰਦਾਨ ਉਨ੍ਹਾਂ ਖੇਤਰਾਂ ਵਿਚ ਹੋਏ ਜਿਥੇ ਸਰਬ-ਇਸਲਾਮਵਾਦ ਦਾ ਸਮਕਾਲੀ ਸਮਾਜਵਾਦੀ ਖ਼ਿਆਲਾਂ ਨਾਲ ਸਭ ਤੋਂ ਨਜ਼ਦੀਕੀ ਮੇਲ-ਮਿਲਾਪ ਸੀ। ਐਸੇ ਹੋਰ ਥਾਂ ਸਨ ਜਿਥੇ ਜਿਥੇ ਗੱਠਜੋੜ ਨਹੀਂ ਬਣਿਆ, ਭਾਵ ਜਿਥੇ ਇਸਲਾਮਵਾਦੀਆਂ ਦੇ ਨਿਸ਼ਾਨੇ ਅਤੇ ਸਿਧਾਂਤ ਗ਼ਦਰ ਤੇ ਬਰਲਿਨ ਇੰਡੀਆ ਕਮੇਟੀ ਦੇ ਨਿਸ਼ਾਨਿਆਂ ਅਤੇ ਸਿਧਾਂਤਾਂ ਨਾਲੋਂ ਖ਼ਾਸ ਕਰਕੇ ਤਿੱਖੇ ਰੂਪ 'ਚ ਵੱਖਰੇ ਸਨ ਜਿਨ੍ਹਾਂ ਇਸਲਾਮਵਾਦੀਆਂ ਬਾਰੇ ਅਸੀਂ ਇਥੇ ਚਰਚਾ ਕਰ ਰਹੇ ਹਾਂ। ਡਬਲਯੂ.ਸੀ. ਸਮਿਥ ਕਹਿੰਦਾ ਹੈ ਕਿ

ਇਹ ਪਿਛਾਖੜੀ ਇਸਲਾਮ ਹੀ ਸੀ ਜੋ ਰਾਠਾਂ ਅਤੇ ਉਨ੍ਹਾਂ ਦੇ ਕੱਟੜ ਜਗੀਰੂ-ਮੁਲਾਣਾ ਸਮਾਜੀ ਦਸਤੂਰ ਨੂੰ ਰਾਸ ਆਉਂਦਾ ਸੀ। ਇਵੇਂ ਹੀ ਇਕ ਇਸਲਾਮ ਉਹ ਵੀ ਸੀ ਜੋ ਉਦਾਰ ਬੁਰਜੂਆਜ਼ੀ ਦੀਆਂ ਉਮੰਗਾਂ, ਲੋੜਾਂ ਅਤੇ ਸਵੈ-ਅਕਸ ਨੂੰ ਰਾਸ ਆਉਂਦਾ ਸੀ, ਜੋ ਰਾਠਸ਼ਾਹੀ ਵਾਲੇ ਇਸਲਾਮ ਦੀ ਨਿਸਬਤ ਅਗਾਂਹਵਧੂ ਸੀ, ਪਰ ਉੱਥੋਂ ਤੱਕ ਹੀ ਜਿੱਥੋਂ ਤੱਕ ਇਹ ਉਸ ਦਾ ਗ਼ਲਬਾ ਬਣਾਉਂਦਾ ਸੀ, ਅਤੇ ਉਸ ਤੋਂ ਅੱਗੇ ਜੋ ਯਥਾ-ਸਥਿਤੀ ਦੀ ਸਥਿਰਤਾ ਬਣਾਈ ਰੱਖਣ ਦਾ ਪਾਬੰਦ ਸੀ। ਹੁਣ ਘੱਟੋਘੱਟ ਇਕ ਇਸਲਾਮ ਸਮਾਜਵਾਦੀਆਂ, ਮਜ਼ਦੂਰ, ਕਿਸਾਨ, ਜਾਂ ਆਧੁਨਿਕ ਬੁੱਧੀਜੀਵੀ ਲਈ ਸੀ। ਲਿਹਾਜ਼ਾ ਇਹ ਇਸਲਾਮ ਦੀ ਸਮਾਨਤਾ ਨਹੀਂ ਸਗੋਂ ਖ਼ਾਸ ਸਮਾਜੀ ਅਤੇ ਸਿਆਸੀ ਰੀਝਾਂ ਦੀ ਸਮਾਨਤਾ ਸੀ, ਜੋ ਗੱਠਜੋੜਾਂ ਦੇ ਇਸ ਖ਼ਾਸ ਤਾਣੇਬਾਣੇ ਵਿਚ ਕ੍ਰਿਆਸ਼ੀਲ ਸੀ। ਚਾਹੇ ਇਸ ਦਾ ਇਜ਼ਹਾਰ ਮਾਰਕਸਵਾਦੀ ਮੁਹਾਵਰੇ 'ਚ ਹੋਇਆ ਜਾਂ ਇਸਲਾਮਵਾਦੀ ਮੁਹਾਵਰੇ 'ਚ।

ਇੱਥੋਂ ਤੱਕ ਕਿ 1913 ਤੱਕ, ਖ਼ਿਲਾਫ਼ਤ ਕਾਰਕੁੰਨ ਮੁਸ਼ੀਰ ਹੁਸੈਨ ਕਿਦਵਈ, ਜੋ ਅੰਜੁਮਨ-ਏ-ਖ਼ੁਦਮ-ਏ-ਕਾਬਾ ਦੇ ਮੋਢੀਆਂ ਵਿੱਚੋਂ ਸੀ, "ਕੁਰਆਨ ਅਤੇ ਹੈਦੀਥ ਦੀਆਂ ਲਿਖਤਾਂ ਵਿੱਚੋਂ ਪ੍ਰਮਾਣਿਕ ਟੂਕਾਂ ਦੇ ਕੇ" ਇਹ ਸਾਬਤ ਕਰਨ ਦੀ ਖ਼ਾਤਰ ਵਜ਼ਨਦਾਰ ਲਿਖਤਾਂ ਲਿਖਣ ਲਈ ਉਤਸ਼ਾਹਿਤ ਹੋਇਆ ਸੀ ਕਿ "ਇਸਲਾਮ ਸਮਾਜਵਾਦੀ ਅਤੇ ਕਮਿਊਨਿਸਟ ਅਸੂਲਾਂ ਦੇ ਅਧਾਰ 'ਤੇ ਰਾਜ ਕਾਇਮ ਕਰਨ ਵਾਲਾ ਸਾਰਿਆਂ ਵਿੱਚੋਂ ਪਹਿਲਾ ਮਜ਼ਬ ਸੀ"। ਇਹ ਨੋਟ ਕਰਦੇ ਹੋਏ ਵੀ ਕਿ "ਮੁਹੰਮਦ ਦਾ ਸਮਾਜਵਾਦ *[ਸਦਾਚਾਰਕ]* ਸੀ, ਜਦਕਿ 'ਆਧੁਨਿਕ' ਸਮਾਜਵਾਦ 'ਪਦਾਰਥਵਾਦੀ' ਸੀ" ਕਿਦਵਈ ਦਾ ਵਿਸ਼ਵਾਸ ਸੀ ਕਿ ਜਿੰਨਾ ਵੀ ਹੁਣ ਤੱਕ ਇਹ ਲਾਗੂ ਕੀਤਾ ਗਿਆ ਸੀ, ਇਹ ਦੁਨੀਆ ਦੇ ਭਲੇ 'ਚ ਹੀ ਸੀ, ਅਤੇ ਕਿ ਇਸ ਦੀ ਆਲਮੀ ਕਾਮਯਾਬੀ "ਸਰਬ-ਇਸਲਾਮਵਾਦ ਦੀ ਫ਼ਤਹਿ" ਦੇ ਤੁੱਲ ਹੋਵੇਗੀ। ਕਿਦਵਈ ਇੰਗਲੈਂਡ ਦਾ ਪੜ੍ਹਿਆ ਹੋਇਆ ਸੀ ਅਤੇ ਉਥੇ ਉਸ ਦੀ ਹਰਦਿਆਲ ਅਤੇ ਕ੍ਰਿਸ਼ਨਵਰਮਾ ਨਾਲ ਜਾਣ-ਪਛਾਣ ਰਹੀ ਸੀ, ਜੋ, ਜਿਵੇਂ ਅੰਸਾਰੀ ਇਸ਼ਾਰਾ ਕਰਦਾ ਹੈ, ਉਸ ਵਕਤ "ਹਿੰਦੁਸਤਾਨ ਦੇ ਆਜ਼ਾਦੀ ਸੰਗਰਾਮ ਲਈ ਇਨਕਲਾਬੀ ਸਮਾਜਵਾਦ ਦੀ ਅਹਿਮੀਅਤ ਦੇ ਪਹਿਲਾਂ ਹੀ ਕਾਇਲ ਸਨ।"[111]

ਜਦਕਿ ਅਜ਼ੀਜ਼ ਅਹਿਮਦ ਅਨੁਸਾਰ ਅਬਦੁੱਲਾ ਸਿੰਧੀ "ਬਹੁਤ ਜ਼ਿਆਦਾ ਕਾਬਲੀਅਤ ਵਾਲਾ ਪਹਿਲਾ ਸਿਆਸੀ ਚਿੰਤਕ ਸੀ ਜਿਸ ਨੇ ਮੁੱਢਲੇ ਪੜਾਅ 'ਤੇ ਰੂਸੀ ਕਮਿਊਨਿਜ਼ਮ ਨਾਲ ਸਿੱਧੇ ਤੌਰ 'ਤੇ ਰਾਬਤਾ ਬਣਾਇਆ ਸੀ।"[112] 1872 'ਚ ਸਿਆਲਕੋਟ ਵਿਚ ਸਿੱਖ ਪਰਿਵਾਰ ਦੇ ਜੰਮਪਲ ਅਬਦੁੱਲਾ ਨੇ ਚੜ੍ਹਦੀ ਜਵਾਨੀ 'ਚ ਇਸਲਾਮ ਧਰਮ ਅਪਣਾ ਲਿਆ ਸੀ ਅਤੇ 1889 'ਚ ਉਹ ਦਿਓਬੰਦ ਸਕੂਲ ਦੇ ਮੁਖੀ ਮਹਿਮੂਦ ਹਸਨ ਦਾ ਚੇਲਾ ਬਣ ਗਿਆ ਸੀ। ਜਦਕਿ, ਇਹ ਜ਼ਾਹਿਰ ਸੀ ਕਿ ਉਸ ਦਾ ਵੀ ਆਪਣੇ ਉਸਤਾਦਾਂ ਤੇ ਸਾਥੀਆਂ ਉਪਰ ਓਨਾ ਹੀ ਰਸੂਖ਼ ਸੀ ਜਿੰਨਾ ਉਨ੍ਹਾਂ ਦਾ ਉਸ ਉਪਰ। 1909 'ਚ, ਉਸ ਨੇ ਜਮਾਇਤ-ਉਲ-ਅੰਸਾਰ ਦੀ ਸਥਾਪਨਾ ਕੀਤੀ (ਜਿਸ ਬਾਰੇ ਸਿਲਕੀ ਖ਼ਤ ਰਿਪੋਰਟ ਨੇ ਰਾਇ ਦਿੱਤੀ ਸੀ ਕਿ ਇਸ ਨੂੰ "ਦਿਓਬੰਦ ਵਾਲੇ ਪੁਰਾਣੇ ਮੁੰਡਿਆਂ ਦੀ ਸਭਾ ਕਿਹਾ ਜਾ ਸਕਦਾ ਹੈ")। 1912 'ਚ ਉਸ ਨੇ ਇਕ ਤਰ੍ਹਾਂ ਦੀ ਮਿਸ਼ਨਰੀ ਸੋਸਾਇਟੀ ਵਜੋਂ ਜਮਾਇਤ-ਏ-ਹਿਜ਼ਬੁੱਲਾ ਨਾਂ ਦਾ ਇਕ ਹੋਰ ਗਰੁੱਪ ਸ਼ੁਰੂ ਕੀਤਾ; ਸੈਂਡਜ਼ ਰਿਪੋਰਟ ਅਨੁਸਾਰ, ਸੁਸਾਇਟੀ ਦੀ 1700 ਮੈਂਬਰਾਂ ਦੀ ਵੱਡੀ ਸੂਚੀ ਵਿੱਚੋਂ ਬਹੁਤ ਸਾਰੇ ਨਾਂਵਾਂ ਦੇ ਸਬੰਧ 'ਚ "ਨਾਂਵਾਂ ਦੇ ਨਾਲ ਅਜਿਹੇ ਵਿਸ਼ੇਸ਼ ਕਥਨ ਲਿਖੇ ਹੋਏ ਸਨ: 'ਕਿਸੇ ਵੀ ਕੁਰਬਾਨੀ ਲਈ ਤਿਆਰ'।"[113] ਉਸੇ ਸਾਲ ਉਹ ਦਿੱਲੀ ਵਿਚ ਦਿਓਬੰਦ ਨਾਲ ਜੁੜੀ ਸੰਸਥਾ ਦਾ ਮੁਖੀ ਬਣਿਆ, ਜਿਥੇ ਉਸ ਨੇ ਅਲੀਗੜ੍ਹ ਅਤੇ ਦਿਓਬੰਦ ਪਰੰਪਰਾਵਾਂ ਦੇ ਸੰਸਲੇਸ਼ਣ ਦੀ ਵਕਾਲਤ ਕੀਤੀ, ਅੰਗਰੇਜ਼ੀ ਪੜ੍ਹੇ-ਲਿਖੇ ਅਧਿਆਪਕ ਸੰਸਥਾ ਵਿਚ ਲਿਆਂਦੇ, ਅਤੇ "ਵਿਕਸਤ ਸਿਆਸੀ ਖ਼ਿਆਲਾਤ ਵਾਲੇ

ਅਖ਼ਬਾਰਾਂ ਦਾ ਪਸਾਰਾ ਕੀਤਾ," ਚਾਹੇ ਉਨ੍ਹਾਂ ਦਾ ਉਦੇਸ਼ ਕੋਈ ਵੀ ਹੋ ਸਕਦਾ ਸੀ। ਉਸ ਨੇ ਬਲਕਾਨ ਅਤੇ ਇਤਾਲਵੀ ਜੰਗਾਂ ਦੌਰਾਨ "ਸਰਬ-ਇਸਲਾਮਿਕ ਭਾਵਨਾਵਾਂ ਨੂੰ ਪ੍ਰਚਾਰਿਆ" ਅਤੇ ਮੁਹੰਮਦ ਅਲੀ ਸਮੇਤ ਅਹਿਮ ਖ਼ਿਲਾਫ਼ਤਵਾਦੀਆਂ ਦਾ ਤੁਆਰਫ਼ ਕਰਾਇਆ, ਜਦਕਿ ਉਸ ਦੇ ਕੁਝ ਸਾਥੀਆਂ ਨੇ ਸਵਦੇਸੀ ਖੱਦਰ ਪਹਿਨ ਲਿਆ।

ਜਦੋਂ 1913 'ਚ ਉਹ ਆਪਣੀਆਂ ਸਿਆਸੀ ਸਰਗਰਮੀਆਂ ਕਾਰਨ ਦਿਓਬੰਦ ਤੋਂ ਅਸਤੀਫ਼ਾ ਦੇਣ ਲਈ ਮਜਬੂਰ ਹੋ ਗਿਆ ਤਾਂ ਇਸ ਪਿੱਛੋਂ ਉਸ ਨੇ ਆਪਣੀਆਂ ਸਿੱਖਿਆਵਾਂ ਅਤੇ ਆਪਣੀਆਂ ਦੋ ਕਿਤਾਬਾਂ *ਤਾਲੀਮ-ਏ-ਕੁਰਆਨ* ਅਤੇ *ਖ਼ਾਲਿਦ-ਏ-ਕੁਰਆਨ*, ਜੋ 1914 ਅਤੇ 1915 'ਚ ਛਪੀਆਂ, ਰਾਹੀਂ ਖਾੜਕੂ ਲਾਈਨ 'ਤੇ ਜ਼ੋਰ ਦਿੰਦਿਆਂ ਦਿੱਲੀ ਵਿਚ *ਨਿਜ਼ਾਰਤ-ਅਲ-ਮੁਆਰਿਫ਼* ਨਾਂ ਦਾ ਮਦਰੱਸਾ ਖੋਲ੍ਹਿਆ। ਫਿਰ 1915 ਦੇ ਜੂਨ ਮਹੀਨੇ ਉਹ ਗ਼ਾਇਬ ਹੋ ਗਿਆ। ਜਿਵੇਂ ਫਿਰ ਭੇਤ ਖੁੱਲ੍ਹਿਆ, ਉਹ ਸਿਲਕੀ ਖ਼ਤਾਂ ਵਾਲੇ ਮਾਮਲੇ ਨਾਲ ਸਬੰਧਤ ਇਕ ਖੁਫ਼ੀਆ ਮਿਸ਼ਨ ਵਿਚ ਰੁੱਝਾ ਹੋਇਆ ਸੀ। ਉਹ "ਅੰਗਰੇਜ਼ ਰਾਜ ਖ਼ਿਲਾਫ਼ ਭੰਨਤੋੜ ਕਰਨ ਵਾਲਾ ਏਜੰਟ" ਸੀ ਜਿਸ ਨੂੰ "ਮਹਿਮੂਦ-ਅਲ-ਹਸਨ ਵਲੋਂ" ਉਤਰ-ਪੱਛਮੀ ਸਰਹੱਦੀ ਸੂਬੇ ਅਤੇ "ਆਜ਼ਾਦ ਖੇਤਰਾਂ" ਵਿਚ ਅੰਗਰੇਜ਼ ਵਿਰੋਧੀ ਗ਼ਦਰ ਮਚਾਉਣ ਦੇ ਮੂਲ ਮਕਸਦ ਨਾਲ ਸਿੰਧ ਤੇ ਪਿਸ਼ਾਵਰ ਜ਼ਿਲ੍ਹਿਆਂ ਵਿਚ ਸਰਹੱਦੀ ਕਬੀਲਿਆਂ ਅੰਦਰ ਸੰਪਰਕ ਬਣਾਉਣ ਅਤੇ ਸਹਿਯੋਗੀਆਂ ਦਾ ਤਾਣਾ-ਬਾਣਾ ਉਸਾਰਨ ਖ਼ਾਤਰ ਭਰਤੀ ਕੀਤਾ ਗਿਆ ਸੀ। ਫਿਰ ਉਹ ਕੋਇਟਾ ਤੇ ਕੰਧਾਰ ਵਿੱਚੋਂ ਦੀ ਹੁੰਦਾ ਹੋਇਆ ਅਕਤੂਬਰ 1915 'ਚ ਕਾਬੁਲ ਜਾ ਪੁੱਜਾ, ਜਿਥੇ ਉਹ ਲਾਹੌਰ ਵਾਲੇ ਵਿਦਿਆਰਥੀਆਂ ਅਤੇ ਤੁਰਕੀ-ਜਰਮਨ ਸਰਪ੍ਰਸਤੀ ਵਾਲੇ ਬੀ.ਆਈ.ਸੀ. ਮਿਸ਼ਨ ਵਿਚ ਸ਼ਾਮਲ ਹੋ ਗਿਆ। ਆਰਜ਼ੀ ਹਕੂਮਤ ਦੇ ਗ੍ਰਹਿ ਮੰਤਰੀ ਦੀ ਨਵੀਂ ਹੈਸੀਅਤ 'ਚ ਵੀ ਉਸ ਨੇ ਅਜੇ ਵੀ ਪਹਿਲੀ ਮੁਹਿੰਮ ਦੇ ਇਖ਼ਤਿਆਰ ਜਾਰੀ ਰੱਖਦਿਆਂ, ਹੇਜਾਜ਼ ਵਿਚ ਹਸਨ ਨਾਲ ਸੰਪਰਕ ਬਣਾਈ ਰੱਖਿਆ। 1916 'ਚ ਅਰਬ ਬਗ਼ਾਵਤ ਨਾਲ ਅਤੇ ਫਿਰ ਅਰਬ ਵਿਚ ਹਸਨ ਦੀ ਗ੍ਰਿਫ਼ਤਾਰੀ[114] ਨਾਲ ਇਸ ਪਹੁੰਚ -ਅਤੇ ਸਰਬ-ਇਸਲਾਮਿਕ ਏਕਤਾ ਦੇ ਭਰਮ - ਦੇ ਨਿਸਫ਼ਲ ਹੋ ਜਾਣ ਪਿੱਛੋਂ, ਲੱਗਦਾ ਸੀ ਕਿ ਅਬਦੁੱਲਾ ਦੀ ਸੋਚ ਰਾਸ਼ਟਰਵਾਦੀ ਸੇਧ ਵੱਲ ਵਧੇਰੇ ਰੁਚਿਤ ਹੋ ਗਈ ਸੀ।

ਉਸ ਦੇ ਖੱਬੇਪੱਖੀਆਂ ਨਾਲ ਵੀ ਸੰਪਰਕ ਸਨ। ਅਗਲੇ ਕੁਝ ਸਾਲ ਉਹ ਬਰਕਤਉੱਲਾ ਨਾਲ ਨੇੜਿਓਂ ਜੁੜਿਆ ਰਿਹਾ ਅਤੇ ਕਾਬੁਲ ਤੋਂ ਉਸ ਦੀਆਂ ਨਜ਼ਰਾਂ ਰੂਸ ਦੇ ਘਟਨਾ-ਵਿਕਾਸਾਂ ਉਪਰ ਲੱਗੀਆਂ ਰਹੀਆਂ। ਅਬਦੁੱਲਾ ਦੀ ਟੋਲੀ ਦੇ ਮੈਂਬਰਾਂ ਵਿਚ ਮੁਹੰਮਦ ਸ਼ਫੀਕ ਵੀ ਸੀ, ਹਿੰਦੁਸਤਾਨੀ ਕਮਿਊਨਿਸਟ ਪਾਰਟੀ ਦਾ ਭਵਿੱਖੀ ਮੋਢੀ ਸਕੱਤਰ ਜੋ ਤਾਸ਼ਕੰਦ ਵਿਚ ਬਣਾਈ ਗਈ। ਉਸ ਦੇ *ਮੁਹਾਜਿਰੀਨ* ਸਾਥੀਆਂ ਅਨੁਸਾਰ, ਉਥੇ "ਬਾਲਸ਼ਵਿਕਾਂ ਅਤੇ ਉਨ੍ਹਾਂ ਦੇ ਸੰਗੀਆਂ (ਰਾਏ ਵਗੈਰਾ) ਦੀ ਜ਼ਿਆਦਾਤਰ ਟੇਕ" ਸ਼ਫੀਕ ਉਪਰ ਸੀ ਅਤੇ "ਉਸ ਨੇ ਹਿੰਦੁਸਤਾਨ ਵਿਚ ਇਨਕਲਾਬੀ ਪ੍ਰਚਾਰ ਜਥੇਬੰਦ ਕਰਨਾ ਸੀ ਅਤੇ ਕਾਬੁਲ ਵਿਚ ਅਬਦੁੱਲਾ ਦੇ ਗਰੋਹ ਨਾਲ ਇਸ ਨੂੰ ਮੇਲਣਾ ਸੀ।"[115] ਅਬਦੁੱਲਾ ਦਾ ਭਤੀਜਾ ਵੀ ਤਾਸ਼ਕੰਦ ਵਿਖੇ ਬਾਲਸ਼ਵਿਕ-*ਮੁਹਾਜਿਰੀਨ* ਦੇ ਮੋਢੀ ਗਰੁੱਪ ਵਿਚ ਸੀ। ਮਾਸਕੋ ਵਿਚ ਉਹ ਤੇ ਫ਼ਿਦਾ ਅਲੀ ਇੱਕੋ ਕਮਰੇ ਵਿਚ ਰਹਿੰਦੇ ਸਨ, ਜਿਸ ਨੇ ਗ੍ਰਿਫ਼ਤਾਰ ਹੋ ਜਾਣ 'ਤੇ ਸਰਕਾਰੀ ਅਧਿਕਾਰੀਆਂ ਕੋਲ ਮੰਨਿਆ ਕਿ "*[ਅਬਦੁੱਲ ਅਜ਼ੀਜ਼]* ਤੋਂ ਮੈਨੂੰ ਪਤਾ ਚੱਲਿਆ ਕਿ ਮੌਲਵੀ ਅਬਦੁੱਲਾ ਅਤੇ ਉਸ ਦੀ ਪਾਰਟੀ ਪੂਰੀ ਤਰ੍ਹਾਂ ਇਨਕਲਾਬ ਦੇ ਕੰਮ 'ਚ ਜੁੱਟੀ ਹੋਈ ਸੀ ਅਤੇ 1920-21 ਵਿਚ ਪੇਸ਼ਾਵਰ ਜ਼ਿਲ੍ਹੇ ਵਿਚ ਸੁੱਟੇ ਗਏ ਤਮਾਮ ਬੰਬ ਅਬਦੁੱਲਾ ਵਲੋਂ ਚਮਰਕੰਦ ਦੇ ਮੁੱਲਾ ਬਸ਼ੀਰ ਰਾਹੀਂ ਭੇਜੇ ਗਏ ਸਨ। ਦਰਅਸਲ ਉਹ ਹੀ ਸੀ ਜਿਸ ਨੇ ਇਨ੍ਹਾਂ ਨੂੰ ਸੁੱਟਣ ਲਈ ਮੁਸਲਮਾਨ ਅਤੇ ਹੋਰ ਬੰਦੇ ਲੱਭੇ।"[116] 1920 'ਚ ਅਬਦੁੱਲਾ ਨੇ ਰੂਸ

ਦੀ ਤੇ 1921 ਵਿਚ ਤੁਰਕੀ ਦੀ ਯਾਤਰਾ ਕੀਤੀ, ਜਿਥੇ ਉਸ ਦਾ ਭਤੀਜਾ ਉਸ ਨਾਲ ਆ ਮਿਲਿਆ। 1926 'ਚ ਉਸ ਨੇ ਆਪਣੇ ਬਾਰੇ ਗ਼ਦਰ ਪਾਰਟੀ ਨਾਲ ਜੁੜੇ ਹੋਣ ਦਾ ਐਲਾਨ ਕੀਤਾ ਅਤੇ ਲੈਨਿਨ ਦੀਆਂ ਮੌਲਿਕ ਲਿਖਤਾਂ ਪੜ੍ਹਨ ਲਈ ਰੂਸੀ ਜ਼ਬਾਨ ਸਿੱਖਣ ਦੀ ਖ਼ਾਹਸ਼ ਜ਼ਾਹਿਰ ਕੀਤੀ।[117]

1926 'ਚ ਉਹ ਇਕਬਾਲ ਸ਼ੈਦਾਈ ਦੇ ਮਹਿਮਾਨ ਵਜੋਂ ਇਸਤਾਂਬੁਲ ਅਤੇ ਮਿਲਾਨ ਵੀ ਗਿਆ। ਰਾਏ ਦੇ ਅਸ਼ੀਰਵਾਦ ਨਾਲ ਬਾਅਦ ਵਿਚ ਉਸ ਨੇ ਮਿਲਾਨ ਵਿਚ ਡੇਰਾ ਲਾ ਲਿਆ, ਜਿਥੇ ਉਸ ਨੇ ਅਬਦੁੱਲਾ ਅਤੇ ਰਾਏ ਦੇ "ਖ਼ਾਸ ਸਹਾਇਕ" ਮੁਹੰਮਦ ਅਲੀ ਸਿਪਾਸੀ ਦੀ ਮੁਲਾਕਾਤ ਦਾ ਸਾਰਾ ਇੰਤਜ਼ਾਮ ਕੀਤਾ।[118] ਇਹ ਸਬੱਬ ਹੀ ਸੀ ਕਿ ਫਰਵਰੀ 1926 'ਚ ਇਹ ਰਿਪੋਰਟ ਕੀਤੀ ਗਈ ਕਿ ਰਤਨ ਸਿੰਘ ਵੀ ਉਤਰੀ ਇਟਲੀ ਵਿਚ ਸੀ ਜਿਥੇ ਉਸ ਨੇ, "ਹਿੰਦੁਸਤਾਨੀ ਮੁਸਲਮਾਨਾਂ ਅਤੇ ਫਰਾਂਸ ਵਿਰੁੱਧ ਸੀਰੀਆ ਦੇ ਬਾਗ਼ੀਆਂ ਦੇ ਨੁਮਾਇੰਦੇ ਨਾਲ ਰਾਬਤਾ ਬਣਾਇਆ ਹੋਇਆ ਸੀ।"[119] ਜਿਵੇਂ ਇਕ ਖ਼ੁਫ਼ੀਆ ਦਸਤਾਵੇਜ਼ ਵਿਚ ਨੋਟ ਕੀਤਾ ਗਿਆ, ਸ਼ੈਦਾਈ ਦੇ ਅਬਦੁੱਲਾ ਅਤੇ ਸੁਤੰਤਰ ਨਾਲ ਸਬੰਧਾਂ ਤੋਂ ਰਾਏ ਨਾਰਾਜ਼ ਸੀ: "ਗ਼ਦਰ ਸਾਜ਼ਿਸ਼ੀਆਂ ਦੇ ਐੱਮ.ਐੱਨ.ਰਾਏ ਤੋਂ ਪੂਰੀ ਤਰ੍ਹਾਂ ਆਜ਼ਾਦਾਨਾ ਤੌਰ 'ਤੇ ਸੋਵੀਅਤਾਂ ਨਾਲ ਮਿਲਕੇ ਕੰਮ ਕਰਦੇ ਹੋਣ ਅਤੇ ਉਨ੍ਹਾਂ ਦੇ ਅਬਦੁੱਲਾ ਨਾਲ ਮੇਲਜੋਲ ਦਾ ਪਤਾ ਲੱਗਿਆ ਹੈ, ਜਿਸ ਬਾਰੇ ਇਤਲਾਹ ਮਿਲੀ ਹੈ ਕਿ ਉਸ ਨੇ ਇਕਬਾਲ ਸ਼ੈਦਾਈ ਨੂੰ ਇਟਲੀ ਤੋਂ ਫਰਾਂਸ ਭਿਜਵਾ ਦਿੱਤਾ ਹੈ ਕਿਉਂਕਿ ਉਹ ਕਾਂਸਤਨੋਪਲ ਵਿਖੇ ਗ਼ਦਰ ਏਜੰਟ ਸੁਤੰਤਰ ਨਾਲ ਮਿਲਕੇ ਚੱਲ ਰਿਹਾ ਸੀ।"[120]

ਆਪਣੇ ਇਤਾਲਵੀ ਮੇਜ਼ਬਾਨ ਤੋਂ ਜੁਦਾ ਹੋ ਕੇ, ਅਬਦੁੱਲਾ ਅਤੇ ਅਜ਼ੀਜ ਕਾਮਿੰਤਰਨ ਦੇ ਖ਼ਰਚੇ 'ਤੇ ਹੇਜਾਜ਼ ਲਈ ਚੱਲ ਪਏ।[121] ਇਸ ਪਿੱਛੋਂ ਮੱਕਾ ਵਿਚ "ਸਾਲਾਂ ਬੱਧੀ ਜਲਾਵਤਨੀ ਅਤੇ ਤਾਲੀਮ" ਦਾ ਦੌਰ ਚੱਲਿਆ। ਅਬਦੁੱਲਾ ਨੂੰ 1938 ਤੱਕ ਹਿੰਦੁਸਤਾਨ ਵਿਚ ਮੁੜ ਆਉਣ ਦੀ ਇਜਾਜ਼ਤ ਨਾ ਮਿਲੀ। ਇਥੇ ਰਹਿਕੇ, 1944 ਵਿਚ ਆਪਣੀ ਮੌਤ ਹੋਣ ਸਮੇਂ ਦੇ ਬਾਕੀ ਸਾਲਾਂ ਵਿਚ ਉਸ ਨੇ ਹਿੰਦੁਸਤਾਨ ਲਈ ਮਿਸ਼ਰਤ, ਸੰਘੀ ਰਾਸ਼ਟਰਵਾਦ ਦਾ ਇਕ ਪ੍ਰੋਗਰਾਮ, ਅਤੇ ਪੱਛਮੀ ਤੇ ਇਸਲਾਮੀ ਸਭਿਆਚਾਰ ਦਾ ਇਕ ਸੰਸਲੇਸ਼ਣ ਵਿਕਸਤ ਕੀਤਾ ਜਿਸ ਨੂੰ ਉਸ ਨੇ ਆਪਣੀ ਅਧਿਆਤਮਕ ਸੰਸਥਾ *ਬਾਯਤ-ਅਲ-ਹਿਮਾ* ਰਾਹੀਂ ਪ੍ਰਚਾਰਿਆ। ਉਸ ਨੇ ਇਕ ਛੋਟੀ ਪਾਰਟੀ ਵੀ ਬਣਾਈ ਜੋ ਅਧਿਕਾਰਤ ਤੌਰ 'ਤੇ ਭਾਵੇਂ ਇੰਡੀਅਨ ਨੈਸ਼ਨਲ ਕਾਂਗਰਸ ਦੀ ਛੱਤਰਛਾਇਆ ਹੇਠ ਸੀ, ਜਿਸ ਵਿਚ ਉਸ ਦਾ ਆਜ਼ਾਦ ਸਮਾਜਵਾਦੀ ਜਮਹੂਰੀਅਤ ਦਾ ਨਮੂਨਾ ਸ਼ਾਮਲ ਸੀ ਜਿਸ ਨੂੰ ਉਨ੍ਹਾਂ ਖੇਤਰਾਂ ਵਿਚ ਸਹਿਜ-ਵਿਕਾਸੀ, ਅਹਿੰਸਕ ਰਾਹ 'ਤੇ ਚੱਲਕੇ (ਉਸ ਦੇ ਪਹਿਲੇ ਖਾੜਕੂ ਰਾਹ ਦੇ ਉਲਟ) ਹਾਸਲ ਕੀਤਾ ਜਾਣਾ ਸੀ ਜੋ ਛੇਤੀ ਹੀ ਪੱਛਮੀ ਪਾਕਿਸਤਾਨ ਬਣ ਜਾਣਗੇ।[122]

ਭਾਵੇਂ ਉਸ ਦਾ ਅਧਿਆਤਮਕ ਕੁਰਸੀਨਾਮਾ ਪਿੱਛੇ ਸ਼ਾਹ ਵਲੀਅੱਲਾ ਨਾਲ ਜਾ ਜੁੜਦਾ ਹੈ, ਪਰ ਅਬਦੁੱਲਾ ਦਾ ਆਪਣਾ ਸਿਆਸੀ ਫ਼ਲਸਫ਼ਾ ਜਿਵੇਂ ਵਿਕਸਤ ਹੋਇਆ ਉਹ ਉਸ ਦੇ ਪੁਰਖੇ ਨੂੰ ਮਨਜ਼ੂਰ ਨਹੀਂ ਸੀ ਹੋਣਾ। ਰੂਹਾਨੀ ਤੌਰ 'ਤੇ ਉਹ ਯਹੂਦੀ-ਈਸਾਈ ਤੇ ਹਿੰਦੂ ਧਰਮ-ਗ੍ਰੰਥਾਂ ਵਿਚਲੇ ਸੱਚ ਨੂੰ ਪ੍ਰਵਾਨ ਕਰਦੇ ਹੋਏ ਨਾਲ ਹੀ ਉਨ੍ਹਾਂ ਦੀ ਸੀਮਤ "ਸਭਿਆਚਾਰਕ-ਕੌਮੀ" ਗੁੰਜਾਇਸ਼ ਦੀ ਆਲੋਚਨਾ ਕਰਨ ਵਾਲਾ ਇਕ ਤਰ੍ਹਾਂ ਦਾ ਸਰਵ-ਸਮਿਲਤਵਾਦੀ (syncretist) ਸੀ, ਜਿਸ ਦੁਆਰਾ ਉਹ ਇਸਲਾਮ ਅੰਦਰਲੀ ਸੰਭਵ ਸਰਵ-ਵਿਆਪਕ ਗੁੰਜਾਇਸ਼ ਦੀ ਆਪਣੇ ਨਾਲ ਤੁਲਨਾ ਮਾੜੇ ਢੰਗ ਨਾਲ ਕਰਦੇ ਸਨ। ਜਿਵੇਂ, ਸੂਫ਼ੀਵਾਦ ਵਿਚ ਸੀ।[123] ਇਸ ਤੋਂ ਛੁੱਟ, ਆਪਣੇ ਬਰਤਾਨਵੀ ਵਿਰੋਧੀ (ਰਲੇਮਿਲੇ) ਰਾਸ਼ਟਰਵਾਦ ਦੇ ਬਾਵਜੂਦ, ਉਸ ਨੂੰ ਉਦਾਰ ਬੁਰਜ਼ੂਆ

ਕਾਂਗਰਸ ਬਾਰੇ ਭਾਰੀ ਤੌਖਲੇ ਸਨ। ਜਿਸ ਦੇ ਭਾਰੂ ਤੱਤਾਂ ਨੂੰ ਉਹ ਨਾ ਸਿਰਫ਼ "ਹਿੰਦੂ ਮੁੜ-ਸੁਰਜੀਤੀਵਾਦ" ਸਗੋਂ "ਹਿੰਦੂ ਸਰਮਾਏਦਾਰੀ" ਸਮਾਨ ਵੀ ਸਮਝਦਾ ਸੀ ਜੋ "ਉਸ ਨੂੰ ਇਸਲਾਮ ਤੋਂ ਉਲਟ ਪੱਖ ਜਾਪਦੇ ਸਨ।"[124] ਇਹ ਧਰਮ ਅਤੇ ਅਰਥ-ਸ਼ਾਸਤਰ ਦੀ ਟੂਬਵੀਂ ਰਲਾਵਟ ਹੈ, ਜਿਥੇ ਸਿੰਧੀ ਲਈ ਇਸਲਾਮ ਤੇ ਸਮਾਜਵਾਦ ਦੀ ਪਾਲਾਬੰਦੀ ਇੱਕੋ ਹੀ ਹੈ। ਮੇਰੇ ਵੈਰੀ ਦਾ ਵੈਰੀ .... ਮੇਰਾ ਆਪਣਾ ਵੈਰੀ ਹੈ ?

ਅਬਦੁੱਲਾ ਆਧੁਨਿਕਵਾਦ ਦੇ ਖਿਲਾਫ਼ ਨਹੀਂ ਸੀ। ਉਸ ਨੇ ਤਕਨਾਲੋਜੀ ਤੇ ਫ਼ੌਜੀ ਕਾਢਾਂ ਅਤੇ ਪਦਾਰਥਕ ਤਰੱਕੀ ਨੂੰ ਅਪਣਾਇਆ ਅਤੇ ਰੂਸ ਵਿਚ ਕਮਿਊਨਿਸਟ ਇਨਕਲਾਬ ਦੀ ਹਮਾਇਤ ਕੀਤੀ, ਜਿੱਥੋਂ ਤੱਕ ਇਹ ਕਾਮਯਾਬ ਹੋਇਆ। ਫਿਰ ਵੀ, ਉਸ ਦੀ ਸਮਝ ਮੁਤਾਬਕ, ਇਸ ਤਰ੍ਹਾਂ ਦਾ ਨਾਸਤਿਕਵਾਦੀ ਪਦਾਰਥਵਾਦ ਸੱਚੀ ਮੁਕਤੀ ਦੀ ਇਕ ਸੀਮਤ ਅਤੇ ਅੰਸ਼ਕ ਸਮਝਦਾਰੀ ਦੀ ਇਜਾਜ਼ਤ ਹੀ ਦਿੰਦਾ ਸੀ। ਉਸ ਦੀ ਰਾਇ ਸੀ ਕਿ ਬਾਲਸ਼ਵਿਕਾਂ ਨੇ ਅੱਧੀ ਦਰੁਸਤੀ ਹੀ ਕੀਤੀ ਸੀ – ਪੱਛਮੀ ਸਰਮਾਏਦਾਰੀ ਦੀ ਪਦਾਰਥਕ ਦੌਲਤ, ਲੁੱਟਖਸੁੱਟ ਅਤੇ ਆਰਥਕ ਕਾਣੀ ਵੰਡ ਪਿੱਛੇ ਭੱਜਣ ਨੂੰ ਰੱਦ ਕਰਨਾ – ਪਰ ਉਹ ਅੱਧੇ ਹਿੱਸੇ ਤੋਂ ਖੁੰਝ ਗਏ ਜੋ ਉਸਾਰੂ ਬਦਲ ਪੇਸ਼ ਕਰਦਾ ਸੀ, ਜੋ ਇਸਲਾਮ ਵਲੋਂ ਮੁਹੱਈਆ ਕੀਤੇ ਸਦਾਚਾਰਕ ਤੱਤ ਵਿਚ ਲੱਭਿਆ ਜਾ ਸਕਦਾ ਸੀ। ਉਸ ਨੇ ਕਿਹਾ, "ਮੁਸਲਮਾਨਾਂ ਨੂੰ ਆਪਣੇ ਲਈ ਉਸ ਆਰਥਕ ਨਿਆਂ 'ਤੇ ਪਹੁੰਚਣ ਦਾ ਧਾਰਮਿਕ ਅਧਾਰ ਵਿਕਸਤ ਕਰਨਾ ਹੋਵੇਗਾ ਜੋ ਕਮਿਊਨਿਜ਼ਮ ਦਾ ਨਿਸ਼ਾਨਾ ਹੈ ਪਰ ਜਿਸ ਨੂੰ ਇਹ ਪੂਰੀ ਤਰ੍ਹਾਂ ਹਾਸਲ ਨਹੀਂ ਕਰ ਸਕਦਾ। ਨਾਸਤਿਕਵਾਦੀ ਕਮਿਊਨਿਜ਼ਮ ਮੁਸਲਿਮ ਅਵਾਮ ਨੂੰ ਸਿਰਫ਼ ਅਧੂਰੀ ਅਤੇ ਓਪਰੀ ਕਿਸਮ ਦੀ ਮੁਕਤੀ ਹੀ ਦਿਵਾ ਸਕਦਾ ਹੈ।"[125] ਲਿਹਾਜ਼ਾ ਸਦਾਚਾਰਕ ਦਿਸ਼ਾਸੂਚਕ ਦੀ ਅਣਹੋਂਦ 'ਚ ਸੋਵੀਅਤ ਕਮਿਊਨਿਜ਼ਮ ਦੇ ਆਪਣੇ ਕੇਂਦਰੀ ਏਸ਼ੀਆਈ ਅਤੇ ਕਾਕੇਸ਼ੀਅਨ ਖੇਤਰਾਂ ਵਿਚ ਇਕ ਸ਼ਕਲ 'ਚ ਸਾਮਰਾਜਵਾਦ ਬਣ ਜਾਣ ਦਾ ਖ਼ਤਰਾ ਸੀ। ਇਸ ਰੁਚੀ ਦੀ ਦਰੁਸਤੀ ਦੇ ਤੌਰ 'ਤੇ ਉਸ ਨੇ ਸੁਝਾਅ ਦਿੱਤਾ ਕਿ "ਖ਼ਾਲਸ ਪਦਾਰਥਵਾਦੀ ਕਮਿਊਨਿਸਟ ਰਾਜ ਨਾਲੋਂ ਆਸਤਿਕ ਸਮਾਜਵਾਦ ਕਿਸਾਨ ਤੇ ਮਜ਼ਦੂਰ ਨੂੰ ਜ਼ਿੰਦਗੀ ਵਿਚ ਕਿਤੇ ਜ਼ਿਆਦਾ ਕੁਝ ਦੇਵੇਗਾ।"[126] ਅਬਦੁੱਲਾ ਅਨੁਸਾਰ ਬਾਜ਼ਾਬਤਾ ਲੈਨਿਨਵਾਦੀ ਇਨਕਲਾਬੀ ਪਾਰਟੀ ਅਤੇ *ਜਾਮਾਅ* ਦੇ ਮੌਲਿਕ ਰੂਪ (ਭਾਵ ਜਿਵੇਂ ਮੁਹੰਮਦ ਦੇ ਸਮੇਂ ਇਕ ਸਰਗਰਮ, ਜਥੇਬੰਦ ਧਾਰਮਿਕ ਸਮਾਜ ਮੌਜੂਦ ਸੀ) ਨੂੰ ਇਕ ਦੂਜੇ ਦੇ ਮੁਕਾਬਲੇ ਰੱਖਿਆ ਜਾ ਸਕਦਾ ਹੈ ਅਤੇ ਨਿਸ਼ਚੇ ਹੀ ਮਾਰਕਸੀ ਸਮਾਜੀ ਇਨਕਲਾਬ ਭਾਂਤ-ਸੁਭਾਂਤੇ ਰੂਪਾਂ ਵਾਲੇ ਧਾਰਮਿਕ ਜਹਾਦ – ਹਮਲਾਵਰ ਅਤੇ ਰੱਖਿਆਤਮਕ; ਵਿਅਕਤੀਗਤ, ਮਨੋਵਿਗਿਆਨਕ, ਸਭਿਆਚਾਰਕ, ਸਾਹਿਤਿਕ, ਸਿਆਸੀ ਅਤੇ ਫ਼ੌਜੀ – ਦੇ ਬਰਾਬਰ ਦੀ ਨਾਸਤਿਕ ਚੀਜ਼ ਹੈ, ਇਹ ਮੰਨਦੇ ਹੋਏ ਉਸ ਨੇ ਕਮਿਊਨਿਜ਼ਮ ਤੇ ਇਸਲਾਮ ਦੀਆਂ ਤਕਨੀਕਾਂ ਅਤੇ ਸੰਸਥਾਗਤ ਬਣਤਰਾਂ ਦਰਮਿਆਨ ਸਾਂਝ ਵੀ ਦਰਸਾਈ।[127]

ਪਰ ਓਦੋਂ ਸਰਬ-ਇਸਲਾਮਵਾਦ, ਕਮਿਊਨਿਜ਼ਮ ਅਤੇ ਹਿੰਦੁਸਤਾਨੀ ਕੌਮੀ ਮੁਕਤੀ ਘੋਲ ਦੀਆਂ ਕੜੀਆਂ ਮੇਲਣ ਵਾਲਾ ਸਭ ਤੋਂ ਅਹਿਮ ਜ਼ਰੀਆ ਮੁਹੰਮਦ ਬਰਕਤਉੱਲਾ "ਭੁਪਾਲੀ" ਸੀ।"[128] ਦਰ ਅਸਲ ਜੇ ਇਸ ਨਿਆਰੀ ਹਸਤੀ ਦੀ ਹੋਂਦ ਨਾ ਹੁੰਦੀ, ਤਾਂ ਸ਼ਾਇਦ ਮੈਂ ਅਜਿਹਾ ਪਾਤਰ ਘੜਨ ਲਈ ਭਰਮਾਈ ਜਾਂਦੀ। ਗ਼ਦਰ ਦੀ ਕੜੀਆਂ ਜੋੜਨ ਵਾਲੀ ਤੰਦ ਦਾ ਇਸਤੇਮਾਲ ਕਰਦਿਆਂ ਉਸ ਨੇ ਇਕੱਲੇ ਨੇ ਹੀ ਬਾਲਸ਼ਵਿਕਾਂ ਅਤੇ ਸਰਬ-ਇਸਲਾਮਵਾਦੀਆਂ ਦੇ ਤਾਣਿਆਂ-ਬਾਣਿਆਂ ਦੇ ਮਿਲਾਪ ਨੂੰ ਸਾਕਾਰ ਰੂਪ ਦਿੱਤਾ। ਇਹ ਉਸ ਦੇ ਸਮਕਾਲੀਆਂ ਨੂੰ ਵੀ ਪ੍ਰਤੱਖ ਸੀ। 1915 ਦੀ ਬਦੇਸ਼ ਦਫ਼ਤਰ ਦੀ ਇਕ ਰਿਪੋਰਟ ਨੇ ਟਿੱਪਣੀ ਕੀਤੀ: "ਇਸ ਤਰ੍ਹਾਂ ਜਾਪੇਗਾ ਕਿ

ਬਰਕਤਉੱਲਾ [ਹੂ-ਬ-ਹੂ ਕਹੇ ਸ਼ਬਦ] ਤਿੰਨ ਵੱਖੋ-ਵੱਖਰੀਆਂ ਲਹਿਰਾਂ, ਭਾਵ ਸਰਬ-ਇਸਲਾਮਿਕ, ਏਸ਼ੀਆ ਏਸ਼ੀਅਨਾਂ ਦਾ, ਅਤੇ ਹਿੰਦੁਸਤਾਨੀ ਰਾਜ ਵਿਰੁੱਧ ਬਗ਼ਾਵਤ ਦਰਮਿਆਨ ਇਕ ਤਰ੍ਹਾਂ ਦੀ ਜੋੜਨ ਵਾਲੀ ਕੜੀ ਸੀ। ਨਿਸ਼ਚੇ ਹੀ, ਉਨ੍ਹਾਂ ਸਾਰੀਆਂ ਲਹਿਰਾਂ ਦਾ ਸਾਂਝਾ ਉਦੇਸ਼ ਏਸ਼ੀਆ, ਜਿਸ ਵਿਚ ਤੁਰਕੀ ਵੀ ਸ਼ਾਮਲ ਸੀ, ਦੀ ਯੂਰਪੀ ਗ਼ਲਬੇ ਤੋਂ ਬੰਦ-ਖ਼ਲਾਸੀ ਸੀ।"[129] ਜਰਮਨ ਕੂਟਨੀਤਕ ਦੂਤ ਔਟੋ ਫੌਨ ਹੈਂਟਿਗ, ਜੋ ਬਰਲਿਨ ਤੋਂ ਕਾਬੁਲ ਮਿਸ਼ਨ ਦਾ ਆਗੂ ਸੀ, ਨੇ ਲਿਖਿਆ ਕਿ "ਬਰਕਤਉੱਲਾ ਸਭ ਤੋਂ ਪਹਿਲਾਂ ਰਾਸ਼ਟਰਵਾਦੀ ਸੀ ਅਤੇ ਫਿਰ ਮੁਸਲਮਾਨ.... ਨਾਲ ਹੀ [ਅਬਦੁੱਲਾ] ਦਾ ਪਹਿਲਾ ਸਰੋਕਾਰ ਹਿੰਦੁਸਤਾਨ ਦੀ ਮੁਕਤੀ ਨਾਲ ਸੀ ਅਤੇ ਫਿਰ ਇਸਲਾਮ ਲਈ ਜੱਦੋਜਹਿਦ ਨਾਲ।"[130] ਮੈਂ ਐਨਾ ਯਕੀਨ ਨਾਲ ਨਹੀਂ ਕਹਿ ਸਕਦੀ ਕਿ ਕਿਸੇ ਵੀ ਵਿਅਕਤੀ ਦੇ ਸਬੰਧ 'ਚ ਇਨ੍ਹਾਂ ਸਿਆਸੀ ਪਛਾਣਾਂ ਨੂੰ ਐਨੀ ਅਸਾਨੀ ਨਾਲ ਅੱਡ ਅੱਡ ਕੀਤਾ ਜਾ ਸਕਦਾ ਸੀ ਅਤੇ ਇਨ੍ਹਾਂ ਵਿੱਚੋਂ ਕਿਸ ਨੂੰ ਉਸ ਦੀ ਤਰਜ਼ੀਹ ਨਿਸ਼ਚਿਤ ਕੀਤਾ ਜਾ ਸਕਦਾ ਸੀ। ਦਰ ਅਸਲ, ਹਰੇਕ ਉਸ ਦੇ ਸਿਆਸੀ ਆਦਰਸ਼ਾਂ ਅਤੇ ਰੀਝਾਂ ਦੀ ਤਿੰਨ ਜ਼ਬਾਨਾਂ ਵਿਚ ਤਰਜ਼ਮਾਨੀ ਕਰਨ ਦੀ ਕਾਬਲੀਅਤ ਦੀ ਮਿਸਾਲ ਸੀ, ਜਿਸ ਦੇ ਮੂਲ ਤੱਤਾਂ 'ਚ ਇਕਸਾਰਤਾ ਸੀ ਜਦਕਿ ਜ਼ੋਰ ਦੇਣ ਪੱਖੋਂ ਇਨ੍ਹਾਂ ਦੀ ਅਦਲਾ-ਬਦਲੀ ਹੁੰਦੀ ਰਹੀ।

ਬਰਕਤਉਲਾ ਦਾ ਜਨਮ 1859 ਅਤੇ 1864 ਦੇ ਦਰਮਿਆਨ ਭੋਪਾਲ ਵਿਚ ਹੋਇਆ ਸੀ। ਇਸ "ਬਹੁਤ ਹੀ ਤੇਜ਼ ਬੁੱਧੀ ਵਾਲੇ ਨੌਜਵਾਨ" ਨੇ ਮਦਰੱਸਾ-ਏ-ਸੁਲੇਮਾਨੀਆ ਵਿਖੇ ਅਰਬੀ, ਇਰਾਨੀ, ਉਰਦੂ ਜ਼ਬਾਨਾਂ ਅਤੇ ਮੁਸਲਿਮ ਫ਼ਲਸਫ਼ੇ ਦਾ ਅਧਿਐਨ ਕੀਤਾ ਅਤੇ ਉੱਨੀ ਵਰ੍ਹਿਆਂ ਦੀ ਉਮਰ 'ਚ ਬੰਬਈ ਤੇ ਖੰਡਵਾ ਵਿਚ ਅਧਿਆਪਕ ਦੀਆਂ ਸੇਵਾਵਾਂ ਦੇਣ ਦੇ ਉਦੇਸ਼ ਨਾਲ ਘਰ ਛੱਡ ਦਿੱਤਾ। ਉਥੇ ਅਫ਼ਗਾਨੀ ਨੂੰ ਮਿਲਕੇ ਉਹ ਬਹੁਤ ਪ੍ਰਭਾਵਤ ਹੋਇਆ ਅਤੇ 1895 'ਚ ਉਹ ਲਿਵਰਪੂਲ ਯੂਨੀਵਰਸਿਟੀ ਵਿਖੇ ਓਰੀਐਂਟਲ ਕਾਲਜ ਵਿਚ ਅਰਬੀ ਪੜ੍ਹਾਉਣ ਲਈ ਇੰਗਲੈਂਡ ਲਈ ਜਹਾਜ਼ ਚੜ੍ਹ ਗਿਆ। ਉਥੇ ਉਸ ਦੀ ਨੇੜਤਾ ਕਾਬੁਲ ਦੇ ਨਸਰੁੱਲਾ ਖ਼ਾਨ ਨਾਲ ਹੋ ਗਈ। ਜੋ ਅਫ਼ਗਾਨਿਸਤਾਨ ਦੇ ਅਮੀਰ ਦਾ ਭਰਾ ਨਿਕਲਿਆ। ਅੰਗਰੇਜ਼ ਖ਼ੁਫ਼ੀਆ ਵਿਭਾਗ ਨੇ ਬਰਕਤਉੱਲਾ ਦੀ ਜਿਹੜੀ ਪਹਿਲੀ ਸਿਆਸੀ ਸਰਗਰਮੀ ਰਿਪੋਰਟ ਕੀਤੀ ਉਹ ਸੀ ਅਗਲੇ ਕੁਝ ਸਾਲਾਂ 'ਚ ਉਸ ਵਲੋਂ ਕਰਾਚੀ ਵਿਖੇ ਅਮੀਰ ਦੇ ਏਜੰਟ ਨੂੰ ਆਪਣੇ ਦੋਸਤ ਜ਼ਰੀਏ ਇੰਗਲੈਂਡ ਦੇ ਮਾਮਲਿਆਂ ਬਾਰੇ ਭੇਜਿਆ ਹਫ਼ਤਾਵਾਰ ਖ਼ਤ। 1897 'ਚ ਉਸ ਬਾਰੇ ਇਤਲਾਹ ਭੇਜੀ ਗਈ ਕਿ ਉਹ ਲੰਦਨ ਵਿਚ ਮੁਸਲਿਮ ਦੇਸ਼ਭਗਤ ਲੀਗ ਦੀਆਂ ਮੀਟਿੰਗਾਂ ਵਿਚ ਹਿੱਸਾ ਲੈ ਰਿਹਾ ਸੀ ਅਤੇ *ਦੀ ਕਰੈਸੈਂਟ* ਨਾਂ ਦਾ ਅਖ਼ਬਾਰ ਅਤੇ *ਦੀ ਇਸਲਾਮਿਕ ਵਰਲਡ* ਨਾਂ ਦੇ ਰਸਾਲੇ ਦੇ ਸੰਪਾਦਕੀ ਕੰਮਾਂ ਵਿਚ ਹੱਥ ਵਟਾ ਰਿਹਾ ਸੀ।

1903 'ਚ ਉਹ ਸਮੁੰਦਰੀ ਜਹਾਜ਼ ਰਾਹੀਂ ਨਿਊ ਯਾਰਕ ਸ਼ਹਿਰ ਚਲਾ ਗਿਆ। ਇਥੇ ਅਕਤੂਬਰ 1906 'ਚ ਉਹ ਯੂਨਾਈਟਿਡ ਆਇਰਿਸ਼ ਲੀਗ ਦੀ ਮੀਟਿੰਗ ਵਿਖੇ ਖਿੱਚ ਦਾ ਕੇਂਦਰ ਬਣਿਆ, ਜਿਥੇ ਉਸ ਨੇ ਵਿਸ਼ੇਸ਼ ਬੁਲਾਰੇ ਟੀ.ਪੀ. ਓਕਾਨਰ ਨੂੰ ਸਵਾਲ ਕੀਤਾ, ਜੋ ਕੌਮਪ੍ਰਸਤ ਪੱਤਰਕਾਰ ਅਤੇ ਹੋਮ ਰੂਲ ਸੰਸਦ ਮੈਂਬਰ ਸੀ:

"ਭੋਪਾਲ, ਹਿੰਦੁਸਤਾਨ ਤੋਂ ਸ਼੍ਰੀਮਾਨ ਐੱਮ. ਬਰਕਤਉੱਲਾ ਆਇਰਿਸ਼ ਪਾਰਲੀਮੈਂਟਰੀ ਪਾਰਟੀ ਦੇ ਨੁਮਾਇੰਦੇ ਦੀ ਹੈਸੀਅਤ 'ਚ ਸ਼੍ਰੀਮਾਨ ਓਕਾਨਰ ਨੂੰ ਸਵਾਲ ਕਰਨਾ ਚਾਹੇਗਾ ਕਿ ਜੇ ਹਿੰਦੁਸਤਾਨ ਵਿਚ ਇੰਗਲੈਂਡ ਦੇ ਜਾਬਰ ਤੇ ਅੱਤਿਆਚਾਰੀ ਰਾਜ ਦੇ ਖ਼ਿਲਾਫ਼ ਹਿੰਦੁਸਤਾਨੀ ਅਵਾਮ ਬਾਗ਼ੀ ਹੋ ਜਾਂਦਾ ਹੈ, ਅਤੇ ਜੇ ਇੰਗਲੈਂਡ ਆਇਰਲੈਂਡ ਨੂੰ ਸਵਰਾਜ ਦੇਣ ਦੀ ਮੰਗ ਮੰਨ ਲੈਂਦਾ ਹੈ, ਕੀ ਸ਼੍ਰੀਮਾਨ ਓਕਾਨਰ ਹਿੰਦੁਸਤਾਨੀ ਅਵਾਮ ਨੂੰ ਕੁਚਲਣ ਦੇ ਮਨੋਰਥ ਨਾਲ ਅੰਗਰੇਜ਼ਾਂ

ਦੀ ਫ਼ੌਜ ਲਈ ਆਇਰਿਸ਼ ਲੋਕਾਂ ਦੀ ਭਰਤੀ ਕੀਤੇ ਜਾਣ ਦਾ ਸਾਥ ਦੇਵੇਗਾ ?"[131]

ਇਥੇ ਓਕਾਨਰ ਦਾ ਜਵਾਬ ਦਰਜ਼ ਨਹੀਂ ਕੀਤਾ ਗਿਆ। ਲਗਭਗ ਇਸੇ ਅਰਸੇ 'ਚ ਬਰਕਤਉੱਲਾ ਨੇ ਪੀ.ਐੱਲ.ਜੋਸ਼ੀ ਨਾਲ ਮਿਲਕੇ "ਸ਼ੱਕੀ ਵਫ਼ਾਦਾਰੀ ਵਾਲੀ ਸਭਾ" ਸਰਬ-ਆਰੀਆ ਲੀਗ ਦੀ ਨੀਂਹ ਰੱਖੀ। 1907-08 ਦਾ ਸਾਰਾ ਵਕਤ ਉਹ ਨਿਊ ਯਾਰਕ ਵਿਚ ਅੰਗਰੇਜ਼ ਵਿਰੋਧੀ ਤਕਰੀਰਾਂ ਕਰਦਿਆਂ "ਹਿੰਦੁਸਤਾਨੀ ਸਿਆਸਤ ਵਿਚ ਚੋਖੀ ਰੁਚੀ" ਲੈਂਦਾ ਰਿਹਾ, ਜਿਨ੍ਹਾਂ ਵਿਚ ਉਹ ਹਿੰਦੂ-ਮੁਸਲਿਮ ਏਕਤਾ ਦੀ ਵਕਾਲਤ ਕਰਦਾ ਰਿਹਾ ਅਤੇ "ਆਇਰਲੈਂਡ ਤੇ ਹਿੰਦੁਸਤਾਨ ਦੇ ਲੋਕਾਂ ਦੀ ਸਾਂਝੀ ਲੀਗ ਬਣਾਉਣ" ਦੀ ਸਲਾਹ ਦਿੰਦਾ ਰਿਹਾ। ਇਸ ਸਲਾਹ 'ਤੇ ਅਮਲ ਕਰਦਿਆਂ, ਉਸ ਨੇ *ਗੈਲਿਕ ਅਮੈਰੀਕਨ* ਦੇ ਜਾਰਜ ਫਰੀਮੈਨ ਨਾਲ ਦੋਸਤਾਨਾ ਸਬੰਧ ਬਣਾਈ ਰੱਖੇ, ਤੇ ਉਸ ਨੂੰ *ਫਰੀ ਹਿੰਦੁਸਤਾਨ* ਛਾਪਣ 'ਚ ਸਹਿਯੋਗ ਦਿੰਦਾ ਰਿਹਾ।[132]

ਫਰਵਰੀ 1909 'ਚ ਬਰਕਤਉੱਲਾ ਟੋਕੀਓ ਯੂਨੀਵਰਸਿਟੀ ਦੇ ਬਦੇਸ਼ੀ ਜ਼ੁਬਾਨਾਂ ਦੇ ਸਕੂਲ ਵਿਖੇ ਉਰਦੂ ਜਾਂ ਹਿੰਦੁਸਤਾਨੀ ਦੇ ਪ੍ਰੋਫੈਸਰ ਵਜੋਂ ਕੰਮ ਕਰਨ ਲਈ ਨਿਊ ਯਾਰਕ ਤੋਂ ਟੋਕੀਓ ਚਲਾ ਗਿਆ। ਫਰੀਮੈਨ ਅਤੇ ਜੋਸ਼ੀ ਦੋਵੇਂ ਤੱਤਪਰ ਸਨ ਕਿ ਉਹ ਇਸ ਅਸਾਮੀ ਲਈ ਦਰਖ਼ਾਸਤ ਦੇਵੇ। ਉਨ੍ਹਾਂ ਨੇ ਮੈਡਮ ਕਾਮਾ ਤੇ ਕ੍ਰਿਸ਼ਨਵਰਮਾ ਨੂੰ ਕਿਹਾ ਸੀ ਕਿ ਇਹ ਨੌਕਰੀ ਦਿਵਾਉਣ ਲਈ ਉਹ ਪੈਰਿਸ ਤੋਂ ਪੂਰਾ ਤਾਣ ਲਾਉਣ।[133] ਟੋਕੀਓ ਵਿਚ ਉਸ ਦੀ ਮੁਲਾਕਾਤ ਮਿਸਰ ਦੀ ਫ਼ੌਜ ਦੇ ਸਾਬਕਾ ਕਪਤਾਨ ਅਤੇ ਸਰਬ-ਇਸਲਾਮਵਾਦੀ ਫ਼ਾਦਲੀ ਬੇਅ ਨਾਲ ਹੋਈ ਜਿਸ ਤੋਂ ਉਸ ਨੇ ਔਟੋਮਨ ਹਕੂਮਤ ਦੇ ਫੰਡਾਂ ਨਾਲ,[134] ਅਤੇ ਉਸ ਦੇ ਗੜਵਈ ਹਸਨ ਯੂ. ਹਤਾਨੋ ਦੀ ਸਹਾਇਤਾ ਨਾਲ ਅੰਗਰੇਜ਼ੀ ਮਾਸਿਕ ਰਸਾਲਾ *ਇਸਲਾਮਿਕ ਫਰੇਟਰਨਟੀ* ਛਾਪਣ ਦੀ ਜ਼ਿੰਮੇਵਾਰੀ ਓਟ ਲਈ, ਜਿਸ ਨੂੰ ਇਸਲਾਮ ਧਾਰਨ ਕਰਨ ਵਾਲਾ ਪਹਿਲਾ ਜਪਾਨੀ ਸਮਝਿਆ ਜਾਂਦਾ ਹੈ। ਇਸ ਦੇ ਪੰਨਿਆਂ 'ਚ ਬਰਕਤਉੱਲਾ "ਕਦੇ-ਕਦਾਈਂ ਸਗੋਂ ਖਾੜਕੂ ਸਰਬ-ਇਸਲਾਮਿਕ ਸੁਰ ਅਖ਼ਤਿਆਰ ਕਰਦਾ ਰਿਹਾ।" ਅੰਗਰੇਜ਼ ਖ਼ੁਫ਼ੀਆ ਮਹਿਕਮੇ ਨੇ ਨੋਟ ਕੀਤਾ: "ਬਤੌਰ ਮੁਸਲਮਾਨ ਉਸ ਦੀ ਹਮਦਰਦੀ ਇੰਤਹਾਪਸੰਦ ਹਿੰਦੂ ਰਾਸ਼ਟਰਵਾਦੀਆਂ ਨਾਲ ਨਹੀਂ ਸੀ, ਜੋ ਆਪਣਾ ਨਿਸ਼ਾਨਾ 'ਹਿੰਦੁਸਤਾਨ ਹਿੰਦੁਸਤਾਨੀਆਂ ਦਾ' ਐਲਾਨਦੇ ਹੋਏ ਵੀ ਅਸਲ ਵਿਚ ਚਾਹੁੰਦੇ ਸਨ ਕਿ 'ਹਿੰਦੁਸਤਾਨ ਹਿੰਦੂਆਂ ਦਾ' ਹੋਵੇ।[135] ਨਾਲ ਹੀ ਬਰਕਤਉੱਲਾ ਦੀ ਸੰਪਾਦਨਾ ਹੇਠ ਰਸਾਲਾ ਨਿਰੋਲ ਸਰਬ-ਇਸਲਾਮਿਕ ਮਾਮਲਿਆਂ 'ਤੇ ਕੇਂਦਰਤ ਰਹਿਣ ਤੋਂ ਬਦਲਕੇ ਅੰਗਰੇਜ਼ ਵਿਰੋਧੀ-ਸਾਮਰਾਜਵਾਦ ਵਿਰੋਧੀ ਵਧੇਰੇ ਹੋ ਗਿਆ। ਦਰਅਸਲ, ਅੰਗਰੇਜ਼ ਬਦੇਸ਼ ਦਫ਼ਤਰ ਨੂੰ ਭੇਜੀ ਗਈ ਇਕ ਲਿਖਤ ਵਿਚ ਤਾਂ ਇਹ ਵੀ ਕਿਹਾ ਗਿਆ ਕਿ ਹਕੀਕਤ ਵਿਚ ਜਪਾਨ ਅੰਦਰ ਹਿੰਦੁਸਤਾਨੀ ਤਹਿਰੀਕ ਨੇ ਬਰਕਤਉੱਲਾ ਦੇ ਨਿਊ ਯਾਰਕ ਤੋਂ ਆਉਣ ਨਾਲ ਹੀ ਤੇਜ਼ੀ ਫੜ੍ਹੀ।[136] ਤਾਰਕਨਾਥ ਦਾਸ ਦੀ ਤਰ੍ਹਾਂ ਬਾਅਦ ਵਿਚ ਬਰਕਤਉੱਲਾ ਨੇ ਵੀ "ਏਸ਼ੀਆ ਏਸ਼ੀਅਨਾਂ ਦਾ" ਨਾਅਰਾ ਅਪਣਾਇਆ। ਇੱਥੋਂ ਤੱਕ ਕਿਹਾ ਜਾ ਸਕਦਾ ਸੀ ਕਿ ਏਸ਼ੀਆ ਦਾ ਸਵੈ-ਨਿਰਣਾ ਉਹ ਸਿਧਾਂਤ ਸੀ ਜੋ ਬਰਕਤਉੱਲਾ ਦੇ ਸਰਬ-ਇਸਲਾਮਵਾਦ, ਉਸ ਦੇ ਹਿੰਦੁਸਤਾਨੀ ਰਾਸ਼ਟਰਵਾਦ, ਉਸ ਦੀ ਬਸਤੀਵਾਦ ਦੀ ਗ਼ਦਰੀ ਖ਼ਿਲਾਫ਼ਤ ਅਤੇ ਬਾਅਦ ਵਿਚ ਉਸ ਦੇ ਸਮਾਜਵਾਦ ਨੂੰ ਇਕ ਲੜੀ 'ਚ ਪਰੋਂਦਾ ਸੀ।

*ਇਸਲਾਮਿਕ ਫਰੇਟਰਨਟੀ* ਦੇ ਜੂਨ 1911 ਅੰਕ ਵਿਚ, ਉਸ ਨੇ ਐਲਾਨ ਕੀਤਾ ਕਿ ਉਸ ਦਾ ਇਰਾਦਾ ਸੇਂਟ ਪੀਟਰਸਬਰਗ ਅਤੇ ਓਡੇਸਾ ਹੁੰਦੇ ਹੋਏ ਕ੍ਰਮਵਾਰ "ਖ਼ਿਲਾਫ਼ਤ ਦੇ ਕੇਂਦਰ ਅਤੇ ਇਸਲਾਮਿਕ ਤਾਲੀਮ ਦੇ ਕੇਂਦਰ" ਦੀ ਯਾਤਰਾ ਕਰਨ ਦਾ ਹੈ। ਫਿਰ ਸਤੰਬਰ ਦੇ ਅੱਧ 'ਚ ਉਹ ਟੋਕੀਓ ਵਾਪਸ ਆ ਜਾਂਦਾ ਹੈ, ਜਿਸ ਤੋਂ ਪਿੱਛੋਂ ਰਸਾਲਾ ਸਾਲਾਨਾ ਰੂਪ 'ਚ ਜਾਰੀ ਰਹਿੰਦਾ ਹੈ।[137] ਜਿਵੇਂ ਇਕ ਖ਼ੁਫ਼ੀਆ ਰਿਪੋਰਟ ਵਿਚ ਇਕ ਪੈਰਾ ਹਵਾਲੇ ਵਜੋਂ ਦਿੱਤਾ ਗਿਆ ਹੈ, ਉਸ ਦੀ

ਗ਼ੈਰਹਾਜ਼ਰੀ 'ਚ ਹਤਾਨੋ ਅਤੇ ਐੱਫ. ਸਕਰੋਇਡਰ (ਜੋ "ਪਲੇਨ ਡੀਲਰ" ਦੇ ਦਸਖ਼ਤਾਂ ਹੇਠ ਲਿਖਣ ਵਾਲਾ ਇਕ ਗੁੰਮਨਾਮ ਲੇਖਕ ਸੀ) ਦੇ ਇੰਤਜ਼ਾਮਾਂ ਤਹਿਤ ਛਾਪੇ ਗਏ *ਇਸਲਾਮਿਕ ਫਰੇਟਰਨਟੀ* ਦੇ ਸਤੰਬਰ ਅੰਕ ਵਿਚ ਅਫ਼ਗਾਨਿਸਤਾਨ ਜਿਸ ਨੂੰ ਉਹ 'ਕੇਂਦਰੀ ਏਸ਼ੀਆ ਦਾ ਭਵਿੱਖੀ ਜਪਾਨ' ਕਹਿੰਦਾ ਹੈ "ਸਮੇਤ ਇਕ ਮਹਾਂ ਸਰਬ-ਇਸਲਾਮਿਕ ਗੱਠਜੋੜ" ਬਣਨ ਦੀ ਪੇਸ਼ੀਨਗੋਈ ਕੀਤੀ ਗਈ ਜੋ "ਕਦੇ ਬਣਾਇਆ ਜਾ ਸਕਦਾ ਸੀ"। ਰਿਪੋਰਟ 'ਚ ਅੱਗੇ ਖ਼ੁਲਾਸਾ ਕੀਤਾ ਗਿਆ: "ਉਸ ਨੇ ਕਿਹਾ ਬਸ ਲੋੜ ਹੈ ਇਕ ਆਗੂ ਦੀ ਜੋ 'ਕੇਂਦਰੀ ਏਸ਼ੀਆ ਵਿਚ ਉਭਰ ਸਕੇ, ਸੰਭਵ ਹੈ ਅਫ਼ਗਾਨਿਸਤਾਨ ਵਿਚ।.... ਜਿਉਂ ਹੀ ਇਸ ਦੀ ਤਿਆਰੀ ਹੋ ਜਾਂਦੀ ਹੈ ਅਫ਼ਗਾਨ ਬੰਦੂਕ ਦਾ ਇੱਕੋ ਫਾਇਰ ਕੁਲ ਇਸਲਾਮ ਦੇ ਉਠ ਖੜ੍ਹਨ ਦਾ ਇਸ਼ਾਰਾ ਹੋਵੇਗਾ।' "[138] ਅਗਲੀ ਰਿਪੋਰਟ ਵਿਚ ਕਿਹਾ ਗਿਆ ਕਿ ਅਕਤੂਬਰ 1911 'ਚ ਵਾਪਸ ਆ ਕੇ ਬਰਕਤਉੱਲਾ ਨੇ "ਆਪਣੀ ਕਾਂਸਤਨੋਪਲ ਫੇਰੀ ਅਤੇ ਇਟਲੀ ਤੇ ਤੁਰਕੀ ਦਰਮਿਆਨ ਜੰਗ" ਦੇ ਮਜਮੂਨ ਬਾਰੇ "ਜਪਾਨ ਦੀ ਏਸ਼ੀਆਈ ਸੋਸਾਇਟੀ" ਦੇ ਇਕੱਠ ਨੂੰ ਸੰਬੋਧਨ ਕੀਤਾ – ਸਮਾਗਮ ਜੋ ਹਿੰਦੁਸਤਾਨ ਵਿਚ ਖ਼ਿਲਾਫ਼ਤ ਲਹਿਰ ਵਿਚ ਰੂਹ ਫੂਕਣ ਵਾਲੇ ਉਤਪ੍ਰੇਰਕਾਂ ਵਿੱਚੋਂ ਇਕ ਮੰਨਿਆ ਜਾਂਦਾ ਹੈ। 1912 'ਚ ਬਰਕਤਉੱਲਾ ਨੇ ਵੀ ਆਪਣੇ ਰਸਾਲੇ ਲਈ "ਇਸਲਾਮ ਖ਼ਿਲਾਫ਼ ਈਸਾਈ ਗੱਠਜੋੜ" ਬਾਰੇ ਇਕ ਲੇਖ ਲਿਖਿਆ, ਜਿਸ ਵਿਚ ਉਸਨੇ ਕੈਸਰ ਵਿਲਹੈਮ ਨੂੰ ਦੁਨੀਆ ਵਿਚ ਜੰਗ ਤੇ ਅਮਨ ਦਾ ਧੁਰਾ ਦੱਸਿਆ, ਕਿਉਂਕਿ ਉਹੀ "ਔਟੋਮਨ ਸਲਤਨਤ ਨੂੰ ਬਰਕਰਾਰ ਰੱਖਣ ਵਾਲੀ" ਇਕੋ ਇਕ ਪੱਛਮੀ ਤਾਕਤ ਸੀ। ਇੰਞ, ਜਿੱਥੋਂ ਤੱਕ ਬਰਕਤਉੱਲਾ ਦੇ ਖ਼ਿਲਾਫ਼ਤਵਾਦੀ ਪਾਠਕਾਂ ਦਾ ਧਿਆਨ ਉਸ ਦੇ ਲਫ਼ਜ਼ਾਂ ਨੇ ਖਿੱਚਿਆ, ਗ਼ਦਰੀ ਗੱਠਜੋੜ ਦੀ ਦਿਸ਼ਾ ਵਿਚ ਇਕ ਸੰਭਵ ਸ਼ੁਰੂਆਤ ਦੀ ਤਿਆਰੀ ਕੀਤੀ ਜਾ ਰਹੀ ਸੀ ਜਿਸ ਨੇ ਦੋ ਸਾਲਾਂ ਨੂੰ ਨੇਪਰੇ ਚੜ੍ਹ ਜਾਣਾ ਸੀ।

ਫੇਰੀ ਨੇ ਬਰਕਤਉੱਲਾ ਦੀ ਕੌਮੀ ਮੁਕਤੀ ਲਹਿਰ ਉਪਰ ਇਕਾਗਰਤਾ ਦੀ ਸ਼ਿੱਦਤ ਨੂੰ ਵੀ ਜ਼ਾਹਰ ਕੀਤਾ ਸੀ। ਉਸ ਨੇ ਕ੍ਰਿਸ਼ਨਵਰਮਾ ਅਤੇ ਯੂਰਪ ਦੇ ਹੋਰ ਇਨਕਲਾਬਪ੍ਰਸਤਾਂ ਨਾਲ ਰਾਬਤਾ ਮੁੜ ਬਣਾ ਲਿਆ ਅਤੇ ਜਪਾਨ ਮੁੜਨ ਤੋਂ ਬਾਅਦ ਅਕਸਰ ਹੀ ਉਨ੍ਹਾਂ ਨਾਲ ਜੁੜਿਆ ਰਿਹਾ। ਛੇਤੀ ਹੀ ਉਹ *ਇੰਡੀਅਨ ਸੋਸ਼ਾਲੋਜਿਸਟ* ਅਤੇ ਯੂਰਪ ਤੇ ਉਤਰੀ ਅਮਰੀਕਾ ਦੇ ਹੋਰ ਰਸਾਲਿਆਂ ਸਮੇਤ ਇਨਕਲਾਬੀ ਸਾਹਿਤ ਦੇ ਪਸਾਰੇ ਲਈ ਅੱਗੇ ਸਾਹਿਤ ਭੇਜਣ ਦਾ ਕੇਂਦਰ ਬਣ ਗਿਆ ਸੀ ਜਦਕਿ ਉਹ ਉੱਥੋਂ ਹੋ ਕੇ ਜਾਣ ਵਾਲੇ ਹਿੰਦੁਸਤਾਨੀ ਇਨਕਲਾਬੀਆਂ ਲਈ ਸਫ਼ਰ ਸਮੇਂ ਠਾਹਰਾਂ ਵੀ ਮੁਹੱਈਆ ਕਰਦਾ ਸੀ। ਉਸ ਦੀਆਂ ਆਪਣੀਆਂ ਪ੍ਰਕਾਸ਼ਨਾਵਾਂ ਪੂਰੇ ਪੂਰਬੀ ਏਸ਼ੀਆ ਵਿਚ ਹਿੰਦੁਸਤਾਨੀਆਂ ਤੱਕ, ਅਤੇ ਸਿੰਗਾਪੁਰ ਵਿੱਚੋਂ ਦੀ ਹੋ ਕੇ ਹਿੰਦੁਸਤਾਨ ਤੱਕ ਵੱਖਰੀ ਵੱਖਰੀ ਦਿਸ਼ਾ ਵਿਚ ਜਾਂਦੀਆਂ ਸਨ। ਪਾਠਕਾਂ ਨੂੰ ਉਨ੍ਹਾਂ ਦੀਆਂ ਦੇਸੀ ਜ਼ਬਾਨਾਂ ਵਿਚ ਮੁਖ਼ਾਤਬ ਹੋਣ ਦੀ ਅਹਿਮੀਅਤ 'ਤੇ ਜ਼ੋਰ ਦਿੰਦਿਆਂ ਉਸ ਵਲੋਂ ਉਰਦੂ ਤੇ ਅੰਗਰੇਜ਼ੀ ਦੋਵਾਂ ਜ਼ਬਾਨਾਂ ਵਿਚ ਪੈਂਫਲੈੱਟ ਛਾਪੇ ਗਏ।[139]

ਪਰ ਬਰਕਤਉੱਲਾ ਦਾ ਸਹਾਇਕ ਉਸ ਨੂੰ ਦਗ਼ਾ ਦੇ ਗਿਆ। ਕਿਸੇ ਕਾਰਨ ਹਤਾਨੋ ਨੇ ਅੰਗਰੇਜ਼ ਸਫ਼ਾਰਤਖ਼ਾਨੇ ਨੂੰ ਇਹ ਭੇਤ ਦੇ ਦਿੱਤਾ ਕਿ ਬਰਕਤਉੱਲਾ ਨੂੰ ਤੁਰਕੀ ਦੇ ਸੁਲਤਾਨ ਅਤੇ ਅਫ਼ਗਾਨਿਸਤਾਨ ਦੇ ਅਮੀਰ ਤੋਂ ਫੰਡ ਆ ਰਹੇ ਸਨ। ਉਸ ਨੇ ਲਹਿਰ ਵਿਚ ਸ਼ਾਮਲ ਲੋਕਾਂ ਜਾਂ ਪੈਸੀਫਿਕ ਰਿਮ ਦੇ ਕਈ ਮੁਲਕਾਂ ਵਿਚ "ਜਿਨ੍ਹਾਂ ਨੂੰ ਰਾਜ-ਧ੍ਰੋਹੀ ਸਾਹਿਤ ਭੇਜਿਆ ਜਾਂਦਾ ਸੀ" ਉਨ੍ਹਾਂ ਦੇ ਨਾਵਾਂ ਦੀ ਸੂਚੀ ਵੀ ਦੇ ਦਿੱਤੀ। ਉਸ ਨੇ ਗੱਲਬਾਤ ਵਿਚ ਇਹ ਵੀ "ਬਿਆਨ ਕੀਤਾ ਕਿ *[ਬਰਕਤਉੱਲਾ]* ਨੂੰ ਸਿਆਟਲ ਦਾ ਵਾਸੀ ਅਤੇ 'ਗੈਲਿਕ ਅਮੇਰੀਕਨ" ਨਾਂ ਦੇ ਪਰਚੇ ਦਾ ਸੰਪਾਦਕ ਸ੍ਰੀ ਫਰੀਮੈਨ ਹਮਦਰਦੀ ਅਤੇ ਸਹਾਇਤਾ ਦਿੰਦਾ ਸੀ।" ਉਸ ਨੇ ਬਾਗ਼ੀ ਪੈਂਫਲੈੱਟਾਂ ਦੀ

ਛਪਾਈ ਲਈ ਇਸਤੇਮਾਲ ਕੀਤੇ ਜਾਂਦੇ ਬਲਾਕ ਅਤੇ ਪਲੇਟਾਂ ਵੀ ਉਨ੍ਹਾਂ ਦੇ ਸਪੁਰਦ ਕਰ ਦਿੱਤੀਆਂ, ਅਤੇ ਆਪਣੀ ਚਮੜੀ ਬਚਾਉਣ ਲਈ ਗਵਾਹ ਵਜੋਂ ਨਾਂ ਗੁਪਤ ਰੱਖਣ ਦੀ ਅਰਜ਼ ਕਰਦਿਆਂ ਖ਼ੁਫ਼ੀਆ ਤੌਰ 'ਤੇ ਮਿਲਣ ਦੀ ਮੰਗ ਕੀਤੀ। ਟੋਕੀਓ ਵਿਖੇ ਅੰਗਰੇਜ਼ ਸਫ਼ੀਰ ਨੇ ਤਬਸਰਾ ਕੀਤਾ ਕਿ ਲੱਗਦਾ ਸੀ ਕਿ ਉਹ ਬਰਕਤਉੱਲਾ ਤੋਂ ਖਹਿੜਾ ਛੁਡਾਉਣਾ ਚਾਹੁੰਦਾ ਸੀ, "ਜਿਸ ਦੀਆਂ ਯੋਜਨਾਵਾਂ ਨਾਲ ਹੁਣ ਉਸ ਦੀ ਕੋਈ ਹਮਦਰਦੀ ਨਹੀਂ ਸੀ।" ਜ਼ਾਹਰਾ ਤੌਰ 'ਤੇ ਉਸ ਨੇ ਬਾਕਾਇਦਾ ਤਨਖ਼ਾਹ ਦੀ ਉਮੀਦ ਨਾਲ ਹਕੂਮਤ-ਏ-ਹਿੰਦ ਨੂੰ ਮੁਖ਼ਬਰ ਵਜੋਂ ਆਪਣੀਆਂ ਸੇਵਾਵਾਂ ਪੇਸ਼ ਕੀਤੀਆਂ। ਉਸ ਨੇ ਤਾਂ *ਇਸਲਾਮਿਕ ਯੂਨਿਟੀ* ਨੂੰ ਉਨ੍ਹਾਂ ਦਾ "ਖ਼ੁਫ਼ੀਆ ਬੁਲਾਰਾ" ਬਣਾ ਦੇਣ ਦਾ ਵਾਅਦਾ ਕਰਦਿਆਂ ਇੱਥੋਂ ਤੱਕ ਪੇਸ਼ਕਸ਼ ਕੀਤੀ ਕਿ "ਜਦੋਂ ਤੱਕ ਇਹ ਅੰਗਰੇਜ਼ ਪੱਖੀ ਨਹੀਂ ਬਣ ਜਾਂਦਾ ਇਸ ਦੀ ਸੁਰ ਨੂੰ ਉਹ ਆਹਿਸਤਾ ਆਹਿਸਤਾ ਬਦਲਦਾ ਜਾਵੇਗਾ।"[140]

ਉਸ ਨੂੰ ਅਜਿਹਾ ਕਰਨ ਦਾ ਮੌਕਾ ਨਾ ਮਿਲਿਆ। ਜਦੋਂ ਬਾਅਦ ਵਿਚ ਉਨ੍ਹਾਂ ਵਲੋਂ ਸਾਨ ਫਰਾਂਸਿਸਕੋ ਵਿਚ ਗ਼ਦਰ ਨੂੰ ਬੇਅਸਰ ਬਣਾਉਣ ਲਈ ਅਮਰੀਕੀ ਅਥਾਰਟੀਜ਼ ਉਪਰ ਦਬਾਅ ਪਾਇਆ ਜਾਵੇ, ਓਦੋਂ ਅੰਗਰੇਜ਼ ਹਕੂਮਤ ਨੇ ਇਸ ਪਰੇਸ਼ਾਨੀ ਦਾ ਕਜੀਆ ਨਿਬੇੜਨ ਲਈ ਜਪਾਨੀ ਅਥਾਰਟੀਜ਼ ਉਪਰ ਵੱਧ ਤੋਂ ਵੱਧ ਦਬਾ ਪਾਇਆ। ਓੜਕ ਜਪਾਨੀ ਅਧਿਕਾਰੀ ਝੁਕ ਗਏ, 1914 'ਚ ਉਨ੍ਹਾਂ ਨੇ ਰਸਾਲੇ 'ਤੇ ਪਾਬੰਦੀ ਲਾ ਦਿੱਤੀ ਅਤੇ ਬਰਕਤਉੱਲਾ ਨੂੰ ਯੂਨੀਵਰਸਿਟੀ ਦੀ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ।[141] ਓਦੋਂ ਆ ਕੇ ਉਸ ਨੇ ਆਪਣੀ ਹੋਣੀ ਗ਼ਦਰ ਪਾਰਟੀ ਨਾਲ ਜੋੜ ਲਈ, ਜਿਸ ਦਾ ਅਖ਼ਬਾਰ ਉਹ ਟੋਕੀਓ ਵਿਚ ਪਹਿਲਾਂ ਹੀ ਮੰਗਵਾ ਰਿਹਾ ਸੀ। ਸੋਹਣ ਸਿੰਘ ਜੋਸ਼ ਨੇ ਲਿਖਿਆ ਕਿ ਉਹ "ਕੈਲੀਫੋਰਨੀਆ ਵਿਚ ਵਿਗਸ ਰਹੀ ਹਾਲਤ ਤੋਂ ਭਲੀਭਾਂਤ ਵਾਕਫ਼ ਸੀ।"[142] ਬਰਕਤਉੱਲਾ ਅਤੇ ਭਗਵਾਨ ਸਿੰਘ, ਦੋਵੇਂ ਹੀ "ਨਿਸ਼ਚੇ ਹੀ ਬਹੁਤ ਹੀ ਰਾਜ-ਧ੍ਰੋਹੀ ਸਨ .... ਬਦੇਸ਼ਾਂ ਵਿਚਲੇ ਆਮ ਇਨਕਲਾਬੀ ਪ੍ਰਚਾਰ ਅਤੇ ਖ਼ਾਸ ਕਰਕੇ ਅਮਰੀਕਾ ਤੇ ਕੈਨੇਡਾ ਦੇ 'ਗ਼ਦਰੀ' ਲੋਕਾਂ ਨਾਲ ਉਹ ਪੂਰੇ ਘਿਓ-ਖਿਚੜੀ ਸਨ"; 6 ਮਈ ਨੂੰ ਉਹ ਇਕੱਠੇ ਹੀ ਯੋਕੋਹਾਮਾ ਤੋਂ ਸਮੁੰਦਰੀ ਜਹਾਜ਼ ਚੜ੍ਹੇ, ਐਨ ਵਕਤ ਸਿਰ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਭਾਸ਼ਣ ਦੇਣ ਲਈ ਜਾ ਪਹੁੰਚੇ।"[143] ਛੇਤੀ ਹੀ ਉਤਰੀ ਅਮਰੀਕਾ ਪਹੁੰਚਕੇ ਉਹ ਪੋਰਟਲੈਂਡ ਵਿਚ ਹਿੰਦੁਸਤਾਨੀ ਇਨਕਲਾਬੀਆਂ ਦੇ ਇਕ ਅਵਾਮੀ ਇਕੱਠ ਵਿਚ ਜਾ ਹਾਜ਼ਰ ਹੋਏ। ਰਾਮਚੰਦਰ ਸਮੇਤ ਇਹ ਨਵੇਂ ਆਏ "ਤਿੰਨ ਵੱਡੇ ਆਗੂਆਂ" ਦਾ ਦੋ-ਤਿਹਾਈ ਹਿੱਸਾ ਬਣਦੇ ਸਨ, ਜੋ ਕੋਸਟ ਖੇਤਰ ਵਿਚ ਘੁੰਮਕੇ ਇਕੱਠਾਂ ਨੂੰ ਸੰਬੋਧਨ ਕਰ ਰਹੇ ਸਨ ਅਤੇ ਹਰਦਿਆਲ ਦੇ ਇਕਦਮ ਉੱਥੋਂ ਚਲੇ ਜਾਣ ਪਿੱਛੋਂ ਪੱਛਮੀ ਕੋਸਟ ਉਪਰ ਆਈ ਢਿੱਲ-ਮੱਠ ਨੂੰ ਸਰਗਰਮ ਕਰਨ 'ਚ ਹੱਥ ਵਟਾ ਰਹੇ ਸਨ। ਜਦੋਂ ਲੜਾਈ ਲੱਗ ਗਈ, ਬਰਕਤਉੱਲਾ ਬਰਲਿਨ ਕਮੇਟੀ ਸ਼ੁਰੂ ਕਰਨ ਵਿਚ ਹੱਥ ਵਟਾਉਣ ਲਈ ਮੁੜ ਜਰਮਨੀ ਆ ਗਿਆ।

ਹਰਦਿਆਲ ਵਲੋਂ ਉਸ ਨੂੰ ਲਿਖੀਆਂ ਦੋ ਚਿੱਠੀਆਂ ਖ਼ੁਫ਼ੀਆ ਮਹਿਕਮੇ ਲਈ ਡੂੰਘੀ ਦਿਲਚਸਪੀ ਵਾਲੀਆਂ ਸਨ। ਜਨਵਰੀ 1915 'ਚ ਜਨੇਵਾ ਤੋਂ ਜ਼ੂਰਿਖ ਭੇਜੀ ਪਹਿਲੀ ਚਿੱਠੀ ਵਿਚ ਹਰਦਿਆਲ ਨੇ ਲਿਖਿਆ: "ਮੇਰੇ ਸਤਿਕਾਰਤ ਅਤੇ ਆਦਰਯੋਗ ਮੌਲਵੀ ਸਾਹਿਬ, ਤੁਹਾਡਾ ਇਕਬਾਲ ਬੁਲੰਦ ਰਹੇ। ਬੰਦੇ ਮਾਤਰਮ ਅਤੇ ਸਲਾਮ ਕਬੂਲ ਕਰਨਾ।" ਫਿਰ ਉਸ ਨੇ ਇਸ ਬਾਬਤ ਬਰਕਤਉੱਲਾ ਦੀ ਰਾਇ ਮੰਗੀ ਕਿ ਕੀ ਉਨ੍ਹਾਂ ਨੂੰ ਕ੍ਰਿਸ਼ਨਵਰਮਾ ਨਾਲੋਂ ਨਾਤਾ ਤੋੜ ਲੈਣਾ ਚਾਹੀਦਾ ਹੈ, ਕਿਉਂਕਿ ਗ਼ਦਰ ਪਾਰਟੀ ਨੂੰ ਇਕਜੁੱਟ ਨੀਤੀ 'ਤੇ ਚੱਲਣਾ ਚਾਹੀਦਾ ਹੈ, ਅਤੇ ਅੱਗੇ ਉਸ ਨੂੰ ਅਮਰੀਕਾ ਵਿਚ ਅੰਗਰੇਜ਼ੀ ਦੇ ਤਜਵੀਜ਼ਤ ਰਸਾਲੇ ਲਈ ਲੇਖ ਲਿਖਣ (ਚਾਹੇ ਅਸਲ ਨਾਂ 'ਤੇ ਲਿਖੇ ਹੋਣ ਜਾਂ ਹੋਰ ਕਿਸੇ ਨਾਂ 'ਤੇ) ਦਾ ਸੱਦਾ ਦਿੱਤਾ। ਦੂਜੀ ਚਿੱਠੀ ਹਮਬਰਗ ਤੋਂ ਬਰਲਿਨ ਨੂੰ ਭੇਜੀ

ਗਈ ਸੀ। ਇਸ ਚਿੱਠੀ ਵਿਚ, ਹਰਦਿਆਲ ਨੇ ਸਮੁੰਦਰੀ ਜਹਾਜ਼ਾਂ ਦੀ ਇਕ ਕੰਪਨੀ ਦੇ 250 ਮੁਸਲਿਮ ਮੁਲਾਜ਼ਮਾਂ ਬਾਰੇ ਦੱਸਿਆ ਸੀ, ਉਸ ਨੂੰ ਲੱਗਦਾ ਸੀ ਜਿਨ੍ਹਾਂ ਉਪਰ ਬਰਕਤਉੱਲਾ ਦਾ ਪ੍ਰਭਾਵ ਬਹੁਤ ਫ਼ਾਇਦੇਮੰਦ ਹੋਵੇਗਾ:[144]

"ਤੁਹਾਡਾ ਇਥੇ ਆਉਣਾ ਜ਼ਰੂਰੀ ਹੈ, ਕਿਉਂਕਿ ਇਸ ਦਾ ਉਨ੍ਹਾਂ ਉਪਰ ਚੰਗਾ ਪ੍ਰਭਾਵ ਪਵੇਗਾ। ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਟੁੰਬਕੇ ਉਨ੍ਹਾਂ ਵਿੱਚੋਂ ਕਈਆਂ ਨੂੰ ਵਧੀਆ ਕੰਮ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ। ਕ੍ਰਿਪਾ ਕਰਕੇ ਤੁਰੰਤ ਕੁਝ ਦਿਨ ਲਈ ਆ ਜਾਵੋ।.... ਬੰਗਾਲੀ ਵਿਚ ਤਾਰਕ ਦੀਆਂ ਤਕਰੀਰਾਂ ਦਾ ਚੰਗਾ ਪ੍ਰਭਾਵ ਪਿਆ ਹੈ। ਕ੍ਰਿਪਾ ਕਰਕੇ ਹਿੰਦੁਸਤਾਨੀ ਕਮੇਟੀ ਵਲੋਂ ਸ਼ਨੀਵਾਰ ਨੂੰ ਪ੍ਰੋਫੈਸਰ ਔਟੋ ਨੂੰ ਚਾਹ ਦਾ ਸੱਦਾ ਦੇਣਾ। ਸ਼ੁੱਭ ਇਛਾਵਾਂ ਸਹਿਤ। ਤੁਹਾਡਾ ਸੇਵਕ, ਹਰਦਿਆਲ।"

ਕਾਬੁਲ ਲਈ ਫੌਨ ਹੈਂਟਿੰਗ ਮਿਸ਼ਨ ਵਿਚ ਸ਼ਾਮਲ ਹੋਣ ਅਤੇ ਆਰਜ਼ੀ ਹਕੂਮਤ-ਏ-ਹਿੰਦ ਦਾ ਮੁਖੀ ਬਣਨ ਤੋਂ ਪਹਿਲਾਂ, ਬਰਕਤਉੱਲਾ ਦਾ ਅਗਲਾ ਪੜਾਅ ਇਸਤਾਂਬੁਲ ਵਿਚ ਮਿਸਰ ਤੇ ਮੈਸੋਪੋਟਾਮੀਆ ਦੇ ਪ੍ਰਚਾਰ ਮਿਸ਼ਨਾਂ ਦੇ ਤਾਲਮੇਲ ਕਰਾਉਣ ਵਿਚ ਸਹਾਇਤਾ ਕਰਨਾ ਸੀ। ਇਥੇ ਉਹ ਜੰਗ ਦਾ ਸਾਰਾ ਵਕਤ ਠਹਿਰਿਆ। ਫਿਰ ਮਈ 1919 'ਚ ਇਹ ਅਣਥੱਕ ਮੁਸਾਫ਼ਰ ਅਮਾਨਉੱਲਾ ਦੇ "ਖ਼ਾਸ ਸਫ਼ੀਰ" ਵਜੋਂ ਅਫ਼ਗਾਨ-ਸੋਵੀਅਤ ਸਬੰਧਾਂ ਨੂੰ ਰਸਮੀ ਰੂਪ ਦੇਣ ਦੇ ਯਤਨ ਜੁਟਾਉਣ ਹਿੱਤ ਮਾਸਕੋ ਚਲਾ ਗਿਆ।[145] ਇਕ ਆਹਮਣੇ-ਸਾਹਮਣੀ ਮਿਲਣੀ ਵਿਚ ਬਰਕਤਉੱਲਾ, ਪ੍ਰਤਾਪ ਐਂਡ ਕੰਪਨੀ ਨੇ ਲੈਨਿਨ ਨਾਲ ਬਰਤਾਨੀਆ ਦੇ ਸਾਏ ਹੇਠਲੇ ਅਫ਼ਗਾਨਿਸਤਾਨ ਨੂੰ ਮਦਦ ਦੇਣ ਦੀ ਸੰਭਾਵਨਾ ਸਮੇਤ ਖੇਤਰੀ ਹਾਲਾਤ ਬਾਰੇ ਚਰਚਾ ਕੀਤੀ। ਜੋਸ਼ ਦਾਅਵੇ ਨਾਲ ਕਹਿੰਦਾ ਹੈ ਕਿ ਲੈਨਿਨ ਮੱਧ-ਪੂਰਬੀ ਸਿਆਸਤ ਬਾਰੇ ਭੋਪਾਲੀ ਦੇ ਡੂੰਘੇ ਗਿਆਨ ਦੀ ਤਾਰੀਫ਼ ਕਰਦਿਆਂ ਬਰਕਤਉੱਲਾ ਤੋਂ ਬਹੁਤ ਪ੍ਰਭਾਵਿਤ ਹੋਇਆ (ਹਾਲਾਂਕਿ ਪ੍ਰਤਾਪ ਤੋਂ ਨਹੀਂ) ਉਸ ਨੇ ਸੋਵੀਅਤ ਬਦੇਸ਼ ਮੰਤਰੀ ਚਿਚੇਰਿਨ ਨੂੰ ਇਹ ਯਕੀਨੀ ਬਣਾਉਣ ਲਈ ਚਿੱਠੀ ਲਿਖੀ ਕਿ ਇਸ ਹਿੰਦੁਸਤਾਨੀ ਦਾ ਉਸ ਭਾਈਚਾਰੇ ਦੀ ਬਾਲਸ਼ਵਾਦ ਨਾਲ ਸਾਂਝ ਬਾਰੇ ਲਿਖਿਆ ਫਾਰਸੀ ਪੈਂਫਲੈੱਟ "ਮੁਸਲਮਾਨ ਭਰਾਵਾਂ ਨੂੰ ਅਪੀਲ" ਛਪਵਾਇਆ ਜਾਵੇ।[146] ਬਰਕਤਉੱਲਾ ਵੀ ਲੈਨਿਨ ਤੋਂ ਇਵੇਂ ਹੀ ਪ੍ਰਭਾਵਿਤ ਹੋਇਆ। ਉਸ ਨੇ ਟਿੱਪਣੀ ਕੀਤੀ ਕਿ "ਉਹ ਮਨੁੱਖਤਾ ਦੀਆਂ ਇਨ੍ਹਾਂ ਅਗਾਂਹਵਧੂ ਤਾਕਤਾਂ ਦਾ ਸਾਖਿਆਤ ਰੂਪ ਸੀ, ਜੋ ਆਪਣੀ ਅਹਿਮੀਅਤ ਦਰਸਾਉਣਾ ਲੋਚ ਰਹੀਆਂ ਹਨ।" ਬਰਕਤਉੱਲਾ ਨੇ ਦਾਅਵੇ ਨਾਲ ਕਿਹਾ, "ਲੈਨਿਨ ਦਾ ਨਾਂ ਸਾਡੇ ਪੂਰੇ ਯੁੱਗ 'ਤੇ ਉਕਰਿਆ ਜਾਵੇਗਾ।"[147] ਇਸ ਮਿਲਣੀ ਤੋਂ ਪਿੱਛੋਂ, ਉਸ ਨੇ ਨਵੇਂ ਨਿਜ਼ਾਮ ਦੀ ਹਮਾਇਤ ਵਿਚ ਤਕਰੀਰਾਂ ਕਰਦੇ ਹੋਏ ਪੂਰਬੀ ਸੋਵੀਅਤ ਖੇਤਰਾਂ ਦੇ ਕਈ ਦੌਰੇ ਕੀਤੇ। ਉਹ ਤਾਂ ਪਹਿਲਾਂ ਹੀ ਸ਼ਰੇਆਮ ਸਾਮਰਾਜਵਾਦ ਵਿਰੋਧੀ ਸੀ, ਹੁਣ ਉਸ ਨੇ ਸੋਵੀਅਤ ਯੂਨੀਅਨ ਦੇ ਹਮਾਇਤੀ ਅਤੇ ਰੂਸੀ ਇਨਕਲਾਬ ਵਲੋਂ ਕਾਨੂੰਨੀ ਰੂਪ 'ਚ ਬਖ਼ਸ਼ੇ ਬਰਾਬਰੀ ਦੇ ਅਸੂਲਾਂ ਦੇ ਪ੍ਰਸ਼ੰਸਕ ਵਜੋਂ ਨਾਮਣਾ ਖੱਟਿਆ। ਜੋ ਉਸ ਦੀਆਂ ਨਜ਼ਰਾਂ 'ਚ ਏਸ਼ੀਆ ਦੀਆਂ ਹੋਰ ਮੁਕਤੀ ਲਹਿਰਾਂ ਨੂੰ ਯੋਗ ਬਣਾਉਣ ਦੀ ਦਿਸ਼ਾ 'ਚ ਹੁਣ ਤੱਕ ਉਠਾਏ ਬਿਹਤਰੀਨ ਠੋਸ ਕਦਮ ਸਨ।[148]

ਲਗਭਗ ਇਸੇ ਵਕਤ, ਅਜਿਹੇ ਪੈਗ਼ਾਮਾਂ ਦੀ ਲੜੀ ਦੇ ਹਿੱਸੇ ਵਜੋਂ ਵਾਇਸਰਾਏ ਨੇ "ਅਫ਼ਗਾਨ-ਬਾਲਸ਼ਵਿਕ ਸਬੰਧ ਵੱਲ ਇਸ਼ਾਰਾ ਕਰਦਿਆਂ" ਬਦੇਸ਼ ਮਹਿਕਮੇ ਨੂੰ ਇਕ ਤਾਰ ਭੇਜੀ। ਇਸ ਤਾਰ ਸੰਦੇਸ਼ ਨੇ ਜਾਣਕਾਰੀ ਦਿੱਤੀ ਕਿ ਪੂਰਬੀ ਪ੍ਰਚਾਰ ਕੇਂਦਰ ਤਾਸ਼ਕੰਦ ਤੋਂ ਚਲਾਇਆ ਜਾ ਰਿਹਾ ਸੀ, ਅਤੇ ਕਿ ਇਸ ਵਿਚ ਬਰਕਤਉੱਲਾ ਸ਼ਾਮਲ ਸੀ। ਇਸ ਨੇ ਇਹ ਸੰਦੇਸ਼ ਅੱਗੇ ਭੇਜਿਆ: "ਬਰਾਵਿਨ.....ਪੁੱਛਦਾ ਹੈ ਬਰਕਤਉੱਲਾ ਨੂੰ ਚੇਤੇ ਕਰਾਇਆ ਜਾਵੇ ਕਿ ਉਸ ਨੇ

'ਕੁਰਾਨ ਵਿਚ ਬਾਲਸ਼ਵਾਦ' ਬਾਰੇ ਇਥੇ ਇਕ ਪੈਂਫਲੈੱਟ ਲਿਖਣ ਦਾ ਵਾਇਦਾ ਕੀਤਾ ਸੀ; ਕਿ ਉਸ ਦਾ ਕੰਮ ਛੇਤੀ ਨਿਬੇੜਿਆ ਜਾਵੇ ਅਤੇ ਫਾਰਸੀ ਤੇ ਹਿੰਦੁਸਤਾਨੀ ਵਿਚ ਇਕ ਲੱਖ ਕਾਪੀਆਂ ਛਪਵਾਕੇ ਉਚੇਚੇ ਹਰਕਾਰੇ ਰਾਹੀਂ ਲਾਜ਼ਮੀ ਭੇਜੀਆ ਜਾਣ।"[149]

ਫਿਰ ਵੀ ਬਰਕਤਉੱਲਾ ਨੇ ਕਮਿਊਨਿਸਟਾਂ ਤੋਂ ਆਪਣੀ ਵਿਚਾਰਧਾਰਾ ਦੀ ਵੱਖਰੀ ਪਛਾਣ ਬਣਾਈ ਰੱਖੀ। ਅੰਸਾਰੀ ਦਾ ਵਿਸ਼ਵਾਸ ਹੈ ਕਿ "ਉਸ ਦੇ ਕਦੇ ਵੀ ਬਾਲਸ਼ਵਿਕ ਹੋਣ ਦਾ ਦਾਅਵਾ ਨਾ ਕੀਤੇ ਜਾਣ" ਦੀ ਵਜ੍ਹਾ "ਸ਼ਾਇਦ ਇਹ ਸੀ ਕਿ ਉਹ ਇਸਲਾਮ ਨਾਲ ਮਨੋਵਿਗਿਆਨਕ ਲਗਾਓ ਤੋਂ ਮੁਕਤ ਨਹੀਂ ਹੋ ਸਕਿਆ।" ਅਜਿਹਾ ਅੰਸਾਰੀ ਇਹ ਨੋਟ ਕਰਦੇ ਹੋਏ ਕਹਿੰਦਾ ਹੈ, "ਜ਼ਿਆਦਾਤਰ ਸੰਸਾਰਕ ਮਾਮਲਿਆਂ ਬਾਰੇ ਉਸ ਦੇ ਖ਼ਿਆਲਾਤ ਤਕਰੀਬਨ ਬਾਲਸ਼ਵਿਕਾਂ ਵਾਲੇ ਹੀ ਸਨ।" ਪਰ ਮੈਨੂੰ ਹੈਰਾਨੀ ਹੈ ਜੇ ਸ਼ਾਇਦ ਬਰਕਤਉੱਲਾ ਨੇ ਬਾਲਸ਼ਵਾਦ ਦੀ ਪਛਾਣ ਅਪਨਾਉਣ ਦੀ ਲੋੜ ਮਹਿਸੂਸ ਨਹੀਂ ਕੀਤੀ ਕਿਉਂਕਿ ਉਸ ਦੇ ਅਨੁਸਾਰ ਇਸ ਦਾ ਜੋ ਕੁਲ ਅਹਿਮ ਮੂਲ ਤੱਤ ਸੀ ਉਹ ਤਾਂ ਇਸਲਾਮ ਦੇ ਪ੍ਰਵਚਨ ਅੰਦਰ ਪਹਿਲਾਂ ਹੀ ਮੌਜੂਦ ਸੀ ਜਿਵੇਂ ਉਸ ਨੇ ਇਸ ਦੀ ਵਿਆਖਿਆ ਕੀਤੀ ਸੀ।[150] ਕੁਝ ਵੀ ਹੋਵੇ, ਬਰਕਤਉੱਲਾ ਨੇ *ਪ੍ਰਾਵਦਾ* ਦੇ ਇਕ ਪੱਤਰਕਾਰ ਨਾਲ ਗੱਲਬਾਤ ਵਿਚ ਜ਼ੋਰ ਦਿੰਦਿਆਂ ਸਮਾਂਤਰ ਪਛਾਣ ਦੀਆਂ ਸੀਮਤਾਈਆਂ ਬਣਾਈ ਰੱਖੀਆਂ: "ਮੈਂ ਕਮਿਊਨਿਸਟ ਨਹੀਂ ਹਾਂ ਨਾ ਹੀ ਸੋਸ਼ਲਿਸਟ ਹਾਂ, ਪਰ ਇਸ ਵਕਤ ਮੇਰਾ ਪ੍ਰੋਗਰਾਮ ਅੰਗਰੇਜ਼ ਨੂੰ ਏਸ਼ੀਆ ਵਿੱਚੋਂ ਕੱਢਣਾ ਹੈ।"[151] ਕਮਿਤਰਨ ਦੇ ਪੂਰਬ ਦੇ ਦੱਬੇ-ਕੁਚਲੇ ਲੋਕਾਂ ਨਾਲ ਦਾਅਪੇਚਕ ਸਰੋਕਾਰ ਵਿੱਚੋਂ ਸਰਬ-ਏਸ਼ੀਆਈ ਭਾਵਨਾ ਦਾ ਅਕਸ ਨਜ਼ਰ ਆਉਂਦਾ ਸੀ। ਉਸ ਨੇ ਅੱਗੇ ਕਿਹਾ: "ਮੈਂ ਏਸ਼ੀਆ ਵਿਚ ਯੂਰਪੀ ਸਰਮਾਏਦਾਰੀ ਦਾ ਕੱਟੜ ਵੈਰੀ ਹਾਂ ਜਿਸ ਦੇ ਮੁੱਖ ਨੁਮਾਇੰਦੇ ਅੰਗਰੇਜ਼ ਹਨ। ਇਸ ਨੁਕਤੇ ਉਪਰ ਮੈਂ ਕਮਿਊਨਿਸਟਾਂ ਨਾਲ ਇਕਮੱਤ ਹਾਂ, ਅਤੇ ਇਸ ਲਿਹਾਜ਼ ਨਾਲ ਅਸੀਂ ਤੁਹਾਡੇ ਕੁਦਰਤੀ ਸੰਗੀ ਹਾਂ।"[152] ਦੂਜੇ ਲਫ਼ਜ਼ਾਂ 'ਚ, ਮੀਰ-ਸੈਦ ਸੁਲਤਾਨ ਗਾਲੀਵ ਦੀ ਤਰ੍ਹਾਂ, ਜਿਸ ਨੇ ਇਨਕਲਾਬੀ ਕੌਂਸਲ ਦੀ ਤਰਫ਼ੋਂ ਮਾਸਕੋ ਨੂੰ ਅਫ਼ਗਾਨ ਮਿਸ਼ਨ ਭੇਜਣ ਦਾ ਸਵਾਗਤ ਕੀਤਾ ਸੀ, ਉਸ ਨੇ ਸਰਮਾਏਦਾਰੀ ਅਤੇ ਬਸਤੀਵਾਦ ਦੀਆਂ ਮੂਲ ਅਤੇ ਸਹਾਇਕ ਵਿਰੋਧਤਾਈਆਂ ਉਲਟਾ ਦਿੱਤੀਆਂ ਸਨ।[153] ਉਸ ਨੇ ਅੱਗੇ ਕਿਹਾ:

"ਮੈਂ ਤਾਂ ਇਕ ਚੀਜ਼ ਜਾਣਦਾ ਹਾਂ, ਕਿ ਰੂਸ ਦੀ ਸੋਵੀਅਤ ਹਕੂਮਤ ਵਲੋਂ ਸਾਰੇ ਲੋਕਾਂ ਨੂੰ ਸਰਮਾਏਦਾਰਾਂ ਵਿਰੁੱਧ (ਅਤੇ ਸਾਡੇ ਲਈ, *ਸਰਮਾਏਦਾਰ, ਬਦੇਸ਼ੀ, ਵੱਧ ਸਹੀ ਕਹਿਣਾ ਹੋਵੇ ਤਾਂ ਅੰਗਰੇਜ਼ ਦੇ ਸਮਾਨਅਰਥੀ ਹੈ*) ਸੰਘਰਸ਼ ਦਾ ਹੋਕਾ ਦਿੰਦਿਆਂ ਸਾਮਰਾਜਵਾਦੀ ਹਕੂਮਤ ਵਲੋਂ ਥੋਪੇ ਕੁਲ ਗੁਪਤ ਸਮਝੌਤੇ ਰੂਸ ਵਲੋਂ ਰੱਦ ਕੀਤੇ ਜਾਣ ਅਤੇ ਲੋਕਾਂ ਲਈ ਸਵੈ-ਨਿਰਣੇ ਦੇ ਹੱਕ, ਚਾਹੇ ਉਹ ਕਿੰਨੇ ਵੀ ਥੋੜ੍ਹੇ ਕਿਉਂ ਨਾ ਹੋਣ, ਦਾ ਐਲਾਨ ਕੀਤੇ ਜਾਣ ਦਾ ਹੋਰ ਵੀ ਵੱਡਾ ਪ੍ਰਭਾਵ ਪਿਆ।"[154]

ਜਦਕਿ ਉਸ ਨੇ ਆਪਣੇ ਹਮ-ਮਜ਼੍ਹਬੀ ਭਰਾਵਾਂ ਨੂੰ ਇਹ ਸਿਫ਼ਾਰਸ਼ ਨਹੀਂ ਕੀਤੀ ਕਿ ਉਨ੍ਹਾਂ ਨੂੰ ਇਸਲਾਮ ਛੱਡਕੇ ਕਮਿਊਨਿਜ਼ਮ ਅਪਣਾ ਲੈਣਾ ਚਾਹੀਦਾ ਹੈ (ਜਿਵੇਂ *ਮੁਹਾਜਿਰੀਨ* ਨੇ ਕੀਤਾ ਸੀ), ਸਗੋਂ ਉਸ ਦਾ ਮੱਤ ਸੀ ਕਿ ਅਸਲ ਵਿਚ ਉਨ੍ਹਾਂ ਨੂੰ ਕਮਿਊਨਿਸਟਾਂ ਨੂੰ ਆਪਣੇ ਸਭ ਤੋਂ ਵੱਡੇ ਮਿੱਤਰ ਤੇ ਸੰਗੀ ਸਮਝਣਾ ਚਾਹੀਦਾ ਹੈ ਅਤੇ ਇਹ ਹਲਫ਼ ਲੈਣਾ ਚਾਹੀਦਾ ਹੈ ਕਿ ਉਹ ਇਨਕਲਾਬ ਦੀ ਹਮਾਇਤ ਤੇ ਉਲਟ-ਇਨਕਲਾਬੀ ਤਾਕਤਾਂ ਨੂੰ ਰੋਕਣ ਲਈ ਹਰ ਯਤਨ ਕਰਦਿਆਂ ਦੁਵੱਲੀ ਸਾਂਝ ਦਾ ਹੱਥ ਵਧਾਉਣਗੇ। ਉਸ ਨੇ ਜ਼ੋਰ ਦਿੱਤਾ, ਇਸ ਦੇ ਵਿਚ ਹੀ ਉਨ੍ਹਾਂ ਲਈ ਪੱਛਮੀ ਸਾਮਰਾਜਵਾਦੀ ਰਾਜ ਅਤੇ ਸਰਮਾਏਦਾਰੀ ਜੋ ਇਸ ਦੇ ਗ਼ਲਬੇ ਅਤੇ ਲੁੱਟਖਸੁੱਟ ਦਾ ਪ੍ਰਮੁੱਖ ਤੌਰ-ਤਰੀਕਾ ਸੀ, ਤੋਂ ਆਜ਼ਾਦੀ ਦਾ ਸਭ ਤੋਂ ਵੱਡਾ ਮੌਕਾ ਸਮੋਇਆ ਹੋਇਆ ਹੈ।

*ਬਾਲਸ਼ਵਾਦ ਅਤੇ ਇਸਲਾਮੀ ਸੰਸਥਾ ਸਿਆਸਤ* ਨਾਂ ਦੇ ਪਰਚੇ, ਜਿਸ ਬਾਰੇ ਸਮਝਿਆ ਜਾਂਦਾ ਹੈ ਕਿ ਇਹ ਅਫ਼ਗਾਨਿਸਤਾਨ ਤੋਂ ਰੂਸ ਨੂੰ ਜਾਂਦਿਆਂ ਲਿਖਿਆ ਗਿਆ, ਮਾਰਚ 1919 'ਚ ਤਾਸ਼ਕੰਦ 'ਚ ਪੂਰਾ ਕੀਤਾ ਗਿਆ ਅਤੇ ਆਖ਼ਿਰ ਪੂਰੇ ਹਿੰਦੁਸਤਾਨ ਤੇ ਕੇਂਦਰੀ ਏਸ਼ੀਆ ਵਿਚ ਕਈ ਜ਼ਬਾਨਾਂ ਵਿਚ ਵੰਡਿਆ ਗਿਆ,[155] ਵਿਚ ਬਰਕਤਉੱਲਾ ਨੇ "ਇਨ੍ਹਾਂ ਦੋ ਉਲਟ ਸੁਭਾਅ ਵਾਲੇ ਮੱਤਾਂ ਦੇ ਮੇਲ ਨੂੰ ਜਾਇਜ਼ ਠਹਿਰਾਉਣ ਦਾ ਯਤਨ ਕੀਤਾ।"[156] ਇਸ ਦਾ ਆਗਾਜ਼ ਉਸ ਨੇ ਉਤਸ਼ਾਹ ਨਾਲ ਦੁਨੀਆ ਦੀ ਤਹਿਜ਼ੀਬ ਦੇ ਇਤਿਹਾਸ, ਕਿਰਤ ਦੀ ਵੰਡ, ਕਾਨੂੰਨ ਅਤੇ ਹਕੂਮਤ ਦੇ ਵਿਕਾਸ; ਨਾਬਰਾਬਰੀ ਦਾ ਮੁੱਢ ਬੱਝਣ; ਜੰਗ, ਨਿਰੰਕੁਸ਼ਵਾਦ ਅਤੇ ਸਾਮਰਾਜਵਾਦ ਦੇ ਜਨਮ; ਨਾਲ ਹੀ ਬਾਦਸ਼ਾਹਾਂ ਦੀ ਥਾਂ ਚੁਣੇ ਹੋਏ ਨੁਮਾਇੰਦਿਆਂ ਦੀ ਹਕੂਮਤ, ਸੰਵਿਧਾਨਵਾਦ ਅਤੇ ਜਮਹੂਰੀਅਤ ਵਲੋਂ ਲਏ ਜਾਣ ਨੂੰ ਤਰੱਕੀ ਦੀ ਦਿਸ਼ਾ ਵਿਚ ਪੁੱਟੇ ਕਦਮਾਂ ਦਾ ਖ਼ਾਕਾ ਪੇਸ਼ ਕਰਕੇ ਕੀਤੀ। ਉਸ ਨੇ ਬਰਾਬਰੀ ਅਤੇ ਸਰਕਾਰੀ, ਸਾਂਝੀ ਜਾਇਦਾਦ ਵਿਚ ਮੌਜੂਦ ਵਿਅਕਤੀਗਤ ਸੰਭਾਵਨਾ ਦੇ ਵਿਕਾਸ ਲਈ ਅਹਿਮ ਸਿਧਾਂਤ ਦੀ ਨਿਸ਼ਾਨਦੇਹੀ ਵੀ ਕੀਤੀ – ਜਿਸ ਦੀ ਮਿਸਾਲ ਉਸ ਨੇ ਯਹੂਦੀ, ਈਸਾਈ, ਅਤੇ ਮੁਸਲਿਮ ਧਰਮ ਗ੍ਰੰਥ ਅਤੇ ਰਵਾਇਤ, ਨਾਲ ਹੀ ਮਾਰਕਸਵਾਦ ਵਿਚ ਲੱਭੀ। ਉਸ ਨੇ ਗ਼ਲਤੀਆਂ, ਦੁਰਵਰਤੋਂ ਅਤੇ ਨਿਰੰਕੁਸ਼ਵਾਦਾਂ ਕਾਰਨ ਮੁਸਲਿਮ ਰਿਆਸਤਾਂ ਦੇ ਪਤਨ ਬਾਰੇ ਵੀ ਰੁਦਨ ਕੀਤਾ। ਪਰ ਹੁਣ, ਉਸ ਨੇ ਕਿਹਾ:

"ਮਾਯੂਸ ਹੋਣ ਵਾਲੀ ਕੋਈ ਗੱਲ ਨਹੀਂ ...ਰੂਸ ਤੇ ਤੁਰਕਸਤਾਨ ਦੇ ਵਿਆਪਕ ਖੇਤਰਾਂ ਦਾ ਪ੍ਰਸ਼ਾਸਨ ਮਜ਼ਦੂਰਾਂ, ਵਾਹੀਕਾਰਾਂ ਅਤੇ ਸਿਪਾਹੀਆਂ ਦੇ ਹੱਥ ਦੇ ਦਿੱਤਾ ਗਿਆ ਹੈ। ਨਸਲ, ਮਜ਼ਬ ਅਤੇ ਜਮਾਤ ਦਾ ਵਖਰੇਵਾਂ ਅਲੋਪ ਹੋ ਗਿਆ ਹੈ। ਕੌਮ ਦੇ ਸਾਰੇ ਵਰਗਾਂ ਨੂੰ ਜ਼ਿੰਦਗੀ ਅਤੇ ਆਜ਼ਾਦੀ ਦੇ ਬਰਾਬਰ ਹੱਕ ਦਿੱਤੇ ਹਨ। ਪਰ ਇਸ ਖ਼ਾਲਸ ਤੇ ਨਿਆਰੇ ਗਣਰਾਜ ਦਾ ਵੈਰੀ ਅੰਗਰੇਜ਼ ਸਾਮਰਾਜਵਾਦ ਹੈ ਜੋ ਏਸ਼ੀਆਈ ਕੌਮਾਂ ਨੂੰ ਸਦੀਵੀ ਗ਼ੁਲਾਮੀ ਦੀ ਹਾਲਤ ਵਿਚ ਰੱਖਣ ਦੀ ਉਮੀਦ ਰੱਖਦਾ ਹੈ।"

ਲਿਹਾਜ਼ਾ ਉਸ ਨੇ ਜ਼ੋਰ ਦਿੱਤਾ,

"ਹੁਣ ਵਕਤ ਆ ਗਿਆ ਹੈ ਕਿ ਦੁਨੀਆ ਦੇ ਅਤੇ ਏਸ਼ੀਆਈ ਕੌਮਾਂ ਦੇ ਮੁਸਲਮਾਨ ਰੂਸੀ ਸਮਾਜਵਾਦ ਦੇ ਉਤਮ ਸਿਧਾਂਤਾਂ ਨੂੰ ਸਮਝਣ ਅਤੇ ਇਨ੍ਹਾਂ ਨੂੰ ਗੰਭੀਰਤਾ ਨਾਲ ਤੇ ਉਤਸ਼ਾਹ ਨਾਲ ਅਪਨਾਉਣ। ਉਨ੍ਹਾਂ ਨੂੰ ਨਵੇਂ ਪ੍ਰਬੰਧ ਵਲੋਂ ਸਿਖਾਈਆਂ ਬੁਨਿਆਦੀ ਚੰਗਿਆਈਆਂ ਦੀ ਥਾਹ ਪਾਉਣੀ ਚਾਹੀਦੀ ਹੈ ਤੇ ਇਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਸੱਚੀ ਆਜ਼ਾਦੀ ਦੀ ਰਾਖੀ ਲਈ ਨਾਜਾਇਜ਼ ਕਬਜ਼ੇ ਕਰਨ ਵਾਲਿਆਂ ਤੇ ਨਿਰੰਕੁਸ਼ ਅੰਗਰੇਜ਼ਾਂ ਦੇ ਹਮਲਿਆਂ ਨੂੰ ਪਛਾੜਦੇ ਹੋਏ ਬਾਲਸ਼ਵਿਕ ਫ਼ੌਜਾਂ ਵਿਚ ਸ਼ਾਮਲ ਹੋ ਜਾਣਾ ਚਾਹੀਦਾ ਹੈ।"

ਉਸ ਨੇ ਇਹ ਸੁਝਾਅ ਵੀ ਦਿੱਤਾ ਕਿ ਉਨ੍ਹਾਂ ਨੂੰ ਆਧੁਨਿਕ ਵਿਗਿਆਨ ਅਤੇ ਤਕਨਾਲੋਜੀ ਸਿੱਖਣ ਲਈ ਆਪਣੇ ਬੱਚੇ ਰੂਸੀ ਸਕੂਲਾਂ ਵਿਚ ਭੇਜਣੇ ਚਾਹੀਦੇ ਹਨ। ਫਿਰ ਉਸ ਨੇ ਸਮਝੌਤੇ ਰੱਦ ਕਰਨ, ਕਰਜ਼ੇ ਮਨਸੂਖ਼ ਕਰਨ, ਫ਼ੌਜਾਂ ਵਾਪਸ ਬੁਲਾਉਣ, ਅਤੇ ਪੂਰਬ ਦੇ ਸਵੈ-ਨਿਰਣੇ ਤੇ ਤੁਰਕੀ ਦੀ ਅਖੰਡਤਾ ਦੀ ਹਮਾਇਤ ਕਰਨ ਦਾ ਐਲਾਨ ਕੀਤਾ, ਜੋ ਸਾਰੇ "ਪੂਰਬ ਦੇ ਮੁਸਲਮਾਨਾਂ" ਲਈ ਬਾਲਸ਼ਵਿਕਾਂ ਦੇ 1917 ਦੇ ਪੈਗ਼ਾਮ ਵਿਚ ਐਲਾਨੇ ਗਏ ਸਨ। ਫਿਰ ਉਸ ਨੇ ਇਸ ਹੋਕੇ ਨਾਲ ਆਪਣੀ ਗੱਲ ਮੁਕਾਈ:

"ਸਾਥੀਓ ਤੇ ਭਰਾਵੋ, ਅਸੀਂ ਤੁਹਾਨੂੰ ਦੱਸ ਦੇਈਏ, ਅਸੀਂ ਸਨਮਾਨਜਨਕ ਅਮਨ ਹਾਸਲ ਕਰਨ ਦੀ ਠਾਣ ਰੱਖੀ ਹੈ, ਅਸੀਂ ਆਪਣੇ ਬੈਨਰ ਉਪਰ ਦੁਨੀਆ ਦੀਆਂ ਦੱਬੀਆਂ-ਕੁਚਲੀਆਂ ਕੌਮਾਂ ਨੂੰ ਮੁਕਤੀ ਤੇ ਨਿਆਂ ਦੇਣ ਦਾ ਆਪਣਾ ਇਰਾਦਾ ਉਕਰਿਆ ਹੋਇਆ ਹੈ। ਐ ਪੂਰਬੀ

ਮੁਲਕਾਂ ਦੇ ਮੁਸਲਮਾਨੋ, ਅਸੀਂ ਤੁਹਾਡੇ ਸਾਰਿਆਂ ਤੋਂ ਇਸ ਨੇਕ ਰਾਹ ਉਪਰ ਸੰਜੀਦਾ ਹੋ ਕੇ ਚੱਲਣ ਅਤੇ ਸਾਡੇ ਮਨੋਰਥ ਨੂੰ ਨੇਪਰੇ ਚਾੜ੍ਹਨ ਲਈ ਸਰਗਰਮ ਮਦਦ ਦੇਣ ਦੀ ਉਮੀਦ ਰੱਖਦੇ ਹਾਂ।[157]

ਅੰਗਰੇਜ਼ ਹਕੂਮਤ ਦੀ ਮਿਸਲ ਵਿਚ ਨੱਥੀ ਪਰਚੇ ਦੀ ਕਾਪੀ ਉਪਰ ਲਿਖੀ ਟਿੱਪਣੀ ਇਸ ਤਰ੍ਹਾਂ ਹੈ: "ਇਹ ਮੁਸਲਮਾਨ ਗ਼ਰੀਬਾਂ ਅਤੇ ਦਰਮਿਆਨੇ ਵਰਗਾਂ ਨੂੰ ਇਕਦਮ ਧੂਹ ਪਾਉਂਦਾ ਹੈ, ਜਿਸ ਤਰ੍ਹਾਂ ਦੇ ਲੋਕਾਂ ਨੂੰ ਬਰਕਤਉੱਲਾ ਤੇ ਉਸ ਦੇ ਬਾਲਸ਼ਵਿਕ ਸਲਾਹਕਾਰ ਆਪਣੇ ਜਾਲ ਵਿਚ ਫਾਹੁਣਾ ਚਾਹੁੰਦੇ ਹਨ।"[158]

ਇਕ ਵਾਰ ਫਿਰ, ਇਸ ਪੜਾਅ 'ਤੇ ਬਰਕਤਉੱਲਾ ਨੇ ਜੋ ਸ਼ਰੇਆਮ ਕਬੂਲਿਆ, ਉਹ ਐਨ ਸੁਲਤਾਨ ਗੈਲੀਵ ਦੇ "ਮੁਸਲਿਮ ਕੌਮੀ ਕਮਿਊਨਿਜ਼ਮ" ਦੇ ਖ਼ਿਆਲ ਨਾਲ ਮਿਲਦਾ-ਜੁਲਦਾ ਹੈ ਜਿਸ ਨੇ ਮੰਨਿਆ ਕਿ ਅਸਲ ਵਿਚ ਏਸ਼ੀਆਈ/ਇਸਲਾਮਿਕ ਕੌਮੀ ਮੁਕਤੀ ਅਤੇ ਇਨਕਲਾਬ ਨੂੰ ਇਕੋ ਸਿੱਕੇ ਦੇ ਦੋ ਪਾਸੇ ਹਨ ਜੇ ਬਸ ਉਨ੍ਹਾਂ ਦੇ ਸਿਰਾਂ ਤੇ ਪੂਛਾਂ ਨੂੰ ਉਲਟਾ ਦਿੱਤਾ ਜਾਵੇ।[159] ਦੋਵਾਂ ਦਰਮਿਆਨ ਕੋਈ ਲਗਾਤਾਰ ਰਾਬਤਾ ਜਾਂ ਪ੍ਰਭਾਵ ਸੀ ਜਾਂ ਨਹੀਂ, ਪਰ ਸੁਲਤਾਨ ਗੈਲੀਵ ਦੇ ਖ਼ਿਆਲਾਂ ਨੇ 1921, ਜਦੋਂ ਇਸ ਦੀ ਸਥਾਪਨਾ ਕੀਤੀ ਗਈ, ਅਤੇ 1924 'ਚ ਜਦੋਂ ਇਸ ਦੇ ਅਮਲੇ ਦਾ ਸ਼ੁੱਧੀਕਰਨ ਕੀਤਾ ਗਿਆ, ਇਸ ਸਮੇਂ ਦਰਮਿਆਨ ਪੂਰਬ ਦੇ ਮਿਹਨਤਕਸ਼ਾਂ ਦੀ ਯੂਨੀਵਰਸਿਟੀ ਦੇ ਪਾਠਕ੍ਰਮ ਉਪਰ ਛਾਪ ਛੱਡੀ।[160] ਅਤੇ ਸਿਖਲਾਈ ਲੈ ਰਹੇ ਮਿਹਨਤਕਸ਼ ਨਿਸ਼ਚੇ ਹੀ ਇਨ੍ਹਾਂ ਖ਼ਿਆਲਾਂ ਦੇ ਪ੍ਰਭਾਵ ਹੇਠ ਸਨ। ਬਰਕਤਉੱਲਾ ਨੇ ਮਾਸਕੋ ਵਿਚ ਆਪਣੇ ਨੌਜਵਾਨ ਸਾਥੀ ਭੋਪਾਲੀ ਰਫ਼ੀਕ ਅਹਿਮਦ ਨਾਲ ਦੋਸਤੀ ਗੰਢ ਲਈ, ਅਤੇ ਚੱਟੋ ਤੇ ਅਚਾਰੀਆ ਉਸਮਾਨੀ ਨੂੰ ਮਸ਼ਵਰਾ ਦਿੰਦੇ ਰਹੇ।[161]

ਬਰਕਤਉੱਲਾ 1922 ਤੱਕ ਸੋਵੀਅਤ ਰੂਸ ਵਿਚ ਰਿਹਾ। ਇਸ ਸਮੇਂ ਉਹ ਅਫ਼ਗਾਨਿਸਤਾਨ ਵਾਪਸ ਨਹੀਂ ਜਾ ਸਕਿਆ – ਹਾਲਾਂਕਿ ਅਲੈਗਜ਼ੈਂਦਰ ਕੋਲੋਨਤਾਈ ਨੇ ਲਿਖਿਆ ਕਿ ਬਰਕਤਉੱਲਾ ਨੂੰ "ਰੂਸੀ ਕਮਿਊਨਿਸਟ ਆਗੂਆਂ ਵਲੋਂ ਅਫ਼ਗਾਨਿਸਤਾਨ ਅਤੇ ਹਿੰਦੁਸਤਾਨ ਲਈ ਸਭ ਤੋਂ ਭਰੋਸੇਯੋਗ ਏਜੰਟਾਂ ਵਿੱਚੋਂ ਇਕ ਮੰਨਿਆ ਜਾਂਦਾ ਸੀ," ਅਤੇ ਕਿ ਉਸ ਨੂੰ ਜਾਵਾ ਤੇ ਸਾਨ ਫਰਾਂਸਿਸਕੋ ਦੇ ਕੇਂਦਰਾਂ ਤੋਂ ਰਿਪੋਰਟਾਂ ਤੇ ਫੰਡ ਆਉਂਦੇ ਸਨ।[162] ਅਮਾਨਉੱਲਾ ਅੰਗਰੇਜ਼ਾਂ ਨਾਲ ਜਾ ਜੁੜਿਆ ਸੀ; ਕਾਬੁਲ ਤੋਂ ਆਰਜੀ ਹਕੂਮਤ-ਏ-ਹਿੰਦ ਨੂੰ ਕੱਢ ਦਿੱਤਾ ਗਿਆ ਸੀ, ਗੁਰਦਿੱਤ ਸਿੰਘ* ਦੀ ਕਿਤਾਬਾਂ-ਕਾਪੀਆਂ ਦੀ ਦੁਕਾਨ ਵਿਖੇ ਗ਼ਦਰ ਦਾ ਸਦਰ-ਮੁਕਾਮ ਬੰਦ ਕਰਾ ਦਿੱਤਾ ਗਿਆ ਸੀ। ਅਤੇ ਇਥੇ ਰਹਿੰਦੇ ਕੁਝ ਬੰਦਿਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਲਿਹਾਜ਼ਾ, ਇਸ ਦੀ ਬਜਾਏ ਬਰਕਤਉੱਲਾ ਨਵੀਂ ਹਿੰਦੁਸਤਾਨੀ ਇੰਡੀਪੈਂਡੈਂਟ ਪਾਰਟੀ (ਆਈ.ਆਈ.ਪੀ.) ਅਤੇ ਰੂਸੀ ਰਾਹਤ ਕਮੇਟੀ ਨੂੰ ਮੁੜ ਜਥੇਬੰਦ ਕਰਨ 'ਚ ਚੱਟੋ ਤੇ ਹੋਰਨਾਂ ਦਾ ਹੱਥ ਵਟਾਉਣ ਲਈ ਬਰਲਿਨ ਚਲਿਆ ਗਿਆ, ਜਿਸ ਦੀ ਰਾਹਨੁਮਾ ਤਾਕਤ ਹੋਣ ਦਾ ਸਿਹਰਾ ਅਕਸਰ ਉਸੇ ਨੂੰ ਦਿੱਤਾ ਜਾਂਦਾ ਸੀ।[163]

ਉਸ ਨੇ *ਅਲ ਇਸਲਾਹ* ਨਾਂ ਦਾ ਇਕ ਹੋਰ ਹਫ਼ਤਾਵਾਰ ਪਰਚਾ ਵੀ ਛਾਪਣਾ ਸ਼ੁਰੂ ਕੀਤਾ, ਅਤੇ ਹਿੰਦੁਸਤਾਨ ਵਿਚ ਵੰਡੇ ਜਾਣ ਲਈ ਖ਼ਿਲਾਫ਼ਤ ਦੇ ਸਵਾਲ ਬਾਰੇ ਇਕ ਉਰਦੂ ਪੈਂਫਲੈੱਟ ਵੀ ਛਾਪਿਆ।[164] ਫਰਾਂਸ ਤੋਂ ਪਾਬੰਦੀਸ਼ੁਦਾ ਕਰਾਰ ਦਿੱਤੇ ਜਾਣ, ਅਤੇ ਅੰਗਰੇਜ਼ ਸਲਤਨਤ ਵਲੋਂ ਬਾਲਸ਼ਵਿਕ ਖ਼ਿਆਲਾਂ ਨੂੰ ਪ੍ਰਚਾਰਨ ਦੇ ਇਲਜ਼ਾਮਾਂ ਦੇ ਬਾਵਜੂਦ ਉਹ 1925-26 ਵਿਚ ਜੈਨੇਵਾ ਵਿਚ ਸੀ। 1927 ਵਿਚ ਉਸ ਨੇ ਬਰੁਸ਼ਲਜ਼ ਵਿਚ ਸਾਮਰਾਜਵਾਦ ਵਿਰੁੱਧ ਲੀਗ ਦੇ

---

** ਦਰਅਸਲ ਇਹ ਦੁਕਾਨ ਬਾਬਾ ਗੁਰਮੁੱਖ ਸਿੰਘ ਚਲਾਉਂਦੇ ਸਨ – ਅਨੁਵਾਦਕ*

ਸੰਮੇਲਨ ਵਿਖੇ ਹਿੰਦੁਸਤਾਨੀ ਗ਼ਦਰ ਪਾਰਟੀ ਦੇ ਅਧਿਕਾਰਤ ਨੁਮਾਇੰਦੇ ਵਜੋਂ ਵੀ ਜ਼ਿੰਮੇਵਾਰੀ ਨਿਭਾਈ। ਫਿਰ ਉਹ ਆਪਣੇ ਪੁਰਾਣੇ ਆਇਰਿਸ਼ ਮਿੱਤਰਾਂ ਨਾਲ ਮੁੜ ਇਕਜੁੱਟ ਹੋਣ ਲਈ ਅਤੇ ਸਾਨ ਫਰਾਂਸਿਸਕੋ ਪਾਰਟੀ ਦੇ ਮਹਿਮਾਨ ਵਜੋਂ ਨਿਊਯਾਰਕ ਸ਼ਹਿਰ ਮੁੜ ਆਇਆ। ਗ਼ਦਰ ਤਾਣੇਬਾਣੇ ਦੇ ਮੂਲ ਕੇਂਦਰ ਕੈਲੀਫੋਰਨੀਆ ਵਿਚ, ਜਿਸ ਨੂੰ ਫੈਲਾਉਣ ਲਈ ਉਸ ਨੇ ਐਨਾ ਕੁਛ ਕੀਤਾ ਸੀ, ਉਥੇ 1927 'ਚ ਉਹ ਸ਼ੂਗਰ ਰੋਗ ਦਾ ਰੋਗੀ ਹੋ ਕੇ ਚੱਲ ਵਸਿਆ। ਉਸ ਦਾ ਮਕਬਰਾ ਸੈਕਰਾਮੈਂਟੋ ਵਿਚ ਲੱਭਿਆ ਜਾ ਸਕਦਾ ਹੈ।

ਪਰ ਸ਼ਾਇਦ ਇਕ ਵਧੇਰੇ ਢੁੱਕਵੀਂ ਸਥਾਨਕ ਯਾਦਗਾਰ "ਮੁਕਤੀ ਦਾ ਐਲਾਨ" ਹੈ ਜਿਸ ਬਾਰੇ ਸਮਝਿਆ ਜਾਂਦਾ ਹੈ ਕਿ ਇਹ ਅਬਦੁੱਲਾ ਨੇ 1913 'ਚ ਜਾਂ 1914 ਦੇ ਸ਼ੁਰੂ ਵਿਚ ਲਿਖਿਆ। ਖ਼ਿਆਲਾਂ ਦੇ ਸੰਸਲੇਸ਼ਣ ਦਾ ਇਹ ਧੂਹਪਾਊ ਨਮੂਨਾ ਹੈ, ਜੋ ਗ਼ਦਰੀ ਸਿਆਸੀ ਰੇਖਾ-ਚਿੱਤਰ ਦੀ ਵਿਸ਼ੇਸ਼ ਖ਼ਾਸੀਅਤ ਹੈ।[165] ਹਰਦਿਆਲ ਦੇ *ਸ਼ਾਬਾਸ਼* ਵਾਂਗ! ਇਸ ਦੀ ਸ਼ੁਰੂਆਤ ਤੇ ਅੰਤ "ਲਾਰਡ ਹਾਰਡਿੰਗ – ਜੋ ਹਕੂਮਤ-ਏ-ਹਿੰਦ ਨਾਂ ਦੇ ਦੁਸ਼ਟਪੁਣੇ ਦਾ ਸਾਖਿਆਤ ਰੂਪ ਸੀ – ਉਪਰ ਇਕ ਦਲੇਰ ਹਿੰਦੁਸਤਾਨੀ ਗੱਭਰੂ ਵਲੋਂ ਸੁੱਟੇ" ਬੰਬ ਤੋਂ ਹੁੰਦਾ ਹੈ, ਇਕ ਵਾਰਦਾਤ ਜਿਸ ਦੀ ਸ਼ਨਾਖ਼ਤ ਬਰਕਤਉੱਲਾ "ਏਸ਼ੀਆ ਦੇ ਮੁੜ ਜਨਮ ਅਤੇ ਦੁਨੀਆ ਦੀ ਮੁਕਤੀ" ਦੇ ਹਰਕਾਰੇ ਵਜੋਂ ਕਰਦਾ ਹੈ। ਉਹ ਅਮਰੀਕਨ ਸਿਆਸੀ ਅਤੇ ਬੌਧਿਕ ਇਤਿਹਾਸ ਦੀਆਂ ਉਦਾਰ ਰਵਾਇਤਾਂ ਦੀ ਮਹਿਮਾ ਗਾਉਂਦਾ ਹੈ, ਜਦਕਿ ਅਜਿਹਾ ਉਹ ਹਿੰਦੁਸਤਾਨ ਦੇ ਸੰਘਰਸ਼ ਨੂੰ ਮਹਿਜ਼ ਆਲਮ ਦੇ ਕੇਂਦਰ ਵਿਚ ਰੱਖਕੇ ਹੀ ਨਹੀਂ ਸਗੋਂ ਨਾਲ ਹੀ ਬ੍ਰਹਿਮੰਡੀ ਸੰਘਰਸ਼ ਦੀ ਨਿਸ਼ਾਨਦੇਹੀ ਕਰਕੇ ਕਾਰਵਾਈ ਦੇ ਅਰਥ ਤੇ ਖੇਤਰ ਨੂੰ ਵਿਸਤਾਰ ਦਿੰਦਿਆਂ ਕਰਦਾ ਹੈ:

"ਇਹ ਇਕ ਸੌ ਛੱਤੀ ਵਰ੍ਹੇ ਪਹਿਲਾਂ ਮੈਸਾਚੂਸੈਟਸ ਦੇ ਮੈਦਾਨੇ-ਜੰਗ ਵਿਚ ਅਮਰੀਕਨ ਦੇਸ਼ਭਗਤਾਂ ਵਲੋਂ ਉਸ ਘ੍ਰਿਣਤ ਵੈਰੀ ਉਪਰ ਤੋਪ ਦਾ ਪਹਿਲਾ ਗੋਲਾ ਦਾਗਣ ਦੀ ਗਰਜ਼ ਸੀ, ਜਿਵੇਂ ਐਮਰਸਨ ਨੇ ਐਲਾਨ ਕੀਤਾ, ਜਿਸ ਦੀ ਗੂੰਜ ਧਰਤੀ ਦੇ ਕੁਲ ਕਬੀਲਿਆਂ ਦੇ ਕੰਨਾਂ ਤੱਕ ਜਾ ਪੁੱਜੀ। ਭਾਵੇਂਕਿ ਨਵੀਂ ਦੁਨੀਆ ਦੇ ਪਦਾਰਥਕ ਵਸੀਲਿਆਂ ਨੂੰ ਵਿਕਸਤ ਕਰਨ ਵਿਚ ਮਗਰਲੇ *[ਘ੍ਰਿਣਤ ਵੈਰੀ]* ਦਾ ਚੋਖਾ ਰਸੂਖ਼ ਹੈ, ਜਦੋਂ ਪਹਿਲੇ ਦਾ ਪ੍ਰਭਾਵ ਕੁਲ ਖੇਤਰਾਂ ਵਿਚ ਹਰਕਤਸ਼ੀਲ ਬ੍ਰਹਿਮੰਡੀ ਤਾਕਤਾਂ ਦੁਆਰਾ ਮਨੁੱਖੀ ਨਸਲ ਵਿਚ ਨਵੀਂ ਰੂਹ ਫੂਕ ਦੇਵੇਗਾ ਤਾਂ ਇਸ ਦੇ ਅੱਗੇ ਇਸ ਦਾ ਰਸੂਖ਼ ਫਿੱਕਾ ਪੈ ਜਾਵੇਗਾ।"[166]

ਫਿਰ ਬਰਕਤਉੱਲਾ ਹਿੰਦੁਸਤਾਨ ਦੀ ਪੁਰਾਤਨ ਸਭਿਆਚਾਰਕ ਮਹਿਮਾ ਅਤੇ ਪਦਾਰਥਕ ਦੌਲਤ ਨੂੰ ਰਾਸ਼ਟਰਵਾਦੀ ਸਿਜਦਾ ਕਰਦਾ ਹੈ, ਜਿਸ ਨੂੰ "ਲੁੱਟਮਾਰ ਦੇ ਅੰਗਰੇਜ਼-ਸੁਲਤਾਨੀ ਪ੍ਰਬੰਧ" ਨੇ, ਕਾਲ ਤੇ ਕੰਗਾਲੀ 'ਚ ਬਦਲ ਦਿੱਤਾ ਹੈ ਜੋ ਇਸ ਨਸਲ ਦੀ ਜਮਾਂਦਰੂ "ਧਾੜਵੀ ਪ੍ਰਵਿਰਤੀ" ਦੀ ਮਿਹਰ ਨਾਲ ਇਕ ਸੂਖ਼ਮ ਕਲਾ, ਇਕ ਵਿਗਿਆਨ ਬਣ ਚੁੱਕੀ ਹੈ," ਜੋ ਦੋ ਹਜ਼ਾਰ ਸਾਲ ਤੋਂ "ਦੰਭ ਨੂੰ ਹੋਰ ਕਲਾਤਮਕ ਦਿੱਖ ਦਿੱਤੇ ਜਾਣ" ਨਾਲ ਤੀਬਰ ਹੋਈ, "ਜੋ ਵਹਿਸ਼ਤ ਦੀ ਧਾਰ ਨੂੰ ਤਿੱਖਾ ਕਰਦੀ ਹੈ"। ਪਰ ਉਹ ਹਿੰਦੁਸਤਾਨ ਦਾ ਲਹੂ ਨਿਚੋੜੇ ਜਾਣ ਦਾ ਰੁਦਨ ਕਰਨ 'ਤੇ ਹੀ ਨਹੀਂ ਰੁਕਦਾ। ਬਰਕਤਉੱਲਾ ਸਮਝਦਾ ਹੈ ਕਿ "ਹਿੰਦੁਸਤਾਨ ਦੇ ਅਤੁੱਟ ਵਸੀਲਿਆਂ ਉਪਰ ਨਿਰਵਿਵਾਦ ਕੰਟਰੋਲ ਅਤੇ ਬੇਪ੍ਰਵਾਹ ਕਬਜ਼ੇ ਨੇ ਨਾ ਸਿਰਫ਼ ਇੰਗਲੈਂਡ ਨੂੰ ਸਾਢੇ ਇਕੱਤੀ ਕਰੋੜ ਹਿੰਦੁਸਤਾਨੀਆਂ ਨਾਲ ਗ਼ੁਲਾਮਾਂ ਵਾਲਾ ਸਲੂਕ ਕਰਨ ਦੇ ਕਾਬਲ ਬਣਾਇਆ ਹੈ – "ਦੇਸ ਪੈਣ ਧੱਕੇ ਪਰਦੇਸ ਢੋਈ ਨਾ, ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ"– ਇਹ ਉਤਰੀ ਅਮਰੀਕਾ ਵਿਚ ਦਰਪੇਸ਼ ਵਿਤਕਰੇ ਬਾਬਤ ਗ਼ਦਰ ਦੀ ਮੂਲ, ਸਭ ਤੋਂ ਡੂੰਘੇ ਸਰੋਕਾਰ ਵਾਲੀ ਸ਼ਿਕਾਇਤ ਸੀ – "ਸਗੋਂ ਇਸ ਨੇ ਉਸ ਦੇ ਹੱਥ ਵਿਚ ਦੁਨੀਆ ਵਿਚ ਹਰ ਥਾਂ ਪੁਆੜੇ ਪਾਉਣ ਦੀ

ਤਾਕਤ ਦੇ ਦਿੱਤੀ ਹੈ।"[167]

ਬਰਕਤਉੱਲਾ ਫਿਰ ਇੰਗਲੈਂਡ ਦੇ ਸਾਮਰਾਜੀ ਖੇਤਰ ਦੀ ਸਰਬ-ਇਸਲਾਮਵਾਦੀ ਨਜ਼ਰੀਏ ਦੀ ਸੁਰ ਚੁੱਕ ਲੈਂਦਾ ਹੈ:

"ਇਹ ਆਮ ਜਾਣਕਾਰੀ ਹੈ ਕਿ ਇੰਗਲੈਂਡ ਨੇ ਮੋਰੱਕੋ ਫਰਾਂਸ ਨੂੰ, ਤ੍ਰਿਪੋਲੀ ਇਟਲੀ ਨੂੰ ਦੇ ਦਿੱਤਾ ਅਤੇ ਇਰਾਨ ਨੂੰ ਆਪਣੇ ਤੇ ਰੂਸ ਦਰਮਿਆਨ ਤਕਸੀਮ ਕਰ ਲਿਆ। ਬਲਕਾਨ ਜੰਗ ਵੀ ਅੰਗਰੇਜ਼-ਰੂਸੀ ਸਾਜ਼ਿਸ਼ ਦਾ ਸਿੱਟਾ ਰਹੀ ਹੈ। ਜਦਕਿ ਇਹ ਦੁਨੀਆ ਦੀਆਂ ਕੁਲ ਇਸਲਾਮਿਕ ਬਾਦਸ਼ਾਹੀਆਂ ਨੂੰ ਤਬਾਹ ਕਰਨ ਅਤੇ ਰੂਸ ਤੇ ਫਰਾਂਸ ਦੇ ਸਹਿਯੋਗ ਨਾਲ ਏਸ਼ੀਆਈ ਮਹਾਂਦੀਪ ਨੂੰ ਅਧੀਨ ਕਰਨ ਦੇ ਇਸ ਦੇ ਮਨਸੂਬਿਆਂ ਵੱਲ ਮੁੱਢਲੇ ਕਦਮ ਹੀ ਹਨ।"

ਬਰਕਤਉੱਲਾ ਬਰਤਾਨੀਆ ਦੀ ਆਰਥਕ ਤੇ ਭੂਗੋਲਿਕ-ਸਿਆਸੀ ਤਾਕਤ ਦੀ ਧਰਮ-ਨਿਰਪੱਖ ਗੁੰਜਾਇਸ਼ ਚੰਗੀ ਤਰ੍ਹਾਂ ਜਾਣਦਾ ਸੀ, ਪਰ ਇਥੇ ਉਹ ਚਾਨਣਾ ਪਾਉਣ ਲਈ ਜੋ ਘਟਨਾਵਾਂ ਚੁਣਦਾ ਹੈ, ਉਨ੍ਹਾਂ ਵਿਚ ਉਹ ਇਸਲਾਮ ਦੀ ਪਰਾਕੌਮੀ ਸੰਸਥਾ ਵਿਰੁੱਧ ਭੜਕਾਊ ਕਾਰਵਾਈਆਂ ਦੀ ਖ਼ਿਲਾਫ਼ਤ ਲਹਿਰ ਵਾਲੀ ਖ਼ਾਸ ਗਮ-ਕਹਾਣੀ ਹੀ ਦੁਹਰਾਉਂਦਾ ਹੈ।

ਸਰਬ-ਇਸਲਾਮਵਾਦੀ ਤੋਂ ਸਰਬ-ਏਸ਼ੀਆਈਵਾਦੀ ਨਜ਼ਰੀਆ ਬਦਲਦਿਆਂ, ਉਹ 1912 ਦੀ ਹੁਨਾਲ ਰੁੱਤੇ ਦੁਨੀਆ ਦੀ ਹਾਲਤ ਦਾ ਜਾਇਜ਼ਾ ਲੈਂਦਿਆਂ ਲਾਰਡ ਮੌਰਲੇ ਵਲੋਂ ਕੀਤੀ ਤਕਰੀਰ ਦੀਆਂ ਵਿਸਤਾਰੀ ਟੂਕਾਂ ਦਿੰਦਾ ਹੈ, ਜਿਸ ਵਿਚ ਮੌਰਲੇ ਗਿਣਾਉਂਦਾ ਹੈ ਕਿਵੇਂ "ਐਡਰਿਆਨੋਪਲ ਤੋਂ ਲੈ ਕੇ ਪੀਕਿੰਗ ਤੱਕ" ਅੰਗਰੇਜ਼ ਕਬਜ਼ੇ ਵਾਲੇ ਹਿੰਦੁਸਤਾਨ, ਫਰਾਂਸੀਸੀ ਕਬਜ਼ੇ ਵਾਲੇ ਹਿੰਦ-ਚੀਨ, ਜਪਾਨ, ਰੂਸ, ਕੇਂਦਰੀ ਏਸ਼ੀਆ ਅਤੇ ਸਾਇਬੇਰੀਆ ਨੂੰ ਛੱਡਕੇ ਸਮੁੱਚੇ ਪੂਰਬ ਵਿਚ ਘੜਮੱਸ ਮੱਚਿਆ ਹੋਇਆ ਹੈ। ਜਦਕਿ ਔਟੋਮਨ-ਤੁਰਕੀ, ਈਰਾਨ, ਚੀਨ ਅਤੇ ਅਫ਼ਗਾਨਿਸਤਾਨ ਅੰਦਰੂਨੀ ਧੜੇਬੰਦੀ ਅਤੇ ਲਾਕਾਨੂੰਨੀ ਤੋਂ ਤੰਗ ਪੈ ਚੁੱਕੇ ਹਨ। ਹਿੰਦੁਸਤਾਨ ਲਈ ਬਦੇਸ਼ ਮੰਤਰੀ ਨੇ ਦਾਅਵਾ ਕੀਤਾ ਕਿ ਪੂਰਬੀ ਬੇਹੂਦਗੀ ਤੋਂ ਬਚਣ ਦਾ ਇਕੋ-ਇਕ ਰਾਹ ਯੂਰਪੀ ਰਾਜ ਹੀ ਸੀ। ਇਸ ਦੇ ਕੂੜ ਨੂੰ ਨੰਗਾ ਕਰਨ ਦੇ ਉਦੇਸ਼ ਨਾਲ ਬਰਕਤਉੱਲਾ ਮੌਰਲੇ ਉਪਰ ਮਨੋਵਿਗਿਆਨਕ ਕਾਰਸ਼ੈਤਾਨੀ ਦਾ ਇਲਜ਼ਾਮ ਲਾਉਂਦਿਆਂ ਕਹਿੰਦਾ ਹੈ ਕਿ ਆਪੇ ਘੜੀ ਹੋਈ ਦਲੀਲ ਵਰਤਕੇ ਉਹ ਸ਼ਰੇਆਮ ਅਜਿਹਾ ਕੋਰਾ ਝੂਠ ਬੋਲਣ ਤੋਂ ਵੀ ਗੁਰੇਜ਼ ਨਹੀਂ ਕਰਦਾ ਕਿ ਪੂਰਬ ਨੇ ਆਪਣੀ ਇੱਛਾ ਨਾਲ ਬਸਤੀਵਾਦੀ ਰਾਜ ਦੀ ਅਧੀਨਤਾ ਕਬੂਲ ਕੀਤੀ ਹੋਈ ਹੈ।[168]

ਇਸ ਤੋਂ ਬਿਨਾ, ਉਹ ਚੁਣੌਤੀ ਦਿੰਦਾ ਹੈ, ਕਿ ਜਦੋਂ ਬੰਬ ਦੀ ਵਾਰਦਾਤ ਨਾਲ ਹੋਰ ਹੀ ਕਹਾਣੀ ਸਾਹਮਣੇ ਆ ਗਈ, ਤਾਂ ਸਮਝ ਆ ਜਾਂਦਾ ਹੈ ਕਿ ਅੰਗਰੇਜ਼ ਰਾਜ ਹੇਠਲੇ ਹਿੰਦੁਸਤਾਨ ਵਿਚ ਸੱਚੀਂਮੁੱਚੀਂ ਕਿੰਨੀ ਕੁ ਸਥਿਰਤਾ ਤੇ ਸੰਤੋਖ ਹੋ ਸਕਦਾ ਸੀ ? ਅੰਗਰੇਜ਼ ਰਾਜ ਦੇ ਦਿਨ ਥੋੜ੍ਹੇ ਸਨ। ਫਿਰ ਬਰਕਤਉੱਲਾ ਈਸਟ ਇੰਡੀਆ ਕੰਪਨੀ ਦੇ ਸਮੇਂ ਤੋਂ ਲੈ ਕੇ ਗ਼ਦਰ ਦਾ ਜ਼ਿਕਰ ਕਰਦਾ ਹੋਇਆ ਮਲਕਾ ਦੀ ਤਾਜਪੋਸ਼ੀ ਤੋਂ ਇੰਡੀਅਨ ਨੈਸ਼ਨਲ ਕਾਂਗਰਸ ਬਣਾਏ ਜਾਣ ਤੱਕ ਅੰਗਰੇਜ਼ ਰਾਜ ਦੀ ਮੌਜੂਦਗੀ ਦੇ ਖ਼ਿਲਾਫ਼ ਹਿੰਦੁਸਤਾਨੀ ਟਾਕਰੇ ਦੇ ਵਿਕਾਸ ਦੀ ਪੂਰੀ ਦਾਸਤਾਨ ਬਿਆਨਦਾ ਹੈ।[169] ਪਰ ਜਦੋਂ ਹਿੰਦੂ "ਸਖ਼ਤ ਘਾਲਣਾ ਘਾਲ ਕੇ ਇਮਤਿਹਾਨਾਂ ਵਿਚ ਅੰਗਰੇਜ਼ਾਂ ਤੋਂ ਅੱਗੇ ਨਿਕਲ ਗਏ" ਤੇ ਉਨ੍ਹਾਂ ਨੂੰ ਸਿਰਫ਼ ਇਹੀ ਨਜ਼ਰ ਆਇਆ ਕਿ ਸਿਵਲ ਸਰਵਿਸ ਦੀ ਨੌਕਰੀ ਵਿਚ ਬਰਾਬਰੀ ਦੇ ਵਾਅਦੇ ਝੂਠੇ ਸਨ ਤਾਂ ਉਨ੍ਹਾਂ ਦਾ ਅੰਗਰੇਜ਼ਾਂ ਦੇ ਉਦਾਰ ਸਿਆਸੀ ਅਸੂਲਾਂ ਤੋਂ ਯਕੀਨ ਉਠ ਗਿਆ। ਇਸ ਤੋਂ ਅੱਗੇ ਕਾਨੂੰਨ ਦੇ ਲਾਜ਼ਮੀ ਨਿਆਂ ਦੇ ਭਰਮਾਂ ਨੇ ਟੁੱਟਣਾ ਹੀ ਸੀ। ਸਵਰਾਜ ਲਹਿਰ ਨੇ ਮੁੱਢ 'ਚ ਓਦੋਂ ਤੱਕ ਕਾਨੂੰਨ ਦੇ ਪਾਬੰਦ ਬਣੇ ਰਹਿਣ ਦੀ ਵਾਹ ਲਾਈ, ਜਦੋਂ ਲਾਜਪਤ ਰਾਏ ਅਤੇ ਅਜੀਤ ਸਿੰਘ ਦੀ ਜਲਾਵਤਨੀ ਨੇ ਸਾਬਤ ਕਰ ਦਿੱਤਾ ਕਿ "ਹਿੰਦੁਸਤਾਨ

ਵਿਚ ਅੰਗਰੇਜ਼ ਦੀ ਮਰਜ਼ੀ ਹੀ ਕਾਨੂੰਨ ਸੀ।" ਜਦੋਂ ਇਕ ਵਾਰ ਬੰਦੇ ਮਾਤਰਮ ਦਾ ਨਾਅਰਾ ਲਾਉਣ ਤੱਕ ਹਰ ਸਿਆਸੀ ਸਰਗਰਮੀ ਗ਼ੈਰਕਾਨੂੰਨੀ ਹੋ ਗਈ, ਭਾਸ਼ਣ ਦੇਣ ਦੀ ਆਜ਼ਾਦੀ ਅਤੇ ਪ੍ਰੈੱਸ ਉਪਰ ਪਾਬੰਦੀ ਲਾ ਦਿੱਤੀ ਗਈ, ਅਤੇ "ਜਾਸੂਸਾਂ ਦੀ ਧਾੜ" ਪੂਰੇ ਮੁਲਕ ਵਿਚ ਦਣ-ਦਣਾਉਣ ਲੱਗੀ, ਤਾਂ ਕਾਨੂੰਨ ਦੇ ਪਾਬੰਦ ਰਹਿਣ ਦੀ ਸੰਕੋਚ ਹੁਣ ਦਾਅਪੇਚਕ ਤਰਜ਼ੀਹਾਂ ਲਈ ਅਮਲਯੋਗ ਨਾ ਰਹੀ। ਫਿਰ ਕਾਨੂੰਨਪਸੰਦ ਬਾਈਕਾਟ ਅਤੇ ਬੰਬ ਦਾ ਗ਼ੈਰਕਾਨੂੰਨੀ ਇਸਤੇਮਾਲ ਦੋਵੇਂ ਵਿਕਸਤ ਹੋਏ। ਉਹ ਦਰਸਾਉਂਦਾ ਹੈ ਕਿ ਅਜਿਹਾ ਹੁੰਦੇ ਹੋਏ ਵੀ, ਬਸਤੀਆਨਾ ਮਨੋਵਿਗਿਆਨ ਦੇ ਪ੍ਰਗਟਾਵੇ ਪ੍ਰਤੀ ਮੁੱਢਲੀ ਸੰਵੇਦਨਸ਼ੀਲਤਾ ਨਾਲ ਅੰਗਰੇਜ਼ਾਂ ਦੇ ਦੰਭ ਦੇ ਨੰਗਾ ਹੋਣ ਦਾ ਸਾਰਥਕ ਪ੍ਰਭਾਵ ਹੀ ਪਿਆ ਸੀ: "ਅੰਗਰੇਜ਼ ਪ੍ਰਤੀ ਉਸ *[ਸਵਦੇਸ਼ਪ੍ਰਸਤ]* ਦੀ ਨਿਰਾਸ਼ਤਾ ਦੇ ਵਿੱਚੋਂ *[ਹੂ-ਬ-ਹੂ ਸ਼ਬਦ]* ਸਵੈ-ਵਿਸ਼ਵਾਸ ਦੇ ਨਾਲ ਉਸ ਦੇ ਅੰਦਰ ਉਮੀਦ ਪੈਦਾ ਹੋਈ....। ਕਿ ਜੇ ਆਪਣੀ ਤਾਕਤ ਦਾ ਦਹਿ-ਲੱਖਵਾਂ ਹਿੱਸਾ ਵੀ ਸਹੀ ਢੰਗ ਨਾਲ ਇਸਤੇਮਾਲ ਕਰ ਲਿਆ ਜਾਵੇ ਤਾਂ ਉਸ ਦੀ ਆਪਣੀ ਤਾਕਤ ਕਿੰਨੀ ਬੇਥਾਹ ਹੋਵੇਗੀ ਅਤੇ ਹਿੰਦੁਸਤਾਨ ਵਿਚ ਅੰਗਰੇਜ਼ਾਂ ਦੀ ਹਾਲਤ ਮੁਕੰਮਲ ਬੇਵਸੀ ਵਾਲੀ ਹੋਵੇਗੀ ਇਹ ਗੱਲ ਉਸ ਨੂੰ ਸਮਝ ਪੈ ਗਈ।"[170]

ਪਰ ਇਥੇ ਆ ਕੇ ਚੌਖਟਾ ਮੁੜ ਬਦਲ ਜਾਂਦਾ ਹੈ, ਇਸ ਵਾਰ ਸਿਆਸੀ ਸਿਧਾਂਤ ਵਿਚ: " 'ਹਕੂਮਤ ਕੀ ਹੈ ?' " ਨਿਰਾਸ਼ ਸਵਦੇਸ਼ਪ੍ਰਸਤ ਖ਼ੁਦ ਨੂੰ ਐਵੇਂ-ਮੁੱਚੀਂ ਸਵਾਲ ਕਰਦਾ ਹੈ।

"ਇਹ ਇਕ ਸੰਸਥਾ ਹੈ," ਉਸ ਨੇ ਖ਼ੁਦ ਹੀ ਜਵਾਬ ਦਿੱਤਾ। "ਫਿਰ, ਮੈਂ ਆਪਣੇ ਲੋਕਾਂ ਦੀ ਇਕ ਸੰਸਥਾ ਬਣਾਵਾਂ, ਜੋ ਇਕ ਦਿਨ ਪੁਰਾਣੀ ਸੰਸਥਾ 'ਤੇ ਹਾਵੀ ਹੋ ਸਕਦੀ ਹੈ।" ਉਸ ਨੇ ਕਹਿਣਾ ਜਾਰੀ ਰੱਖਿਆ। "ਪਰ ਅੰਗਰੇਜ਼ ਹਕੂਮਤ ਕੋਲ ਮੇਰੀ ਸੰਸਥਾ ਨੂੰ ਤਬਾਹ ਕਰਨ ਲਈ ਧਨ ਤੇ ਜਾਸੂਸਾਂ ਦੀ ਧਾੜ ਹੈ" ਉਹ ਬਿੰਦ ਕੁ ਰੁਕਿਆ। "ਮੇਰੇ ਮੁਲਕ ਕੋਲ ਧਨ ਅਤੇ ਬੰਦਿਆਂ ਦੀ ਥੁੜ੍ਹ ਨਹੀਂ," ਉਸ ਨੇ ਖ਼ੁਦ ਨੂੰ ਸਮਝਾਇਆ। "ਮੈਨੂੰ ਲਾਜ਼ਮੀ ਹੀ ਧਨਾਢਾਂ ਨੂੰ ਕੌਮੀ ਖ਼ਜ਼ਾਨੇ ਵਿਚ ਮੋਟੀਆਂ ਰਕਮਾਂ ਦਾ ਯੋਗਦਾਨ ਪਾਉਣ ਲਈ ਮਜਬੂਰ ਕਰਨਾ ਚਾਹੀਦਾ ਹੈ ਅਤੇ ਪਰਾਈ ਹਕੂਮਤ ਦੀਆਂ ਸਰਗਰਮੀਆਂ 'ਤੇ ਨਜ਼ਰ ਰੱਖਣ ਲਈ ਇਸ ਦੇ ਖ਼ੁਫ਼ੀਆ ਮਹਿਕਮੇ ਨਾਲੋਂ ਵੀ ਵਧੇਰੇ ਕਾਰਜ-ਕੁਸ਼ਲ ਤਾਣਾਬਾਣਾ ਲਾਜ਼ਮੀ ਬਣਾਉਣਾ ਚਾਹੀਦਾ ਹੈ," ਉਸ ਨੇ ਆਪਣੇ ਮਨ ਨਾਲ ਦਲੀਲਬਾਜ਼ੀ ਕੀਤੀ।[171]

ਅਤੇ ਫਿਰ ਇਸ ਮਕਸਦ ਲਈ: "ਦੇਸ਼ਭਗਤਾਂ ਨੇ ਫਿਰ ਹੱਥਾਂ ਵਿਚ ਰਿਵਾਲਵਰ ਫੜ੍ਹਕੇ" ਆਪਣੀਆਂ ਮੰਗਾਂ ਦੀ ਪੂਰਤੀ ਲਈ, ਸੰਘਰਸ਼ ਨੂੰ ਚਲਾਉਣ ਖ਼ਾਤਰ ਧਨਾਢਾਂ ਤੋਂ ਫੰਡ ਹਥਿਆਉਣ ਖ਼ਾਤਰ "ਸ਼ਹਿਰ ਦੇ ਲੱਖਪਤੀਆਂ ਕੋਲ ਪਹੁੰਚ ਕੀਤੀ।" ਇਹ ਅਕਸਰ "ਭੇਸ ਬਦਲਣ ਲਈ ਮਜਬੂਰ ਹੋਏ" ਯੂਨੀਵਰਸਿਟੀਆਂ ਦੇ ਗਰੈਜੂਏਟ ਸਨ "ਅਤੇ ਕੌਮੀ ਕਾਜ ਲਈ ਉੱਥੋਂ ਦੇ ਧਨਾਢ ਤੋਂ ਚੰਦਾ ਲੈਣ ਲਈ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਪੂਰੇ ਜ਼ਿਲ੍ਹੇ ਵਿਚ ਤੁਰੇ ਫਿਰਦੇ ਹਨ।" ਬਰਕਤਉੱਲਾ ਸਾਨੂੰ ਯਕੀਨ ਦਿਵਾਉਂਦਾ ਹੈ ਕਿ "ਮਗਰਲੇ (ਧਨਾਢ) ਨੇ ਦਲੀਲ ਦੀ ਤਾਕਤ ਅੱਗੇ ਝੁਕਦਿਆਂ *[ਜੇ ਮਹਿਜ਼ ਤਾਕਤ ਅੱਗੇ ਝੁਕਦੇ ਹੋਏ ਨਾ ਕੀਤਾ ਹੋਵੇ!]* ਅਕਸਰ ਆਪਣੀ ਇੱਛਾ ਨਾਲ ਰਕਮ ਦੇ ਦਿੱਤੀ; ਕਿਉਂਕਿ ਆਖ਼ਿਰ ਉਹ ਬਲੈਕਮੇਲ ਕਰਨ ਵਾਲੇ ਦੀ ਭੂਮਿਕਾ ਨਿਭਾਉਣ ਵਾਲੇ ਦਾ ਬੇਦਾਗ਼ ਕਿਰਦਾਰ ਜਾਣਦਾ ਸੀ।" ਇੰਞ ਜੁਟਾਇਆ ਧਨ ਸਚਮੁਚ "ਸਭ ਤੋਂ ਸਨਮਾਨਜਨਕ ਢੰਗ ਨਾਲ, ਵੱਖੋ-ਵੱਖਰੀਆਂ ਜ਼ਬਾਨਾਂ ਵਿਚ ਇਨਕਲਾਬੀ ਸਾਹਿਤ ਛਾਪਣ, ਕੌਮ ਦੇ ਨੌਜਵਾਨਾਂ ਨੂੰ ਵਿਗਿਆਨਕ ਵਿਦਿਆ ਦੇਣ, ਅਤੇ ਆਉਣ ਵਾਲੀ ਜੰਗੇ-ਆਜ਼ਾਦੀ ਵਿਚ ਵੈਰੀ ਨਾਲ ਦੋ ਹੱਥ ਕਰਨ ਲਈ ਨੌਜਵਾਨਾਂ ਨੂੰ ਤਿਆਰ ਕਰਨ ਦੇ" ਜਾਂ ਬਦੇਸ਼ ਵਿਚ ਜਾ ਕੇ ਆਜ਼ਾਦੀ ਤੋਂ ਬਾਅਦ ਦੇ ਪ੍ਰਸ਼ਾਸਨ ਲਈ ਜ਼ਰੂਰੀ ਤਕਨੀਕੀ ਮੁਹਾਰਤ ਹਾਸਲ ਕਰਨ ਦੇ ਲੇਖੇ

ਲਾਇਆ ਜਾਂਦਾ ਸੀ। ਇਹ ਦੇਸ਼ਭਗਤ ਸੱਚੇ ਸਾਂਝੀਵਾਲਤਾ ਨੂੰ ਪ੍ਰਣਾਏ ਡਾਕੂ ਸਨ : "ਇੰਗਲੈਂਡ ਨੂੰ ਉਸ ਦੇ ਆਪਣੇ ਹੀ ਜਾਲ ਵਿਚ ਫਸਾਕੇ ਖ਼ਤਮ ਕਰਨ" ਦੇ ਇਹ ਢੰਗ ਯੂਨਾਨੀ ਅਤੇ ਥਰੇਸ਼ੀਅਨ ਗ੍ਰੰਥ "*ਹੇਡਕ* ਜਾਂ ਦੇਸ਼ਭਗਤ ਬਾਗ਼ੀ – ਉਹੀ *ਹੇਡਕ* ਜੋ *ਆਦਿਕਾਲੀਨ ਬਾਗ਼ੀ* ਵਿਚ ਇਤਿਹਾਸਕਾਰ ਹਾਬਸਬਾਮ ਦੀ ਪ੍ਰੇਰਨਾ ਬਣੇ – ਵਿੱਚੋਂ "ਲਿਆ ਪੰਨਾ ਹੈ"। ਇਹ ਉਹ ਲੋਕ ਸਨ ਜਿਨ੍ਹਾਂ ਨੇ "ਲੋਕ-ਧਾਰਾਈ ਕਵੀ, ਸਕੂਲ ਅਧਿਆਪਕ.... ਸੰਨਿਆਸੀ ਅਤੇ ਪਾਦਰੀ" ਦੇ ਨਾਲ "ਮੁਕਤੀ ਦੀ ਪਰੰਪਰਾ ਜਿਉਂਦੀ ਰੱਖੀ।"[172] ਇੱਥੋਂ ਤੱਕ ਕਿ ਕਈ ਵਾਰ ਤਾਂ "ਲੋਕ ਗੀਤਾਂ ਵਿਚਲਾ ਡਾਕੂ" ਸੰਨਿਆਸੀ ਦੇ ਭੇਸ ਵਿਚ ਵਿਚਰ ਰਿਹਾ ਹੁੰਦਾ। ਬਰਕਤਉੱਲਾ ਮਾਊਂਟ ਐਥਸ ਪਹਾੜਾਂ ਦੇ ਮਸ਼ਹੂਰ ਈਸਾਈ ਮੱਠਾਂ ਦਾ ਹਵਾਲਾ ਦਿੰਦਾ ਹੈ, ਜਿਨ੍ਹਾਂ ਤੋਂ ਯੂਨਾਨ ਦੇ "ਮੌਜੂਦਾ ਮੁਕਤੀ ਯੁੱਧ ਦੇ ਬਹੁਤ ਸਾਰੇ ਰਾਹਨੁਮਾ" ਉਭਰੇ। ਇਵਾਨ ਵੈਜ਼ੋਵ ਦੇ ਨਾਵਲ *ਜੂਲੇ ਹੇਠ* ਵਿਚ "ਮੱਠ ਦੇ ਮੁਖੀ ਦੀ ਕੋਠੜੀ ਇਕ ਅਸਲਾਖ਼ਾਨਾ ਸੀ, ਅਤੇ "ਸੰਜੋਗ ਨੇ ਉਸ ਨੂੰ ਛਾਪਾਮਾਰ ਆਗੂ ਦੀ ਬਜਾਏ ਸੰਨਿਆਸੀ ਬਣਾ ਦਿੱਤਾ ਸੀ।"[173] ਇਥੇ *ਆਨੰਦ ਮੱਠ* ਦੇ *ਸੰਨਿਆਸੀਆਂ* ਵਾਲੀ ਲੁਪਤ ਗੂੰਜ ਸੁਣਾਈ ਦਿੰਦੀ ਹੈ।

ਨਿਚੋੜ ਕੱਢਦੇ ਹੋਏ, ਬਰਕਤਉੱਲਾ ਹਾਰਡਿੰਗ ਬੰਬ ਕੇਸ ਅਤੇ ਇਸ ਦੀ ਅਹਿਮੀਅਤ ਵੱਲ ਪਰਤਦਾ ਹੈ। ਉਹ ਕਹਿੰਦਾ ਹੈ, ਇਹ ਪਹਿਲ-ਪ੍ਰਿਥਮੇ ਉਸ ਹਕੂਮਤ ਦੀ ਵੰਗਾਰ ਦਾ ਜਵਾਬ ਸੀ ਜੋ "ਕੁਲ ਇਖ਼ਲਾਕੀ ਸੋਚ-ਵਿਚਾਰ ਤੋਂ ਬੇਪ੍ਰਵਾਹ ਹੋ ਕੇ ਲੋਕਾਂ ਦੀ ਰਜ਼ਾ ਦੇ ਉਲਟ" ਹਿੰਦੁਸਤਾਨ ਉਪਰ "ਤਾਕਤ ਨਾਲ" ਰਾਜ ਕਰਨ 'ਤੇ ਬਜ਼ਿੱਦ ਸੀ। ਜਦਕਿ, "ਬੰਬ ਇਸ਼ਾਰਾ ਕਰਦਾ ਹੈ ਕਿ ਲੋਕ ਸੱਤ-ਬੇਗਾਨੇ ਵੈਰੀ ਦੀ ਜਕੜ ਤੋਂ ਹਿੰਦੁਸਤਾਨ ਨੂੰ ਮੁਕਤ ਕਰਾਉਣ ਜਾ ਰਹੇ ਹਨ; ਅਤੇ ਕਿ ਉਹ ਹੁਣ ਜ਼ਾਲਮ ਤੋਂ ਰਿਆਇਤਾਂ ਦੀ ਮੰਗ ਨਹੀਂ ਕਰਨਗੇ।" ਇਹ ਪੈਗ਼ਾਮ ਨਿਰਾ ਹੁਕਮਰਾਨਾਂ ਜਾਂ ਇਸ ਦੀ ਗਵਾਹ ਦੁਨੀਆ ਲਈ ਹੀ ਨਹੀਂ ਸੀ, ਸਗੋਂ ਖ਼ਾਸ ਤੌਰ 'ਤੇ ਹਿੰਦੁਸਤਾਨ ਦੇ ਮੁਸਲਮਾਨਾਂ ਲਈ ਸੀ, ਜਿਨ੍ਹਾਂ ਨੂੰ ਲੰਮੇ ਸਮੇਂ ਤੋਂ ਸੰਮੋਹਿਤ ਕਰਕੇ ਹਕੂਮਤੀ ਪੁਸ਼ਤ-ਪਨਾਹੀ ਦੀ ਸ਼ਕਲ ਵਿਚ "ਕੁਝ ਬੁਰਕੀਆਂ ਦੀ ਖ਼ਾਤਰ" ਉਨ੍ਹਾਂ ਤੋਂ ਆਪਣੇ ਭਾਈਚਾਰੇ ਨਾਲ ਦਗ਼ਾ ਕਰਵਾਇਆ ਜਾ ਰਿਹਾ ਸੀ। ਇਹ ਐਨ ਉਸੇ ਤਰ੍ਹਾਂ ਸੀ ਜਿਵੇਂ ਗ਼ਦਰੀਆਂ ਨੇ ਸਿੱਖਾਂ ਨੂੰ ਉਨ੍ਹਾਂ ਦੀ ਅੰਗਰੇਜ਼ਾਂ ਪ੍ਰਤੀ ਵਫ਼ਾਦਾਰੀ ਬਦਲੇ ਫਿਟਕਾਰ ਪਾਈ ਸੀ।

ਪਰ ਇਸ "ਬੰਬ ਸੁੱਟਣ ਵਾਲੇ *[ਹਿੰਦੂ]* ਨੇ ਸਾਡੀ ਸਾਂਝੀ ਪਿਤਰਭੂਮੀ ਦੀ ਸੇਵਾ ਲਈ ਸੂਰਬੀਰਤਾ, ਕੁਰਬਾਨੀ ਅਤੇ ਆਪਾ-ਵਾਰ ਭਾਵਨਾ ਦੀ ਮਿਸਾਲ ਕਾਇਮ ਕੀਤੀ ਹੈ।" ਹਿੰਦੁਸਤਾਨੀ ਮੁਸਲਿਮ ਦੇਸ਼ਭਗਤ ਨੂੰ, "ਉਸੇ ਉਦੇਸ਼ ਨਾਲ ਆਪਣੀਆਂ ਖੁਫ਼ੀਆ ਜਥੇਬੰਦੀਆਂ ਬਣਾਉਂਦੇ ਹੋਏ ਸਾਡੀ ਪਿਆਰੀ ਮਾਂ-ਧਰਤੀ ਦੀ ਮੁਕਤੀ ਲਈ" ਲਹਿਰ ਵਿਚ ਸ਼ਾਮਲ ਹੋਣਾ ਹੋਵੇਗਾ। ਭਾਵ, ਯੁਗਾਂਤਰ ਗਰੁੱਪ ਵਰਗੀ ਜਥੇਬੰਦੀ, ਸ਼ਾਇਦ ਜਿਵੇਂ ਅਬੁਲ ਕਲਾਮ ਆਜ਼ਾਦ ਨੇ ਬਣਾਉਣ ਦਾ ਯਤਨ ਕੀਤਾ ਸੀ ? ਪਰ ਹਿੰਦੁਸਤਾਨ ਦੇ ਮੁਸਲਮਾਨਾਂ ਦੀ ਨਾ ਸਿਰਫ਼ ਹਿੰਦੁਸਤਾਨ ਦੇ ਹਿੰਦੂਆਂ ਨਾਲ ਕੌਮੀ ਵੰਸ਼ ਦੀ ਸਾਂਝ ਸੀ; ਸਗੋਂ ਹੋਰ ਥਾਂਵਾਂ 'ਤੇ ਰਹਿਣ ਵਾਲੇ ਇਸੇ "ਅਕੀਦੇ ਵਾਲੇ ਭਰਾ ਤੇ ਭੈਣਾਂ" ਵੀ ਸਨ ਜਿਨ੍ਹਾਂ ਦੇ ਦੁੱਖੜਿਆਂ ਦਾ ਦੋਸ਼ੀ ਬਰਕਤਉੱਲਾ ਇੰਗਲੈਂਡ ਨੂੰ ਠਹਿਰਾਉਂਦਾ ਹੈ: "ਤ੍ਰਿਪੋਲੀ, ਈਰਾਨ ਅਤੇ ਬਲਕਾਨ ਰਿਆਸਤਾਂ ਦੀਆਂ ਘਟਨਾਵਾਂ ਨਾਲ ਉਨ੍ਹਾਂ ਦੀਆਂ ਅੱਖਾਂ ਖੁੱਲ੍ਹ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਨੂੰ ਇਹ ਤੱਥ ਜਾਣ ਲੈਣਾ ਚਾਹੀਦਾ ਹੈ ਕਿਵੇਂ ਪਿਛਲੀਆਂ ਸਦੀਆਂ ਤੋਂ ਇਕ ਦੂਜੇ ਦੀਆਂ ਜਾਨੀ ਦੁਸ਼ਮਣ ਬਣੀਆਂ ਬਲਕਾਨ ਘੱਟਗਿਣਤੀਆਂ ਨੇ ਆਪਣੇ ਮੱਤਭੇਦ ਮਿਟਾ ਲਏ ਜਦੋਂ ਉਨ੍ਹਾਂ ਨੂੰ ਆਪਣੇ ਸਾਂਝੇ ਵੈਰੀ ਉਪਰ ਸੱਟ ਮਾਰਨ ਦਾ ਮੌਕਾ ਮਿਲਿਆ। ਹਿੰਦੁਸਤਾਨੀ ਮੁਸਲਮਾਨਾਂ ਨੂੰ ਇੰਗਲੈਂਡ ਤੋਂ ਦੋ ਵਧੀਕੀਆਂ ਦਾ ਬਦਲਾ ਲੈਣਾ ਹੋਵੇਗਾ, (1)

ਹਿੰਦੁਸਤਾਨ ਦੇ ਲੋਕਾਂ ਨਾਲ ਵਧੀਕੀ ਦਾ, (2) ਬਦੇਸ਼ ਦੇ ਮੁਸਲਮਾਨਾਂ ਨਾਲ ਵਧੀਕੀ ਦਾ।"[174] ਇਥੇ, ਸਹੀ ਸਹੀ ਖ਼ਿਲਾਫ਼ਤ ਲਹਿਰ ਦੇ ਦੋ ਪੂਰਕ ਨਿਸ਼ਾਨੇ ਸਨ: ਖ਼ਾਸ ਕਰਕੇ ਹਿੰਦੁਸਤਾਨੀ ਕੌਮ ਦੀ ਮੁਕਤੀ, ਅਤੇ ਸਮੁੱਚੇ ਤੌਰ 'ਤੇ ਖ਼ਲੀਫ਼ੇ ਦੇ ਅਹੁਦੇ ਦੀ ਸਲਾਮਤੀ ਤੇ ਖ਼ੁਦਮੁਖਤਿਆਰੀ।

ਗੱਲ ਮੁਕਾਉਂਦਿਆਂ ਬਰਕਤਉੱਲਾ ਚੱਕਰ ਪੂਰਾ ਕਰਕੇ ਅਮਰੀਕਨ ਆਜ਼ਾਦੀ ਦੇ ਐਲਾਨਨਾਮੇ ਦੇ ਸਿਧਾਂਤਾਂ ਵੱਲ ਵਾਪਸ ਮੁੜ ਆਉਂਦਾ ਹੈ। ਜੋ ਜਿੱਥੋਂ ਤੱਕ ਇਸ ਦਾ ਸਬੰਧ ਹੈ ਇਵੇਂ ਹੀ "ਮੁਕਤੀ ਦੇ ਐਲਾਨ" ਦਾ ਵੱਖਰਾ ਰੂਪਾਂਤਰਣ ਹੋ ਸਕਦਾ ਹੈ:

"ਲਿਹਾਜ਼ਾ, ਆਓ ਸਹੁੰ ਖਾਈਏ ਕਿ ਜਦੋਂ ਤੱਕ ਅਸੀਂ ਆਪਣੇ ਸ਼ਾਨਾਮੱਤੇ ਮੁਲਕ ਵਿੱਚੋਂ ਅੰਗਰੇਜ਼ ਨੂੰ ਦਬੱਲ ਨਹੀਂ ਦਿੰਦੇ ਅਸੀਂ ਚੈਨ ਨਾਲ ਨਹੀਂ ਬੈਠਾਂਗੇ। ਸਾਡਾ ਮਾਟੋ ਇਹ ਹੋਣਾ ਚਾਹੀਦਾ ਹੈ: 'ਜ਼ਿੰਦਗੀ, ਮੁਕਤੀ ਅਤੇ ਖੁਸ਼ੀ ਦੀ ਭਾਲ ਇਨਸਾਨ ਦੀ ਹਰ ਔਲਾਦ ਦਾ ਜਮਾਂਦਰੂ ਹੱਕ ਹਨ'; 'ਕਿਸੇ ਕੌਮ ਨੂੰ ਕਿਸੇ ਹੋਰ ਕੌਮ ਉਪਰ ਰਾਜ ਕਰਨ ਦਾ ਹੱਕ ਨਹੀਂ ਹੈ': 'ਬੇਗਾਨਿਆਂ ਦੀ ਕੋਈ ਵੀ ਵਧੀਆ ਹਕੂਮਤ ਸਵੈ-ਹਕੂਮਤ ਦਾ ਕਦੇ ਵੀ ਬਦਲ ਨਹੀਂ ਹੋ ਸਕਦੀ।'[175]

ਇੰਞ ਬਰਕਤਉੱਲਾ ਗਿਆਨ-ਉਦੈ (enlightenment) ਦੌਰ ਦੇ ਸਿਆਸੀ ਉਦਾਰਵਾਦ ਦੇ ਨਾਅਰਿਆਂ ਨੂੰ ਸਰਬ-ਇਸਲਾਮਕ ਜਜ਼ਬਾਤ, ਕੌਮਾਂਤਰੀਵਾਦੀ ਸਿਆਸੀ ਵਿਸ਼ਲੇਸ਼ਣ, ਖਾੜਕੂ ਸਵਦੇਸ਼ੀ ਰਾਸ਼ਟਰਵਾਦ, ਸਮਾਜੀ ਡਾਕੇ ਦੀ ਮਹਿਮਾ ਅਤੇ ਕਰਨੀ ਰਾਹੀਂ ਪ੍ਰਚਾਰ ਨਾਲ ਅਭੇਦ ਰੂਪ 'ਚ ਗੁੰਦਦਾ ਹੈ, ਅਤੇ ਸ਼ਾਇਦ ਸਮਾਜਵਾਦੀ ਆਰਥਕ ਮੁੜ-ਵੰਡ ਦੇ ਇਸ਼ਾਰੇ ਨਾਲ ਵੀ – ਜੇ ਕਦੇ ਕੋਈ ਗ਼ਦਰੀ ਦਸਤਾਵੇਜ਼ ਰਿਹਾ ਸੀ ਤਾਂ ਇਹ ਉਸੇ ਦਾ ਸੀ।

# ਅੰਤਿਕਾ

ਗ਼ਦਰ ਦਾ ਚਾਪਦਾਰ ਬਿਰਤਾਂਤ ਦਮ ਲੈਣ ਲਈ ਤਾਂ ਰੁਕਿਆ ਪਰ ਮੇਰਠ ਤੇ ਲਾਹੌਰ ਮੁਕੱਦਮਿਆਂ, ਭਗਤ ਸਿੰਘ-ਰਾਜਗੁਰੂ ਅਤੇ ਸੁਖਦੇਵ ਦੀਆਂ ਮੌਤਾਂ, ਅਤੇ ਚਿਟਗਾਂਗ ਅਸਲਾਖ਼ਾਨੇ ਉਪਰ ਹਮਲਿਆਂ ਨਾਲ ਸੰਘਰਸ਼ ਦੇ ਨਵੇਂ ਗੇੜ ਅਤੇ ਸਿਵਲ ਨਾਫ਼ਰਮਾਨੀ ਲਹਿਰ ਨਾਲ 1930ਵਿਆਂ ਦੀ ਦਹਿਲੀਜ਼ 'ਤੇ ਜਾਕੇ ਇਹ ਖ਼ਤਮ ਨਹੀਂ ਹੋਇਆ। ਹਾਲਾਂਕਿ ਗ਼ਦਰ ਨਾਲ ਜੁੜੇ ਕਾਰਕੁੰਨ ਹੋਰ ਨਾਵਾਂ ਅਤੇ ਜਥੇਬੰਦੀਆਂ ਜ਼ਰੀਏ ਆਪਣਾ ਕੰਮ ਕਰੀ ਜਾ ਰਹੇ ਸਨ, 1931 ਵਿਚ ਵੀ ਅੰਗਰੇਜ਼ ਖ਼ੁਫ਼ੀਆ ਮਹਿਕਮੇ ਨੇ ਜੋ ਚੁਕੰਨੇ ਰਹਿਣ ਦੀ ਚੇਤਾਵਨੀ ਦਿੱਤੀ ਉਹ ਉਸੇ ਨਮੂਨੇ ਦੀ ਮੁੜ-ਦੁਹਰਾਈ ਸੀ ਜੋ ਪੰਦਰਾਂ ਵਰ੍ਹਿਆਂ ਤੋਂ ਵਿਲੱਖਣਤਾ ਨਾਲ ਚਲਿਆ ਆ ਰਿਹਾ ਸੀ: ਗੋਲਮੋਲ ਚੇਤਾਵਨੀਆਂ ਦਿੱਤੀਆਂ ਗਈਆਂ ਕਿ ਉਤਰ-ਪੱਛਮ ਵਾਲੇ ਪਾਸਿਓਂ ਪੰਜਾਬ ਉਪਰ ਰੂਸੀ ਸਰਪ੍ਰਸਤੀ ਨਾਲ ਧਾਵਾ ਬੋਲਣ ਦੀਆਂ ਯੋਜਨਾਵਾਂ ਬਣਾਈਆਂ ਗਈਆਂ ਹਨ, ਜਿਨ੍ਹਾਂ ਦਾ ਤਾਲਮੇਲ ਵਿਆਪਕ ਅੰਦਰੂਨੀ ਗੜਬੜ ਕਰਾਏ ਜਾਣ ਨਾਲ ਬਣਾਇਆ ਜਾਵੇਗਾ। ਅਤੇ ਵਾਕਈ, ਜਿਵੇਂ ਬਹੁਤ ਵਾਰ ਪਹਿਲਾਂ ਹੋ ਚੁੱਕਿਆ ਸੀ, "ਇਹ ਨੋਟ ਕੀਤਾ ਗਿਆ ਕਿ ਗ਼ਦਰ ਪਾਰਟੀ ਦੀ ਕਾਬੁਲ ਸ਼ਾਖਾ ਹਥਿਆਰ, ਹਿੰਦੁਸਤਾਨ ਤੇ ਇਸ ਦੇ ਨਾਲ ਲਗਵੇਂ ਮੁਲਕਾਂ ਦੇ ਨਕਸ਼ੇ ਵੱਡੇ ਪੱਧਰ 'ਤੇ ਜੁਟਾਉਣ, ਦੀ ਲਗਾਤਾਰ ਵਾਹ ਲਾ ਰਹੀ ਸੀ, ਇਹ ਲਾਮਬੰਦੀ ਦੀਆਂ ਸਕੀਮਾਂ ਘੜ ਰਹੀ ਸੀ, ਅਤੇ ਇਹ ਉਤਰ-ਪੱਛਮੀ ਸਰਹੱਦ ਸਬੰਧੀ ਫ਼ੌਜੀ ਸੂਚਨਾ ਉਪਰ ਨਜ਼ਰ ਰੱਖ ਰਹੀ ਸੀ।"[1]

ਗ਼ਦਰੀ ਵਿਸ਼ੇ ਵਾਲਾ ਹੀ ਉਤਰ-ਪੂਰਬੀ ਵੱਖਰਾ ਰੂਪ ਸੁਭਾਸ਼ ਚੰਦਰ ਬੋਸ ਵਲੋਂ ਜਰਮਨੀ ਅਤੇ ਜਪਾਨ ਦੀ ਸਰਪ੍ਰਸਤੀ ਹਾਸਲ ਕਰਨ ਦੇ ਯਤਨਾਂ ਨਾਲ ਦੂਜੀ ਆਲਮੀ ਜੰਗ ਦੌਰਾਨ ਬੋਸ ਦੀ ਆਜ਼ਾਦ ਹਿੰਦ ਫ਼ੌਜ ਦੁਆਰਾ ਹੋਰ ਵੀ ਪੁਰਜ਼ੋਰ ਦੁਹਰਾਇਆ ਗਿਆ ਜੋ ਮੁਕਤੀ ਲਈ ਧਾਵਾ ਬੋਲਣ ਦੇ ਮਨੋਰਥ ਨਾਲ ਹਿੰਦ-ਬਰਮਾ ਸਰਹੱਦ ਦੇ ਆਰ-ਪਾਰ ਦੱਖਣ-ਪੂਰਬੀ ਏਸ਼ੀਆ ਵਿਚ ਹਿੰਦੁਸਤਾਨੀ ਜੰਗੀ ਕੈਦੀਆਂ ਨੂੰ ਲੈ ਕੇ ਬਣਾਈ ਗਈ ਸੀ। ਇਹ ਇਕ ਦਾਅਪੇਚਕ ਵਿਰਾਸਤ ਸੀ; ਇਸ ਦੀ ਵਿਚਾਰਧਾਰਕ ਤੰਦ ਸਾਮਰਾਜਵਾਦ ਵਿਰੁੱਧ ਲੀਗ ਤੋਂ ਲੈ ਕੇ ਜੰਗ ਤੋਂ ਪਿੱਛੋਂ ਗੁੱਟ-ਨਿਰਲੇਪ ਲਹਿਰ ਤੱਕ ਦੇਖੀ ਜਾ ਸਕਦੀ ਸੀ। ਕੌਮੀ ਮੁਕਤੀ + ਸਭਿਆਚਾਰਕ ਤੌਰ 'ਤੇ ਢੁਕਵੇਂ ਸਮਾਜਵਾਦ ਦੀ ਉਸੇ ਹੀ ਦਲੀਲ ਵਿਚ ਤੀਜੀ ਦੁਨੀਆ ਦੀ ਇਕਮੁੱਠਤਾ ਦੀ ਵਚਨਬੱਧਤਾ ਨੂੰ ਬਣਾਉਂਦੀ ਇਹ ਤੰਦ ਪੂਰਬ ਦੇ ਮਿਹਨਤਕਸ਼ਾਂ ਦੀ ਮਾਸਕੋ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਦਾ ਖ਼ਾਸ ਲੱਛਣ ਰਹੀ ਸੀ।

ਹੋਰ ਤਜ਼ਰਬੇਕਾਰ ਗ਼ਦਰੀਆਂ ਨੇ ਹੋਰ ਵੀ ਸਿੱਧੇ ਤੌਰ 'ਤੇ ਅਤੇ ਫ਼ੌਰੀ ਤੌਰ 'ਤੇ ਇਹ ਕੰਮ ਜਾਰੀ ਰੱਖਿਆ। ਮੰਗੂ ਰਾਜ, ਜੋ ਦੱਖਣੀ ਅਮਰੀਕਾ ਵਾਲੇ ਬਹੁਤ ਥੋੜ੍ਹੇ ਗ਼ਦਰੀਆਂ ਵਿੱਚੋਂ ਇਕ ਸੀ ਜੋ ਸੂਚੀਦਰਜ਼ ਜਾਤ ਦਾ ਸੀ, ਨੇ 1920ਵਿਆਂ ਦੇ ਅੱਧ ਵਿਚ ਆਪਣੇ ਤਜ਼ਰਬੇ ਨੂੰ ਪੰਜਾਬੀ ਛੂਆਛਾਤ ਵਿਰੋਧੀ ਲਹਿਰ *ਆਦਿ ਧਰਮ* ਦੇ ਇਕ ਰਚੇਤਾ ਵਜੋਂ ਨਿਆਰੀ ਦਿਸ਼ਾ ਵਿਚ ਢਾਲਿਆ।[2] 1909 ਵਿਚ ਤੇਈ ਵਰ੍ਹੇ ਦੀ ਉਮਰ ਵਿਚ ਆਪਣੇ ਬਾਪ ਦੇ ਉੱਦਮ ਨਾਲ ਉਹ ਇਕ ਮਜ਼ਦੂਰ ਠੇਕੇਦਾਰ ਦੀ ਮਦਦ ਨਾਲ ਕੈਲੀਫੋਰਨੀਆ ਗਿਆ। ਉਥੇ ਜਾ ਕੇ ਫੁੱਲ ਤੋੜਨ ਦੀ ਨੌਕਰੀ ਕੀਤੀ।

ਰਾਹਦਾਰੀ ਦਾ ਖ਼ਰਚਾ ਠੇਕੇਦਾਰ ਨੇ ਦਿੱਤਾ, ਜਿਸ ਨੂੰ ਉਸ ਦੀਆਂ ਪਹਿਲੀਆਂ ਤਨਖ਼ਾਹਾਂ ਵਿੱਚੋਂ ਕੱਟਿਆ ਜਾਣਾ ਸੀ, ਜਿਸ ਪਿੱਛੋਂ ਉਹ ਆਪਣੇ ਟੱਬਰ ਨੂੰ ਪੈਸੇ ਭੇਜੇਗਾ। ਅਗਲੇ ਪੰਜ ਵਰ੍ਹੇ ਉਸ ਨੇ ਸੈਂਟਰਲ ਵੈਲੀ ਵਿਚ ਵੱਖੋ-ਵੱਖਰੇ ਕਿਰਤ ਕੈਂਪਾਂ ਵਿਚ ਗੁਜ਼ਾਰੇ, ਅਕਸਰ ਹੀ ਉਨ੍ਹਾਂ ਹੀ ਟੱਬਰਾਂ ਦੇ ਆਵਾਸੀ ਭੋਂਇ-ਮਾਲਕ ਉਸ ਨੂੰ ਕੰਮ ਦਿੰਦੇ ਰਹੇ ਜੋ ਪਿੱਛੇ ਮੁਲਕ ਵਿਚ ਉਸ ਦੇ ਪਿੰਡ ਦੇ ਜ਼ਿਮੀਦਾਰ ਰਹੇ ਸਨ।[3]

ਜਦੋਂ ਉਸ ਦਾ ਵਾਹ ਗ਼ਦਰ ਨਾਲ ਪਿਆ ਤਾਂ ਸਾਰਾ ਕੁਝ ਬਦਲ ਗਿਆ।[4] ਲਹਿਰ ਦੇ ਸਮਾਜੀ ਬਰਾਬਰੀ ਦੇ ਖ਼ਵਾਬ ਤੋਂ ਉਤਸ਼ਾਹਤ ਹੋ ਕੇ, ਉਹ ਸਾਨ ਫਰਾਂਸਿਸਕੋ ਦਫ਼ਤਰ ਵਿਚ ਕੁਲਵਕਤੀ ਕਾਮਾ ਬਣ ਗਿਆ। 1915 ਵਿਚ ਉਹ ਉਸ ਪੰਜ ਜਣਿਆਂ ਦੀ ਟੋਲੀ ਵਿਚ ਸ਼ਾਮਲ ਸੀ ਜੋ ਖ਼ਤਰਨਾਕ *ਐਨੀ ਲਾਰਸਨ ਮਾਵਰਿਕ* ਮੁਹਿੰਮ 'ਤੇ ਭੇਜੀ ਜਾਵੇਗੀ। ਇਕ ਲੰਮੇ ਸਫ਼ਰ ਤੋਂ ਪਿੱਛੋਂ, ਜਿਸ ਵਿਚ ਹਵਾਈ ਵਿਚ ਜਵਾਲਾਮੁਖੀ ਦਾ ਫਟਣਾ ਅਤੇ ਦੋ ਵਾਰ ਐਨ ਆਖ਼ਰੀ ਮੌਕੇ 'ਤੇ ਮੌਤ ਦੇ ਮੂੰਹੋਂ ਬਚ ਨਿਕਲਣਾ ਸ਼ਾਮਲ ਸੀ, ਉਹ ਫਿਲੀਪਿਨਜ਼ ਵਿਚ ਜਹਾਜ਼ ਤੋਂ ਉਤਰਿਆ ਜਿਥੇ ਗ਼ਦਰੀ ਸਾਥੀਆਂ ਨੇ ਉਸ ਨੂੰ ਜੰਗ ਦੇ ਮੁੱਕਣ ਤੱਕ ਮਹਿਫ਼ੂਜ਼ ਛੁਪਾਈ ਰੱਖਿਆ। ਭਾਵੇਂ ਖ਼ਤਰਾ ਟਲ ਗਿਆ ਸੀ, ਉਸ ਨੇ ਉਥੇ ਮਨੀਲਾ ਵਿਚ ਰਹਿ ਕੇ ਇਕ ਅਮਰੀਕਨ ਕੱਪੜਾ ਫੈਕਟਰੀ ਦੇ ਇਕ ਠੇਕੇਦਾਰ ਲਈ ਕੰਮ ਕਰਨ ਦਾ ਰਾਹ ਚੁਣਿਆ।[5] 1920 ਦੀ ਇਕ ਖ਼ੁਫ਼ੀਆ ਰਿਪੋਰਟ ਵਿਚ ਓਦੋਂ ਉਸ ਨੂੰ ਇਕ "ਮੋਹਰੀ ਹਿੰਦੁਸਤਾਨੀ ਇਨਕਲਾਬੀ" ਦੱਸਿਆ ਗਿਆ ਜਿਸ ਦਾ "ਫਿਲੀਪਿਨਜ਼ ਟਾਪੂਆਂ ਦੇ ਬਹੁਤ ਸਾਰੇ ਹਿੰਦੁਸਤਾਨੀਆਂ ਨੂੰ ਬੇਵਫ਼ਾ ਬਣਾਉਣ" ਵਿਚ ਯੋਗਦਾਨ ਸੀ। ਮਨੀਲਾ ਦੇ ਇਕ ਇਕੱਠ ਵਿਚ, ਉਸ ਨੇ ਅਤੇ ਹੋਰ ਬੁਲਾਰਿਆਂ ਨੇ ਹਿੰਦੁਸਤਾਨ ਵੱਲ ਇਕ ਬਾਲਸ਼ਵਿਕ ਕੂਚ ਦੀ ਪੇਸ਼ੀਨਗੋਈ ਕੀਤੀ, ਜਿਸ ਉਪਰ ਹੁਣ ਉਹ ਉਮੀਦਾਂ ਲੱਗੀਆਂ ਹੋਈਆਂ ਸਨ ਜਿਨ੍ਹਾਂ ਦੀ ਟੇਕ ਪਹਿਲਾਂ ਜਰਮਨੀ ਦੀ ਜਿੱਤ ਉਪਰ ਰਹੀ ਸੀ। ਉਨ੍ਹਾਂ ਨੇ "ਤੁਰਕੀ ਅਤੇ ਅਰਬ ਵਿਚ ਹੁਣ ਨਿੱਤ ਹੋ ਰਹੀਆਂ ਬਗ਼ਾਵਤਾਂ" ਦੀ ਚਰਚਾ ਵੀ ਕੀਤੀ। ਉਨ੍ਹਾਂ ਨੇ ਰਾਇ ਬਣਾਈ ਕਿ ਸਾਰੇ ਹਾਸਲ ਫੰਡ ਅਤੇ ਸਾਹਿਤ ਇਕ ਥਾਂ ਜਮ੍ਹਾਂ ਕਰ ਲਏ ਜਾਣ ਜੋ ਉਨ੍ਹਾਂ ਦੇ ਵਤਨ ਵਾਸੀਆਂ ਨੇ ਫਿਲੀਪਿਨਜ਼ ਵਿਚ ਹਿੰਦੁਸਤਾਨ ਵਿਚ ਫ਼ੌਜਾਂ ਅਤੇ ਕਿਸਾਨਾਂ ਨੂੰ ਭੇਜਣ ਲਈ ਸਾਨ ਫਰਾਂਸਿਸਕੋ ਤੋਂ ਇਕੱਠੇ ਕਰਕੇ ਭੇਜੇ ਸਨ।[6]

ਜਦੋਂ 1926 'ਚ ਮੰਗੂ ਰਾਮ ਆਪ ਹਿੰਦੁਸਤਾਨ ਆਇਆ, ਉਸ ਨੇ ਦੇਖਿਆ ਕਿ ਬਦੇਸ਼ ਵਿਚ ਗੁਜ਼ਾਰੇ ਸਾਲਾਂ ਨੇ ਉਸ ਦਾ ਰਸੂਖ਼ ਐਨਾ ਬਣਾ ਦਿੱਤਾ ਸੀ ਕਿ ਉਸ ਨੂੰ ਹੁਣ ਉੱਚੀ ਜਾਤ ਦੇ ਬੰਦੇ ਵਾਂਗ ਸਵੀਕਾਰਿਆ ਜਾਣ ਲੱਗਿਆ ਸੀ। "ਬਦੇਸ਼ ਵਿਚ ਸੋਲਾਂ ਵਰ੍ਹੇ ਉਸ ਨੇ ਇਕ ਐਸੀ ਜ਼ਿੰਦਗੀ ਮਾਣੀ ਸੀ ਜਿਸ ਵਿਚ ਉਸ ਨਾਲ ਇਕ ਚਮਾਰ ਦੀ ਬਜਾਏ ਇਕ ਇਨਸਾਨ ਵਾਲਾ ਸਲੂਕ ਕੀਤਾ ਜਾਂਦਾ ਰਿਹਾ ਸੀ।" ਇਹ ਨੋਟ ਕਰਦੇ ਹੋਏ ਮਾਰਕ ਜੁਇਰਜਨਸਮਾਇਰ ਇਹ ਟਿੱਪਣੀ ਕਰਦਾ ਹੈ ਕਿ ਉਤਰੀ ਅਮਰੀਕਾ ਵਿਚ ਤਾਂ ਹਿੰਦੁਸਤਾਨੀ ਭਾਈਚਾਰੇ ਨੂੰ ਬਦੇਸ਼ੀ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਸੀ, ਅੰਦਰੂਨੀ ਤੌਰ 'ਤੇ ਉਹ ਐਨੇ ਸਮਾਨਤਾਵਾਦੀ ਸਨ ਜੋ ਹਿੰਦੁਸਤਾਨ ਅੰਦਰ ਅਲੋਕਾਰ ਸੀ। ਇਸ ਤੋਂ ਇਲਾਵਾ, "ਗ਼ਦਰ ਲਹਿਰ ਦੇ ਭਰੱਪਣ ਨੇ ਭਾਈਚਾਰੇ ਤੇ ਬਰਾਬਰੀ ਦਾ ਇਕ ਮਿਆਰ ਮੁਹੱਈਆ ਕੀਤਾ ਜਿਸ ਬਾਰੇ ਮੰਗੂ ਰਾਮ ਦੀ ਸੋਚ ਸੀ ਕਿ ਇਹ ਸਾਰੇ ਸਮਾਜਾਂ ਉਪਰ ਲਾਗੂ ਕੀਤਾ ਜਾਣਾ ਚਾਹੀਦਾ ਹੈ। ਨਿਸ਼ਚੇ ਹੀ ਉਸ ਦੀਆਂ ਸਮਾਜੀ ਇੱਛਾਵਾਂ ਨੇ ਅੰਗੜਾਈ ਭਰ ਲਈ ਸੀ।"[7] ਪਰ ਜਾਤਪਾਤੀ ਪ੍ਰਬੰਧ ਦੀ ਕਠੋਰਤਾ ਤੋਂ ਉਸ ਦੇ ਵਿਅਕਤੀਗਤ ਬਚਾਅ ਨੇ ਵਾਪਸ ਮੁੜਨ 'ਤੇ ਉਸ ਨੂੰ ਸਮੂਹਕ ਬੇਇਨਸਾਫ਼ੀਆਂ ਪ੍ਰਤੀ ਹੋਰ ਵੀ ਵਧੇਰੇ ਸੰਵੇਦਨਸ਼ੀਲ ਬਣਾ ਦਿੱਤਾ। ਜੁਇਰਜਨਸਮਾਇਰ ਟਿੱਪਣੀ ਕਰਦਾ ਹੈ : "ਜਦੋਂ ਮੰਗੂ ਰਾਮ ਪੰਜਾਬ ਪੁੱਜਿਆ ਉਹ ਇਸ ਦਾ ਕਾਇਲ ਸੀ ਕਿ ਇਥੇ ਸਮਾਜੀ ਬਦਲਾਓ ਦੀ ਲੋੜ ਸੀ, ਅਤੇ ਉਸ ਨੇ ਇਹ ਐਲਾਨ ਕਰਦਿਆਂ

ਸਾਨ ਫਰਾਂਸਿਸਕੋ ਵਿਚਲੇ ਗ਼ਦਰ ਪਾਰਟੀ ਸਦਰ-ਮੁਕਾਮ ਨੂੰ ਹਿੰਦੁਸਤਾਨ ਵਿਚ ਸੂਚੀਦਰਜ਼ ਜਾਤਾਂ ਦੀ ਦੁੱਭਰ ਹਾਲਤ ਬਾਰੇ ਲਿਖਿਆ ਕਿ ਉਸ ਲਈ ਰਾਸ਼ਟਰ ਦੀ ਆਜ਼ਾਦੀ ਨਾਲੋਂ ਉਨ੍ਹਾਂ ਦੀ ਆਜ਼ਾਦੀ ਵੱਧ ਅਹਿਮ ਹੈ।" ਪਾਰਟੀ ਆਗੂਆਂ ਨੇ ਫਿਰ ਉਸ ਨੂੰ "ਅਛੂਤਾਂ ਦੇ ਕਲਿਆਣ" ਦਾ ਕਾਰਜ ਸੌਂਪਿਆ।[8] ਪੰਜਾਬ ਵਿਚ ਹੋਰ ਪੁਰਾਣੇ ਗ਼ਦਰੀ ਘੁਲਾਟੀਆਂ ਨਾਲ ਪੇਤਲੇ ਸੰਪਰਕ ਦੇ ਬਾਵਜੂਦ, ਮੰਗੂ ਰਾਮ ਦਾ "ਪਾਰਟੀ ਪ੍ਰਤੀ ਸਤਿਕਾਰ" ਬਣਿਆ ਰਿਹਾ, "ਅਤੇ ਉਹ ਸਮਝਦਾ ਸੀ ਕਿ ਉਹ ਗ਼ਦਰ ਦੇ ਨਿਸ਼ਾਨਿਆਂ ਨੂੰ ਆਦਿ ਧਰਮ ਵਿਚ ਜਾਰੀ ਰੱਖ ਰਿਹਾ ਹੈ," ਜਿਸ ਦਾ ਉਹ ਇਸ ਦੀ ਹੋਂਦ ਦੇ ਪਹਿਲੇ ਕਈ ਸਾਲਾਂ ਤੱਕ ਪ੍ਰਭਾਵਸ਼ਾਲੀ ਪ੍ਰਮੁੱਖ ਚਾਲਕ ਰਿਹਾ ਸੀ।[9]

ਅੰਮ੍ਰਿਤਸਰ ਕਤਲੇਆਮ ਦੇ ਰਚੇਤਾ ਓਡਵਾਇਰ ਦੇ ਕਤਲ ਨੂੰ ਵੀ ਗ਼ਦਰੀਆਂ ਦੀ ਕਾਰਵਾਈ ਗਿਣਿਆ ਜਾ ਸਕਦਾ ਹੈ।[10] ਊਧਮ ਸਿੰਘ (ਉਰਫ਼ ਮੁਹੰਮਦ ਸਿੰਘ ਆਜ਼ਾਦ, ਆਜ਼ਾਦੀ ਅਤੇ ਫਿਰਕੂ ਏਕਤਾ ਦਾ ਚਿੰਨ੍ਹ) ਦਾ ਜਨਮ ਵੀਹਵੀਂ ਸਦੀ ਦੀ ਸ਼ੁਰੂਆਤ ਦੇ ਵਕਤ ਹੋਇਆ ਅਤੇ ਉਸ ਦੀ ਪਰਵਰਿਸ਼ ਅੰਮ੍ਰਿਤਸਰ ਦੇ ਇਕ ਯਤੀਮਖ਼ਾਨੇ 'ਚ ਹੋਈ। ਉਸ ਨੇ ਮੈਸੋਪੋਟਾਮੀਆ ਅਤੇ ਪੂਰਬੀ ਅਫ਼ਰੀਕਾ ਵਿਚ ਅੰਗਰੇਜ਼ ਫ਼ੌਜ ਵਿਚ ਨੌਕਰੀ ਕੀਤੀ। ਯੂਗਾਂਡਾ ਰੇਲਵੇ 'ਤੇ ਕੰਮ ਕੀਤਾ ਅਤੇ ਫਿਰ ਬਰਾਸਤਾ ਮੈਕਸੀਕੋ ਅਮਰੀਕਾ ਚਲਾ ਗਿਆ। ਸੱਤ ਵਰ੍ਹੇ ਕੈਲੀਫੋਰਨੀਆ, ਡੈਟਰੋਇਟ, ਸ਼ਿਕਾਗੋ ਅਤੇ ਨਿਊਯਾਰਕ ਵਿਚ ਕੰਮ ਕਰਨ ਮਗਰੋਂ, ਉਸ ਨੇ "ਫਰਾਂਕ ਬਰਾਜ਼ਿਲ" ਦੀ ਜਾਅਲੀ ਪੂਏਰਤੋ ਰਿਕੋ ਪਛਾਣ ਦੱਸਕੇ ਅਮਰੀਕਨ ਸ਼ਿਪਿੰਗ ਲਾਈਨ ਲਈ ਜਹਾਜ਼ੀ ਤੇ ਲੱਕੜ ਦੇ ਮਿਸਤਰੀ ਵਜੋਂ ਇਕਰਾਰਨਾਮਾ ਕੀਤਾ ਅਤੇ ਸਮੁੰਦਰੀ ਜਹਾਜ਼ ਰਾਹੀਂ ਪੂਰਾ ਯੂਰਪ ਤੇ ਭੂਮੱਧ ਸਾਗਰ ਗਾਹ ਮਾਰਿਆ। ਓੜਕ 1927 'ਚ ਉਹ ਹਿੰਦੁਸਤਾਨ ਆ ਗਿਆ। ਇਸ ਪਿੱਛੋਂ ਛੇਤੀ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਪਹਿਲਾਂ ਉਸ ਨੂੰ ਕਰਾਚੀ ਵਿਚ ਅਸ਼ਲੀਲ ਪੋਸਟ-ਕਾਰਡ ਰੱਖਣ ਦੇ ਅਖੌਤੀ ਇਲਜ਼ਾਮ ਵਿਚ ਜੁਰਮਾਨਾ ਕੀਤਾ ਗਿਆ ਅਤੇ ਫਿਰ ਅੰਮ੍ਰਿਤਸਰ ਵਿਚ ਆਰਮਜ਼ ਐਕਟ ਤਹਿਤ "ਦੋ ਰਿਵਾਲਵਰ, ਇਕ ਪਿਸਤੌਲ, ਕੁਝ ਗੋਲੀਸਿੱਕੇ ਅਤੇ ਪਾਬੰਦੀਸ਼ੁਦਾ ਰਸਾਲੇ *ਗ਼ਦਰ-ਦੀ-ਗੂੰਜ* ਦੀਆਂ ਕਾਪੀਆਂ ਰੱਖਣ ਦੇ ਇਲਜ਼ਾਮ ਵਿਚ। ਪੁਲਿਸ ਨੇ ਰਿਪੋਰਟ ਦਿੱਤੀ: "ਲੱਗਦਾ ਹੈ ਕਿ ਅਮਰੀਕਾ ਵਿਚ ਹੋਣ ਸਮੇਂ ਉਹ ਗ਼ਦਰ ਪਾਰਟੀ ਦੇ ਪ੍ਰਭਾਵ 'ਚ ਆਇਆ ਅਤੇ ਇਸ ਦੀ ਸਿਖਿਆ ਤੋਂ ਪ੍ਰਭਾਵਿਤ ਹੋਇਆ।" ਇਨ੍ਹਾਂ ਸਾਲਾਂ ਵਿਚ ਉਸ ਦੀ ਜਾਣ-ਪਛਾਣ ਲਾਜਪਤ ਰਾਏ, ਸ. ਕਿਸ਼ਨ ਸਿੰਘ, ਅਤੇ ਉਸ ਦੇ ਬੇਟੇ ਭਗਤ ਸਿੰਘ ਨਾਲ ਹੋ ਗਈ, "ਜਿਸ ਨੂੰ ਉਹ ਆਪਣਾ ਗੁਰੂ ਤੇ 'ਪਰਮ ਮਿੱਤਰ' ਮੰਨਦਾ ਸੀ।" ਅੱਗੇ ਰਿਪੋਰਟ ਵਿਚ ਦਰਜ਼ ਹੈ ਕਿ ਊਧਮ ਸਿੰਘ ਨੇ "ਯੂਰਪੀਅਨ ਨੂੰ ਮਾਰਨ" ਦੇ ਆਪਣੇ ਇਰਾਦੇ ਨਿਝੱਕ ਬਿਆਨ ਕੀਤੇ ਸਨ "ਜੋ ਹਿੰਦੁਸਤਾਨੀਆਂ 'ਤੇ ਰਾਜ ਕਰ ਰਹੇ ਸਨ ਅਤੇ ਕਿ ਉਸ ਦੀ ਹਮਦਰਦੀ ਪੂਰੀ ਤਰ੍ਹਾਂ ਬਾਲਸ਼ਵਿਕਾਂ ਨਾਲ ਸੀ, ਕਿਉਂਕਿ ਉਨ੍ਹਾਂ ਦਾ ਨਿਸ਼ਾਨਾ ਹਿੰਦੁਸਤਾਨ ਨੂੰ ਬਦੇਸ਼ੀ ਕਬਜ਼ੇ ਤੋਂ ਆਜ਼ਾਦ ਕਰਾਉਣਾ ਸੀ।" ਉਸ ਨੂੰ ਪੰਜ ਵਰ੍ਹੇ ਦੀ ਸਖ਼ਤ ਕੈਦ ਦੀ ਸਜ਼ਾ ਦਿੱਤੀ ਗਈ।[11]

ਰਿਹਾਈ ਤੋਂ ਪਿੱਛੋਂ ਰਾਹ ਤਲਾਸ਼ਦਿਆਂ, 1934 'ਚ ਉਹ ਲੰਦਨ ਜਾ ਪੁੱਜਾ। ਫਿਰ ਰਿਪੋਰਟ ਇਹ ਸੀ ਕਿ ਉਹ ਫਿਲਮ ਸਟੂਡੀਓ ਵਿਖੇ ਭੀੜ ਦਿਖਾਏ ਜਾਣ ਦੇ ਦ੍ਰਿਸ਼ਾਂ ਵਿਚ ਵਾਧੂ ਪਾਤਰਾਂ ਵਜੋਂ ਟੁੱਟਵਾਂ ਕੰਮ ਕਰਦਿਆਂ, ਵੈਸਟ ਐਂਡ ਵਿਚ ਇਕ ਗੋਰੀ ਔਰਤ ਨਾਲ ਰਹਿ ਰਿਹਾ ਸੀ। ਕਿਹਾ ਜਾਂਦਾ ਹੈ ਕਿ ਕਈ ਮੌਕਿਆਂ 'ਤੇ ਉਹ "ਇੰਤਹਾ ਖ਼ਿਆਲ" ਪ੍ਰਗਟਾਉਂਦਾ ਰਹਿੰਦਾ ਸੀ ਅਤੇ ਇੱਥੋਂ ਤੱਕ ਕਿ ਉਹ "ਹਿੰਦੁਸਤਾਨ ਵਿਚ ਚੋਰੀ-ਛੁਪੇ ਹਥਿਆਰ ਭੇਜਣ ਦੀਆਂ ਸ਼ੇਖੀਆਂ ਵੀ ਮਾਰਦਾ ਸੀ।" ਫਿਰ ਵੀ ਉਸ ਨੂੰ ਲੰਦਨ ਦੇ ਜਾਣੇ-ਪਛਾਣੇ ਇੰਤਹਾਪਸੰਦ ਧੜਿਆਂ ਨਾਲ ਨਹੀਂ ਸੀ ਜੋੜਿਆ ਜਾ ਸਕਦਾ। ਨਵੰਬਰ 1939 'ਚ, ਉਸ ਦੀ ਛੋਕੜਲੀ ਨੌਕਰੀ ਖ਼ਤਮ ਹੋ ਗਈ ਸੀ, ਅਤੇ ਉਹ ਸਿੰਘ ਆਜ਼ਾਦ ਦੇ ਨਾਂ ਹੇਠ ਮਾਸਿਕ ਬੇਰੋਜ਼ਗਾਰੀ ਭੱਤੇ ਹਾਸਲ ਕਰ ਰਿਹਾ ਸੀ। ਮਾਰਚ 1940

ਦੀ ਇਕ ਸਵੇਰ ਨੂੰ, ਆਜ਼ਾਦ ਲੈਸਟਰ ਸਕੇਅਰ ਵਿਚ ਪਾਲ ਰੌਬਿਨਸਨ ਦੀ ਫਿਲਮ ਦੇਖਣ ਗਿਆ, ਪਰ ਸਿਨੇਮਾ ਅਜੇ ਖੁੱਲ੍ਹਿਆ ਨਹੀਂ ਸੀ। ਫਿਰ ਉਹ ਵਾਪਸੀ ਵੀਜ਼ਾ ਲੈਣ ਦੇ ਚੱਕਰ ਵਿਚ ਬੇਚੈਨੀ ਨਾਲ ਇੰਡੀਆ ਆਫ਼ਿਸ ਨੇੜੇ ਘੁੰਮਦਾ ਰਿਹਾ, ਪਰ ਜਿਸ ਬੰਦੇ ਨੂੰ ਉਹ ਮਿਲਣਾ ਚਾਹੁੰਦਾ ਸੀ ਉਹ ਬਾਹਰ ਗਿਆ ਹੋਇਆ ਸੀ। ਉਹ ਇੰਤਜ਼ਾਰ ਨਹੀਂ ਸੀ ਕਰਨਾ ਚਾਹੁੰਦਾ ਅਤੇ ਉੱਥੋਂ ਆ ਗਿਆ। ਓਦੋਂ ਉਸ ਦੀ ਨਜ਼ਰ ਈਸਟ ਏਸ਼ੀਆ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਆ ਐਸੋਸੀਏਸ਼ਨ ਵਲੋਂ ਕੈਕਸਟਨ ਹਾਲ ਵਿਖੇ ਮੀਟਿੰਗ ਦੇ ਪ੍ਰਚਾਰ ਬੋਰਡ ਉਪਰ ਪਈ, ਜਿਥੇ ਪਰਸੀ ਸਾਈਕਸ ਨੇ ਅਫ਼ਗਾਨਿਸਤਾਨ ਬਾਰੇ ਚਰਚਾ ਕਰਨੀ ਸੀ। ਆਜ਼ਾਦ ਮੀਟਿੰਗ ਵਿਚ ਚਲਾ ਗਿਆ ਅਤੇ ਇਥੇ ਉਸ ਨੇ ਓਡਵਾਇਰ ਨੂੰ ਗੋਲੀ ਨਾਲ ਮਾਰਿਆ।[12]

ਜੁਲਾਈ ਵਿਚ ਆਜ਼ਾਦ ਨੂੰ ਫਾਂਸੀ ਦੇ ਦਿੱਤੀ ਗਈ। ਆਖ਼ਰੀ ਬੋਲਾਂ ਵਿਚ ਉਸ ਨੇ ਆਪਣੇ ਵਤਨ ਲਈ ਮਰ ਮਿਟਣ 'ਤੇ ਮਾਣ ਅਤੇ ਸੁਚੇਤ ਤੌਰ 'ਤੇ ਆਪਣੇ ਪਿਆਰੇ ਮਿੱਤਰ ਭਗਤ ਸਿੰਘ ਦੇ ਬੋਲ ਦੁਹਰਾਉਂਦਿਆਂ ਉਸ ਦੇ ਨਕਸ਼ੇ-ਕਦਮਾਂ 'ਤੇ ਚੱਲਣ ਦੀ ਤੱਤਪਰਤਾ ਦਿਖਾਈ। ਐਨ ਉਵੇਂ ਜਿਵੇਂ ਭਗਤ ਸਿੰਘ ਨੇ ਕਰਤਾਰ ਸਿੰਘ ਦੇ ਬੋਲਾਂ ਨੂੰ ਦੁਹਰਾਇਆ ਸੀ।

ਪੁਲਿਸ ਰਿਪੋਰਟ ਨੇ ਟਿੱਪਣੀ ਕੀਤੀ ਕਿ ਉਹ ਪਾਗਲ ਨਹੀਂ ਸੀ, ਜਿਵੇਂ ਕਿ ਸੁਣਨ ਵਾਲਿਆਂ ਨੂੰ ਲੱਗ ਸਕਦਾ ਸੀ; ਸਗੋਂ ਇਹ ਉਹੀ ਕੁਝ ਸੀ ਜੋ ਹਿੰਦੁਸਤਾਨੀ ਇਨਕਲਾਬੀ ਕਰਦੇ ਹਨ, ਭਾਵ ਪੁਰਜੋਸ਼ "ਕਾਵਿ ਕਿਰਤਾਂ" ਦਾ ਸਿਆਸੀ ਪ੍ਰਚਾਰ ਵਜੋਂ ਇਸਤੇਮਾਲ, ਜਿਸ ਵਿਚ "ਬਸਤੀਵਾਦੀ ਵਹਿਸ਼ੀਪਣ ਦੀ ਉਘੜ-ਦੁਘੜੀ ਪੇਸ਼ਕਾਰੀ" ਵਿਚ "ਸੱਚ ਭਾਸ਼ਾ ਦੇ ਵੇਗ ਦੇ ਅਧੀਨ ਹੁੰਦਾ ਹੈ।" ਆਜ਼ਾਦ ਦੇ ਅੰਗਰੇਜ਼ੀ, ਉਰਦੂ ਅਤੇ ਗੁਰਮੁਖੀ ਵਿਚ ਲਿਖੇ ਹੋਏ ਆਖ਼ਰੀ ਸ਼ਬਦ ਗ਼ਦਰ ਨੂੰ ਨਹੀਂ ਸੌਂਪੇ ਗਏ, ਜਿਸ ਨੇ ਉਸ ਦੀ ਰਹਿਮ ਦੀ ਅਪੀਲ ਲਈ ਫੰਡ ਜੁਟਾਏ ਸਨ, ਇਸ ਡਰੋਂ ਕਿ ਇਹ ਉਸ ਨੂੰ ਸ਼ਹੀਦ ਵਜੋਂ ਸਥਾਪਤ ਕਰਦੇ ਹਨ। ਉਸ ਵਲੋਂ "ਪ੍ਰਗਟਾਏ ਜਜ਼ਬਾਤ ਉਸੇ ਨਮੂਨੇ ਦੇ ਸਨ ਜੋ ਅੱਧਪੜ੍ਹ ਗ਼ਦਰ ਇਨਕਲਾਬੀਆਂ ਦੇ ਹੁੰਦੇ ਸਨ"; ਯਾਨੀ, ਕਿ ਉਹ ਅੰਗਰੇਜ਼ਾਂ ਦੀ ਦਹਿਸ਼ਤ ਹੇਠ ਜਿਊਣ ਦੀ ਬਜਾਏ ਮੌਤ ਨੂੰ ਗਲੇ ਲਗਾਏਗਾ ਅਤੇ ਕਿ ਅੰਗਰੇਜ਼ੀ ਸਾਮਰਾਜਵਾਦ ਦੇ ਅਧੀਨ ਰਹਿਣ ਨਾਲੋਂ ਉਸ ਦੇ ਲੋਕ ਮਰ-ਮਿਟ ਜਾਣਾ ਪਸੰਦ ਕਰਨਗੇ। ਹਿੰਦੁਸਤਾਨ ਦੇ ਲੋਕਾਂ ਨੂੰ "ਮੁਲਕ ਦੇ ਨਫ਼ੇ ਅਤੇ ਪੈਦਾਵਾਰ" ਦਾ ਇਸਤੇਮਾਲ ਜ਼ਰੂਰ ਹੀ "ਜਮਾਤ ਜਾਂ ਧਰਮ ਸਿਧਾਂਤ ਦੇ ਤੁਅੱਸਬ ਤੋਂ ਉਪਰ ਉੱਠ ਕੇ" ਆਪਣੇ ਫ਼ਾਇਦੇ ਲਈ ਕਰਨਾ ਚਾਹੀਦਾ ਹੈ। ਉਸ ਨੇ ਅੰਗਰੇਜ਼ਾਂ ਉੱਪਰ ਨਿਘਾਰ ਲਿਆਉਣ ਦਾ ਇਲਜ਼ਾਮ ਲਾਇਆ, ਇਹ ਕਹਿੰਦੇ ਹੋਏ ਕਿ "ਮੈਥੋਂ ਕੀ ਪੁੱਛਦੇ ਹੋ, ਜ਼ਰਾ ਇਤਿਹਾਸ ਪੜ੍ਹ ਲਵੋ।" ਫਿਰ ਉਸ ਨੇ ਜੱਜ ਉਪਰ ਥੁੱਕਿਆ, "ਇਨਕਲਾਬ" ਦਾ ਨਾਅਰਾ ਗੂੰਜਾਇਆ, ਅਤੇ ਮੌਤ ਨੂੰ ਗਲੇ ਲਗਾਉਣ ਦੀ ਇੱਛਾ ਪ੍ਰਗਟਾਈ।[13]

ਇਸ ਪਿੱਛੋਂ ਊਧਮ ਸਿੰਘ ਦੀ ਤਸਵੀਰ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਆਈ.ਡਬਲਯੂ.ਏ.) ਦੇ ਇਕੱਠਾਂ ਵਿਚ ਠੁੱਕ ਨਾਲ ਸਜਾਈ ਨਜ਼ਰ ਆਉਣ ਲੱਗੀ, ਜਿਸ ਦੀ ਸਥਾਪਨਾ ਗ਼ਦਰ ਦੇ ਹਮਾਇਤੀਆਂ ਵਲੋਂ ਕੁਵੈਂਟਰੀ ਵਿਚ 1937 'ਚ ਕੀਤੀ ਗਈ ਸੀ। ਕੁਝ ਵਰ੍ਹਿਆਂ 'ਚ ਹੀ, ਢਿੱਲੀ ਜਹੀ ਖਿੰਡੀ ਜਥੇਬੰਦੀ ਨੇ ਇੰਗਲੈਂਡ ਦੇ ਜ਼ਿਆਦਾਤਰ ਵੱਡੇ ਸ਼ਹਿਰਾਂ ਵਿਚ ਬਰਾਂਚਾਂ ਬਣਾਕੇ ਸੰਪਰਕ ਜੋੜ ਲਏ। ਇਨ੍ਹਾਂ ਬਰਾਂਚਾਂ ਨੇ ਦੂਜੀ ਆਲਮੀ ਜੰਗ ਦੌਰਾਨ ਹਿੰਦੁਸਤਾਨੀ ਮਜ਼ਦੂਰਾਂ ਦੇ ਹੱਕਾਂ ਅਤੇ ਸਮਾਜ ਭਲਾਈ ਦੀ ਵਕਾਲਤ ਕੀਤੀ, ਹਿੰਦੁਸਤਾਨੀਆਂ ਨੂੰ ਬਰਤਾਨਵੀ ਮਜ਼ਦੂਰ ਲਹਿਰ ਵਿਚ ਹਿੱਸਾ ਲੈਣ ਦਾ ਰਸਤਾ ਮੁਹੱਈਆ ਕੀਤਾ, ਆਜ਼ਾਦੀ ਸੰਗਰਾਮ ਲਈ ਮੁਹਿੰਮ ਚਲਾਈ, ਅਤੇ ਗ਼ਦਰੀ ਤੇ ਅਕਾਲੀ ਸਿਆਸੀ ਕੈਦੀਆਂ ਦੇ ਪਰਿਵਾਰਾਂ ਦੀ ਮਦਦ ਲਈ ਅੰਮ੍ਰਿਤਸਰ ਵਾਲੀ ਦੇਸ਼ਭਗਤ ਪਰਿਵਾਰ ਸਹਾਇਕ ਕਮੇਟੀ ਲਈ ਫੰਡ ਇਕੱਠੇ ਕੀਤੇ (ਜਿਵੇਂ ਜੰਗ ਦੇ ਦਰਮਿਆਨ ਅਮਰੀਕੀ ਗ਼ਦਰ ਪਾਰਟੀ ਨੇ ਕੀਤਾ ਸੀ)। ਭਾਵੇਂ ਇਹ ਧੜੇਬੰਦੀ ਦਾ ਸ਼ਿਕਾਰ ਹੋ

ਗਈ ਅਤੇ ਜੰਗ ਦੇ ਅਖ਼ੀਰ 'ਚ ਇਸ ਦੀ ਮੈਂਬਰਸ਼ਿਪ ਬਹੁਤ ਥੋੜ੍ਹੀ ਰਹਿ ਗਈ, ਫਿਰ ਵੀ ਆਈ.ਡਬਲਯੂ.ਏ. ਨੇ ਮੁਲਕ ਦੀ ਵੰਡ ਦਾ ਵਿਰੋਧ ਕਰਦੇ ਹੋਏ ਆਜ਼ਾਦੀ ਦੀ ਹਮਾਇਤ ਜਾਰੀ ਰੱਖੀ ਅਤੇ ਵੀਹਵੀਂ ਸਦੀ ਦੇ ਅਖ਼ੀਰ 'ਚ ਆਵਾਸੀਆਂ ਦੀ ਹੋਰ ਆਮਦ ਨਾਲ ਇਸ ਵਿਚ ਮੁੜ ਰੂਹ ਫੂਕੀ ਗਈ।[14]

ਪਰ ਗ਼ਦਰ ਦਾ ਰਸੂਖ਼ ਬਣਿਆ ਰਿਹਾ – ਇਸ ਦੀ ਗ਼ਦਰ-ਦੀ-ਗੂੰਜ ਆਜ਼ਾਦੀ ਤੋਂ ਪਿੱਛੋਂ ਲੰਮੇ ਸਮੇਂ ਤੱਕ ਪੈਂਦੀ ਰਹੀ। ਕਿਰਤੀ ਪਾਰਟੀ, ਅਤੇ ਬਾਅਦ ਵਿਚ ਲਾਲ ਕਮਿਊਨਿਸਟ ਪਾਰਟੀ ਨੇ ਇਕ ਵੱਖਰੇ ਮੱਤ ਵਾਲੇ ਸਮਾਜਵਾਦ ਦੀ ਹਮਾਇਤ ਕੀਤੀ ਜਿਸ ਨੇ ਸੀ.ਪੀ.ਆਈ. ਦੇ ਇਸ ਨੂੰ ਸੋਧਣ ਦੇ ਫ਼ਰਮਾਨਾਂ ਦਾ ਵਿਰੋਧ ਕੀਤਾ ਅਤੇ ਰੁਮਾਂਚਵਾਦੀ ਆਦਰਸ਼ਵਾਦ ਦੇ ਗ਼ਦਰੀ ਮੂਲ ਤੱਤਾਂ ਨੂੰ ਆਪਣੀ ਖ਼ਾਸੀਅਤ ਅਨੁਸਾਰ ਕਾਇਮ ਰੱਖਿਆ। ਫਿਰ ਇਹ ਸ਼ਾਇਦ ਹੈਰਾਨੀ ਦੀ ਗੱਲ ਨਹੀਂ ਹੋਣੀ ਚਾਹੀਦੀ ਕਿ ਜਦੋਂ ਪਾਰਟੀ ਇਕ ਵਾਰ ਫਿਰ ਨੁਕਸਦਾਰ ਲੀਹਾਂ 'ਤੇ ਚੱਲਦਿਆਂ ਟੁੱਟ-ਭੱਜ ਗਈ ਤੇ ਤੀਹ ਸਾਲ ਲਈ ਨਿਘਾਰ ਦਾ ਸ਼ਿਕਾਰ ਬਣੀ ਰਹੀ, ਉਦੋਂ ਜਿਊਂਦੇ ਗ਼ਦਰੀ *ਬਾਬਿਆਂ* ਨੇ ਚਾਰੂ ਮਜ਼ੂਮਦਾਰ ਅਤੇ ਨਕਸਲੀਆਂ ਨੂੰ ਆਸ਼ੀਰਵਾਦ ਦਿੱਤਾ। ਪੰਜਾਬ ਵਿਚ ਨਵੀਂ ਹਿੰਦੁਸਤਾਨੀ ਕਮਿਊਨਿਸਟ ਪਾਰਟੀ-ਮਾਰਕਸਵਾਦੀ-ਲੈਨਿਨਵਾਦੀ (ਸੀ.ਪੀ.ਆਈ.-ਐੱਮ.ਐੱਲ) ਦਾ ਪਹਿਲਾ ਚੁਣਿਆ ਆਗੂ ਅਰਜਨਟਾਈਨਾ ਤੋਂ ਤਜ਼ਰਬੇਕਾਰ ਗ਼ਦਰੀ ਬੂਝਾ ਸਿੰਘ ਸੀ ਜਿਸ ਨੇ ਮਾਸਕੋ ਸਕੂਲ ਦੀ ਪੜ੍ਹਾਈ ਕੀਤੀ ਹੋਈ ਸੀ। ਨਵੀਂ ਖੱਬੀ ਪਾਰਟੀ ਨੇ ਮੋੜਵੇਂ ਤੌਰ 'ਤੇ ਉਸ ਖ਼ੁਦਮੁਖਤਿਆਰ ਬਦੇਸ਼ ਵਿੰਗ ਨਾਲ ਇਕਮੁੱਠਤਾ ਜ਼ਾਹਰ ਕਰਦਿਆਂ ਉਸ ਨੂੰ ਮਾਨਤਾ ਦਿੱਤੀ ਜਿਸ ਦੀ ਸਥਾਪਨਾ 1969 'ਚ ਇੰਗਲੈਂਡ ਅਤੇ ਕੈਨੇਡਾ ਵਿਚ ਕੀਤੀ ਗਈ ਜੋ ਹਿੰਦੁਸਤਾਨੀ ਕਮਿਊਨਿਸਟ ਗ਼ਦਰ ਪਾਰਟੀ ਦੇ ਨਾਂ ਨਾਲ ਮਸ਼ਹੂਰ ਹੋਈ ਅਤੇ ਇਸ ਦੇ ਮੁੱਖ ਨਿਸ਼ਾਨੇ ਇਹ ਤੈਅ ਕੀਤੇ ਗਏ: ਸਰਮਾਏਦਾਰੀ ਦਾ ਵਿਰੋਧ ਤੇ ਹਿੰਦੁਸਤਾਨ ਵਿਚ ਨਵ-ਬਸਤੀਵਾਦ ਦਾ ਵਿਰੋਧ ਅਤੇ ਨਸਲਵਾਦ ਦਾ ਵਿਰੋਧ ਤੇ ਪੱਛਮ ਵਿਚ ਆਵਾਸੀਆਂ ਦੇ ਹੱਕਾਂ ਲਈ ਸੰਘਰਸ਼।[15] ਆਖ਼ਿਰ, ਆਵਾਸੀਆਂ ਦੇ ਹੱਕਾਂ ਨੂੰ ਮਾਨਤਾ ਦਾ ਇਹੀ ਸੰਘਰਸ਼ ਅਮਰੀਕਾ ਵਿਚ ਬਹੁਗਿਣਤੀ ਗ਼ਦਰੀਆਂ ਲਈ ਤਜ਼ਰਬੇ ਵਿਚ ਪੈਣ ਦਾ ਪ੍ਰਵੇਸ਼-ਦੁਆਰ ਰਿਹਾ ਸੀ।

ਦੇਸ਼ਭਗਤ ਹਾਲ ਵਿਖੇ ਖ਼ੁਦ ਭਗਤ ਸਿੰਘ ਬਿਲਗਾ ਨੇ ਆਪਣੇ ਸਾਥੀਆਂ ਨਾਲ ਜਲੰਧਰ ਵਿਚ ਬਣਾਏ ਗ਼ਦਰੀ ਯਾਦਗਾਰੀ ਪੁਰਾਲੇਖ ਭਵਨ, ਦੇਸ਼ਭਗਤ ਯਾਦਗਾਰ, ਤੋਂ 102 ਵਰ੍ਹੇ ਦੀ ਉਮਰ ਤੱਕ ਮਈ 2009 'ਚ ਆਪਣੇ ਚਲਾਣੇ ਤੱਕ ਇਹ ਲਾਟ ਬਲਦੀ ਰੱਖੀ। 1934 ਵਿਚ ਮਾਸਕੋ ਤੋਂ ਹਿੰਦੁਸਤਾਨ ਵਾਪਸ ਆਉਣ ਦੇ ਸਮੇਂ ਤੋਂ ਲੈ ਕੇ ਤਾਅ-ਉਮਰ ਉਸ ਨੇ ਕਮਿਊਨਿਸਟ ਕਾਰਕੁੰਨ ਵਜੋਂ ਕਈ ਵਾਰ ਜੇਲ੍ਹ ਕੱਟੀ। ਅਤੇ 1980ਵਿਆਂ ਵਿਚ ਖ਼ਾਲਸਤਾਨ ਲਹਿਰ ਦੀ ਹਿੰਸਕ ਚੜ੍ਹਤ ਦੌਰਾਨ ਵੀ ਫਿਰਕੂ ਹਿੰਸਾ ਖ਼ਿਲਾਫ਼, ਅਤੇ ਫਿਰ ਹੁਣ ਤੱਕ ਉਹ ਆਰਥਕ ਉਦਾਰਵਾਦ ਦੇ ਖ਼ਿਲਾਫ਼ ਆਵਾਜ਼ ਉਠਾਉਂਦਾ ਰਿਹਾ। ਉਸ ਨੇ ਆਖ਼ਰੀ ਸਵਾਸ ਇੰਗਲੈਂਡ ਵਿਚ ਲਏ, ਜਿਥੇ ਉਸ ਦਾ ਪੁੱਤਰ ਬਰਮਿੰਘਮ ਆਈ.ਡਬਲਯੂ.ਏ. ਦਾ ਪ੍ਰਧਾਨ ਸੀ; ਇਸ ਦੀ ਯਾਦਗਾਰ ਸ਼ਹੀਦ ਊਧਮ ਸਿੰਘ ਵੈਲਫੇਅਰ ਟਰਸਟ ਦੇ ਨਾਂ 'ਤੇ ਬਣਾਈ ਗਈ ਸੀ।[16] ਇੰਞ ਲਗਾਤਾਰਤਾ ਬਣੀ ਰਹੀ।

ਰਤਨ ਸਿੰਘ ਲਈ ਇਹ "ਸਧਾਰਨ ਕਿਸਾਨਾਂ" ਦੀ ਗਾਥਾ ਸੀ "ਜੋ ਇਨਕਲਾਬੀ ਬਣੇ ਅਤੇ ਉਸ ਵਕਤ ਹਥਿਆਰਬੰਦ ਬਗ਼ਾਵਤ ਦਾ ਝੰਡਾ ਬੁਲੰਦ ਕਰਨ ਦੀ ਦਲੇਰੀ ਕੀਤੀ ਜਦੋਂ ਸਾਡੇ ਪਹਿਲੀ ਕਤਾਰ ਦੇ ਕੌਮੀ ਆਗੂ 'ਹੋਮ ਰੂਲ' ਤੋਂ ਅਗਾਂਹ ਨਹੀਂ ਸੀ ਸੋਚਦੇ।"[17] ਸ਼ਿਵ ਵਰਮਾ ਨੇ ਭਗਤ ਸਿੰਘ ਦੇ ਕਥਨ ਦੇ ਭਾਵ-ਅਰਥ ਨੂੰ ਇੰਞ ਪ੍ਰਗਟਾਇਆ ਕਿ ਗ਼ਦਰ ਲਹਿਰ ਸਾਰਥਕ ਇਨਕਲਾਬੀ ਸਾਰ-ਤੱਤ (ਮਹਿਜ਼ ਅੰਗਰੇਜ਼ ਰਾਜ ਵਿਰੁੱਧ ਬਗ਼ਾਵਤ ਤੋਂ ਪਾਰ ਜਾ ਕੇ ਸਮਾਜ ਦੀ ਕਾਇਆਪਲਟੀ ਕਰਨ ਦੀ ਦ੍ਰਿਸ਼ਟੀ) ਨੂੰ ਠੋਸ ਰੂਪ ਦੇਣ ਵਾਲੀ ਪਹਿਲੀ ਤਹਿਰੀਕ ਸੀ : ਸ਼ੁਰੂ 'ਚ

ਇਸ ਨੇ ਮੁਕਤੀ, ਬਰਾਬਰੀ ਅਤੇ ਭਾਈਚਾਰੇ ਦੇ ਫਰਾਂਸੀਸੀ ਇਨਕਲਾਬੀ ਮੂਲ ਤੱਤਾਂ ਨੂੰ ਅਪਣਾਉਂਦੇ ਹੋਏ ਲੜਾਈ ਲੜੀ, ਜਿਸ ਨੂੰ ਅਮਰੀਕੀ ਰਾਜਸੀ ਨਮੂਨੇ ਤੋਂ ਪ੍ਰੇਰਨਾ ਲੈ ਕੇ ਸੰਘੀ ਸੰਯੁਕਤ ਰਾਜ ਹਿੰਦੁਸਤਾਨ ਦੀ ਸ਼ਕਲ ਦਿੱਤੀ ਜਾਣੀ ਸੀ। ਪਰ ਆਖ਼ਿਰਕਾਰ ਇਸ ਵਲੋਂ ਨਿਰੀ ਸਿਆਸੀ ਅਧੀਨਤਾ ਹੀ ਨਹੀਂ ਸਗੋਂ ਆਰਥਕ ਲੁੱਟਖਸੁੱਟ ਦੇ ਖ਼ਾਤਮੇ ਨੂੰ ਮੁਕਤੀ ਦੀ ਪੂਰਵ-ਸ਼ਰਤ ਵਜੋਂ ਲੈ ਕੇ ਬਰਾਬਰੀ ਅਤੇ ਹਕੀਕੀ ਜਮਹੂਰੀਅਤ ਦੇ ਉਚਤਮ ਰੂਪ ਵਜੋਂ ਸਮਾਜਵਾਦ ਦੀ ਜ਼ਰੂਰਤ ਮਹਿਸੂਸ ਕਰ ਲਈ।[18] ਸਾਡੇ ਦੇਸ਼ਭਗਤ ਨਾਇਕ ਸਪਸ਼ਟ ਤੌਰ 'ਤੇ ਆਪਣੇ ਮਹਿਬੂਬ ਵਤਨ ਦੀ ਆਜ਼ਾਦੀ ਖ਼ਾਤਰ ਆਪਣੀਆਂ ਜਾਨਾਂ ਵਾਰਨ ਲਈ ਤੱਤਪਰ ਸਨ। ਪਰ ਉਨ੍ਹਾਂ ਦੇ ਦੇਵਤੇ ਮੁਕਤੀ ਅਤੇ ਬਰਾਬਰੀ ਸਨ ਜਿਨ੍ਹਾਂ ਦੀ ਵੇਦੀ ਉਪਰ ਉਨ੍ਹਾਂ ਨੇ ਕੁਰਬਾਨੀਆਂ ਦਿੱਤੀਆਂ (ਅਤੇ ਇਥੇ ਮੈਂ *ਕੁਰਬਾਨ, ਸਰਫ਼ਰੋਸ਼ੀ ਕੀ ਤਮੰਨਾ* ਦੀ ਉਨ੍ਹਾਂ ਦੀ ਆਪਣੀ ਬੋਲੀ ਨੂੰ ਲੈ ਰਹੀ ਹਾਂ)[19], ਨਾ ਕਿ ਮਨੁੱਖੀ ਰੂਪ 'ਚ ਪੇਸ਼ ਦੇਵਤੇ ਜਾਂ ਕੌਮ। ਸਿਧਾਂਤਕ ਪੱਖੋਂ ਉਹ ਆਪਣੇ ਸਮੇਤ ਕੁਲ ਲੋਕਾਈ ਦੀ ਦਾਬੇ ਤੋਂ ਮੁਕਤੀ ਚਾਹੁੰਦੇ ਸਨ।

ਕੌਮਾਂਤਰੀ ਦ੍ਰਿਸ਼ ਨਾਲ ਗੂੜ੍ਹੇ ਵਾਹ-ਵਾਸਤੇ ਨੇ ਵੀ ਉਨ੍ਹਾਂ ਨੂੰ ਭਰਪੂਰ ਤੌਰ 'ਤੇ ਮਿਸ਼ਰਤ ਰੈਡੀਕਲ ਪ੍ਰਵਚਨ ਵਿਚ ਹਿੱਸਾ ਲੈਣ ਅਤੇ ਇਸ ਵਿਚ ਯੋਗਦਾਨ ਪਾਉਣ ਦੇ ਕਾਬਲ ਬਣਾਇਆ ਜੋ ਉਦੋਂ ਅੰਗਰੇਜ਼ਾਂ ਦੇ ਅਧੀਨ ਹਿੰਦੁਸਤਾਨ ਵਿਚਲੇ ਉਨ੍ਹਾਂ ਦੇ ਆਪਣੇ ਸੰਗੀ-ਸਾਥੀਆਂ ਨੂੰ ਓਨਾ ਸੁਖਾਲਿਆਂ ਹਾਸਲ ਨਹੀਂ ਸੀ। ਇਹ ਉਸ ਵਕਤ ਹੋਇਆ – ਜਿਸ ਨੂੰ ਕਈ ਵਾਰ ਵਿਸ਼ਵੀਕਰਨ ਦਾ ਪਹਿਲਾ ਗੇੜ ਕਿਹਾ ਜਾਂਦਾ ਹੈ – ਜਦੋਂ ਸੰਚਾਰ ਅਤੇ ਆਵਾਜਾਈ ਤਕਨਾਲੋਜੀ ਦੀ ਤਰੱਕੀ ਨੇ ਬੇਮਿਸਾਲ ਤੇਜ਼ੀ ਨਾਲ ਅਜਿਹੇ ਮਿਸ਼ਰਤ ਅਮਲ (cross-fertilization) ਨੂੰ ਸੰਭਵ ਬਣਾ ਦਿੱਤਾ। ਏ.ਸੀ.ਬੋਸ ਦਾ ਵਿਚਾਰ ਹੈ ਕਿ ਜਦੋਂ ਉਹ ਇਕ ਵਾਰ ਰਵਾਇਤੀ "ਸਮਾਜੀ ਬੰਦਸ਼ਾਂ ਅਤੇ ਸ਼ਰਧਾ-ਭਾਵਨਾਵਾਂ" ਤੋਂ ਮੁਕਤ ਹੋ ਗਏ ਤਾਂ ਉਨ੍ਹਾਂ ਨੂੰ ਨਵੇਂ ਥਾਵਾਂ 'ਤੇ ਉਹ ਸਾਜ਼ਗਰ ਹਾਲਾਤ ਮਿਲ ਗਏ ਜੋ "ਅਗਾਂਹਵਧੂ ਵਤੀਰਿਆਂ ਨੂੰ ਤੇਜ਼ੀ ਨਾਲ ਅਪਣਾਉਣ ਦੇ ਪੱਖ ਤੋਂ ਉਨ੍ਹਾਂ ਦੇ ਆਪਣੇ ਗ਼ੈਰਸਰਗਰਮ ਵਤਨ ਵਾਸੀਆਂ ਨਾਲੋਂ ਕਿਤੇ ਅਗਾਂਹ ਦੇ ਹਾਲਾਤ ਸਨ।[20] ਹੁਣ ਜਦੋਂਕਿ ਇਨਕਲਾਬੀ ਵੰਨ-ਸੁਵੰਨੇ ਪ੍ਰਸੰਗਾਂ ਵਿਚ ਨਵੇਂ ਸੰਗੀਆਂ ਅਤੇ ਸੰਵਾਦਕਾਰਾਂ ਨਾਲ ਸੰਵਾਦ ਰਚਾ ਰਹੇ ਸਨ, ਤਾਂ ਉਨ੍ਹਾਂ ਨੇ ਖ਼ੁਦ ਨੂੰ ਜਿਨ੍ਹਾਂ ਕਾਜਾਂ ਦੀ ਸੇਵਾ ਵਿਚ ਲੱਗੇ ਪਾਇਆ ਉਹ ਰਾਸ਼ਟਰਵਾਦੀ ਤੋਂ ਪਰਾ-ਰਾਸ਼ਟਰਵਾਦੀ – ਜਾਂ ਕੌਮਾਂਤਰੀਵਾਦੀ ਤੱਕ ਫੈਲੇ ਹੋਏ ਸਨ। ਜਦਕਿ ਰੈਡੀਕਲਵਾਦ ਦੇ ਅੰਗ ਤੱਤਾਂ ਉਪਰ ਅਨੁਪਾਤਕ ਜ਼ੋਰ ਦੇ ਬਦਲਣ ਨਾਲ ਇਸ ਦੇ ਰੂਪ, ਜਿਨ੍ਹਾਂ ਨਾਲ ਉਹ ਸਭ ਤੋਂ ਵੱਧ ਮੇਲ ਖਾਂਦੇ ਸਨ ਅਤੇ ਜਿਨ੍ਹਾਂ ਨਾਲ ਉਹ ਸਭ ਤੋਂ ਵੱਧ ਨੇੜਿਓਂ ਜੁੜੇ ਹੋਏ ਸਨ, ਬਦਲਦੇ ਰਹੇ ਤੱਤ ਜਿਨ੍ਹਾਂ ਦੀ ਮੌਜੂਦਗੀ ਫਿਰ ਵੀ ਇਕਸਾਰ ਬਣੀ ਰਹੀ।

ਜੰਗ ਤੋਂ ਪਹਿਲਾਂ ਦੀ ਅਮਰੀਕਨ ਲਹਿਰ ਵਜੋਂ ਗ਼ਦਰ ਉਪਰ ਖ਼ਿਆਲੀ ਸਮਾਜਵਾਦ ਅਤੇ ਸਿੰਡੀਕਲਵਾਦ ਦੀ ਛਾਪ ਸੀ। ਜੰਗ ਦੇ ਸਮਿਆਂ ਦੀ ਆਲਮੀ ਲਹਿਰ ਵਜੋਂ ਇਹ ਦ੍ਰਿੜਤਾ ਨਾਲ ਰਾਸ਼ਟਰਵਾਦੀ ਪ੍ਰਤੀਤ ਹੁੰਦੀ ਸੀ। ਆਲਮੀ ਜੰਗਾਂ ਦਰਮਿਆਨ ਦੀ ਹਿੰਦੁਸਤਾਨੀ ਲਹਿਰ ਵਜੋਂ ਇਹ ਕਮਿਊਨਿਸਟ ਸੀ। ਤੱਤਾਂ ਦੀ ਇਹ ਬਹੁਲਤਾ – ਪਦਾਰਥਕ ਅਤੇ ਤਰਕਪੂਰਨ ਦੋਵਾਂ ਦੇ ਸੰਜੋਗ ਦਾ ਸਿੱਟਾ ਇਹ ਸੁਮੇਲ ਦੀ ਅਮੀਰੀ, ਜੋ ਗ਼ਦਰ ਦੇ ਜਨਮ 'ਚ ਸਹਾਈ ਹੋਈ – ਹੀ ਹੈ ਜਿਸ ਨੇ ਇਸ ਨੂੰ ਬਹੁਤ ਸਾਰੀਆਂ ਵੱਖੋ-ਵੱਖਰੀਆਂ ਜ਼ਾਹਰਾ ਤੌਰ 'ਤੇ ਬਿਲਕੁਲ ਵਿਰੋਧੀ ਲਹਿਰਾਂ ਨਾਲ ਯੁੱਧਨੀਤੀ ਅਤੇ ਵਿਚਾਰਧਾਰਾ ਦੀ ਸਾਂਝ ਦੇ ਨੁਕਤੇ ਲੱਭਣ ਦੇ ਕਾਬਲ ਬਣਾਇਆ। ਗ਼ਦਰ ਲਹਿਰ ਬਹੁ-ਰੂਪੀਆ ਨਹੀਂ ਸੀ, ਪਰ ਇਹ ਸਾਂਝ ਦੀ ਸੰਭਾਵਨਾ ਵਾਲੇ ਬਹੁਤ ਸਾਰੇ ਲਿੰਕਾਂ, ਰਿਸੈਪਟਰਾਂ, ਜਾਂ ਸਾਂਝ ਜੋੜਨ ਵਾਲੇ ਸਿਰਿਆਂ ਨੂੰ ਲੈ ਕੇ ਬਣੀ ਹੋਈ ਸੀ।

ਬਦੇਸ਼ਾਂ ਦੀ ਚੁੜੇਰੀ ਇਨਕਲਾਬੀ ਲਹਿਰ ਦੇ ਅੰਦਰ ਗ਼ਦਰ ਨੂੰ ਕਈ ਢੰਗਾਂ ਨਾਲ ਦੇਖਿਆ

ਜਾ ਸਕਦਾ ਹੈ। ਸਭ ਤੋਂ ਵੱਧ ਸੁੰਗੇੜਕੇ ਪ੍ਰੀਭਾਸ਼ਤ ਕਰਨਾ ਹੋਵੇ, ਤਾਂ ਇਹ ਕੈਲੀਫੋਰਨੀਆ ਦੇ ਗੂੜ੍ਹੇ ਰਿਸ਼ਤੇ ਵਾਲੇ ਗਰੁੱਪ 'ਤੇ ਅਧਾਰਤ ਇਕ ਜਥੇਬੰਦ ਪਾਰਟੀ ਸੀ। ਜੋ ਆਪਣੇ ਗੱਠਜੋੜਾਂ ਵਿਚ ਸੰਕਲਨਵਾਦੀ (eclectic) ਪਰ ਨਿਸ਼ਾਨਿਆਂ ਪੱਖੋਂ ਅਡੋਲ ਸੀ, ਜੋ ਰਮਤੇ ਕਾਰਕੁੰਨਾਂ ਦੀ ਇਕ ਆਪਾ-ਵਾਰ ਗੁਲੀ ਦੇ ਪਿੱਛੇ ਚਟਾਨ ਵਾਂਗ ਖੜ੍ਹੀ ਸੀ ਜਿਨ੍ਹਾਂ ਵਿੱਚੋਂ ਬਹੁਤ ਸਾਰੇ ਇਸ ਕਾਜ ਲਈ ਸ਼ਹੀਦ ਹੋ ਗਏ। ਪਰ ਇਹ ਫ਼ੌਜੀ ਗ਼ਦਰ ਅਤੇ ਬਗ਼ਾਵਤ ਦੀ ਧਾਰਨਾ ਵੀ ਸੀ, ਬਦਲਣਯੋਗ ਅਤੇ ਢਲਣਯੋਗ; ਇਹ ਇਸ ਧਾਰਨਾ ਤੋਂ ਪ੍ਰੇਰਤ ਮੋਕਲੇ ਤੌਰ 'ਤੇ ਵਿਕੇਂਦਰੀਕ੍ਰਿਤ ਰੈਡੀਕਲ ਤਾਣਾ-ਬਾਣਾ ਸੀ; ਅਤੇ ਇਹ ਸਵਿੱਚ-ਬੋਰਡ ਓਪਰੇਟਰਾਂ ਜਹੀ ਇਕ ਆਹਲਾ-ਮਿਆਰੀ ਸੰਸਥਾ ਸੀ, ਜੋ ਵੱਖੋ-ਵੱਖਰੇ ਨੈੱਟਵਰਕਾਂ ਦਰਮਿਆਨ ਜਾਣਕਾਰੀ ਅਤੇ ਖ਼ਿਆਲਾਂ ਦਾ ਸੰਚਾਰ ਕਰਦੇ ਸਨ, ਇਸ ਅਮਲ ਵਿਚ ਇਨ੍ਹਾਂ ਨੂੰ ਇਕ ਕੋਡ ਪ੍ਰਣਾਲੀ ਤੋਂ ਦੂਜੀ ਵਿਚ ਬਦਲਦੇ ਜਾਂਦੇ ਸਨ। ਇੰਞ ਇਸ ਨੇ ਇਕ ਐਸੇ ਅਰਧ-ਉਜਾਗਰ ਜੋੜ-ਤੰਤੂ (connective tissue) ਪੈਦਾ ਕੀਤੇ ਜਿਨ੍ਹਾਂ ਨੇ ਹਿੰਦੁਸਤਾਨ ਦੇ ਆਜ਼ਾਦੀ ਸੰਘਰਸ਼ ਦੇ ਇਤਿਹਾਸ ਵਿਚ ਭੂਗੋਲਿਕ, ਕਾਲਕ੍ਰਮਿਕ (chronological), ਅਤੇ ਦਾਰਸ਼ਨਿਕ ਖੱਪਿਆਂ ਦੀ ਕਮੀ ਪੂਰੀ ਕਰ ਦਿੱਤੀ।

ਇਨਕਲਾਬ ਦੇ ਬੌਧਿਕ ਇਤਿਹਾਸ ਅੰਦਰ ਗ਼ਦਰ ਦੋਰਾਹਾ ਬਣਦੇ ਅਹਿਮ ਇਤਿਹਾਸਕ ਮੋੜ ਉਪਰ ਜਾ ਕੇ ਇਕ ਲੁਪਤ ਹੋ ਜਾਣ ਵਾਲੀ ਕੜੀ ਸੀ, ਜਿਸ ਨਾਲ ਵੀਹਵੀਂ ਸਦੀ ਦੇ ਮੁੱਢ ਵਿਚ ਇਕ ਤੂਫ਼ਾਨ ਦੁਆਰਾ ਪੈਦਾ ਹੋਏ ਖੱਪੇ ਤੋਂ ਬਾਅਦ 1920ਵਿਆਂ 'ਚ ਜਾ ਕੇ ਬਸਤੀਵਾਦ ਵਿਰੋਧੀ ਖਾੜਕੂ ਸਿਆਸਤ ਦੀ ਅੱਤ ਸੱਜੇ ਅਤੇ ਅੱਤ ਖੱਬੇ ਦੋ ਤਰ੍ਹਾਂ ਦੇ ਰੈਡੀਕਲਵਾਦ ਵਿਚ ਪਾਲਾਬੰਦੀ ਹੋ ਗਈ। ਐਪਰ ਇਹ ਤੱਤਾਂ ਦਾ ਇਕ ਸਥਿਰ ਜਦਕਿ ਗਤੀਸ਼ੀਲ ਸੰਸਲੇਸ਼ਣ ਮੁਹੱਈਆ ਕਰਦਿਆਂ ਇਕ ਸਮਕਾਲਿਕ (synchronic) ਅਤੇ ਇਤਿਹਾਸਕ (diachronic) ਕਾਲ-ਖੰਡਾਂ ਵਾਲੀ ਕੜੀ ਸੀ ਜੋ ਸਮਿਆਂ, ਸਥਾਨਾਂ, ਪ੍ਰਸੰਗਾਂ, ਅਤੇ ਮੁਹਾਵਰਿਆਂ ਤੋਂ ਪਾਰ ਅੰਦਰੂਨੀ ਤੌਰ 'ਤੇ ਤਰਕਪੂਰਨ ਅਤੇ ਇਕਸਾਰ ਬਣੀ ਰਹੀ; ਅਤੇ ਜੋ ਕਦੇ ਵੀ ਇਕ ਦੂਜੇ ਨੂੰ ਖਾਰਜ ਨਹੀਂ ਸੀ ਕਰਦੇ, ਸਗੋਂ ਇਕ ਸਮੇਂ ਇਹ ਚੜ੍ਹਤ ਵਿਚ ਹੁੰਦੇ ਸਨ ਅਤੇ ਦੂਜੇ ਸਮੇਂ ਦੱਬਵੀਂ ਜਾਂ ਲਹਾਓ ਦੀ ਦਿਸ਼ਾ ਵਿਚ। ਜੇ ਅਸੀਂ ਇਸ ਦੇ ਵੱਖੋ-ਵੱਖਰੇ ਇਸ ਵਿਚ ਰਲਣ ਵਾਲੇ ਅੰਸ਼ਾਂ (inflows) ਅਤੇ ਇਸ ਦੇ ਹੋਰ ਤਾਕਤਾਂ ਨਾਲ ਮਿਲਾਪ (outflows) – ਨੂੰ ਬਨਾਉਟੀ ਤੌਰ 'ਤੇ ਨਿਖੇੜਦੇ ਹੋਏ ਗ਼ਦਰ ਦੀ ਬਹੁਤ ਜ਼ਿਆਦਾ ਸੀਮਤ ਪ੍ਰੀਭਾਸ਼ਾ ਚੁਣ ਲੈਂਦੇ ਹਾਂ, ਸਮੇਂ-ਸਮੇਂ 'ਤੇ ਇਸ ਦੇ ਵਿਕਾਸਕ੍ਰਮ ਦੇ ਕਾਲ-ਖੰਡ ਨੂੰ ਨਜ਼ਰ-ਅੰਦਾਜ਼ ਕਰ ਦਿੰਦੇ ਹਾਂ, ਅਤੇ ਸਮੇਂ-ਸਮੇਂ 'ਤੇ ਇਸ ਦੇ ਅੰਦਰੂਨੀ ਵਖਰੇਵਿਆਂ ਅਤੇ ਬਹਿਸਾਂ, ਇਸ ਦੀ ਬਣਤਰ ਦੀ ਜਟਿਲਤਾ, ਅਤੇ ਇਸ ਦੀ ਬੁਣਤੀ ਦੀ ਅਮੀਰੀ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਾਂ, ਇੰਞ ਗ਼ਦਰ ਨੂੰ ਸੀਮਤ ਧਾਰਨਾ ਵਿਚ ਬੰਨ੍ਹਕੇ ਪੇਸ਼ ਕਰਨਾ ਸੁਖਾਲਾ ਤਾਂ ਹੈ। ਪਰ ਇਸ ਤਰ੍ਹਾਂ ਕਰਕੇ ਅਸੀਂ ਇਸ ਨਾਲ ਅਨਿਆਂ ਕਰ ਰਹੇ ਹੋਵਾਂਗੇ। ਸਗੋਂ ਗ਼ਦਰ ਲਹਿਰ – ਅਤੇ ਸਮੁੱਚੇ ਤੌਰ 'ਤੇ ਬਦੇਸ਼ ਦੀ ਇਨਕਲਾਬੀ ਲਹਿਰ – ਉਪਰ ਅੰਨ੍ਹਿਆਂ ਅਤੇ ਹਾਥੀ ਵਾਲੀ ਕਹਾਣੀ ਪੂਰੀ ਤਰ੍ਹਾਂ ਢੁੱਕਵੀਂ ਜਾਪਦੀ ਹੈ, ਜਿਨ੍ਹਾਂ ਵਿੱਚੋਂ ਇਕ ਅੰਨ੍ਹੇ ਨੂੰ ਇਹ ਕੰਧ ਵਰਗਾ, ਇਕ ਨੂੰ ਰੁਖ਼ ਦੀ ਗੇਲੀ ਵਰਗਾ, ਇਕ ਨੂੰ ਰੱਸੇ ਵਰਗਾ ਅਤੇ ਇਕ ਨੂੰ ਸੱਪ ਵਰਗਾ ਮਹਿਸੂਸ ਹੋਇਆ, ਇਸ 'ਤੇ ਨਿਰਭਰ ਕਰਦਿਆਂ ਕਿ ਛੂਹਣ ਵਾਲੇ ਦਾ ਹੱਥ ਜਾਨਵਰ ਦੀ ਵਿਸ਼ਾਲ ਦੇਹ ਦੇ ਕਿਹੜੇ ਹਿੱਸੇ ਨੂੰ ਜਾ ਛੂਹਿਆ ਸੀ।

*****

# ਹਵਾਲੇ ਤੇ ਟਿੱਪਣੀਆਂ

**ਜਾਣ-ਪਛਾਣ**

1. *ਗ਼ਦਰ*, 11 ਅਗਸਤ 1914, ਦਰ ਅਸਲ ਇਸ ਦੇ ਹਵਾਲੇ ਇਸ ਵਿਸ਼ੇ ਉਪਰ ਕੀਤੇ ਗਏ ਹਰ ਕੰਮ ਵਿਚ ਦਿੱਤੇ ਹੁੰਦੇ ਹਨ। ਇਹ ਰੂਪਾਂਤਰ ਮੁਹੰਮਦ ਇਰਫਾਨ ਖ਼ਾਨ ਦੀ ਲਿਖੀ *Barakatullah Bhupali* (Bhopal, Irfan Publications,1969) ਤੋਂ ਅਨੁਵਾਦ ਕੀਤਾ ਗਿਆ, ਸਫ਼ਾ 122। ਇਸ ਦਾ ਹਵਾਲਾ Brown , ਸਫ਼ਾ 197; Sareen, *Select Documents*, #17; Isemonger and Slattery, 28; Gould, 204; Khushwant Singh, 21 ਵਿਚ ਦਿੱਤਾ ਗਿਆ ਹੈ; ਇਸ ਦੇ ਹੋਰ ਅੰਸ਼ Mathur, 46-47, 50; Brown, 196-97. ਵਿਚ ਦਿੱਤੇ ਹੋਏ ਹਨ। ਗ਼ਦਰ ਲਹਿਰ ਦੀ ਪੂਰੀ ਤਫ਼ਸੀਲ ਲਈ ਪਹਿਲ-ਪ੍ਰਿਥਮੇ ਇਨ੍ਹਾਂ ਨੂੰ ਪੜ੍ਹਿਆ ਜਾਵੇ: Harish Puri, *Ghadar Movement: Ideology, Organisation, and Strategy* (Amritsar: Guru Nanak Dev University, 1993); and Sohan Singh Josh, *Hindustan Gadar Party: A Short History* (New Delhi: People's Publishing House, 1977-1978). ਐੱਫ ਸੀ. ਆਈਸਮੌਂਗਰ ਅਤੇ ਜੇਮਜ਼ ਸਲੈਟਰੀ ਵਲੋਂ ਸੰਗ੍ਰਹਿ ਕੀਤੀਆਂ ਵਿਸਤਾਰਤ ਖੁਫ਼ੀਆ ਰਿਪੋਰਟਾਂ ਹਨ *An Account of the Ghadr Conspiracy, 1913-1915* (Lahore: Superintendent Government Printing, 1919); James C. Ker, *Political Trouble in India, 1907-1917* (Calcutta: Superintendent Government Printing, 1917); ਇਨ੍ਹਾਂ ਰਿਪੋਰਟਾਂ ਨੂੰ ਇਨ੍ਹਾਂ ਲੇਖਕਾਂ ਨੇ ਨੀਝ ਨਾਲ ਘੋਖਿਆ ਹੈ: T.R.Sareen, *Indian Revolutionary Movement Abroad* (New Delhi: Sterling, 1979); A.C.Bose, *Indian Revolutionaries Abroad, 1905-1922, In the Background of International Developments* (Patna: Bharati Bhawan, 1971). ਹੋਰ ਵੀ ਬਹੁਤ ਸਾਰੇ ਵੇਰਵੇ ਮਿਲਦੇ ਹਨ ਹਾਲਾਂਕਿ ਪੁਰੀ ਨੂੰ ਛੱਡਕੇ ਬਾਕੀਆਂ ਵਿਚ ਵਿਸ਼ਲੇਸ਼ਣ ਪੱਖੋਂ ਬਹੁਤਾ ਕੁਝ ਨਹੀਂ ਮਿਲਦਾ, ਜਿਵੇਂ: A.B. Ganguly, *Ghadar Revolution in America* (New Delhi: Metropolitan Book Company, 1980); Khushwant Singh and Satindra Singh, *Ghadar 1915: India's first Armed revolution* (Delhi: R&K Publishing House, 1966); L.P.Mathur, *Indian Revolutionary Movement in the United States of America* (Delhi: S.Chand, 1970); Gurdev Singh Deol, *The role of the Ghdar Party in the National Movement* (New Delhi: Sterling Publishers, 1969).

2. A.C.Bose, *Indian Revolutionaries Abroad, 1905-1922,* 10.

3. Emily, Brown, *Hardayal: Hindu Revolutionary and Rationalist* (Tucson: University of Arizona Press, 1975), 78-79.

4. A.C.Bose, *Indian Revolutionaries Abroad, 1905-1922,* 11.

5. ਦਰ ਅਸਲ ਸੱਦੇ ਵਿਚ ਕਿਹਾ ਗਿਆ (ਪੁਰੀ ਵਲੋਂ ਹਰਨਾਮ ਸਿੰਘ ਟੁੰਡੀਲਾਟ ਦੇ ਹਵਾਲੇ ਨਾਲ, ਸਫ਼ਾ 94) ਕਿ ਛੇਤੀ ਹੀ ਗੋਰੇ ਫ਼ੌਜੀ ਦਸਤੇ ਹਿੰਦੁਸਤਾਨ ਖਾਲੀ ਕਰ ਜਾਣਗੇ, ਜੋ ਲੜਾਈ ਦੇ ਜਰਮਨ ਮੁਹਾਜ਼ਾਂ ਉਪਰ ਲੜ ਰਹੇ ਹੋਣਗੇ; ਲਿਹਾਜ਼ਾ, "ਹਿੰਦੁਸਤਾਨੀਆਂ ਨੂੰ ਹੁਣੇ ਹੀ ਹਿੰਦ ਨੂੰ ਚਾਲੇ ਪਾ ਦੇਣੇ ਚਾਹੀਦੇ ਹਨ।" ਨਿਸ਼ਚੇ ਹੀ ਇਹ ਇਸ ਤੱਥ ਨੂੰ ਨਜ਼ਰਅੰਦਾਜ਼ ਕਰਦਾ ਹੈ ਕਿ ਪਹਿਲੀ ਗੱਲ ਤਾਂ ਹਿੰਦੁਸਤਾਨ ਵਿਚ ਗੋਰੇ ਫ਼ੌਜੀ ਦਸਤੇ ਕਦੇ ਵੀ ਬਹੁਤ ਜ਼ਿਆਦਾ ਤਾਦਾਦ 'ਚ ਨਹੀਂ ਰਹੇ, ਅਤੇ ਇਹ ਤਾਂ ਉਲਟਾ ਹਿੰਦੀ ਫ਼ੌਜੀ ਹੋਣਗੇ ਜੋ ਮੁਲਕ ਨੂੰ "ਖਾਲੀ ਕਰਕੇ" ਅਫ਼ਰੀਕਾ ਅਤੇ ਮੱਧ ਪੂਰਬ ਅੰਦਰ ਮੁਹਾਜ਼ਾਂ ਉਪਰ ਚਲੇ ਜਾਣਗੇ।

6. Rattan Singh, *A Brief History of the Hindustan Gadar Party* (San Francisco,1927), 25-28 (SANA Box 4:3). ਇਹ ਪ੍ਰੱਤੱਖ ਤਫ਼ਸੀਲ ਦੱਸਦੀ ਹੈ ਕਿ ਸੋਹਣ ਸਿੰਘ ਭਕਨਾ ਛੇ ਹਫ਼ਤੇ ਭੁੱਖ ਹੜਤਾਲ 'ਤੇ ਰਹੇ ਸਨ; ਸਾਲਾਂ ਬਾਅਦ ਲਾਹੌਰ ਕੇਂਦਰੀ ਜੇਲ੍ਹ ਵਿਚ ਭਗਤ ਸਿੰਘ ਨੇ ਉਨ੍ਹਾਂ ਨਾਲ ਮੁਲਾਕਾਤ ਕਰਦੇ ਹੋਏ ਉਮਰ ਦੇ ਤਕਾਜ਼ੇ ਅਨੁਸਾਰ ਉਨ੍ਹਾਂ ਨੂੰ ਭੁੱਖ ਹੜਤਾਲ ਨਾ ਕਰਨ ਦੀ ਗੁਜ਼ਾਰਿਸ਼ ਕੀਤੀ। ਇਸ 'ਤੇ ਸੋਹਣ ਸਿੰਘ ਭਕਨਾ ਨੇ ਜਵਾਬ ਦਿੱਤਾ: "ਕੀ ਹੋਇਆ ਜੇ ਸਰੀਰ ਬੁੱਢਾ ਹੋ ਗਿਆ, ਇਕ ਇਨਕਲਾਬੀ ਕਦੇ ਵੀ ਬੁੱਢਾ ਨਹੀਂ ਹੁੰਦਾ।" ਅਸਲ ਵਿਚ, ਚੌਦਾਂ ਸਾਲ ਜੇਲ੍ਹ ਵਿਚ ਕੈਦ ਰਹਿਣ ਤੋਂ ਪਿੱਛੋਂ 1930 'ਚ ਉਨ੍ਹਾਂ ਦੀ ਰਿਹਾਈ ਹੋਈ ਅਤੇ ਜ਼ਿੰਦਾ ਰਹਿਣ ਕਰਕੇ ਉਨ੍ਹਾਂ ਨੂੰ ਜਥੇਬੰਦੀ ਦਾ ਕੰਮ ਕਰਨ ਲਈ ਹੋਰ ਵਕਤ ਮਿਲ ਗਿਆ। ਨੀਤੀ ਨਾਇਰ ਦੀ ਲਿਖੀ ਕਿਤਾਬ, "Bhagat Singh as Satyagrahi: the Limits to Non-Violence in Late Colonial India," *Modern Asian Studies* 43:3 (2009).

7. Valentine Chirol, *Indian Unrest* (London: Macmillan and Co., 1910),146.

8. Bose, *Indian Revolutionaries Abroad, 1905-1922,* 35.

